ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

***

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 57
ਅੰਕ ਨੰਬਰ (Volume No.) 263
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Tuesday, 23 September, 2025) ਮੰਗਲਵਾਰ, 23 ਸਤੰਬਰ, 2025, 8 ਅੱਸੂ , ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ


## ਪੰਜਾਬ ਮੰਤਰੀ ਮੰਡਲ ਦੀ ਮੀਟਿੰਗ ਭਲਕੇ

ਚੰਡੀਗੜ੍ਹ, 22 ਸਤੰਬਰ (ਚੜ੍ਹਦੀਕਲਾ ਬਿਊਰੋ) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਮੰਤਰੀ ਮੰਡਲ ਦੀ ਮੀਟਿੰਗ 24 ਸਤੰਬਰ ਦਿਨ ਬੁੱਧਵਾਰ ਨੂੰ ਸੱਦ ਲਈ ਹੈ। ਇਹ ਮੀਟਿੰਗ ਚੰਡੀਗੜ੍ਹ ਵਿਖੇ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਦੁਪਹਿਰ 12 ਵਜੇ ਹੋਵੇਗੀ। ਸੂਬਾ ਸਰਕਾਰ ਵੱਲੋਂ ਹਾਲੇ ਮੀਟਿੰਗ ਬਾਰੇ ਕੋਈ ਏਜੰਡਾ ਜਾਰੀ ਨਹੀਂ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ 26 ਤੋਂ 29 ਸਤੰਬਰ ਤੱਕ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦਿਆ ਹੈ, ਜਿਸ ਵਿੱਚ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕੇ ਦੇ ਲੋਕਾਂ ਨੂੰ ਰਾਹਤ ਮੁਹੱਈਆ ਕਰਵਾਉਣ ਲਈ ਕੋਈ ਵੱਡੇ ਫੈਸਲੇ ਲਏ ਜਾ ਸਕਦੇ ਹਨ।

## ਔਖੇ ਵਿਕਾਸ ਕਾਰਜ ਨੂੰ ਛੱਡ ਦੇਣਾ ਕਾਂਗਰਸ ਦੀ ਪੁਰਾਣੀ ਆਦਤ: ਮੋਦੀ



ਚੜ੍ਹਦੀਕਲਾ ਬਿਊਰੋ
================

ਈਟਾਨਗਰ, 22 ਸਤੰਬਰ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਵਾਰ ਨੂੰ ਦੋਸ਼ ਲਗਾਇਆ ਕਿ ਕਾਂਗਰਸ ਦੀ ਪੱਕੀ ਆਦਤ ਹੈ ਕਿ ਉਹ ਕਿਸੇ ਵੀ ਔਖੇ ਵਿਕਾਸ ਕਾਰਜ ਨੂੰ ਛੱਡ ਦਿੰਦੀ ਹੈ ਅਤੇ ਇਸ ਨਾਲ ਉੱਤਰ-ਪੂਰਬ ਨੂੰ ਕਾਫ਼ੀ ਨੁਕਸਾਨ ਹੋਇਆ ਹੈ। ਈਟਾਨਗਰ ਦੇ ਇੰਦਰਾ ਗਾਂਧੀ ਪਾਰਕ ਵਿੱਚ 5,100 ਕਰੋੜ ਰੁਪਏ ਤੋਂ ਵੱਧ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕਰਨ ਤੋਂ ਬਾਅਦ ਇੱਕ ਰੈਲੀ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ ਕਿ ਉਹ ਜਾਣਦੇ ਹਨ ਕਿ ਉੱਤਰ-ਪੂਰਬ ਦਾ ਵਿਕਾਸ ਦਿੱਲੀ ਤੋਂ ਨਹੀਂ ਕੀਤਾ ਜਾ ਸਕਦਾ, ਇਸ ਲਈ ਉਨ੍ਹਾਂ ਨੇ ਮੰਤਰੀਆਂ ਅਤੇ ਅਧਿਕਾਰੀਆਂ ਨੂੰ ਇਸ ਖੇਤਰ ਵਿੱਚ ਜ਼ਿਆਦਾ ਭੇਜਿਆ ਅਤੇ ਉਹ ਖੁਦ ਵੀ ਇੱਥੇ 70 ਤੋਂ ਵੱਧ ਵਾਰ ਆਏ ਹਨ। ਉਨ੍ਹਾਂ ਦਾਅਵਾ ਕੀਤਾ, "ਕਾਂਗਰਸ ਦੀ ਇੱਕ ਆਦਤ ਹੈ ਕਿ ਉਹ ਕਦੇ ਵੀ ਅਜਿਹੇ ਵਿਕਾਸ ਕਾਰਜ ਨਹੀਂ ਕਰਦੀ, ਜੋ ਕਰਨੇ ਔਖੇ ਹੁੰਦੇ ਹਨ, ਉਹ ਉਨ੍ਹਾਂ ਨੂੰ ਛੱਡ ਦਿੰਦੀ ਹੈ। ਕਾਂਗਰਸ ਦੀ ਇਸ ਆਦਤ ਨੇ ਅਰੁਣਾਚਲ ਪ੍ਰਦੇਸ਼ ਅਤੇ ਪੂਰੇ ਉੱਤਰ-ਪੂਰਬ ਨੂੰ ਬਹੁਤ ਨੁਕਸਾਨ ਪਹੁੰਚਾਇਆ। (ਬਾਕੀ ਸਫਾ 2 'ਤੇ)

### ਵਿਕਸਤ ਅਤੇ ਸਵੈ-ਨਿਰਭਰ ਭਾਰਤ ਲਈ ਸਮੂਹਿਕ ਯਤਨਾਂ ਦਾ ਹਿੱਸਾ ਬਣਨ ਲੋਕ: ਮੋਦੀ

ਨਵੀਂ ਦਿੱਲੀ , 22 ਸਤੰਬਰ (ਚੜ੍ਹਦੀਕਲਾ ਬਿਊਰੋ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਵਾਰ ਨੂੰ ਨਰਾਤਿਆਂ ਦੇ ਪਹਿਲੇ ਦਿਨ ਲੋਕਾਂ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਇਸ ਵਾਰ ਇਹ ਸ਼ੁਭ ਸਮਾਂ ਖਾਸ ਹੈ ਕਿਉਂਕਿ ਇਹ 'ਜੀਐਸਟੀ-ਬੱਚਤ ਤਿਉਹਾਰ' ਦੇ ਨਾਲ-ਨਾਲ 'ਸਵਦੇਸ਼ੀ' ਦੇ ਮੰਤਰ ਨੂੰ ਇੱਕ ਨਵੀਂ ਊਰਜਾ ਪ੍ਰਦਾਨ ਕਰੇਗਾ। ਉਨ੍ਹਾਂ ਲੋਕਾਂ ਨੂੰ ਵਿਕਸਤ ਅਤੇ ਸਵੈ-ਨਿਰਭਰ ਭਾਰਤ ਦੇ ਸੰਕਲਪ ਨੂੰ ਸਾਕਾਰ ਕਰਨ ਲਈ ਸਮੂਹਿਕ ਯਤਨਾਂ ਦਾ ਹਿੱਸਾ ਬਣਨ ਦਾ ਸੱਦਾ ਦਿੱਤਾ। ਪ੍ਰਧਾਨ ਮੰਤਰੀ ਨੇ ਤਿਉਹਾਰਾਂ ਦੇ ਸਮੇਂ ਦੌਰਾਨ ਲੋਕਾਂ ਦੀ ਚੰਗੀ ਕਿਸਮਤ ਅਤੇ ਸਿਹਤ ਦੀ ਕਾਮਨਾ ਕੀਤੀ।ਕਾਬਿਲੇਗੌਰ ਹੈ ਕਿ ਬਹੁਤ ਸਾਰੀਆਂ ਵਸਤਾਂ 'ਤੇ ਘਟਾਈਆਂ ਗਈਆਂ ਜੀਐਸਟੀ ਦਰਾਂ ਸੋਮਵਾਰ ਤੋਂ (ਬਾਕੀ ਸਫਾ 2 'ਤੇ)

### ਸੋਨੇ ਦੀ ਕੀਮਤ ਹੁਣ ਤੱਕ ਦੇ ਸਭ ਤੋਂ ਉੱਚੇ ਪੱਧਰ 'ਤੇ ਪੁੱਜੀ, ਚਾਂਦੀ ਵੀ ਚਮਕੀ

ਨਵੀਂ ਦਿੱਲੀ, 22 ਸਤੰਬਰ (ਚੜ੍ਹਦੀਕਲਾ ਬਿਊਰੋ) : ਸੋਮਵਾਰ ਨੂੰ ਕੌਮੀ ਰਾਜਧਾਨੀ ਵਿੱਚ ਸੋਨੇ ਦੀਆਂ ਕੀਮਤਾਂ 2,200 ਦੇ ਵਾਧੇ ਨਾਲ 1,16,200 ਪ੍ਰਤੀ 10 ਗ੍ਰਾਮ ਦੇ ਨਵੇਂ ਸਿਖ਼ਰ 'ਤੇ ਪਹੁੰਚ ਗਈਆਂ। ਇਨ੍ਹਾਂ ਕੀਮਤਾਂ ਨੂੰ ਜਿਸ ਨੂੰ ਮਜ਼ਬੂਤ ਵਿਸ਼ਵ ਸੰਕੇਤਾਂ ਦਾ ਹੁਲਾਰਾ ਮਿਲਿਆ।

ਆਲ ਇੰਡੀਆ ਸਰਾਫਾ ਐਸੋਸੀਏਸ਼ਨ ਅਨੁਸਾਰ 99.9% ਸ਼ੁੱਧਤਾ ਵਾਲੀ ਕੀਮਤੀ ਧਾਤ ਸ਼ੁੱਕਰਵਾਰ ਨੂੰ 1,14,000 ਪ੍ਰਤੀ 10 ਗ੍ਰਾਮ 'ਤੇ ਬੰਦ ਹੋਈ ਸੀ। ਸਥਾਨਕ ਬੁਲਿਅਨ ਬਾਜ਼ਾਰ ਵਿੱਚ 99.5% ਸ਼ੁੱਧਤਾ ਵਾਲਾ ਸੋਨਾ 2,150 ਦੇ ਵਾਧੇ ਨਾਲ 1,15,650 ਪ੍ਰਤੀ 10 ਗ੍ਰਾਮ (ਸਾਰੇ ਟੈਕਸਾਂ ਸਮੇਤ) ਦੇ ਰਿਕਾਰਡ ਉੱਚ ਪੱਧਰ 'ਤੇ ਪਹੁੰਚ ਗਿਆ। ਪਿਛਲੇ ਕਾਰੋਬਾਰੀ ਸੈਸ਼ਨ ਵਿੱਚ ਇਹ 1,13,500 ਪ੍ਰਤੀ 10 ਗ੍ਰਾਮ 'ਤੇ ਬੰਦ ਹੋਇਆ ਸੀ।

ਐੱਚਡੀਐੱਫਸੀ ਸਕਿਓਰਿਟੀਜ਼ ਦੇ ਸੀਨੀਅਰ ਐਨਾਲਿਸਟ ਸੌਮਿਲ ਗਾਂਧੀ ਨੇ ਕਿਹਾ, 'ਅੰਤਰਰਾਸ਼ਟਰੀ ਬਾਜ਼ਾਰਾਂ ਵਿੱਚ ਤੇਜ਼ੀ ਦੇ ਰੁਝਾਨ ਨੂੰ ਵੇਖਦੇ ਹੋਏ, ਸੋਨਾ ਅਤੇ ਚਾਂਦੀ ਦੋਵਾਂ ਨੇ ਘਰੇਲੂ ਬਾਜ਼ਾਰਾਂ ਵਿੱਚ ਰਿਕਾਰਡ ਪੱਧਰ 'ਤੇ ਵਪਾਰ ਕੀਤਾ।' ਇਸ ਕੈਲੰਡਰ ਸਾਲ ਵਿੱਚ ਕੀਮਤੀ (ਬਾਕੀ ਸਫਾ 2 'ਤੇ)

# ਹਰ ਪਰਿਵਾਰ ਨੂੰ ਮਿਲੇਗਾ 10 ਲੱਖ ਤੱਕ ਦਾ ਮੁਫ਼ਤ ਇਲਾਜ: ਮਾਨ

## ਅੱਜ ਤੋਂ ਤਰਨਤਾਰਨ ਅਤੇ ਬਰਨਾਲਾ ਜ਼ਿਲ੍ਹਿਆਂ 'ਚ ਸ਼ੁਰੂ ਹੋਵੇਗੀ ਰਜਿਸਟ੍ਰੇਸ਼ਨ

ਚੜ੍ਹਦੀਕਲਾ ਬਿਊਰੋ
================

ਚੰਡੀਗੜ੍ਹ , 22 ਸਤੰਬਰ: ਸੂਬੇ ਦੇ ਨਾਗਰਿਕਾਂ ਨੂੰ ਵੱਡੀ ਸੌਗਾਤ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ 'ਮੁੱਖ ਮੰਤਰੀ ਸਿਹਤ ਯੋਜਨਾ' ਤਹਿਤ ਰਜਿਸਟ੍ਰੇਸ਼ਨ ਸ਼ੁਰੂ ਕਰਨ ਦਾ ਐਲਾਨ ਕੀਤਾ ਜਿਸ ਦਾ ਮਨੋਰਥ ਲੋਕਾਂ ਨੂੰ 10 ਲੱਖ ਰੁਪਏ ਤੱਕ ਦਾ ਨਗਦੀ ਰਹਿਤ ਇਲਾਜ ਮੁਹੱਈਆ ਕਰਵਾਉਣਾ ਹੈ।



ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਲੋਕ ਪੱਖੀ ਸਕੀਮ ਲਈ ਰਜਿਸਟ੍ਰੇਸ਼ਨ ਮੰਗਲਵਾਰ (23 ਸਤੰਬਰ) ਤੋਂ ਬਰਨਾਲਾ ਅਤੇ ਤਰਨ ਤਾਰਨ ਜ਼ਿਲ੍ਹਿਆਂ ਤੋਂ ਹੋਵੇਗੀ ਜਿਸ ਨਾਲ ਲੋਕਾਂ ਨੂੰ 10 ਲੱਖ ਰੁਪਏ ਤੱਕ ਦਾ ਮੁਫਤ ਇਲਾਜ ਮਿਲੇਗਾ। ਉਨ੍ਹਾਂ ਕਿਹਾ ਕਿ ਪਾਇਲਟ ਪ੍ਰਾਜੈਕਟ ਵਜੋਂ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਦੀ ਸ਼ੁਰੂਆਤ ਹੋਵੇਗੀ ਅਤੇ ਇਸ ਨੂੰ 10-12 ਦਿਨਾਂ ਦੇ ਅੰਦਰ ਮੁਕੰਮਲ ਕਰ ਲਿਆ ਜਾਵੇਗਾ। ਇਸ ਤਹਿਤ ਤਰਨ ਤਾਰਨ ਜ਼ਿਲ੍ਹੇ ਵਿੱਚ 128 ਥਾਵਾਂ ਅਤੇ ਬਰਨਾਲਾ ਜ਼ਿਲ੍ਹੇ ਵਿੱਚ ਵੀ 128 ਥਾਵਾਂ 'ਤੇ ਕੈਂਪ ਲਾਏ ਜਾਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਪਣੀ ਕਿਸਮ ਦੀ ਪਹਿਲੀ ਇਸ ਇਤਿਹਾਸਕ ਸਕੀਮ ਦੀ ਸ਼ੁਰੂਆਤ ਲੋਕਾਂ ਦੀ ਭਲਾਈ ਲਈ ਸ਼ੁਰੂ ਕੀਤੀ ਗਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਦੋਵਾਂ ਜ਼ਿਲ੍ਹਿਆਂ ਦੇ ਸਾਰੇ ਨਾਗਰਿਕ ਮੁੱਖ ਮੰਤਰੀ ਸਿਹਤ ਕਾਰਡ ਲਈ ਅਪਲਾਈ ਕਰ ਸਕਦੇ ਹਨ ਅਤੇ ਇਨ੍ਹਾਂ ਕੈਂਪਾਂ ਦੌਰਾਨ ਰਜਿਸਟ੍ਰੇਸ਼ਨ ਲਈ ਕਿਸੇ ਨੂੰ ਬਹੁਤਾ ਦੂਰ ਨਹੀਂ ਜਾਣਾ ਪਵੇਗਾ।ਉਨ੍ਹਾਂ ਕਿਹਾ ਕਿ ਕੈਂਪ ਲਾਉਣ ਤੋਂ ਪਹਿਲਾਂ ਸਾਰੇ ਇਲਾਕੇ ਵਿੱਚ ਮੁਨਿਆਦੀ ਕਰਵਾ ਕੇ ਜਾਂ ਹੋਰ ਸਾਧਨਾਂ ਰਾਹੀਂ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ ਤਾਂ ਕਿ ਹਰੇਕ ਵਿਅਕਤੀ ਨੂੰ ਕੈਂਪ ਬਾਰੇ ਪਤਾ ਲੱਗ ਸਕੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਿਹਤ ਕਾਰਡ ਲਈ ਅਪਲਾਈ ਕਰਨ ਵਾਲੇ ਵਿਅਕਤੀ ਨੂੰ ਆਪਣਾ ਆਧਾਰ ਕਾਰਡ, ਵੋਟਰ ਕਾਰਡ ਅਤੇ ਪਾਸਪੋਰਟ ਸਾਈਜ਼ ਦੀ ਫੋਟੋ ਕੈਂਪ ਵਿੱਚ ਲਿਆਉਣੀ ਹੋਵੇਗੀ ਅਤੇ ਹੋਰ ਕਿਸੇ ਵੀ ਦਸਤਾਵੇਜ਼ ਦੀ ਜ਼ਰੂਰਤ ਨਹੀਂ ਹੈ।

ਮੁੱਖ ਮੰਤਰੀ ਨੇ ਕਿਹਾ ਕਿ 10 ਤੋਂ 12 ਦਿਨਾਂ ਦੇ ਅੰਦਰ ਇਨ੍ਹਾਂ ਜ਼ਿਲ੍ਹਿਆਂ ਵਿੱਚ ਹਰੇਕ ਲਈ ਮੁੱਖ ਮੰਤਰੀ ਸਿਹਤ ਯੋਜਨਾ ਲਈ ਰਜਿਸਟ੍ਰੇਸ਼ਨ ਪੂਰੀ ਕਰ ਲਈ ਜਾਵੇਗੀ। ਉਨ੍ਹਾਂ ਕਿਹਾ ਕਿ ਫੀਡਬੈਕ ਦੇ ਆਧਾਰ 'ਤੇ ਜੇਕਰ ਇਸ ਪ੍ਰਕਿਰਿਆ ਵਿੱਚ ਕੋਈ ਸੁਧਾਰ ਦੀ ਲੋੜ ਹੈ, ਤਾਂ ਉਨ੍ਹਾਂ ਨੂੰ ਵਿਧੀਵਤ ਤੌਰ 'ਤੇ ਸ਼ਾਮਲ ਕੀਤਾ ਜਾਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਤੋਂ ਬਾਅਦ ਯੋਜਨਾ ਲਈ ਰਜਿਸਟ੍ਰੇਸ਼ਨ ਪੂਰੇ ਪੰਜਾਬ ਵਿੱਚ ਸ਼ੁਰੂ ਹੋਵੇਗੀ ਅਤੇ ਇੱਕ ਵਾਰ ਇਹ ਪ੍ਰਕਿਰਿਆ ਪੂਰੇ ਸੂਬੇ ਵਿੱਚ ਪੂਰੀ ਹੋ ਜਾਣ 'ਤੇ ਇਸ ਨੂੰ ਅਧਿਕਾਰਤ ਤੌਰ 'ਤੇ ਸ਼ੁਰੂ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਹਰ ਪੰਜਾਬੀ 'ਮੁੱਖ ਮੰਤਰੀ ਸਿਹਤ ਕਾਰਡ' ਦੀ ਵਰਤੋਂ ਕਰਕੇ 10 ਲੱਖ ਰੁਪਏ ਦੇ ਸਿਹਤ ਬੀਮੇ ਦਾ ਲਾਭ ਉਠਾ ਸਕੇਗਾ ਜਿਸ ਨਾਲ ਮੁਫਤ ਅਤੇ ਨਗਦੀ ਰਹਿਤ ਇਲਾਜ ਪ੍ਰਾਪਤ ਕੀਤਾ ਜਾ ਸਕੇਗਾ। ਉਨ੍ਹਾਂ ਕਿਹਾ ਕਿ (ਬਾਕੀ ਸਫਾ 2 'ਤੇ)

## ਹਾਈ ਕੋਰਟ ਦੇ ਕੁਝ ਜੱਜ ਆਪਣੇ ਕੰਮ ਨੂੰ ਪੂਰਾ ਕਰਨ ਵਿੱਚ ਅਸਮਰੱਥ: ਸੁਪਰੀਮ ਕੋਰਟ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 22 ਸਤੰਬਰ: ਸੁਪਰੀਮ ਕੋਰਟ ਨੇ ਜੱਜਾਂ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕਰਦਿਆਂ ਹਾਈ ਕੋਰਟ ਦੇ ਕੁਝ ਜੱਜਾਂ ਦੇ ਆਪਣੇ ਕੰਮਾਂ ਨੂੰ ਪੂਰਾ ਨਾ ਕਰਨ 'ਤੇ ਅਫਸੋਸ ਜਤਾਇਆ ਹੈ। ਜਸਟਿਸ ਸੂਰਿਆ ਕਾਂਤ ਅਤੇ ਐੱਨ ਕੋਟੀਸ਼ਵਰ ਸਿੰਘ ਦੇ ਬੈਂਚ ਨੇ ਕਿਹਾ ਕਿ ਭਾਵੇਂ ਉਹ ਹਾਈ ਕੋਰਟ ਦੇ ਜੱਜਾਂ ਲਈ ਸਕੂਲ ਦੇ ਪ੍ਰਿੰਸੀਪਲ ਵਾਂਗ ਕੰਮ ਨਹੀਂ ਕਰਨਾ ਚਾਹੁੰਦੇ ਪਰ ਇਹ ਯਕੀਨੀ ਬਣਾਉਣ ਲਈ ਇੱਕ ਸਵੈ-ਪ੍ਰਬੰਧਨ ਪ੍ਰਣਾਲੀ ਹੋਣੀ ਚਾਹੀਦੀ ਹੈ ਕਿ ਉਨ੍ਹਾਂ ਦੇ ਮੇਜ਼ਾਂ 'ਤੇ ਫਾਈਲਾਂ ਦੇ ਢੇਰ ਨਾ ਲੱਗਣ। ਬੈਂਚ ਨੇ ਕਿਹਾ, 'ਅਜਿਹੇ ਜੱਜ ਹਨ ਜੋ ਦਿਨ-ਰਾਤ ਕੰਮ ਕਰਦੇ ਹਨ ਅਤੇ ਕੇਸਾਂ ਦਾ ਬਕਾਇਦਾ ਨਿਪਟਾਰਾ ਕਰ ਰਹੇ ਹਨ ਪਰ ਇਸ ਦੇ ਨਾਲ ਹੀ ਕੁਝ ਜੱਜ ਅਜਿਹੇ ਵੀ ਹਨ ਜੋ ਆਪਣਾ ਕੰਮ ਕਰਨ ਵਿਚ ਅਸਮਰੱਥ ਹਨ। ਅਦਾਲਤ ਨੇ ਕਿਹਾ ਕਿ ਕਾਰਨ ਕੁਝ ਵੀ ਹੋਣ ਪਰ ਜੱਜਾਂ ਨੂੰ ਬਿਨਾਂ ਕਿਸੇ ਦੇਰੀ ਦੇ ਆਪਣੇ ਕੰਮਾਂ ਦਾ ਨਿਪਟਾਰਾ ਕਰਨਾ ਚਾਹੀਦਾ ਹੈ। ਬੈਂਚ ਨੇ ਕਿਹਾ, 'ਮੰਨ ਲਓ ਇੱਕ ਜੱਜ ਇੱਕ ਅਪਰਾਧਿਕ ਅਪੀਲ ਦੀ ਸੁਣਵਾਈ ਕਰ ਰਿਹਾ ਹੈ ਤਾਂ ਅਸੀਂ ਉਸ ਤੋਂ ਇੱਕ ਦਿਨ ਵਿੱਚ 50 ਕੇਸਾਂ ਦਾ ਫੈਸਲਾ ਕਰਨ ਦੀ ਉਮੀਦ ਨਹੀਂ ਕਰਦੇ ਅਤੇ ਇੱਕ ਦਿਨ ਵਿੱਚ ਇੱਕ ਅਪਰਾਧਿਕ ਅਪੀਲ ਦਾ ਫੈਸਲਾ ਕਰਨਾ ਆਪਣੇ ਆਪ ਵਿੱਚ ਇੱਕ ਬਹੁਤ ਵੱਡੀ ਪ੍ਰਾਪਤੀ ਹੈ ਪਰ ਜ਼ਮਾਨਤ ਦੇ ਮਾਮਲੇ ਵਿੱਚ ਜੇ ਕੋਈ ਜੱਜ ਕਹਿੰਦਾ ਹੈ ਕਿ ਮੈਂ ਇੱਕ ਦਿਨ ਵਿੱਚ ਸਿਰਫ ਇੱਕ ਜ਼ਮਾਨਤ ਦੇ ਮਾਮਲੇ ਦਾ ਫੈਸਲਾ ਕਰਾਂਗਾ ਤਾਂ ਇਸ ਲਈ ਆਤਮ-ਪੜਚੋਲ ਦੀ ਲੋੜ ਹੈ।'



### ਏਅਰ ਇੰਡੀਆ ਹਵਾਈ ਜਹਾਜ਼ ਹਾਦਸਾ

## ਏ.ਏ.ਆਈ.ਬੀ. ਦੀ ਮੁੱਢਲੀ ਰਿਪੋਰਟ ਦੇ ਕੁਝ ਪਹਿਲੂ '.ਗੈਰਜ਼ਿੰਮੇਵਾਰਾਨਾ': ਸੁਪਰੀਮ ਕੋਰਟ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 22 ਸਤੰਬਰ: ਸੁਪਰੀਮ ਕੋਰਟ ਨੇ ਸੋਮਵਾਰ ਨੂੰ ਕਿਹਾ ਕਿ 12 ਜੂਨ ਨੂੰ ਏਅਰ ਇੰਡੀਆ ਜਹਾਜ਼ ਹਾਦਸੇ ਬਾਰੇ ਏ.ਏ.ਆਈ.ਬੀ. ਦੀ ਮੁੱਢਲੀ ਰਿਪੋਰਟ ਦੇ ਕੁਝ ਪਹਿਲੂ, ਜਿਨ੍ਹਾਂ ਵਿਚ ਪਾਇਲਟਾਂ ਵੱਲੋਂ ਅਣਗਹਿਲੀ ਵਰਤਣ ਵੱਲ ਇਸ਼ਾਰਾ ਕੀਤਾ ਗਿਆ ਸੀ, 'ਗ਼ੈਰਜ਼ਿੰਮੇਵਾਰਾਨਾ' ਸਨ। ਕੋਰਟ ਨੇ ਸੁਤੰਤਰ, ਨਿਰਪੱਖ ਤੇ ਛੇਤੀ ਜਾਂਚ ਦੀ ਮੰਗ ਵਾਲੀ ਪਟੀਸ਼ਨ 'ਤੇ ਕੇਂਦਰ ਤੇ ਸ਼ਹਿਰੀ ਹਵਾਬਾਜ਼ੀ ਡਾਇਰੈਕਟਰ ਜਨਰਲ ਨੂੰ ਨੋਟਿਸ ਜਾਰੀ ਕੀਤਾ ।



ਜਸਟਿਸ ਸੂਰਿਆ ਕਾਂਤ ਤੇ ਜਸਟਿਸ ਐੱਨ.ਕੋਟੀਸ਼ਵਰ ਸਿੰਘ ਦੇ ਬੈਂਚ ਨੇ ਏਏਆਈਬੀ ਵੱਲੋਂ 12 ਜੁਲਾਈ ਨੂੰ ਜਾਰੀ ਮੁੱਢਲੀ ਰਿਪੋਰਟ ਦੇ ਕੁਝ ਪਹਿਲੂਆਂ ਦਾ ਨੋਟਿਸ ਲਿਆ ਹੈ। ਐੱਨਜੀਓ 'ਸੇਫਟੀ ਮੈਟਰਜ਼ ਫਾਊਂਡੇਸ਼ਨ' ਵੱਲੋਂ ਪੇਸ਼ ਐਡਵੋਕੇਟ ਪ੍ਰਸ਼ਾਂਤ ਭੂਸ਼ਣ ਨੇ ਦਾਅਵਾ ਕੀਤਾ ਕਿ ਹਾਦਸੇ ਮਗਰੋਂ ਬਣਾਈ ਜਾਂਚ ਕਮੇਟੀ ਵਿਚ ਹਵਾਬਾਜ਼ੀ ਰੈਗੂਲੇਟਰ ਦੇ ਤਿੰਨ ਮੈਂਬਰ ਸ਼ਾਮਲ ਸਨ ਤੇ ਇਸ ਵਿਚ ਹਿੱਤਾਂ ਦੇ ਟਕਰਾਅ ਦਾ ਮਸਲਾ ਸ਼ਾਮਲ ਹੋ ਸਕਦਾ ਹੈ। ਭੂਸ਼ਣ ਨੇ ਮੰਗ ਕੀਤੀ ਕਿ ਹਾਦਸੇ ਦੇ ਅਸਲ ਕਾਰਨਾਂ ਤੋਂ ਪਰਦਾ ਹਟਾਉਣ ਲਈ ਜਹਾਜ਼ ਦੇ ਫਲਾਈਟ ਡੇਟਾ ਰਿਕਾਰਡਰ ਵਿਚਲੀ ਜਾਣਕਾਰੀ ਰਿਲੀਜ਼ ਕੀਤੀ ਜਾਵੇ।ਹਾਦਸੇ ਬਾਰੇ ਅੰਤਿਮ ਰਿਪੋਰਟ ਦੀ ਵਕਾਲਤ ਕਰਨ ਵਾਲੇ ਬੈਂਚ ਨੇ ਕਿਹਾ ਕਿ ਇਸ ਮਾਮਲੇ ਵਿਚ ਨਿੱਜਤਾ ਤੇ ਗੌਰਵ ਦੇ ਪਹਿਲੂਆਂ ਦਾ ਮੁੱਦਾ ਸ਼ਾਮਲ ਹੈ। ਇਸ ਤਰ੍ਹਾਂ ਦੀ ਵਿਸ਼ੇਸ਼ ਜਾਣਕਾਰੀ ਜਾਰੀ ਕਰਨ ਦਾ ਰਵਾਇਤੀ ਵਿਰੋਧੀ ਏਅਰਲਾਈਨਾਂ ਲਾਹਾ ਲੈ ਸਕਦੀਆਂ ਹਨ। ਬੈਂਚ ਨੇ ਕਿਹਾ ਕਿ (ਬਾਕੀ ਸਫਾ 2 'ਤੇ)

## 'ਜੋੜੇ ਸਾਹਿਬ' ਨੂੰ ਤ.ਖ਼ਤ ਸ੍ਰੀ ਪਟਨਾ ਸਾਹਿਬ ਗੁਰਦੁਆਰੇ 'ਚ ਰੱਖਿਆ ਜਾਣਾ ਚਾਹੀਦੈ: ਤਰਲੋਚਨ ਸਿੰਘ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 22 ਸਤੰਬਰ: ਸਾਬਕਾ ਰਾਜ ਸਭਾ ਮੈਂਬਰ ਅਤੇ ਕੌਮੀਂ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਨੇ ਕਿਹਾ ਕਿ ਕੇਂਦਰੀ ਮੰਤਰੀ ਹਰਦੀਪ ਪੁਰੀ ਦੇ ਪਰਿਵਾਰ ਦੁਆਰਾ ਸੁਰੱਖਿਅਤ ਰੱਖੇ ਗਏ ਗੁਰੂ ਗੋਬਿੰਦ ਸਿੰਘ ਅਤੇ ਮਾਤਾ ਸਾਹਿਬ ਕੌਰ ਦੇ 'ਜੋੜੇ ਸਾਹਿਬ' ਤਖ਼ਤ ਪਟਨਾ ਸਾਹਿਬ ਗੁਰਦੁਆਰੇ ਵਿੱਚ ਰੱਖੇ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਦੇ ਜਨਮ ਸਥਾਨ ਤਖ਼ਤ ਪਟਨਾ ਸਾਹਿਬ ਵਿਖੇ ਰੱਖਿਆ ਜਾਵੇ। ਗੁਰੂ ਜੀ ਦੀਆਂ ਨਿੱਜੀ ਚੀਜ਼ਾਂ ਇਸ ਗੁਰਦੁਆਰੇ ਵਿੱਚ ਸੁਰੱਖਿਅਤ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੇ ਆਪਣੀ ਰਿਹਾਇਸ਼ 'ਤੇ ਹੋਈ ਮੀਟਿੰਗ ਦੌਰਾਨ ਸ਼ਬਦ ਕੀਰਤਨ ਸੁਣਿਆ।



'ਜੋੜੇ ਸਾਹਿਬ' ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਖ਼ਾਲਸੇ ਦੇ ਮਾਤਾ ਸਾਹਿਬ ਕੌਰ ਜੀ ਦੇ ਨਿੱਜੀ ਜੋੜੇ ਹਨ।ਸਿੰਘ ਨੇ ਕਿਹਾ, ਪ੍ਰਧਾਨ ਮੰਤਰੀ ਨੂੰ ਇਹ ਜਾਣ ਕੇ ਖੁਸ਼ੀ ਹੋਈ ਕਿ ਇਹ ਪਵਿੱਤਰ ਨਿਸ਼ਾਨੀਆਂ ਕੇਂਦਰੀ ਮੰਤਰੀ ਸ. ਹਰਦੀਪ ਸਿੰਘ ਪੁਰੀ ਦੇ ਪੁਰਖਿਆਂ ਵਲੋਂ ਸਾਂਭ ਕੇ ਰੱਖੀਆਂ ਗਈਆਂ ਅਤੇ ਉਨ੍ਹਾਂ ਦੀ ਪੂਜਾ ਕੀਤੀ ਜਾਂਦੀ ਰਹੀ। ਪਾਕਿਸਤਾਨ ਛੱਡਣ ਤੋਂ ਬਾਅਦ ਪਰਿਵਾਰ ਨੇ ਇਹ ਨਿਸ਼ਾਨੀਆਂ ਦਿੱਲੀ ਦੇ ਕਰੋਲ ਬਾਗ (ਬਾਕੀ ਸਫਾ 2 'ਤੇ)

## ਨਾਰਾਇਣਪੁਰ ਮੁਕਾਬਲੇ 'ਚ ਦੋ ਨਕਸਲੀ ਢੇਰ

ਨਰਾਇਣਪੁਰ, 22 ਸਤੰਬਰ (ਚੜ੍ਹਦੀਕਲਾ ਬਿਊਰੋ) : ਛੱਤੀਸਗੜ੍ਹ ਦੇ ਨਾਰਾਇਣਪੁਰ ਜ਼ਿਲ੍ਹੇ ਵਿੱਚ ਸਵੇਰੇ ਸੁਰੱਖਿਆ ਬਲਾਂ ਅਤੇ ਨਕਸਲੀਆਂ ਵਿਚਕਾਰ ਇੱਕ ਮੁਕਾਬਲਾ ਹੋਇਆ, ਜਿਸ ਵਿੱਚ 40-40 ਲੱਖ ਰੁਪਏ ਦੇ ਇਨਾਮ ਵਾਲੇ ਦੋ ਨਕਸਲੀ ਢੇਰ ਕਰ ਦਿੱਤੇ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਦੋਵਾਂ ਦੀ ਪਛਾਣ ਰਾਜੂ ਦਾਦਾ ਉਰਫ਼ ਕੱਟਾ ਰਾਮਚੰਦਰ ਰੈੱਡੀ (63) ਅਤੇ ਕੋਸਾ ਦਾਦਾ ਉਰਫ਼ ਕਾਦਾਰੀ ਸਤਿਆਨਾਰਾਇਣ ਰੈੱਡੀ (67) ਵਜੋਂ ਹੋਈ ਹੈ। ਦੋਵੇਂ ਗ਼ੈਰਕਾਨੂੰਨੀ ਭਾਰਤੀ ਕਮਿਊਨਿਸਟ ਪਾਰਟੀ ਦੇ ਕੇਂਦਰੀ ਕਮੇਟੀ ਮੈਂਬਰ ਹਨ। ਨਾਰਾਇਣਪੁਰ ਦੇ ਪੁਲਿਸ ਸੁਪਰਡੈਂਟ ਰੌਬਿਨਸਨ ਗੁਰੀਆ ਨੇ ਦੱਸਿਆ,ਕੋਸਾ ਅਤੇ ਉਸ ਦੇ ਸਾਥੀਆਂ ਦੀ ਮੌਜੂਦਗੀ ਬਾਰੇ ਕੁਝ ਦਿਨ ਪਹਿਲਾਂ ਜਾਣਕਾਰੀ ਮਿਲੀ ਸੀ। ਇਸ ਜਾਣਕਾਰੀ ਦੇ ਆਧਾਰ 'ਤੇ ਸੁਰੱਖਿਆ ਬਲਾਂ ਨੇ ਇਲਾਕੇ ਵਿੱਚ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ। ਇਸ ਦੇ ਚਲਦਿਆਂ ਅੱਜ ਸਵੇਰੇ (ਬਾਕੀ ਸਫਾ 2 'ਤੇ)

## ਜੀ.ਐਸ.ਟੀ. ਸੁਧਾਰ .ਗਰੀਬਾਂ ਤੇ ਕਿਸਾਨਾਂ ਦੀ ਸੇਵਾ ਦੇ ਪ੍ਰਧਾਨ ਮੰਤਰੀ ਸੰਕਲਪ ਦਾ ਪ੍ਰਮਾਣ: ਸ਼ਾਹ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 22 ਸਤੰਬਰ: ਨਵਾਂ ਜੀ.ਐਸ.ਟੀ.-2.0 ਅੱਜ ਤੋਂ ਦੇਸ਼ ਭਰ ਵਿਚ ਲਾਗੂ ਹੋ ਗਿਆ ਹੈ। ਪੀਐਮ ਮੋਦੀ ਨੇ ਇਸ ਨੂੰ ਦੇਸ਼ ਵਾਸੀਆਂ ਲਈ 'ਬਚਤ ਦਾ ਤਿਉਹਾਰ' ਦਸਿਆ। ਅਮਿਤ ਸ਼ਾਹ ਨੇ ਇਹ ਵੀ ਕਿਹਾ ਕਿ ਪੀਐਮ ਮੋਦੀ ਨੇ ਦੇਸ਼ ਦੀਆਂ ਮਾਂਵਾਂ ਅਤੇ ਭੈਣਾਂ ਨਾਲ ਕੀਤੇ ਆਪਣੇ ਵਾਅਦੇ ਨੂੰ ਪੂਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਨਵਰਾਤਰੀ ਦੇ ਸ਼ੁੱਭ ਮੌਕੇ 'ਤੇ ਦੇਸ਼ ਦੀਆਂ ਸਾਰੀਆਂ ਮਾਵਾਂ ਅਤੇ ਭੈਣਾਂ ਨੂੰ ਮੋਦੀ ਸਰਕਾਰ ਦਾ ਤੋਹਫ਼ਾ ਨੈਕਸਟਜਨ ਜੀ.ਐਸ.ਟੀ. ਸੁਧਾਰ ਹੈ। ਜੀ.ਐਸ.ਟੀ. ਸੁਧਾਰ ਦਾ ਮੋਦੀ ਦਾ ਵਾਅਦਾ ਅੱਜ ਦੇਸ਼ ਭਰ ਵਿਚ ਲਾਗੂ ਹੋ ਗਿਆ ਹੈ। ਇਸ ਜੀਐਸਟੀ ਵਿਚ 390 ਤੋਂ ਵੱਧ ਵਸਤੂਆਂ 'ਤੇ ਟੈਕਸਾਂ ਵਿਚ ਇਤਿਹਾਸਕ ਕਟੌਤੀ ਸ਼ਾਮਲ ਹੈ।



ਸ਼ਾਹ ਨੇ ਕਿਹਾ ਕਿ ਭੋਜਨ ਅਤੇ ਘਰੇਲੂ ਸਮਾਨ, ਘਰ ਬਣਾਉਣ ਅਤੇ ਸਮੱਗਰੀ, ਆਟੋਮੋਬਾਈਲ, ਖੇਤੀਬਾੜੀ, ਸੇਵਾਵਾਂ, ਖਿਡੌਣੇ, ਖੇਡਾਂ ਅਤੇ ਦਸਤਕਾਰੀ, ਸਿਖਿਆ, ਡਾਕਟਰੀ ਅਤੇ ਸਿਹਤ ਅਤੇ ਬੀਮਾ ਵਰਗੇ ਖੇਤਰਾਂ ਵਿਚ ਬੇਮਿਸਾਲ ਜੀ.ਐਸ.ਟੀ. ਰਾਹਤ ਦੇਸ਼ ਵਾਸੀਆਂ ਦੇ ਜੀਵਨ ਵਿਚ ਖ਼ੁਸ਼ੀਆਂ ਲਿਆਏਗੀ ਅਤੇ ਉਨ੍ਹਾਂ ਦੀ ਬੱਚਤ ਵਧਾਏਗੀ।

ਭਾਵੇਂ ਇਹ ਬਹੁਤ ਸਾਰੇ ਡੇਅਰੀ ਉਤਪਾਦਾਂ 'ਤੇ ਜੀ.ਐਸ.ਟੀ. ਨੂੰ ਜ਼ੀਰੋ ਕਰਨ ਦੀ ਗੱਲ ਹੋਵੇ, ਜਾਂ ਸਾਬਣ, ਟੁੱਥਬ੍ਰਸ਼, ਟੂਥਪੇਸਟ, ਵਾਲਾਂ ਦਾ ਤੇਲ ਅਤੇ ਸ਼ੈਂਪੂ ਵਰਗੀਆਂ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ 'ਤੇ ਦਰਾਂ ਘਟਾਉਣ ਦੀ ਗੱਲ ਹੋਵੇ, ਨੈਕਸਟਜਨ ਜੀ.ਐਸ.ਟੀ. ਸੁਧਾਰ ਨੇ ਹਰ ਘਰ ਵਿਚ ਖ਼ੁਸ਼ੀ ਲਿਆਂਦੀ ਹੈ।

ਜੀਵਨ ਬੀਮਾ, ਸਿਹਤ ਬੀਮਾ, ਸੀਨੀਅਰ ਸਿਟੀਜ਼ਨ ਪਾਲਿਸੀਆਂ, 33 ਜੀਵਨ-ਰੱਖਿਅਕ ਦਵਾਈਆਂ ਅਤੇ ਡਾਇਗਨੌਸਟਿਕ ਕਿੱਟਾਂ 'ਤੇ ਜ਼ੀਰੋ ਜੀ.ਐਸ.ਟੀ. ਤੋਂ ਲੈ ਕੇ ਆਕਸੀਜਨ, ਸਰਜੀਕਲ ਯੰਤਰਾਂ, ਮੈਡੀਕਲ, ਦੰਦਾਂ ਅਤੇ ਪਸ਼ੂਆਂ ਦੇ ਉਪਕਰਣਾਂ 'ਤੇ ਘੱਟੋ-ਘੱਟ (ਬਾਕੀ ਸਫਾ 2 'ਤੇ)

### ਕੇਜਰੀਵਾਲ ਦਾ ਪ੍ਰਧਾਨ ਮੰਤਰੀ 'ਤੇ ਤੰਜ਼

## 'ਮੋਦੀ ਜੀ, ਤੁਸੀਂ ਵਿਦੇਸ਼ੀ ਜਹਾਜ਼ਾਂ 'ਚ ਘੁੰਮਣਾ ਬੰਦ ਕਰੋ...'

ਨਵੀਂ ਦਿੱਲੀ , 22 ਸਤੰਬਰ (ਚੜ੍ਹਦੀਕਲਾ ਬਿਊਰੋ) : ਅੱਜ (22 ਸਤੰਬਰ) ਤੋਂ, ਭਾਰਤ ਵਿੱਚ ਬਹੁਤ ਸਾਰੀਆਂ ਚੀਜ਼ਾਂ ਸਸਤੀਆਂ ਹੋ ਗਈਆਂ ਹਨ। ਵਸਤੂਆਂ ਅਤੇ ਸੇਵਾਵਾਂ ਟੈਕਸ (ਜੀ.ਐਸ.ਟੀ.) ਵਿੱਚ ਬਦਲਾਅ ਨੇ ਇਨ੍ਹਾਂ ਚੀਜ਼ਾਂ ਦੀਆਂ ਕੀਮਤਾਂ ਨੂੰ ਪ੍ਰਭਾਵਿਤ ਕੀਤਾ ਹੈ। ਦਰਅਸਲ, ਹੁਣ ਭਾਰਤ ਵਿੱਚ ਸਿਰਫ਼ 5% ਅਤੇ 18% ਦੇ ਦੋ ਜੀ.ਐਸ.ਟੀ. ਸਲੈਬ ਬਚੇ ਹਨ, ਜਦੋਂ ਕਿ 12% ਅਤੇ 18% ਦੇ ਸਲੈਬ ਹਟਾ ਦਿੱਤੇ ਗਏ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਵਾਸੀਆਂ ਨੂੰ ਸਵਦੇਸ਼ੀ ਸਾਮਾਨ ਖਰੀਦਣ ਦਾ ਸੱਦਾ ਦਿੱਤਾ ਹੈ। ਪਰ ਸਾਬਕਾ ਮੁੱਖ ਮੰਤਰੀ ਕੇਜਰੀਵਾਲ ਨੇ ਇਸ 'ਤੇ ਪ੍ਰਧਾਨ ਮੰਤਰੀ ਮੋਦੀ 'ਤੇ (ਬਾਕੀ ਸਫਾ 2 'ਤੇ)

### ਪਾਕਿਸਤਾਨੀ ਹਵਾਈ ਸੈਨਾ ਵੱਲੋਂ ਦੇਸ਼ 'ਚ ਹੀ ਹਵਾਈ ਹਮਲਾ

## .ਖ਼ੈਬਰ ਪਖਤੂਨਖਵਾ ਦੇ ਪਿੰਡ 'ਤੇ ਸੁੱਟੇ ਬੰਬ, 30 ਮੌਤਾਂ



ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 22 ਸਤੰਬਰ: ਪਾਕਿਸਤਾਨੀ ਹਵਾਈ ਸੈਨਾ ਵੱਲੋਂ ਸੋਮਵਾਰ ਸਵੇਰੇ-ਸਵੇਰੇ ਖੈਬਰ ਪਖਤੂਨਖਵਾ ਦੀ ਤਿਰਾਹ ਘਾਟੀ ਦੇ ਮਤਰੇ ਦਾਰਾ ਪਿੰਡ 'ਤੇ ਕੀਤੇ ਗਏ ਹਵਾਈ ਹਮਲੇ ਵਿਚ ਘੱਟੋ-ਘੱਟ 30 ਨਾਗਰਿਕ ਮਾਰੇ ਗਏ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਔਰਤਾਂ ਅਤੇ ਬੱਚੇ ਹਨ। ਇਹ ਦਾਅਵਾ ਉੱਚ ਮਿਆਰੀ ਸੂਤਰਾਂ ਨੇ ਕੀਤਾ ਹੈ।

ਹਮਲੇ ਸਵੇਰੇ 2 ਵਜੇ ਦੇ ਕਰੀਬ ਸ਼ੁਰੂ ਹੋਏ, ਜਦੋਂ ਜੇ.ਐੱਫ.-17 ਲੜਾਕੂ ਜਹਾਜ਼ਾਂ ਨੇ (ਬਾਕੀ ਸਫਾ 2 'ਤੇ)

### ਤ੍ਰਿਪਤੀ ਲੱਡੂ ਮਿਲਾਵਟ ਮਾਮਲਾ


## ਹਾਈਕੋਰਟ ਦੀ ਟਿੱਪਣੀ ਖ਼ਿਲਾ.ਫ ਸੁਪਰੀਮ ਕੋਰਟ ਪਹੁੰਚੀ ਸੀ.ਬੀ.ਆਈ.

ਨਵੀਂ ਦਿੱਲੀ, 22 ਸਤੰਬਰ (ਚੜ੍ਹਦੀਕਲਾ ਬਿਊਰੋ) : ਸੁਪਰੀਮ ਕੋਰਟ ਸ਼ੁੱਕਰਵਾਰ ਨੂੰ ਸੀ.ਬੀ.ਆਈ. ਡਾਇਰੈਕਟਰ ਵੱਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕਰੇਗੀ, ਜਿਸ ਵਿੱਚ ਆਂਧਰਾ ਪ੍ਰਦੇਸ਼ ਹਾਈਕੋਰਟ ਦੇ ਉਸ ਹੁਕਮ ਨੂੰ ਚੁਣੌਤੀ ਦਿੱਤੀ ਗਈ ਹੈ ਜਿਸ ਵਿੱਚ ਕਿਹਾ ਗਿਆ ਸੀ ਕਿ ਉਨ੍ਹਾਂ ਨੇ ਤਿਰੁਮਲਾ ਤਿਰੁਪਤੀ ਮੰਦਰ ਦੇ ਪ੍ਰਸ਼ਾਦ ਵਿੱਚ ਮਿਲਾਵਟੀ ਘਿਓ ਦੇ ਦੋਸ਼ਾਂ ਦੀ ਜਾਂਚ ਲਈ ਐਸ.ਆਈ.ਟੀ. ਤੋਂ ਬਾਹਰ ਇੱਕ ਅਧਿਕਾਰੀ ਦੀ ਨਿਯੁਕਤੀ ਕਰਕੇ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦੀ ਉਲੰਘਣਾ ਕੀਤੀ ਹੈ। ਚੀਫ ਜਸਟਿਸ ਬੀ.ਆਰ.ਗਵਈ ਅਤੇ ਜਸਟਿਸ ਕੇ.ਵਿਨੋਦ ਚੰਦਰਨ ਦੀ ਬੈਂਚ ਅੱਗੇ ਸੀ.ਬੀ.ਆਈ. ਡਾਇਰੈਕਟਰ ਵਲੋਂ ਪੇਸ਼ ਹੋਏ ਸੋਲਿਸੀਟਰ (ਬਾਕੀ ਸਫਾ 2 'ਤੇ)

## ਪੁਤਿਨ ਵੱਲੋਂ ਟਰੰਪ ਨੂੰ ਇੱਕ ਸਾਲ ਲਈ ਪ੍ਰਮਾਣੂ ਹਥਿਆਰ ਨਿਯੰਤਰਣ ਸਮਝੌਤੇ ਦੀ ਪੇਸ਼ਕਸ਼

ਚੜ੍ਹਦੀਕਲਾ ਬਿਊਰੋ
================

ਮਾਸਕੋ, 22 ਸਤੰਬਰ: ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਸੋਮਵਾਰ ਨੂੰ ਕਿਹਾ ਕਿ ਜੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੀ ਅਜਿਹਾ ਕਰਦੇ ਹਨ, ਤਾਂ ਉਹ ਵਾਸ਼ਿੰਗਟਨ ਅਤੇ ਮਾਸਕੋ ਦਰਮਿਆਨ ਪ੍ਰਮਾਣੂ ਹਥਿਆਰਾਂ ਦੀ ਗਿਣਤੀ ਨੂੰ ਸੀਮਤ ਕਰਨ ਵਾਲੀ ਆਖਰੀ ਹਥਿਆਰ ਨਿਯੰਤਰਣ ਸੰਧੀ ਨੂੰ ਇੱਕ ਸਾਲ ਲਈ ਵਧਾਉਣ ਲਈ ਤਿਆਰ ਹਨ। ਨਿਊ ਸਟ੍ਰੈਟਜਿਕ ਆਰਮਜ਼ ਰਿਡਕਸ਼ਨ ਟ੍ਰੀਟੀ ਜਾਂ ਨਿਊ ਸਟਾਰਟ ਸੰਧੀ 5 ਫਰਵਰੀ 2026 ਨੂੰ ਖਤਮ ਹੋਣ ਵਾਲੀ ਹੈ। ਇਹ ਸਮਝੌਤਾ ਸੰਯੁਕਤ ਰਾਜ ਅਤੇ ਰੂਸ ਵੱਲੋਂ ਤਾਇਨਾਤ ਕੀਤੇ ਜਾ ਸਕਣ ਵਾਲੇ ਰਣਨੀਤਕ ਪ੍ਰਮਾਣੂ ਹਥਿਆਰਾਂ ਅਤੇ ਉਨ੍ਹਾਂ ਨੂੰ ਲਿਜਾਣ ਵਾਲੀਆਂ ਜ਼ਮੀਨ, ਪਣਡੁੱਬੀ-ਅਧਾਰਤ ਮਿਜ਼ਾਈਲਾਂ, ਬੰਬਾਂ ਦੀ ਤੈਨਾਤੀ ਦੀ ਗਿਣਤੀ ਨੂੰ ਸੀਮਤ ਕਰਦਾ ਹੈ। ਇਸ ਦੇ ਖਤਮ ਹੋਣ ਵਿੱਚ ਚਾਰ ਮਹੀਨਿਆਂ ਤੋਂ ਵੱਧ ਦਾ ਸਮਾਂ ਬਾਕੀ ਹੈ। ਯੂਕਰੇਨ ਵਿੱਚ ਜੰਗ ਨੂੰ ਲੈ ਕੇ ਮਤਭੇਦਾਂ ਕਾਰਨ ਰੂਸ ਅਤੇ ਸੰਯੁਕਤ ਰਾਜ ਨੇ ਸੰਧੀ ਨੂੰ ਨਵਿਆਉਣ ਜਾਂ ਇਸ ਵਿੱਚ ਸੁਧਾਰ ਕਰਨ ਬਾਰੇ ਗੱਲਬਾਤ ਸ਼ੁਰੂ ਨਹੀਂ ਕੀਤੀ ਹੈ, ਹਾਲਾਂਕਿ ਟਰੰਪ ਨੇ ਇੱਕ ਨਵੇਂ ਪਰਮਾਣੂ ਹਥਿਆਰ ਨਿਯੰਤਰਣ ਸਮਝੌਤੇ, ਜਿਸ ਵਿੱਚ ਚੀਨ ਨੂੰ ਵੀ ਸ਼ਾਮਲ ਕਰਨ ਦੀ ਇੱਛਾ ਬਾਰੇ ਗੱਲ ਕੀਤੀ ਹੈ। ਪੁਤਿਨ ਨੇ ਰੂਸ ਦੀ ਸੁਰੱਖਿਆ ਪ੍ਰੀਸ਼ਦ ਦੀ ਇੱਕ ਬੈਠਕ ਵਿੱਚ ਕਿਹਾ ਕਿ ਉਹ (ਬਾਕੀ ਸਫਾ 2 'ਤੇ)



### ਕੋਲਕਾਤਾ ਜਬਰ-ਜਨਾਹ ਮਾਮਲਾ

## ਚਾਰਜਸ਼ੀਟ 'ਚ ਡੀ.ਐਨ.ਏ., ਸੀ.ਸੀ.ਟੀ.ਵੀ. ਫੁਟੇਜ ਤੋਂ ਮੁੱਖ ਦੋਸ਼ੀ ਦੀ ਭੂਮਿਕਾ ਦੀ ਪੁਸ਼ਟੀ

ਚੜ੍ਹਦੀਕਲਾ ਬਿਊਰੋ
================

ਕੋਲਕਾਤਾ, 22 ਸਤੰਬਰ: ਕੋਲਕਾਤਾ ਪੁਲਿਸ ਦੇ ਜਾਂਚ ਅਧਿਕਾਰੀਆਂ ਨੇ ਆਪਣੀ ਚਾਰਜਸ਼ੀਟ ਵਿੱਚ ਦਾਅਵਾ ਕੀਤਾ ਹੈ ਕਿ ਦੱਖਣੀ ਕੋਲਕਾਤਾ ਲਾਅ ਕਾਲਜ ਦੀ ਇੱਕ ਵਿਦਿਆਰਥਣ ਨਾਲ ਹੋਏ ਕਥਿਤ ਜਬਰ-ਜਨਾਹ ਮਾਮਲੇ ਵਿੱਚ ਮੁੱਖ ਦੋਸ਼ੀ ਮਨੋਜੀਤ 'ਮੈਂਗੋ' ਦੀ ਭੂਮਿਕਾ ਦੀ ਪੁਸ਼ਟੀ ਡੀਐਨਏ ਟੈਸਟ ਦੁਆਰਾ ਕੀਤੀ ਗਈ ਹੈ।




ਪੁਲਿਸ ਸੂਤਰਾਂ ਨੇ ਦੱਸਿਆ ਕਿ 24 ਸਾਲਾ ਪੀੜਤਾ ਦੇ ਕੱਪੜਿਆਂ ਤੋਂ ਲਏ ਗਏ ਨਮੂਨਿਆਂ ਦਾ ਡੀਐਨਏ ਟੈਸਟ ਦੋਸ਼ੀ ਦੇ ਡੀਐਨਏ ਨਾਲ ਮੇਲ ਖਾਂਦਾ ਹੈ। ਪੀੜਤ ਅਤੇ ਦੋਸ਼ੀ ਦੋਵਾਂ ਤੋਂ ਖੂਨ ਦੇ ਨਮੂਨੇ ਲਏ ਗਏ ਸਨ। ਚਾਰਜਸ਼ੀਟ ਅਲੀਪੁਰ ਦੇ ਐਡੀਸ਼ਨਲ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਦੀ ਅਦਾਲਤ ਵਿੱਚ ਦਾਇਰ ਕੀਤੀ ਗਈ ਸੀ। ਇਸ ਵਿੱਚ ਮੁੱਖ ਦੋਸ਼ੀ ਮਨੋਜੀਤ ਮਿਸ਼ਰਾ ਦੇ ਨਾਲ ਤਿੰਨ ਹੋਰਾਂ ਦਾ ਨਾਮ ਹੈ। ਮਿਸ਼ਰਾ ਕਾਲਜ ਦਾ ਸਾਬਕਾ ਵਿਦਿਆਰਥੀ ਹੈ।

ਇੱਕ ਪੁਲਿਸ ਅਧਿਕਾਰੀ ਨੇ ਦੱਸਿਆ, ਡੀਐਨਏ ਟੈਸਟਿੰਗ ਤੋਂ ਇਹ ਵੀ ਪਤਾ ਲੱਗਾ ਹੈ ਕਿ ਘਟਨਾ ਸਮੇਂ ਪੀੜਤ ਅਤੇ ਦੋਸ਼ੀ ਦੋਵੇਂ ਕਾਲਜ ਗਾਰਡ ਰੂਮ ਵਿੱਚ ਮੌਜੂਦ ਸਨ।

ਇਸ ਰਿਪੋਰਟ ਨੂੰ ਮਾਮਲੇ ਵਿੱਚ ਇੱਕ ਮਹੱਤਵਪੂਰਨ ਸਬੂਤ ਮੰਨਿਆ ਜਾ ਰਿਹਾ ਹੈ। ਚਾਰਜਸ਼ੀਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਕਾਲਜ ਕੈਂਪਸ ਅਤੇ ਨੇੜਲੀਆਂ ਦੋ ਦੁਕਾਨਾਂ ਤੋਂ ਸੀਸੀਟੀਵੀ ਫੁਟੇਜ ਨੇ ਅਪਰਾਧ ਦੀ ਪੁਸ਼ਟੀ ਕੀਤੀ ਹੈ।

ਅਧਿਕਾਰੀ ਨੇ ਕਿਹਾ, ਫੁੱਟੇਜ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਇਹ ਘਟਨਾ ਕਾਲਜ ਦੇ ਗਾਰਡ ਰੂਮ ਦੇ ਅੰਦਰ ਵਾਪਰੀ। (ਬਾਕੀ ਸਫਾ 2 'ਤੇ)

### ਪੋਰਬੰਦਰ ਨੇੜੇ ਕਾਰਗੋ ਜਹਾਜ਼ ਨੂੰ ਲੱਗੀ ਅੱਗ, ਚਾਲਕ ਦਲ ਦੇ 14 ਮੈਂਬਰ ਬਚਾਏ

ਗਾਂਧੀਨਗਰ, 22 ਸਤੰਬਰ (ਚੜ੍ਹਦੀਕਲਾ ਬਿਊਰੋ) : ਗੁਜਰਾਤ ਦੇ ਪੋਰਬੰਦਰ ਦੇ ਹਰ ਮੌਸਮ ਵਿੱਚ ਚੱਲਣ ਵਾਲੇ ਬੰਦਰਗਾਹ ਨੇੜੇ ਅੱਜ ਸਵੇਰੇ ਇੱਕ ਕਾਰਗੋ ਜਹਾਜ਼ ਵਿੱਚ ਭਿਆਨਕ ਅੱਗ ਲੱਗ ਗਈ। ਜਹਾਜ਼ 950 ਟਨ ਚੌਲ ਅਤੇ 78 ਟਨ ਖੰਡ ਲੈ ਕੇ ਸੋਮਾਲੀਆ ਜਾ ਰਿਹਾ ਸੀ। ਅੱਗ ਲੱਗਣ ਤੋਂ ਤੁਰੰਤ ਬਾਅਦ ਇੱਕ ਬਚਾਅ ਕਾਰਜ ਸ਼ੁਰੂ ਕੀਤਾ ਗਿਆ, ਅਤੇ 14 ਚਾਲਕ ਦਲ ਦੇ ਮੈਂਬਰਾਂ ਨੂੰ ਬਚਾ ਲਿਆ ਗਿਆ। ਜਹਾਜ਼ 950 ਟਨ ਚੌਲ ਅਤੇ 78 ਟਨ ਖੰਡ ਲੈ ਕੇ ਸੋਮਾਲੀਆ ਜਾ ਰਿਹਾ ਸੀ। ਅੱਗ ਲੱਗਣ ਤੋਂ ਤੁਰੰਤ ਬਾਅਦ ਇੱਕ ਬਚਾਅ ਕਾਰਜ ਸ਼ੁਰੂ ਕੀਤਾ ਗਿਆ, ਅਤੇ 14 ਚਾਲਕ ਦਲ ਦੇ ਮੈਂਬਰਾਂ ਨੂੰ ਬਚਾ ਲਿਆ ਗਿਆ। ਹਾਦਸੇ ਦੀਆਂ ਰਿਪੋਰਟਾਂ ਤੋਂ ਬਾਅਦ, ਘੱਟੋ-ਘੱਟ ਤਿੰਨ ਫਾਇਰ ਇੰਜਣ,ਐਂਬੂਲੈਂਸਾਂ ਅਤੇ ਸਥਾਨਕ ਪੁਲਿਸ (ਬਾਕੀ ਸਫਾ 2 'ਤੇ)

## ਵਿਆਹ ਦੇ ਬੰਧਨ 'ਚ ਬੱਝੇ ਹਿਮਾਚਲ ਦੇ ਮੰਤਰੀ ਵਿਕਰਮਾਦਿੱਤਿਆ ਸਿੰਘ

ਚੜ੍ਹਦੀਕਲਾ ਬਿਊਰੋ
================

ਚੰਡੀਗੜ੍ਹ, 22 ਸਤੰਬਰ: ਹਿਮਾਚਲ ਪ੍ਰਦੇਸ਼ ਦੇ ਲੋਕ ਨਿਰਮਾਣ ਵਿਭਾਗ ਦੇ ਮੰਤਰੀ ਵਿਕਰਮਾਦਿੱਤਿਆ ਸਿੰਘ ਅਤੇ ਪੰਜਾਬ ਦੀ ਡਾ. ਅਮਰੀਨ ਕੌਰ ਅੱਜ ਵਿਆਹ ਦੇ ਬੰਧਨ ਵਿੱਚ ਬੱਝ ਗਏ। ਉਨ੍ਹਾਂ ਨੇ ਚੰਡੀਗੜ੍ਹ ਦੇ ਸੈਕਟਰ 11 ਦੇ ਇੱਕ ਗੁਰਦੁਆਰੇ ਵਿੱਚ ਲਾਵਾਂ ਲਈਆਂ।



ਵਿਆਹ ਦੀ ਰਸਮ ਗੁਰਦੁਆਰੇ ਵਿੱਚ ਸਾਦੇ ਢੰਗ ਨਾਲ ਹੋਈ। ਦੋਵਾਂ ਪਾਸਿਆਂ ਦੇ ਸਿਰਫ਼ ਨਜ਼ਦੀਕੀ ਰਿਸ਼ਤੇਦਾਰ ਅਤੇ ਦੋਸਤ ਹੀ ਸ਼ਾਮਲ ਹੋਏ। ਵਿਕਰਮਾਦਿਤਿਆ ਦੇ ਨਾਲ ਉਸ ਦੀ ਮਾਂ ਪ੍ਰਤਿਭਾ ਸਿੰਘ, ਉਸ ਦੀ ਭੈਣ, ਉਸ ਦਾ ਜੀਜਾ ਅਤੇ ਕੁਝ ਦੋਸਤ ਮੌਜੂਦ ਰਹੇ। ਉਥੋਂ ਉਹ ਲਲਿਤ ਹੋਟਲ ਗਏ। ਦੁਪਹਿਰ ਦੇ ਖਾਣੇ ਤੋਂ ਬਾਅਦ ਮੰਤਰੀ ਆਪਣੀ ਪਤਨੀ ਅਮਰੀਨ ਨਾਲ ਸ਼ਿਮਲਾ ਵਾਪਸ ਜਾਣਗੇ। ਦੁਲਹਨ ਦਾ ਪ੍ਰਵੇਸ਼ ਸਮਾਰੋਹ ਸ਼ਿਮਲਾ ਦੇ ਹੋਲੀ ਲਾਜ ਵਿਖੇ ਹੋਵੇਗਾ। (ਬਾਕੀ ਸਫਾ 2 'ਤੇ)

# ਯੂਥ ਕਾਂਗਰਸ ਵੱਲੋਂ ਸਾਂਸਦ ਕੰਗਨਾ ਰਣੌਤ ਵਿਰੁੱਧ ਪ੍ਰਦਰਸ਼ਨ

**ਮੰਡੀ ਜ਼ਿਲ੍ਹੇ ਦੇ ਸੁੰਦਰਨਗਰ ਵਿੱਚ ਭਾਜਪਾ ਅਤੇ ਯੂਥ ਕਾਂਗਰਸ ਦੇ ਵਰਕਰਾਂ ਵਿੱਚ ਝੜਪ ਹੋਈ**

ਮੰਡੀ, 22 ਸਤੰਬਰ (ਚ.ਨ.ਸ.) : ਮੰਡੀ ਜ਼ਿਲ੍ਹੇ ਦੇ ਸੁੰਦਰਨਗਰ ਵਿੱਚ ਅੱਜ ਮੰਡੀ ਸੰਸਦੀ ਹਲਕੇ ਤੋਂ ਸੰਸਦ ਮੈਂਬਰ ਕੰਗਨਾ ਰਣੌਤ ਦੇ ਦੌਰੇ ਦੌਰਾਨ ਮਾਹੌਲ ਤਣਾਅਪੂਰਨ ਹੋ ਗਿਆ। ਯੂਥ ਕਾਂਗਰਸ ਦੇ ਵਰਕਰਾਂ ਨੇ ਸੁੰਦਰਨਗਰ ਦੇ ਪੁਰਾਣੇ ਬੱਸ ਸਟੈਂਡ ਨੇੜੇ ਕੰਗਨਾ ਰਣੌਤ ਵਿਰੁੱਧ ਜ਼ੋਰਦਾਰ ਪ੍ਰਦਰਸ਼ਨ ਕੀਤਾ। ਜ਼ਿਲ੍ਹਾ ਮੰਡੀ ਯੂਥ ਕਾਂਗਰਸ ਦੇ ਪ੍ਰਧਾਨ ਨਿਖਿਲ ਠਾਕੁਰ ਦੀ ਅਗਵਾਈ ਵਿੱਚ ਹੋਏ ਵਿਰੋਧ ਪ੍ਰਦਰਸ਼ਨ ਦੌਰਾਨ, ਵਰਕਰ ਕੰਗਨਾ ਦਾ ਇੰਤਜ਼ਾਰ ਕਰਦੇ ਰਹੇ। ਸੰਭਾਵੀ ਤਣਾਅ ਦੇ ਅਨੁਮਾਨ ਵਿੱਚ, ਪੁਲਿਸ ਅਤੇ ਭਾਜਪਾ ਅਧਿਕਾਰੀਆਂ ਨੇ ਕੰਗਨਾ ਰਣੌਤ ਦੇ ਕਾਫਲੇ ਨੂੰ ਮੋੜ ਦਿੱਤਾ। ਉਸ ਨੂੰ ਨਿਰਧਾਰਤ ਅੰਤਮ ਬਿੰਦੂ, ਪੁਰਾਣੇ ਬੱਸ ਸਟੈਂਡ ਤੋਂ ਪਹਿਲਾਂ ਕਿਸੇ ਹੋਰ ਰਸਤੇ ਵੱਲ ਮੋੜ ਦਿੱਤਾ ਗਿਆ। ਇਸ ਨਾਲ ਯੂਥ ਕਾਂਗਰਸ ਦੇ ਵਰਕਰ ਗੁੱਸੇ ਵਿੱਚ ਆ ਗਏ ਅਤੇ ਉਨ੍ਹਾਂ ਨੇ ਨਾਅਰੇ ਲਗਾਉਣੇ ਸ਼ੁਰੂ ਕਰ ਦਿੱਤੇ, 'ਕੰਗਨਾ ਰਣੌਤ ਭੱਜ ਗਈ ਹੈ!' ਭਾਜਪਾ



ਵਰਕਰ ਵੀ ਪਹੁੰਚੇ ਅਤੇ ਕਾਂਗਰਸ ਪਾਰਟੀ ਦੇ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਸਥਿਤੀ ਤਣਾਅਪੂਰਨ ਹੋ ਗਈ ਕਿਉਂਕਿ ਸੜਕ ਦੇ ਦੋਵੇਂ ਪਾਸੇ ਭਾਜਪਾ ਅਤੇ ਕਾਂਗਰਸ ਦੇ ਵਰਕਰਾਂ ਨੇ ਨਾਅਰੇਬਾਜ਼ੀ ਕੀਤੀ ਅਤੇ ਪੁਲਿਸ ਨੂੰ ਸਥਿਤੀ ਨੂੰ ਕਾਬੂ ਕਰਨ ਲਈ ਸੰਘਰਸ਼ ਕਰਨਾ ਪਿਆ। ਇਹ ਧਿਆਨ ਦੇਣ ਯੋਗ ਹੈ ਕਿ ਇਸ ਤੋਂ ਪਹਿਲਾਂ ਵੀ, ਕਾਂਗਰਸ ਵਰਕਰਾਂ ਨੇ ਕੁੱਲੂ ਜ਼ਿਲ੍ਹੇ ਦੀ ਯਾਤਰਾ ਦੌਰਾਨ ਕੰਗਨਾ ਰਣੌਤ ਵਿਰੁੱਧ ਵਿਰੋਧ ਪ੍ਰਦਰਸ਼ਨ ਕੀਤਾ ਸੀ,'ਵਾਪਸ ਜਾਓ'ਦੇ ਨਾਅਰੇ ਲਗਾਏ ਸਨ।

ਵਾਈ.ਐਨ.ਸੀ. ਪ੍ਰਧਾਨ ਨਿਖਿਲ ਠਾਕੁਰ ਨੇ ਦੋਸ਼ ਲਗਾਇਆ ਕਿ ਕੰਗਨਾ ਰਣੌਤ ਨੇ ਚੋਣ ਜਿੱਤਣ ਤੋਂ ਬਾਅਦ ਜਨਤਾ ਦੀਆਂ ਉਮੀਦਾਂ ਨੂੰ ਤੋੜ ਦਿੱਤਾ ਹੈ। ਕੋਈ ਠੋਸ ਵਿਕਾਸ ਪਹਿਲਕਦਮੀਆਂ ਨਹੀਂ ਕੀਤੀਆਂ ਗਈਆਂ ਅਤੇ ਇਸ ਦੀ ਬਜਾਏ, ਉਨ੍ਹਾਂ ਦੇ ਵਿਵਾਦਪੂਰਨ ਬਿਆਨਾਂ ਨੇ ਰਾਜ ਅਤੇ ਦੇਸ਼ ਵਿੱਚ ਮਾਹੌਲ ਖਰਾਬ ਕਰ ਦਿੱਤਾ ਹੈ। ਉਨ੍ਹਾਂ ਕੇਂਦਰ ਸਰਕਾਰ 'ਤੇ ਵੀ ਹਮਲਾ ਕਰਦਿਆਂ ਪੁੱਛਿਆ,'ਅੱਜ ਭਾਜਪਾ ਬੱਚਤ ਤਿਉਹਾਰ ਮਨਾ ਰਹੀ ਹੈ, ਪਰ ਕੀ ਉਹ ਇਸ ਤੋਂ ਪਹਿਲਾਂ ਲੁੱਟ ਦਾ ਤਿਉਹਾਰ ਮਨਾ ਰਹੇ ਸਨ? ਜੀ.ਐਸ.ਟੀ. ਦੇ ਨਾਮ 'ਤੇ ਦੁਕਾਨਦਾਰਾਂ ਨੂੰ ਲੁੱਟਿਆ ਗਿਆ ਅਤੇ ਦੇਸ਼ ਦੀ ਮੁਦਰਾ ਬਰਬਾਦ ਹੋ ਗਈ।' ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਅਤੇ ਰਾਹੁਲ ਗਾਂਧੀ ਪਹਿਲਾਂ ਹੀ ਜੀ.ਐਸ.ਟੀ. ਦਰਾਂ ਦੀ ਆਲੋਚਨਾ ਕਰ ਚੁੱਕੇ ਹਨ, ਪਰ ਭਾਜਪਾ ਸਰਕਾਰ ਸਮੇਂ ਸਿਰ ਇਨ੍ਹਾਂ ਸੁਝਾਵਾਂ 'ਤੇ ਧਿਆਨ ਦੇਣ ਵਿੱਚ ਅਸਫਲ ਰਹੀ।

*ਮੋਦੀ ਨੇ ਦੇਸ਼ ਵਾਸੀਆਂ ਨੂੰ ਲਿਖੀ ਖੁੱਲ੍ਹੀ ਚਿੱਠੀ*

# 'ਮੇਡ ਇਨ ਇੰਡੀਆ' ਉਤਪਾਦ ਹੀ ਵੇਚੋ', ਦੁਕਾਨਦਾਰਾਂ ਨੂੰ ਅਪੀਲ

ਨਵੀਂ ਦਿੱਲੀ, 22 ਸਤੰਬਰ (ਚ.ਨ.ਸ.) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੀ.ਐਸ.ਟੀ.ਬੱਚਤ ਉਤਸਵ 'ਤੇ ਦੇਸ਼ ਵਾਸੀਆਂ ਨੂੰ ਇੱਕ ਖੁੱਲ੍ਹੀ ਚਿੱਠੀ ਲਿਖੀ ਹੈ। ਆਪਣੇ ਚਿੱਠੀ ਵਿਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਇਸ ਸਾਲ, ਸਾਨੂੰ ਤਿਉਹਾਰਾਂ ਦੌਰਾਨ ਇੱਕ ਹੋਰ ਤੋਹਫ਼ਾ ਮਿਲ ਰਿਹਾ ਹੈ। 22 ਸਤੰਬਰ ਨੂੰ ਅਗਲੀ ਪੀੜ੍ਹੀ ਦੇ ਜੀ.ਐਸ.ਟੀ. ਸੁਧਾਰਾਂ ਦੇ ਲਾਗੂ ਹੋਣ ਨਾਲ ਦੇਸ਼ ਭਰ ਵਿੱਚ ਜੀ.ਐਸ.ਟੀ. ਬੱਚਤ ਉਤਸਵ ਸ਼ੁਰੂ ਹੋ ਗਿਆ ਹੈ। ਇਨ੍ਹਾਂ ਸੁਧਾਰਾਂ ਨਾਲ ਕਿਸਾਨਾਂ, ਔਰਤਾਂ, ਨੌਜਵਾਨਾਂ, ਗਰੀਬਾਂ, ਮੱਧ ਵਰਗ, ਵਪਾਰੀਆਂ, ਛੋਟੇ ਉਦਯੋਗਾਂ ਅਤੇ ਕੁਟੀਰ ਉਦਯੋਗਾਂ ਸਮੇਤ ਸਾਰਿਆਂ ਨੂੰ ਲਾਭ ਹੋਵੇਗਾ।

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, ਨਵੇਂ ਜੀ.ਐਸ.ਟੀ. ਸੁਧਾਰਾਂ ਦੀ ਖਾਸੀਅਤ ਇਹ ਹੈ ਕਿ ਹੁਣ ਸਿਰਫ਼ ਦੋ ਮੁੱਖ ਦਰਾਂ ਹੋਣਗੀਆਂ। ਰੋਜ਼ਾਨਾ ਜ਼ਰੂਰੀ ਚੀਜ਼ਾਂ ਜਿਵੇਂਕਿ ਭੋਜਨ, ਦਵਾਈਆਂ, ਸਾਬਣ, ਟੁੱਥਪੇਸਟ ਅਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਹੁਣ ਜ਼ੀਰੋ ਟੈਕਸ 'ਤੇ ਉਪਲਬਧ ਹੋਣਗੀਆਂ, ਯਾਨੀ ਕਿ 5 ਫੀਸਦੀ ਦੀ ਦਰ ਨਾਲ। ਹੋਰ ਵਸਤੂਆਂ 'ਤੇ ਟੈਕਸ



ਦਰਾਂ ਵੀ ਘਟਾ ਦਿੱਤੀਆਂ ਗਈਆਂ ਹਨ। ਘਰ ਅਤੇ ਪਰਿਵਾਰ ਨਾਲ ਸਬੰਧਤ ਜ਼ਿਆਦਾਤਰ ਵਸਤੂਆਂ ਅਤੇ ਸੇਵਾਵਾਂ ਹੁਣ 5 ਫੀਸਦੀ ਟੈਕਸ ਦਰ ਨਾਲ ਉਪਲਬਧ ਹੋਣਗੀਆਂ। ਇਸ ਦਾ ਮਤਲਬ ਹੈ ਕਿ ਬੀਮੇ ਤੋਂ ਲੈ ਕੇ ਘਰੇਲੂ ਵਸਤੂਆਂ ਤੱਕ ਹਰ ਚੀਜ਼ ਸਸਤੀ ਹੋ ਗਈ ਹੈ। ਇਸ ਨਾਲ ਭਵਿੱਖ ਵਿੱਚ ਚੀਜ਼ਾਂ ਆਸਾਨ ਹੋ ਜਾਣਗੀਆਂ।ਜੀ.ਐਸ.ਟੀ. ਨੂੰ ਛੱਡ ਕੇ ਹੁਣ ਨਵੀਆਂ ਬੀਮਾ ਯੋਜਨਾਵਾਂ ਪੇਸ਼ ਕੀਤੀਆਂ ਜਾਣਗੀਆਂ।

ਉਨ੍ਹਾਂ ਲਿਖਿਆ ਕਿ ਮੈਨੂੰ ਇਹ ਦੇਖ ਕੇ ਖੁਸ਼ੀ ਹੋਈ ਕਿ ਬਹੁਤ ਸਾਰੇ ਦੁਕਾਨਦਾਰਾਂ ਅਤੇ ਕਾਰੋਬਾਰਾਂ ਨੇ 'ਪਹਿਲਾਂ ਅਤੇ ਹੁਣ' ਦੇ ਬੋਰਡ ਲਗਾਏ ਹਨ, ਜੋ ਲੋਕਾਂ ਨੂੰ ਦਰਸਾਉਂਦੇ ਹਨ ਕਿ ਕੁਝ ਚੀਜ਼ਾਂ ਕਿੰਨੀਆਂ ਸਸਤੀਆਂ ਹੋ ਗਈਆਂ ਹਨ। ਸਾਡੀ ਜੀ.ਐਸ.ਟੀ. ਯਾਤਰਾ 2017 ਵਿੱਚ ਸ਼ੁਰੂ ਹੋਈ ਸੀ। ਉਸ ਸਮੇਂ ਸਰਕਾਰ ਨੇ ਬਹੁਤ ਸਾਰੀਆਂ ਚੀਜ਼ਾਂ 'ਤੇ ਟੈਕਸ ਖਤਮ ਕਰਕੇ ਕਾਰੋਬਾਰਾਂ ਨੂੰ ਮਹੱਤਵਪੂਰਨ ਰਾਹਤ ਪ੍ਰਦਾਨ ਕੀਤੀ ਸੀ। ਹੁਣ, ਇਹ ਅਗਲੀ ਪੀੜ੍ਹੀ ਦੇ ਜੀ.ਐਸ.ਟੀ. ਸੁਧਾਰ ਸਾਨੂੰ ਹੋਰ ਵੀ ਅੱਗੇ ਲੈ ਜਾ ਰਹੇ ਹਨ। ਪ੍ਰਣਾਲੀ ਨੂੰ ਹੋਰ ਸੌਖਾ ਬਣਾਇਆ ਗਿਆ ਹੈ। ਇਹ ਸਾਡੇ ਦੁਕਾਨਦਾਰਾਂ ਅਤੇ ਛੋਟੇ ਉਦਯੋਗਾਂ ਨੂੰ ਹੋਰ ਸਹੂਲਤ ਦੇਵੇਗਾ।

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਨਾਗਰਿਕ ਦੇਵੋ ਭਵ (ਨਾਗਰਿਕ ਦੇਵੋਂ ਭਵ) ਸਾਡਾ ਮੰਤਰ ਹੈ। ਪਿਛਲੇ 11 ਸਾਲਾਂ ਵਿੱਚ ਸਾਡੇ ਯਤਨਾਂ ਕਾਰਨ, 250 ਮਿਲੀਅਨ ਲੋਕ ਗਰੀਬੀ ਤੋਂ ਬਾਹਰ ਆਏ ਹਨ। ਦੇਸ਼ ਵਿੱਚ ਇੱਕ ਵੱਡਾ ਮੱਧ ਵਰਗ ਉਭਰਿਆ ਹੈ। ਹੁਣ, ਇਸ ਨੂੰ ਹੋਰ ਸ਼ਸ਼ਕਤ ਬਣਾਉਣ ਦਾ ਸਾਡਾ ਸੰਕਲਪ ਹੈ। ਸਾਡੇ ਮੱਧ ਵਰਗ ਦੀ ਮਿਹਨਤ ਨੂੰ ਮਜ਼ਬੂਤ ਕਰਨ ਲਈ 12 ਲੱਖ ਕਰੋੜ ਰੁਪਏ ਤੋਂ ਵੱਧ ਦੀਆਂ ਆਮਦਨ ਟੈਕਸ ਛੋਟਾਂ ਦਿੱਤੀਆਂ ਗਈਆਂ ਹਨ। ਹੁਣ ਮੱਧ ਵਰਗ ਨੂੰ ਵੀ ਜੀਐਸਟੀ ਸੁਧਾਰਾਂ ਦਾ ਸਿੱਧਾ ਫਾਇਦਾ ਹੋ ਰਿਹਾ ਹੈ। ਨਵੇਂ ਜੀਐਸਟੀ ਸੁਧਾਰਾਂ ਨੂੰ ਲਾਗੂ ਕਰਨ ਨਾਲ ਦੇਸ਼ਵਾਸੀਆਂ ਨੂੰ ਲਗਭਗ 2.5 ਲੱਖ ਕਰੋੜ ਰੁਪਏ ਸਾਲਾਨਾ ਬੱਚਤ ਹੋਵੇਗੀ।

ਉਨ੍ਹਾਂ ਲਿਖਿਆ ਕਿ 2047 ਤੱਕ ਭਾਰਤ ਨੂੰ ਇੱਕ ਵਿਕਸਿਤ ਦੇਸ਼ ਬਣਾਉਣ ਦੇ ਸਾਡੇ ਸੰਕਲਪ ਨੂੰ ਪੂਰਾ ਕਰਨ ਲਈ ਸਵੈ-ਨਿਰਭਰਤਾ ਦਾ ਰਸਤਾ ਬਹੁਤ ਮਹੱਤਵਪੂਰਨ ਹੈ। ਨਵੇਂ ਜੀ.ਐਸ.ਟੀ. ਸੁਧਾਰ ਜੋ ਹੁਣੇ ਲਾਗੂ ਕੀਤੇ ਗਏ ਹਨ, ਆਤਮ-ਨਿਰਭਰ ਭਾਰਤ ਮੁਹਿੰਮ ਨੂੰ ਵੀ ਤੇਜ਼ ਕਰਨਗੇ। ਸਵੈ-ਨਿਰਭਰਤਾ ਲਈ ਜ਼ਰੂਰੀ ਹੈ ਕਿ ਅਸੀਂ ਸਵਦੇਸ਼ੀ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਈਏ। ਜਦੋਂ ਵੀ ਤੁਸੀਂ ਸਾਡੇ ਦੇਸ਼ ਦੇ ਕਾਰੀਗਰਾਂ, ਕਾਮਿਆਂ ਅਤੇ ਉਦਯੋਗਾਂ ਦੁਆਰਾ ਬਣਾਈਆਂ ਗਈਆਂ ਚੀਜ਼ਾਂ ਖਰੀਦਦੇ ਹੋ, ਤਾਂ ਤੁਸੀਂ ਬਹੁਤ ਸਾਰੇ ਪਰਿਵਾਰਾਂ ਦੀ ਰੋਜ਼ੀ-ਰੋਟੀ ਦਾ ਸਮਰਥਨ ਕਰਦੇ ਹੋ ਅਤੇ ਦੇਸ਼ ਦੇ ਨੌਜਵਾਨਾਂ ਲਈ ਰੁਜ਼ਗਾਰ ਪੈਦਾ ਕਰਦੇ ਹੋ।

ਪ੍ਰਧਾਨ ਮੰਤਰੀ ਮੋਦੀ ਨੇ ਲੋਕਾਂ ਨੂੰ ਅਪੀਲ ਕਰਦੇ ਹੋਏ ਲਿਖਿਆ, ਮੈਂ ਆਪਣੇ ਦੁਕਾਨਦਾਰਾਂ ਅਤੇ ਵਪਾਰੀਆਂ ਨੂੰ ਵੀ ਅਪੀਲ ਕਰਦਾ ਹਾਂ ਕਿ ਉਹ ਸਿਰਫ਼ ਸਵਦੇਸ਼ੀ ਸਾਮਾਨ ਵੇਚਣ। ਆਓ ਮਾਣ ਨਾਲ ਕਹੀਏ, 'ਇਹ ਸਵਦੇਸ਼ੀ ਹੈ।' ਤੁਹਾਡੀ ਘਰੇਲੂ ਬੱਚਤ ਵਧੇ, ਤੁਹਾਡੇ ਸੁਪਨੇ ਸਾਕਾਰ ਹੋਣ, ਤੁਸੀਂ ਆਪਣੀਆਂ ਚੀਜ਼ਾਂ ਦੀ ਪਸੰਦ ਅਤੇ ਤਿਉਹਾਰਾਂ ਦੀ ਖੁਸ਼ੀ ਵਧਾਓਇਹੀ ਮੇਰੀ ਕਾਮਨਾ ਹੈ। ਇੱਕ ਵਾਰ ਫਿਰ, ਮੈਂ ਤੁਹਾਨੂੰ ਨਵਰਾਤਰੀ ਅਤੇ 'ਜੀਐਸਟੀ ਬਚਤ ਤਿਉਹਾਰ' ਦੀ ਸ਼ੁਭਕਾਮਨਾਵਾਂ ਦਿੰਦਾ ਹਾਂ।

# ਪਹਿਲੇ ਸਫ਼ੇ ਦੀ ਬਾਕੀ

## ਹਰ ਪਰਿਵਾਰ ਨੂੰ ਮਿਲੇਗਾ 10 ਲੱਖ ਤੱਕ ਦਾ ਮੁਫ਼ਤ

ਸਰਕਾਰੀ ਕਰਮਚਾਰੀ, ਆਸਾ ਵਰਕਰਾਂ ਅਤੇ ਆਂਗਣਵਾੜੀ ਵਰਕਰਾਂ ਨੂੰ ਵੀ ਇਸ ਯੋਜਨਾ ਵਿੱਚ ਸਾਮਲ ਕੀਤਾ ਜਾਵੇਗਾ।ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹਰ ਪਰਿਵਾਰ ਨੂੰ 10 ਲੱਖ ਰੁਪਏ ਦਾ ਸਿਹਤ ਬੀਮਾ ਮਿਲੇਗਾ, ਪਰਿਵਾਰ ਦੇ ਮੈਂਬਰਾਂ ਦੀ ਗਿਣਤੀ 'ਤੇ ਕੋਈ ਸੀਮਾ ਨਹੀਂ ਹੋਵੇਗੀ, ਹਰ ਨਾਗਰਿਕ ਨੂੰ ਮੁੱਖ ਮੰਤਰੀ ਸਿਹਤ ਕਾਰਡ ਮਿਲੇਗਾ, ਨਗਦੀ ਰਹਿਤ ਇਲਾਜ ਨੂੰ ਯਕੀਨੀ ਬਣਾਉਣ ਲਈ ਇਲਾਜ ਸਾਰੇ ਸਰਕਾਰੀ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਉਪਲਬਧ ਹੋਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਯੋਜਨਾ ਹੇਠ 2,000 ਤੋਂ ਵੱਧ ਸਿਹਤ ਪ੍ਰਕਿਰਿਆਵਾਂ ਅਤੇ ਸਰਜਰੀਆਂ ਸਾਮਲ ਕੀਤੀਆਂ ਜਾਣਗੀਆਂ ਅਤੇ ਪੰਜਾਬ, ਦੇਸ ਦਾ ਪਹਿਲਾ ਸੂਬਾ ਹੈ ਜੋ 10 ਲੱਖ ਰੁਪਏ ਤੱਕ ਦੀਆਂ ਸਿਹਤ ਸੇਵਾਵਾਂ ਪ੍ਰਦਾਨ ਕਰੇਗਾ। ਉਨ੍ਹਾਂ ਨੇ ਉਮੀਦ ਜ਼ਾਹਰ ਕੀਤੀ ਕਿ ਪੰਜਾਬ ਦੀ ਇਹ ਇਤਿਹਾਸਕ ਪਹਿਲਕਦਮੀ ਸੂਬੇ ਦੇ ਸਾਰੇ ਵਸਨੀਕਾਂ ਨੂੰ ਮੁਫਤ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਪੂਰੇ ਦੇਸ ਲਈ ਮਿਸਾਲ ਕਾਇਮ ਕਰੇਗੀ।ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮੁਫਤ ਬਿਜਲੀ ਵਾਂਗ ਇਹ ਸਹੂਲਤ ਵੀ ਸੂਬੇ ਦੇ ਸਾਰੇ ਵਸਨੀਕਾਂ ਨੂੰ ਉਪਲਬਧ ਹੋਵੇਗੀ ਅਤੇ ਲੋਕਾਂ ਨਾਲ ਚੰਗੀ ਸਿਹਤ ਸੰਭਾਲ ਦਾ ਕੀਤਾ ਗਿਆ ਵਾਅਦਾ ਅੱਜ ਪੂਰਾ ਹੋ ਰਿਹਾ ਹੈ।

ਇੱਕ ਹੋਰ ਮੁੱਦੇ 'ਤੇ ਚਰਚਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਪਿਛਲੇ ਤਿੰਨ ਸਾਲਾਂ ਵਿੱਚ 881 ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ ਅਤੇ ਇਨ੍ਹਾਂ ਕਲੀਨਿਕਾਂ ਦੀ ਗਿਣਤੀ ਛੇਤੀ ਹੀ 1,000 ਨੂੰ ਪਾਰ ਕਰ ਜਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰੀ ਹਸਪਤਾਲਾਂ ਵਿੱਚ ਦਵਾਈਆਂ ਦੀ ਉਪਲਬਧਤਾ 30 ਫੀਸਦੀ ਤੋਂ ਵਧ ਕੇ ਲਗਭਗ 100 ਫੀਸਦੀ ਹੋ ਗਈ ਹੈ ਅਤੇ ਮੁੱਢਲੀਆਂ ਸਰਕਾਰੀ ਸਿਹਤ ਸੇਵਾਵਾਂ ਤੋਂ ਲਾਭ ਉਠਾਉਣ ਵਾਲੇ ਲੋਕਾਂ ਦੀ ਗਿਣਤੀ 34 ਲੱਖ ਤੋਂ ਵਧ ਕੇ 1.08 ਕਰੋੜ ਹੋ ਗਈ ਹੈ।ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਬਹੁਤ ਮਾਣ ਅਤੇ ਸੰਤੁਸਟੀ ਵਾਲੀ ਗੱਲ ਹੈ ਕਿ ਪੰਜਾਬ, ਦੇਸ ਦਾ ਪਹਿਲਾ ਸੂਬਾ ਹੋਵੇਗਾ ਜੋ 10 ਲੱਖ ਰੁਪਏ ਤੱਕ ਦਾ ਮੁਫ਼ਤ ਸਿਹਤ ਬੀਮਾ ਪ੍ਰਦਾਨ ਕਰੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਸੁਰੂ ਕੀਤੀ ਗਈ ਇਸ ਯੋਜਨਾ ਦੇ ਬੁਰੀ ਤਰ੍ਹਾਂ ਅਸਫਲ ਹੋਣ ਤੋਂ ਬਾਅਦ ਇਸ ਨੂੰ ਹਰ ਵਾਰ ਬੋਲਾਂ 'ਤੇ ਖਰਾ ਨਾ ਉਤਰਨ ਦੀ ਆਦਤ ਪੈ ਚੁੱਕੀ ਹੈ।ਇੱਕ ਮਿਸਾਲ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਜੀ.ਐਸ.ਟੀ. ਨੂੰ ਬੜੇ ਜ਼ੋਰ-ਸ਼ੋਰ ਨਾਲ ਲਿਆਂਦਾ ਗਿਆ ਸੀ ਪਰ ਹੁਣ ਉਸੇ ਰਫਤਾਰ ਨਾਲ ਵਾਪਸ ਕਿਉਂ ਲਿਆ ਗਿਆ ਹੈ।ਉਨ੍ਹਾਂ ਕਿਹਾ ਕਿ ਜੇਕਰ ਉਸ ਸਮੇਂ ਜੀ.ਐਸ.ਟੀ. ਏਨਾ ਚੰਗਾ ਸੀ ਤਾਂ ਹੁਣ ਇਸ ਨੂੰ ਵਾਪਸ ਕਿਉਂ ਲਿਆ ਗਿਆ ਹੈ।ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜੀ.ਐਸ.ਟੀ. 'ਤੇ ਕੋਈ ਵੀ ਕਾਰਵਾਈ ਕਰਨ ਤੋਂ ਪਹਿਲਾਂ ਕੇਂਦਰ ਨੂੰ ਸੂਬਿਆਂ ਦਾ ਜਾਇਜ ਹਿੱਸਾ, ਜੋ ਉਨ੍ਹਾਂ ਕੋਲ ਲੰਬਿਤ ਸੀ, ਵਾਪਸ ਦੇਣਾ ਚਾਹੀਦਾ ਹੈ।

ਭਾਜਪਾ ਆਗੂਆਂ ਨੂੰ ਹੜ੍ਹਾਂ ਦੇ ਮੁੱਦੇ 'ਤੇ ਸਿਆਸਤ ਕਰਨ ਤੋਂ ਗੁਰੇਜ ਕਰਨ ਦੀ ਅਪੀਲ ਕਰਦਿਆਂ ਮੁੱਖ ਮੰਤਰੀ ਨੇ ਸੂਬੇ ਦੇ ਭਾਜਪਾ ਮੁਖੀ ਸੁਨੀਲ ਜਾਖੜ ਨੂੰ ਕੋਈ ਵੀ ਬਿਆਨ ਜਾਰੀ ਕਰਨ ਤੋਂ ਪਹਿਲਾਂ ਆਪਣਾ ਹੋਮਵਰਕ ਕਰਨ ਦੀ ਚੁਣੌਤੀ ਦਿੱਤੀ।ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਵੱਲੋਂ ਨਕਾਰੇ ਹੋਏ ਆਗੂ ਆਪਣੇ ਰਾਜਨੀਤਿਕ ਆਕਾਵਾਂ ਨੂੰ ਖ਼ੁਸ਼ ਕਰਨ ਲਈ ਉਨ੍ਹਾਂ ਵਿਰੁੱਧ ਜ਼ਹਿਰ ਉਗਲਦੇ ਹਨ।ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਵੱਲੋਂ ਹਾਈਕਮਾਨ ਦੇ ਇਸ਼ਾਰਿਆਂ 'ਤੇ ਇਹ ਬਿਆਨ ਜਾਰੀ ਕੀਤੇ ਗਏ ਹਨ। ਹਾਲਾਂਕਿ, ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੂੰ ਸੰਵੇਦਨਸ਼ੀਲ ਮੁੱਦਿਆਂ 'ਤੇ ਕੋਈ ਵੀ ਬਿਆਨ ਜਾਰੀ ਕਰਨ ਤੋਂ ਪਹਿਲਾਂ ਆਪਣੇ ਤੱਥਾਂ ਦੀ ਜਾਂਚ ਕਰਨੀ ਚਾਹੀਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਸੰਗਰੂਰ ਵਿਖੇ ਇਕ ਮੈਡੀਕਲ ਕਾਲਜ ਬਣਾਇਆ ਜਾਵੇਗਾ ਜਿਸ ਲਈ ਸੂਬਾ ਸਰਕਾਰ ਕੁਝ ਹੋਰ ਜ਼ਮੀਨ ਦੀ ਸਨਾਖਤ ਕਰੇਗੀ। ਕਾਲਜ ਦੀ ਉਸਾਰੀ ਲਈ ਜ਼ਮੀਨ ਦੇਣ ਤੋਂ ਇਨਕਾਰ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਆਲੋਚਨਾ ਕਰਦਿਆਂ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਿਰਫ ਬਾਦਲ ਪਰਿਵਾਰ ਦੇ ਹੱਥਾਂ ਦੀ ਕਠਪੁਤਲੀ ਹੈ ਅਤੇ ਇਸ ਦੇ ਸਾਰੇ ਕੰਮ ਉਨ੍ਹਾਂ ਦੁਆਰਾ ਤੈਅ ਕੀਤੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜੇਕਰ ਬਾਦਲ ਪਰਿਵਾਰ ਕਾਲਜ ਬਣਾਉਣਾ ਚਾਹੁੰਦਾ ਹੁੰਦਾ ਤਾਂ ਸ਼੍ਰੋਮਣੀ ਕਮੇਟੀ ਜ਼ਰੂਰ ਜ਼ਮੀਨ ਦਿੰਦੀ।

ਮੁੱਖ ਮੰਤਰੀ ਨੇ ਦੁਹਰਾਇਆ ਕਿ ਸੂਬੇ ਵਿੱਚ ਕੋਈ ਵੀ ਰਾਸ਼ਨ ਕਾਰਡ ਨਹੀਂ ਕੱਟਿਆ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਹਾਲ ਹੀ ਵਿੱਚ ਆਏ ਹੜ੍ਹਾਂ ਦੇ ਮੱਦੇਨਜ਼ਰ ਇਨ੍ਹਾਂ ਕਾਰਡਾਂ ਦੀ ਤਸਦੀਕ ਕਰਨ ਲਈ ਕੇਂਦਰ ਸਰਕਾਰ ਤੋਂ ਛੇ ਮਹੀਨਿਆਂ ਦਾ ਸਮਾਂ ਮੰਗਿਆ ਹੈ। ਉਨ੍ਹਾਂ ਨੇ ਰਾਸ਼ਨ ਕਾਰਡ ਕੱਟਣ ਲਈ ਵਰਤੇ ਜਾ ਰਹੇ ਤਰਕ ਦੀ ਆਲੋਚਨਾ ਕੀਤੀ ਜਿਸ ਵਿੱਚ ਚਾਰ ਪਹੀਆ ਵਾਹਨਾਂ ਦੀ ਮਾਲਕੀ, ਸਰਕਾਰੀ ਨੌਕਰੀਆਂ, ਛੋਟੀਆਂ ਜ਼ਮੀਨਾਂ ਅਤੇ ਆਮਦਨ ਸਾਮਲ ਹੈ। ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਜਦੋਂ ਇਨ੍ਹਾਂ ਮਾਪਦੰਡਾਂ ਨੂੰ ਸਿਰਫ ਇਕ ਮੈਂਬਰ ਹੀ ਪੂਰਾ ਕਰ ਸਕਦਾ ਹੈ ਤਾਂ ਪੂਰੇ ਪਰਿਵਾਰਾਂ ਨੂੰ ਸਜ਼ਾ ਦੇਣ ਦੀ ਗੱਲ ਬੇਤੁਕੀ ਹੈ।

## ਸੋਨੇ ਦੀ ਕੀਮਤ ਹੁਣ ਤੱਕ ਦੇ ਸਭ ਤੋਂ ਉੱਚੇ ਪੱਧਰ 'ਤੇ ਪੁੱਜੀ

ਧਾਤਾਂ ਦੀਆਂ ਕੀਮਤਾਂ ਵਿੱਚ ?37,250 ਪ੍ਰਤੀ 10 ਗ੍ਰਾਮ ਜਾਂ 47.18% ਦਾ ਵਾਧਾ ਹੋਇਆ ਹੈ, ਜੋ 31 ਦਸੰਬਰ 2024 ਨੂੰ 78,950 ਪ੍ਰਤੀ 10 ਗ੍ਰਾਮ ਤੋਂ ਵੱਧ ਕੇ ਇਸ ਪੱਧਰ 'ਤੇ ਪਹੁੰਚਿਆ ਹੈ।

ਇਸ ਦੌਰਾਨ, ਚਾਂਦੀ ਦੀਆਂ ਕੀਮਤਾਂ ਸੋਮਵਾਰ ਨੂੰ 4,380 ਦੇ ਵਾਧੇ ਨਾਲ 1,36,380 ਪ੍ਰਤੀ ਕਿਲੋਗ੍ਰਾਮ (ਸਾਰੇ ਟੈਕਸਾਂ ਸਮੇਤ) ਦੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਈਆਂ। ਐਸੋਸੀਏਸ਼ਨ ਅਨੁਸਾਰ ਸਫੈਦ ਧਾਤੂ ਸ਼ੁੱਕਰਵਾਰ ਨੂੰ 1,32,000 ਪ੍ਰਤੀ ਕਿਲੋਗ੍ਰਾਮ 'ਤੇ ਬੰਦ ਹੋਈ ਸੀ। ਇਸ ਸਾਲ ਹੁਣ ਤੱਕ ਚਾਂਦੀ ਦੀਆਂ ਕੀਮਤਾਂ ਵਿੱਚ 46,680 ਪ੍ਰਤੀ ਕਿਲੋਗ੍ਰਾਮ ਜਾਂ 52.04% ਦਾ ਵਾਧਾ ਹੋਇਆ ਹੈ, ਜੋ 31 ਦਸੰਬਰ 2024 ਨੂੰ 89,700 ਪ੍ਰਤੀ ਕਿਲੋਗ੍ਰਾਮ ਤੋਂ ਵਧੀਆਂ ਹਨ।

## ਔਖੇ ਵਿਕਾਸ ਕਾਰਜ ਨੂੰ ਛੱਡ ਦੇਣਾ

ਕਾਂਗਰਸ ਉਨ੍ਹਾਂ ਖੇਤਰਾਂ ਨੂੰ ਪਛੜਿਆ ਐਲਾਨ ਕੇ ਭੁੱਲ ਗਈ ਜਿੱਥੇ ਵਿਕਾਸ ਦਾ ਕੰਮ ਚੁਣੌਤੀਪੂਰਨ ਸੀ।"

ਪ੍ਰਧਾਨ ਮੰਤਰੀ ਨੇ ਕਿਹਾ ਕਿ ਨਵਰਾਤਰਿਆਂ ਦੇ ਪਹਿਲੇ ਦਿਨ ਜੀਐਸਟੀ ਸੁਧਾਰਾਂ ਦੀ ਸ਼ੁਰੂਆਤ ਨਾਲ ਲੋਕਾਂ ਨੂੰ ਇਸ ਤਿਉਹਾਰਾਂ ਦੇ ਸੀਜ਼ਨ ਵਿੱਚ ਦੋਹਰੀ ਖੁਸ਼ੀ ਮਿਲੇਗੀ।

ਉਨ੍ਹਾਂ ਕਿਹਾ, "ਅੱਜ, ਜੀਐਸਟੀ ਸੁਧਾਰਾਂ ਨੂੰ ਪੂਰੇ ਦੇਸ਼ ਵਿੱਚ ਲਾਗੂ ਕੀਤਾ ਗਿਆ ਹੈ ਅਤੇ ਜੀਐਸਟੀ 'ਬਚਤ ਉਤਸਵ' ਸ਼ੁਰੂ ਹੋ ਗਿਆ ਹੈ। ਤਿਉਹਾਰਾਂ ਦੇ ਸੀਜ਼ਨ ਦੌਰਾਨ, ਲੋਕਾਂ ਨੂੰ ਇੱਕ ਡਬਲ ਬੋਨਾਂਜ਼ਾ ਮਿਲਿਆ ਹੈ।" ਉਨ੍ਹਾਂ ਕਿਹਾ ਕਿ ਜੀਐਸਟੀ ਸੁਧਾਰਾਂ ਨਾਲ ਰਸੋਈ ਦਾ ਬਜਟ ਘਟੇਗਾ, ਜਿਸ ਨਾਲ ਘਰੇਲੂ ਔਰਤਾਂ ਨੂੰ ਰਾਹਤ ਮਿਲੇਗੀ।"

## ਵਿਕਸਤ ਅਤੇ ਸਵੈ-ਨਿਰਭਰ ਭਾਰਤ ਲਈ ਸਮੂਹਿਕ ਯਤਨਾਂ

ਲਾਗੂ ਹੋਣਗੀਆਂ। ਪ੍ਰਧਾਨ ਮੰਤਰੀ ਨੇ ਐਤਵਾਰ ਨੂੰ ਰਾਸ਼ਟਰ ਦੇ ਨਾਂ ਆਪਣੇ ਸੰਬੋਧਨ ਵਿਚ ਇਸ ਦੀ ਤੁਲਨਾ ਬੱਚਤ ਤਿਉਹਾਰ ਨਾਲ ਕੀਤੀ ਸੀ। ਲੋਕਾਂ ਨੂੰ ਸਵਦੇਸ਼ੀ ਉਤਪਾਦ ਖਰੀਦਣ ਦੀ ਅਪੀਲ ਕਰਦੇ ਹੋਏ ਉਨ੍ਹਾਂ ਕਿਹਾ ਸੀ ਕਿ 'ਸਵਦੇਸ਼ੀ' ਦੇਸ਼ ਦੀ ਖੁਸ਼ਹਾਲੀ ਨੂੰ ਉਸੇ ਤਰ੍ਹਾਂ ਤਾਕਤ ਦੇਵੇਗੀ ਜਿਵੇਂ ਇਸ ਨੇ ਭਾਰਤ ਦੇ ਆਜ਼ਾਦੀ ਅੰਦੋਲਨ ਨੂੰ ਸ਼ਕਤੀ ਦਿੱਤੀ ਸੀ। ਉਨ੍ਹਾਂ ਕਿਹਾ ਸੀ, "ਸਾਨੂੰ ਹਰ ਘਰ ਨੂੰ ਸਵਦੇਸ਼ੀ ਦਾ ਪ੍ਰਤੀਕ ਬਣਾਉਣਾ ਹੋਵੇਗਾ। ਸਾਨੂੰ ਹਰ ਦੁਕਾਨ ਨੂੰ ਸਵਦੇਸ਼ੀ (ਮਾਲ) ਨਾਲ ਸਜਾਉਣਾ ਹੋਵੇਗਾ।"

ਇਸ ਦੌਰਾਨ ਉਪ ਰਾਸ਼ਟਰਪਤੀ ਸੀਪੀ ਰਾਧਾਕ੍ਰਿਸ਼ਨਨ ਨੇ ਸੋਮਵਾਰ ਨੂੰ ਲੋਕਾਂ ਨੂੰ ਨਰਾਤਿਆਂ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਪ੍ਰਾਰਥਨਾ ਕੀਤੀ ਕਿ ਦੇਵੀ ਦੁਰਗਾ ਸਾਰਿਆਂ ਨੂੰ ਤਾਕਤ, ਸਦਭਾਵਨਾ ਅਤੇ ਬੁੱਧੀ ਵੱਲ ਸੇਧਿਤ ਕਰੇ। ਨੌਂ ਦਿਨਾਂ ਦਾ ਇਹ ਤਿਉਹਾਰ ਸੋਮਵਾਰ ਨੂੰ ਸ਼ੁਰੂ ਹੋਇਆ। ਰਾਧਾਕ੍ਰਿਸ਼ਨਨ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ, "ਨਰਾਤਿਆਂ ਦੇ ਸ਼ੁਭ ਮੌਕੇ 'ਤੇ ਨਿੱਘੀਆਂ ਸ਼ੁਭਕਾਮਨਾਵਾਂ! ਮਾਂ ਦੁਰਗਾ ਸਾਨੂੰ ਤਾਕਤ, ਬੁੱਧੀ ਅਤੇ ਸਦਭਾਵਨਾ ਵੱਲ ਸੇਧਿਤ ਕਰੇ, ਅਤੇ ਹਰ ਘਰ ਨੂੰ ਖ਼ੁਸ਼ੀ ਅਤੇ ਤੰਦਰੁਸਤੀ ਨਾਲ ਭਰ ਦੇਵੇ।"

## ਏ.ਏ.ਆਈ.ਬੀ. ਦੀ ਮੁੱਢਲੀ ਰਿਪੋਰਟ

ਉਹ ਹਾਦਸੇ ਦੀ ਸੁਤੰਤਰ, ਨਿਰਪੱਖ ਤੇ ਛੇਤੀ ਜਾਂਚ ਦੇ ਸੀਮਤ ਪਹਿਲੂਆਂ ਬਾਰੇ ਹੀ ਨੋਟਿਸ ਜਾਰੀ ਕਰ ਰਹੀ ਹੈ।

ਕੈਪਟਨ ਅਮਿਤ ਸਿੰਘ ਦੀ ਅਗਵਾਈ ਵਾਲੀ ਹਵਾਬਾਜ਼ੀ ਸੁਰੱਖਿਆ ਬਾਰੇ ਐਨਜੀਓ ਵੱਲੋਂ ਦਾਇਰ ਪਟੀਸ਼ਨ ਵਿਚ ਦਾਅਵਾ ਕੀਤਾ ਗਿਆ ਸੀ ਕਿ ਅਧਿਕਾਰਤ ਜਾਂਚ ਜਿਊਣ, ਬਰਾਬਰੀ ਤੇ ਸਹੀ ਜਾਣਕਾਰੀ ਤੱਕ ਰਸਾਈ ਦੇ ਬੁਨਿਆਦੀ ਹੱਕਾਂ ਦਾ ਉਲੰਘਣ ਹੈ।

ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਏ.ਏ.ਆਈ.ਬੀ. ਨੇ 12 ਜੁਲਾਈ ਨੂੰ ਆਪਣੀ ਮੁੱਢਲੀ ਰਿਪੋਰਟ ਜਾਰੀ ਕੀਤੀ, ਜਿਸ ਵਿੱਚ ਹਾਦਸੇ ਦਾ ਕਾਰਨ 'ਫਿਊਲ ਕੱਟਆਫ ਸਵਿੱਚਾਂ' ਨੂੰ 'ਰਨ' ਤੋਂ 'ਕਟਆਫ' ਵਿੱਚ ਤਬਦੀਲ ਕਰਨ ਨੂੰ ਦੱਸਿਆ ਗਿਆ, ਜੋ ਕਿ ਪਾਇਲਟ ਦੀ ਗਲਤੀ ਦਾ ਸੰਕੇਤ ਹੈ।

ਚੇਤੇ ਰਹੇ ਕਿ 12 ਜੂਨ ਨੂੰ ਏਅਰ ਇੰਡੀਆ ਦਾ ਬੋਇੰਗ 787-8 ਜਹਾਜ਼, ਜੋ ਲੰਡਨ ਦੇ ਗੈਟਵਿਕ ਹਵਾਈ ਅੱਡੇ ਵੱਲ ਜਾ ਰਿਹਾ ਸੀ, ਅਹਿਮਦਾਬਾਦ ਤੋਂ ਉਡਾਣ ਭਰਨ ਤੋਂ ਥੋੜ੍ਹੀ ਦੇਰ ਬਾਅਦ ਹੀ ਇੱਕ ਮੈਡੀਕਲ ਹੋਸਟਲ ਕੰਪਲੈਕਸ ਉੱਤੇ ਹਾਦਸਾਗ੍ਰਸਤ ਹੋ ਗਿਆ ਸੀ।

ਹਾਦਸੇ ਵਿਚ 265 ਲੋਕ ਮਾਰੇ ਗਏ, ਜਿਨ੍ਹਾਂ ਵਿੱਚ 241 ਯਾਤਰੀ ਅਤੇ ਚਾਲਕ ਦਲ ਸ਼ਾਮਲ ਸਨ। 241 ਮ੍ਰਿਤਕਾਂ ਵਿੱਚ 169 ਭਾਰਤੀ, 52 ਬ੍ਰਿਟਿਸ਼, ਸੱਤ ਪੁਰਤਗਾਲੀ ਨਾਗਰਿਕ, ਇੱਕ ਕੈਨੇਡੀਅਨ ਅਤੇ 12 ਚਾਲਕ ਦਲ ਦੇ ਮੈਂਬਰ ਸ਼ਾਮਲ ਸਨ। ਹਾਦਸੇ ਵਿਚ ਇੱਕੋ ਇੱਕ ਬਚਿਆ ਵਿਅਕਤੀ ਵਿਸ਼ਵਾਸ਼ ਕੁਮਾਰ ਰਮੇਸ਼ ਸੀ, ਜੋ ਕਿ ਇੱਕ ਬ੍ਰਿਟਿਸ਼ ਨਾਗਰਿਕ ਸੀ।

## 'ਜੋੜੇ ਸਾਹਿਬ' ਨੂੰ ਤਖ਼ਤ ਸ੍ਰੀ ਪਟਨਾ ਸਾਹਿਬ

ਵਿਚ ਆਪਣੇ ਘਰ ਵਿੱਚ ਰੱਖੀਆਂ। ਸ. ਜਸਮੀਤ ਸਿੰਘ ਪੁਰੀ ਦੇ ਦਿਹਾਂਤ ਤੋਂ ਬਾਅਦ ਉਨ੍ਹਾਂ ਦੀ ਪਤਨੀ ਨੇ ਪਰਿਵਾਰ ਦੇ ਸਭ ਤੋਂ ਵੱਡੇ ਮੈਂਬਰ ਸ. ਹਰਦੀਪ ਸਿੰਘ ਪੁਰੀ ਨੂੰ ਸੰਗਤ ਲਈ ਵਿਸ਼ਾਲ ਦਰਸ਼ਨ ਲਈ ਢੁਕਵੀਂ ਜਗ੍ਹਾ ਦਾ ਪ੍ਰਬੰਧ ਕਰਨ ਲਈ ਕਿ।

ਉਸ ਕਿਹਾ, ਮੈਨੂੰ ਇਹ ਵੀ ਪਤਾ ਹੈ ਕਿ ਪੰਜਾਬ ਵਿੱਚ ਕਈ ਪਰਿਵਾਰਾਂ ਨੇ ਸਿੱਖ ਗੁਰੂ ਸਾਹਿਬਾਨ ਦੀਆਂ ਪਵਿੱਤਰ ਨਿਸ਼ਾਨੀਆਂ ਆਪਣੇ ਕੋਲ ਸੰਭਾਲ ਕੇ ਰੱਖੀਆਂ ਹੋਈਆਂ ਹਨ। ਮੈਂ ਹਰਦੀਪ ਸਿੰਘ ਪੁਰੀ ਅਤੇ ਉਨ੍ਹਾਂ ਦੀ ਪਤਨੀ ਨੂੰ ਇਹੀ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਇਹ 'ਜੋੜੇ ਸਾਹਿਬ' ਪਟਨਾ ਸਾਹਿਬ ਗੁਰਦੁਆਰੇ ਵਿਖੇ ਰੱਖੇ ਜਾਣ।

## ਹਾਈਕੋਰਟ ਦੀ ਟਿੱਪਣੀ ਖ਼ਿਲਾਫ਼ ਸੁਪਰੀਮ ਕੋਰਟ

ਜਨਰਲ ਤੁਸ਼ਾਰ ਮਹਤਾ ਨੇ ਬੇਨਤੀ ਕੀਤੀ ਕਿ ਇਹ ਮਾਮਲਾ 29 ਦੀ ਥਾਂ 26 ਸਤੰਬਰ ਨੂੰ ਹੀ ਸੁਣਿਆ ਜਾਵੇ। ਡਿਵੀਜ਼ਨ ਬੈਂਚ ਨੇ ਇਸਨੂੰ ਸ਼ੁੱਕਰਵਾਰ ਲਈ ਸੂਚੀਬੱਧ ਕਰਨ 'ਤੇ ਸਹਿਮਤੀ ਪ੍ਰਗਟਾਈ। ਦਸ ਦਈਏ ਕਿ ਹਾਈਕੋਰਟ ਦੇ ਜਸਟਿਸ ਹਰੀਨਾਥ ਐਨ. ਨੇ ਕਿਹਾ ਕਿ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਅਨੁਸਾਰ ਬਣਾਈ ਗਈ ਐਸ.ਆਈ.ਟੀ. ਵਿੱਚ ਐਸ.ਆਈ.ਟੀ. ਦੇ ਮੈਂਬਰ ਜੇ. ਵੈਂਕਟ ਰਾਓ ਨੂੰ ਵਿਸ਼ੇਸ਼ ਤੌਰ 'ਤੇ ਸੂਬੇ ਦੀ ਨੁਮਾਇੰਦਗੀ ਕਰਨ ਵਾਲੇ ਅਧਿਕਾਰੀ ਵਜੋਂ ਨਾਮਜ਼ਦ ਨਹੀਂ ਕੀਤਾ ਗਿਆ ਸੀ। ਇਸ ਲਈ ਹਾਈਕੋਰਟ ਨੇ ਫੈਸਲਾ ਸੁਣਾਇਆ ਕਿ ਜੇ.ਵੈਂਕਟ ਰਾਓ ਨੂੰ ਐਸ.ਆਈ.ਟੀ. ਵਿੱਚ ਸ਼ਾਮਲ ਨਹੀਂ ਕੀਤਾ ਜਾ ਸਕਦਾ ਅਤੇ ਉਹ ਜਾਂਚ ਨਹੀਂ ਕਰ ਸਕਦੇ।

## ਖ਼ੈਬਰ ਪਖਤੂਨਖਵਾ ਦੇ ਪਿੰਡ

ਦੂਰ-ਦੁਰਾਡੇ ਬਸਤੀ 'ਤੇ ਘੱਟੋ-ਘੱਟ ਅੱਠ ਚੀਨੀ ਮੂਲ ਦੇ ਐਸ.ਐਸ.-6 ਬੰਬ ਸੁੱਟੇ। ਚਸ਼ਮਦੀਦਾਂ ਨੇ ਵੱਡੀ ਤਬਾਹੀ ਦਾ ਦਾਅਵਾ ਕੀਤਾ ਹੈ। ਮਲਬੇ ਨਾਲ ਭਰੀਆਂ ਗਲੀਆਂ ਵਿੱਚ ਲਾਸ਼ਾਂ ਪਈਆਂ ਸਨ ਅਤੇ ਬਚੇ ਹੋਏ ਲੋਕ ਨੰਗੇ ਹੱਥਾਂ ਨਾਲ ਢਹਿ-ਢੇਰੀ ਹੋਏ ਘਰਾਂ ਵਿੱਚੋਂ ਖੁਦਾਈ ਕਰ ਰਹੇ ਸਨ।

ਇਕ ਸੂਤਰ ਨੇ ਕਤਲੇਆਮ ਦਾ ਬਿਓਰਾ ਦਿੰਦਿਆਂ ਕਿਹਾ, "ਪੂਰੇ ਪਰਿਵਾਰ ਸਫਾਇਆ ਹੋ ਗਏ ਹਨ। ਜ਼ਿਆਦਾਤਰ ਪੀੜਤ ਔਰਤਾਂ ਅਤੇ ਬੱਚੇ ਹਨ ਜਿਨ੍ਹਾਂ ਕੋਲ ਬਚਣ ਦਾ ਕੋਈ ਮੌਕਾ ਨਹੀਂ ਸੀ।" ਅਫ਼ਗਾਨ ਸਰਹੱਦ ਨੇੜੇ ਤਿਰਾਹ ਘਾਟੀ ਲੰਮੇ ਸਮੇਂ ਤੋਂ ਟਕਰਾਅ ਵਾਲਾ ਖੇਤਰ ਰਿਹਾ ਹੈ ਜਿੱਥੇ ਪਾਕਿਸਤਾਨੀ ਫੌਜਾਂ ਨੇ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀਟੀਪੀ) ਅਤੇ ਹੋਰ ਹਥਿਆਰਬੰਦ ਸਮੂਹਾਂ ਵਿਰੁੱਧ ਵਾਰ-ਵਾਰ ਹਮਲੇ ਕੀਤੇ ਹਨ। ਪਰ ਅਜਿਹੇ ਹਮਲਿਆਂ ਵਿਚ ਆਮ ਨਾਗਰਿਕਾਂ ਦੀ ਮੌਤ ਦੀ ਪਿਛਲੇ ਸਮੇਂ ਵਿੱਚ ਮਨੁੱਖੀ ਅਧਿਕਾਰ ਸੰਗਠਨਾਂ ਵੱਲੋਂ ਤਿੱਖੀ ਆਲੋਚਨਾ ਕੀਤੀ ਗਈ ਹੈ। ਪਾਕਿਸਤਾਨੀ ਫੌਜ ਨੇ ਅਜੇ ਤੱਕ ਹਮਲਿਆਂ ਬਾਰੇ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਹੈ।

## 'ਮੋਦੀ ਜੀ, ਤੁਸੀਂ ਵਿਦੇਸ਼ੀ ਜਹਾਜ਼ਾਂ 'ਚ ਘੁੰਮਣਾ

ਨਿਸ਼ਾਨਾ ਸਾਧਿਆ ਹੈ। ਕੇਜਰੀਵਾਲ ਨੇ ਆਪਣੇ ਐਕਸ ਅਕਾਊਂਟ 'ਤੇ ਲਿਖਿਆ ਕਿ ਪ੍ਰਧਾਨ ਮੰਤਰੀ, ਤੁਸੀਂ ਚਾਹੁੰਦੇ ਹੋ ਕਿ ਜਨਤਾ ਸਵਦੇਸ਼ੀ ਸਾਮਾਨ ਦੀ ਵਰਤੋਂ ਕਰੇ। ਕੇਜਰੀਵਾਲ ਨੇ ਕਿਹਾ, ਕੀ ਤੁਹਾਨੂੰ ਖੁਦ ਸਵਦੇਸ਼ੀ ਸਾਮਾਨ ਦੀ ਵਰਤੋਂ ਸ਼ੁਰੂ ਕਰ ਦੇਣੀ ਚਾਹੀਦੀ ਹੈ? ਉਹ ਵਿਦੇਸ਼ੀ ਜਹਾਜ਼ ਛੱਡ ਦਿਓ ਜਿਸ ਵਿੱਚ ਤੁਸੀਂ ਹਰ ਰੋਜ਼ ਯਾਤਰਾ ਕਰਦੇ ਹੋ। ਸਾਰਾ ਦਿਨ ਵਰਤਦੇ ਸਾਰੇ ਵਿਦੇਸ਼ੀ ਸਾਮਾਨ ਛੱਡ ਦਿਓ।

## ਜੀ.ਐਸ.ਟੀ. ਸੁਧਾਰ ਗਰੀਬਾਂ ਤੇ ਕਿਸਾਨਾਂ

ਜੀ.ਐਸ.ਟੀ. ਤਕ, ਜੀ.ਐਸ.ਟੀ. ਸੁਧਾਰ ਨਾਗਰਿਕਾਂ ਲਈ ਬੱਚਤ ਵਿਚ ਕਾਫ਼ੀ ਵਾਧਾ ਕਰੇਗਾ।

ਖੇਤੀਬਾੜੀ ਉਪਕਰਣਾਂ ਅਤੇ ਖਾਦਾਂ 'ਤੇ ਜੀ.ਐਸ.ਟੀ. ਕਟੌਤੀ ਨਾਲ ਕਿਸਾਨਾਂ ਨੂੰ ਉਤਸ਼ਾਹਿਤ ਕੀਤਾ ਗਿਆ ਹੈ, ਅਤੇ ਹੁਣ ਨਾਗਰਿਕਾਂ ਨੂੰ ਵਾਹਨ ਖਰੀਦਣ ਬਾਰੇ ਜ਼ਿਆਦਾ ਚਿੰਤਾ ਨਹੀਂ ਕਰਨੀ ਪਵੇਗੀ। ਇਹ ਜੀ.ਐਸ.ਟੀ. ਸੁਧਾਰ ਸਵੈ-ਨਿਰਭਰਤਾ ਨੂੰ ਵੀ ਉਤਸ਼ਾਹਤ ਕਰੇਗਾ। ਤੁਹਾਨੂੰ ਵੀ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਲਈ ਸਵਦੇਸ਼ੀ ਨੂੰ ਅਪਣਾਉਣ ਦੀ ਲੋੜ ਹੈ।

ਜੀ.ਐਸ.ਟੀ. 2.0 ਅੱਜ ਤੋਂ ਅਧਿਕਾਰਤ ਤੌਰ 'ਤੇ ਲਾਗੂ ਹੋ ਗਿਆ ਹੈ। ਇਸ ਨਾਲ, ਭਾਰਤ ਭਰ ਦੇ ਖ਼ਰੀਦਦਾਰਾਂ ਨੂੰ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਅਤੇ ਸੇਵਾਵਾਂ ਲਈ ਭੁਗਤਾਨ ਕੀਤੀ ਜਾਣ ਵਾਲੀ ਰਕਮ ਵਿਚ ਬਦਲਾਅ ਦੇਖਣ ਨੂੰ ਮਿਲਣਗੇ। ਬਹੁਤ ਸਾਰੀਆਂ ਚੀਜ਼ਾਂ ਸਸਤੀਆਂ ਹੋ ਰਹੀਆਂ ਹਨ, ਜਿਸ ਨਾਲ ਲੋਕਾਂ ਨੂੰ ਬਹੁਤ ਫਾਇਦਾ ਹੋਵੇਗਾ। ਜੀ.ਐਸ.ਟੀ. 2.0 ਤੋਂ ਪਹਿਲਾਂ ਐਤਵਾਰ ਨੂੰ ਪ੍ਰਧਾਨ ਮੰਤਰੀ ਮੋਦੀ ਨੇ ਰਾਸ਼ਟਰ ਨੂੰ ਸੰਬੋਧਨ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ, 'ਅਗਲੀ ਪੀੜ੍ਹੀ ਦੇ ਜੀ.ਐਸ.ਟੀ. ਸੁਧਾਰ ਕੱਲ ਤੋਂ ਲਾਗੂ ਹੋਣਗੇ। ਜੀ.ਐਸ.ਟੀ. ਬਚਤ ਤਿਉਹਾਰ ਸ਼ੁਰੂ ਹੋਵੇਗਾ, ਜੋ ਘਰਾਂ, ਦੁਕਾਨਦਾਰਾਂ, ਕਿਸਾਨਾਂ ਅਤੇ ਕਾਰੋਬਾਰਾਂ ਲਈ ਬੱਚਤ ਵਧਾਏਗਾ, ਅਤੇ ਭਾਰਤ ਦੀ ਵਿਕਾਸ ਯਾਤਰਾ ਨੂੰ ਵੀ ਤੇਜ਼ ਕਰੇਗਾ।' ਨਵਾਂ ਟੈਕਸ ਢਾਂਚਾ ਜ਼ਰੂਰੀ ਵਸਤੂਆਂ ਅਤੇ ਜਨਤਕ-ਮਾਰਕੀਟ ਉਤਪਾਦਾਂ ਨੂੰ ਵਧੇਰੇ ਕਿਫਾਇਤੀ ਬਣਾਉਣ ਲਈ ਤਿਆਰ ਕੀਤਾ ਗਿਆ ਹੈ, ਜਦੋਂ ਕਿ ਲਗਜ਼ਰੀ ਵਸਤੂਆਂ 'ਤੇ ਬੋਝ ਵਧੇਗਾ। ਇਸ ਦਾ ਮਤਲਬ ਹੈ ਕਿ ਕਰਿਆਨੇ ਦੇ ਬਿੱਲਾਂ, ਡੇਅਰੀ ਅਤੇ ਉਪਕਰਨਾਂ 'ਤੇ ਕੁੱਝ ਰਾਹਤ ਮਿਲੇਗੀ, ਪਰ ਪ੍ਰੀਮੀਅਮ ਸ਼ਰਾਬ, ਸਿਗਰਟ, ਜਾਂ ਵੱਡੇ ਮੋਟਰਸਾਈਕਲਾਂ ਵਰਗੀਆਂ ਲਗਜ਼ਰੀ ਵਸਤੂਆਂ ਦੀਆਂ ਕੀਮਤਾਂ ਵਧ ਜਾਣਗੀਆਂ। ਇਸ ਦੌਰਾਨ, ਰੇਲਗੱਡੀਆਂ 'ਤੇ ਵੇਚਿਆ ਜਾਣ ਵਾਲਾ ਬੋਤਲਬੰਦ ਪਾਣੀ ਵੀ ਸਸਤਾ ਹੋ ਜਾਵੇਗਾ।

## ਨਾਰਾਇਣਪੁਰ ਮੁਕਾਬਲੇ

ਮਹਾਰਾਸ਼ਟਰ ਦੇ ਨਾਲ ਲੱਗਦੇ ਅਬੁਜਮਾੜ ਦੇ ਜੰਗਲ ਵਿੱਚ ਮੁਕਾਬਲਾ ਹੋਇਆ ਅਤੇ ਦੋਵੇਂ ਨਕਸਲੀ ਮਾਰ ਦਿੱਤੇ ਗਏ। ਉਨ੍ਹਾਂ ਤੋਂ ਵੱਡੀ ਮਾਤਰਾ ਵਿੱਚ ਹਥਿਆਰ,ਵਿਸਫੋਟਕ ਅਤੇ ਹੋਰ ਸਮਾਨ ਸਣੇ ਇੱਕ ਏਕੇ-47 ਰਾਈਫਲ ਵੀ ਜ਼ਬਤ ਕੀਤੀ ਹੈ।

## ਪੁਤਿਨ ਵੱਲੋਂ ਟਰੰਪ ਨੂੰ ਇੱਕ ਸਾਲ ਲਈ ਪ੍ਰਮਾਣੂ

ਵਿਸ਼ਵ ਵਿਆਪੀ ਗੈਰ-ਪ੍ਰਸਾਰ ਦੇ ਹਿੱਤ ਵਿੱਚ ਅਤੇ ਸੰਧੀ ਦੇ ਉੱਤਰਾਧਿਕਾਰੀ ਬਾਰੇ ਵਾਸ਼ਿੰਗਟਨ ਨਾਲ ਗੱਲਬਾਤ ਨੂੰ ਉਤਸ਼ਾਹਿਤ ਕਰਨ ਵਿੱਚ ਮਦਦ ਕਰਨ ਲਈ ਨਿਊ ਸਟਾਰਟ ਨੂੰ ਇੱਕ ਸਾਲ ਲਈ ਵਧਾਉਣ ਲਈ ਤਿਆਰ ਹਨ, ਬਸ਼ਰਤੇ ਕਿ ਟਰੰਪ ਵੀ ਅਜਿਹਾ ਕਰਨ ਲਈ ਤਿਆਰ ਹੋਣ। ਰੂਸੀ ਰਾਸ਼ਟਰਪਤੀ ਨੇ ਕਿਹਾ,"ਰੂਸ 5 ਫਰਵਰੀ 2026 ਤੋਂ ਬਾਅਦ ਇੱਕ ਸਾਲ ਲਈ ਨਿਊ ਸਟਾਰਟ ਸੰਧੀ ਦੇ ਤਹਿਤ ਕੇਂਦਰੀ ਸੰਖਿਆਤਮਕ ਸੀਮਾਵਾਂ ਦੀ ਪਾਲਣਾ ਕਰਨਾ ਜਾਰੀ ਰੱਖਣ ਲਈ ਤਿਆਰ ਹੈ। ਬਾਅਦ ਵਿੱਚ ਸਥਿਤੀ ਦੇ ਵਿਸ਼ਲੇਸ਼ਣ ਦੇ ਆਧਾਰ 'ਤੇ, ਅਸੀਂ ਇਨ੍ਹਾਂ ਸਵੈ-ਲਾਗੂ ਪਾਬੰਦੀਆਂ ਨੂੰ ਬਣਾਈ ਰੱਖਣ ਬਾਰੇ ਫੈਸਲਾ ਕਰਾਂਗੇ।"

## ਚਾਰਜਸ਼ੀਟ 'ਚ ਡੀ.ਐਨ.ਏ.,

ਦੋ ਹੋਰ ਦੋਸ਼ੀ ਪ੍ਰਮਿਤ ਮੁਖਰਜੀ ਅਤੇ ਜ਼ੈਬ ਅਹਿਮਦ ਗਾਰਡ ਰੂਮ ਦੇ ਬਾਹਰ ਖੜ੍ਹੇ ਸਨ। ਸੁਰੱਖਿਆ ਗਾਰਡ ਦੀ ਭੂਮਿਕਾ ਵੀ ਸਪੱਸ਼ਟ ਤੌਰ 'ਤੇ ਦਿਖਾਈ ਦੇ ਰਹੀ ਹੈ।

ਉਨ੍ਹਾਂ ਅੱਗੇ ਕਿਹਾ, ਦੋਸ਼ੀ ਦੇ ਮੋਬਾਈਲ ਫੋਨਾਂ ਤੋਂ ਬਰਾਮਦ ਕੀਤੇ ਗਏ ਆਵਾਜ਼ ਦੇ ਨਮੂਨਿਆਂ ਦੀ ਜਾਂਚ ਰਿਪੋਰਟ ਦੀ ਉਡੀਕ ਹੈ। ਰਿਪੋਰਟ ਮਿਲਣ ਤੋਂ ਬਾਅਦ ਅਸੀਂ ਅਦਾਲਤ ਵਿੱਚ ਚਾਰਜਸ਼ੀਟ ਦਾਇਰ ਕਰਾਂਗੇ।

ਜ਼ਿਕਰਯੋਗ ਹੈ ਕਿ ਇਹ ਘਟਨਾ 25 ਜੂਨ ਦੀ ਹੈ, ਜਦੋਂ ਪਹਿਲੇ ਸਾਲ ਵਿੱਚ ਪੜ੍ਹਨ ਵਾਲੀ ਕਾਲਜ ਦੀ ਵਿਦਿਆਰਥਣ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਇੱਕ ਸਾਬਕਾ ਵਿਦਿਆਰਥੀ ਅਤੇ ਦੋ ਹੋਰ ਸੀਨੀਅਰ ਵਿਦਿਆਰਥੀਆਂ ਨੇ ਕੈਂਪਸ ਵਿੱਚ ਉਸ ਨਾਲ ਜਬਰ-ਜਨਾਹ ਕੀਤਾ ਹੈ। ਪੁਲਿਸ ਨੇ ਇਸ ਮਾਮਲੇ ਵਿੱਚ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਸੁਰੱਖਿਆ ਵਿੱਚ ਲਾਪਰਵਾਹੀ ਦੇ ਦੋਸ਼ ਵਿੱਚ ਇੱਕ ਕਾਲਜ ਸੁਰੱਖਿਆ ਗਾਰਡ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ।

## ਪੋਰਬੰਦਰ ਨੇੜੇ ਕਾਰਗੋ ਜਹਾਜ਼ ਨੂੰ ਲੱਗੀ ਅੱਗ, ਚਾਲਕ ਦਲ ਦੇ

ਸਮੇਤ ਬਚਾਅ ਟੀਮਾਂ ਘਟਨਾ ਸਥਾਨ 'ਤੇ ਪਹੁੰਚ ਗਈਆਂ ਹਨ। ਇੱਕ ਨਿਊਜ਼ ਏਜੰਸੀ ਵੱਲੋਂ ਸਾਂਝੇ ਕੀਤੇ ਗਏ ਇੱਕ ਵੀਡੀਓ ਵਿੱਚ ਬੰਦਰਗਾਹ ਦੇ ਨੇੜੇ ਡੌਕ ਕੀਤੇ ਇੱਕ ਜਹਾਜ਼ ਤੋਂ ਕਾਲਾ ਧੂੰਆਂ ਅਤੇ ਅੱਗ ਨਿਕਲਦੀ ਦਿਖਾਈ ਦੇ ਰਹੀ ਹੈ।

## ਵਿਆਹ ਦੇ ਬੰਧਨ 'ਚ ਬੱਝੇ ਹਿਮਾਚਲ

ਡਾ. ਅਮਰੀਨ ਕੌਰ ਸ. ਜੋਤਿੰਦਰ ਸਿੰਘ ਸੇਖੋਂ ਤੇ ਓਪਿੰਦਰ ਕੌਰ ਦੀ ਧੀ ਹਨ ਅਤੇ ਇਸ ਵੇਲੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਸਾਈਕੋਲੋਜੀ ਦੀ ਸਹਾਇਕ ਪ੍ਰੋਫੈਸਰ ਵਜੋਂ ਨਿਯੁਕਤ ਹੈ। ਦੋਹਾਂ ਦੀ ਦੋਸਤੀ ਲਗਭਗ 8-9 ਸਾਲ ਪੁਰਾਣੀ ਹੈ ਜੋ ਹੁਣ ਵਿਆਹ ਵਿਚ ਬਦਲ ਗਈ ਹੈ। ਵਿਕਰਮਾਦਿੱਤਿਆ ਸਿੰਘ ਦਾ ਇਹ ਦੂਜਾ ਵਿਆਹ ਹੈ।

**ਚੜ੍ਹਦੀਕਲਾ**

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।

PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi

PRGI (RNI) Regd. No. 22972/1972

# ਵਿਧਾਨ ਸਭਾ ਦੇ ਸੱਦੇ ਵਿਸ਼ੇਸ਼ ਸੈਸ਼ਨ ਦੇ ਸਾਰਥਕ ਅਤੇ ਠੋਸ ਨਤੀਜੇ ਕੱਢੇ ਜਾਣ: ਪ੍ਰੋ. ਚੰਦੂਮਾਜਰਾ

**ਪ੍ਰੋ. ਪ੍ਰੇਮ ਚੰਦੂਮਾਜਰਾ ਨੇ ਵਿਸ਼ੇਸ਼ ਸ਼ੈਸਨਦੇ ਲਈ ਮੁੱਖ ਮੰਤਰੀ ਪੰਜਾਬ ਅਤੇ ਵਿਧਾਨ ਸਭਾ ਦੇ ਸਪੀਕਰ ਨੂੰ ਭੇਜੇ ਆਪਣੇ ਵਡਮੁੱਲੇ ਸੁਝਾਅ**


ਪਟਿਆਲਾ, 22 ਸਤੰਬਰ (ਚ.ਨ.ਸ.) : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਮੈਂਬਰ ਪਾਰਲੀਮੈਂਟ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਹੜ੍ਹਾਂ ਨਾਲ ਹੋਈ ਕੁਦਰਤੀ ਤਬਾਹੀ ਨੂੰ ਲੈ ਕੇ ਵਿਧਾਨ ਸਭਾ ਦੇ ਸੱਦੇ ਗਏ ਵਿਸ਼ੇਸ ਸ਼ੈਸਨ ਦੇ ਸਾਰਥਕ ਅਤੇ ਠੋਸ ਨਤੀਜੇ ਕੱਢੇ ਜਾਣ ਅਤੇ ਇਸ ਸ਼ੈਸ਼ਨ ਨੂੰ ਦੂਸ਼ਣਬਾਜੀ ਤੋਂ ਹਟ ਕੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਭਲਾਈ ਦੇ ਲਈ ਲਗਾਉਣਾ ਚਾਹੀਦਾ ਹੈ। ਜਿਸ ਵਿਚ ਸਰਕਾਰ ਅਤੇ ਬਾਕੀਆਂ ਸਾਰੀਆਂ ਧਿਰਾਂ ਨੂੰ ਇੱਕਜੁਟਤਾ ਦਿਖਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਸੱਦੇ ਗਏ ਵਿਸ਼ੇਸ਼ ਸੈਸ਼ਨਾਂ ਨੇ ਪੰਜਾਬੀਆ ਨੂੰ ਘੋਰ ਨਿਰਾਸ਼ਾ ਦਿੱਤੀ, ਸੈਸ਼ਨ ਵਿੱਚ ਗੰਭੀਰ ਮੁੱਦਿਆਂ 'ਤੇ ਬਹਿਸ ਅਤੇ ਚਰਚਾ ਹੋਣ ਦੀ ਥਾਂ ਆਪਸੀ ਦੂਸ਼ਣਬਾਜੀ ਵਿੱਚ ਉਲਝਣ ਤੱਕ ਸੀਮਿਤ ਰਹੇ। ਪਰ ਇਸ ਵਾਰ ਵੀ ਪੰਜਾਬ ਦੇ ਲੋਕਾਂ ਨੂੰ ਅਜਿਹਾ ਡਰ ਸਤਾ ਰਿਹਾ ਹੈ। ਹੜਾ ਤੋਂ ਲੈਕੇ ਹੁਣ ਤੱਕ ਖਾਸ ਤੌਰ ਤੇ ਪ੍ਰਧਾਨ ਮੰਤਰੀ ਦੀ ਫੇਰੀ ਤੋਂ ਬਾਅਦ ਵਾਲਾ ਪੰਜਾਬ ਦਾ ਰਾਜਨੀਤਿਕ ਵਾਤਾਵਰਣ ਜੋ ਮਾਹੌਲ ਬਣਿਆ ਹੈ, ਉਸ ਉੱਤੇ ਵੀ ਗੰਭੀਰ ਚੌਕਸੀ ਵਰਤਣ ਦੀ ਜ਼ਰੂਰਤ ਹੈ। ਅਸੀ ਚਾਹੁੰਦੇ ਹਾਂ ਕਿ ਵਿਧਾਨ ਸਭਾ ਦਾ ਇਹ ਵਿਸ਼ੇਸ ਸੈਸ਼ਨ ਪਹਿਲਾਂ ਵਾਲੇ ਹਲਾਤ ਬਣਨ ਦੀ ਬਜਾਏ ਤੇ ਪੰਜਾਬ ਦੀਆਂ ਰਾਜਸੀ ਧਿਰਾਂ ਨੂੰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਰਾਜਸੀ ਲਾਹੇ ਲੈਣ ਦੀ ਥਾਂ ਇਕੱਠੇ ਹੋਕੇ ਸੂਬੇ ਨੂੰ ਇਸ ਸੰਕਟ ਵਿੱਚੋਂ ਕੱਢਣ ਲਈ ਹੰਭਲਾ ਮਾਰਨ ਦੀ ਸਖ਼ਤ ਜ਼ਰੂਰਤ ਹੈ। ਪ੍ਰੋ. ਚੰਦੂਮਾਜਰਾ ਨੇ ਇਸ ਮਾਮਲੇ ਵਿਚ ਮੁੱਖ ਮੰਤਰੀ ਅਤੇ ਵਿਧਾਨ ਸਭਾ ਦੇ ਸਪੀਕਰ ਨੂੰ ਇੱਕ ਪੱਤਰ ਭੇਜ ਕੇ ਆਪਣੇ ਸੁਝਾਅ ਭੇਜੇ ਹਨ। ਜਿਸ ਵਿਚ ਪੰਜਾਬ ਵਿੱਚ ਕਿਸਾਨਾਂ ਦੀਆ ਫ਼ਸਲਾਂ ਦੀ ਕੁਦਰਤੀ ਆਫ਼ਤਾਂ ਅਤੇ ਹੜ੍ਹਾਂ ਨਾਲ ਹੋਣ ਵਾਲੇ ਨੁਕਸਾਨ ਦੀ ਭਰਪਾਈ ਲਈ 'ਕਿਸਾਨ-ਖੇਤ ਮਜ਼ਦੂਰ ਖੇਤੀ ਬੀਮਾ ਯੋਜਨਾ' ਦੇ ਨਾਂਅ ਹੇਠ ਪੰਜਾਬ ਸਰਕਾਰ ਵੱਲੋਂ ਠੋਸ ਵਿਆਪਕ ਕਿਸਾਨ ਪੱਖੀ ਖੇਤੀ ਬੀਮਾ ਯੋਜਨਾ ਤਿਆਰ ਕਰਨਾ ਸਭ ਤੋਂ ਵੱਡੀ ਲੋੜ ਹੈ। ਇਸ ਯੋਜਨਾ ਦੇ ਬੀਮੇ ਦੀਆਂ ਕਿਸਤਾਂ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਮਿਲਕੇ ਭਰਨ ਦੀ ਵਿਧੀ ਤਿਆਰ ਕੀਤੀ ਜਾਵੇ, ਕਿਉਂ ਕਿ ਪੰਜਾਬ ਦਾ ਕਿਸਾਨ ਜੋ ਵੀ ਫ਼ਸਲ ਦੀ ਪੈਦਾਵਰ ਕਰਦਾ ਹੈ, ਉਹ ਆਪਣੇ ਤੇ ਪਰਿਵਾਰ ਲਈ ਸਿਰਫ 5 ਜ਼ੀਸਦੀ ਵਰਤਦਾ ਹੈ ਅਤੇ ਇਸ ਅਨਾਜ ਦਾ 95 ਫੀਸਦੀ ਹਿੱਸਾ ਦੇਸ਼ ਦੇ ਅੰਨ ਭੰਡਾਰ ਵਿੱਚ ਯੋਗਦਾਨ ਪਾਉਦਾ ਹੈ। ਸੂਬਾ ਸਰਕਾਰ ਪੰਜਾਬ ਦੀਆਂ ਪ੍ਰਸਥਿਤੀਆ ਅਤੇ ਪੰਜਾਬ ਦੀਆਂ ਖੇਤੀ ਦੀਆਂ ਲਾਗਤਾਂ ਅਤੇ ਉਪਜ ਨੂੰ ਧਿਆਨ ਵਿੱਚ ਰੱਖ ਕੇ ਕੇਂਦਰ ਦੇ ਸਾਹਮਣੇ ਠੋਸ ਦਲੀਲਾਂ ਨਾਲ ਰੱਖਕੇ ਪ੍ਰਧਾਨ ਮੰਤਰੀ ਯੋਜਨਾ 'ਚ ਪੰਜਾਬ ਦੀਆ ਸ਼ਰਤਾ ਦੇ ਅਨੁਕੂਲ ਕੇਂਦਰ ਦੀ ਖੇਤੀ ਬੀਮਾ ਯੋਜਨਾ ਦਾ ਹਿੱਸਾ ਬਣਾਇਆ ਜਾਵੇ। ਪੰਜਾਬ ਦੇ ਸੈਂਟਰਲ ਸੈਕਟਰੀਏਟ ਚੰਡੀਗੜ੍ਹ ਤੋਂ ਲੈਕੇ



ਪਠਾਨਕੋਟ ਤੱਕ ਬਣੇ ਛੋਟੇ ਅਤੇ ਵੱਡੇ 29 ਚੈੱਕ ਡੈਮਾਂ ਵਿੱਚੋ ਗਾਰ ਕੱਢੀ ਜਾਵੇ ਅਤੇ ਭਾਰਤ ਸਰਕਾਰ ਦੇ ਵਾਤਾਵਰਣ ਅਤੇ ਜੰਗਲੀ ਵਿਭਾਗਾਂ ਵੱਲੋਂ ਲਗਾਈਆਂ ਸ਼ਰਤਾਂ ਜਾਂ ਰੁਕਵਟਾਂ ਨੂੰ ਸ਼ੋਧਣ ਲਈ ਕੇਂਦਰ ਸਰਕਾਰ ਕੋਲ ਕੇਸ ਰੱਖਿਆ ਜਾਵੇ ਤੇ ਤੁਰੰਤ ਡੈਮਾਂ ਨੂੰ ਡੀਸਿਲਟ ਕਰਨ ਦਾ ਕੰਮ ਵੱਡੇ ਪੱਧਰ ਉੱਤੇ ਸ਼ੁਰੂ ਕੀਤਾ ਜਾਵੇ। ਭਾਖੜਾ ਡੈਮ ਅਤੇ ਹੋਰ ਸਾਰੇ ਡੈਮਾਂ ਵਿੱਚੋ ਗਾਰ ਕੱਢਣ ਲਈ ਕਾਨੂੰਨ ਦੀਆਂ ਰੁਕਾਵਟਾਂ ਨੂੰ ਦੂਰ ਕਰਕੇ ਡੈਮਾਂ ਨੂੰ ਜਲਦ ਡੀਸਿਲਟ ਕਰਨ ਦੀ ਵਿਵਸਥਾ ਬਣਾਈ ਜਾਵੇ। ਪਾਣੀਆਂ ਦੇ ਕੰਟਰੋਲ ਲਈ ਖਾਸ ਤੌਰ ਤੇ ਬੀਬੀਐਮਬੀ ਦੀ ਪੰਜਾਬ ਦੀ ਸਥਾਈ ਮੈਂਬਰਸ਼ਿਪ ਮੁੜ ਬਹਾਲ ਕਰਵਾਈ ਜਾਵੇ। ਜੰਮੂ ਕਸ਼ਮੀਰ, ਉੱਤਰਾਖੰਡ. ਹਿਮਾਚਲ ਅਤੇ ਹਰਿਆਣਾ ਦੇ ਪਹਾੜੀ ਖੇਤਰਾਂ ਵਿੱਚ ਵਿਸ਼ੇਸ਼ ਸਹੂਲਤਾਂ ਦਾ ਫਾਇਦਾ ਲੈਣ ਕਰਕੇ ਵੱਡੀ ਪੱਧਰ ਤੇ ਲੱਗੀਆਂ ਫੈਕਟਰੀਆਂ ਖਾਸ ਤੌਰ ਤੇ ਗੰਦੇ ਪਾਣੀ ਅਤੇ ਇਸ ਵਿੱਚ ਘੁਲੇ ਕੈਮੀਕਲ ਹੇਠਾਂ ਪੰਜਾਬ ਦੀਆਂ ਫ਼ਸਲਾਂ ਨੂੰ ਵੱਡੀ ਪੱਧਰ 'ਤੇ ਨੁਕਸਾਨ ਪਹੁੰਚਾਉਦੇ ਹਨ, ਇਸਦੀ ਭਰਪਾਈ ਲਈ ਵਿਸ਼ੇਸ਼ ਮਾਪਦੰਡ ਰੱਖੇ ਜਾਣ। ਪੰਜਾਬ ਸਰਕਾਰ ਵੱਲੋਂ 'ਜਿਸਦਾ ਖੇਤ ਉਸਦੀ ਰੇਤ' ਵਾਲਾ ਫ਼ੈਸਲਾ ਸ਼ਲਾਘਾਯੋਗ ਹੈ, ਪਰੰਤੂ ਇਸਦੀ ਮਿਆਦ ਇੱਕ ਸਾਲ ਤੱਕ ਕੀਤੀ ਜਾਵੇ। ਘੱਗਰ ਨੂੰ ਚੈਨੇਲਾਈਜ ਕਰਨ ਲਈ ਮੇਰੇ ਵੱਲੋਂ 1996 ਤੋਂ 1999 ਤੱਕ ਲੋਕ ਸਭਾ ਵਿੱਚ ਕਈ ਵਾਰ ਚਰਚਾ ਤੋਂ ਬਾਅਦ ਇਸ ਪ੍ਰੋਜੈਕਟ ਨੂੰ ਤਿੰਨ ਫ਼ੇਜਾਂ ਵਿੱਚ ਮੁਕੰਮਲ ਕਰਨ ਦਾ ਪ੍ਰੋਜੈਕਟ ਪਾਸ ਕਰਵਾਇਆ ਗਿਆ ਸੀ। ਜਿਸ ਦੌਰਾਨ ਸਾਲ 2009 ਵਿੱਚ ਪਹਿਲੇ ਫ਼ੇਜ 'ਚ ਸ਼ੁਰੂ ਹੋਏ ਇਸ ਪ੍ਰੋਜੈਕਟ ਵਿੱਚ ਖਨੌਰੀ ਤੋਂ ਮਕਰੌੜ ਸਾਹਿਬ ਤੱਕ ਮੁਕੰਮਲ ਹੋਣ ਤੋਂ ਬਾਅਦ ਹਰਿਆਣਾ ਸਰਕਾਰ ਵੱਲੋਂ 'ਕੇਂਦਰੀ ਵਾਟਰ ਕਮਿਸ਼ਨ' ਵਿੱਚ ਅਰਜ਼ੀ ਦੇ ਕੇ ਪ੍ਰੋਜੈਕਟ ਉੱਤੇ ਸਟੇਅ ਲਗਵਾ ਦਿੱਤੀ ਗਈ। ਇਸ ਸਟੇਅ ਨੂੰ ਤੋੜਨ ਲਈ ਪੰਜਾਬ ਅਤੇ ਹਰਿਆਣਾ ਸਰਕਾਰ ਨੂੰ ਆਪਸੀ ਤਾਲਮੇਲ ਨਾਲ ਸਾਂਝੇ ਤੌਰ ਉੱਤੇ ਮੀਟਿੰਗ ਬੁਲਾਕੇ ਘੱਗਰ ਨੂੰ ਚੈਨੇਲਾਈਜ ਕਰਨ ਦਾ ਕੰਮ ਮੁਕੰਮਲ ਕਰਵਾਉਣ ਲਈ ਤੁਰੰਤ ਯਤਨ ਕੀਤੇ ਜਾਣ , ਆਦਿ ਸਮੇਤ ਇੱਕ ਦਰਜ਼ਨ ਸੁਝਾਅ ਭੇਜੇ ਗਏ। ਇਸ ਮੌਕੇ ਭੁਪਿੰਦਰ ਸਿੰਘ ਸੇਖੂਪੁਰ, ਸ਼੍ਰੋਮਣੀ ਕਮੇਟੀ ਮੈਂਬਰ ਜਰਨੈਲ ਸਿੰਘ ਕਰਤਾਰਪੁਰ ਅਤੇ ਰਣਧੀਰ ਸਿੰਘ ਰੱਖੜਾ ਅਤੇ ਹੋਰ ਆਗੂ ਵੀ ਹਾਜ਼ਰ ਸਨ।

# ਭਾਰਤ ਨੂੰ ਅਗਲੇ ਸਾਲ ਤੱਕ ਪੰਜਵਾਂ ਐਸ-400 ਮਿਜ਼ਾਈਲ ਸਿਸਟਮ ਮਿਲੇਗਾ; ਰੂਸ ਨੇ ਦਿੱਤੀ ਜਾਣਕਾਰੀ

ਮਾਸਕੋ, 22 ਸਤੰਬਰ (ਚ.ਨ.ਸ.) : ਰੂਸ ਭਾਰਤ ਨਾਲ 2018 ਵਿੱਚ ਦਸਤਖ਼ਤ ਕੀਤੇ 5.43 ਬਿਲੀਅਨ ਡਾਲਰ (ਲਗਭਗ 40,000 ਕਰੋੜ) ਦੇ ਸੌਦੇ ਤਹਿਤ 2026 ਤੱਕ ਐਸ-400 ਟ੍ਰਾਇੰਫ਼ ਏਅਰ ਡਿਫੈਂਸ ਸਿਸਟਮ ਦੀ ਪੂਰੀ ਡਿਲੀਵਰੀ ਕਰ ਦੇਵੇਗਾ। ਰੂਸੀ ਏਜੰਸੀ ਤਾਸ ਨੇ ਦੱਸਿਆ ਕਿ ਭਾਰਤ ਨੂੰ ਹੁਣ ਤੱਕ 4 ਸਿਸਟਮ ਮਿਲ ਚੁੱਕੇ ਹਨ ਅਤੇ ਪੰਜਵਾਂ ਅਗਲੇ ਸਾਲ ਤੱਕ ਭੇਜ ਦਿੱਤਾ ਜਾਵੇਗਾ। ਇਹ ਸੌਦਾ 5 ਅਕਤੂਬਰ, 2018 ਨੂੰ ਦੋਨੋਂ ਦੇਸ਼ਾਂ ਵਿਚਕਾਰ ਹੋਇਆ ਸੀ। ਭਾਵੇਂ ਕਿ ਅਮਰੀਕਾ ਨੇ ਕਾਤਸਾ ਪਾਬੰਦੀਆਂ ਦੀ ਚੇਤਾਵਨੀ ਦਿੱਤੀ ਸੀ, ਫਿਰ ਵੀ ਭਾਰਤ ਨੇ ਇਸ ਦੀ ਖਰੀਦ ਕੀਤੀ। ਮਈ ਵਿੱਚ ਹੋਏ ਅਪਰੇਸ਼ਨ ਸਿੰਧੂਰ ਦੌਰਾਨ ਐਸ-400 ਮਿਜ਼ਾਈਲ ਸਿਸਟਮ ਨੇ ਵਧੀਆ



ਭੂਮਿਕਾ ਨਿਭਾਈ। ਮੰਤਰੀ ਸੰਜੇ ਸੇਠ ਨੇ ਮਾਸਕੋ ਦੌਰੇ ਦੌਰਾਨ ਦੱਸਿਆ ਕਿ ਭਾਰਤ ਹੋਰ ਮਿਜ਼ਾਈਲ ਸਿਸਟਮ ਖਰੀਦਣ ਵਿੱਚ ਰੁਚੀ ਰੱਖਦਾ ਹੈ, ਜਿਸ ਵਿੱਚ ਆਧੁਨਿਕ ਐਸ-500 ਮਿਜ਼ਾਈਲ ਸਿਸਟਮ ਵੀ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਭਾਰਤ ਨੇ 7 ਮਈ ਨੂੰ ਅਪਰੇਸ਼ਨ ਸਿੰਧੂਰ ਦੀ ਸ਼ੁਰੂਆਤ ਕੀਤੀ ਸੀ, ਜੋ ਕਿ 22 ਅਪ੍ਰੈਲ ਨੂੰ ਪਹਿਲਗਾਮ ਅਤਿਵਾਦੀ ਹਮਲੇ ਦੀ ਜਵਾਬੀ ਕਾਰਵਾਈ ਸੀ।

# ਸਿਰਫ਼ ਗੁਰਦਾਸਪੁਰ ਜ਼ਿਲ੍ਹੇ 'ਚ ਹੀ 13 ਰਾਹਤ ਕੈਂਪ ਜਾਰੀ, 10 ਪ੍ਰਭਾਵਿਤ ਵਿਅਕਤੀ ਕਰ ਰਹੇ ਨੇ ਬਸੇਰਾ: ਮੁੰਡੀਆਂ

ਚੰਡੀਗੜ੍ਹ, 22 ਸਤੰਬਰ (ਚ.ਨ.ਸ.) :ਪੰਜਾਬ ਦੇ ਮਾਲ, ਮੁੜ ਵਸੇਬਾ ਅਤੇ ਆਫਤ ਪ੍ਰਬੰਧਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਅੱਜ ਦੱਸਿਆ ਕਿ ਸੂਬੇ ਵਿੱਚ ਹੜ੍ਹਾਂ ਪਿੱਛੋਂ ਸਥਿਤੀ ਲਗਾਤਾਰ ਆਮ ਵਾਂਗ ਹੋ ਰਹੀ ਹੈ ਅਤੇ ਪ੍ਰਭਾਵਿਤ ਪਰਿਵਾਰ ਨਿਰੰਤਰ ਆਪੋ-ਆਪਣੇ ਘਰਾਂ ਨੂੰ ਵਾਪਸ ਪਰਤ ਰਹੇ ਹਨ।

ਉਨ੍ਹਾਂ ਦੱਸਿਆ ਕਿ ਪੰਜਾਬ ਭਰ ਵਿੱਚ ਹੁਣ ਤੱਕ ਕੁੱਲ 219 ਰਾਹਤ ਕੈਂਪ ਖੋਲ੍ਹੇ ਗਏ ਸਨ ਪਰ ਇਸ ਵੇਲੇ 13 ਕੈਂਪ ਸਿਰਫ ਜ਼ਿਲ੍ਹਾ ਗੁਰਦਾਸਪੁਰ ਵਿੱਚ ਹੀ ਜਾਰੀ ਹਨ ਅਤੇ 10 ਹੜ੍ਹ ਪ੍ਰਭਾਵਿਤ ਵਿਅਕਤੀ ਉਥੇ ਠਹਿਰੇ ਹੋਏ ਹਨ। ਜ਼ਿਕਰਯੋਗ ਹੈ ਕਿ ਇੱਕ ਦਿਨ ਪਹਿਲਾਂ ਤੱਕ ਸੂਬੇ ਭਰ ਵਿੱਚ 25 ਕੈਂਪ ਜਾਰੀ ਸਨ, ਜਿਨ੍ਹਾਂ ਵਿੱਚ 163 ਵਿਅਕਤੀ ਠਹਿਰੇ ਹੋਏ ਸਨ।



ਮਾਲ ਮੰਤਰੀ ਨੇ ਦੱਸਿਆ ਕਿ ਫਾਜ਼ਿਲਕਾ ਅਤੇ ਜਲੰਧਰ ਜ਼ਿਲ੍ਹਿਆਂ ਦੇ ਰਾਹਤ ਕੈਂਪਾਂ 'ਚ ਕੱਲ੍ਹ ਤੱਕ ਕ੍ਰਮਵਾਰ 50 ਅਤੇ 103 ਵਿਅਕਤੀ ਠਹਿਰੇ ਹੋਏ ਸਨ ਪਰ ਅੱਜ ਇੱਥੋਂ ਸਾਰੇ ਪ੍ਰਭਾਵਿਤ ਵਿਅਕਤੀ ਆਪੋ-ਆਪਣੇ ਘਰਾਂ ਨੂੰ ਚਲੇ ਗਏ ਹਨ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਦੇ ਵਿਆਪਕ ਯਤਨਾਂ ਸਦਕਾ 1 ਅਗਸਤ ਤੋਂ ਲੈ ਕੇ ਹੁਣ ਤੱਕ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚੋਂ 23,340 ਵਿਅਕਤੀਆਂ ਨੂੰ ਕੱਢ ਕੇ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਰਿਪੋਰਟ ਮੁਤਾਬਕ ਮਾਰੂ ਹੜ੍ਹਾਂ ਨੇ 22 ਜ਼ਿਲ੍ਹਿਆਂ ਅਤੇ 2555 ਪਿੰਡਾਂ ਨੂੰ ਪ੍ਰਭਾਵਿਤ ਕੀਤਾ ਹੈ, ਜਿਸ ਕਾਰਨ 3,89,445 ਆਬਾਦੀ ਪ੍ਰਭਾਵਿਤ ਹੋਈ।ਉਨ੍ਹਾਂ ਦੱਸਿਆ ਕਿ 1 ਅਗਸਤ ਤੋਂ ਹੁਣ ਤੱਕ 57 ਲੋਕਾਂ ਦੀ ਜਾਨ ਗਈ ਅਤੇ 4 ਵਿਅਕਤੀ ਲਾਪਤਾ ਹਨ।ਉਨ੍ਹਾਂ ਦੱਸਿਆ ਕਿ ਸੂਬੇ ਭਰ ਵਿੱਚ 1,99,926.2 ਹੈਕਟੇਅਰ ਰਕਬੇ 'ਚ ਖੜ੍ਹੀਆਂ ਫ਼ਸਲਾਂ ਨੂੰ ਭਾਰੀ ਨੁਕਸਾਨ ਪੁੱਜਾ ਹੈ।

# ਹਰਦੀਪ ਸਿੰਘ ਮੁੰਡੀਆਂ ਨੇ 12.15 ਕਰੋੜ ਦੀ ਲਾਗਤ ਵਾਲੇ ਅੱਠ ਮੁੱਖ ਸੰਪਰਕ ਸੜਕ ਪ੍ਰਾਜੈਕਟਾਂ ਦੇ ਨੀਂਹ ਪੱਥਰ ਰੱਖੇ



ਚੰਡੀਗੜ੍ਹ/ਲੁਧਿਆਣਾ, 22 ਸਤੰਬਰ (ਚ.ਨ.ਸ.): ਪੰਜਾਬ ਦੇ ਮਾਲ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ 12.15 ਕਰੋੜ ਰੁਪਏ ਦੀ ਲਾਗਤ ਵਾਲੇ ਅੱਠ ਮੁੱਖ ਸੰਪਰਕ ਸੜਕ ਪ੍ਰਾਜੈਕਟਾਂ ਦੇ ਨੀਂਹ ਪੱਥਰ ਰੱਖੇ। ਇਨ੍ਹਾਂ ਸੰਪਰਕ ਸੜਕ ਪ੍ਰਾਜੈਕਟਾਂ ਵਿੱਚ ਗੱਦੋਵਾਲ ਤੋਂ ਕਰੌਰ (1.80 ਕਿਲੋਮੀਟਰ), ਮਾਨਗੜ੍ਹ ਤੋਂ ਕੋਹਾੜਾ-ਮਾਛੀਵਾੜਾ (1.10 ਕਿਲੋਮੀਟਰ), ਕਟਾਣੀ ਖ਼ੁਰਦ ਤੋਂ ਕੋਟ ਗੰਗੂ ਰਾਏ, ਉੱਪਲਾਂ ਸੰਘੇ ਤੋਂ ਮਾਛੀਵਾੜਾ (7.20 ਕਿਲੋਮੀਟਰ), ਛੰਦੜਾਂ ਤੋਂ ਕਟਾਣੀ (1.23 ਕਿਲੋਮੀਟਰ), ਚੰਡੀਗੜ੍ਹ ਸੜਕ ਤੋਂ ਛੰਦੜਾਂ (1.20 ਕਿਲੋਮੀਟਰ), ਐਲ.ਸੀ ਸੜਕ ਤੋਂ ਹੀਰਾਂ ਤੋਂ ਬਰਵਾਲਾ ਤੋਂ ਸਾਹਨੇਵਾਲ ਤੋਂ ਰਾਮਗੜ੍ਹ (10.70 ਕਿਲੋਮੀਟਰ), ਹੀਰਾਂ ਤੋਂ ਕਨੇਚ (2.12 ਕਿਲੋਮੀਟਰ) ਅਤੇ ਸਾਹਨੇਵਾਲ ਖ਼ੁਰਦ ਸੜਕ (0.73 ਕਿਲੋਮੀਟਰ) ਸ਼ਾਮਲ ਹਨ।

ਮੁੰਡੀਆਂ ਨੇ ਕਿਹਾ ਕਿ ਇਨ੍ਹਾਂ ਪ੍ਰਾਜੈਕਟਾਂ ਦੇ ਮੁਕੰਮਲ ਹੋਣ ਨਾਲ ਖੇਤਰ ਵਿੱਚ ਸੜਕੀ ਸੰਪਰਕ ਵਧੇਗਾ ਤੇ ਲੋਕਾਂ ਨੂੰ ਵਧੇਰੇ ਸਹੂਲਤ ਮਿਲੇਗੀ। ਉਨ੍ਹਾਂ ਜੋਰ ਦੇ ਕੇ ਕਿਹਾ ਕਿ ਪੰਜਾਬ ਸਰਕਾਰ ਸੂਬਾ ਵਾਸੀਆਂ ਨੂੰ ਵਿਸ਼ਵ-ਪੱਧਰੀ ਸੜਕੀ ਬੁਨਿਆਦੀ ਢਾਂਚਾ ਪ੍ਰਦਾਨ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਉਸ ਦੂਰ-ਅੰਦੇਸ਼ ਸੋਚ ਦਾ ਹਿੱਸਾ ਹੈ ਜਿਸ ਤਹਿਤ ਸੂਬੇ ਭਰ ਵਿੱਚ ਵਿਸ਼ਵ-ਪੱਧਰੀ ਸੜਕੀ ਢਾਂਚਾ ਪ੍ਰਦਾਨ ਕਰਨ ਦਾ ਤਹੱਈਆ ਕੀਤਾ ਗਿਆ ਹੈ। ਕੈਬਨਿਟ ਮੰਤਰੀ ਨੇ ਅੱਗੇ ਕਿਹਾ ਕਿ ਇਹ ਪ੍ਰਾਜੈਕਟ ਖੇਤਰ 'ਚ ਸੜਕੀ ਸਹੂਲਤਾਂ ਵਧਾਉਣਗੇ, ਲੋਕਾਂ ਦੀ ਇੱਕ ਤੋਂ ਦੂਜੀ ਥਾਂ ਪਹੁੰਚ ਵਿੱਚ ਸੁਧਾਰ ਕਰਨਗੇ ਅਤੇ ਉਨ੍ਹਾਂ ਲਈ ਸੁਚਾਰੂ ਯਾਤਰਾ ਯਕੀਨੀ ਬਣਾਉਣਗੇ। ਉਨ੍ਹਾਂ ਭਰੋਸਾ ਦਿੱਤਾ ਕਿ ਇਹ ਪ੍ਰਾਜੈਕਟ ਸਮਾਂਬੱਧ ਤਰੀਕੇ ਨਾਲ ਪੂਰੇ ਕੀਤੇ ਜਾਣਗੇ ਤਾਂ ਜੋ ਆਉਣ-ਜਾਣਾ ਸੌਖਾ ਹੋ ਸਕੇ, ਸਥਾਨਕ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕੀਤਾ ਜਾ ਸਕੇ ਅਤੇ ਖੇਤਰ ਦੇ ਸਮੁੱਚੇ ਵਿਕਾਸ ਨੂੰ ਹੁਲਾਰਾ ਮਿਲ ਸਕੇ।

# ਸਰਹੱਦ ਪਾਰੋਂ ਚਲਾਏ ਜਾ ਰਹੇ ਹਥਿਆਰ ਤਸਕਰੀ ਮਾਡਿਊਲ ਦੇ ਮੈਂਬਰ 10 ਪਿਸਤੌਲਾਂ, 2.5 ਲੱਖ ਹਵਾਲਾ ਰਾਸ਼ੀ ਸਮੇਤ ਕਾਬੂ

ਅੰਮ੍ਰਿਤਸਰ, 22 ਸਤੰਬਰ (ਬਬਲੂ ਮਹਾਜਨ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਖੁਫੀਆ ਇਤਲਾਹ 'ਤੇ ਕਾਰਵਾਈ ਕਰਦਿਆਂ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਸਰਹੱਦ ਪਾਰੋਂ ਗੈਰ-ਕਾਨੂੰਨੀ ਹਥਿਆਰ ਸਪਲਾਈ ਵਿੱਚ ਸ਼ਾਮਲ , ਸੰਗਠਿਤ ਹਥਿਆਰ ਅਤੇ ਹਵਾਲਾ ਨੈੱਟਵਰਕ ਦੇ ਤਿੰਨ ਕਾਰਕੁੰਨਾਂ ਨੂੰ 10 ਆਧੁਨਿਕ ਹਥਿਆਰਾਂ ਅਤੇ 2.5 ਲੱਖ ਰੁਪਏ ਹਵਾਲਾ ਮਨੀ ਸਮੇਤ ਗ੍ਰਿਫ਼ਤਾਰ ਕਰਕੇ ਗਿਰੋਹ ਦਾ ਪਰਦਾਫ਼ਾਸ਼ ਕੀਤਾ ਹੈ । ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਅਮਰਜੀਤ ਸਿੰਘ ਉਰਫ਼ ਬਾਊ (22) ਵਾਸੀ ਮਾਝੀ ਮੇਓ (ਅੰਮ੍ਰਿਤਸਰ), ਮਨਬੀਰ ਸਿੰਘ (26) ਵਾਸੀ ਵਾਨ ਤਾਰਾ ਸਿੰਘ (ਤਰਨਤਾਰਨ) ਅਤੇ ਮੁਹੰਮਦ ਤੌਫੀਕ ਖਾਨ ਉਰਫ਼ ਬੱਬਲੂ (42) ਵਾਸੀ ਗੌਤਮ ਨਗਰ, ਮੁੰਬਈ ਵਜੋਂ ਹੋਈ ਹੈ। ਬਰਾਮਦ ਕੀਤੇ ਗਏ ਹਥਿਆਰਾਂ ਵਿੱਚ ਤਿੰਨ .30 ਬੋਰ



ਪੀਐਕਸ5 ਪਿਸਤੌਲਾਂ, ਤਿੰਨ 9 ਐਮਐਮ ਗਲਾਕ, ਇੱਕ 9ਐਮਐਮ ਬ੍ਰੇਟਾ ਅਤੇ ਤਿੰਨ .30 ਬੋਰ ਪਿਸਤੌਲ ਸ਼ਾਮਲ ਹਨ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਪਾਕਿਸਤਾਨ ਸਥਿਤ ਹੈਂਡਲਰਾਂ ਦੇ ਸੰਪਰਕ ਵਿੱਚ ਸਨ ਅਤੇ ਸੂਬੇ ਵਿੱਚ ਸ਼ਾਂਤੀ ਨੂੰ ਭੰਗ ਕਰਨ ਦੇ ਇਰਾਦੇ ਨਾਲ ਗੈਰ-ਕਾਨੂੰਨੀ ਹਥਿਆਰ ਪ੍ਰਾਪਤ ਕਰਨ ਤੇ ਅੱਗੇ ਸਪਲਾਈ ਕਰਨ ਲਈ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਸਨ ।

ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਅਗਲੇਰੇ ਪਿਛਲੇਰੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਪੂਰੇ ਨੈੱਟਵਰਕ ਦਾ ਪਤਾ ਲਗਾਇਆ ਜਾ ਸਕੇ ਅਤੇ ਸਰਹੱਦ ਪਾਰ ਸਬੰਧਾਂ ਦੀ ਪਛਾਣ ਕੀਤੀ ਜਾ ਸਕੇ। ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਾਰਵਾਈ ਦੇ ਵੇਰਵੇ ਸਾਂਝੇ ਕਰਦਿਆਂ ਕਿਹਾ ਕਿ ਖੁਫੀਆ ਇਤਲਾਹ ਤਹਿਤ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਅਮਰਜੀਤ ਉਰਫ਼ ਬਾਊ ਨੂੰ ਗ੍ਰਿਫ਼ਤਾਰ ਕੀਤਾ ਸੀ ਤੇ ਉਸ ਦੇ ਕਬਜ਼ੇ ਵਿੱਚੋਂ ਇੱਕ ਗਲੌਕ ਪਿਸਤੌਲ ਬਰਾਮਦ ਕੀਤਾ ਸੀ। ਬਾਅਦ ਵਿੱਚ, ਅਮਰਜੀਤ ਦੇ ਖੁਲਾਸੇ 'ਤੇ, ਮਨਬੀਰ ਨੂੰ ਨਾਮਜ਼ਦ ਕੀਤਾ ਗਿਆ ਅਤੇ ਨੌਂ ਪਿਸਤੌਲਾਂ ਸਮੇਤ ਉਸਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਕਿਹਾ ਕਿ ਅਮਰਜੀਤ ਅਤੇ ਮਨਬੀਰ ਦੋਵਾਂ ਦਾ ਇੱਕ ਸਾਂਝਾ ਪਾਕਿਸਤਾਨੀ ਹੈਂਡਲਰ ਸੀ, ਜੋ ਡਰੋਨ ਰਾਹੀਂ ਹਥਿਆਰਾਂ ਦੀ ਖੇਪ ਭਾਰਤੀ ਖੇਤਰ ਵਿੱਚ ਘੱਲਦਾ ਸੀ। ਸੀ.ਪੀ ਨੇ ਕਿਹਾ ਕਿ ਹੋਰ ਜਾਂਚ ਤੋਂ ਪਤਾ ਲੱਗਾ ਹੈ ਕਿ ਇੱਕ ਮੁੰਬਈ-ਅਧਾਰਤ ਵਿਅਕਤੀ, ਮੁਹੰਮਦ ਤੌਫੀਕ ਖਾਨ ਤਸਕਰੀ ਤੋਂ ਬਣਾਏ ਇਸ ਪੈਸੇ ਨੂੰ ਹਵਾਲਾ ਰਾਹੀਂ ਪਾਕਿਸਤਾਨ ਭੇਜਦਾ ਸੀ, ਜੋ ਨੈੱਟਵਰਕ ਚਲਾਉਣ ਲਈ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਕਿਰਾਏ ਦੇ ਮਕਾਨਾਂ ਵਿੱਚ ਰਹਿੰਦਾ ਸੀ। ਉਨ੍ਹਾਂ ਅੱਗੇ ਕਿਹਾ ਕਿ ਤੌਫੀਕ ਨੂੰ 2.5 ਲੱਖ ਰੁਪਏ ਦੀ ਹਵਾਲਾ ਮਨੀ ਸਮੇਤ ਗ੍ਰਿਫ਼ਤਾਰ ਕੀਤਾ ਗਿਆ। ਇਸ ਸਬੰਧ ਵਿੱਚ, ਅੰਮ੍ਰਿਤਸਰ ਦੇ ਪੁਲਿਸ ਸਟੇਸ਼ਨ ਗੇਟ ਹਕੀਮਾ ਵਿਖੇ ਆਰਮਜ਼ ਐਕਟ ਦੀ ਧਾਰਾ 25(6), 25(7) ਅਤੇ 25(8) ਦੇ ਤਹਿਤ ਐਫਆਈਆਰ ਨੰਬਰ 257 ਮਿਤੀ 17.09.2025 ਕੇਸ ਦਰਜ ਕੀਤਾ ਗਿਆ ਹੈ।

# ਕੁਲਤਾਰ ਸਿੰਘ ਸੰਧਵਾਂ ਨੇ ਬਾਬਾ ਫ਼ਰੀਦ ਜੀ ਦੇ ਆਗ਼ਮਨ ਪੁਰਬ 'ਤੇ ਸੂਬਾ ਵਾਸੀਆਂ ਨੂੰ ਦਿੱਤੀ ਵਧਾਈ

ਚੰਡੀਗੜ੍ਹ 22 ਸਤੰਬਰ (ਚ.ਨ.ਸ.): ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਮਹਾਨ ਸੂਫੀ ਸੰਤ ਬਾਬਾ ਫ਼ਰੀਦ ਜੀ



ਦੇ ਆਗਮਨ ਪੁਰਬ 'ਤੇ ਸੂਬਾ ਵਾਸੀਆਂ ਨੂੰ ਨਿੱਘੀ ਦਿੱਤੀ ਵਧਾਈ।ਸੰਧਵਾਂ ਨੇ ਦੱਸਿਆ ਕਿ ਬਾਬਾ ਸੇਖ ਫ਼ਰੀਦ ਜੀ ਨੇ ਆਪਣੀ ਬਾਣੀ ਵਿੱਚ ਲੋਕਾਂ ਨੂੰ ਸ਼ਾਂਤੀ, ਭਾਈਚਾਰੇ ਤੇ ਸਦਭਾਵਨਾ ਦਾ ਸੰਦੇਸ਼ ਦਿੱਤਾ। ਉਨ੍ਹਾਂ ਦੁਆਰਾ ਰਚਿਤ ਬਾਣੀ ਮੌਜੂਦਾ ਭੌਤਿਕਵਾਦੀ ਸਮਾਜ ਵਿੱਚ ਹੋਰ ਵੀ ਪ੍ਰਸੰਗਿਕ ਹੈ।

ਬੁਲਾਰੇ ਨੇ ਲੋਕਾਂ ਨੂੰ ਬਾਬਾ ਫ਼ਰੀਦ ਜੀ ਦੁਆਰਾ ਦਰਸਾਏ ਮਾਰਗ 'ਤੇ ਚੱਲਣ ਤੇ ਆਪਸੀ ਪਿਆਰ ਨਾਲ ਰਹਿਣ ਦੀ ਅਪੀਲ ਕੀਤੀ। ਜ਼ਿਕਰਯੋਗ ਹੈ ਕਿ ਬਾਬਾ ਫ਼ਰੀਦ ਜੀ ਦੁਆਰਾ ਰਚਿਤ 112 ਸਲੋਕ ਤੇ 4 ਸਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਦਰਜ ਹਨ।

# ਓਡੀਸ਼ਾ 'ਚ ਔਰਤਾਂ ਵਿਰੁੱਧ ਅਪਰਾਧ ਦੇ 37,600 ਤੋਂ ਵੱਧ ਮਾਮਲੇ ਦਰਜ : ਮੁੱਖ ਮੰਤਰੀ

ਭੁਵਨੇਸ਼ਵਰ, 22 ਸਤੰਬਰ (ਚ.ਨ.ਸ.): ਓਡੀਸ਼ਾ ਦੇ ਮੁੱਖ ਮੰਤਰੀ ਮੋਹਨ ਚਰਨ ਮਾਝੀ ਨੇ ਸੋਮਵਾਰ ਨੂੰ ਵਿਧਾਨ ਸਭਾ ਨੂੰ ਦੱਸਿਆ ਕਿ ਜੂਨ 2024 ਤੋਂ ਇਸ ਸਾਲ ਜੁਲਾਈ ਤੱਕ ਰਾਜ ਵਿੱਚ ਔਰਤਾਂ ਵਿਰੁੱਧ ਅਪਰਾਧ ਦੇ 37,611 ਮਾਮਲੇ ਦਰਜ ਕੀਤੇ ਗਏ ਹਨ। ਕਾਂਗਰਸ ਵਿਧਾਇਕ ਸੋਫੀਆ ਫਿਰਦੌਸ ਦੇ ਇੱਕ ਸਵਾਲ ਦਾ ਜਵਾਬ ਦਿੰਦੇ ਹੋਏ, ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ 14 ਮਹੀਨਿਆਂ ਦੌਰਾਨ, ਰਾਜ ਵਿੱਚ ਬਲਾਤਕਾਰ ਦੇ 2,933 ਮਾਮਲੇ, ਛੇੜਛਾੜ ਦੇ 9,181 ਮਾਮਲੇ, ਜਿਨਸੀ ਸ਼ੋਸ਼ਣ ਦੇ 1,278 ਮਾਮਲੇ, ਜਨਤਕ ਤੌਰ 'ਤੇ ਔਰਤਾਂ ਦੇ ਕੱਪੜੇ ਉਤਾਰਨ ਦੇ 2,161 ਮਾਮਲੇ, ਔਰਤਾਂ ਨੂੰ ਅਗਵਾ ਕਰਨ ਦੇ 8,227 ਮਾਮਲੇ, ਦਾਜ ਨਾਲ ਸਬੰਧਤ ਪਰੇਸ਼ਾਨੀ ਦੇ 5,464 ਮਾਮਲੇ ਅਤੇ ਗੈਰ-ਦਾਜ ਪਰੇਸ਼ਾਨੀ ਦੇ 6,134 ਮਾਮਲੇ ਦਰਜ ਕੀਤੇ ਗਏ ਹਨ। ਮਾਝੀ ਨੇ ਕਿਹਾ ਕਿ ਇਸੇ ਤਰ੍ਹਾਂ, ਛੇੜਛਾੜ ਦੇ 702 ਮਾਮਲੇ, ਬਲਾਤਕਾਰ ਦੀ ਕੋਸ਼ਿਸ਼ ਦੇ 174 ਮਾਮਲੇ, ਜਿਨਸੀ ਸੰਬੰਧਾਂ ਤੋਂ ਬਾਅਦ ਵਿਆਹ ਤੋਂ ਇਨਕਾਰ ਕਰਨ ਦੇ 334 ਮਾਮਲੇ, ਪਿੱਛਾ ਕਰਨ ਦੇ 447 ਮਾਮਲੇ, ਤੇਜ਼ਾਬ ਹਮਲੇ ਦੇ ਤਿੰਨ ਮਾਮਲੇ, ਤੇਜ਼ਾਬ ਹਮਲੇ ਦੀ ਕੋਸ਼ਿਸ਼ ਦੇ ਤਿੰਨ ਮਾਮਲੇ, ਔਰਤਾਂ ਦੀ ਤਸਕਰੀ ਦੇ 127 ਮਾਮਲੇ, ਦਾਜ ਲਈ ਮੌਤ ਦੇ 264 ਮਾਮਲੇ, ਅਤੇ ਦਾਜ ਖੁਦਕੁਸ਼ੀ ਦੇ 44 ਮਾਮਲੇ ਰਾਜ ਭਰ ਦੇ ਵੱਖ-ਵੱਖ ਥਾਣਿਆਂ ਵਿੱਚ ਦਰਜ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਔਰਤਾਂ ਵਿਰੁੱਧ ਅਪਰਾਧਾਂ ਦੇ ਇਨ੍ਹਾਂ ਮਾਮਲਿਆਂ 'ਚ 5,979 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ ਵਿੱਚ 225 ਔਰਤਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਸੂਬੇ ਵਿੱਚ ਔਰਤਾਂ ਦੀ ਸੁਰੱਖਿਆ ਨੂੰ ਬਿਹਤਰ ਬਣਾਉਣ ਲਈ ਚੁੱਕੇ ਗਏ ਕਦਮਾਂ ਦਾ ਹਵਾਲਾ ਦਿੰਦੇ ਹੋਏ, ਮੁੱਖ ਮੰਤਰੀ ਨੇ ਕਿਹਾ ਕਿ ਔਰਤਾਂ ਨਾਲ ਸਬੰਧਤ ਕਿਸੇ ਵੀ ਸੰਵੇਦਨਸ਼ੀਲ ਮਾਮਲੇ, ਜਿਸ ਵਿੱਚ ਬਲਾਤਕਾਰ, ਜਿਨਸੀ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ (ਪੋਕਸੋ) ਐਕਟ, ਅਤੇ ਤੇਜ਼ਾਬ ਹਮਲਿਆਂ ਸ਼ਾਮਲ ਹਨ, ਦੀ ਨਿਗਰਾਨੀ ਸੁਪਰਡੈਂਟ ਆਫ਼ ਪੁਲਿਸ (ਐਸ.ਪੀ.) ਜਾਂ ਐਡੀਸ਼ਨਲ ਐਸ.ਪੀ. ਪੱਧਰ ਦੇ ਅਧਿਕਾਰੀਆਂ ਦੁਆਰਾ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਔਰਤਾਂ ਅਤੇ ਬੱਚਿਆਂ ਵਿਰੁੱਧ ਸਾਈਬਰ ਅਪਰਾਧਾਂ ਦੀ ਜਾਂਚ ਲਈ ਅਪਰਾਧਿਕ ਜਾਂਚ ਵਿਭਾਗ (ਸੀ.ਆਈ.ਡੀ.)-ਅਪਰਾਧ ਸ਼ਾਖਾ ਦੇ



ਅਧੀਨ ਇੱਕ ਅਪਰਾਧ ਨਿਗਰਾਨੀ ਇਕਾਈ ਕੰਮ ਕਰ ਰਹੀ ਹੈ। ਬਿਆਨ ਦੇ ਅਨੁਸਾਰ, ਉਨ੍ਹਾਂ ਕਿਹਾ ਕਿ ਬੱਚਿਆਂ ਵਿਰੁੱਧ ਜਿਨਸੀ ਅਪਰਾਧਾਂ ਦੇ ਮਾਮਲਿਆਂ ਦੀ ਸੁਣਵਾਈ ਵਿੱਚ ਤੇਜ਼ੀ ਲਿਆਉਣ ਲਈ 24 ਵਿਸ਼ੇਸ਼ ਪੋਕਸੋ ਅਦਾਲਤਾਂ ਕੰਮ ਕਰ ਰਹੀਆਂ ਹਨ, ਜਦੋਂ ਕਿ ਜ਼ਿਲ੍ਹਾ ਪੁਲਿਸ ਵੱਲੋਂ ਔਰਤਾਂ ਦੇ ਜਿਨਸੀ ਸ਼ੋਸ਼ਣ ਨੂੰ ਰੋਕਣ ਲਈ ਮਹੱਤਵਪੂਰਨ ਜਨਤਕ ਥਾਵਾਂ 'ਤੇ ਗਸ਼ਤ ਨੂੰ ਬਿਹਤਰ ਬਣਾਉਣ ਲਈ ਕਦਮ ਚੁੱਕੇ ਜਾ ਰਹੇ ਹਨ।

# ਵਿਸ਼ੇਸ਼ ਸਿਹਤ ਮੁਹਿੰਮ ਤਹਿਤ ਇੱਕ ਹਫ਼ਤੇ ਦੌਰਾਨ 2303 ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ 2.47 ਲੱਖ ਮਰੀਜ਼ਾਂ ਦਾ ਕੀਤਾ ਇਲਾਜ

ਚੰਡੀਗੜ੍ਹ, 22 ਸਤੰਬਰ (ਚ.ਨ.ਸ.): ਪੰਜਾਬ ਸਰਕਾਰ ਵੱਲੋਂ ਹੜ੍ਹਾਂ ਦੀ ਮਾਰ ਹੇਠ ਆਏ ਖੇਤਰਾਂ ਵਿੱਚ ਚਲਾਈ ਜਾ ਰਹੀ "ਵਿਸੇਸ ਸਿਹਤ ਮੁਹਿੰਮ" ਦਾ ਪਹਿਲਾ ਹਫਤਾ ਪੂਰਾ ਹੋਣ 'ਤੇ ਸ਼ਾਨਦਾਰ ਨਤੀਜੇ ਸਾਹਮਣੇ ਆਏ ਹਨ, ਜਿਸ ਤਹਿਤ ਮੈਡੀਕਲ ਟੀਮਾਂ ਵੱਲੋਂ ਹੜ੍ਹ ਪ੍ਰਭਾਵਿਤ 2303 ਪਿੰਡਾਂ ਵਿੱਚ ਸਿਹਤ ਕੈਂਪ ਲਗਾਏ ਗਏ ਅਤੇ 2,47,958 ਤੋਂ ਵੱਧ ਓਪੀਡੀ ਕੰਸਲਟੇਸ਼ਨਜ਼ ਕੀਤੀਆਂ। ਇਹ ਜਾਣਕਾਰੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਇੱਥੇ ਦਿੱਤੀ। ਇਸ ਵੱਡੇ ਯਤਨ ਸਦਕਾ 31,717 ਬੁਖਾਰ ਦੇ ਕੇਸ, 7,832 ਦਸਤ ਦੇ ਕੇਸ, 36,119 ਚਮੜੀ ਦੀ ਲਾਗ ਅਤੇ 16,884 ਅੱਖਾਂ ਦੀ ਲਾਗ ਸਬੰਧੀ ਬਿਮਾਰੀਆਂ ਦਾ ਤੁਰੰਤ ਇਲਾਜ ਸੰਭਵ ਹੋਇਆ ਹੈ ਤਾਂ ਜੋ ਕਿਸੇ ਵੱਡੇ ਪ੍ਰਕੋਪ ਨੂੰ ਰੋਕਿਆ ਜਾ ਸਕੇ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ 14 ਸਤੰਬਰ ਨੂੰ, 2303 ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ "ਵਿਸ਼ੇਸ਼ ਸਿਹਤ ਮੁਹਿੰਮ" ਦੀ ਅਗਵਾਈ ਕਰਨ ਲਈ ਸਾਰੇ ਉਪਲਬਧ ਸਰੋਤਾਂ- ਸਰਕਾਰੀ ਡਾਕਟਰਾਂ, ਨਵੇਂ ਭਰਤੀ ਕੀਤੇ ਮੈਡੀਕਲ ਅਫਸਰਾਂ, ਪ੍ਰਾਈਵੇਟ ਵਲੰਟੀਅਰਾਂ, ਆਯੁਰਵੇਦ ਮੈਡੀਕਲ ਅਫਸਰਾਂ ਤੇ ਐਮਬੀਬੀਐਸ ਇੰਟਰਨਜ਼ ਨੂੰ ਤਾਇਨਾਤ ਕਰਨ ਦੇ ਨਿਰਦੇਸ਼ ਦਿੱਤੇ ਸਨ। 14 ਸਤੰਬਰ ਤੋਂ ਹੁਣ ਤੱਕ ਦੇ ਸੰਚਤ ਡੇਟਾ ਜਾਰੀ ਕਰਦੇ ਹੋਏ, ਸਿਹਤ ਮੰਤਰੀ ਨੇ ਕਿਹਾ ਕਿ ਪਹਿਲਾਂ ਤੋਂ ਹੀ ਰੋਕਥਾਮ ਕਾਰਵਾਈ 'ਤੇ ਰਣਨੀਤਕ ਧਿਆਨ ਦਿੱਤਾ ਗਿਆ ਸੀ ਜਿਸ ਕਰਕੇ ਅਹਿਮ ਨਤੀਜੇ ਸਾਹਮਣੇ ਆਏ ਹਨ, 20,000 ਤੋਂ ਵੱਧ ਆਸ਼ਾ ਵਰਕਰਾਂ ਦੁਆਰਾ 7 ਲੱਖ ਤੋਂ ਵੱਧ ਘਰਾਂ ਵਿੱਚ ਜਾ ਕੇ ਜਾਂਚ ਕੀਤੀ ਤੇ ਇਸ ਦੌਰਾਨ ਸਿਰਫ ਪੰਜ ਮਲੇਰੀਆ ਦੇ ਕੇਸ ਹੀ ਸਾਹਮਣੇ ਆਏ ਹਨ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਇਹ ਅੰਕੜੇ ਸਿਹਤ ਸੰਕਟ ਦੀ ਸਫਲ ਰੋਕਥਾਮ ਨੂੰ ਦਰਸਾਉਂਦੇ ਹਨ। ਜਿੱਥੇ ਵੱਡੇ ਪ੍ਰਕੋਪ ਦੀ ਉਮੀਦ ਕੀਤੀ ਗਈ ਸੀ, ਸਾਡੀ ਪਹਿਲਾਂ ਤੋਂ ਰੋਕਥਾਮ ਰਣਨੀਤੀ ਨੇ ਸਾਡੇ ਲੋਕਾਂ ਦੇ ਆਲੇ ਦੁਆਲੇ ਇੱਕ ਮਜ਼ਬੂਤ ਸਿਹਤ ਢਾਲ ਬਣਾਈ ਹੈ। ਮਲੇਰੀਆ ਦੇ ਨਾ ਬਰਾਬਰ ਮਾਮਲਿਆਂ ਦਾ ਸਾਹਮਣੇ ਆਉਣਾ ਤੇ ਹੋਰ ਬਿਮਾਰੀਆਂ ਦਾ ਸੁਚੱਜਾ ਪ੍ਰਬੰਧਨ ਦਰਸਾਉਂਦਾ ਹੈ ਕਿ ਸਾਡੀ ਤਿੰਨ-ਪੱਖੀ ਪਹੁੰਚ ਜਮੀਨੀ ਪੱਧਰ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰ ਰਹੀ ਹੈ। ਇਸੇ ਤਰ੍ਹਾਂ, ਤੀਬਰ ਵੈਕਟਰ-ਕੰਟਰੋਲ ਮੁਹਿੰਮਾਂ ਤਹਿਤ 6.22 ਲੱਖ ਘਰਾਂ ਨੂੰ ਮੱਛਰਾਂ ਦੇ ਪ੍ਰਜਨਨ ਸਬੰਧੀ ਪਤਾ ਲਗਾਉਣ ਲਈ ਕਵਰ ਕੀਤਾ ਗਿਆ ਹੈ, 11,582 ਘਰਾਂ ਵਿੱਚ ਪ੍ਰਜਨਨ ਸਥਾਨਾਂ ਨੂੰ ਲੱਭ ਕੇ ਨਸ਼ਟ ਕੀਤਾ ਗਿਆ ਹੈ। ਇੱਕ ਮਹੱਤਵਪੂਰਨ ਰੋਕਥਾਮ ਉਪਾਅ ਵਜੋਂ, 1.43 ਲੱਖ ਘਰਾਂ 'ਤੇ ਪ੍ਰੀਐਂਪਟਿਵ ਲਾਰਵੀਸਾਈਡ ਦਾ ਛਿੜਕਾਅ ਕੀਤਾ ਗਿਆ ਸੀ ਅਤੇ ਬਿਮਾਰੀ ਦੇ ਸੰਚਾਰ ਚੱਕਰ ਨੂੰ ਤੋੜਨ ਲਈ ਸਾਰੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਵਿਆਪਕ ਫਿਊਮੀਗੇਸ਼ਨ ਕੀਤੀ ਗਈ ਹੈ।

# ਸੌਂਦ ਵੱਲੋਂ ਸੰਗੀਤਕਾਰ ਜਨਾਬ ਚਰਨਜੀਤ ਅਹੂਜਾ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ

ਚੰਡੀਗੜ੍ਹ, 22 ਸਤੰਬਰ (ਚ.ਨ.ਸ.): ਪੰਜਾਬ ਦੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਪ੍ਰਸਿੱਧ ਸੰਗੀਤਕਾਰ ਜਨਾਬ ਚਰਨਜੀਤ ਅਹੂਜਾ ਦੇ ਦੇਹਾਂਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਆਪਣੇ ਸੋਕ ਸੰਦੇਸ ਵਿੱਚ ਸੌਂਦ ਨੇ ਕਿਹਾ ਕਿ ਅਹੂਜਾ ਸਾਬ੍ਹ ਦੇ ਜਾਣ ਨਾਲ ਇੱਕ ਦੌਰ ਦਾ ਅੰਤ ਹੋਇਆ ਹੈ। ਉਨ੍ਹਾਂ ਦੀਆਂ ਸੰਗੀਤਕ ਧੁਨਾਂ ਰਹਿੰਦੀ ਦੁਨੀਆਂ ਤੱਕ ਗੂੰਜਦੀਆਂ ਰਹਿਣਗੀਆਂ। ਉਨ੍ਹਾਂ ਕਿਹਾ ਕਿ ਚਰਨਜੀਤ ਅਹੂਜਾ



ਵੱਲੋਂ ਬਣਾਏ ਗਾਣੇ ਲਾਜਵਾਬ, ਸਕੂਨਦਾਇਕ ਤੇ ਯਾਦਗਾਰੀ ਹਨ। ਕਿੰਨੇ ਹੀ ਗਾਇਕਾਂ ਨੂੰ ਉਨ੍ਹਾਂ ਨੇ ਬੁਲੰਦੀਆਂ ਉੱਤੇ ਪਹੁੰਚਾਇਆ ਪਰ ਖੁਦ ਜਮੀਨ ਨਾਲ ਜੁੜੇ ਰਹੇ। ਉਨ੍ਹਾਂ ਕਿਹਾ ਕਿ ਅਜਿਹੀ ਸੰਗੀਤਕ ਸਖਸੀਅਤ ਦੇ ਤੁਰ ਜਾਣ ਨਾਲ ਪੰਜਾਬੀ ਸੰਗੀਤਕ ਉਦਯੋਗ ਨੂੰ ਪਿਆ ਘਾਟਾ ਕਦੇ ਵੀ ਪੂਰਿਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਪੰਜਾਬੀ ਗੀਤ ਸੰਗੀਤ ਨੂੰ ਪਿਆਰ ਕਰਨ ਵਾਲਿਆਂ ਦੇ ਦਿਲਾਂ ਵਿੱਚ ਚਰਨਜੀਤ ਅਹੂਜਾ ਸਦਾ ਜਿਊਂਦੇ ਰਹਿਣਗੇ।

ਹਰ ਪਲ ਸੰਗੀਤਕ ਧੁਨਾਂ ਵਿੱਚ ਸਾਹ ਲੈਣ ਵਾਲੇ ਚਰਨਜੀਤ ਅਹੂਜਾ ਦੇ ਇਸ ਫਾਨੀ ਸੰਸਾਰ ਤੋਂ ਤੁਰ ਜਾਣ ਉੱਤੇ ਸੌਂਦ ਨੇ ਅਹੂਜਾ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਪ੍ਰਮਾਤਮਾ ਨੇਕ ਰੂਹ ਨੂੰ ਆਪਣੇ ਚਰਨਾਂ ਵਿੱਚ ਥਾਂ ਬਖਸੇ ਤੇ ਅਹੂਜਾ ਪਰਿਵਾਰ, ਰਿਸਤੇਦਾਰਾਂ ਤੇ ਪ੍ਰਸੰਸਕਾਂ ਨੂੰ ਇਹ ਦੁੱਖ ਦੀ ਘੜੀ ਸਹਿਣ ਦਾ ਬਲ ਦੇਵੇ।

# ਪੰਜਾਬ ਦੀ ਸਿਆਸਤ ਨੂੰ ਲੈ ਕੇ ਕੈਬਨਿਟ ਮੰਤਰੀ ਚਿਰਾਗ ਪਾਸਵਾਨ ਵੱਲੋਂ ਕੌਮੀ ਭਾਜਪਾ ਪ੍ਰਧਾਨ ਨੱਡਾ ਨਾਲ ਮੁਲਾਕਾਤ

ਦਿੱਲੀ, 22 ਸਤੰਬਰ (ਚ.ਨ.ਸ.): ਅੱਜ ਲੋਕ ਜਨ ਸ਼ਕਤੀ ਪਾਰਟੀ ਰਾਮ ਬਿਲਾਸ ਦੇ ਨੈਸ਼ਨਲ ਸੁਪਰੀਮੋ ਅਤੇ ਕੇਂਦਰੀ ਕੈਬਨਟ ਮੰਤਰੀ ਚਿਰਾਗ ਪਾਸਵਾਨ ਨੇ ਭਾਜਪਾ ਨੈਸ਼ਨਲ ਪ੍ਰਧਾਨ ਜੇਪੀ ਨੱਡਾ ਨਾਲ ਪੰਜਾਬ ਅੰਦਰ ਭੱਖਦੀ ਸਿਆਸਤ ਨੂੰ ਲੈ ਕੇ ਦਿੱਲੀ ਵਿਖੇ ਵਿਸ਼ੇਸ਼ ਮੁਲਾਕਾਤ ਕੀਤੀ ਹੈ।

ਭਰੋਸੇਮੰਦ ਸੂਤਰਾਂ ਤੋਂ ਪਤਾ ਲੱਗਿਆ ਹੈ ਕਿ ਪੰਜਾਬ ਅੰਦਰ ਲੋਕ ਜਨ ਸ਼ਕਤੀ ਪਾਰਟੀ ਦਾ ਕੱਦ ਦਿਨੋ ਦਿਨ ਕਈ ਗੁਣਾ ਜਿਆਦਾ ਵੱਧਦਾ ਜਾ ਰਿਹਾ ਹੈ ਤੇ ਪੰਜਾਬ ਦੇ ਲੋਕ ਲੋਕ ਜਨ ਸ਼ਕਤੀ ਪਾਰਟੀ ਨਾਲ ਵੱਡੀ ਗਿਣਤੀ ਵਿੱਚ ਜੁੜਦੇ ਹੋਏ ਨਜ਼ਰ ਆ ਰਹੇ ਹਨ। ਇਸ ਵਿਸ਼ੇਸ਼ ਬੈਠਕ ਵਿੱਚ ਹੋਈ ਚਰਚਾ ਮੁਤਾਬਿਕ ਅਤੇ ਏਜੰਸੀਆਂ ਦੀ ਰਿਪੋਰਟ ਮੁਤਾਬਿਕ ਪੰਜਾਬ ਸਿਆਸਤ ਦੇ ਨਾਮ ਚੀਨ ਚਿਹਰੇ ਅਤੇ ਲੋਕ ਜਨ ਸ਼ਕਤੀ ਪਾਰਟੀ ਪੰਜਾਬ ਦੇ ਪ੍ਰਧਾਨ ਸਰਦਾਰ ਅਮਰ ਸਿੰਘ ਮਹਿਮੀ ਅਤੇ ਪੰਜਾਬ ਦੇ ਮੀਡੀਆ ਇੰਚਾਰਜ ਅਤੇ ਬਠਿੰਡਾ ਜਿਲ੍ਹਾ ਪ੍ਰਧਾਨ ਅਤੇ ਪੰਜਾਬ ਸਿਆਸਤ ਦੇ ਤੇਜ਼ੀ ਨਾਲ ਉਭਰਦੇ ਹੋਏ ਸਿਤਾਰੇ ਅਤੇ ਨਿਰਧੜਕ ਬੁਲਾਰੇ ਚੌਧਰੀ ਰਾਜੇਸ਼ ਕੁਮਾਰ ਗਹਿਰੀਵਾਲਾ ਬਠਿੰਡਾ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਦਿਨ ਰਾਤ ਇੱਕ ਕਰਕੇ ਪੰਜਾਬ ਦੇ ਹਰੇਕ ਜਿਲੇ ਅਤੇ ਕਸਬੇ ਅੰਦਰ ਵਿਸ਼ੇਸ਼ ਦੌਰਾ ਕਰਦੇ ਹੋਏ ਚਿਰਾਗ ਪਾਸਵਾਨ ਦੀਆਂ ਪੰਜਾਬ ਪੱਖੀ ਚੰਗੀਆਂ ਨੀਤੀਆਂ ਬਾਰੇ ਪੰਜਾਬ ਦੇ ਲੋਕਾਂ ਨੂੰ ਬਰੀਕੀ ਨਾਲ ਜਾਗਰੂਕ ਕੀਤਾ ਜਾ ਰਿਹਾ ਹੈ ਜਿਸ ਕਰਕੇ ਪੰਜਾਬ ਅੰਦਰ ਲੋਕ ਜਨਸ਼ਕਤੀ ਪਾਰਟੀ ਰਾਮ ਬਿਲਾਸ ਦਾ ਵੋਟ ਬੈਂਕ ਦਿਨੋ ਦਿਨ ਅਮਰ ਬੇਲ ਵਾਂਗ ਵੱਧਦਾ ਜਾ ਰਿਹਾ ਹੈ ਤੇ ਖੁੰਡ ਚਰਚਾ ਮੁਤਾਬਿਕ ਲੋਕ ਜਨ ਸ਼ਕਤੀ ਪਾਰਟੀ ਦਾ ਨਾਮ ਹਰ ਵਿਅਕਤੀ ਇੱਥੇ ਬੱਚੇ ਦੇ ਮੂੰਹੋਂ ਸੁੰਣਣ ਨੂੰ ਮਿਲ ਰਿਹਾ ਹੈ ਬਾਰੇ ਇਸ ਵਿਸ਼ੇਸ਼ ਬੈਠਕ ਵਿੱਚ ਭਾਜਪਾ ਨੈਸ਼ਨਲ ਪ੍ਰਧਾਨ ਜੇਪੀ ਨੱਡਾ ਨਾਲ ਖੁੱਲ ਕੇ ਚਰਚਾ ਹੋਈ ਹੈ। ਇੱਥੇ ਵਿਸ਼ੇਸ਼ ਤੌਰ ਤੇ ਦੱਸਣ ਯੋਗ ਬਣਦਾ ਹੈ ਕਿ ਪੰਜਾਬ ਅੰਦਰ ਬੀਜੇਪੀ ਅਤੇ ਲੋਕ ਜਨਸ਼ਕਤੀ ਰਾਮ ਵਿਲਾਸ ਪਾਰਟੀ ਦਾ ਆਪਸੀ ਗਠਜੋੜ ਕਰਨ ਲਈ ਸੀਟਾਂ ਦੀ ਵੰਡ ਨੂੰ ਲੈ ਕੇ ਕਿਸੇ ਸਮੇਂ ਵੀ ਵੱਡਾ ਫੈਸਲਾ ਆ ਸਕਦਾ ਹੈ

ਭਾਜਪਾ ਨੈਸ਼ਨਲ ਪ੍ਰਧਾਨ ਜੇ ਪੀ ਨੱਡਾ ਅਤੇ ਲੋਕ ਜਨਸ਼ਕਤੀ ਪਾਰਟੀ ਰਾਮ ਬਿਲਾਸ ਦੇ ਸੁਪਰੀਮੋ ਅਤੇ ਕੇਂਦਰੀ ਕੈਬਨਟ ਮੰਤਰੀ ਚਿਰਾਗ ਪਾਸਵਾਨ ਦਾ ਮੁੱਖ ਉਦੇਸ਼ ਹੈ ਕਿ ਪੰਜਾਬ ਅੰਦਰ ਅਗਲੀ ਸਰਕਾਰ ਭਾਜਪਾ ਅਤੇ ਲੋਕ ਜਨ ਸ਼ਕਤੀ ਪਾਰਟੀ ਦੀ ਆਪਸੀ ਸਹਿਮਤੀ ਨਾਲ ਬਣਾਈ ਜਾ ਸਕੇ

# ਚੱਲਦੀ ਟ੍ਰੇਨ ਨੂੰ ਲੱਗੀ ਅੱਗ, ਜਾਨ ਬਚਾਉਣ ਲਈ ਲੋਕਾਂ ਨੇ ਮਾਰੀਆਂ ਛਾਲਾਂ

ਕਰਮਾਟੰਡ, 22 ਸਤੰਬਰ (ਚ.ਨ.ਸ.): ਸੋਮਵਾਰ ਦੁਪਹਿਰ 12 ਵਜੇ ਦੇ ਕਰੀਬ, ਨਵੀਂ ਦਿੱਲੀ-ਹਾਵੜਾ ਵਾਇਆ ਪਟਨਾ ਸੈਕਸ਼ਨ 'ਤੇ ਬਕਸਰ-ਟਾਟਾ ਸੁਪਰਫਾਸਟ ਐਕਸਪ੍ਰੈਸ ਰੇਲਗੱਡੀ ਤੋਂ ਅਚਾਨਕ ਧੂੰਆਂ ਉੱਠਣਾ ਸ਼ੁਰੂ ਹੋ ਗਿਆ। ਇਸ ਨਾਲ ਦਹਿਸ਼ਤ ਫੈਲ ਗਈ। ਇਹ ਘਟਨਾ ਜਾਮਤੜਾ ਅਤੇ ਵਿਦਿਆਸਾਗਰ ਸਟੇਸ਼ਨਾਂ ਦੇ ਵਿਚਕਾਰ ਕਾਸੀਟੰਡ ਹਾਲਟ ਦੇ ਨੇੜੇ ਵਾਪਰੀ। ਰੇਲਗੱਡੀ ਦੇ ਇੰਜਣ ਦੇ ਤੀਜੇ ਡੱਬੇ ਵਿੱਚੋਂ ਧੂੰਆਂ ਉੱਠਦਾ ਦੇਖ ਕੇ ਯਾਤਰੀ ਘਬਰਾ ਗਏ। ਘਟਨਾ ਦੀ ਸੂਚਨਾ ਮਿਲਣ ਤੋਂ ਤੁਰੰਤ ਬਾਅਦ, ਰੇਲਗੱਡੀ ਵਿੱਚ ਸਵਾਰ ਰੇਲਵੇ ਕਰਮਚਾਰੀਆਂ ਦੀ ਸਾਵਧਾਨੀ ਕਾਰਨ ਅੱਗ 'ਤੇ ਕਾਬੂ ਪਾ ਲਿਆ ਗਿਆ। ਧੂੰਆਂ ਦੇਖ ਕੇ ਯਾਤਰੀ ਆਪਣਾ ਸਮਾਨ ਲੈ ਕੇ ਭੱਜਣ ਲੱਗੇ। ਇਹ ਘਟਨਾ ਉਦੋਂ ਵਾਪਰੀ ਜਦੋਂ ਵਿਦਿਆਸਾਗਰ ਰੇਲਵੇ ਸਟੇਸ਼ਨ ਅਤੇ ਕਾਸੀਟੰਡ ਹਾਲਟ ਦੇ ਵਿਚਕਾਰ ਕਾਲਾ ਝਰੀਆ ਪਿੰਡ ਦੇ ਨੇੜੇ 8184 ਡਾਊਨ




ਪਟਨਾ-ਟਾਟਾ ਚੇਅਰਲਿਫਟ ਇੰਜਣ ਦੀ ਦੂਜੀ ਬੋਗੀ 'ਤੇ ਬ੍ਰੇਕ ਮੋੜਨ ਕਾਰਨ ਅੱਗ ਲੱਗ ਗਈ। ਪਹੀਏ ਦੀ ਅੱਗ ਤੋਂ ਧੂੰਆਂ ਉੱਠਦਾ ਦੇਖ ਕੇ ਅੰਦਰਲੇ ਯਾਤਰੀ ਘਬਰਾ ਗਏ। ਯਾਤਰੀਆਂ ਦੀਆਂ ਅਚਾਨਕ ਚੀਕਾਂ ਸੁਣ ਕੇ, ਹਰ ਕੋਈ ਬੋਗੀ ਤੋਂ ਛਾਲ ਮਾਰਨ ਲੱਗ ਪਿਆ, ਆਪਣਾ ਸਾਮਾਨ ਚੁੱਕ ਕੇ, ਕਿਉਂਕਿ ਰੇਲਗੱਡੀ ਹੌਲੀ ਹੋ ਗਈ।

ਯਾਤਰੀਆਂ ਨੇ ਆਪਣੇ ਜੁੱਤੇ ਛੱਡ ਦਿੱਤੇ ਤੇ ਨੰਗੇ ਪੈਰੀਂ ਦੌੜਨਾ ਸ਼ੁਰੂ ਕਰ ਦਿੱਤਾ। ਇਸ ਦੌਰਾਨ, ਟ੍ਰੇਨ ਗਾਰਡ ਅਤੇ ਡਰਾਈਵਰ, ਸਾਰਿਆਂ ਦੇ ਸਹਿਯੋਗ ਨਾਲ, ਅੱਗ ਬੁਝਾਉਣ ਵਾਲੇ ਯੰਤਰਾਂ ਨਾਲ ਅੱਗ 'ਤੇ ਕਾਬੂ ਪਾਉਣ ਲਈ ਅਣਥੱਕ ਮਿਹਨਤ ਕਰਨ ਲੱਗੇ। ਕਾਫ਼ੀ ਕੋਸ਼ਿਸ਼ਾਂ ਤੋਂ ਬਾਅਦ, ਅੱਗ 'ਤੇ ਕਾਬੂ ਪਾਇਆ ਗਿਆ। ਇਸ ਦੌਰਾਨ, ਯਾਤਰੀਆਂ ਦੀ ਭੀੜ ਅਪ ਲਾਈਨ 'ਤੇ ਇਕੱਠੀ ਹੋ ਗਈ। ਸਾਰਿਆਂ ਦੀ ਸਮਝਦਾਰੀ ਨਾਲ, ਲਗਭਗ ਅੱਧੇ ਘੰਟੇ ਬਾਅਦ ਆਖਰਕਾਰ ਅੱਗ 'ਤੇ ਕਾਬੂ ਪਾ ਲਿਆ ਗਿਆ। ਸਟੇਸ਼ਨ ਮੈਨੇਜਰ ਏ.ਕੇ. ਘਾਟੀ ਨੇ ਕਿਹਾ ਕਿ ਬ੍ਰੇਕ ਮੋੜਨ ਵਿੱਚ ਅੱਗ ਲੱਗਣ ਕਾਰਨ ਰੇਲਗੱਡੀ ਵਿੱਚ ਵਿਘਨ ਪਿਆ। ਸਾਰੇ ਯਾਤਰੀ ਸੁਰੱਖਿਅਤ ਹਨ। ਰੇਲਗੱਡੀ ਅੱਧੇ ਘੰਟੇ ਲਈ ਰੁਕੀ ਰਹੀ, ਅਤੇ ਉਸ ਤੋਂ ਬਾਅਦ ਆਵਾਜਾਈ ਮੁੜ ਸ਼ੁਰੂ ਹੋ ਗਈ।

# 'ਯੁੱਧ ਨਸ਼ਿਆਂ ਵਿਰੁੱਧ' ਦੇ 205ਵੇਂ ਦਿਨ 922 ਗ੍ਰਾਮ ਹੈਰੋਇਨ ਨਾਲ 81 ਨਸ਼ਾ ਤਸਕਰ ਕਾਬੂ

ਚੰਡੀਗੜ੍ਹ, 22 ਸਤੰਬਰ (ਚ.ਨ.ਸ.): ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰੇਦਸ਼ਾਂ 'ਤੇ ਵਿੱਢੇ ਗਏ "ਯੁੱਧ ਨਸ਼ਿਆਂ ਵਿਰੁੱਧ" ਦੇ 205ਵੇਂ ਦਿਨ ਪੰਜਾਬ ਪੁਲਿਸ ਨੇ ਅੱਜ 395 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਉਪਰੰਤ ਸੂਬੇ ਭਰ ਵਿੱਚ 59 ਐਫਆਈਆਰਜ਼ ਦਰਜ ਕਰਕੇ 81 ਨਸਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਨਾਲ 205 ਦਿਨਾਂ ਵਿੱਚ ਗ੍ਰਿਫਤਾਰ ਕੀਤੇ ਗਏ ਕੁੱਲ ਨਸਾ ਤਸਕਰਾਂ ਦੀ ਗਿਣਤੀ 30,540 ਹੋ ਗਈ ਹੈ।

ਇਹਨਾਂ ਛਾਪੇਮਾਰੀ ਦੇ ਨਤੀਜੇ ਵਜੋਂ ਗ੍ਰਿਫਤਾਰ ਕੀਤੇ ਗਏ ਤਸਕਰਾਂ ਦੇ ਕਬਜੇ ਵਿੱਚੋਂ 922 ਗ੍ਰਾਮ ਹੈਰੋਇਨ, 4 ਕਿਲੋ ਭੁੱਕੀ, 336 ਨਸੀਲੀਆਂ ਗੋਲੀਆਂ/ਕੈਪਸੂਲ ਅਤੇ 980 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਤੇ ਐਸ.ਐਸ.ਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ। ਇਸ ਆਪ੍ਰੇਸਨ ਦੌਰਾਨ 74 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1100 ਤੋਂ ਵੱਧ ਪੁਲਿਸ ਕਰਮਚਾਰੀਆਂ ਵਾਲੀਆਂ 150 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 395 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 384 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ ਹੈ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਤੇ ਪ੍ਰੀਵੈਂਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ ਅੱਜ 24 ਵਿਅਕਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ਹੈ।

## ਸੰਪਾਦਕੀ

# ਕੁਦਰਤ ਦੀ ਵਿਗੜਦੀ ਲੈਅ

ਕੁਦਰਤ ਦੀ ਆਪਣੀ ਰਫ਼ਤਾਰ ਹੈ, ਪਰ ਦੁੱਖ ਦੀ ਗੱਲ ਹੈ ਕਿ ਪਿਛਲੇ ਕੁਝ ਸਾਲਾਂ ਵਿੱਚ ਇਸਦੀ ਲੈਅ ਟੁੱਟਣੀ ਸ਼ੁਰੂ ਹੋ ਗਈ ਹੈ। ਇਸ ਦਾ ਅਸਰ ਉਂਝ ਤਾਂ ਹਰ ਸਾਲ ਹੀ ਦਿਸ ਰਿਹਾ ਹੈ ਪਰ ਹੁਣ ਜਿਸ ਤਰ੍ਹਾਂ ਪੰਜਾਬ ਵਿਚ ਹੜ੍ਹ ਆਏ, ਹਿਮਾਚਲ ਵਿੱਚ ਤਬਾਹਕੁੰਨ ਪਾਣੀ ਵਰ੍ਹਿਆ ਉਸ ਨੇ ਇਹ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਕਿ ਆਖ਼ਰ ਕੁਦਰਤ ਕਿਸ ਪਾਸੇ ਵੱਲ ਤੁਰ ਪਈ ਹੈ। ਪਿਛਲੇ ਕੁਝ ਦਿਨਾਂ ਵਿੱਚ, ਦੇਸ਼ ਦੇ ਕੁਝ ਹਿੱਸਿਆਂ ਵਿੱਚ ਤੇਜ਼ ਤੂਫ਼ਾਨ ਆਏ, ਜਦੋਂ ਕਿ ਹੋਰ ਹਿੱਸਿਆਂ ਵਿੱਚ, ਮੋਹਲੇਧਾਰ ਮੀਂਹ ਨੇ ਤਬਾਹੀ ਮਚਾ ਦਿੱਤੀ। ਦਰਅਸਲ, ਗਲੋਬਲ ਵਾਰਮਿੰਗ ਵਿੱਚ ਵਾਧੇ ਦੇ ਨਾਲ, ਮੌਸਮ ਚੱਕਰ ਨਾ ਸਿਰਫ਼ ਭਾਰਤ ਵਿੱਚ ਸਗੋਂ ਦੁਨੀਆ ਭਰ ਵਿੱਚ ਵਿਘਨ ਪਾ ਰਿਹਾ ਹੈ। ਦਿੱਲੀ ਵਿੱਚ ਪਿਛਲੇ ਕੁਝ ਦਿਨਾਂ ਵਿੱਚ ਅਚਾਨਕ ਤੂਫ਼ਾਨ ਅਤੇ ਮੀਂਹ ਪਿਆ। ਜਿੱਥੇ ਰਾਜਧਾਨੀ ਸਮੇਤ ਦੇਸ਼ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਮਈ ਮਹੀਨੇ ਵਿੱਚ ਤੇਜ਼ ਗਰਮੀ ਪੈਂਦੀ ਹੈ, ਉੱਥੇ ਹੀ ਇਸ ਵਾਰ ਮੌਸਮ ਇੰਨਾ ਬਦਲ ਗਿਆ ਕਿ ਲੋਕਾਂ ਨੂੰ ਯਕੀਨ ਹੀ ਨਹੀਂ ਆ ਰਿਹਾ ਸੀ ਕਿ ਇਹ ਬਰਸਾਤ ਦਾ ਮੌਸਮ ਹੈ ਜਾਂ ਗਰਮੀ ਦਾ। ਮੌਸਮ ਵਿਭਾਗ ਨੇ ਖੁਦ ਕਿਹਾ ਕਿ ਪਿਛਲੇ ਸ਼ਨੀਵਾਰ ਨੂੰ ਹੋਈ ਬਾਰਿਸ਼ ਨੇ 125 ਸਾਲਾਂ ਦਾ ਰਿਕਾਰਡਤੋੜ ਦਿੱਤਾ। ਕਈ ਥਾਵਾਂ 'ਤੇ ਦਰੱਖਤ ਉੱਖੜ ਗਏ ਅਤੇ ਰਿਹਾਇਸ਼ੀ ਇਲਾਕਿਆਂ ਨੂੰ ਵੀ ਭਾਰੀ ਨੁਕਸਾਨ ਪਹੁੰਚਿਆ। ਰਾਜਧਾਨੀ ਵਿੱਚ ਭਾਰੀ ਤੂਫ਼ਾਨ ਅਤੇ ਮੀਂਹ ਤੋਂ ਬਾਅਦ, ਇਹ ਸਵਾਲ ਉੱਠਣਾ ਸੁਭਾਵਿਕ ਹੈ ਕਿ ਕੀ ਇਸਨੂੰ ਆਮ ਮੰਨਿਆ ਜਾਣਾ ਚਾਹੀਦਾ ਹੈ ਜਾਂ ਜਲਵਾਯੂ ਪਰਿਵਰਤਨ ਦੀ ਚੇਤਾਵਨੀ। ਹਾਲ ਹੀ ਵਿੱਚ, ਬੰਗਲੁਰੂ ਵਿੱਚ ਲਗਾਤਾਰ ਮੀਂਹ ਕਾਰਨ, ਜਨਜੀਵਨ ਠੱਪ ਹੋ ਗਿਆ। ਪਾਣੀ ਘਰਾਂ ਵਿੱਚ ਦਾਖਲ ਹੋ ਗਿਆ। ਸੜਕਾਂ 'ਤੇ ਕਿਸ਼ਤੀਆਂ ਵੀ ਦੌੜੀਆਂ। ਮਹਾਰਾਸ਼ਟਰ ਵਿੱਚ ਵੀ ਲਗਭਗ ਇਹੀ ਸਥਿਤੀ ਪੈਦਾ ਹੋਈ। ਦੂਜੇ ਪਾਸੇ, ਇਸ ਵਾਰ ਮਾਨਸੂਨ ਕੇਰਲ ਵਿੱਚ ਸਮੇਂ ਤੋਂ ਪਹਿਲਾਂ ਆ ਗਿਆ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹ ਲਗਭਗ ਪੰਦਰਾਂ ਸਾਲਾਂ ਵਿੱਚ ਸਭ ਤੋਂ ਪਹਿਲਾਂ ਆਇਆ ਹੈ। ਇਹ ਆਮ ਤੌਰ 'ਤੇ 1 ਜੂਨ ਨੂੰ ਆਉਂਦਾ ਹੈ, ਪਰ ਇਸ ਸਾਲ ਇਹ ਨਾ ਸਿਰਫ਼ ਪਹਿਲਾਂ ਪਹੁੰਚਿਆ ਬਲਕਿ ਕਰਨਾਟਕ ਅਤੇ ਤਾਮਿਲਨਾਡੂ ਦੇ ਕੁਝ ਹਿੱਸਿਆਂ ਨੂੰ ਵੀ ਥੋੜ੍ਹੇ ਸਮੇਂ ਵਿੱਚ ਕਵਰ ਕਰ ਲਿਆ। ਇਹ ਭਾਰਤ ਵਿੱਚ ਮੌਸਮ ਦੇ ਬਦਲਦੇ ਮਿਜਾਜ਼ ਦੀ ਇੱਕ ਨਵੀਂ ਤਸਵੀਰ ਹੈ। ਹਾਲਾਂਕਿ, ਮੌਸਮ ਮਾਹਿਰਾਂ ਦਾ ਮੰਨਣਾ ਹੈ ਕਿ ਅਰਬ ਸਾਗਰ ਅਤੇ ਬੰਗਾਲ ਦੀ ਖਾੜੀ ਤੋਂ ਆ ਰਹੀਆਂ ਨਮੀ ਵਾਲੀਆਂ ਹਵਾਵਾਂ ਕਾਰਨ ਮੌਸਮ ਬਦਲਿਆ ਹੈ। ਪਰ ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਇਸ ਤੋਂ ਬਾਅਦ ਮੌਸਮ ਇੰਨਾ ਬਦਲ ਜਾਵੇਗਾ ਅਤੇ ਇੱਕ ਭਿਆਨਕ ਤੂਫ਼ਾਨ ਆਵੇਗਾ। ਇਹ ਅਜੀਬ ਹੈ ਕਿ ਇੱਕ ਪਾਸੇ ਦੱਖਣ-ਪੱਛਮੀ ਭਾਰਤ ਵਿੱਚ ਮੀਂਹ ਪੈ ਰਿਹਾ ਹੈ, ਜਦੋਂ ਕਿ ਦੂਜੇ ਪਾਸੇ ਉੱਤਰ ਅਤੇ ਉੱਤਰ-ਪੱਛਮੀ ਭਾਰਤ ਦੇ ਕਈ ਰਾਜ ਭਿਆਨਕ ਗਰਮੀ ਦੀ ਲਪੇਟ ਵਿੱਚ ਹਨ। ਕੁਝ ਥਾਵਾਂ 'ਤੇ ਤੇਜ਼ ਹਵਾਵਾਂ ਕਾਰਨ ਲੋਕਾਂ ਨੂੰ ਸੁਚੇਤ ਕੀਤਾ ਜਾ ਰਿਹਾ ਹੈ, ਜਦੋਂ ਕਿ ਕੁਝ ਥਾਵਾਂ 'ਤੇ ਗਰਜ-ਤੂਫ਼ਾਨ ਦੀ ਚੇਤਾਵਨੀ ਜਾਰੀ ਕੀਤੀ ਜਾ ਰਹੀ ਹੈ। ਮੌਸਮ ਦੇ ਬਦਲਦੇ ਸੁਭਾਅ ਕਾਰਨ ਜਾਨੀ ਨੁਕਸਾਨ ਦਾ ਵੀ ਖ਼ਤਰਾ ਹੈ। ਇਸ ਦੇ ਨਾਲ ਹੀ ਰੇਲ ਅਤੇ ਹਵਾਈ ਆਵਾਜਾਈ ਪ੍ਰਭਾਵਿਤ ਹੁੰਦੀ ਹੈ। ਹਾਲ ਹੀ ਵਿੱਚ, ਬਹੁਤ ਸਾਰੀਆਂ ਉਡਾਣਾਂ ਦੇ ਰੂਟ ਬਦਲਣੇ ਪਏ। ਦਰਅਸਲ, ਪੱਛਮੀ ਗੜਬੜੀ ਆਮ ਤੌਰ 'ਤੇ ਸਰਦੀਆਂ ਵਿੱਚ ਮੀਂਹ ਦਾ ਕਾਰਨ ਬਣਦੀ ਹੈ। ਜੇਕਰ ਇਸ ਕਾਰਨ ਮਈ ਦੇ ਮਹੀਨੇ ਵਿੱਚ ਮੀਂਹ ਪੈ ਰਿਹਾ ਹੈ ਤਾਂ ਇਸਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ। ਕੀ ਜਲਵਾਯੂ ਪਰਿਵਰਤਨ ਕਾਰਨ ਜਲਦੀ ਅਤੇ ਤੇਜ਼ ਤੂਫਾਨ ਅਤੇ ਬਾਰਿਸ਼ ਵਰਗੀਆਂ ਸਥਿਤੀਆਂ ਨਹੀਂ ਆ ਰਹੀਆਂ? ਮੌਸਮ ਵਿਗਿਆਨੀ ਪਹਿਲਾਂ ਹੀ ਚੇਤਾਵਨੀਆਂ ਦੇ ਰਹੇ ਹਨ। ਇਹ ਵੀ ਕਿਹਾ ਜਾ ਰਿਹਾ ਹੈ ਕਿ ਵਧਦੇ ਵਿਸ਼ਵਵਿਆਪੀ ਤਾਪਮਾਨ ਨੇ ਵਾਯੂਮੰਡਲ ਦੀ ਨਮੀ ਨੂੰ ਬਰਕਰਾਰ ਰੱਖਣ ਦੀ ਸਮਰੱਥਾ ਨੂੰ ਵਧਾ ਦਿੱਤਾ ਹੈ। ਨਤੀਜਾ ਇਹ ਹੈ ਕਿ ਮੌਸਮ ਹੁਣ ਤੇਜ਼ੀ ਨਾਲ ਬਦਲਣਾ ਸ਼ੁਰੂ ਹੋ ਗਿਆ ਹੈ। ਜਿਸ ਤਰ੍ਹਾਂ ਉੱਤਰੀ ਭਾਰਤ ਵਿੱਚ ਤਾਪਮਾਨ ਵਧਿਆ ਹੈ, ਉਹ ਅਸਹਿ ਹੈ। ਗਰਮ ਦਿਨਾਂ ਦੇ ਮੁਕਾਬਲੇ ਗਰਮ ਰਾਤਾਂ ਵਿੱਚ ਵਾਧੇ ਦੀਆਂ ਖ਼ਬਰਾਂ ਨੇ ਪਹਿਲਾਂ ਹੀ ਚਿੰਤਾਵਾਂ ਵਧਾ ਦਿੱਤੀਆਂ ਹਨ। ਇਹ ਨਹੀਂ ਕਿਹਾ ਜਾ ਸਕਦਾ ਕਿ ਆਉਣ ਵਾਲੇ ਸਾਲਾਂ ਵਿੱਚ ਮੌਸਮ ਦੀ ਤਸਵੀਰ ਕਿਹੋ ਜਿਹੀ ਹੋਵੇਗੀ। ਤੂਫਾਨ ਜਾਂ ਮੋਹਲੇਧਾਰ ਮੀਂਹ ਕੁਦਰਤ ਦੇ ਚੱਕਰ ਦਾ ਹਿੱਸਾ ਹੋ ਸਕਦਾ ਹੈ, ਪਰ ਜੇਕਰ ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਬੁਨਿਆਦੀ ਢਾਂਚਾ ਵਿਕਸਤ ਕੀਤਾ ਜਾਵੇ, ਤਾਂ ਖਰਾਬ ਮੌਸਮ ਕਾਰਨ ਹੋਣ ਵਾਲੇ ਨੁਕਸਾਨ ਨੂੰ ਯਕੀਨੀ ਤੌਰ 'ਤੇ ਘਟਾਇਆ ਜਾ ਸਕਦਾ ਹੈ।

-ਜਗਜੀਤ ਸਿੰਘ ਦਰਦੀ

# ਪੰਜਾਬੀਆਂ ਦਾ ਅਟੱਲ ਜਜ਼ਬਾ ਅਤੇ ਪੰਜਾਬੀਆਂ ਨੇ ਫੜੀ ਪੰਜਾਬ ਦੀ ਬਾਂਹ : ਖ਼ਾਲਸਾ ਏਡ, ਗਲੋਬਲ ਸਿੱਖਸ, ਯੂਨਾਈਟਿਡ ਸਿੱਖਸ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗਰਾਊਂਡ 'ਤੇ



ਪ੍ਰੋ . ਡਾ . ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਪੰਜਾਬ ਵਿੱਚ ਹੜ੍ਹ ਰਾਹਤ ਕੰਮ ਜ਼ੋਰ ਨਾਲ ਚੱਲ ਰਿਹਾ ਹੈ। ਹੜ੍ਹ ਤੋਂ ਬਾਅਦ ਹੁਣ ਪਾਣੀ ਸੁੱਕ ਰਿਹਾ ਹੈ ਤੇ ਲੋਕ ਘਰਾਂ ਵਿੱਚ ਵਾਪਸ ਆ ਕੇ ਤਬਾਹੀ ਦੇ ਦ੍ਰਿਸ਼ਾਂ ਨੂੰ ਦੇਖ ਰਹੇ ਹਨ ਪ੍ਰੰਤੂ ਗਰੀਬਾਂ ਦਾ ਤੇ ਛੋਟੇ ਕਿਸਾਨਾਂ ਦਾ ਜੀਣਾ ਬਿਲਕੁਲ ਮੁਸ਼ਕਲ ਹੋ ਗਿਆ ਹੈ । ਘਰ ਤਬਾਹ ਹੋ ਚੁੱਕੇ ਹਨ, ਜ਼ਮੀਨ ਬਰਬਾਦ ਹੋ ਚੁੱਕੀ ਹੈ । ਪਸ਼ੂ ਮਰ ਚੁੱਕੇ ਹਨ ਅਤੇ ਘਰ ਦਾ ਸਮਾਨ ਬਿਲਕੁਲ ਖ਼ਤਮ ਹੋ ਗਿਆ ਹੈ। ਉਪਰੋਂ ਬਿਮਾਰੀ ਅਲੱਗ ਫੈਲ ਰਹੀ ਹੈ ਤੇ ਇਹਨਾਂ ਸਾਰਿਆਂ ਵਿੱਚੋਂ ਵੀ ਲੰਘਦਾ ਹੋਇਆ ਪੰਜਾਬ ਖੜ੍ਹਾ ਹੈ। ਸਰਕਾਰ ਕਈਆਂ ਥਾਵਾਂ 'ਤੇ ਪਹੁੰਚੀ ਹੈ । ਕਈਆਂ ਥਾਵਾਂ 'ਤੇ ਬਿਲਕੁਲ ਹੀ ਨਹੀਂ ਪਹੁੰਚੀ। ਗਰਾਊਂਡ 'ਤੇ ਸਿਰਫ਼ ਪੰਜਾਬੀਆਂ ਦੀਆਂ ਆਪਣੀਆਂ ਸੰਸਥਾਵਾਂ 'ਤੇ ਸੱਚ ਤੇ ਇਹ ਹੈ ਕਿ ਇਸ ਦੁੱਖ ਦੀ ਘੜੀ ਵਿੱਚ ਪੰਜਾਬੀਆਂ ਨੇ ਹੀ ਪੰਜਾਬ ਦੀ ਬਾਂਹ ਫੜੀ ਹੈ ਤੇ ਇਸ ਜਜ਼ਬੇ ਨੂੰ ਸਲਾਮ ਕਰਨਾ ਬਣਦਾ ਹੈ। ਇਥੇ ਸਰਕਾਰੀ ਨਕਾਰਾਪਣ ਦੀ ਕਹਾਣੀ ਵੀ ਹੈ, ਇਸ ਦੇ ਮੁੱਖ ਮੰਤਵ ਅਤੇ ਪਿਛੋਕੜ ਬਾਰੇ ਪੰਜਾਬ, ਜਿਸ ਨੂੰ ਪੰਜ ਨਦੀਆਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਹੈ, ਨੇ ਹਮੇਸ਼ਾ ਹੀ ਪ੍ਰਕਿਰਤੀ ਦੇ ਰੌਦਰ ਰੂਪ ਨੂੰ ਸਹਿਣ ਕੀਤਾ ਹੈ। ਪਰ 2025 ਵਿੱਚ ਆਏ ਹੜ੍ਹਾਂ ਨੇ ਇਸ ਧਰਤੀ ਨੂੰ ਇੱਕ ਨਵੀਂ ਤਬਾਹੀ ਵੱਲ ਧੱਕ ਦਿੱਤਾ ਹੈ। ਇਹ ਹੜ੍ਹ ਨਾ ਸਿਰਫ਼ ਮੌਸਮੀ ਵਰਖਾ ਕਾਰਨ ਆਏ, ਬਲਕਿ ਮਨੁੱਖੀ ਲਾਪਰਵਾਹੀ, ਰਾਜਨੀਤਿਕ ਨਕਾਰਾਪਣ ਅਤੇ ਪ੍ਰਸ਼ਾਸਨਿਕ ਕਮਜ਼ੋਰੀਆਂ ਨੇ ਇਨ੍ਹਾਂ ਨੂੰ ਹੋਰ ਵਧਾ ਦਿੱਤਾ ਹੈ। ਅੰਕੜੇ ਦੱਸਦੇ ਹਨ ਕਿ ਇਸ ਵਾਰ ਦੇ ਹੜ੍ਹਾਂ ਨੇ ਲਗਭਗ 1,900 ਪਿੰਡਾਂ ਨੂੰ ਪਾਣੀ ਵਿੱਚ ਡੋਬ ਦਿੱਤਾ ਹੈ, ਜਿਸ ਵਿੱਚ 46 ਲੋਕਾਂ ਦੀ ਜਾਨ ਗਈ ਹੈ ਅਤੇ ਫਸਲਾਂ ਦੇ 1.75 ਲੱਖ ਹੈਕਟੇਅਰ ਤਬਾਹ ਹੋ ਗਏ ਹਨ। ਇਸ ਤੋਂ ਇਲਾਵਾ, 354,000 ਤੋਂ ਵੱਧ ਲੋਕ ਪ੍ਰਭਾਵਿਤ ਹੋਏ ਹਨ, ਜੋ ਕਿ 1988 ਤੋਂ ਬਾਅਦ ਦੀ ਸਭ ਤੋਂ ਵੱਡੀ ਤਬਾਹੀ ਹੈ। ਇਨ੍ਹਾਂ ਹੜ੍ਹਾਂ ਦੇ ਬਾਅਦ ਰਾਜਨੀਤਿਕ ਅਤੇ ਪ੍ਰਸ਼ਾਸਨਿਕ ਕਮਜ਼ੋਰੀਆਂ ਉਜਾਗਰ ਹੋਈਆਂ ਹਨ , ਜਿੱਥੇ ਸਰਕਾਰ ਨੇ ਲੋਕਾਂ ਨੂੰ ਉਨ੍ਹਾਂ ਦੇ ਹਾਲ 'ਤੇ ਛੱਡ ਦਿੱਤਾ ਹੈ। ਨਾਲ ਹੀ, ਪੰਜਾਬੀਆਂ ਦੇ ਉਸ ਅਟੱਲ ਜਜ਼ਬੇ ਨੂੰ ਸਲਾਮ ਹੈ, ਜਿਸ ਨੇ ਇੱਕ ਵਾਰ ਫ਼ਿਰ ਸਾਬਤ ਕੀਤਾ ਹੈ ਕਿ ਪੰਜਾਬੀ ਆਪਣੇ ਲੋਕਾਂ ਦੀ ਬਾਂਹ ਫੜਨ ਵਿੱਚ ਸਭ ਤੋਂ ਅੱਗੇ ਹਨ। ਇਥੇ ਅੰਕੜਿਆਂ 'ਤੇ ਅਧਾਰਤ ਅਤੇ ਵੱਖ-ਵੱਖ ਸਰੋਤਾਂ ਤੋਂ ਲਏ ਗਏ ਤੱਥਾਂ ਨੂੰ ਸ਼ਾਮਲ ਅਤੇ ਜਿਸ ਵਿੱਚ ਰਿਪੋਰਟਾਂ, ਨਿਊਜ਼ ਆਰਟੀਕਲ ਅਤੇ ਸੋਸ਼ਲ ਮੀਡੀਆ ਪੋਸਟਾਂ ਸ਼ਾਮਲ ਹਨ। ਇਸ ਨੂੰ ਵੇਖਣ ਦਾ ਮੰਤਵ ਇਹ ਹੈ ਕਿ ਅਸੀਂ ਆਪਣੀਆਂ ਕਮੀਆਂ ਨੂੰ ਪਛਾਣੀਏ ਅਤੇ ਭਵਿੱਖ ਵਿੱਚ ਅਜਿਹੀਆਂ ਤਬਾਹੀਆਂ ਤੋਂ ਬਚੀਏ। ਅੱਜ ਹੜ੍ਹਾਂ ਦੀ ਤਬਾਹੀ ਦੇ ਅੰਕੜੇ ਅਤੇ ਪ੍ਰਭਾਵ ਹੇਠ 2025 ਦੇ ਹੜ੍ਹਾਂ ਨੇ ਪੰਜਾਬ ਨੂੰ ਇੱਕ ਵੱਡੇ ਸੰਕਟ ਵਿੱਚ ਧੱਕ ਦਿੱਤਾ ਹੈ। ਇਕ ਰਿਪੋਰਟ ਮੁਤਾਬਕ, ਇਹ ਹੜ੍ਹ ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਵਿੱਚ ਭਾਰੀ ਵਰਖਾ ਕਾਰਨ ਆਏ ਹਨ, ਜਿਸ ਨੇ ਸਤਲੁਜ ਅਤੇ ਚਨਾਬ ਨਦੀਆਂ ਵਿੱਚ ਪਾਣੀ ਦਾ ਪੱਧਰ ਵਧਾ ਦਿੱਤਾ। ਰਾਇਟਰਜ਼ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਹਜ਼ਾਰਾਂ ਪਿੰਡ ਅਤੇ ਖੇਤ ਡੁੱਬ ਗਏ ਹਨ, ਜਿਸ ਨਾਲ ਲੱਖਾਂ ਲੋਕਾਂ ਦੀ ਜ਼ਿੰਦਗੀ ਪ੍ਰਭਾਵਿਤ ਹੋਈ ਹੈ। ਇਕ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਲਗਭਗ 1,900 ਪਿੰਡ ਡੁੱਬੇ ਹਨ, ਜਿਸ ਵਿੱਚ ਜਾਨਾਂ ਅਤੇ ਖੇਤੀਬਾੜੀ ਨੂੰ ਵੱਡਾ ਨੁਕਸਾਨ ਪਹੁੰਚਿਆ ਹੈ। ਹੁਣ ਆਰਥਿਕ ਨੁਕਸਾਨ ਦੀ ਗੱਲ ਕਰੀਏ ਤਾਂ, ਇਕਨਾਮਿਕ ਟਾਈਮਜ਼ ਮੁਤਾਬਕ, 46 ਲੋਕਾਂ ਦੀ ਮੌਤ ਹੋਈ ਹੈ ਅਤੇ 1.75 ਲੱਖ ਹੈਕਟੇਅਰ ਫਸਲਾਂ ਤਬਾਹ ਹੋਈਆਂ ਹਨ। ਬੀਬੀਸੀ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 354,000 ਲੋਕ ਪ੍ਰਭਾਵਿਤ ਹੋਏ ਹਨ ਅਤੇ ਬਚਾਅ ਕਾਰਜ ਜਾਰੀ ਹਨ। ਗਾਰਡੀਅਨ ਨੇ ਵੀ ਇਸ ਨੂੰ ਉੱਤਰੀ ਭਾਰਤ ਅਤੇ ਪੰਜਾਬ ਵਿੱਚ ਫੈਲੀ ਤਬਾਹੀ ਵਜੋਂ ਦੱਸਿਆ ਹੈ, ਜਿੱਥੇ ਘਰ ਅਤੇ ਲੱਖਾਂ ਏਕੜ ਫਸਲਾਂ ਤਬਾਹ ਹੋਈਆਂ ਹਨ। ਇਨ੍ਹਾਂ ਅੰਕੜਿਆਂ ਤੋਂ ਸਪੱਸ਼ਟ ਹੈ ਕਿ ਇਹ ਹੜ੍ਹਾਂ ਨੇ ਨਾ ਸਿਰਫ਼ ਜਾਨਾਂ ਲਈਆਂ ਹਨ ਬਲਕਿ ਆਰਥਿਕਤਾ ਨੂੰ ਵੀ ਵੱਡਾ ਝਟਕਾ ਦਿੱਤਾ ਹੈ। ਹੁਣ ਗਰੀਬੀ, ਬਿਮਾਰੀ ਅਤੇ ਬੇਰੁਜ਼ਗਾਰੀ ਵਰਗੀਆਂ ਸਮੱਸਿਆਵਾਂ ਹੋਰ ਵੱਧ ਗਈਆਂ ਹਨ। ਪਿੰਡਾਂ ਵਿੱਚ ਲੋਕਾਂ ਦੇ ਘਰ ਟੁੱਟ ਗਏ ਹਨ, ਪਸ਼ੂ ਮਰ ਗਏ ਹਨ ਅਤੇ ਫਸਲਾਂ ਨਸ਼ਟ ਹੋ ਗਈਆਂ ਹਨ। ਇਸ ਵਿੱਚ ਬੱਚੇ ਅਤੇ ਔਰਤਾਂ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ। ਪ੍ਰਭਾਵਿਤ ਖੇਤਰਾਂ ਵਿੱਚ ਫਾਜ਼ਿਲਕਾ, ਫਿਰੋਜ਼ਪੁਰ, ਤਰਨਤਾਰਨ ਅਤੇ ਗੁਰਦਾਸਪੁਰ ਵਰਗੇ ਜ਼ਿਲ੍ਹੇ ਸ਼ਾਮਲ ਹਨ, ਜਿੱਥੇ ਨਦੀਆਂ ਦੇ ਕੰਢੇ ਟੁੱਟਣ ਕਾਰਨ ਪਾਣੀ ਪਿੰਡਾਂ ਵਿੱਚ ਵੜ ਗਿਆ ਹੈ। ਹੁਣ ਵਿਕੀਪੀਡੀਆ ਰਿਪੋਰਟ ਮੁਤਾਬਕ, 2023 ਵਿੱਚ ਵੀ ਅਜਿਹਾ ਹੜ੍ਹ ਆਇਆ ਸੀ, ਪਰ 2025 ਵਿੱਚ ਇਹ ਹੋਰ ਗੰਭੀਰ ਹਨ। ਇਹ ਅੰਕੜੇ ਨਾ ਸਿਰਫ਼ ਤਬਾਹੀ ਦੀ ਗੱਲ ਕਰਦੇ ਹਨ ਬਲਕਿ ਇਹ ਵੀ ਦੱਸਦੇ ਹਨ ਕਿ ਸਰਕਾਰੀ ਤੰਤਰ ਨੇ ਇਸ ਨੂੰ ਰੋਕਣ ਲਈ ਕੁੱਝ ਨਹੀਂ ਕੀਤਾ।

ਹੁਣ ਅਫਸੋਸ ਦੀ ਗੱਲ ਹੈ ਕਿ ਪੰਜਾਬ, ਜੋ ਹਮੇਸ਼ਾ ਦੂਜੇ ਸੂਬਿਆਂ ਦੇ ਦੁੱਖ ਵਿੱਚ ਖੜ੍ਹਾ ਹੁੰਦਾ ਹੈ, ਨੂੰ ਕਿਸੇ ਵੀ ਸੂਬੇ ਤੋਂ ਸਿੱਧੀ ਮੱਦਦ ਨਹੀਂ ਮਿਲੀ। ਇੰਡੀਅਨ ਐਕਸਪ੍ਰੈੱਸ ਨੇ ਦੱਸਿਆ ਹੈ ਕਿ ਸਰਕਾਰ ਨੇ ਮੌਸਮ ਲਈ ਸਿਰਫ਼ 17 ਦਿਨ ਪਹਿਲਾਂ ਤਿਆਰੀ ਕੀਤੀ ਸੀ, ਜੋ ਕਿ ਨਾਕਾਫ਼ੀ ਸੀ। ਇਹ ਰਾਜਨੀਤਿਕ ਨਕਾਰਾਪਣ ਅਤੇ ਲੱਚਰ ਰਵੱਈਆ ਦੀ ਮਿਸਾਲ ਹੈ। ਕੇਂਦਰੀ ਯੋਜਨਾਵਾਂ ਜਿਵੇਂ ਫਸਲ ਬੀਮਾ ਅਤੇ ਨਹਿਰ ਵਿਕਾਸ ਨੂੰ ਠੁਕਰਾਉਣ ਨੇ ਵੀ ਨੁਕਸਾਨ ਵਧਾਇਆ ਹੈ। ਇਹਨਾਂ ਕਮੀਆਂ ਨੇ ਲੋਕਾਂ ਨੂੰ ਆਪਣੇ ਹਾਲ 'ਤੇ ਛੱਡ ਦਿੱਤਾ ਹੈ, ਜਿੱਥੇ ਬਚਾਅ ਕਾਰਜ ਵਿੱਚ ਦੇਰੀ ਅਤੇ ਅਧਿਕਾਰੀਆਂ ਦੀ ਗੈਰ-ਹਾਜ਼ਰੀ ਨੇ ਸਥਿਤੀ ਨੂੰ ਵਿਗਾੜਿਆ । ਹੁਣ ਪੰਜਾਬੀਆਂ ਦਾ ਜਜ਼ਬਾ ਅਤੇ ਐੱਨਜੀਓਜ਼ ਦੀ ਭੂਮਿਕਾ ਉਸੇ ਯੋਗ ਅਤੇ ਗਰਾਊਂਡ 'ਤੇ ਦਿਖਾਈ ਦੇ ਰਹੀ ਹੈ। ਜਿੱਥੇ ਸਰਕਾਰ ਨੇ ਨਿਰਾਸ਼ ਕੀਤਾ ਹੈ, ਉੱਥੇ ਪੰਜਾਬੀਆਂ ਨੇ ਆਪਣੇ ਜਜ਼ਬੇ ਨਾਲ ਦੁਨੀਆ ਨੂੰ ਹੈਰਾਨ ਕੀਤਾ ਹੈ। ਅੱਜ ਖਾਲਸਾ ਏਡ, ਗਲੋਬਲ ਸਿੱਖਸ ਏਡ, ਯੂਨਾਈਟਿਡ ਸਿੱਖਸ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਵਰਗੀਆਂ ਸੰਸਥਾਵਾਂ ਨੇ ਗਰਾਊਂਡ 'ਤੇ ਉੱਤਰ ਕੇ ਮੱਦਦ ਕੀਤੀ ਹੈ। ਹਿੰਦੁਸਤਾਨ ਟਾਈਮਜ਼ ਨੇ ਦੱਸਿਆ ਹੈ ਕਿ ਖਾਲਸਾ ਏਡ ਅਤੇ ਗਲੋਬਲ ਸਿੱਖਸ ਏਡ ਨੇ 400 ਤੋਂ ਵੱਧ ਵਿਦਿਆਰਥੀਆਂ ਨੂੰ ਬਚਾਇਆ ਹੈ ਤੇ ਸਿੱਖ ਸੰਸਥਾਵਾਂ ਅਤੇ ਐੱਨਜੀਓ ਨੇ ਕੈਂਪ ਲਗਾ ਕੇ ਮੱਦਦ ਕੀਤੀ ਹੈ। ਖਾਲਸਾ ਏਡ ਦੀ ਵੈੱਬਸਾਈਟ ਮੁਤਾਬਕ, ਉਹ ਭੋਜਨ, ਪਾਣੀ, ਦਵਾਈਆਂ ਅਤੇ ਆਸਰਾ ਪ੍ਰਦਾਨ ਕਰ ਰਹੇ ਹਨ। ਡੀਵੀ ਨੈੱਟਵਰਕ ਨੇ ਵੀ ਖਾਲਸਾ ਏਡ ਦੇ ਯਤਨਾਂ ਨੂੰ ਉਜਾਗਰ ਕੀਤਾ ਹੈ। ਸਿੱਖ ਸਿਆਸਤ ਨੇ ਕਿਹਾ ਹੈ ਕਿ ਖਾਲਸਾ ਏਡ, ਗਲੋਬਲ ਸਿੱਖਸ ਏਡ, ਯੂਨਾਈਟਿਡ ਸਿੱਖਸ ਅਤੇ ਕਲਗੀਧਰ ਟਰੱਸਟ ਨੇ ਅੱਗੇ ਵੱਧ ਕੇ ਮੱਦਦ ਕੀਤੀ ਹੈ ਤੇ ਖਾਲਸਾ ਏਡ ਨੂੰ 26 ਸਾਲਾਂ ਤੋਂ ਡਿਜ਼ਾਸਟਰ ਰਿਲੀਫ ਵਿੱਚ ਸਰਗਰਮ ਦੱਸਿਆ ਹੈ। ਅੱਜ ਪੰਜਾਬੀਆਂ ਦੇ ਜਜ਼ਬੇ ਦੀ ਗੱਲ ਕਰੀਏ ਤਾਂ, ਲਿੰਕਡਇਨ ਪੋਸਟ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਦੀ ਕਮਿਊਨਿਟੀ ਨੇ ਤਬਾਹੀ ਵਿੱਚ ਵੀ ਹਿੰਮਤ ਦਿਖਾਈ ਹੈ। ਇੰਸਟਾਗ੍ਰਾਮ ਪੋਸਟ ਵਿੱਚ ਪੰਜਾਬ ਦੀ ਸਵੈ-ਨਿਰਭਰਤਾ ਅਤੇ ਲਚਕੀਲੇਪਣ ਨੂੰ ਉਜਾਗਰ ਕੀਤਾ ਗਿਆ ਹੈ। ਮੀਡੀਆ ਨੇ 'ਚੜ੍ਹਦੀਕਲਾ' ਦੇ ਨਾਲ ਲੜਨ ਵਾਲੇ ਪੰਜਾਬੀਆਂ ਨੂੰ ਸਲਾਮ ਕੀਤਾ ਹੈ। ਡਿਵੀ ਡਿਸਕੋਰਸ ਨੇ ਪੰਜਾਬੀ ਆਤਮਾ ਨੂੰ ਤਬਾਹੀ ਵਿੱਚ ਵੀ ਚਮਕਦਾ ਦੱਸਿਆ ਹੈ। ਅੱਜ ਦੁਨੀਆ ਵਿੱਚ ਪੰਜਾਬ ਨੂੰ ਰੈਜ਼ੀਲੀਐਂਸ ਅਤੇ ਕਮਿਊਨਿਟੀ ਸਪਿਰਿਟ ਨਾਲ ਭਰਪੂਰ ਦੱਸਿਆ ਹੈ। ਡੀਵੀ ਨੈੱਟਵਰਕ ਨੇ ਪੰਜਾਬ ਦੀ ਆਸ ਨੂੰ ਹੜ੍ਹਾਂ ਤੋਂ ਮਜ਼ਬੂਤ ਦੱਸਿਆ ਹੈ ਕਿਹਾ ਗਿਆ ਹੈ ਕਿ ਘਰ ਤਬਾਹ ਹੋਣ 'ਤੇ ਵੀ ਕਮਿਊਨਿਟੀ ਨੂੰ ਮੱਦਦ ਦੀ ਲੋੜ ਹੈ। ਗਲੋਬਲ ਸਿੱਖਸ ਐੱਨਜੀਓ ਨੇ ਨਵੇਂ ਘਰੇਲੂ ਸਮਾਨ, ਦਵਾਈਆਂ ਅਤੇ ਨਵੀਆਂ ਮੱਝਾਂ ਵੰਡੀਆਂ ਹਨ। ਐੱਕਸ ਪੋਸਟ ਵਿੱਚ ਟਵਿੱਟਰ ਨੇ ਕਲਗੀਧਰ ਸੋਸਾਇਟੀ ਨੂੰ ਸਰਕਾਰ ਤੋਂ ਵਧੀਆ ਤਿਆਰ ਦੱਸਿਆ ਹੈ। ਇਹ ਪੰਜਾਬੀਆਂ ਦਾ ਜਜ਼ਬਾ ਹੈ ਜੋ ਅਕਸਰ ਪੰਜਾਬੀਆਂ ਨੇ ਹੀ ਪੰਜਾਬੀਆਂ ਦੀ ਬਾਂਹ ਫੜੀ ਹੈ। ਬਾਕੀ ਦੇਸ਼ ਦੇ ਨਕਾਰਾਪਣ ਅਤੇ ਲੱਚਰ ਰਵੱਈਆ ਦੀ ਰਾਜਨੀਤੀ ਵਿੱਚ ਕਿਸੇ ਨੇ ਵੀ ਕੋਈ ਬਾਂਹ ਨਹੀਂ ਫੜੀ। ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਦੇਸ਼ ਦੇ ਹੋਰ ਸੂਬੇ ਅਤੇ ਕੇਂਦਰ ਨੇ ਪੰਜਾਬ ਨੂੰ ਉਸ ਤਰ੍ਹਾਂ ਮੱਦਦ ਨਹੀਂ ਕੀਤੀ, ਜਿਸ ਦਾ ਉਹ ਹੱਕਦਾਰ ਸੀ। ਪੰਜਾਬ ਨੇ ਹਮੇਸ਼ਾ ਦੂਜਿਆਂ ਦੀ ਮੱਦਦ ਕੀਤੀ ਹੈ, ਪਰ ਇਸ ਵਾਰ ਉਹ ਇਕੱਲਾ ਰਹਿ ਗਿਆ ਹੈ। ਫਰੰਟਲਾਈਨ ਨੇ ਕਿਹਾ ਹੈ ਕਿ ਸਰਕਾਰ ਨੇ ਵੱਡਾ ਰੈਸਪਾਂਸ ਮਾਊਂਟ ਕੀਤਾ ਹੈ, ਪਰ ਇਹ ਨਾਕਾਫ਼ੀ ਹੈ। ਸਰਕਾਰ ਲੋਕਾਂ ਤੋਂ ਦਾਨ ਮੰਗ ਰਹੀ ਹੈ ਪਰ ਆਪਣੇ ਸਰੋਤਾਂ ਨਾਲ ਕਮਜ਼ੋਰ ਹੈ। 'ਮਿਸ਼ਨ ਚੜ੍ਹਦੀ ਕਲਾ' ਕੈਂਪੇਨ ਨੂੰ ਲਾਂਚ ਕੀਤਾ ਹੈ ਫੰਡ ਇਕੱਠੇ ਕਰਨ ਲਈ, ਜਿਸ ਵਿੱਚ 13,800 ਕਰੋੜ ਰੁਪਏ ਨੁਕਸਾਨ ਦੱਸਿਆ ਗਿਆ ਹੈ। ਪਰ ਇਹ ਵੀ ਸਪੱਸ਼ਟ ਹੈ ਕਿ ਸਰਕਾਰੀ ਮੱਦਦ ਲੋਕਾਂ ਤੱਕ ਨਹੀਂ ਪਹੁੰਚ ਰਹੀ। ਇਸ ਨਕਾਰਾਪਣ ਅਤੇ ਲੱਚਰ ਰਵੱਈਆ ਨੇ ਪੰਜਾਬ ਨੂੰ ਹੋਰ ਨੁਕਸਾਨ ਪਹੁੰਚਾਇਆ ਹੈ। ਖਾਲਸਾ ਸਿਖਸ ਸੰਸਥਾਵਾਂ ਅਤੇ ਐਨਜੀਓ ਨੇ ਸ਼੍ਰੋਮਣੀ ਕਮੇਟੀ ਦੇ ਨਾਲ ਅੱਗੇ ਵੀ ਪੰਜਾਬੀਆਂ ਨੇ ਪੰਜਾਬੀਆਂ ਦੀ ਬਾਂਹ ਫੜੀ ਹੈ।

ਹੁਣ ਤਾਰੀਖ਼ ਗਵਾਹ ਹੈ ਕਿ ਪੰਜਾਬੀਆਂ ਨੇ ਹਮੇਸ਼ਾ ਆਪਣੇ ਲੋਕਾਂ ਨੂੰ ਸੰਭਾਲਿਆ ਹੈ। 2023 ਵਿੱਚ ਵੀ ਅਜਿਹਾ ਹੀ ਹੋਇਆ ਸੀ। ਇਸ ਵਾਰ ਵੀ ਐੱਨਜੀਓ ਅਤੇ ਕਮਿਊਨਿਟੀ ਨੇ ਅੱਗੇ ਵੱਧ ਕੇ ਕੰਮ ਕੀਤਾ ਹੈ। ਇੰਸਟਾਗ੍ਰਾਮ ਪੋਸਟ ਵਿੱਚ ਕਿਹਾ ਗਿਆ ਹੈ ਕਿ ਦੇਸ਼ ਨੇ ਪੰਜਾਬ ਤੋਂ 'ਚੜ੍ਹਦੀਕਲਾ' ਅਤੇ ਸੇਵਾ ਸਿੱਖੀ ਹੈ। ਇਹ ਜਜ਼ਬਾ ਦੁਨੀਆ ਨੂੰ ਸਲਾਮ ਕਰਨ ਲਈ ਮਜਬੂਰ ਕਰ ਰਿਹਾ ਹੈ। ਇਕ ਪੋਸਟ ਵਿੱਚ ਬਿਗ ਸਾਰਕੈਸਟਿਕ ਨੇ ਕਿਹਾ ਹੈ ਕਿ ਪੰਜਾਬ ਨੇ ਕੇਂਦਰੀ ਯੋਜਨਾਵਾਂ ਨੂੰ ਠੁਕਰਾਇਆ, ਜਿਸ ਨੇ ਨੁਕਸਾਨ ਵਧਾਇਆ ਹੈ ਪਰ ਪੰਜਾਬੀਆਂ ਨੇ ਆਪਣੇ ਬਲ 'ਤੇ ਖੜ੍ਹੇ ਹੋ ਕੇ ਸਾਬਤ ਕੀਤਾ ਹੈ ਕਿ ਉਹ ਆਪਣੇ ਲੋਕਾਂ ਨੂੰ ਨਹੀਂ ਛੱਡਦੇ। ਅੱਜ ਇਸ ਤਬਾਹੀ ਵਿੱਚ ਪੰਜਾਬੀਆਂ ਨੇ ਜੋ ਜਜ਼ਬਾ ਦਿਖਾਇਆ ਹੈ, ਉਹ ਸ਼ਲਾਘਾਯੋਗ ਹੈ। ਸਰਕਾਰ ਨੂੰ ਆਪਣੀਆਂ ਕਮੀਆਂ ਸੁਧਾਰਨੀਆਂ ਚਾਹੀਦੀਆਂ ਹਨ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨਾ ਵਾਪਰਨ।

ਪੰਜਾਬੀਆਂ ਦੇ ਜਜ਼ਬੇ ਨੂੰ ਸਲਾਮ ਕਿ ਉਨ੍ਹਾਂ ਨੇ ਆਪਣੇ ਲੋਕਾਂ ਦੀ ਬਾਂਹ ਫੜੀ ਹੈ ਅਤੇ ਦੁਨੀਆ ਨੂੰ ਇੱਕ ਮਿਸਾਲ ਪੇਸ਼ ਕੀਤੀ ਹੈ।

# ਡੋਨਾਲਡ ਟਰੰਪ ਦੀ ਨਵੀਂ ਵੀਜ਼ਾ ਨੀਤੀ ਦਾ ਕੱਚ-ਸੱਚ



ਕਮਲਜੀਤ ਸਿੰਘ ਬਨਵੈਤ
98147 34035

- ਐਚ ਵਨ ਬੀ ਵੀਜ਼ਾ ਪ੍ਰਣਾਲੀ 1990 ਨੂੰ ਸ਼ੁਰੂ ਹੋਈ, ਉਦੋਂ ਤੋਂ ਲੈ ਕੇ ਹੁਣ ਤੱਕ ਰਹੀ ਕਈ ਵਾਰ ਵਿਵਾਦਾਂ ਵਿੱਚ
- ਵਧੀ ਹੋਈ ਫ਼ੀਸ ਦਾ ਫੈਸਲਾ ਸਿਰਫ ਨਵੇਂ ਬਿਨੈਕਾਰਾਂ ਉੱਤੇ ਹੋਵੇਗਾ ਲਾਗੂ
- ਐੱਚ ਵਨ ਬੀ ਵੀਜ਼ਾ ਸਹੂਲਤ ਦਾ ਸਭ ਤੋਂ ਵੱਧ 73 ਫ਼ੀਸਦੀ ਭਾਰਤੀ ਲੈਂਦੇ ਰਹੇ ਨੇ ਲਾਭ
- ਅਮਰੀਕਾ ਨੌਕਰੀ ਦੀ ਭਾਲ ਵਿੱਚ ਗਏ ਹੁਨਰਮੰਦ ਕਾਮੇ ਅਮਰੀਕਨਾਂ ਨਾਲੋਂ 40 ਫ਼ੀਸਦੀ ਘੱਟ ਤਨਖਾਹ 'ਤੇ ਕੰਮ ਕਰਨ ਲਈ ਰਾਜ਼ੀ
- ਅਮਰੀਕਾ ਜਾਣ ਲਈ ਪੁੱਛ-ਪੜਤਾਲ ਕਰਨ ਵਾਲਿਆਂ ਦੀ ਗਿਣਤੀ 46 ਫ਼ੀਸਦੀ ਅਤੇ ਕੈਨੇਡਾ ਲਈ ਇਨਕੁਆਇਰੀ70 ਫ਼ੀਸਦੀ ਘਟੀ

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਚ ਵਨ ਬੀ ਵੀਜ਼ਾ ਦੀ ਅਰਜ਼ੀ ਫੀਸ ਵਿੱਚ ਵੱਡਾ ਬਦਲਾਅ ਕਰਦਿਆਂ ਇਸ ਨੂੰ 15 ਗੁਣਾਂ ਤਕ ਵਧਾ ਕੇ ਇਕ ਲੱਖ ਡਾਲਰ ਕਰਨ ਦਾ ਫੈਸਲਾ ਕੀਤਾ ਹੈ। ਇਸ ਤੋਂ ਬਾਅਦ ਭਾਰਤ ਤੋਂ ਲੈ ਕੇ ਅਮਰੀਕਾ ਤੱਕ ਖੱਲਬਲੀ ਮੱਚ ਗਈ ਹੈ। ਅਮਰੀਕਾ ਜਾਣ ਦੀ ਤਿਆਰੀ ਕਰ ਰਹੇ ਭਾਰਤੀਆਂ ਨੂੰ ਟਰੰਪ ਦੇ ਇਸ ਫੈਸਲੇ ਨਾਲ ਵੱਡਾ ਝਟਕਾ ਲੱਗਾ ਹੈ। ਇਸ ਨਾਲ ਐਚ ਵਨ ਬੀ ਵੀਜ਼ਾ ਨੂੰ ਲੈ ਕੇ ਦੁਬਾਰਾ ਤੋਂ ਬਹਿਸ ਛਿੜ ਗਈ ਹੈ। ਐਚ ਵਨ ਬੀ ਵੀਜ਼ਾ ਦਾ ਮਾਮਲਾ ਅਕਸਰ ਵਿਵਾਦਾਂ ਵਿੱਚ ਰਹਿੰਦਾ ਹੈ। ਇਸ ਪ੍ਰੋਗਰਾਮ ਦੀ ਸ਼ੁਰੂਆਤ 1990 ਵਿੱਚ ਹੋਈ ਸੀ ਅਤੇ ਇਹ ਅਮਰੀਕਾ ਦੇ ਇਮੀਗ੍ਰੇਸ਼ਨ ਐਕਟ ਦੇ ਤਹਿਤ ਬਣਾਇਆ ਗਿਆ ਸੀ। ਅਮਰੀਕਾ ਸਰਕਾਰ ਹਰ ਸਾਲ ਵੱਖ-ਵੱਖ ਕੰਪਨੀਆਂ ਨੂੰ 65 ਹਜ਼ਾਰ ਤੋਂ 85, ਐਚ ਵਨ ਬੀ ਵੀਜ਼ਾ ਪ੍ਰਦਾਨ ਕਰਦੀ ਹੈ। ਜਿਸ ਨਾਲ ਕੰਪਨੀਆਂ ਵਿਦੇਸ਼ਾਂ ਤੋਂ ਹੁਨਰਮੰਦ ਕਰਮਚਾਰੀਆਂ ਨੂੰ ਨੌਕਰੀਆਂ ਦੇ ਸਕਦੀਆਂ ਹਨ। ਇਹ ਵੀਜ਼ਾ ਤਿੰਨ ਸਾਲਾਂ ਲਈ ਜਾਇਜ਼ ਹੁੰਦਾ ਹੈ ਅਤੇ ਇਸ ਨੂੰ ਆਪਣੇ ਤਿੰਨ ਸਾਲਾਂ ਲਈ ਰਿਨਿਊ ਕੀਤਾ ਜਾਂਦਾ ਹੈ । ਇਸ ਦਾ ਸਭ ਤੋਂ ਵੱਧ ਫਾਇਦਾ ਭਾਰਤੀਆਂ ਨੂੰ ਮਿਲ ਰਿਹਾ ਸੀ ਜੋ ਪੂਰੇ ਵੀਜ਼ਾ ਕੋਟੇ ਦਾ 73 ਫ਼ੀਸਦੀ ਤੱਕ ਹਾਸਲ ਕਰ ਲੈਂਦੇ ਸਨ । ਚੀਨ ਵਿੱਚ ਇਸ ਦੀ ਹਿੱਸੇਦਾਰੀ 12 ਫ਼ੀਸਦੀ, ਕੈਨੇਡਾ ਦੀ ਇਕ ਫ਼ੀਸਦੀ, ਫਿਲਪੀਨਸ ਦੀ ਇੱਕ ਫ਼ੀਸਦੀ ਦੱਖਣੀ ਕੋਰੀਆ ਦੀ ਇੱਕ ਫ਼ੀਸਦੀ ਅਤੇ ਹੋਰ ਦੇਸ਼ਾਂ ਦੀ 12 ਫ਼ੀਸਦੀ ਰਹੀ ਹੈ।

ਟਰੰਪ ਦੇ ਫੈਸਲੇ ਨੂੰ ਲੈ ਕੇ ਪਈ ਭਾਜੜ ਦੇ ਵਿਚਾਲੇ ਉਥੋਂ ਦੀ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਇਹ ਫ਼ੀਸ ਸਿਰਫ ਇੱਕ ਵਾਰ ਦੇਣੀ ਪਵੇਗੀ ਅਤੇ ਨਵੀਂ ਅਰਜ਼ੀ ਉਤੇ ਹੀ ਲਾਗੂ ਹੋਵੇਗੀ। ਮੌਜੂਦਾ ਵੀਜ਼ਾ ਧਾਰਕ ਜਾਂ ਨਵੀਨੀਕਰਨ ਕਰਾਉਣ ਵਾਲੇ ਇਸ ਦੇ ਘੇਰੇ ਵਿੱਚ ਨਹੀਂ ਆਉਣਗੇ। ਇਸ ਨਾਲ ਅਮਰੀਕਾ ਵਿੱਚ ਕੰਮ ਕਰ ਰਹੇ ਭਾਰਤੀ ਆਈਟੀ ਪੇਸ਼ੇਵਰਾਂ ਸਮੇਤ ਹਜ਼ਾਰਾਂ ਮੁਲਾਜ਼ਮਾਂ ਨੂੰ ਵੱਡੀ ਰਾਹਤ ਮਿਲੀ ਹੈ। ਇਸ ਤੋਂ ਪਹਿਲਾਂ ਕਿਹਾ ਜਾ ਰਿਹਾ ਸੀ ਕਿ ਕੰਪਨੀਆਂ ਨੂੰ ਐਚ ਵਨ ਬੀ ਵੀਜ਼ਾ ਰੱਖਣ ਵਾਲੇ ਮੁਲਾਜ਼ਮਾਂ ਲਈ ਹਰ ਸਾਲ 1 ਲੱਖ ਡਾਲਰ ਦਾ ਭੁਗਤਾਨ ਕਰਨਾ ਪਵੇਗਾ।

ਐਚ ਵਨ ਬੀ ਵੀਜ਼ਾ ਭਾਰਤ ਦੀ ਆਈਟੀ ਪੇਸ਼ੇਵਰਾਂ ਵਿਚਕਾਰ ਬਹੁਤ ਮਸ਼ਹੂਰ ਹੈ। ਕੁਝ ਵੀ ਹੋਵੇ ਫ਼ੀਸ ਵਿੱਚ ਵਾਧੇ ਦੇ ਹੁਕਮ ਨਾਲ ਭਾਰਤੀ ਪੇਸ਼ੇਵਰਾਂ ਲਈ ਅਮਰੀਕਾ ਜਾਣਾ ਮਹਿੰਗਾ ਹੋ ਜਾਵੇਗਾ। ਅਮਰੀਕੀ ਨਾਗਰਿਕਤਾ ਤੇ ਇਮੀਗਰੇਸ਼ਨ ਸੇਵਾ ਨੇ ਸ਼ਨਿੱਚਰਵਾਰ ਨੂੰ ਕਿਹਾ ਕਿ ਰਾਸ਼ਟਰਪਤੀ ਟਰੰਪ ਦੀ ਨਵੀਂ ਵੀਜ਼ਾ ਨੀਤੀ ਸਿਰਫ ਉਨ੍ਹਾਂ ਨਵੇਂ ਬਿਨੈਕਾਰਾਂ 'ਤੇ ਲਾਗੂ ਹੋਵੇਗੀ ਜੋ ਅਜੇ ਤੱਕ ਜਮ੍ਹਾਂ ਨਹੀਂ ਹੋਏ ਹਨ। ਜਿਨ੍ਹਾਂ ਦੇ ਪੇਪਰ 21 ਸਤੰਬਰ ਤੋਂ ਪਹਿਲਾਂ ਜਮਾਂ ਕੀਤੇ ਗਏ ਹਨ, ਉਹ ਪ੍ਰਭਾਵਿਤ ਨਹੀਂ ਹੋਣਗੇ। ਜਿਹੜੇ ਲੋਕ ਫਿਲਹਾਲ ਅਮਰੀਕਾ ਤੋਂ ਬਾਹਰ ਹਨ, ਉਹਨਾਂ ਨੂੰ ਵੀ ਦੇਸ਼ ਵਿੱਚ ਦੁਬਾਰਾ ਦਾਖ਼ਲੇ ਲਈ ਫ਼ੀਸ ਨਹੀਂ ਦੇਣੀ ਪਵੇਗੀ। ਜਿਨ੍ਹਾਂ ਲੋਕਾਂ ਨੂੰ ਵੀਜ਼ਾ ਮਿਲ ਚੁੱਕਾ ਹੈ। ਉਨ੍ਹਾਂ ਨੂੰ ਵੀ ਵੱਧ ਫੀਸ ਦੇਣ ਦੀ ਲੋੜ ਨਹੀਂ ਹੈ। ਟਰੰਪ ਨੇ ਅਮਰੀਕਾ ਕਾਮਿਆਂ ਨੂੰ ਪਹਿਲ ਦੇਣ ਦਾ ਵਾਅਦਾ ਕੀਤਾ ਸੀ, ਜਿਸ ਨੂੰ ਪੁਗਾ ਦਿੱਤਾ ਹੈ।

ਦੂਜੇ ਬੰਨੇ ਥਿੰਕ ਟੈਂਕ ਗਲੋਬਲ ਟਰੇਡ ਰਿਸਰਚ ਇਨੀਸ਼ੀਏਟਿਵ ਨੇ ਕਿਹਾ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇਹ ਐਚ ਵਨ ਬੀ ਵੀਜ਼ਾ ਫ਼ੀਸ ਵਧਾ ਕੇ ਇੱਕ ਲੱਖ ਕਰਨ ਦਾ ਫੈਸਲਾ ਭਾਰਤ ਦੇ ਮੁਕਾਬਲੇ ਅਮਰੀਕਾ ਨੂੰ ਜ਼ਿਆਦਾ ਨੁਕਸਾਨ ਪਹੁੰਚਾ ਸਕਦਾ ਹੈ। ਭਾਰਤੀ ਆਈਟੀ ਕੰਪਨੀਆਂ ਪਹਿਲਾਂ ਤੋਂ ਹੀ ਅਮਰੀਕਾ ਵਿੱਚ 50 ਤੋਂ 80 ਫ਼ੀਸਦੀ ਸਥਾਨਕ ਲੋਕਾਂ ਦੀ ਨੌਕਰੀ 'ਤੇ ਰੱਖਦੀਆਂ ਹਨ। ਇਹਨਾਂ ਕੰਪਨੀਆਂ ਨੇ ਕੁੱਲ ਮਿਲਾ ਕੇ ਕਰੀਬ 1 ਲੱਖ ਅਮਰੀਕੀ ਨਾਗਰਿਕਾਂ ਨੂੰ ਨੌਕਰੀ 'ਤੇ ਰੱਖਿਆ ਹੈ। ਇਸ ਲਈ ਇਹ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਨਹੀਂ ਕਰੇਗਾ ਬਲਕਿ ਇਸ ਨਾਲ ਭਾਰਤ ਦੇ ਲੋਕਾਂ ਨੂੰ ਨੌਕਰੀ 'ਤੇ ਰੱਖਣ ਦੀ ਲਾਗਤ ਸਥਾਨਕ ਲੋਕਾਂ ਨੂੰ ਨੌਕਰੀ 'ਤੇ ਰੱਖਣ ਦੇ ਮੁਕਾਬਲੇ ਜ਼ਿਆਦਾ ਹੋ ਜਾਵੇਗੀ। ਥਿੰਕ ਟੈਂਕ ਦੇ ਸੰਸਥਾਪਕ ਅਜੇ ਸ੍ਰੀ ਵਾਸਤਵ ਕਹਿੰਦੇ ਹਨ ਕਿ ਪੰਜ ਸਾਲ ਦਾ ਤਜ਼ਰਬਾ ਰੱਖਣ ਵਾਲਾ ਆਈਟੀ ਮੈਨੇਜਰ ਅਮਰੀਕਾ ਵਿੱਚ 1.20 ਲੱਖ ਤੋਂ ਡੇਢ ਲੱਖ ਡਾਲਰ ਕਮਾਉਂਦਾ ਹੈ ਦੂਜੇ ਪਾਸੇ ਐਚ ਵਨ ਬੀ ਵੀਜ਼ਾ ਵਾਲੇ ਮੁਲਾਜ਼ਮ 40 ਫ਼ੀਸਦੀ ਘੱਟ ਤੇ ਭਾਰਤ ਵਿੱਚ ਰਹਿਣ ਵਾਲੇ ਮੁਲਾਜ਼ਮ 80 ਫ਼ੀਸਦੀ ਘੱਟ ਤਨਖਾਹ 'ਤੇ ਕੰਮ ਕਰਦੇ ਹਨ। ਇੰਨੀ ਜ਼ਿਆਦਾ ਫ਼ੀਸ ਕਾਰਨ ਕੰਪਨੀਆਂ ਆਊਟ ਸੋਰਸਿਜ 'ਤੇ ਜ਼ੋਰ ਦੇਣਗੀਆਂ ਅਤੇ ਭਾਰਤ ਤੋਂ ਕੰਮ ਕਰਵਾਉਣਗੀਆਂ। ਇਸ ਦਾ ਮਤਲਬ ਹੈ ਕਿ ਐਚ ਵਨ ਬੀ ਅਰਜ਼ੀਆਂ ਦੀ ਗਿਣਤੀ ਘੱਟ ਹੋਵੇਗੀ, ਸਥਾਨਕ ਭਰਤੀ ਵਿੱਚ ਕਮੀ ਆਵੇਗੀ ਅਮਰੀਕੀ ਗਾਹਕਾਂ ਲਈ ਪ੍ਰੋਜੈਕਟ ਵਧੇਗੀ ਅਤੇ ਇਨੋਵੇਸ਼ਨ ਦੀ ਰਫ਼ਤਾਰ ਮੱਠੀ ਹੋ ਪਵੇਗੀ।

ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਟਰੰਪ ਪ੍ਰਸ਼ਾਸਨ ਦਾ ਇਹ ਫੈਸਲਾ ਸਭ ਤੋਂ ਜ਼ਿਆਦਾ ਭਾਰਤ ਨੂੰ ਪ੍ਰਭਾਵਿਤ ਕਰਨ ਜਾ ਰਿਹਾ ਹੈ। ਅਜਿਹੇ ਵਿੱਚ ਐਚ ਵਨ ਬੀ ਵੀਜ਼ੇ ਨੂੰ ਲੈ ਕੇ ਲਾਗੂ ਨਵਾਂ ਨਿਯਮ ਕਰੀਬ 200 ਅਰਬ ਡਾਲਰ ਦੀ ਭਾਰਤੀ ਸਾਫਟਵੇਅਰ ਬਰਾਮਦ 'ਤੇ ਵੀ ਉਲਟਾ ਅਸਰ ਪਾ ਸਕਦਾ ਹੈ। ਐਚ ਵਨ ਬੀ ਵੀਜ਼ਾ ਲੈ ਕੇ ਅਮਰੀਕੀ ਕੰਪਨੀਆਂ ਵਿੱਚ ਸਿੱਧੇ ਤੌਰ 'ਤੇ ਕੰਮ ਕਰਨ ਵਾਲੇ ਭਾਰਤੀਆਂ ਜਾਂ ਭਾਰਤੀ ਸਾਫਟਵੇਅਰ ਕੰਪਨੀਆਂ ਵਿੱਚ ਕੰਮ ਕਰਨ ਵਾਲੇ ਭਾਰਤੀ ਆਈਟੀ ਇੰਜੀਨੀਅਰਾਂ ਲਈ ਵੀ ਗੈਰਯਕੀਨੀ ਪੈਦਾ ਹੋ ਗਈ ਹੈ। ਇਸ ਤੋਂ ਇਲਾਵਾ ਦਰਜਨਾਂ ਛੋਟੀਆਂ ਵੱਡੀਆਂ ਆਈਟੀ ਕੰਪਨੀਆਂ ਹਨ, ਜਿਹੜੀਆਂ ਅਮਰੀਕੀ ਗਾਹਕਾਂ ਨੂੰ ਆਪਣੀਆਂ ਸੇਵਾਵਾਂ ਦਿੰਦੀਆਂ ਹਨ। ਉਹਨਾਂ ਉੱਤੇ ਵੀ ਅਸਿੱਧੇ ਤੌਰ 'ਤੇ ਅਸਰ ਪਵੇਗਾ। ਕਿਹਾ ਜਾ ਸਕਦਾ ਹੈ ਕਿ ਇਹ ਆਈਟੀ ਸੈਕਟਰ ਵਿੱਚ ਰੁਜ਼ਗਾਰ ਦੀ ਭਾਲ ਕਰਨ ਵਾਲੇ ਭਾਰਤੀ ਪੇਸ਼ੇਵਰਾਂ ਦੇ ਬਦਲਾਂ ਨੂੰ ਸੀਮਤ ਕਰ ਸਕਦਾ ਹੈ।

ਦੂਜੇ ਬੰਨੇ 40 ਫ਼ੀਸਦੀ ਦੇ ਕਰੀਬ ਅਮਰੀਕੀ ਮੰਨਦੇ ਹਨ ਕਿ ਕਾਨੂੰਨੀ ਇਮੀਗ੍ਰੇਸ਼ਨ ਲਈ ਕੁਝ ਨਵੇਂ ਕਰਮਚਾਰੀਆਂ ਨੂੰ ਪਹਿਲ ਦੇਣੀ ਚਾਹੀਦੀ ਹੈ। ਇਸ ਤੋਂ ਇਲਾਵਾ 2024 ਵਿੱਚ ਪਿਊ ਰਿਸਰਚ ਸੈਂਟਰ ਦੇ ਐਕਸ ਸਰਵੇਖਣ ਅਨੁਸਾਰ ਲਗਭਗ 80 ਫ਼ੀਸਦੀ ਲੋਕ ਕਹਿੰਦੇ ਹਨ ਕਿ ਕਾਨੂੰਨੀ ਇਮੀਗ੍ਰੇਸ਼ਨ ਉਹ ਨੌਕਰੀਆਂ ਨੂੰ ਭਰਦੇ ਹਨ ਜੋ ਅਮਰੀਕੀ ਨਾਗਰਿਕ ਨਹੀਂ ਚਾਹੁੰਦੇ ਹਨ। ਜਾਂ ਇਹ ਕਹਿ ਲਈਏ ਕਿ ਉਹਨਾਂ ਦੇ ਨੱਕ ਥੱਲੇ ਨਹੀਂ ਆਉਂਦੀਆਂ ਹਨ।

ਇਸ ਤੋਂ ਪਹਿਲਾਂ ਅਮਰੀਕਾ 'ਚ ਕੈਨੇਡਾ ਵੱਲੋਂ ਭਾਰਤੀ ਪਾੜ੍ਹਿਆਂ ਲਈ ਵੀ ਬੂਹੇ ਭੇੜਨੇ ਸ਼ੁਰੂ ਕਰ ਦਿੱਤੇ ਗਏ ਸਨ। ਅਮਰੀਕਾ ਵਿੱਚ ਪੜ੍ਹਾਈ ਬਾਰੇ ਪੁੱਛ ਪੜਤਾਲ ਕਰਨ ਵਾਲਿਆਂ ਦੀ ਗਿਣਤੀ ਪਹਿਲਾਂ ਨਾਲੋਂ 46 ਫ਼ੀਸਦੀ ਘਟੀ ਹੈ। ਪਿਛਲੇ ਦੋ ਸਾਲਾਂ ਵਿੱਚ ਕੈਨੇਡਾ ਵਿੱਚ ਪੜ੍ਹਾਈ ਲਈ ਜਾਣਕਾਰੀ ਹਾਸਲ ਕਰਨ ਵਾਲੇ ਕਰੀਬ 70 ਫ਼ੀਸਦੀ ਘਟੇ ਹਨ। ਆਸਟਰੇਲੀਆ ਸਰਕਾਰ ਵੱਲੋਂ 1969 ਵਿੱਚ ਸਥਾਪਤ ਆਈਡੀਪੀ ਐਜੂਕੇਸ਼ਨ ਕੌਮਾਂਤਰੀ ਸਿੱਖਿਆ ਸਭਾ ਵਿੱਚ ਆਲਮੀ ਪੱਧਰ ਦੀ ਮੋਹਰੀ ਸੰਸਥਾ ਹੈ ਜੋ ਕਿ ਵਿਦਿਆਰਥੀਆਂ ਨੂੰ ਵਿਦੇਸ਼ ਵਿੱਚ ਪੜ੍ਹਨ ਦੇ ਉਹਨਾਂ ਦੇ ਟੀਚੇ ਨੂੰ ਪ੍ਰਾਪਤ ਕਰਨ ਦੀ ਮਦਦ ਕਰਦੀ ਹੈ, ਇਸੇ ਕੰਪਨੀ ਵੱਲੋਂ ਇਹ ਅੰਕੜੇ ਜਾਰੀ ਕੀਤੇ ਗਏ ਹਨ।


ਇਹ ਕੰਪਨੀ ਆਸਟਰੇਲੀਆ, ਕੈਨੇਡਾ, ਨਿਊਜ਼ੀਲੈਂਡ, ਆਇਰਲੈਂਡ, ਬਰਤਾਨੀਆ ਤੇ ਅਮਰੀਕਾ ਵਰਗੇ ਦੇਸ਼ਾਂ ਲਈ ਕੋਰਸ ਅਤੇ ਯੂਨੀਵਰਸਿਟੀ ਦੀ ਚੋਣ ਅਰਜ਼ੀ ਜਮ੍ਹਾਂ ਕਰਾਉਣ, ਵੀਜ਼ਾ ਪ੍ਰੋਸੈਸਿੰਗ ਅਤੇ ਯਾਤਰਾ ਤੋਂ ਪਹਿਲਾਂ ਦੀ ਯੋਜਨਾਬੰਦੀ 'ਤੇ ਮੁਫ਼ਤ ਮਾਰਗ ਪ੍ਰਦਾਨ ਕਰਦੀ ਹੈ। ਕੰਪਨੀ ਦਾ ਕਹਿਣਾ ਹੈ ਕਿ ਪਿਛਲੇ ਛੇ ਤੋਂ 12 ਮਹੀਨਿਆਂ ਵਿੱਚ ਹਾਲਾਤ ਨੇ ਸਪੱਸ਼ਟ ਤੌਰ 'ਤੇ ਉਹਨਾਂ ਵਿਦਿਆਰਥੀਆਂ ਦੀਆਂ ਯੋਜਨਾਵਾਂ ਨੂੰ ਪ੍ਰਭਾਵਿਤ ਕੀਤਾ ਹੈ ਜੋ ਕਿ ਅਮਰੀਕਾ ਜਾਣ ਦੀ ਯੋਜਨਾ ਬਣਾ ਰਹੇ ਸਨ। ਇਹ ਅਸਲ ਵਿੱਚ ਰਾਸ਼ਟਰਪਤੀ ਟਰੰਪ ਦੇ ਆਉਣ ਤੋਂ ਪਹਿਲਾਂ ਹੀ ਸ਼ੁਰੂ ਹੋ ਗਿਆ ਸੀ। ਜੂਨ ਤੋਂ ਬਾਅਦ ਵੀਜ਼ਾ ਮਨਜ਼ੂਰੀ ਦਰਾਂ ਵਿੱਚ ਵੀ ਗਿਰਾਵਟ ਆਈ ਹੈ।

ਅਧਿਕਾਰਤ ਅੰਕੜੇ ਦੱਸਦੇ ਹਨ ਕਿ ਇਸ ਸਾਲ ਮਈ ਵਿੱਚ ਅਮਰੀਕਾ ਲਈ ਪੁੱਛ ਪੜਤਾਲ ਵਿੱਚ 2024 ਦੇ ਮੁਕਾਬਲੇ 46.4 ਫ਼ੀਸਦੀ ਦਾ ਨਿਘਾਰ ਆਇਆ ਹੈ। ਕੈਨੇਡਾ ਲਈ ਪੁੱਛ ਪੜਤਾਲ ਕਰਨ ਵਾਲਿਆਂ ਦੀ ਗਿਣਤੀ ਵਿੱਚ ਵੀ ਪਿਛਲੇ ਦੋ ਸਾਲਾਂ ਵਿੱਚ ਲਗਭਗ 70 ਤੋਂ 75 ਫੀਸਦੀ ਦੀ ਕਮੀ ਆਈ ਹੈ।

ਕੌੜਾ ਸੱਚ ਇਹ ਹੈ ਕਿ ਆਪਣੇ ਮੁਲਕ ਵਿੱਚ ਰੁਜ਼ਗਾਰ ਨਾ ਮਿਲਣ ਦੀ ਵਜ੍ਹਾ ਕਰਕੇ ਹੁਨਰਮੰਦ ਕਾਮਿਆਂ ਨੂੰ ਵੀ ਬਾਹਰ ਜਾਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਸਰਕਾਰਾਂ ਨੇ ਨੌਕਰੀਆਂ ਦਾ ਇੱਥੇ ਹੀ ਬੰਦੋਬਸਤ ਕੀਤਾ ਹੁੰਦਾ ਤਾਂ ਪਰਾਏ ਬਾਰ 'ਤੇ ਜਾ ਕੇ ਬੈਠਣ ਦੀ ਲੋੜ ਨਹੀਂ ਸੀ ਪੈਣੀ ।

ਪਿਛਲੇ ਦਿਨੀਂ ਡੋਨਾਲਡ ਟਰੰਪ ਵੱਲੋਂ ਜਿਸ ਤਰੀਕੇ ਨਾਲ ਭਾਰਤੀਆਂ ਜਿਨ੍ਹਾਂ ਵਿੱਚ ਵਿਸ਼ੇਸ਼ ਕਰਕੇ ਪੰਜਾਬੀ ਸ਼ਾਮਿਲ ਸਨ, ਨੂੰ ਬੇੜੀਆਂ ਨਾਲ ਨੂੜ ਕੇ ਵਤਨ ਵਾਪਸ ਭੇਜਿਆ ਗਿਆ ਸੀ। ਉਸ ਤੋਂ ਬਾਅਦ ਭਾਰਤੀਆਂ ਵਿੱਚ ਅਮਰੀਕਾ ਜਾਣ ਦਾ ਰੁਝਾਨ ਘੱਟ ਗਿਆ ਹੈ। ਸਭ ਤੋਂ ਪਹਿਲਾਂ ਅਮਰੀਕਾ ਵਿੱਚ ਗ਼ੈਰ ਕਾਨੂੰਨੀ ਤੌਰ 'ਤੇ ਦਾਖ਼ਲ ਹੋਣ ਵਾਲਿਆਂ ਦੀ ਜਾਨ ਚਲੇ ਜਾਣ 'ਤੇ ਵੀ ਅਸੀਂ ਡੰਕੀ ਲਾਉਣ ਤੋਂ ਬਾਜ਼ ਨਹੀਂ ਸੀ ਆਏ। ਮਾਲਟਾ ਕਾਂਡ ਵੀ ਇਸ ਵਹਾਅ ਨੂੰ ਰੋਕ ਨਹੀਂ ਸੀ ਸਕਿਆ। ਇਹ ਮੁਲਕ ਦੇ ਵਿਕਾਸ ਨੂੰ ਰੁਜ਼ਗਾਰ ਮੁਖੀ ਬਣਾ ਕੇ ਹੀ ਹੁਨਰਮੰਦ ਕਾਮਿਆਂ ਨੂੰ ਸੰਭਾਲ ਕੇ ਰੱਖਣ ਵਿੱਚ ਮਦਦ ਹੋ ਸਕਦੀ ਹੈ।

# ਇਨਸਾਫ਼ ਦੀ ਝਾਕ



ਗੁਰਮੀਤ ਸਿੰਘ ਪਲਾਹੀ
9815802070

ਦੁਨੀਆ, ਦੇਸ਼ ਭਾਰਤ ਨੂੰ, ਇਥੋਂ ਦੇ ਕਾਨੂੰਨ, ਸਰਕਾਰੀ ਕੰਮਾਂ ਅਤੇ ਲੋਕਾਂ ਨਾਲ ਸਮਾਜਿਕ ਵਿਵਹਾਰ ਦੀਆਂ ਐਨਕਾਂ ਨਾਲ ਵੇਖਦੀ, ਪਰਖਦੀ ਹੈ। ਅਸੀਂ, ਭਾਵੇਂ ਖ਼ੁਦ ਨੂੰ ਲੱਖ ਧਰਮ ਨਿਰਪੱਖਤਾ ਦੇ ਅਲੰਬਰਦਾਰ ਗਰਦਾਨਦੇ ਰਹੀਏ, ਪਰ ਪਿਛਲੇ ਦਹਾਕੇ 'ਚ ਹਾਕਮਾਂ ਵੱਲੋਂ ਕੀਤੇ ਕਾਰਜਾਂ, ਪਾਸ ਕੀਤੇ ਕਾਨੂੰਨਾਂ ਅਤੇ ਘੱਟ ਗਿਣਤੀਆਂ ਨਾਲ ਹੋ ਰਹੇ ਵਿਵਹਾਰ ਕਾਰਨ ਦੁਨੀਆ ਭਾਰਤ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਣ ਲੱਗੀ ਹੈ ਅਤੇ ਸ਼ੰਕਾ ਜਤਾਉਣ ਲੱਗੀ ਹੈ ਕਿ ਦੇਸ਼ ਭਾਰਤ ਹੁਣ ਨਾ ਤਾਂ ਧਰਮ ਨਿਰਪੱਖ ਰਿਹਾ ਹੈ, ਨਾ ਹੀ ਲੋਕਤੰਤਰ। ਪਿਛਲੇ ਦਿਨੀਂ ਸਰਕਾਰ ਵੱਲੋਂ ਪਾਸ ਕਰਵਾਏ ਵਕਫ (ਸੋਧ) ਕਾਨੂੰਨ ਦੇ ਪਾਸ ਹੋਣ ਨਾਲ ਦੁਨੀਆ ਭਰ 'ਚ ਇਹ ਰਾਏ ਪੱਕੀ ਹੋਈ ਹੈ ਅਤੇ ਦੇਸ਼ ਦਾ ਅਕਸ ਡਾਲਰ ਦੇ ਮੁਕਾਬਲੇ ਰੁਪਏ ਦਾ ਮੁੱਲ ਡਿੱਗਣ ਵਾਂਗਰ ਡਿਗਿਆ ਹੈ। ਦੇਸ਼ 'ਚ ਇਸ ਵੇਲੇ ਇੱਕ ਅੰਦਾਜ਼ੇ ਮੁਤਾਬਕ 20.2 ਕਰੋੜ ਇਸਲਾਮ ਧਰਮ ਨੂੰ ਮੰਨਣ ਵਾਲੇ ਲੋਕ ਹਨ ਅਤੇ ਦੁਨੀਆ ਭਰ 'ਚ ਇਸਲਾਮ ਧਰਮ ਨੂੰ ਮੰਨਣ ਵਾਲਿਆਂ ਦੀ ਗਿਣਤੀ ਸਭ ਤੋਂ ਵੱਧ ਹੈ। ਵਕਫ (ਸੋਧ) ਦੇ ਮਾਮਲੇ 'ਤੇ ਭਾਵੇਂ ਦੇਸ਼ ਦੀ ਸੁਪਰੀਮ ਕੋਰਟ ਨੇ ਵਕਫ/ਸੋਧ ਦੇ ਪ੍ਰਮੁੱਖ ਸੈਕਸ਼ਨਾਂ ਉਤੇ ਰੋਕ ਲਗਾ ਦਿੱਤੀ ਹੈ, ਪਰ ਕੀ ਕੇਂਦਰ ਸਰਕਾਰ ਨੇ ਇਸ ਤੋਂ ਨਸੀਹਤ ਲਈ ਹੈ ਜਾਂ ਲਵੇਗੀ ਅਤੇ ਦੇਸ਼ ਦੇ ਧਰਮ ਨਿਰਪੱਖਤਾ ਦੇ ਅਕਸ ਨੂੰ ਲੱਗ ਰਹੀ ਢਾਅ ਨੂੰ ਰੋਕੇਗੀ? ਜਾਪਦਾ ਹੈ ਕਿ ਨਹੀਂ, ਕਿਉਂਕਿ 15 ਸਤੰਬਰ 2025 ਨੂੰ ਜਦੋਂ ਸੁਪਰੀਮ ਕੋਰਟ ਨੇ ਵਕਫ/ਸੋਧ ਬਿੱਲ 2025 ਦੇ ਪ੍ਰਮੁੱਖ ਸੈਕਸ਼ਨਾਂ ਉਤੇ ਰੋਕ ਲਗਾ ਦਿੱਤੀ ਤਾਂ ਸਰਕਾਰ ਨੇ ਪੂਰਾ ਹੌਂਸਲਾ ਵਿਖਾਇਆ ਅਤੇ ਖ਼ੁਦ ਨੂੰ ਵਧਾਈ ਦਿੱਤੀ ਕਿ ਅਦਾਲਤ ਨੇ ਮੁਸਲਿਮ ਪਰਸਨਲ ਲਾਅ ਦੇ ਇੱਕ ਪ੍ਰਮੁੱਖ ਅੰਗ ਵਿੱਚ 'ਸੁਧਾਰ' ਦੇ ਸਰਕਾਰ ਦੇ ਯਤਨਾਂ ਦਾ ਸਮਰਥਨ ਕੀਤਾ ਹੈ। ਇਹ ਸਰਕਾਰ ਦੀ ਘੱਟ ਗਿਣਤੀਆਂ ਪ੍ਰਤੀ ਰਵੱਈਏ ਅਤੇ ਉਹਨਾਂ ਦੇ ਨਾਲ ਹੋ ਰਹੇ ਬੇਇਨਸਾਫ਼ੀ ਦੀ ਸਪੱਸ਼ਟ ਮਿਸਾਲ ਹੈ। ਪਿਛਲੇ ਦਿਨੀਂ ਦੇਸ਼ ਦੇ ਇੱਕ ਪ੍ਰਮੁੱਖ ਅਖ਼ਬਾਰ ਨੇ ਸਾਬਤ ਕੀਤਾ ਕਿ ਸੰਨ-2020 ਵਿੱਚ ਜੋ ਦਿੱਲੀ ਦੰਗੇ ਹੋਏ ਸਨ, ਉਸ ਤੋਂ ਬਾਅਦ ਜਿਹੜੇ ਲੋਕ ਫੜੇ ਗਏ ਸਨ, ਉਹਨਾਂ ਦਾ ਇਹਨਾ ਦੰਗਿਆਂ ਨਾਲ ਕੋਈ ਵਾਸਤਾ ਨਹੀਂ ਸੀ। ਕਈ ਲੋਕ ਇਹ ਮੰਨਦੇ ਹਨ ਕਿ ਇਹੀ ਕਾਰਨ ਹੈ ਕਿ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀ ਉਮਰ ਖਾਲਿਦ ਨੂੰ ਪੰਜ ਸਾਲ ਜੇਲ੍ਹ ਵਿੱਚ ਰੱਖਣ ਦੇ ਬਾਅਦ ਵੀ ਉਸ ਉਤੇ ਕੋਈ ਮੁਕੱਦਮਾ ਸ਼ੁਰੂ ਨਹੀਂ ਹੋਇਆ। ਜਦੋਂ ਮੁਕੱਦਮਾ ਬਣਨ ਜੋਗਾ ਸਬੂਤ ਹੀ ਕੋਈ ਨਾ ਹੋਵੇ, ਤਾਂ ਅਕਸਰ ਮਾਮਲਾ ਇਸ ਤਰ੍ਹਾਂ ਲਟਕਾਇਆ ਜਾਂਦਾ ਹੈ ਅਤੇ ਇਸਨੂੰ ਕਿਹਾ ਜਾਂਦਾ ਹੈ ਕਿ ਸਜ਼ਾ ਦੇਣ ਦੀ ਪ੍ਰਕਿਰਿਆ ਹੀ ਸਜ਼ਾ ਬਣ ਜਾਂਦੀ ਹੈ। ਉਮਰ ਖਾਲਿਦ ਜਿਹੇ ਦੇਸ਼ ਭਰ ਦੀਆਂ ਜੇਲ੍ਹਾਂ 'ਚ ਬੰਦ 75 ਫ਼ੀਸਦੀ ਇਹੋ ਜਿਹੇ ਕੈਦੀ ਹਨ, ਜਿਹਨਾਂ ਉਤੇ ਮੁਕੱਦਮਾ ਚਲਾਇਆ ਹੀ ਨਹੀਂ ਗਿਆ। ਜੇਲ੍ਹਾਂ 'ਚ ਕੁੱਲ 5,73,220 ਕੈਦੀ ਹਨ ਅਤੇ ਉਹਨਾਂ ਵਿਚੋਂ 4,34,302 ਅੰਡਰ ਟਰਾਇਲ ਹਨ। ਉਮਰ ਖਾਲਿਦ ਅਤੇ ਉਸ ਦੇ ਕੁਝ ਸਾਥੀਆਂ ਨੂੰ ਦਿੱਲੀ ਦੰਗਿਆਂ ਵੇਲੇ ਫੜਿਆ ਗਿਆ, ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ। ਦਰਜ਼ਨਾਂ ਭਰ ਸਿੱਖ ਕੈਦੀ ਜੇਲ੍ਹਾਂ ਵਿੱਚ ਇਹੋ ਜਿਹੇ ਡੱਕੇ ਹੋਏ ਹਨ, ਜਿਹਨਾਂ ਨੇ ਆਪਣੀਆਂ ਸਜ਼ਾਵਾਂ ਵੀ ਪੂਰੀਆਂ ਕਰ ਲਈਆਂ ਹਨ, ਮੁਕੱਦਮਿਆਂ ਵਿਚੋਂ ਵੀ ਬਰੀ ਹੋ ਚੁੱਕੇ ਹਨ। ਪਰ ਹਾਕਮਾਂ ਦੀ ਹੱਠ ਧਰਮੀ ਵੇਖੋ, ਸ਼ੰਕਿਆਂ ਕਾਰਨ ਉਹਨਾਂ ਨੂੰ ਜੇਲ੍ਹ 'ਚ ਡੱਕਿਆ ਹੋਇਆ ਹੈ। ਕੀ ਇਹ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨਹੀਂ ਹੈ? ਸਿੱਟਾ, ਭਾਰਤ ਦੇਸ਼ ਦਾ ਨਾਮ ਮਨੁੱਖੀ ਅਧਿਕਾਰਾਂ ਦੀ ਰਾਖੀ ਦੇ ਮਾਮਲੇ 'ਚ ਨਿਵਾਣਾਂ ਵੱਲ ਗਿਆ ਹੈ। ਸੈਂਕੜਿਆਂ ਦੀ ਗਿਣਤੀ 'ਚ ਪੱਤਰਕਾਰ, ਲੇਖਕ, ਬੁੱਧੀਜੀਵੀ, ਜੇਲ੍ਹਾਂ ਦੀਆਂ ਸ਼ਲਾਖਾਂ 'ਚ ਹਨ। ਇਹਨਾਂ 'ਚ ਵਾਧਾ ਹਾਕਮ ਧਿਰ ਦੇ ਖਿਲਾਫ਼ ਵਿਰੋਧੀ ਵਿਚਾਰ ਰੱਖਣ ਵਾਲੇ ਸਿਆਸੀ ਆਗੂਆਂ ਦਾ ਵੀ ਹੈ, ਜਿਹੜੇ ਈ.ਡੀ., ਸੀ.ਬੀ.ਆਈ. ਇਨਕਮ ਟੈਕਸ ਅਤੇ ਹੋਰ ਖੁਦਮੁਖਤਿਆਰ ਸੰਸਥਾਵਾਂ (ਜਿਹਨਾਂ ਨੂੰ ਸਰਕਾਰ ਨੇ ਆਪਣਾ ਤੰਤਰ ਹੀ ਬਣਾ ਲਿਆ ਹੈ) ਦਾ ਸ਼ਿਕਾਰ ਬਣਾ ਦਿੱਤੇ ਗਏ ਹਨ। ਨਾਗਰਿਕਤਾ ਸੰਸ਼ੋਧਨ ਜਾਂ ਸੀ.ਏ.ਏ. ਦੇ ਖਿਲਾਫ਼ ਜਿਸ ਢੰਗ ਨਾਲ ਲੋਕਾਂ 'ਚ ਵਿਰੋਧ ਹੋਇਆ, ਦੰਗੇ ਫਸਾਦ ਹੋਏ, ਜਿਸ ਢੰਗ ਨਾਲ ਸਰਕਾਰ ਨੇ ਇਹਨਾਂ ਨੂੰ ਨਿਪਟਿਆ। ਮੁਸਲਮਾਨਾਂ ਨੂੰ ਮੁਸਲਿਮ ਵੱਡੀ ਗਿਣਤੀ ਵਾਲੇ ਇਲਾਕਿਆਂ ਵਿਚੋਂ ਫੜ ਫੜ ਕੇ ਜੇਲ੍ਹ ਸੁੱਟਿਆ ਗਿਆ। ਫਰਜ਼ੀ ਮੁਕੱਦਮੇ ਦਰਜ ਕੀਤੇ, ਉਹ ਬਿਨ੍ਹਾਂ ਸ਼ੱਕ ਸਰਕਾਰ ਦੀ ਉਹੋ ਜਿਹੀ ਇੱਕ ਪਾਸੜ ਸੋਚ ਦਾ ਸਿੱਟਾ ਸੀ, ਜਿਹੋ ਜਿਹੀ ਸੋਚ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ ਵਿੱਚ ਸਿੱਖ ਧਰਮ ਦੇ ਪੈਰੋਕਾਰਾਂ ਦੇ ਕਤਲੇਆਮ ਅਤੇ ਨਸਲਕੁਸ਼ੀ ਕਰਨ ਲਈ ਉਸ ਵੇਲੇ ਦੇ ਧੁਰੰਤਰ ਕਾਂਗਰਸੀ ਕਾਰਕੁੰਨਾਂ ਨੇ ਪ੍ਰਮੁੱਖ ਭੂਮਿਕਾ ਨਿਭਾ ਕੇ ਕੀਤੀ ਸੀ, ਉਹਨਾਂ ਨੇ ਟੈਲੀਵੀਜ਼ਨ ਉਤੇ ਆਕੇ 'ਖ਼ੂਨ ਕਾ ਬਦਲਾ ਖ਼ੂਨ' ਜਿਹੇ ਨਾਅਰੇ ਲਾਕੇ ਸੰਦੇਸ਼ ਦਿੱਤਾ ਸੀ ਕਿ ਬਦਲਾ ਸਿੱਖਾਂ ਤੋਂ ਲਿਆ ਜਾਏਗਾ। ਕੀ ਇਹਨਾਂ ਦੰਗਿਆਂ ਦੇ ਜ਼ੁੰਮੇਵਾਰਾਂ ਨੂੰ ਅੱਜ ਤੱਕ ਵੀ ਸਜ਼ਾਵਾਂ ਮਿਲੀਆਂ? ਅਨੇਕਾਂ ਸੰਮਤੀਆਂ, ਕਮਿਸ਼ਨ ਬਣੇ, ਪਰ ਪਰਨਾਲਾ ਉਥੇ ਦਾ ਉਥੇ ਰਿਹਾ।

ਸੰਨ 2020 ਦੇ ਦਿੱਲੀ ਦੰਗਿਆਂ 'ਚ 93 ਲੋਕ ਮਾਰੇ ਗਏ ਸਨ। ਉਹਨਾਂ 'ਚ 36 ਮੁਸਲਿਮ ਸਨ ਅਤੇ ਪੰਦਰਾਂ ਹਿੰਦੂ। ਲੇਕਿਨ ਗ੍ਰਿਫ਼ਤਾਰ ਕੇਵਲ ਮੁਸਲਿਮ ਕੀਤੇ ਗਏ। ਬੇਬੁਨਿਆਦ ਕੇਸ ਦਰਜ ਹੋਏ। ਜਿਹਨਾਂ ਉਤੇ ਮੁਕੱਦਮੇ ਬਣੇ, ਉਹਨਾਂ ਵਿਚੋਂ 96 ਬਰੀ ਹੋ ਗਏ, ਇਹਨਾ ਵਿੱਚ 93 ਇਹੋ ਜਿਹੇ ਸਨ, ਜਿਹਨਾਂ 'ਤੇ ਝੂਠੇ ਮੁਕੱਦਮੇ ਦਰਜ ਹੋਏ ਸਨ। ਇਹ ਦੰਗੇ ਜਦੋਂ ਸੰਨ 2020 'ਚ ਹੋਏ, ਉਦੋਂ ਅਮਰੀਕਾ ਦੇ ਤਤਕਾਲੀਨ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਖ਼ੂਬ ਸ਼ਾਨੋ-ਸ਼ੌਕਤ ਨਾਲ ਸਵਾਗਤ ਹੋਇਆ ਸੀ ਅਤੇ ਨਰੇਂਦਰ ਮੋਦੀ ਇਹ ਸਵਾਗਤ ਕਰ ਰਹੇ ਸਨ। ਪੁਲਿਸ ਵਾਲਿਆਂ ਨੇ ਸਥਿਤੀ ਨੂੰ ਨਿਪਟਾਉਣ ਲਈ ਜਿਹੜਾ ਵੀ ਅੜਿੱਕੇ ਆਇਆ, ਉਸ ਨੂੰ ਚੁੱਕ ਕੇ ਜੇਲ੍ਹ ਸੁੱਟ ਦਿੱਤਾ। ਇਸ ਦੰਗਿਆਂ ਵਾਲੇ ਕੇਸ 'ਚ ਜਵਾਹਰ ਲਾਲ ਯੂਨੀਵਰਸਿਟੀ ਦੇ ਵਿਦਿਆਰਥੀ ਉਮਰ ਖਾਲਿਦ ਉਤੇ ਮਾਸਟਰ ਮਾਈਂਡ ਹੋਣ ਦਾ ਦੋਸ਼ ਲੱਗਾ, ਜੋ ਅੱਜ ਤੱਕ ਜੇਲ੍ਹ 'ਚ ਸੜ ਰਿਹਾ ਹੈ ਅਤੇ ਹੇਠਲੀਆਂ ਅਦਾਲਤਾਂ 'ਚੋਂ ਸਮੇਤ ਹਾਈਕੋਰਟ ਦੇ ਉਸਨੂੰ ਜ਼ਮਾਨਤ ਨਹੀਂ ਮਿਲੀ। ਹੁਣ ਜ਼ਮਾਨਤ ਲਈ ਸੁਣਵਾਈ ਸੁਪਰੀਮ ਕੋਰਟ 'ਚ ਹੈ। ਦੇਸ਼ ਇਸ ਵੇਲੇ ਜਿਥੇ ਵੋਟ ਰਾਜਨੀਤੀ ਨਾਲ ਤ੍ਰਭਕਿਆ ਪਿਆ ਹੈ। ਹਾਕਮਾਂ 'ਤੇ ਵੋਟ ਚੋਰੀ ਦੇ ਇਲਜ਼ਾਮ ਲੱਗ ਰਹੇ ਹਨ। ਫਿਰਕਾਪ੍ਰਸਤੀ ਦੀ ਹਨ੍ਹੇਰੀ ਵਗਾ ਕੇ ਜਿਵੇਂ ਦੇਸ਼ ਦਾ ਮਾਹੌਲ ਖਰਾਬ ਕੀਤਾ ਜਾ ਰਿਹਾ ਹੈ, ਉਸ ਨਾਲ ਦੇਸ਼ ਦੇ ਵਿੱਚ ਧੱਕੇ ਧੌਂਸ ਦੀ ਰਾਜਨੀਤੀ ਦਾ ਬੋਲਬਾਲਾ ਹੋ ਰਿਹਾ ਹੈ। ਭਾਰਤ ਨੂੰ ਸਮਾਜਿਕ ਬੇਇਨਸਾਫ਼ੀ ਦੇ ਮੁੱਦਿਆਂ ਨੇ ਤਾਂ ਜਕੜਿਆ ਹੀ ਹੋਇਆ ਹੈ। ਨਸਲੀ, ਨਾ ਬਰਾਬਰੀ, ਜ਼ੋਨ ਉਤਪੀੜਨ, ਔਰਤਾਂ ਨਾਲ ਵਿਤਕਰਾ, ਤਨਖ਼ਾਹ 'ਚ ਅਸਮਾਨਤਾ ਤਾਂ ਹੈ ਹੀ, ਪਰ ਬੇਰੁਜ਼ਗਾਰੀ, ਅਨਪੜ੍ਹਤਾ, ਭ੍ਰਿਸ਼ਟਾਚਾਰ, ਪ੍ਰਦੂਸ਼ਣ, ਧਾਰਮਿਕ ਭੇਦਭਾਵ ਮੌਜੂਦਾ ਸਿਆਸੀ ਹਾਕਮਾਂ ਦੀ ਦੇਣ ਹਨ। ਇਸ ਵਿਚੋਂ ਹੀ ਗਰੀਬ-ਅਮੀਰ ਦਾ ਪਾੜਾ, ਔਰਤਾਂ ਦੀ ਅਸੁਰੱਖਿਆ, ਸਿਆਸਤ ਵਿੱਚ ਸਾਮ, ਦਾਮ, ਦੰਡ ਦੀ ਵਰਤੋਂ ਅਤੇ ਨਫ਼ਰਤੀ ਵਤੀਰਾ ਇਨਸਾਫ਼ ਨੂੰ ਛਿੱਕੇ ਟੰਗ ਰਿਹਾ ਹੈ। ਇਸ ਨਫ਼ਰਤੀ ਵਤੀਰੇ ਦਾ ਕਾਰਨ, ਪਾਰਲੀਮੈਂਟ ਲਈ ਚੁਣੇ ਗਏ ਮੈਂਬਰਾਂ ਵਿੱਚ 46 ਫ਼ੀਸਦੀ ਅਪਰਾਧਿਕ ਮਾਮਲਿਆਂ 'ਚ ਲਿਪਤ ਲੋਕ ਹਨ। ਇਹਨਾਂ ਵਿੱਚੋਂ 31 ਉਤੇ ਹੱਤਿਆ ਦੇ ਮਾਮਲੇ ਹਨ ਅਤੇ ਚੁਣੀਆਂ ਗਈਆਂ ਸਾਂਸਦ-ਵਿਧਾਇਕ ਔਰਤਾਂ ਵਿੱਚੋਂ 28 ਫ਼ੀਸਦੀ 'ਤੇ ਅਪਰਾਧਿਕ ਮੁਕੱਦਮੇ ਦਰਜ ਹਨ, ਜਿਹਨਾਂ ਵਿੱਚ 15 ਦੇ ਖਿਲਾਫ਼ ਹੱਤਿਆ ਦੇ ਮਾਮਲੇ ਹਨ। ਦੇਸ਼ ਵਿੱਚ ਵੰਸ਼ਵਾਦ ਦਾ ਐਡਾ ਦਬਾਅ ਹੈ ਕਿ ਦੇਸ਼ ਦੇ 21 ਫ਼ੀਸਦੀ ਸਾਂਸਦ-ਵਿਧਾਇਕ ਸਿਆਸੀ ਪਰਿਵਾਰਾਂ ਵਿੱਚੋਂ ਹੀ ਹਨ। ਦੇਸ਼ 'ਚ ਅਪਰਾਧਿਕ ਵਿਰਤੀ ਅਤੇ ਵੰਸ਼ਵਾਦ ਦੀ ਗਹਿਰੀ ਪਕੜ ਨੇ ਰਾਜਨੀਤੀ, ਇਨਸਾਫ਼ ਅਤੇ ਲੋਕਤੰਤਰ ਉਤੇ ਡੂੰਘਾ ਪ੍ਰਭਾਵ ਪਾਇਆ ਹੈ। ਨਵੇਂ ਅਤੇ ਯੋਗ ਨੇਤਾਵਾਂ ਕੋਲੋਂ ਅੱਗੇ ਆਉਣ ਦਾ ਮੌਕਾ ਖੋਹਿਆ ਜਾ ਰਿਹਾ ਹੈ। ਦੇਸ਼ 'ਚ ਇਹੋ ਜਿਹੇ ਕੰਮ ਦੇਸ਼ ਦੇ ਲੋਕਾਂ ਦੀ ਇਨਸਾਫ਼ ਪ੍ਰਤੀ ਤਾਂਘ ਅਤੇ ਝਾਕ ਨੂੰ ਖੁੰਡਾ ਕਰਨ ਵਾਲਾ ਤੰਤਰ ਬਣ ਚੁੱਕੇ ਹਨ। ਹੱਥ ਆਈ ਗੱਦੀ ਨੂੰ ਹੱਥੋਂ ਨਾ ਜਾਣ ਦੇਣਾ, ਧਰਮ ਦੇ ਨਾਮ ਉਤੇ ਸਿਆਸਤ ਕਰਨਾ, ਜਾਤ-ਬਰਾਦਰੀ ਦੇ ਨਾਮ ਉਤੇ ਵੋਟ ਬਟੋਰਨਾ ਅਤੇ ਦੇਸ਼ ਦੀਆਂ ਖੁਦਮੁਖਤਿਆਰ ਸੰਸਥਾਵਾਂ ਉਤੇ ਕਾਬੂ ਪਾਉਣਾ, ਇਨਸਾਫ਼ ਨੂੰ ਖੂਹ 'ਚ ਸੁੱਟਣ ਸਮਾਨ ਹੈ।

# ਮਾਝਾ-ਦੁਆਬਾ
ਆਸ ਪਾਸ

## ਸ਼ਹੀਦੀ ਨਗਰ ਕੀਰਤਨ ਗੋਂਦੀਆ (ਮਹਾਰਾਸ਼ਟਰ) ਤੋਂ ਨਾਗਪੁਰ ਲਈ ਰਵਾਨਾ

ਅੰਮ੍ਰਿਤਸਰ, 22 ਸਤੰਬਰ (ਗੁਰਦਿਆਲ ਸਿੰਘ): ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਦੇ ਸਬੰਧ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਧੋਬੜੀ ਸਾਹਿਬ ਆਸਾਮ ਤੋਂ ਆਰੰਭ ਹੋਇਆ ਸ਼ਹੀਦੀ ਨਗਰ ਕੀਰਤਨ ਅੱਜ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗੋਂਦੀਆ ਮਹਾਰਾਸ਼ਟਰ ਤੋਂ ਨਾਗਪੁਰ ਲਈ ਰਵਾਨਾ ਹੋਇਆ। ਨਗਰ ਕੀਰਤਨ ਦੀ ਰਵਾਨਗੀ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਸਜੇ ਧਾਰਮਿਕ ਦੀਵਾਨ ਵਿਚ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ ਨੇ ਨੌਵੇਂ ਪਾਤਸ਼ਾਹ ਜੀ ਦੁਆਰਾ ਉਚਾਰਨ ਕੀਤੀ ਗੁਰਬਾਣੀ ਬਾਰੇ ਕਥਾ ਵਿਚਾਰ ਕੀਤੀ। ਉਨ੍ਹਾਂ ਸੰਗਤਾਂ ਨਾਲ ਗੁਰੂ ਸਾਹਿਬ ਦੇ ਜੀਵਨ ਇਤਿਹਾਸ ਦੀ ਵੀ ਸਾਂਝ ਪਾਈ। ਨਗਰ ਕੀਰਤਨ ਦਾ ਸੰਗਤਾਂ ਨੇ ਵੱਖ-ਵੱਖ ਪੜਾਵਾਂ 'ਤੇ ਉਤਸ਼ਾਹ ਨਾਲ ਭਰਵਾਂ ਸਵਾਗਤ ਕੀਤਾ। ਨਗਰ ਕੀਰਤਨ ਪ੍ਰਤੀ ਵੱਖ-ਵੱਖ ਧਰਮਾਂ ਦੇ ਲੋਕਾਂ ਵਿਚ ਵੱਡੀ ਸ਼ਰਧਾ ਸੀ ਤੇ ਸੰਗਤਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ



'ਤੇ ਫੁੱਲਾਂ ਦੀ ਵਰਖਾ ਕਰਕੇ ਸਤਿਕਾਰ ਭੇਟ ਕੀਤਾ। ਜ਼ਿਕਰਯੋਗ ਹੈ ਕਿ ਇਥੇ ਦੇਰ ਰਾਤ ਨਗਰ ਕੀਰਤਨ ਦੇ ਗੋਂਦੀਆ ਪਹੁੰਚਣ 'ਤੇ ਮੀਂਹ ਦੇ ਬਾਵਜੂਦ ਵੱਡੀ ਗਿਣਤੀ ਸੰਗਤਾਂ ਨੇ ਸਵਾਗਤ ਕਰਦਿਆਂ ਗੁਰੂ ਸਾਹਿਬ ਪ੍ਰਤੀ ਸ਼ਰਧਾ ਪ੍ਰਗਟਾਈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਜਸਵਿੰਦਰ ਸਿੰਘ ਜੱਸੀ, ਇੰਚਾਰਜ ਪਲਵਿੰਦਰ ਸਿੰਘ, ਸਰਬਜੀਤ ਸਿੰਘ, ਵਧੀਕ ਮੈਨੇਜਰ ਗੁਰਤਿੰਦਰਪਾਲ ਸਿੰਘ ਕਾਦੀਆਂ, ਅਮਰਜੀਤ ਸਿੰਘ ਮੈਨੇਜਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸੁਪਰਵਾਈਜ਼ਰ ਹਰਭਜਨ ਸਿੰਘ, ਗੁਰਸਾਹਿਬ ਸਿੰਘ, ਲਖਬੀਰ ਸਿੰਘ, ਸਿੱਖ ਮਿਸ਼ਨ ਛੱਤੀਸਗੜ੍ਹ ਦੇ ਇੰਚਾਰਜ ਗੁਰਮੀਤ ਸਿੰਘ ਤੇ ਸਿੱਖ ਮਿਸ਼ਨ, ਭਾਈ ਬਲਦੇਵ ਸਿੰਘ ਓਗਰਾ, ਇੰਚਾਰਜ ਸਿੱਖ ਮਿਸ਼ਨ ਜੰਮੂ ਕਸ਼ਮੀਰ ਭਾਈ ਹਰਜਿੰਦਰ ਸਿੰਘ, ਸੁਰਜੀਤ ਸਿੰਘ ਮੀਤ ਮੈਨੇਜਰ ਸਮੇਤ ਸੰਗਤਾਂ ਹਾਜ਼ਰ ਸਨ।

## ਭਾਈ ਸੰਦੀਪ ਸਿੰਘ ਸੰਨੀ 'ਤੇ ਤਸ਼ੱਦਦ ਕਰਨ ਵਾਲੇ ਜੇਲ੍ਹ ਸਟਾਫ਼ ਵਿਰੁੱਧ ਕਾਨੂੰਨੀ ਕਾਰਵਾਈ ਹੋਵੇ : ਜਥੇ. ਹਵਾਰਾ ਕਮੇਟੀ

ਅੰਮ੍ਰਿਤਸਰ, 22 ਸਤੰਬਰ (ਬਬਲੂ ਮਹਾਜਨ): ਜਥੇਦਾਰ ਹਵਾਰਾ ਕਮੇਟੀ ਨੇ ਕਿਹਾ ਕਿ ਪਟਿਆਲਾ ਕੇਂਦਰੀ ਜੇਲ੍ਹ ਵਿੱਚ ਸੁਧੀਰ ਸੂਰੀ ਕਤਲ ਕੇਸ ਵਿੱਚ ਨਜ਼ਰਬੰਦ ਭਾਈ ਸੰਦੀਪ ਸਿੰਘ ਸੰਨੀ 'ਤੇ ਜੇਲ੍ਹ ਸਟਾਫ ਵਲੋਂ ਕੀਤੇ ਗਏ ਅੰਨ੍ਹੇ ਵਾਹ ਤਸ਼ੱਦਦ ਦੀ ਮੂੰਹ ਬੋਲਦੀ ਤਸਵੀਰ ਮੈਡੀਕਲ ਰਿਪੋਰਟ ਤੋਂ ਸਪੱਸ਼ਟ ਹੋ ਗਈ ਹੈ। ਭਾਈ ਮਹਾਬੀਰ ਸਿੰਘ ਸੁਲਤਾਨਵਿੰਡ, ਡਾ ਸੁਖਦੇਵ ਸਿੰਘ ਬਾਬਾ ਅਤੇ ਬਲਦੇਵ ਸਿੰਘ ਨਵਾਂ ਪਿੰਡ ਨੇ ਪ੍ਰੈਸ ਨੋਟ ਰਾਹੀਂ ਇਸ ਗੱਲ ਦੀ ਸ਼ਲਾਘਾ ਕੀਤੀ ਕਿ ਤਸ਼ੱਦਦ ਦੌਰਾਨ ਉਨ੍ਹਾਂ ਦਾ ਗੁਰੂ ਤੇ ਭਰੋਸਾ ਡੋਲਿਆਂ ਨਹੀਂ। ਜਿਸ ਬੇਰਹਿਮੀ ਨਾਲ ਭਾਈ ਸੰਨੀ ਉੱਤੇ ਜ਼ੁਲਮ ਢਾਹਿਆ ਹੈ ਉਸਤੋਂ ਇਹ ਪਤਾ ਲੱਗਦਾ ਹੈ ਕਿ ਮ੍ਰਿਤਕ ਸੂਬਾ ਦੇ ਨਕਸ਼ੇ ਕਦਮ ਤੇ ਚਲਨ ਵਾਲੇ ਮੁਲਾਜ਼ਮ ਦੀ ਘਾਟ ਨਹੀਂ। ਕਮੇਟੀ ਆਗੂਆਂ ਨੇ ਕਿਹਾ ਚਾਹੀਦਾ ਤਾਂ ਇਹ ਸੀ ਬੀਤੇ ਸਮੇਂ ਦੌਰਾਨ ਪੰਜਾਬ ਵਿੱਚ ਜਿਨ੍ਹਾਂ ਨੇ ਕਾਨੂੰਨ ਆਪਣੇ ਹੱਥਾਂ ਵਿੱਚ ਲੈ ਕੇ ਜੋ ਨੋਜਵਾਨੀ ਦਾ ਘਾਣ ਕੀਤਾ ਹੈ ਉਸਤੋਂ ਸਬਕ ਸਿੱਖਿਆ ਜਾਂਦਾ ਤਾਂ ਜੋ ਸੂਬੇ ਦਾ ਮਾਹੌਲ ਖਰਾਬ ਨਾ ਹੋਵੇ। ਹਵਾਰਾ ਕਮੇਟੀ ਦੇ ਆਗੂਆਂ ਨੇ ਦੋਸ਼ੀ ਮੁਲਾਜ਼ਮਾਂ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਨੇ ਭਾਈ ਸੰਦੀਪ ਸਿੰਘ



ਸੰਨੀ ਦੇ ਪਰਿਵਾਰ ਨੂੰ ਭਰੋਸਾ ਦਿਵਾਇਆ ਕਿ ਜਥੇਦਾਰ ਹਵਾਰਾ ਦੀ ਟੀਮ ਉਨ੍ਹਾਂ ਦੇ ਨਾਲ ਖੜ੍ਹੀ ਹੈ ਤੇ ਨਾਲ ਸਿੱਖ ਜਥੇਬੰਦੀਆਂ ਤੇ ਸਿੱਖ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਇਸ ਮੁਸ਼ਕਿਲ ਦੀ ਘੜੀ ਵਿੱਚ ਭਾਈ ਸੰਨੀ ਦੇ ਪਰਿਵਾਰ ਨੂੰ ਹੌਸਲਾ ਦੇਣ ।ਬਿਆਨ ਜਾਰੀ ਕਰਨ ਵਾਲਿਆਂ ਵਿੱਚ ਐਡਵੋਕੇਟ ਜਸਬੀਰ ਸਿੰਘ ਜੰਮੂ ਤੇ ਰਘਬੀਰ ਸਿੰਘ ਭੁੱਚਰ ਸ਼ਾਮਲ ਹਨ।

## ਸ਼੍ਰੋਮਣੀ ਕਮੇਟੀ ਵੱਲੋਂ ਬ੍ਰਿੰਦਾਵਨ 'ਚ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ ਸ਼ਤਾਬਦੀ ਸਬੰਧੀ ਗੁਰਮਤਿ ਸਮਾਗਮ

ਅੰਮ੍ਰਿਤਸਰ, 22 ਸਤੰਬ(ਗੁਰਦਿਆਲ ਸਿੰਘ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉੱਤਰ ਪ੍ਰਦੇਸ਼ ਦੇ ਬ੍ਰਿੰਦਾਵਨ 'ਚ ਗੁਰਦੁਆਰਾ ਗੁਰੂ ਨਾਨਕ ਟਿੱਲਾ ਸਾਹਿਬ ਵਿਖੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਵਿਸ਼ੇਸ਼ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤਰਫੋਂ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਅਤੇ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਮੀਡੀਆ ਹਰਭਜਨ ਸਿੰਘ ਵਕਤਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਇਸ ਮੌਕੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਜੁੜੀ ਸੰਗਤ ਨਾਲ ਵਿਚਾਰਾਂ ਸਾਂਝੀਆਂ ਕੀਤੀਆਂ ਅਤੇ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਦਿੱਲੀ ਦੇ ਹਜ਼ੂਰੀ ਰਾਗੀ ਭਾਈ ਗੁਰਮੀਤ ਸਿੰਘ ਦੇ ਜਥੇ ਸਮੇਤ ਬੀਬੀ ਮਨਜੀਤ ਕੌਰ ਦੇ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਨਾਲ ਜੋੜਿਆ। ਬਲਵਿੰਦਰ ਸਿੰਘ ਕਾਹਲਵਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ ਸ਼ਤਾਬਦੀ ਪ੍ਰਤੀ ਚੇਤੰਨਤਾ ਲਈ ਪੂਰੇ ਦੇਸ਼ ਅੰਦਰ ਨਗਰ ਕੀਰਤਨ ਦੇ ਨਾਲ ਨਾਲ ਗੁਰਮਤਿ ਸਮਾਗਮ ਸਜਾਏ ਜਾ ਰਹੇ ਹਨ ਤੇ ਇਸ ਦੀ ਨਿਰੰਤਰਤਾ ਬਣੀ ਰਹੇਗੀ। ਇਸ ਮੌਕੇ ਯੂਪੀ ਸਿੱਖ ਮਿਸ਼ਨ ਹਾਪੁੜ ਦੇ ਇੰਚਾਰਜ ਭਾਈ ਬ੍ਰਿਜਪਾਲ ਸਿੰਘ ਨੇ ਸਮਾਗਮ ਵਿਚ ਪੁੱਜੀਆਂ ਸੰਗਤਾਂ ਅਤੇ ਪ੍ਰਬੰਧਕੀ ਤੌਰ ਉੱਤੇ ਸਹਿਯੋਗ ਕਰਨ ਵਾਲੀਆਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ।



ਇਸ ਸਮਾਗਮ ਮੌਕੇ ਬਾਬਾ ਸਤਨਾਮ ਸਿੰਘ ਕਾਰ ਸੇਵਾ ਦਿੱਲੀ ਵਾਲੇ, ਹਰਬੰਸ ਸਿੰਘ, ਗਿਆਨੀ ਮੋਹਣ ਸਿੰਘ ਮਥੁਰਾ, ਸਵਰਨ ਸਿੰਘ, ਮਲਿਕ ਅਰੋੜਾ, ਸੁਰਿੰਦਰ ਸਿੰਘ ਬਾਠ, ਗਿਆਨੀ ਹਰਪਾਲ ਸਿੰਘ, ਗਿਆਨੀ ਮਹਿੰਦਰ ਸਿੰਘ, ਮੋਹਰ ਸਿੰਘ, ਹਰਵਿੰਦਰ ਸਿੰਘ, ਗੁਰਮੇਲ ਸਿੰਘ ਗੁਰਦੁਆਰਾ ਇੰਸਪੈਕਟਰ ਅਤੇ ਸੰਗਤਾਂ ਹਾਜਰ ਸਨ। ਜ਼ਿਕਰਯੋਗ ਹੈ ਕਿ ਬ੍ਰਿੰਦਾਵਨ (ਮਥੁਰਾ) ਵਿਖੇ ਸਥਿਤ ਗੁਰਦੁਆਰਾ ਸ੍ਰੀ ਗੁਰੂ ਨਾਨਕ ਟਿੱਲਾ ਦਾ ਇਤਿਹਾਸ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਜੁੜਦਾ ਹੈ। ਆਪਣੀ ਪਹਿਲੀ ਉਦਾਸੀ ਦੌਰਾਨ ਗੁਰੂ ਨਾਨਕ ਸਾਹਿਬ ਬ੍ਰਿੰਦਾਵਨ ਆਏ ਸਨ ਅਤੇ ਇੱਥੇ ਟਿੱਲੇ ਉੱਤੇ ਟਿਕਾਣਾ ਕੀਤਾ ਸੀ, ਜੋ ਅੱਜ ਗੁਰਦੁਆਰਾ ਗੁਰੂ ਨਾਨਕ ਟਿੱਲਾ ਸਾਹਿਬ ਵਜੋਂ ਸਿੱਖ ਇਤਿਹਾਸ ਦੀ ਜੀਵੰਤ ਯਾਦਗਾਰ ਹੈ। ਗੁਰੂ ਸਾਹਿਬ ਨੇ ਇਥੇ ਸ਼ਰਧਾਲੂਆਂ ਨੂੰ ਜੀਵਨ ਦੇ ਅਸਲ ਮਨੋਰਥ ਦੀ ਸੋਝੀ ਦਿੱਤੀ ਅਤੇ ਪਰਮਾਤਮਾ ਦਾ ਸਿਮਰਨ ਕਰਕੇ ਸੱਚਾ ਜੀਵਨ ਜਿਉਣ ਦਾ ਉਪਦੇਸ਼ ਦਿੱਤਾ ਸੀ।

## ਗੁ: ਬਾਬਾ ਭਾਈ ਹਰਦਾਸ ਜੀ ਵਿਖੇ ਸਾਲਾਨਾ ਜੋੜ ਮੇਲ ਕਰਵਾਇਆ



ਚੋਗਾਵਾਂ, 22 ਸਤੰਬਰ (ਸੁਬੇਗ ਸਿੰਘ ਸੋਨਾ) ਇਤਿਹਾਸਕ ਗੁਰਦੁਆਰਾ ਭਾਈ ਹਰਦਾਸ ਜੀ ਪਿੰਡ ਲੋਪੋਕੇ ਵਿਖੇ ਬਾਬਾ ਭਾਈ ਹਰਦਾਸ ਦੀ ਯਾਦ ਨੂੰ ਸਮਰਪਿਤ ਸਾਲਾਨਾ ਜੋੜ ਮੇਲਾ ਸਮੂਹ ਪਿੰਡ ਤੇ ਇਲਾਕਾ ਵਾਸੀਆਂ ਕਮੇਟੀ ਮੈਂਬਰਾਂ ਦੇ ਸਹਿਯੋਗ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋ ਉਪਰੰਤ ਸਜੇ ਖੁੱਲੇ ਪੰਡਾਲ 'ਚ ਭਾਈ ਦੀਦਾਰ ਸਿੰਘ ਪੰਜੂਰਾਏ ਦਾ ਕਵੀਸ਼ਰੀ ਜਥਾ, ਭਾਈ ਸੁਲੱਖਣ ਸਿੰਘ ਰਿਆੜ ਦਾ ਕਵੀਸ਼ਰੀ ਜਥਾ, ਭਾਈ ਮੇਜਰ ਸਿੰਘ ਖਾਲਸਾ ਲੋਹੀਆਂ ਦੇ ਢਾਡੀ ਜਥੇ ਨੇ ਜੁੜ ਬੈਠੀ ਸੰਗਤ ਨੂੰ ਗੁਰੂ ਚਰਨਾਂ ਨਾਲ ਜੋੜਿਆ। ਆਏ ਹੋਏ ਸੰਤ-ਮਹਾਂਪੁਰਸ਼ਾਂ ਤੇ ਜਥਿਆਂ ਨੂੰ ਗ੍ਰੰਥੀ ਸ਼ਮਸ਼ੇਰ ਸਿੰਘ ਤੇ ਕਮੇਟੀ ਮੈਂਬਰਾਂ ਵਲੋਂ ਸਨਮਾਨਿਤ ਕੀਤਾ ਗਿਆ।

ਕੇਲਿਆਂ ਦਾ ਜੂਸ, ਚਾਹ, ਪਕੌੜਿਆਂ ਸਮੇਤ ਗੁਰੂ ਕੇ ਲੰਗਰ ਅਤੁੱਟ ਵਰਤੇ। ਇਸ ਮੌਕੇ ਬਾਬਾ ਰਘੁਬੀਰ ਸਿੰਘ ਖਿਆਲੇ ਵਾਲੇ, ਬਾਬਾ ਸੁੱਖਾ ਸਿੰਘ ਖਿਆਲੇ ਵਾਲੇ, ਪ੍ਰਧਾਨ ਦਿਆਲ ਸਿੰਘ, ਪਿਛੌਰਾ ਸਿੰਘ, ਦਲਜੀਤ ਸਿੰਘ ਬਿੱਟੂ, ਰਾਣਾ ਰਣਬੀਰ ਸਿੰਘ ਲੋਪੋਕੇ, ਅਜੇਬੀਰ ਸਿੰਘ ਸੰਧੂ ਲੋਪੋਕੇ, ਹਰਨੇਕ ਸਿੰਘ ਆੜਤੀ, ਸੁਰਜੀਤ ਸਿੰਘ, ਕੁਲਦੀਪ ਸਿੰਘ, ਗੁਰਮੇਜ ਸਿੰਘ, ਮੈਂਬਰ ਬਲਬੀਰ ਸਿੰਘ, ਬਲਰਾਜ ਸਿੰਘ, ਜਰਨੈਲ ਸਿੰਘ, ਚਮਕੌਰ ਸਿੰਘ, ਸਰਵਣ ਸਿੰਘ, ਹਰਨੇਕ ਸਿੰਘ ਆੜ੍ਹਤੀ, ਬਲਰਾਜ ਸਿੰਘ, ਬਚਨ ਸਿੰਘ, ਆਦਿ ਹਾਜ਼ਰ ਸਨ।

## ਬੀਬੀ ਕੌਲਾਂ ਜੀ ਡਿਗਰੀ ਕਾਲਜ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ

ਜੰਡਿਆਲਾ ਗੁਰੂ, 22 ਸਤੰਬਰ (ਰਾਮ ਸ਼ਰਨਜੀਤ ਸਿੰਘ): ਗੁਰੂ ਸਾਹਿਬ ਜੀ ਅਪਾਰ ਕ੍ਰਿਪਾ ਸਦਕਾ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ (ਚੇਅਰਮੈਨ) ਅਤੇ ਭਾਈ ਨਰਿੰਦਰ ਸਿੰਘ ਜੀ (ਮੈਨੇਜਿੰਗ ਡਾਇਰੈਕਟਰ) ਦੀ ਰਹਿਨਮਾਈ ਹੇਠ ਚੱਲ ਰਹੇ ਬੀਬੀ ਕੌਲਾਂ ਜੀ ਡਿਗਰੀ ਕਾਲਜ ਜੋ ਕਿ "ਇੱਕ ਧੀ ਪੜੇ ਇਕ ਕੁੱਲ ਪੜੇ" ਦੇ ਫਲਸਫੇ ਤੇ ਚੱਲ ਰਿਹਾ ਹੈ। ਜਿਥੇ ਵਿਧਵਾ ਬੀਬੀਆ ਦੀਆ ਬੱਚੀਆ ਨੂੰ ਫੀਸ ਵਿੱਚੋ 60% ਹਿੱਸਾ ਮੁਆਫ ਕਰਕੇ ਮੱਦਦ ਕੀਤੀ ਜਾਂਦੀ ਹੈ ਤੇ ਬਾਕੀ ਵਿਦਿਆਰਥਣਾਂ ਨੂੰ ਵੀ ਵਜੀਫੇ ਦੇ ਕੇ ਮੱਦਦ ਕੀਤੀ ਜਾਂਦੀ। ਹੈ। ਅੱਜ ਉਹਨਾਂ ਹੀ ਵਿਦਿਆਰਥਣਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਲੋਂ ਮਈ 2025 ਦੇ ਐਲਾਨੇ ਗਏ ਨਤੀਜੇ ਜਿਸ ਵਿੱਚ ਬੀ.ਸੀ.ਏ, ਬੀ.ਕਾਮ ਅਤੇ ਬੀ.ਏ ਸਮੈਸਟਰ ਦੂਸਰਾ ਅਤੇ ਚੌਥਾ ਦੀਆ ਵਿਦਿਆਰਥਣਾਂ ਨੇ ਨਤੀਜਿਆ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਤੇ ਮੈਰਿਟ ਲਿਸਟ ਵਿੱਚ ਨਾਮ ਦਰਜ ਕਰਾਇਆ। ਜਿਸ ਵਿੱਚ ਸਾਰੀਆਂ ਹੀ ਵਿਦਿਆਰਥਣਾਂ ਚੰਗੇ ਨੰਬਰਾਂ ਨਾਲ ਪਾਸ ਹੋਈਆ। ਜਿਸ ਵਿੱਚ ਬੀ.ਸੀ.ਏ ਸਮੈਸਟਰ ਚੌਥਾ ਦੀ ਰੁਪਿੰਦਰ ਕੌਰ ਨੇ ਯੂਨੀਵਰਸਿਟੀ ਮੈਰਿਟ ਲਿਸਟ ਵਿੱਚ 25 ਵਾਂ ਸਥਾਨ ਹਾਸਲ ਕੀਤਾ ਤੇ ਗੁਰਪ੍ਰੀਤ ਕੌਰ ਨੇ ਕਾਲਜ ਵਿੱਚੋ ਪਹਿਲਾ ਸਥਾਨ ਹਾਸਲ ਕੀਤਾ ਅਤੇ ਰੀਆ ਭਾਥ ਨੇ ਦੂਸਰਾ ਗਗਨਦੀਪ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ ਬੀ.ਸੀ.ਏ ਸਮੈਸਟਰ ਦੂਸਰਾ ਦੀ ਪ੍ਰਭਨੂਰ ਕੌਰ ਨੇ ਪਹਿਲਾ, ਮੁਸਕਾਨਪ੍ਰੀਤ ਕੌਰ ਨੇ ਦੂਸਰਾ ਸਥਾਨ ਅਤੇ ਮਹਿਕਪ੍ਰੀਤ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ। ਬੀ.ਏ ਸਮੈਸਟਰ ਦੂਜਾ ਦੀ ਨਵਜੋਤ ਕੌਰ, ਲਵਪ੍ਰੀਤ ਕੌਰ, ਸਿਮਰਨਜੀਤ ਕੌਰ ਨੇ ਯੂਨੀਵਰਸਿਟੀ ਮੈਰਿਟ ਲਿਸਟ ਵਿੱਚ 56ਵਾਂ, 78ਵਾਂ ਤੇ 101 ਵਾਂ ਸਥਾਨ ਹਾਸਲ ਕੀਤਾ। ਬੀ.ਏ ਸਮੈਸਟਰ ਚੌਥਾ ਦੀ ਮਹਿਕਦੀਪ ਕੌਰ ਅਤੇ ਕੋਮਲਪ੍ਰੀਤ ਕੌਰ ਨੇ ਕਾਲਜ ਵਿੱਚ ਪਹਿਲਾ, ਕੰਵਲਜੀਤ ਕੌਰ ਨੇ ਦੂਸਰਾ ਤੇ ਮਹਿਕ, ਰਮਨਜੋਤ ਕੌਰ, ਜਸਪ੍ਰੀਤ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ। ਬੀ.ਕਾਮ ਸਮੈਸਟਰ ਚੌਥਾ ਦੀ ਅਰਸ਼ਦੀਪ ਕੌਰ ਨੇ ਪਹਿਲਾਂ, ਜਸਲੀਨ ਕੌਰ ਨੇ ਦੂਸਰਾ, ਦਿਲਪ੍ਰੀਤ ਕੌਰ ਨੇ ਤੀਸਰਾ ਸਥਾਨ ਹਾਸਲ ਕਰਕੇ ਕਾਲਜ ਤੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕੀਤਾ। ਜਿਸ ਦੇ ਸੰਬੰਧ ਵਿੱਚ ਕਾਲਜ ਦੇ ਮੈਨੇਜਿੰਗ ਡਾਇਰੈਕਟਰ ਭਾਈ ਨਰਿੰਦਰ ਸਿੰਘ ਤੇ ਪ੍ਰਿੰਸੀਪਲ ਕੁਲਵਿੰਦਰ ਕੌਰ ਨੇ ਵਿਦਿਆਰਥਣਾਂ ਨੂੰ ਉਹਨਾਂ ਦੇ ਚੰਗੇ ਨਤੀਜਿਆਂ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਅਧਿਆਪਕਾਂ ਨੂੰ ਉਹਨਾ ਦੀ ਮਿਹਨਤ ਅਤੇ ਲਗਨ ਲਈ ਵਧਾਈ ਦਿੱਤੀ।



## ਸ਼੍ਰੋਮਣੀ ਕਮੇਟੀ ਨੇ ਹੜ੍ਹ ਪੀੜਤਾਂ ਲਈ ਸੰਗਤਾਂ ਵੱਲੋਂ ਆਈ ਸਹਾਇਤਾ ਤੇ ਕੀਤੇ ਕਾਰਜਾਂ ਦੇ ਵੇਰਵੇ ਜਾਰੀ

ਅੰਮ੍ਰਿਤਸਰ, 22 ਸਤੰਬਰ (ਗੁਰਦਿਆਲ ਸਿੰਘ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਕੀਤੇ ਜਾ ਰਹੇ ਰਾਹਤ ਕਾਰਜਾਂ ਅਤੇ ਸੰਗਤਾਂ ਵੱਲੋਂ ਭੇਜੀ ਜਾ ਰਹੀ ਵਿੱਤੀ ਸਹਾਇਤਾ ਦੇ ਵੇਰਵਿਆਂ ਨੂੰ ਅੱਜ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅਧਿਕਾਰਤ ਵੈੱਬਸਾਈਟ 'ਤੇ ਜਾਰੀ ਕੀਤਾ ਹੈ। ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਵੈੱਬ ਪੋਰਟਲ ਜਾਰੀ ਕਰਨ ਮੌਕੇ ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਹੜ੍ਹਾਂ ਦੌਰਾਨ ਹੋਏ ਨੁਕਸਾਨ ਦੇ ਮੱਦੇਨਜ਼ਰ ਲੋੜਵੰਦਾਂ ਤੱਕ ਲਗਾਤਾਰ ਪਹੁੰਚ ਅਪਣਾ ਰਹੀ ਹੈ ਅਤੇ ਸੰਗਤਾਂ ਦੀ ਮੰਗ ਅਤੇ ਲੋੜਾਂ ਨੂੰ ਮੁੱਖ ਰੱਖਦਿਆਂ ਸਿੱਖ ਸੰਸਥਾ ਵੱਲੋਂ ਕਾਰਜ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜਿਥੇ ਸ਼੍ਰੋਮਣੀ ਕਮੇਟੀ ਨੇ ਰਾਹਤ ਕਾਰਜਾਂ ਲਈ 20 ਕਰੋੜ ਰੁਪਏ ਰਾਖਵੇਂ ਰੱਖੇ ਹਨ, ਉਥੇ ਸੰਗਤਾਂ ਵੱਲੋਂ ਵੀ ਵੱਡਾ ਸਹਿਯੋਗ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 19 ਸਤੰਬਰ 2025 ਤੱਕ ਸ਼੍ਰੋਮਣੀ ਕਮੇਟੀ ਮੈਂਬਰ ਸਾਹਿਬਾਨ, ਮੁਲਾਜ਼ਮਾਂ ਅਤੇ ਸੰਗਤਾਂ ਵੱਲੋਂ ਕੀਤੀ ਸਹਾਇਤਾ ਦੇ ਵੇਰਵੇ ਵੈੱਬਸਾਈਟ 'ਤੇ ਪਾਏ ਗਏ ਹਨ, ਜਦਕਿ ਅੱਜ ਤੱਕ 6 ਕਰੋੜ 9 ਲੱਖ 49 ਹਜ਼ਾਰ ਤੋਂ ਵੱਧ ਦੀ ਰਕਮ ਸ਼੍ਰੋਮਣੀ ਕਮੇਟੀ ਕੋਲ ਆਈ ਹੈ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ 19 ਸਤੰਬਰ ਤੱਕ ਹੋਏ ਖ਼ਰਚਿਆਂ ਦਾ ਵੇਰਵਾ ਵੀ ਜਨਤਕ ਕੀਤਾ ਗਿਆ ਹੈ, ਜਿਸ ਵਿਚ ਰਾਹਤ ਕਾਰਜਾਂ ਲਈ ਵੱਖ-ਵੱਖ ਗੁਰਦੁਆਰਾ ਸਾਹਿਬਾਨ ਤੋਂ 91 ਲੱਖ 4 ਹਜ਼ਾਰ ਰੁਪਏ ਤੋਂ ਵੱਧ ਦੇ ਖ਼ਰਚਿਆਂ ਦੇ ਨਾਲ-ਨਾਲ 23 ਲੱਖ 26 ਹਜ਼ਾਰ ਤੋਂ ਵੱਧ ਮੈਡੀਕਲ ਸੇਵਾਵਾਂ ਦਾ ਖ਼ਰਚ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਸੰਗਤਾਂ ਵੱਲੋਂ ਚੜ੍ਹਤ ਵਿਚ ਭੇਜੀਆਂ ਰਸਦਾਂ ਅਤੇ ਜ਼ਰੂਰੀ ਸਮਾਨ ਵੀ ਪੀੜਤਾਂ ਤੱਕ ਪੁੱਜਦਾ ਕੀਤਾ ਜਾ ਰਿਹਾ ਹੈ।



ਐਡਵੋਕੇਟ ਧਾਮੀ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਹੜ੍ਹਾਂ ਨਾਲ ਨੁਕਸਾਨੇ ਬੰਨਾਂ ਦੀ ਮਜ਼ਬੂਤੀ ਲਈ ਕਾਰਜ ਕਰ ਰਹੀਆਂ ਸੰਗਤਾਂ ਨੂੰ ਹੁਣ ਤੱਕ 22 ਹਜ਼ਾਰ ਲੀਟਰ ਡੀਜ਼ਲ ਦਿੱਤਾ ਜਾ ਚੁੱਕਾ ਹੈ, ਜਿਸ ਵਿਚ ਖੇਮਕਰਨ ਹਲਕੇ ਲਈ 6 ਹਜ਼ਾਰ ਲੀਟਰ, ਡੇਰਾ ਬਾਬਾ ਨਾਨਕ ਲਈ 5 ਹਜ਼ਾਰ ਲੀਟਰ ਅਤੇ ਸੁਲਤਾਨਪੁਰ ਲੋਧੀ ਏਰੀਏ ਲਈ 11 ਹਜ਼ਾਰ ਲੀਟਰ ਡੀਜ਼ਲ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਸੁਲਤਾਨਪੁਰ ਲੋਧੀ ਦੀਆਂ ਸੰਗਤਾਂ ਦੀ ਮੰਗ ਅਨੁਸਾਰ ਆਉਂਦੇ ਦਿਨਾਂ ਵਿਚ 8 ਹਜ਼ਾਰ ਲੀਟਰ ਡੀਜ਼ਲ ਹੋਰ ਦਿੱਤਾ ਜਾਵੇਗਾ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਇਸੇ ਤਰ੍ਹਾਂ ਕਿਸਾਨਾਂ ਨੂੰ ਕਣਕ ਦੀ ਬਿਜਾਈ ਸਮੇਂ ਡੀਜ਼ਲ ਅਤੇ ਮਿਆਰੀ ਬੀਜ ਦੇਣ ਦਾ ਵੀ ਪ੍ਰਬੰਧ ਕੀਤਾ ਜਾ ਰਿਹਾ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਭਾਵਿਤ ਖੇਤਰਾਂ ਅੰਦਰ ਗੁਰਦੁਆਰਾ ਸਾਹਿਬਾਨ ਦੇ ਹੋਏ ਨੁਕਸਾਨ ਦੇ ਵੇਰਵੇ ਵੀ ਇਕੱਤਰ ਕੀਤੇ ਜਾ ਰਹੇ ਹਨ, ਤਾਂ ਜੋ ਲੋੜ ਅਨੁਸਾਰ ਸਹਾਇਤਾ ਰਾਸ਼ੀ ਦਿੱਤੀ ਜਾ ਸਕੇ। ਉਨ੍ਹਾਂ ਕਿਹਾ ਕਿ ਅੱਗੇ ਸਰਦੀ ਦੇ ਆ ਰਹੇ ਮੌਸਮ ਨੂੰ ਮੁੱਖ ਰੱਖਦਿਆਂ ਸ਼੍ਰੋਮਣੀ ਕਮੇਟੀ ਵੱਲੋਂ ਹੜ੍ਹ ਪੀੜਤਾਂ ਨੂੰ ਕੰਬਲ ਤੇ ਗੱਦੇ ਮੁਹੱਈਆ ਕਰਵਾਉਣ ਦੇ ਵੀ ਪ੍ਰਬੰਧ ਕੀਤੇ ਜਾ ਰਹੇ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਪੂਰੀ ਪਾਰਦਰਸ਼ਤਾ ਦੇ ਨਾਲ ਕਾਰਜ ਕਰ ਹੀ ਹੈ ਅਤੇ ਇਸ ਦੇ ਸਾਰੇ ਵੇਰਵੇ ਸ਼੍ਰੋਮਣੀ ਕਮੇਟੀ ਵੱਲੋਂ ਜਾਰੀ https://floodrelief.sgpc.net 'ਤੇ ਦੇਖੇ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਚੁਣੀ ਹੋਈ ਸੰਸਥਾ ਹੈ, ਜੋ ਨਿਯਮਾਂ ਵਿਚ ਰਹਿ ਕੇ ਕਾਰਜ ਕਰਦੀ ਹੈ। ਉਨ੍ਹਾਂ ਕਿਹਾ ਕਿ ਕੁਝ ਲੋਕਾਂ ਵੱਲੋਂ ਬਿਨਾਂ ਕਾਰਨ ਸ਼੍ਰੋਮਣੀ ਕਮੇਟੀ 'ਤੇ ਇਲਜ਼ਾਮ ਲਗਾਉਣੇ ਠੀਕ ਨਹੀਂ ਹਨ, ਸਗੋਂ ਇਸ ਮੁਸੀਬਤ ਸਮੇਂ ਸਾਰਿਆਂ ਨੂੰ ਰਲ ਕੇ ਲੋੜਵੰਦਾਂ ਦੀ ਮੱਦਦ ਲਈ ਅੱਗੇ ਆਉਣਾ ਚਾਹੀਦਾ ਹੈ।

ਇਸ ਮੌਕੇ ਸ਼੍ਰੋਮਣੀ ਕਮੇਟੀ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਮੈਂਬਰ ਅਮਰੀਕ ਸਿੰਘ ਵਿਛੋਆ, ਮੈਂਬਰ ਰਣਜੀਤ ਸਿੰਘ ਕਾਹਲੋਂ, ਸਤਪਾਲ ਸਿੰਘ ਤਲਵੰਡੀ ਭਾਈ, ਤਰਸੇਮ ਸਿੰਘ ਰਤੀਆ, ਓਐਸਡੀ ਸਤਬੀਰ ਸਿੰਘ ਧਾਮੀ, ਸਕੱਤਰ ਪ੍ਰਤਾਪ ਸਿੰਘ, ਵਧੀਕ ਸਕੱਤਰ ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ਼ਾਹਬਾਜ਼ ਸਿੰਘ, ਸੁਪ੍ਰਿੰਟੈਂਡੈਂਟ ਨਿਸ਼ਾਨ ਸਿੰਘ ਆਦਿ ਮੌਜੂਦ ਸਨ।

## ਐਡ. ਧਾਮੀ ਵੱਲੋਂ 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਸ਼ਹੀਦੀ ਨਗਰ ਕੀਰਤਨ ਦਾ ਅਗਲਾ ਰੂਟ ਜਾਰੀ

ਅੰਮ੍ਰਿਤਸਰ, 22 ਸਤੰਬਰ (ਗੁਰਦਿਆਲ ਸਿੰਘ): ਇਸੇ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਐਡ. ਹਰਜਿੰਦਰ ਸਿੰਘ ਧਾਮੀ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ ਅਸਾਮ ਤੋਂ ਆਰੰਭ ਹੋਏ ਸ਼ਹੀਦੀ ਨਗਰ ਕੀਰਤਨ ਦਾ ਅਗਲਾ ਰੂਟ ਵੀ ਜਨਤਕ ਕੀਤਾ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਸੂਬਿਆਂ ਅੰਦਰ ਸੰਗਤਾਂ ਵੱਲੋਂ ਨਗਰ ਕੀਰਤਨ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਰੋਜ਼ਾਨਾ ਵੱਡੀ ਗਿਣਤੀ ਵਿਚ ਸੰਗਤਾਂ ਨਤਮਸਤਕ ਹੋ ਕੇ ਗੁਰੂ ਸਾਹਿਬ ਨੂੰ ਸਤਿਕਾਰ ਭੇਟ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਵੱਖ-ਵੱਖ ਸੂਬਿਆਂ 'ਚੋਂ ਹੁੰਦਾ ਹੋਇਆ ਇਹ ਨਗਰ ਕੀਰਤਨ ਇਸ ਸਮੇਂ ਮਹਾਰਾਸ਼ਟਰ ਵਿਚ ਪ੍ਰਵੇਸ਼ ਕਰ ਚੁੱਕਾ ਹੈ, ਜਿਥੋਂ ਇਹ 23 ਸਤੰਬਰ ਨੂੰ ਨਾਗਪੁਰ ਤੋਂ ਚੱਲ ਕੇ ਚੰਦਰਪੁਰ ਵਿਖੇ ਵਿਸ਼ਰਾਮ ਕਰੇਗਾ। 24 ਸਤੰਬਰ ਨੂੰ ਨਗਰ ਕੀਰਤਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਚੰਦਰਪੁਰ ਤੋਂ, 25 ਨੂੰ ਗੁਰਦੁਆਰਾ ਸਾਹਿਬ ਗੋਬਿੰਦ ਨਗਰ ਕਰੀਮਪੁਰ ਤੇਲੰਗਾਨਾ ਤੋਂ, 26 ਸਤੰਬਰ ਨੂੰ ਗੁਰਦੁਆਰਾ ਬ੍ਰਹਮਬਾਲਾ ਸਾਹਿਬ ਸਿੱਖ ਛਾਉਣੀ ਹੈਦਰਾਬਾਦ ਤੋਂ, 27 ਸਤੰਬਰ ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗੁਰੂ ਨਾਨਕ ਕਲੋਨੀ ਵਿਜੈਵਾੜਾ ਤੋਂ, 28 ਸਤੰਬਰ ਨੂੰ ਗੁਰਦੁਆਰਾ ਗੁਰੂ ਨਾਨਕ ਦਰਬਾਰ ਚੇਨਈ ਤਾਮਿਲਨਾਡੂ ਤੋਂ, 29 ਸਤੰਬਰ ਨੂੰ ਗੁਰਦੁਆਰਾ ਸਾਹਿਬ ਉਰਸੂਲ ਬੰਗਲੌਰ ਤੋਂ, 30 ਸਤੰਬਰ ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਹੁਬਲੀ ਕਰਨਾਟਕਾ ਤੋਂ, 1 ਅਕਤੂਬਰ ਨੂੰ ਗੁਰਦੁਆਰਾ ਗੁਰੂ ਦਰਬਾਰ ਬਾਬਾ ਨਾਨਕ ਕੋਹਲਾਪੁਰ ਮਹਾਰਾਸ਼ਟਰ ਤੋਂ ਚੱਲ ਕੇ ਪੂਨੇ ਮਹਾਰਾਸ਼ਟਰ ਜਾਵੇਗਾ, ਜਿਥੋਂ 3 ਅਕਤੂਬਰ ਨੂੰ ਸੋਲਾਪੁਰ ਮਹਾਰਾਸ਼ਟਰ ਲਈ ਰਵਾਨਾ ਹੋਵੇਗਾ। ਇਸੇ ਤਰ੍ਹਾਂ 4 ਅਕਤੂਬਰ ਨੂੰ ਸੋਲਾਪੁਰ ਤੋਂ ਚਲ ਕੇ ਗੁਰਦੁਆਰਾ ਸ੍ਰੀ ਨਾਨਕ ਝੀਰਾ ਸਾਹਿਬ ਬਿਦਰ ਕਰਨਾਟਕਾ ਪੁੱਜੇਗਾ, ਜਿਥੋਂ 5 ਅਕਤੂਬਰ ਨੂੰ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਨਾਂਦੇੜ ਮਹਾਰਾਸ਼ਟਰ ਪਹੁੰਚੇਗਾ। ਉਨ੍ਹਾਂ ਦੱਸਿਆ ਕਿ 6 ਅਕਤੂਬਰ ਨੂੰ ਨਾਂਦੇੜ ਸਾਹਿਬ ਵਿਖੇ ਗੁਰਮਤਿ ਸਮਾਗਮ ਹੋਵੇਗਾ ਅਤੇ 7 ਅਕਤੂਬਰ ਨੂੰ ਇਹ ਨਗਰ ਕੀਰਤਨ ਔਰੰਗਾਬਾਦ ਮਹਾਰਾਸ਼ਟਰ ਲਈ ਰਵਾਨਾ ਹੋਵੇਗਾ। 8 ਅਕਤੂਬਰ ਨੂੰ ਔਰੰਗਾਬਾਦ ਤੋਂ ਮਨਮਾੜ, 9 ਅਕਤੂਬਰ ਨੂੰ ਮਨਮਾੜ ਤੋਂ ਉਲ੍ਹਾਸਨਗਰ ਮੁੰਬਈ, 10 ਅਕਤੂਬਰ ਨੂੰ ਉਲ੍ਹਾਸਨਗਰ ਤੋਂ ਖਾਲਸਾ ਕਾਲਜ ਮਾਟੂੰਗਾ ਮੁੰਬਈ, 11 ਅਕਤੂਬਰ ਨੂੰ ਮਾਟੂੰਗਾ ਤੋਂ ਗੁਰਦੁਆਰਾ ਨਾਨਕ ਦਰਬਾਰ ਬੋਰੀਵਾਲੀ ਮੁੰਬਈ, 12 ਅਕਤੂਬਰ ਨੂੰ ਬੋਰੀਵਾਲੀ ਤੋਂ ਸੂਰਤ ਗੁਜਰਾਤ, 13 ਅਕਤੂਬਰ ਨੂੰ ਸੂਰਤ ਤੋਂ ਅਹਿਮਦਾਬਾਦ, 14 ਅਕਤੂਬਰ ਨੂੰ ਅਹਿਮਦਾਬਾਦ ਤੋਂ ਇੰਦੌਰ ਮੱਧ ਪ੍ਰਦੇਸ਼ ਜਾਵੇਗਾ, ਜਿਥੋਂ 16 ਅਕਤੂਬਰ ਨੂੰ ਗੁਰਦੁਆਰਾ ਸਾਹਿਬ ਅਮਰਗੜ੍ਹ ਡੇਰਾ ਕਾਰਸੇਵਾ ਕੋਟਾਂ ਵਿਖੇ ਪਹੁੰਚੇਗਾ। ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਨਗਰ ਕੀਰਤਨ ਦੇਸ਼ ਦੇ ਵੱਖ-ਵੱਖ ਸੂਬਿਆਂ ਤੋਂ ਹੁੰਦਾ ਹੋਇਆ ਅਕਤੂਬਰ ਦੇ ਅਖ਼ੀਰਲੇ ਹਫ਼ਤੇ ਪੰਜਾਬ ਵਿਚ ਪ੍ਰਵੇਸ਼ ਕਰੇਗਾ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਇਨ੍ਹਾਂ ਇਤਿਹਾਸਕ ਮੌਕਿਆਂ 'ਤੇ ਸ਼ਮੂਲੀਅਤ ਕਰਕੇ ਗੁਰੂ ਸਾਹਿਬ ਨੂੰ ਸਤਿਕਾਰ ਭੇਟ ਕਰੀਏ।

## ਐਸ.ਡੀ.ਐਮ. ਵੱਲੋਂ ਚੇਅਰਮੈਨ ਨਾਲ ਮੰਡੀ 'ਚ ਆਉਣ ਵਾਲੀਆਂ ਮੁਸ਼ਕਿਲਾਂ ਸਬੰਧੀ ਵਿਚਾਰ ਵਟਾਂਦਰਾ

ਬਾਬਾ ਬਕਾਲਾ ਸਾਹਿਬ, 22 ਸਤੰਬਰ (ਬਲਰਾਜ ਸਿੰਘ ਰਾਜਾ): ਦਾਣਾ ਮੰਡੀ ਮਾਰਕੀਟ ਕਮੇਟੀ ਦਫਤਰ ਰਈਆ ਵਿਖੇ ਐਸ.ਡੀ.ਐਮ. ਬਾਬਾ ਬਕਾਲਾ ਸਾਹਿਬ ਅਮਨਪ੍ਰੀਤ ਸਿੰਘ ਪੀ . ਸੀ . ਐ ਸ . ਵੱਲੋਂ ਚੇਅਰਮੈਨ ਸੁਰਜੀਤ ਸਿੰਘ ਕੰਗ ਨਾਲ ਮੰਡੀਆਂ 'ਚ ਆਉਣ ਵਾਲੀਆਂ ਮੁ ਸ ਕਿ ਲਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ



ਚੇਅਰਮੈਨ ਸੁਰਜੀਤ ਸਿੰਘ ਕੰਗ ਤੇ ਮੰਡੀ ਪ੍ਰਧਾਨ ਕੋਮਲ ਸਿੰਘ ਮਾਨ, ਪਿਆਰਾ ਸਿੰਘ, ਜੈਮਲ ਸਿੰਘ, ਨਿਰਮਲ ਸਿੰਘ, ਬਲਸਰਨ ਸਿੰਘ, ਅਵਾਤਰ ਸਿੰਘ ਵਿਰਕ ਅਤੇ ਸਾਥਿਆਂ ਨੇ ਦੱਸਿਆ ਕਿ ਮੰਡੀ ਵਿੱਚ ਪਿਛਲੇ ਕੁੱਝ ਦਿਨਾਂ ਤੋਂ ਬਿਜਲੀ ਦੀ ਸਮੱਸਿਆ ਕਾਰਨ ਮੰਡੀ ਵਿੱਚ ਪਾਣੀ ਅਤੇ ਹੋਰ ਸਮੱਸਿਆਵਾਂ ਆਈਆਂ ਸਨ, ਪ੍ਰਸਾਸ਼ਨ ਦੇ ਸਹਿਯੋਗ ਨਾਲ ਹੱਲ ਕਰ ਦਿੱਤਾ ਗਿਆ। ਐਸ.ਡੀ.ਐਮ. ਬਾਬਾ ਬਕਾਲਾ ਸਾਹਿਬ ਨੇ ਇੰਸਪੈਕਟਰ, ਹਰਦੀਪ ਸਿੰਘ, ਵਿਕਰਮ ਪੱਛਾ, ਅਮਰਜੀਤ ਸਿੰਘ, ਗੋਰਾ, ਸਤਨਾਮ ਸਿੰਘ, ਸੰਦੀਪ ਸਿੰਘ, ਐਸ.ਡੀ.ਓ. ਲਵਪ੍ਰੀਤ ਸਿੰਘ, ਜੇ.ਈ. ਹਰਜੀਤ ਸਿੰਘ ਨੂੰ ਹਦਾਇਤ ਕੀਤੀ ਕਿ ਮੰਡੀ ਵਿੱਚ ਬਿਜਲੀ ਪਾਣੀ ਦੀ ਕੋਈ ਸਮੱਸਿਆ ਕਿਸਾਨਾਂ ਜਾਂ ਆੜ੍ਹਤੀਆਂ ਨੂੰ ਨਹੀ ਆਉਣੀ ਚਾਹੀਦੀ ਅਤੇ ਕਿਸਾਨਾਂ ਦੀ ਫਸਲ ਸਬੰਧੀ ਸਾਰੀਆਂ ਸਮੱਸਿਆਵਾ ਦੇ ਹੱਲ ਤੁਰੰਤ ਹੋਣੇ ਚਾਹੀਦੇ ਹਨ ।

## ਅਜਨਾਲਾ 'ਚ ਹੜ੍ਹਾਂ ਕਾਰਨ ਦਰਿਆ ਬੁਰਦ ਹੋਈ ਇੱਕ ਹਜ਼ਾਰ ਏਕੜ ਉਪਜਾਊ ਜ਼ਮੀਨ : ਧਾਲੀਵਾਲ

ਅਜਨਾਲਾ, 22 ਸਤੰਬਰ (ਸੁਖਦੇਵ ਸਿੰਘ ਖਾਲਸਾ): ਅਜਨਾਲਾ ਸੈਕਟਰ ਦੇ ਸਰਹੱਦੀ ਪਿੰਡਾਂ ਬੱਲ ਲਭੇ ਦਰਿਆ, ਕਮੀਰਪੁਰਾ, ਸਾਹੋਵਾਲ, ਆਦਿ ਪਿੰਡਾਂ ਦੀਆਂ ਕੌਮਾਂਤਰੀ ਰਾਵੀ ਦਰਿਆ 'ਚ ਆਏ ਭਿਆਨਕ ਹੜ੍ਹ ਦੀ ਮਾਰ ਹੇਠ ਆਈਆਂ ਫਸਲਾਂ ਦਾ ਜਾਇਜ਼ਾ ਲੈਣ ਲਈ ਹਲਕਾ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਉਚੇਚੇ ਤੌਰ ਤੇ ਪੁੱਜੇ ਅਤੇ ਬੀਐਸਐਫ ਵਲੋਂ ਮੁਹੱਈਆ ਕਰਵਾਈ ਗਈ ਮੋਟਰ ਬੋਟ ਤੇ ਸਵਾਰ ਹੋ ਕੇ ਦਰਿਆ ਤੋਂ ਪਾਰ ਵੀ ਬਰਬਾਦ ਹੋਈਆਂ ਫਸਲਾਂ ਦਾ ਨਰੀਖਣ ਕੀਤਾ। ਨਰੀਖਣ ਦੌਰਾਨ ਧਾਲੀਵਾਲ ਨੇ ਪ੍ਰਭਾਵਿਤ ਕਿਸਾਨਾਂ ਵਲੋਂ ਹੜ੍ਹ ਕਾਰਣ 10-10 ਫੁੱਟ ਰੇਤ ਤੇ ਗਾਰ 'ਚ ਦੱਬੇ ਹੋਏ 6 ਟਰੈਕਟਰਾਂ 'ਚੋਂ 3 ਟਰੈਕਟਰ ਮੌਕੇ ਤੇ ਹੀ ਰੇਤ 'ਚੋਂ ਬਾਹਰ ਕੱਢਣ ਦੀ ਪ੍ਰਕਿਰਿਆ ਦੀ ਖ਼ੁੱਦ ਅਗਵਾਈ ਕੀਤੀ ਅਤੇ ਟਰੈਕਟਰਾਂ ਨੂੰ ਬੇੜੇ 'ਚ ਲੱਦ ਕੇ ਕਿਸਾਨ ਮਾਲਕਾਂ ਦੇ ਦਿੱਤੇ ਉਥੇ ਨੁਕਸਾਨ ਕਾਰਣ ਪ੍ਰਭਾਵਿਤ ਹੋਏ ਕਿਸਾਨਾਂ ਨੂੰ ਹੌਂਸਲਾ ਦਿੱਤਾ। ਹੜ੍ਹ 'ਚ ਇਕ ਵੱਡਾ ਬੇੜਾ ਤੇ ਇਕ ਬੇੜੀ ਰੁੜ੍ਹ ਜਾਣ ਦੇ ਮੱਦੇਨਜ਼ਰ ਨਵਾਂ ਬੇੜਾ ਤੇ ਬੇੜੀ ਮੁਹੱਈਆ ਕਰਵਾਏ ਜਾਣ ਦੀ ਪ੍ਰਭਾਵਿਤ ਕਿਸਾਨਾਂ ਦੀ ਮੰਗ ਨੂੰ ਮੁੱਖ ਰੱਖਦਿਆਂ ਧਾਲੀਵਾਲ ਨੇ



ਆਪਣੀ ਨਿੱਜੀ ਜ਼ੇਬ 'ਚੋਂ ਇਕ ਲੱਖ ਰੁਪਏ ਭੇਂਟ ਕਰਦਿਆਂ ਵਰਕਸ਼ਾਪ ਕਾਰੀਗਰਾਂ ਨੂੰ ਫੋਨ ਕਰਕੇ 2 ਹਫਤੇ ਵਿੱਚ ਵਿੱਚ ਨਵਾਂ ਬੇੜਾ ਤੇ ਬੇੜੀ ਪ੍ਰਭਾਵਤ ਕਿਸਾਨਾਂ ਨੂੰ ਸੌਂਪੇ ਜਾਣ ਦੇ ਨਿਰਦੇਸ਼ ਦਿੱਤੇ। ਪ੍ਰਭਾਵਿਤ ਕਿਸਾਨਾਂ ਵਲੋਂ ਦਰਿਆ 'ਚ ਅਚਣਚੇਤ ਪਾਣੀ ਆਉਣ ਨਾਲ ਹੜ੍ਹ ਦੀ ਪੈਦਾ ਹੋਈਆਂ ਸਮੱਸਿਆਵਾਂ ਸੁਣਣ ਉਪਰੰਤ ਹਲਕਾ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਕੁਦਰਤੀ ਆਫਤ 'ਚ ਉਪਰਲੇ ਪਹਾੜੀ ਖੇਤਰਾਂ 'ਚ ਬੱਦਲ ਫਟਣ ਕਾਰਣ ਪੱਥਰ , ਲਾਲ ਮਿੱਟੀ, ਗਾਰ ਨਾਲ ਪਾਣੀ ਦੀ ਹੇਠਾਂ ਥੀਨ ਡੈਮ ਤੱਕ ਮਾਰ ਪੈਣ ਜਿਥੇ ਇੰਜੀਨੀਅਰਾਂ ਨੂੰ ਵੀ ਪਾਣੀ ਦੀ ਦਰਿਆ ਕੰਢੇ ਪੈਂਦੇ ਅਗਲੇ ਪਿੰਡਾਂ, ਕਸਬਿਆਂ ਨੂੰ ਅਗਾਊਂ ਸੂਚਨਾ ਦੇਣੀ ਅਸੰਭਵ ਸੀ। ਉਥੇ ਮੱਧੋਪੁਰ ਹੈਡਵਰਕਸ ਦੇ 3 ਫਲੱਡ ਗੇਟ ਟੁੱਟ ਜਾਣ ਦੇ ਕਾਰਨਾਂ ਦੀ ਉੱਚ ਪੱਧਰੀ ਜਾਂਚ ਕਰਨ ਲਈ ਮਾਨ ਸਰਕਾਰ ਨੇ 5 ਵਿਸ਼ੇਸ਼ ਮਾਹਿਰ ਇੰਜੀਨੀਅਰਾਂ ਤੇ ਅਧਾਰਿਤ ਇਕ ਜਾਂਚ ਕਮੇਟੀ ਬਿਠਾ ਕੇ ਗੇਟਾਂ ਦੇ ਟੁੱਟ ਕੇ ਰੁੜ੍ਹ ਜਾਣ ਦੇ ਕਾਰਨਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਤਾਂ ਜੋ ਭਵਿਖ 'ਚ ਅਜਿਹੀ ਮੰਦਭਾਗੀ ਘਟਨਾ ਤੋਂ ਬਚਿਆ ਜਾ ਸਕੇ। ਜਦੋਂਕਿ ਅਣਗਹਿਲੀ ਵਰਤਣ ਦੇ ਇਲਜ਼ਾਮ 'ਚ 3 ਅਧਿਕਾਰੀ ਪਹਿਲਾਂ ਹੀ ਮੁੱਅਤਲ ਕੀਤੇ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਪ੍ਰਭਾਵਿਤ ਕਿਸਾਨਾਂ ਅਨੁਸਾਰ ਪਿੰਡ ਬੱਲ ਲਭੇ ਦਰਿਆ ਦੀ ਕਰੀਬ 250 ਏਕੜ ਉਪਜਾਊ ਜਮੀਨ ਸਮੇਤ ਹਲਕਾ ਅਜਨਾਲਾ 'ਚੋਂ ਵਹਿੰਦੇ ਰਾਵੀ ਦਰਿਆ ਵਲੋਂ ਅੰਦਾਜ਼ਨ 1000 ਏਕੜ ਜਮੀਨ ਹੜ੍ਹ ਨਾਲ ਬਿਲਕੁਲ ਖਤਮ ਹੋ ਚੁੱਕੀ ਹੈ।ਉਨ੍ਹਾਂ ਨੇ ਕੇਂਦਰ ਸਰਕਾਰ ਤੇ ਜ਼ੋਰ ਦਿੱਤਾ ਕਿ ਦਰਿਆ ਬੁਰਦ ਹੋਈਆਂ ਜਮੀਨਾਂ ਦਾ ਪ੍ਰਭਾਵਿਤ ਕਿਸਾਨਾਂ ਨੂੰ ਘੱਟੋ ਘੱਟ 20 ਲੱਖ ਰੁਪਏ ਮੁਆਵਜੇ ਦੇ ਰੂਪ 'ਚ ਮੁੱਲ ਦੀ ਅਦਾਇਗੀ ਕੀਤੀ ਜਾਵੇ। ਧਾਲੀਵਾਲ ਨੇ ਇਹ ਵੀ ਦੱਸਿਆ ਕਿ 2 ਜੁਲਾਈ ਨੂੰ ਦਿੱਲੀ ਵਿਖੇ ਕੇਂਦਰੀ ਰਾਜ ਜ਼ਲ ਸਰੋਤ ਮੰਤਰੀ ਸੀ ਆਰ ਪਾਟਿਲ ਨਾਲ ਮੀਟਿੰਗ ਕਰਕੇ ਰਾਵੀ ਚੋਂ ਗਾਰ ਦੀ ਸਾਫ ਸਫਾਈ ਲਈ ਡੀ ਸਿਲਟਿੰਗ ਦੀ ਮੰਜ਼ੂਰੀ ਦੇਣ ਤੇ ਬੀਤੇ 'ਚ ਆਏ ਹੜ੍ਹਾਂ ਦੌਰਾਨ ਦਰਿਆ ਬੁਰਦ ਹੋਈਆਂ ਜਮੀਨਾਂ ਦਾ ਮੁਆਵਜੇ ਦੇ ਰੂਪ 'ਚ ਮੁੱਲ ਦੇਣ ਲਈ ਫੰਡ ਜਾਰੀ ਕਰਨ ਦਾ ਮਾਮਲਾ ਉਠਾਇਆ ਸੀ। ਕਿਉਂਕਿ ਇਹ ਮਾਮਲੇ ਕੇਂਦਰ ਸਰਕਾਰ ਅਧੀਨ ਹਨ।

## ਖ਼ਾਲਸਾ ਯੂਨੀਵਰਸਿਟੀ ਨੂੰ ਪੀ.ਸੀ.ਆਈ. ਵੱਲੋਂ "ਡਿਪਲੋਮਾ ਇਨ ਫਾਰਮੇਸੀ" ਸਬੰਧੀ ਮਿਲੀ ਮੰਨਜ਼ੂਰੀ

ਅੰਮ੍ਰਿਤਸਰ, 22 ਸਤੰਬਰ (ਬਬਲੂ ਮਹਾਜਨ): ਖ਼ਾਲਸਾ ਕਾਲਜ ਗਵਰਨਿੰਗ



ਕੌਂਸਲ ਕਰੀਬ 13 ਦਹਾਕਿਆਂ ਤੋਂ ਹੀ ਬੱਚਿਆਂ ਨੂੰ ਵਧੀਆ ਤਾਲੀਮ ਤੇ ਉਨ੍ਹਾਂ ਦੇ ਉਜਵੱਲ ਭਵਿੱਖ ਲਈ ਹਮੇਸ਼ਾਂ ਹੀ ਸੰਜੀਦਾ ਰਿਹਾ ਹੈ। ਇਸੇ ਨੂੰ ਧਿਆਨ 'ਚ ਰੱਖਦਿਆਂ ਹੋਇਆ ਅੱਜ ਕੌਂਸਲ ਅਧੀਨ ਵਿੱਦਿਅਕ ਅਦਾਰਿਆਂ ਦੀ ਗਿਣਤੀ ਸ਼ੁਰੂਆਤੀ ਦੌਰ ਤੋਂ ਲੈ ਕੇ ਹੁਣ ਮੌਜ਼ੂਦਾ ਸਮੇਂ 'ਚ ਵੱਧ ਕੇ 22 ਦੇ ਕਰੀਬ ਪਹੁੰਚ ਚੁੱਕੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਇੱਥੇ ਖ਼ਾਲਸਾ ਯੂਨੀਵਰਸਿਟੀ ਦੇ ਪ੍ਰੋ. ਚਾਂਸਲਰ ਤੇ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਫਾਰਮੇਸੀ ਕੌਂਸਲ ਆਫ਼ ਇੰਡੀਆ (ਪੀ. ਸੀ. ਆਈ.) ਵੱਲੋਂ ਸੈਸ਼ਨ 2025-26 ਤੋਂ ਡਿਪਲੋਮਾ ਇਨ ਫਾਰਮੇਸੀ 'ਚ ਦਾਖਲੇ ਸਬੰਧੀ ਸੀਟਾਂ ਵਧਾਉਣ ਲਈ ਪ੍ਰਵਾਨਗੀ ਦੇਣ ਉਪਰੰਤ ਆਪਣੇ ਦਫ਼ਤਰ ਵਿਖੇ ਗੱਲਬਾਤ ਦੌਰਾਨ ਕੀਤਾ। ਛੀਨਾ ਨੇ ਪੀ. ਸੀ. ਆਈ. ਵੱਲੋਂ ਉਕਤ ਪ੍ਰਵਾਨਗੀ ਦੇਣ 'ਤੇ 'ਵਰਸਿਟੀ ਦੇ ਫਾਰਮਾਸਿਊਟੀਕਲ ਅਤੇ ਅਲਾਈਡ ਹੈਲਥ ਸਾਇੰਸਜ਼ ਫੈਕਲਟੀ ਦੇ ਡੀਨ ਡਾ. ਆਰ. ਕੇ. ਧਵਨ ਦੁਆਰਾ ਉਕਤ ਸਬੰਧੀ ਕੀਤੇ ਗਏ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਬੱਚਿਆਂ ਦੇ ਉਜਵੱਲ ਦੇ ਮੱਦੇਨਜ਼ਰ ਫਾਰਮੇਸੀ ਕੌਂਸਲ ਦੁਆਰਾ ਦਿੱਤੀ ਗਈ ਪ੍ਰਵਾਨਗੀ ਇਕ ਬਹੁਤ ਵੱਡੀ ਉਪਲਬੱਧੀ ਹੈ। ਉਨ੍ਹਾਂ ਕਿਹਾ ਕਿ ਖਾਲਸਾ ਯੂਨੀਵਰਸਿਟੀ ਅਧੀਨ ਕਾਲਜ ਆਫ਼ ਫਾਰਮੇਸੀ ਨੂੰ ਪੀ.ਸੀ.ਆਈ. ਨੇ ਸੈਸ਼ਨ 2025-26 ਤੋਂ ਡਿਪਲੋਮਾ ਇਨ ਫਾਰਮੇਸੀ 'ਚ 60 ਸੀਟਾਂ ਲਈ ਦਾਖਲੇ ਲਈ ਹਰੀ ਝੰਡੀ ਦਿੱਤੀ ਹੈ।

ਇਸ ਮੌਕੇ ਡਾ. ਧਵਨ ਨੇ ਪੀ. ਸੀ. ਆਈ. ਵੱਲੋਂ ਉਕਤ ਸੀਟਾਂ ਨੂੰ ਵਧਾਉਣ ਸਬੰਧੀ ਦਿੱਤੀ ਮੰਜ਼ੂਰੀ ਲਈ ਧੰਨਵਾਦ ਕਰਦਿਆਂ ਗਵਰਨਿੰਗ ਕੌਂਸਲ ਖਾਸ ਕਰਕੇ 'ਵਰਸਿਟੀ ਦੇ ਚਾਂਸਲਰ ਅਤੇ ਕੌਂਸਲ ਦੇ ਪ੍ਰਧਾਨ ਸੱਤਿਆਜੀਤ ਸਿੰਘ ਮਜੀਠੀਆ ਤੇ ਛੀਨਾ ਵੱਲੋਂ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਹੋਰਨਾਂ ਗਤੀਵਿਧੀਆਂ ਲਈ ਪ੍ਰਦਾਨ ਕੀਤੀਆਂ ਜਾ ਰਹੀਆਂ ਹਰੇਕ ਸੁਵਿਧਾਵਾਂ ਤੇ ਸਹਿਯੋਗ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਉਕਤ ਤੋਂ ਇਲਾਵਾ ਖਾਲਸਾ ਕਾਲਜ ਆਫ਼ ਫਾਰਮੇਸੀ ਨੂੰ ਪੀ. ਸੀ. ਆਈ. ਵੱਲੋਂ ਸੈਸ਼ਨ 2025-26 ਤੋਂ 60 ਸੀਟਾਂ ਤੋਂ ਵਧਾ ਕੇ 100 ਕਰਨ ਅਤੇ 10 ਸੀਟਾਂ ਵਾਲੇ ਇਕ ਨਵੇਂ ਫਾਰਮ ਡੀ. (ਪੋਸਟ-ਬੈਕਲੋਰੇਟ) ਪ੍ਰੋਗਰਾਮਾਂ ਲਈ ਵੀ ਪ੍ਰਵਾਨਗੀ ਮਿਲੀ ਹੈ। ਇਸ ਸਬੰਧੀ ਖੁਸ਼ੀ ਸਾਂਝੀ ਕਰਦਿਆਂ ਡਾ. ਧਵਨ ਨੇ ਛੀਨਾ ਦਾ ਮੂੰਹ ਮਿੱਠਾ ਵੀ ਕਰਵਾਇਆ। ਇਸ ਮੌਕੇ ਮੌਜ਼ੂਦ 'ਵਰਸਿਟੀ ਦੇ ਉਪ ਕੁਲਪਤੀ ਡਾ. ਮਹਿਲ ਸਿੰਘ ਨੇ ਵੀ ਡਾ. ਧਵਨ ਨੂੰ ਉਕਤ ਪ੍ਰਾਪਤੀ 'ਤੇ ਮੁਬਾਰਕਬਾਦ ਦਿੱਤੀ।

## ਚੀਫ਼ ਖ਼ਾਲਸਾ ਦੀਵਾਨ ਇੰਟਰਨੈਸ਼ਨਲ ਨਰਸਿੰਗ ਕਾਲਜ ਵਿਖੇ ਵਿਸ਼ਵ ਅਲਜ਼ਾਈਮਰ ਡੇਅ ਮਨਾਇਆ

ਅੰਮ੍ਰਿਤਸਰ, 22 ਸਤੰਬਰ (ਬਬਲੂ ਮਹਾਜਨ): ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਦੇ ਦਿਸ਼ਾ ਨਿਰਦੇਸ਼ਾਂ ਅ ਨੁ ਸਾ ਰ ਅੱਜ ਚੀਫ਼ ਖ਼ਾਲਸਾ ਦੀਵਾਨ ਇੰ ਟ ਰ ਨੈ ਸ਼ ਨ ਲ ਨਰਸਿੰਗ ਕਾਲਜ ਵਿਖੇ ਵਿਸ਼ਵ ਅਲਜ਼ਾਈਮਰ ਡੇਅ ਮਨਾਇਆ ਗਿਆ, ਜਿਥੇ ਕਾਲਜ ਦੇ ਚੇਅਰਮੈਨ



ਡਾ.ਆਤਮਜੀਤ ਸਿੰਘ ਬਸਰਾ ਵਿਸ਼ੇਸ਼ ਤੌਰ ਤੇ ਪੁੱਜੇ। ਇਸ ਮੌਕੇ ਕਾਲਜ ਦੀ ਪ੍ਰਿੰਸੀਪਲ ਡਾ. ਯਸ਼ਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਲਜ਼ਾਈਮਰ ਦਿਮਾਗ਼ ਨਾਲ ਸਬੰਧਤ ਇੱਕ ਗੰਭੀਰ ਬਿਮਾਰੀ ਹੈ, ਜਿਸ 'ਚ ਨਿਉਰੋਟਰਾਂਸਮੀਟਰ ਦੀ ਅਸਮਾਨਤਾ ਕਾਰਨ ਦਿਮਾਗ਼ ਦੇ ਸੈੱਲ ਖ਼ਤਮ ਹੋਣ ਲੱਗਦੇ ਹਨ ਤੇ ਨਿਉਰਾਨਾਂ ਰਾਹੀਂ ਆਦਾਨ-ਪ੍ਰਦਾਨ ਪ੍ਰਭਾਵਿਤ ਹੋ ਜਾਂਦਾ ਹੈ। ਇਸ ਬਿਮਾਰੀ ਦੇ ਮੁੱਖ ਲੱਛਣ ਯਾਦਾਸ਼ਤ ਦੀ ਕਮੀ ਤੇ ਸੋਚਣ ਦੀ ਸ਼ਕਤੀ ਦਾ ਘਟਣਾ ਹਨ। ਹਾਲਾਂਕਿ ਇਸ ਦਾ ਪੂਰਨ ਇਲਾਜ ਸੰਭਵ ਨਹੀਂ, ਪਰ ਮਰੀਜ਼ ਦੀ ਚੰਗੀ ਦੇਖਭਾਲ, ਦਿਨਚਰਿਆ ਵਿੱਚ ਸਹਿਯੋਗ ਅਤੇ ਸਾਥ ਦੇ ਕੇ ਉਨ੍ਹਾਂ ਦੀ ਜ਼ਿੰਦਗੀ ਸੁਖਾਲੀ ਬਣਾਈ ਜਾ ਸਕਦੀ ਹੈ। ਇਸ ਮੌਕੇ ਕਾਲਜ ਦੇ ਚੇਅਰਮੈਨ ਡਾ.ਆਤਮਜੀਤ ਸਿੰਘ ਬਸਰਾ ਨੇ ਕਿਹਾ ਕਿ ਅਜਿਹੇ ਸਿਹਤ ਸਬੰਧੀ ਪ੍ਰੋਗਰਾਮਾਂ ਰਾਹੀਂ ਵਿਦਿਆਰਥੀਆਂ ਦੇ ਪ੍ਰੈਕਟੀਕਲ ਗਿਆਨ ਵਿਚ ਵਾਧਾ ਹੁੰਦਾ ਹੈ ਜਿਸ ਨਾਲ ਵਿਦਿਆਰਥੀਆਂ ਨੂੰ ਮਰੀਜ਼ਾਂ ਦੀ ਸੰਭਾਲ ਬਿਹਤਰ ਢੰਗ ਨਾਲ ਕਰਨ ਦੀ ਜਾਣਕਾਰੀ ਮਿਲਦੀ ਹੈ। ਪ੍ਰੋਗਰਾਮ ਦੌਰਾਨ ਹਾਲ ਹੀ ਵਿੱਚ ਖਾਲਸਾ ਕਾਲਜ ਵਿਖੇ ਹੋਈ ਪੰਜਾਬ ਸਟੇਟ ਸਟੂਡੈਂਟ ਨਰਸਿਜ਼ ਐਸੋਸੀਏਸ਼ਨ ਕਾਨਫਰੰਸ ਵਿੱਚ ਵੱਖ-ਵੱਖ ਗਤੀਵਿਧੀਆਂ ਵਿਚ ਇਨਾਮ ਜਿੱਤਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਵਾਈਸ ਪ੍ਰਿੰਸੀਪਲ ਡਾ. ਹਰਲੀਨ ਕੌਰ, ਡਾ. ਭਾਵਨਾ, ਪ੍ਰੋ. ਜਤਿੰਦਰ ਕੌਰ ਕਾਲਜ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

## ਖ਼ਾਲਸਾ ਕਾਲਜ ਨਰਸਿੰਗ ਵਿਖੇ 21ਵੀਂ ਐੱਸ. ਐੱਨ.ਏ.ਆਈ. ਬਾਈਨੇਅਲ ਕਾਨਫ਼ਰੰਸ ਕਰਵਾਈ

ਅੰਮ੍ਰਿਤਸਰ, 22 ਸਤੰਬਰ (ਬਬਲੂ ਮਹਾਜਨ): ਖਾਲਸਾ ਕਾਲਜ ਆਫ਼ ਨਰਸਿੰਗ ਵੱਲੋਂ ਟਰੇਨਡ ਨਰਸ ਐਸੋਸੀਏਸ਼ਨ ਆਫ਼ ਇੰਡੀਆ (ਟੀ.ਐੱਨ.ਏ.ਆਈ.) ਦੇ ਪੰਜਾਬ ਚੈਪਟਰ ਦੇ ਸਹਿਯੋਗ ਨਾਲ ਨਰਸਿੰਗ ਦੇ ਪੇਸ਼ੇ ਸਾਹਮਣੇ ਵੱਖ-ਵੱਖ ਚੁਣੌਤੀਆਂ 'ਤੇ ਚਰਚਾ ਕਰਨ ਲਈ 21ਵੀਂ ਐੱਸ. ਐੱਨ.ਏ.ਆਈ. ਬਾਈਨੇਅਲ



ਕਾਨਫਰੰਸ ਆਯੋਜਿਤ ਕੀਤੀ ਗਈ। ਕਾਲਜ ਪ੍ਰਿੰਸੀਪਲ ਡਾ. ਅਮਨਪ੍ਰੀਤ ਕੌਰ ਦੇ ਯਤਨਾਂ ਨਾਲ ਕਰਵਾਈ ਗਈ ਉਕਤ ਕਾਨਫਰੰਸ ਮੌਕੇ ਸਿਹਤ ਸੰਭਾਲ ਦੇ ਨਵੇਂ ਸੰਕਟਾਂ ਦੇ ਹੱਲ ਲੱਭਣ ਲਈ ਖੇਤਰ ਭਰ ਦੇ ਨਰਸਿੰਗ ਪੇਸ਼ੇਵਰਾਂ, ਸਿੱਖਿਅਕਾਂ ਅਤੇ ਵਿਦਿਆਰਥੀਆਂ ਨੂੰ ਇਕਜੁਟ ਕਰਨ ਸਬੰਧੀ ਮਾਹਿਰਾਂ ਵੱਲੋਂ ਵਿਚਾਰ-ਵਟਾਂਦਰਾ ਕੀਤਾ ਗਿਆ। ਕਾਨਫਰੰਸ ਦੌਰਾਨ ਕੁਇਜ਼, ਰੰਗੋਲੀ, ਡਾਂਸ, ਪੈਨਸਿਲ ਸਕੈਚ, ਐਕਸਟੈਂਪੋਰ ਭਾਸ਼ਣ, ਲੇਖ ਲਿਖਣਾ, ਖੇਡਾਂ ਆਦਿ ਵੱਖ-ਵੱਖ ਪ੍ਰਤੀਯੋਗਤਾਵਾਂ ਵੀ ਕਰਵਾਈਆਂ ਗਈਆਂ। ਇਸ ਮੌਕੇ ਟੀ. ਐੱਨ. ਏ. ਆਈ. ਦੀ ਰਾਸ਼ਟਰੀ ਪ੍ਰਧਾਨ ਐਨੀ ਕੁਮਾਰ ਨੇ ਮੁੱਖ ਮਹਿਮਾਨ ਅਤੇ ਡਾ. ਜੋਤੀ ਵਾਲੀਆ ਉਪ-ਪ੍ਰਧਾਨ ਟੀ. ਐੱਨ. ਏ. ਆਈ. (ਉੱਤਰੀ ਖੇਤਰ) ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ "ਅੱਜ ਸਿੱਖਣਾ, ਕੱਲ੍ਹ ਦੀ ਅਗਵਾਈ ਕਰਨਾ-ਨਰਸਿੰਗ ਵਿਦਿਆਰਥੀਆਂ ਦੀ ਯਾਤਰਾ" ਵਿਸ਼ੇ 'ਤੇ ਅਧਾਰਿਤ ਕਾਨਫਰੰਸ ਦੌਰਾਨ ਨਰਸਿੰਗ ਸਿੱਖਿਆ 'ਚ ਉੱਭਰ ਰਹੇ ਰੁਝਾਨਾਂ ਬਾਰੇ ਵਿਸਥਾਰਵਪੂਰਕ ਗੱਲ ਕੀਤੀ।

ਇਸ ਕਾਨਫਰੰਸ ਦੌਰਾਨ ਖ਼ਾਲਸਾ ਯੂਨੀਵਰਸਿਟੀ ਦੇ ਉੱਪ ਕੁਲਪਤੀ ਡਾ. ਮਹਿਲ ਸਿੰਘ ਅਤੇ ਡਾ. ਜਸਬੀਰ ਕੌਰ, ਸਾਬਕਾ ਪ੍ਰਧਾਨ, ਟੀ. ਐੱਨ. ਏ. ਆਈ. (ਪੰਜਾਬ ਰਾਜ ਸ਼ਾਖਾ) ਨੇ ਉਚੇਚੇ ਤੌਰ 'ਤੇ ਸ਼ਾਮਲ ਹੁੰਦਿਆਂ ਨਰਸਿੰਗ ਪੇਸ਼ੇ 'ਚ ਨਵੀਆਂ ਜ਼ਰੂਰਤਾਂ ਅਤੇ ਤਬਦੀਲੀਆਂ 'ਤੇ ਜ਼ੋਰ ਦਿੱਤਾ। ਜਦਕਿ ਡਾ. ਹਰਮੀਤ ਕੌਰ ਕੰਗ, ਪ੍ਰਧਾਨ- ਟੀ.ਐਨ.ਏ.ਆਈ. (ਪੰਜਾਬ ਰਾਜ), ਡਾ. ਪ੍ਰਭਜੋਤ ਕੌਰ ਸੈਣੀ, ਸਕੱਤਰ-ਟੀ.ਐਨ.ਏ.ਆਈ. ਪੰਜਾਬ ਰਾਜ ਅਤੇ ਹੋਰ ਕਾਰਜਕਾਰੀ ਮੈਂਬਰਾਂ ਨੇ ਵੀ ਉਕਤ ਵਿਸ਼ੇ 'ਤੇ ਗੱਲ ਕੀਤੀ। ਇਸ ਤੋਂ ਪਹਿਲਾਂ ਪ੍ਰਿੰ: ਡਾ. ਅਮਨਪ੍ਰੀਤ ਕੌਰ ਨੇ ਆਏ ਉਕਤ ਸਮੂੰਹ ਮਹਿਮਾਨਾਂ ਦਾ ਸਵਾਗਤ ਕਰਨ ਉਪਰੰਤ ਸਟੂਡੈਂਟ ਨਰਸ ਐਸੋਸੀਏਸ਼ਨ ਆਫ਼ ਇੰਡੀਆ, ਪੰਜਾਬ ਰਾਜ ਦੀਆਂ ਪ੍ਰਾਪਤੀਆਂ ਅਤੇ ਗਤੀਵਿਧੀਆਂ 'ਤੇ ਚਾਨਣਾ ਪਾਉਂਦਿਆਂ ਐਸ.ਐਨ.ਏ. ਬਾਈਨੇਅਲ 'ਤੇ ਰਿਪੋਰਟ ਪੇਸ਼ ਕੀਤੀ। ਇਸ ਸਬੰਧੀ ਪ੍ਰਿੰ: ਡਾ. ਅਮਨਪ੍ਰੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਾਨਫਰੰਸ 'ਚ ਸੂਬੇ ਭਰ ਤੋਂ 25 ਵੱਖ-ਵੱਖ ਨਰਸਿੰਗ ਕਾਲਜਾਂ ਦੇ ਲਗਭਗ 1200 ਵਿਦਿਆਰਥੀਆਂ ਨੇ ਭਾਗ ਲਿਆ, ਜਿਨ੍ਹਾਂ ਨੇ ਕੁਇਜ਼ ਮੁਕਾਬਲਾ, ਰੰਗੋਲੀ, ਡਾਂਸ ਮੁਕਾਬਲਾ, ਪੈਨਸਿਲ ਸਕੈਚ, ਐਕਸਟੈਂਪੋਰ ਭਾਸ਼ਣ, ਲੇਖ ਲਿਖਣਾ, ਖੇਡ ਮੁਕਾਬਲਾ ਤੇ ਹੋਰ ਕਈ ਗਤੀਵਿਧੀਆਂ 'ਚ ਉਤਸ਼ਾਹ ਨਾਲ ਹਿੱਸਾ ਲਿਆ। ਇਸ ਕਾਨਫਰੰਸ ਦੌਰਾਨ ਸਬੰਧਤ ਕਾਲਜ ਸਟਾਫ਼ ਤੋਂ ਇਲਾਵਾ ਹੋਰ ਕਾਲਜਾਂ ਦੇ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਹਾਈ ਕੋਰਟ ਵੱਲੋਂ ਵਿਵਾਦਿਤ ਕੋਠੀ ਮਾਮਲੇ 'ਚ ਵਿਧਾਇਕਾ ਮਾਣੂੰਕੇ ਨੂੰ ਕਲੀਨ ਚਿੱਟ

**ਵਾਹਿਗੁਰੂ ਦੇ ਘਰ ਵਿੱਚ ਦੇਰ ਹੈ, ਅੰਧੇਰ ਨਹੀਂ, ਜਿਸ ਕਰਕੇ ਸੱਚ ਦੀ ਹੋਈ ਜਿੱਤ : ਬੀਬੀ ਮਾਣੂੰਕੇ**



ਜਗਰਾਉਂ, 22 ਸਤੰਬਰ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਐਨ.ਆਰ.ਆਈ.ਦੀ ਵਿਵਾਦਿਤ ਕੋਠੀ ਦੇ ਮਾਮਲੇ ਦਾ ਫੈਸਲਾ ਕਰਦਿਆਂ ਹਲਕਾ ਜਗਰਾਉਂ ਦੇ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਨੂੰ ਵੱਡੀ ਰਾਹਤ ਦੇ ਕੇ ਕਲੀਨ ਚਿਟ ਦੇ ਦਿੱਤੀ ਗਈ ਹੈ ਅਤੇ ਐਨ.ਆਰ.ਆਈ. ਅਮਰਜੀਤ ਕੌਰ ਵੱਲੋਂ ਲਗਾਇਆ ਗਿਆ ਕੇਸ ਸੀ.ਆਰ.ਐਮ.-ਐਮ.-41327-2023 ਖਾਰਜ ਕਰ ਦਿੱਤਾ ਗਿਆ ਹੈ । ਜਿਸ ਵਿੱਚ ਐਨ.ਆਰ.ਆਈ. ਅਮਰਜੀਤ ਕੌਰ ਵੱਲੋਂ ਦੋਸ਼ ਲਗਾਇਆ ਗਿਆ ਸੀ, ਕਿ ਉਸ ਦੀ ਜਗਰਾਉਂ ਦੇ ਹੀਰਾ ਬਾਗ ਵਿੱਚ ਸਥਿਤ ਕੋਠੀ ਉਪਰ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਵੱਲੋਂ ਕਬਜ਼ਾ ਕੀਤਾ ਹੈ ਅਤੇ ਵਿਧਾਇਕਾ ਮਾਣੂੰਕੇ ਦੇ ਸਿਆਸੀ ਵਿਰੋਧੀਆਂ ਵੱਲੋਂ ਸਾਲ 2023 ਵਿੱਚ ਵਿਧਾਇਕਾ ਨੂੰ ਟਾਰਗੇਟ ਕਰਕੇ ਵੱਡੇ ਪੱਧਰ 'ਤੇ ਬਵਾਲ ਮਚਾਇਆ ਗਿਆ ਸੀ ਅਤੇ ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਅਤੇ ਉਹਨਾਂ ਦੇ ਪਰਿਵਾਰ ਨੂੰ ਬਦਨਾਮ ਕਰਨ ਦੇ ਯਤਨ ਕੀਤੇ ਗਏ ਸਨ । ਇਹ ਮਾਮਲਾ ਪੰਜਾਬ ਵਿੱਚ ਹੀ ਨਹੀਂ, ਬਲਕਿ ਦੇਸ਼-ਪ੍ਰਦੇਸ਼ ਵਿੱਚ ਵੀ ਵੱਡੀ ਪੱਧਰ 'ਤੇ ਗੂੰਜਿਆ ਸੀ। ਹੁਣ ਇਸ ਮਾਮਲੇ ਵਿੱਚ ਆਮ ਆਦਮੀ ਪਾਰਟੀ ਦੇ ਹਲਕਾ ਜਗਰਾਉਂ ਤੋਂ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਅਤੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਕਲੀਨ ਚਿਟ ਮਿਲਣ ਨਾਲ ਉਹਨਾਂ ਦੇ ਸਮਰਥਕਾਂ ਅਤੇ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਵਿੱਚ ਭਾਰੀ ਖੁਸ਼ੀ ਪਾਈ ਜਾ ਰਹੀ ਹੈ। ਇਸ ਮੌਕੇ ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਨੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦਾ ਧੰਨਵਾਦ ਕਰਦਿਆਂ ਆਖਿਆ ਕਿ 'ਵਾਹਿਗੁਰੂ ਦੇ ਘਰ ਵਿੱਚ ਦੇਰ ਹੈ, ਅੰਧੇਰ ਨਹੀਂ ਹੈ ਅਤੇ ਕੋਈ ਕਿੰਨਾ ਵੀ ਕੂੜ ਪ੍ਰਚਾਰ ਕਰ ਲਵੇ, ਆਖਿਰ ਸੱਚ ਦੀ ਹੀ ਜਿੱਤ ਹੁੰਦੀ ਹੈ। ਮਾਨਯੋਗ ਕੋਰਟ ਨੇ ਸਾਰੇ ਪੱਖਾਂ ਦੀ ਬਰੀਕੀ ਨਾਲ ਘੋਖ-ਪੜਤਾਲ ਕਰਕੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰਕੇ ਲੋਕਾਂ ਸਾਹਮਣੇ ਰੱਖ ਦਿੱਤਾ ਹੈ ਅਤੇ ਐਨ.ਆਰ.ਆਈ.ਅਮਰਜੀਤ ਕੌਰ ਦੀ ਪਟੀਸ਼ਨ ਖਾਰਜ ਕਰਕੇ ਉਹਨਾਂ ਨੂੰ ਤੇ ਉਹਨਾਂ ਦੇ ਪਰਿਵਾਰ ਨੂੰ ਕਲੀਨ ਚਿਟ ਦਿੱਤੀ ਹੈ। ਮਾਨਯੋਗ ਕੋਰਟ ਦੇ ਇਸ ਫੈਸਲੇ ਨਾਲ ਵਿਰੋਧੀਆਂ ਨੂੰ ਮੂੰਹ ਦੀ ਖਾਣੀ ਪਈ ਹੈ ਅਤੇ ਵਿਰੋਧੀਆਂ ਦੀਆਂ ਉਹਨਾਂ ਨੂੰ ਬਦਨਾਮ ਕਰਨ ਅਤੇ ਚਿੱਕੜ ਉਛਾਲਣ ਦੀਆਂ ਚਾਲਾਂ ਅੱਜ ਲੋਕਾਂ ਸਾਹਮਣੇ ਨੰਗੀਆਂ ਹੋ ਗਈਆ ਹਨ। ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਨੇ ਇਨਸਾਫ਼ ਦੇਣ ਲਈ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਧੰਨਵਾਦ ਕਰਦਿਆਂ ਵਾਹਿਗੁਰੂ ਦਾ ਵੀ ਸ਼ੁਕਰਾਨਾ ਕੀਤਾ।

# ਪ੍ਰਿੰਸੀਪਲ ਤਖ਼ਤ ਸਿੰਘ ਦੇ ਜੀਵਨ ਤੇ ਰਚਨਾ ਸਬੰਧੀ ਸੈਮੀਨਾਰ



ਜਗਰਾਉਂ, 22 ਸਤੰਬਰ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਭਾਰਤੀ ਸਾਹਿਤ ਅਕਾਦਮੀ ਦਿੱਲੀ ਵੱਲੋਂ ਸਾਹਿਤ ਸਭਾ ਜਗਰਾਉਂ ਦੇ ਸਹਿਯੋਗ ਨਾਲ ਪੁਲਿਸ ਵੈਲਫੇਅਰ ਐਸੋਸੀਏਸ਼ਨ ਹਾਲ ਸੂਆ ਰੋਡ ਜਗਰਾਉਂ ਵਿਖੇ ਉਸਤਾਦ ਗ਼ਜ਼ਲਗੋ ਪ੍ਰਿੰਸੀਪਲ ਤਖ਼ਤ ਸਿੰਘ ਦੇ ਜੀਵਨ ਅਤੇ ਰਚਨਾ ਬਾਰੇ ਸੈਮੀਨਾਰ ਕਰਵਾਇਆ ਗਿਆ । ਜਿਸ ਦੀ ਪ੍ਰਧਾਨਗੀ ਪ੍ਰਸਿੱਧ ਸ਼ਾਇਰ ਤੇ ਲੋਕ ਵਿਰਾਸਤ ਅਕਾਦਮੀ ਦੇ ਪ੍ਰਧਾਨ ਪ੍ਰੋ. ਗੁਰਭਜਨ ਗਿੱਲ ਨੇ ਕੀਤੀ। ਸਮਾਗਮ ਦੀ ਸ਼ੁਰੂਆਤ ਗਾਇਕ ਤੇ ਗ਼ਜ਼ਲਕਾਰ ਤ੍ਰੈਲੋਚਨ ਲੋਚੀ ਵੱਲੋਂ ਪ੍ਰਿੰਸੀਪਲ ਤਖ਼ਤ ਸਿੰਘ ਦੀ ਗ਼ਜ਼ਲ ਦੇ ਗਾਇਨ ਨਾਲ਼ ਹੋਈ। ਇਸ ਮੌਕੇ ਪੇਪਰ ਪੜ੍ਹਦਿਆਂ ਪ੍ਰਸਿੱਧ ਆਲੋਚਕ ਸ਼ਮਸ਼ੇਰ ਮੋਹੀ ਨੇ ਕਿਹਾ ਕਿ ਪ੍ਰਿੰਸੀਪਲ ਤਖ਼ਤ ਸਿੰਘ ਪੰਜਾਬੀ ਗ਼ਜ਼ਲ ਨੂੰ ਪੰਜਾਬੀ ਦਾ ਮੌਲਿਕ ਰੰਗ ਪ੍ਰਦਾਨ ਕਰਕੇ ਇਤਿਹਾਸਕ ਕਾਰਜ ਕਰਦਾ ਹੈ । ਉਸ ਨੇ ਪੰਜਾਬੀ ਗ਼ਜ਼ਲ ਦੇ ਵਿਕਾਸ ਲਈ ਮਿਸਾਲੀ ਕਾਰਜ ਕੀਤਾ। ਉਸਦੀ ਗ਼ਜ਼ਲ ਕਲਾ ਅਤੇ ਵਸਤੂ ਪੱਖ ਦੋਵੇਂ ਪੱਖਾਂ ਤੋਂ ਸਫਲ ਹੈ। ਨੌਜਵਾਨ ਆਲੋਚਕ ਡਾ. ਦੀਪਕ ਧਲੇਵਾਂ ਨੇ ਕਿਹਾ ਕਿ ਪ੍ਰਿੰਸੀਪਲ ਤਖ਼ਤ ਸਿੰਘ ਨੇ ਪੰਜਾਬੀ ਗ਼ਜ਼ਲ ਦੇ ਵਿਕਾਸ ਅਤੇ ਉਸਦੇ ਭਵਿੱਖ ਲਈ ਗੌਲਣਯੋਗ ਕਾਰਜ ਕੀਤਾ । ਪ੍ਰਿੰ. ਤਖ਼ਤ ਸਿੰਘ ਪੰਜਾਬੀ ਗ਼ਜ਼ਲ ਨੂੰ ਮੌਲਿਕ ਮੁਹਾਵਰਾ ਦਿੰਦਾ ਹੈ। ਬਹੁਪੱਖੀ ਲੇਖਕ ਅਤੇ ਦਿੱਲੀ ਸਾਹਿਤ ਅਕਾਦਮੀ ਦੀ ਗਵਰਨਿੰਗ ਕੌਂਸਲ ਦੇ ਮੈਂਬਰ ਬੂਟਾ ਸਿੰਘ ਚੌਹਾਨ ਨੇ ਅਕਾਦਮੀ ਦੀਆਂ ਇਸ ਸਾਲ ਦੇ ਅੰਤ ਤੱਕ ਹੋਣ ਵਾਲੀਆਂ ਗਤੀਵਿਧੀਆਂ ਦੀ ਜਾਣਕਾਰੀ ਦਿੰਦਿਆਂ ਬੀਤੇ ਸਮੇਂ ਵਿਚ ਹੋਏ ਸਮਾਗਮਾਂ ਦੀ ਜਾਣਕਾਰੀ ਦਿੱਤੀ । ਧੰਨਵਾਦ ਗੀਤਕਾਰ ਪ੍ਰਭਜੋਤ ਸਿੰਘ ਸੋਹੀ ਵੱਲੋਂ ਕੀਤਾ ਗਿਆ । ਇਸ ਮੌਕੇ ਗ਼ਜ਼ਲ ਗਾਇਕ ਲਛਮਣ ਦਾਸ ਮੁਸਾਫ਼ਿਰ, ਹਰਬੰਸ ਅਖਾੜਾ, ਹਰਕੋਮਲ ਬਰਿਆਰ, ਅਜੀਤ ਪਿਆਸਾ, ਪ੍ਰੋ. ਕਰਮ ਸਿੰਘ ਸੰਧੂ, ਮੇਜਰ ਸਿੰਘ ਛੀਨਾ, ਅਰਸ਼ਦੀਪ ਪਾਲ ਸਿੰਘ, ਜੋਗਿੰਦਰ ਆਜ਼ਾਦ , ਐਚ ਐਸ ਡਿੰਪਲ, ਕੁਲਦੀਪ ਲੋਹਟ, ਮੈਡਮ ਸਤਵਿੰਦਰ ਕੁੱਸਾ, ਪ੍ਰਿੰ . ਦਲਜੀਤ ਕੌਰ ਹਠੂਰ, ਮੈਨੇਜਰ ਗੁਰਦੀਪ ਸਿੰਘ , ਸਹਿਜਪ੍ਰੀਤ ਸਿੰਘ ਮਾਂਗਟ, ਦਰਸ਼ਨ ਸਿੰਘ ਬੋਪਾਰਾਏ , ਕੈਪਟਨ ਪੂਰਨ ਸਿੰਘ ਗਗੜਾ, ਜਗਦੀਸ਼ ਪਾਲ ਮਹਿਤਾ, ਰਾਕੇਸ਼ ਤੇਜਪਾਲ ਜਾਨੀ, ਮੀਤ ਅਨਮੋਲ, ਕਰਮਜੀਤ ਗਰੇਵਾਲ, ਮੈਡਮ ਅਮਰਜੀਤ ਕੌਰ ਹੋਰੀਂ ਹਾਜ਼ਰ ਸਨ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੁੱਗਰੀ ਵਿਖੇ ਦੋ ਰੋਜ਼ਾ ਹਫ਼ਤਾਵਾਰੀ ਗੁਰਮਤਿ ਸਮਾਗਮ ਕਰਵਾਏ : ਬੈਨੀਪਾਲ



ਲੁਧਿਆਣਾ 22 ਸਤੰਬਰ (ਕਰਨੈਲ ਸਿੰਘ ਐੱਮ.ਏ.): ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ 1, ਦੁੱਗਰੀ ਵਿੱਚ ਦੋ ਰੋਜ਼ਾ ਹਫ਼ਤਾਵਾਰੀ ਗੁਰਮਤਿ ਸਮਾਗਮ ਸ਼ਨੀਵਾਰ ਅਤੇ ਐਤਵਾਰ ਨੂੰ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਨਿੱਘੇ ਸਹਿਯੋਗ ਸਦਕਾ ਬੜੀ ਸ਼ਰਧਾ ਪੂਰਵਕ ਕਰਵਾਏ ਗਏ। ਜਿਨ੍ਹਾਂ ਵਿੱਚ ਸ਼ਨੀਵਾਰ ਨੂੰ ਸਵੇਰੇ ਅੰਮ੍ਰਿਤ ਵੇਲੇ ਤੋਂ ਗੁਰਬਾਣੀ ਦਾ ਪ੍ਰਵਾਹ ਆਰੰਭ ਹੋਇਆ। ਰੋਜ਼ਾਨਾ ਦੀ ਤਰ੍ਹਾਂ ਪਹਿਲਾਂ ਨਿੱਤਨੇਮ ਅਤੇ ਸੁਖਮਨੀ ਸਾਹਿਬ ਜੀ ਦੇ ਪਾਠ ਸੰਗਤੀ ਰੂਪ ਵਿੱਚ ਕਰਵਾਏ ਗਏ। ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਦਿਲਬਾਗ ਸਿੰਘ ਗੁਰੂ ਕਾਸ਼ੀ ਵਾਲੇ ਨੇ ਸੰਗਤਾਂ ਨੂੰ ਗੁਰੂ ਜਸ ਨਾਲ ਜੋੜਿਆ। ਗਿਆਨੀ ਹਰਪ੍ਰੀਤ ਸਿੰਘ ਲੁਧਿਆਣੇ ਵਾਲਿਆਂ ਨੇ ਸੰਗਤਾਂ ਨਾਲ ਗੁਰਬਾਣੀ ਅਤੇ ਇਤਿਹਾਸਕ ਵਿਚਾਰਾਂ ਦੀ ਸਾਂਝ ਪਾਈ। ਸ਼ਨੀਵਾਰ ਸ਼ਾਮ ਦੇ ਪ੍ਰੋਗਰਾਮ ਵਿੱਚ ਗਿਆਨੀ ਸਤਪਾਲ ਸਿੰਘ ਜੀ ਹੈਡਗ੍ਰੰਥੀ ਤਰਨ ਤਾਰਨ ਦਰਬਾਰ ਸਾਹਿਬ ਵਾਲਿਆਂ ਨੇ ਸੰਗਤਾਂ ਨਾਲ ਸੁਖਮਨੀ ਸਾਹਿਬ ਜੀ ਦੀ ਕਥਾ ਦੀ ਵਿਆਖਿਆ ਕੀਤੀ ਅਤੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਐਤਵਾਰ ਵਾਲੇ ਦਿਨ ਰੋਜ਼ਾਨਾ ਦੀ ਤਰ੍ਹਾਂ ਅੰਮ੍ਰਿਤ ਵੇਲੇ ਤੋਂ ਆਸਾ ਜੀ ਦੀ ਵਾਰ ਅਤੇ ਸੁਖਮਨੀ ਸਾਹਿਬ ਜੀ ਦੇ ਪਾਠ ਸੰਗਤੀ ਰੂਪ ਵਿੱਚ ਕੀਤੇ ਗਏ ਅਤੇ ਸ਼ਾਮ ਦੇ ਸਮਾਗਮ ਵਿੱਚ ਸੁੰਦਰ ਰਹਿਰਾਸ ਦੀ ਚੌਕੀ ਤੋਂ ਬਾਅਦ ਭਾਈ ਮਨਜੀਤ ਸਿੰਘ ਪਠਾਨਕੋਟ ਵਾਲਿਆਂ ਦੇ ਕੀਰਤਨੀ ਜੱਥੇ ਨੇ ਸੰਗਤਾਂ ਨੂੰ ਇਲਾਹੀ ਬਾਣੀ ਦਾ ਰਸ-ਭਿੰਨਾ ਕੀਰਤਨ ਸ੍ਰਵਣ ਕਰਵਾਇਆ ਅਤੇ ਗੁਰੂ ਜਸ ਨਾਲ ਜੋੜਿਆ। ਭਾਰੀ ਗਿਣਤੀ ਵਿੱਚ ਸੰਗਤਾਂ ਨੇ ਗੁਰੂ ਘਰ ਹਾਜ਼ਰੀਆਂ ਭਰ ਕੇ ਆਪਣਾ ਜੀਵਨ ਸਫਲਾ ਕੀਤਾ। ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ, ਚੇਅਰਮੈਨ ਬਲਜੀਤ ਸਿੰਘ ਸੇਠੀ ਅਤੇ ਸੀਨੀਅਰ ਮੈਂਬਰ ਪਰਮਿੰਦਰ ਸਿੰਘ ਨੇ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਭਾਈ ਮਨਜੀਤ ਸਿੰਘ ਪਠਾਨਕੋਟ ਵਾਲਿਆਂ ਦੇ ਕੀਰਤਨੀ ਜੱਥੇ ਨੂੰ ਸਨਮਾਨਿਤ ਕੀਤਾ। ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੰਗਤਾਂ ਸਮੇਂ ਸਿਰ ਗੁਰੂ ਘਰ ਆ ਕੇ ਕਥਾ ਅਤੇ ਕੀਰਤਨ ਦਾ ਆਨੰਦ ਮਾਣਿਆ ਕਰਨ ਅਤੇ ਆਪਣਾ ਜੀਵਨ ਸਫਲਾ ਕਰਨ। ਆਉਣ ਵਾਲੇ ਮੰਗਲਵਾਰ ਮਿਤੀ 23 ਸਤੰਬਰ ਨੂੰ ਭਾਈ ਹਰਦੀਪ ਸਿੰਘ ਲੁਧਿਆਣੇ ਵਾਲਿਆਂ ਦਾ ਕੀਰਤਨੀ ਜੱਥਾ ਸੰਗਤਾਂ ਨੂੰ ਇਲਾਹੀ ਬਾਣੀ ਦਾ ਕੀਰਤਨ ਸ੍ਰਵਣ ਕਰਵਾਉਣਗੇ। ਸੰਗਤਾਂ ਵਿੱਚ ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ, ਚੇਅਰਮੈਨ ਬਲਜੀਤ ਸਿੰਘ ਸੇਠੀ, ਪਰਮਿੰਦਰ ਸਿੰਘ, ਕਰਤਾਰ ਸਿੰਘ ਬਰਾੜ, ਦਰਸ਼ਨ ਸਿੰਘ, ਜਸਮੋਹਨ ਸਿੰਘ, ਸਰਬਜੀਤ ਸਿੰਘ ਚੱਗਰ, ਮਲਕੀਤ ਸਿੰਘ, ਯਸਪਾਲ ਸਿੰਘ, ਗੁਰਦੀਪ ਸਿੰਘ ਕਾਲੜਾ, ਰਜਿੰਦਰ ਸਿੰਘ ਭਾਟੀਆ, ਸੁਖਵਿੰਦਰ ਪਾਲ ਸਿੰਘ, ਚਰਨਜੀਤ ਸਿੰਘ ਪਾਇਲ, ਹਰਨੇਕ ਸਿੰਘ, ਮਨਜੀਤ ਸਿੰਘ ਪਾਇਲ, ਗੁਰਚਰਨ ਸਿੰਘ, ਹਰਨੇਕ ਸਿੰਘ, ਪਰਮਜੀਤ ਸਿੰਘ, ਅਮਰਜੀਤ ਸਿੰਘ, ਬਲਬੀਰ ਸਿੰਘ, ਡਾਕਟਰ ਪ੍ਰੇਮ ਸਿੰਘ ਚਾਵਲਾ, ਤਰਲੋਕ ਸਿੰਘ ਸਚਦੇਵਾ, ਜਗਜੀਵਨ ਸਿੰਘ ਸੋਹਨਪਾਲ, ਵਰਿੰਦਰਜੀਤ ਸਿੰਘ ਸੋਹਨਪਾਲ, ਦਰਸ਼ਨ ਸਿੰਘ ਸੋਹਨਪਾਲ, ਵਰਿੰਦਰ ਮੋਹਨ ਸਿੰਘ, ਜਗਜੀਤ ਸਿੰਘ, ਤਰਲੋਕ ਸਿੰਘ, ਮਨਿੰਦਰ ਸਿੰਘ, ਜਸਵਿੰਦਰ ਸਿੰਘ, ਹਰਪਾਲ ਸਿੰਘ, ਚਮਨ ਸਿੰਘ, ਕਰਮ ਸਿੰਘ, ਤਜਿੰਦਰ ਸਿੰਘ ਹਾਜ਼ਰ ਸਨ ।

# ਜਗਰਾਉਂ ਵੈਲਫੇਅਰ ਸੁਸਾਇਟੀ ਨੇ ਹੜ੍ਹ ਪ੍ਰਭਾਵਿਤ ਲੋਕਾਂ ਲਈ ਪਿੰਡ ਮਦੇਪੁਰ ਵਿੱਚ ਲਗਾਇਆ ਮੁਫ਼ਤ ਡਾਕਟਰੀ ਜਾਂਚ ਕੈਂਪ



ਜਗਰਾਉਂ, 22 ਸਤੰਬਰ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਜਗਰਾਉਂ ਵੈਲਫੇਅਰ ਸੋਸਾਇਟੀ ਵੱਲੋਂ ਐਤਵਾਰ ਨੂੰ ਗੁਰਦੁਆਰਾ ਸਾਹਿਬ ਪਿੰਡ ਮਦੇਪੁਰ (ਸਿੱਧਵਾਂ ਬੇਟ) ਵਿਖੇ ਜਨਰਲ ਬਿਮਾਰੀਆਂ ਅਤੇ ਅੱਖਾਂ ਦਾ ਫਰੀ ਚੈੱਕ ਅਪ ਕੈਂਪ ਲਗਾਇਆ ਗਿਆ । ਕੈਂਪ ਦੌਰਾਨ ਦਵਾਈਆਂ ਅਤੇ ਟੈਸਟ ਬਿਲਕੁਲ ਫਰੀ ਕੀਤੇ ਗਏ । ਇਹ ਕੈਂਪ ਪ੍ਰਧਾਨ ਬਿੰਦਰ ਮਨੀਲਾ ਦੀ ਅਗਵਾਈ ਹੇਠ ਲਗਾਇਆ ਗਿਆ। ਕੈਂਪ ਵਿੱਚ ਡਾਕਟਰ ਸਚਿਨ ਗੋਇਲ (ਐਮਡੀ), ਡਾਕਟਰ ਗਿੰਨੀ, ਡਾਕਟਰ ਅਮੀਸ਼ਾ ਗਰਗ (ਆਈ ਸਰਜਨ) ਅਤੇ ਉਨ੍ਹਾਂ ਦੀ 15 ਮੈਂਬਰੀ ਟੀਮ ਨੇ ਮਰੀਜ਼ਾਂ ਦਾ ਚੈੱਕਅਪ ਕੀਤਾ। ਜਗਰਾਉਂ ਵੈਲਫੇਅਰ ਸੋਸਾਇਟੀ ਦੇ ਰਜਿੰਦਰ ਜੈਨ ਅਤੇ ਪ੍ਰਧਾਨ ਗੁਰਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਇਸ ਕੈਂਪ ਦੇ ਦੌਰਾਨ 150 ਤੋਂ ਵੱਧ ਮਰੀਜ਼ਾਂ ਨੇ ਕੈਂਪ ਵਿੱਚ ਪਹੁੰਚ ਕੇ ਆਪਣਾ ਚੈੱਕ ਅਪ ਕਰਾਇਆ। ਉਹਨਾਂ ਕਿਹਾ ਕਿ ਇਸ ਕੈਂਪ ਵਿੱਚ ਜਨਰਲ ਬਿਮਾਰੀਆਂ ਅਤੇ ਅੱਖਾਂ ਦਾ ਫਰੀ ਚੈਕਅਪ ਕੀਤਾ ਜਾ ਰਿਹਾ ਹੈ। ਹੜ੍ਹਾਂ ਦੇ ਪ੍ਰਕੋਪ ਦੇ ਕਾਰਨ ਲੋਕਾਂ ਨੂੰ ਸਕਿਨ ਇਨਫੈਕਸ਼ਨ, ਪੇਟ ਇਨਫੈਕਸ਼ਨ, ਅੱਖਾਂ ਦੀ ਇਨਫੈਕਸ਼ਨ ਦੀ ਸਮੱਸਿਆ ਜ਼ਿਆਦਾ ਆ ਰਹੀ ਸੀ। ਉਹਨਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਇਸ ਤਰ੍ਹਾਂ ਦੇ ਕੈਂਪ ਲਗਾਏ ਜਾਣਗੇ । ਇਸ ਮੌਕੇ ਬਿੰਦਰ ਮਨੀਲਾ ਨੇ ਕਿਹਾ ਕਿ ਹੜਾਂ ਦੇ ਪ੍ਰਕੋਪ ਦੇ ਕਾਰਨ ਹੜ੍ਹਾਂ ਦੀ ਮਾਰ ਹੇਠ ਆਏ ਪਿੰਡਾਂ ਵਿੱਚ ਕਈ ਤਰ੍ਹਾਂ ਦੀਆਂ ਬਿਮਾਰੀਆਂ ਫੈਲ ਰਹੀਆਂ ਹਨ, ਇਹਨਾਂ ਸਮੱਸਿਆਵਾਂ ਦੇ ਹੱਲ ਲਈ ਸਾਡੇ ਵੱਲੋਂ ਕੈਂਪ ਲਗਾਇਆ ਜਾ ਰਿਹਾ ਹੈ। ਕੈਂਪ ਦੇ ਦੌਰਾਨ ਪਿੰਡ ਮਦੇਪੁਰ ਦੇ ਸਰਪੰਚ ਦਰਸ਼ਨ ਸਿੰਘ ਅਤੇ ਉਨ੍ਹਾਂ ਦੀ ਪੰਚਾਇਤ ਦਾ ਵੀ ਕੈਂਪ ਵਿੱਚ ਵੱਡਾ ਯੋਗਦਾਨ ਰਿਹਾ। ਇਸ ਮੌਕੇ ਵੰਦਨ ਗੋਇਲ (ਏਪੀ ਰਿਫਾਇਨਰੀ), ਰਾਜਕੁਮਾਰ ਭੱਲਾ, ਪਰਸ਼ੋਤਮ ਲਾਲ ਖਲੀਫਾ, ਡਾਕਟਰ ਨਰਿੰਦਰ ਸਿੰਘ (ਬੀਕੇ ਗੈਸ) , ਲੱਖਾ ਜਵੈਲਰਜ਼ ਵਾਲੇ ਲੱਡੂ ਜੀ, ਰਜਿੰਦਰ ਜੈਨ ਕਾਕਾ, ਖੁਰਾਣਾ ਜੀ ਹਾਜ਼ਰ ਸਨ।

# ਡੀ.ਸੀ. ਵੱਲੋਂ ਕਿਸਾਨਾਂ ਨੂੰ ਸੁੱਕਾ ਝੋਨਾ ਲਿਆਉਣ ਦੀ ਅਪੀਲ



ਲੁਧਿਆਣਾ, 22 ਸਤੰਬਰ (ਵਿਸ਼ਾਲ ਸ਼ਰਮਾ): ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਸੋਮਵਾਰ ਨੂੰ ਕਿਸਾਨਾਂ ਨੂੰ ਸੁਚਾਰੂ ਖਰੀਦ ਨੂੰ ਯਕੀਨੀ ਬਣਾਉਣ ਲਈ ਅਨਾਜ ਮੰਡੀਆਂ ਵਿੱਚ ਸਿਰਫ਼ 17 ਫ਼ੀਸਦੀ ਜਾਂ ਇਸ ਤੋਂ ਘੱਟ ਨਮੀ ਵਾਲਾ ਸੁੱਕਾ ਝੋਨਾ ਹੀ ਲਿਆਉਣ ਦੀ ਅਪੀਲ ਕੀਤੀ ਹੈ। ਹਿਮਾਂਸ਼ੂ ਜੈਨ ਨੇ ਕਿਹਾ ਕਿ ਝੋਨੇ ਦੇ ਸੁਚਾਰੂ ਸੀਜ਼ਨ ਨੂੰ ਯਕੀਨੀ ਬਣਾਉਣ ਲਈ ਕੰਬਾਈਨ ਹਾਰਵੈਸਟਰਾਂ ਨੂੰ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਕੰਬਾਈਨ ਚਲਾਉਣ ਦੇ ਆਦੇਸ਼ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ । ਉਨ੍ਹਾਂ ਅੱਗੇ ਕਿਹਾ ਕਿ ਪ੍ਰਸ਼ਾਸਨ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਸਖ਼ਤ ਕਾਰਵਾਈ ਕਰੇਗਾ ਅਤੇ ਕੰਬਾਈਨਾਂ ਨੂੰ ਜ਼ਬਤ ਕਰ ਲਿਆ ਜਾਵੇਗਾ। ਉਨ੍ਹਾਂ ਨੇ 17 ਫ਼ੀਸਦੀ ਜਾਂ ਇਸ ਤੋਂ ਘੱਟ ਨਮੀ ਵਾਲਾ ਝੋਨਾ ਅਨਾਜ ਮੰਡੀਆਂ ਵਿੱਚ ਲਿਆਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਅੱਗੇ ਕਿਹਾ ਕਿ ਕਿਸਾਨਾਂ ਨੂੰ ਅਨਾਜ ਮੰਡੀਆਂ ਵਿੱਚ ਝੋਨਾ ਵੇਚਣ ਵਿੱਚ ਕੋਈ ਮੁਸ਼ਕਲ ਨਹੀਂ ਆਵੇਗੀ। ਹਿਮਾਂਸ਼ੂ ਜੈਨ ਨੇ ਖੁਰਾਕ ਤੇ ਸਿਵਲ ਸਪਲਾਈ ਅਤੇ ਮੰਡੀ ਬੋਰਡ ਦੇ ਅਧਿਕਾਰੀਆਂ ਨੂੰ ਝੋਨੇ ਦੀ ਸੁਚਾਰੂ ਖਰੀਦ ਨੂੰ ਯਕੀਨੀ ਬਣਾਉਣ ਲਈ ਅਨਾਜ ਮੰਡੀਆਂ ਅਤੇ ਅਸਥਾਈ ਯਾਰਡਾਂ ਵਿੱਚ ਸਾਰੇ ਜ਼ਰੂਰੀ ਪ੍ਰਬੰਧ ਯਕੀਨੀ ਬਣਾਉਣ ਲਈ ਵੀ ਕਿਹਾ। ਜ਼ਿਲ੍ਹਾ ਪ੍ਰਸ਼ਾਸਨ ਕੋਲ 108 ਅਨਾਜ ਮੰਡੀਆਂ ਅਤੇ 79 ਅਸਥਾਈ ਯਾਰਡ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਸਰਕਾਰ ਖਰੀਦ ਸੀਜ਼ਨ ਦੌਰਾਨ ਝੋਨੇ ਦੇ ਇੱਕ-ਇੱਕ ਦਾਣੇ ਨੂੰ ਸੁਚਾਰੂ ਅਤੇ ਮੁਸ਼ਕਲ ਰਹਿਤ ਢੰਗ ਨਾਲ ਚੁੱਕੇਗੀ।

# ਵਿਧਾਇਕ ਸਿੱਧੂ ਲੋਕਾਂ ਦੀਆਂ ਸਮੱਸਿਆਵਾਂ ਮੌਕੇ 'ਤੇ ਹੱਲ ਕਰ ਰਹੇ ਹਨ : ਗੋਗਾ




ਲੁਧਿਆਣਾ 22 ਸਤੰਬਰ (ਰਵਿੰਦਰ ਸਿੰਘ ਨਿੱਝਰ) : ਐਮ ਐਲ ਏ ਹਲਕਾ ਆਤਮ ਨਗਰ ਵਲੋਂ ਵਾਰਡ ਨੰਬਰ 44 ਵੱਲ ਵਿਸ਼ੇਸ਼ ਧਿਆਨ ਦੇ ਰਹੇ ਹਨ। ਮੋਬਾਇਲ ਦਫ਼ਤਰ ਜਨਤਾ ਨਗਰ ਵਿਖੇ ਲਾ ਕੇ ਮੌਕੇ 'ਤੇ ਸਮੱਸਿਆਵਾਂ ਦਾ ਹੱਲ ਕੀਤਾ ਗਿਆ ਜੋ ਵਾਅਦਾ ਚੋਣਾਂ ਵੇਲੇ ਕੀਤਾ ਗਿਆ ਸੀ, ਉਸ ਨੂੰ ਪੂਰਾ ਕਰਨ ਲਈ ਵਿਧਾਇਕ ਵੱਲੋਂ ਮੁਹੱਲਿਆਂ ਵਿੱਚ ਜਾ ਕੇ ਲੋਕਾਂ ਦੇ ਮਸਲੇ ਹੱਲ ਕੀਤੇ ਜਾ ਰਹੇ ਹਨ, ਸਾਰੇ ਕੰਮ ਮੁਕੰਮਲ ਕਰਨ ਲਈ ਜਤਨ ਜਾਰੀ ਹਨ। ਸੋਹਨ ਸਿੰਘ ਗੋਗਾ ਜੋ ਕੰਮ ਕਿਹਾ ਜਾ ਰਿਹਾ ਕਰਵਾਇਆ ਜਾਵੇਗਾ। ਕੂੜੇ ਦਾ ਮਸਲਾ ਜਲਦ ਹੱਲ ਕੀਤਾ ਜਾਵੇਗਾ। ਮਿਲਟਰੀ ਕੈਂਪ ਦੇ ਨਾਲ ਵਾਲੀਆਂ ਗਲੀਆਂ ਦੇ ਕੰਮ ਕਰਨ ਲਈ ਫੰਡਾਂ ਦੀ ਘਾਟ ਨਹੀਂ ਆਉਣ ਦਿੱਤੀ ਜਾਵੇਗੀ। ਸਿੱਧੂ ਦੇ ਨਾਲ ਕੌਂਸਲਰ ਸੋਹਨ ਸਿੰਘ ਗੋਗਾ ਰੇਸ਼ਮ ਸਿੰਘ ਸੱਗੂ ਅਰਸ਼ ਬਿੱਲਾ ਮਨਪ੍ਰੀਤ ਸਿੰਘ ਬਾਦਲ ਦਿਲਪ੍ਰੀਤ ਸਿੰਘ ਰੂਬਲ ਹਰਭਜਨ ਸਿੰਘ ਸੁਰਜੀਤ ਸਿੰਘ ਘੰਨੀ ਰਾਜ ਕੁਮਾਰ ਸ਼ਰਮਾ ਅਸ਼ਵਨੀ ਕਪਲਾ ਕੁਲਵੰਤ ਸਿੰਘ ਕੁਲਵਿੰਦਰ ਸਿੰਘ ਗੈਰੀ ਸੱਗੂ ਅਕਾਸ਼ ਵਰਮਾ ਅਵਤਾਰ ਸਿੰਘ ਮਨਮੋਹਣ ਸਿੰਘ ਸੁੱਖਜੀਤ ਕੌਰ ਵਲਵਿੰਦਰ ਕੌਰ ਨੀਲਮ ਰਾਣੀ ਸਤਨਾਮ ਸਿੰਘ ਸਾਗਰ ਤੁਲੀ ਆਦਿ ਹਾਜ਼ਰ ਸਨ ।

# ਆਰ.ਐਸ.ਐਸ. ਦਾ ਸ਼ਤਾਬਦੀ ਸਮਾਰੋਹ 2 ਅਕਤੂਬਰ ਨੂੰ



ਲੁਧਿਆਣਾ, 22 ਸਤੰਬਰ (ਰਵਿੰਦਰ ਸਿੰਘ ਨਿੱਝਰ): ਰਾਸ਼ਟਰੀ ਸਵੈਮ ਸੇਵਕ ਸੰਘ ਦਾ ਸ਼ਤਾਬਦੀ ਸਮਾਰੋਹ – ਰਘੂਨਾਥ ਨਗਰ ਵਿੱਚ ਇੱਕ ਸ਼ਾਨਦਾਰ ਸਮਾਗਮ ਆਯੋਜਿਤ ਕਰ ਰਾਸ਼ਟਰੀ ਸਵੈਮ ਸੇਵਕ ਸੰਘ ਆਪਣੀ 100ਵੀਂ ਵਰ੍ਹੇਗੰਢ ਦੋ ਅਕਤੂਬਰ ਨੂੰ ਮਨਾ ਰਿਹਾ ਹੈ। ਪ੍ਰੋਗਰਾਮ ਦੀ ਪ੍ਰਧਾਨਗੀ ਸਵਾਮੀ ਵਿਵੇਕ ਭਾਰਤੀ ਦੁਆਰਾ ਕੀਤੀ ਜਾਵੇਗੀ। ਸ਼੍ਰੀ ਰੋਹਤਾਸ ਸ਼ਰਮਾ ਮੁੱਖ ਮਹਿਮਾਨ ਹੋਣਗੇ, ਜਦੋਂ ਕਿ ਲੁਧਿਆਣਾ ਡਵੀਜ਼ਨ ਦੇ ਵਿਭਾਗ ਇੰਚਾਰਜ ਸ਼੍ਰੀ ਲਲਿ ਮੁੱਖ ਬੁਲਾਰੇ ਵਜੋਂ ਭਾਈਚਾਰੇ ਨੂੰ ਸੰਬੋਧਨ ਕਰਨਗੇ। ਇਸ ਪੂਰੇ ਸਮਾਗਮ ਦੀ ਨਿਗਰਾਨੀ ਯੋਗੇਸ਼ ਜੈਨ ਕਰ ਰਹੇ ਹਨ । ਸੱਦਾ ਪੱਤਰ ਟੀਮ ਨੇ ਅੱਜ ਭਾਜਪਾ ਜ਼ਿਲ੍ਹਾ ਪ੍ਰੈਸ ਸਕੱਤਰ ਡਾ. ਸਤੀਸ਼ ਕੁਮਾਰ, ਸੀਨੀਅਰ ਭਾਜਪਾ ਨੇਤਾ ਵਿਪਨ ਵਿਨਾਇਕ, ਕੌਂਸਲਰ ਪੱਲਵੀ ਵਿਨਾਇਕ ਅਤੇ ਡਾ. ਰਾਹੁਲ ਜੈਨ ਨੂੰ ਸੱਦਾ ਪੱਤਰ ਦਿੱਤੇ । ਸ਼ਹਿਰ ਦੇ ਸਹਿ-ਸੰਚਾਲਕ ਨਰਿੰਦਰ ਸ਼ਰਮਾ, ਸ਼ਹਿਰ ਇੰਚਾਰਜ ਚੇਤਨ ਸ਼ਰਮਾ, ਅਮਿਤ ਸ਼ਰਮਾ, ਰਾਹੁਲ ਸੈਣੀ, ਰਾਮਸ਼ੰਕਰ, ਰਾਹੁਲ ਗੁਪਤਾ, ਦੀਪਕ ਸ਼ਰਮਾ, ਜੋਤ ਅਗਰਵਾਲ ਅਤੇ ਮਾਧਵ ਮਹੇਸ਼ਵਰੀ ਸੱਦਾ ਪ੍ਰਕਿਰਿਆ ਵਿੱਚ ਸਰਗਰਮੀ ਨਾਲ ਯੋਗਦਾਨ ਪਾ ਰਹੇ ਹਨ। ਸ਼ਹਿਰ ਦੇ ਸੰਘਚਾਲਕ ਯੋਗੇਸ਼ ਜੈਨ ਨੇ ਸਾਰੇ ਸ਼ਹਿਰ ਵਾਸੀਆਂ ਨੂੰ ਬੇਨਤੀ ਕੀਤੀ ਹੈ ਕਿ ਉਹ ਆਪਣੇ ਪਰਿਵਾਰਾਂ ਸਮੇਤ ਇਸ ਇਤਿਹਾਸਕ ਸ਼ਤਾਬਦੀ ਸਮਾਰੋਹ ਵਿੱਚ ਸ਼ਾਮਲ ਹੋਣ ਅਤੇ ਇਸ ਰਾਸ਼ਟਰ ਨਿਰਮਾਣ ਯਾਤਰਾ ਦੇ ਗਵਾਹ ਬਣਨ ।

# ਮੰਤਰੀ ਮੁੰਡੀਆਂ ਨੇ ਅੱਠ ਮੁੱਖ ਲਿੰਕ ਸੜਕ ਪ੍ਰੋਜੈਕਟਾਂ ਲਈ ਨੀਂਹ ਪੱਥਰ ਰੱਖੇ



ਲੁਧਿਆਣਾ, 22 ਸਤੰਬਰ (ਵਿਸ਼ਾਲ ਸ਼ਰਮਾ): ਮਾਲ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਸੋਮਵਾਰ ਨੂੰ 12.15 ਕਰੋੜ ਰੁਪਏ ਦੇ ਅੱਠ ਮੁੱਖ ਲਿੰਕ ਸੜਕਾਂ ਦੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਲਈ ਨੀਂਹ ਪੱਥਰ ਰੱਖੇ, ਜਿਸਦਾ ਉਦੇਸ਼ ਸੰਪਰਕ ਵਧਾਉਣਾ ਅਤੇ ਯਾਤਰੀਆਂ ਨੂੰ ਸਹੂਲਤ ਪ੍ਰਦਾਨ ਕਰਨਾ ਹੈ ।

ਲਿੰਕ ਸੜਕ ਪ੍ਰੋਜੈਕਟਾਂ ਵਿੱਚ ਗੱਦੋਵਾਲ ਤੋਂ ਕਰੌਰ (1.80 ਕਿਲੋਮੀਟਰ), ਮਾਨਗੜ੍ਹ ਤੋਂ ਕੋਹਾੜਾ-ਮਾਛੀਵਾੜਾ (1.10 ਕਿਲੋਮੀਟਰ), ਕਟਾਣੀ ਖੁਰਦ ਤੋਂ ਕੋਟ ਗੰਗੂ ਰਾਏ, ਉੱਪਲਾਂ ਸੰਘੇ ਤੋਂ ਮਾਛੀਵਾੜਾ (7.20 ਕਿਲੋਮੀਟਰ), ਛੰਦੜਾਂ ਤੋਂ ਕਟਾਣੀ (1.23 ਕਿਲੋਮੀਟਰ), ਚੰਡੀਗੜ੍ਹ ਸੜਕ ਤੋਂ ਛੰਦੜਾਂ (1.20 ਕਿਲੋਮੀਟਰ), ਐਲ.ਸੀ ਸੜਕ ਤੋਂ ਹੀਰਾਂ ਤੋਂ ਬਰਵਾਲਾ ਤੋਂ ਸਾਹਨੇਵਾਲ ਤੋਂ ਰਾਮਗੜ੍ਹ (10.70 ਕਿਲੋਮੀਟਰ), ਹੀਰਾਂ ਤੋਂ ਕਨੇਚ (2.12 ਕਿਲੋਮੀਟਰ) ਅਤੇ ਸਾਹਨੇਵਾਲ ਖੁਰਦ ਸੜਕ (0.73 ਕਿਲੋਮੀਟਰ) ਸ਼ਾਮਲ ਹਨ। ਮੰਤਰੀ ਮੁੰਡੀਆਂ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਸਰਕਾਰ ਆਪਣੇ ਨਾਗਰਿਕਾਂ ਨੂੰ ਵਿਸ਼ਵ ਪੱਧਰੀ ਸੜਕੀ ਬੁਨਿਆਦੀ ਢਾਂਚਾ ਪ੍ਰਦਾਨ ਕਰਨ ਲਈ ਵਚਨਬੱਧ ਹੈ। ਇਹ ਪਹਿਲਕਦਮੀਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੇ ਵਿਆਪਕ ਦ੍ਰਿਸ਼ਟੀਕੋਣ ਦਾ ਹਿੱਸਾ ਹਨ, ਜੋ ਕਿ ਰਾਜ ਭਰ ਵਿੱਚ ਵਿਸ਼ਵ ਪੱਧਰੀ ਸੜਕੀ ਢਾਂਚਾ ਪ੍ਰਦਾਨ ਕਰਨ ਲਈ ਹਨ । ਮੁੰਡੀਆਂ ਨੇ ਅੱਗੇ ਕਿਹਾ ਕਿ ਇਹ ਪ੍ਰੋਜੈਕਟ ਸੰਪਰਕ ਵਧਾਉਣਗੇ, ਪਹੁੰਚ ਵਿੱਚ ਸੁਧਾਰ ਕਰਨਗੇ ਅਤੇ ਵਸਨੀਕਾਂ ਲਈ ਸੁਚਾਰੂ ਯਾਤਰਾ ਨੂੰ ਯਕੀਨੀ ਬਣਾਉਣਗੇ। ਉਨ੍ਹਾਂ ਨੇ ਵੱਧ ਤੋਂ ਵੱਧ ਜਨਤਕ ਲਾਭ ਲਈ ਇਸ ਪ੍ਰੋਜੈਕਟ ਨੂੰ ਸਮੇਂ ਸਿਰ ਪੂਰਾ ਕਰਨ ਲਈ ਸਰਕਾਰ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ । ਉਨ੍ਹਾਂ ਇਹ ਵੀ ਕਿਹਾ ਕਿ ਅੱਪਗ੍ਰੇਡ ਕੀਤੀਆਂ ਸੜਕਾਂ ਤੋਂ ਆਉਣ-ਜਾਣ ਨੂੰ ਸੌਖਾ ਬਣਾਉਣ, ਸਥਾਨਕ ਆਰਥਿਕ ਵਿਕਾਸ ਨੂੰ ਉਤੇਜਿਤ ਕਰਨ ਅਤੇ ਖੇਤਰ ਦੇ ਸਮੁੱਚੇ ਵਿਕਾਸ ਵਿੱਚ ਯੋਗਦਾਨ ਪਾਉਣ ਦੀ ਉਮੀਦ ਹੈ ।

# ਐਨ.ਸੀ.ਸੀ. ਕੈਡਿਟਾਂ ਨੇ ਓ.ਟੀ.ਏ. ਅਟੈਚਮੈਂਟ ਕੈਂਪ ਵਿੱਚ ਹਿੱਸਾ ਲਿਆ

ਲੁਧਿਆਣਾ, 22 ਸਤੰਬਰ (ਵਿਸ਼ਾਲ ਸ਼ਰਮਾ) : ਲੁਧਿਆਣਾ ਗਰੁੱਪ ਹੈੱਡਕੁਆਰਟਰ ਐਨ.ਸੀ.ਸੀ. ਅਧੀਨ 3 ਪੰਜਾਬ ਗਰਲਜ਼ ਬਟਾਲੀਅਨ ਐਨ.ਸੀ.ਸੀ., ਲੁਧਿਆਣਾ ਦੇ ਦੋ ਕੈਡਿਟਾਂ ਨੇ 11 ਤੋਂ 22 ਸਤੰਬਰ, 2025 ਤੱਕ ਚੇਨਈ ਵਿੱਚ ਆਯੋਜਿਤ ਅਫਸਰਜ਼ ਟ੍ਰੇਨਿੰਗ ਅਕੈਡਮੀ (ਓ.ਟੀ.ਏ.) ਅਟੈਚਮੈਂਟ ਕੈਂਪ ਵਿੱਚ ਸਫਲਤਾਪੂਰਵਕ ਹਿੱਸਾ ਲਿਆ। ਇਸ ਨਾਲ ਉਨ੍ਹਾਂ ਦੀ ਯੂਨਿਟ ਅਤੇ ਕਾਲਜ ਨੂੰ ਮਾਣ ਪ੍ਰਾਪਤ ਹੋਇਆ । ਕੈਡੇਟ ਅਨੰਤ ਚੋਪੜਾ ਅਤੇ ਕੈਡੇਟ ਸ੍ਰਿਸ਼ਟੀ ਸ਼ਰਮਾ ਨੂੰ ਇਸ ਵੱਕਾਰੀ ਕੈਂਪ ਵਿੱਚ ਹਿੱਸਾ ਲੈਣ ਲਈ ਚੁਣਿਆ ਗਿਆ । ਇਹ ਕੈਂਪ ਕੈਡਿਟਾਂ ਨੂੰ ਓ.ਟੀ.ਏ. ਵਿੱਚ ਅਫਸਰ ਕੈਡਿਟਾਂ ਦੁਆਰਾ ਅਪਣਾਈ ਜਾਣ ਵਾਲੀ ਸਖ਼ਤ ਜੀਵਨ ਸ਼ੈਲੀ, ਅਨੁਸ਼ਾਸਨ ਅਤੇ ਸਿਖਲਾਈ ਦਾ ਸਿੱਧਾ ਅਨੁਭਵ ਪ੍ਰਦਾਨ ਕਰਦਾ ਹੈ। 12 ਦਿਨਾਂ ਦੀ ਅਟੈਚਮੈਂਟ ਦੌਰਾਨ, ਕੈਡਿਟਾਂ ਨੇ ਫੌਜੀ ਸਿਖਲਾਈ ਦੇ ਵੱਖ-ਵੱਖ ਪਹਿਲੂਆਂ ਨੂੰ ਦੇਖਿਆ ਅਤੇ ਅਨੁਭਵ ਕੀਤਾ, ਜਿਸ ਵਿੱਚ ਡ੍ਰਿਲ, ਹਥਿਆਰ ਸਿਖਲਾਈ, ਲੀਡਰਸ਼ਿਪ ਸੈਸ਼ਨ, ਫੌਜੀ ਮੁੱਲਾਂ 'ਤੇ ਲੈਕਚਰ ਅਤੇ ਭਵਿੱਖ ਦੇ ਫੌਜੀ ਅਧਿਕਾਰੀਆਂ ਦੀ ਰੋਜ਼ਾਨਾ ਰੁਟੀਨ ਸ਼ਾਮਲ ਹੈ । ਇਸ ਕੈਂਪ ਦਾ ਉਦੇਸ਼ ਐਨ.ਸੀ.ਸੀ. ਕੈਡਿਟਾਂ ਵਿੱਚ ਲੀਡਰਸ਼ਿਪ, ਵਚਨਬੱਧਤਾ ਅਤੇ ਦੇਸ਼ ਭਗਤੀ ਦੇ ਮੁੱਲ ਪੈਦਾ ਕਰਨਾ ਅਤੇ ਉਨ੍ਹਾਂ ਨੂੰ ਹਥਿਆਰਬੰਦ ਸੈਨਾਵਾਂ ਵਿੱਚ ਕਰੀਅਰ ਬਣਾਉਣ ਲਈ ਪ੍ਰੇਰਿਤ ਕਰਨਾ ਹੈ। 3 ਪੰਜਾਬ ਗਰਲਜ਼ ਬਟਾਲੀਅਨ ਐਨਸੀਸੀ ਦੇ ਕਮਾਂਡਿੰਗ ਅਫ਼ਸਰ (ਕਰਨਲ ਰਾਕੇਸ਼ ਸਿੰਘ ਚੌਹਾਨ) ਅਤੇ ਲੁਧਿਆਣਾ ਗਰੁੱਪ ਹੈੱਡਕੁਆਰਟਰ ਦੇ ਗਰੁੱਪ ਕਮਾਂਡਰ (ਬ੍ਰਿਗੇਡੀਅਰ ਪਰਮਜੀਤ ਸਿੰਘ ਚੀਮਾ ਵੀਐਸਐਮ, ਐਸਐਮ) ਨੇ ਦੋਵਾਂ ਕੈਡਿਟਾਂ ਨੂੰ ਉਨ੍ਹਾਂ ਦੀ ਪ੍ਰਾਪਤੀ 'ਤੇ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਅਜਿਹੇ ਮੌਕੇ ਨਾ ਸਿਰਫ਼ ਕੈਡਿਟਾਂ ਦੇ ਦ੍ਰਿਸ਼ਾਂ ਨੂੰ ਵਿਸ਼ਾਲ ਕਰਦੇ ਹਨ ਬਲਕਿ ਦੇਸ਼ ਦੀ ਸੇਵਾ ਕਰਨ ਦੇ ਉਨ੍ਹਾਂ ਦੇ ਇਰਾਦੇ ਨੂੰ ਵੀ ਮਜ਼ਬੂਤ ਕਰਦੇ ਹਨ। ਕੈਡਿਟਾਂ ਨੇ ਇਸ ਮੌਕੇ ਲਈ ਐਨਸੀਸੀ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਕੈਂਪ ਇੱਕ ਸ਼ਾਨਦਾਰ ਅਨੁਭਵ ਸੀ, ਜਿਸ ਨੇ ਉਨ੍ਹਾਂ ਨੂੰ ਹਥਿਆਰਬੰਦ ਸੈਨਾਵਾਂ ਵਿੱਚ ਸ਼ਾਮਲ ਹੋਣ ਅਤੇ ਰਾਸ਼ਟਰੀ ਸੇਵਾ ਵਿੱਚ ਯੋਗਦਾਨ ਪਾਉਣ ਲਈ ਹੋਰ ਪ੍ਰੇਰਿਤ ਕੀਤਾ।

# ਹੜ੍ਹ ਪੀੜਤਾਂ ਦੇ ਮੁਫ਼ਤ ਟੈਸਟ ਕਰਨ ਲਈ ਪੂਰੇ ਸਾਜ਼ੋ-ਸਮਾਨ ਨਾਲ ਲੈਸ ਦੋ ਬੱਸਾਂ ਦਿੱਤੀਆਂ




ਲੁਧਿਆਣਾ 22 ਸਤੰਬਰ (ਰਵਿੰਦਰ ਸਿੰਘ ਨਿੱਝਰ) : ਹੜ੍ਹ ਪੀੜਤ ਇਲਾਕਿਆਂ ਵਿੱਚ ਪੀੜਤਾਂ ਦੇ ਮੁਫਤ ਟੈਸਟ ਕਰਨ ਲਈ ਫੈਬਰੋਸਕੈਨ ਮੋਬਾਇਲ ਬੱਸ ਤੇ ਕਲੀਨਕ ਮੋਬਾਇਲ ਬੱਸ ਤੇ ਫ੍ਰੀ ਚੈੱਕਅਪ ਤੇ ਫ੍ਰੀ ਮੈਡੀਸਨ ਲਈ ਦੋ ਬੱਸਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੂੰ ਲੋਕ ਸੇਵਾ ਨੂੰ ਸਮਰਪਿਤ ਵੈਦ ਜਗਦੀਪ ਸਿੰਘ ਜੇ ਡੀ ਆਯੁਰਵੈਦਿਕ ਵੱਲੋਂ ਜਥੇਦਾਰ ਹੀਰਾ ਸਿੰਘ ਗਾਬੜੀਆ ਦੀ ਰਹਿਨੁਮਾਈ ਹੇਠ ਦਿੱਤੀਆਂ ਗਈਆਂ । ਇਸ ਸਮੇਂ ਵੈਦ ਜਗਦੀਪ ਸਿੰਘ ਨੇ ਦੱਸਿਆ ਕਿ ਇਨ੍ਹਾਂ ਮੋਬਾਇਲ ਬੱਸਾਂ ਵਿੱਚ ਸਮੂਹ ਡਾਕਟਰਾਂ ਦੀ ਟੀਮ ਹੜ੍ਹ ਪੀੜਤ ਇਲਾਕੇ ਦੇ ਵਾਸੀਆਂ ਦੇ ਲੀਵਰ ਦੀਆਂ ਬਿਮਾਰੀਆਂ ਦੇ ਆਧੁਨਿਕ ਮਸ਼ੀਨਾਂ ਨਾਲ ਮੁਫਤ ਟੈਸਟ ਕਰੇਗੀ।

ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਆਪਣੀ ਮਾਂ ਪਾਰਟੀ ਹੈ। ਹਰ ਇਕ ਦੇ ਦੁੱਖ ਸੁੱਖ ਦੀ ਭਾਈਵਾਲ ਹੈ । ਹਰ ਇੱਕ ਪੰਜਾਬ ਵਾਸੀ ਦਾ ਦਰਦ ਸਮਝਦੀ ਹੈ। ਮੈਂ ਆਪਣਾ ਮੁਢਲਾ ਫਰਜ਼ ਪੰਜਾਬ ਦੇ ਵਾਸੀਆ ਦੀ ਸੇਵਾ ਕਰਨਾ ਸਮਝਦਾ ਹਾਂ । ਇਹ ਬੱਸਾਂ ਲੋਕ ਸੇਵਾ ਨੂੰ ਸਮਰਪਿਤ ਕਰ ਰਿਹਾ ਹਾਂ । ਹਰ ਇੱਕ ਇਲਾਕੇ 'ਚ ਜਾ ਕੇ ਡਾਕਟਰਾ ਦੀ ਸਮੂਹ ਟੀਮ ਮੁਫਤ ਟੈਸਟ ਕਰਨਗੇ ਅਤੇ ਮੁਫਤ ਦਵਾਈਆਂ ਦੇਣਗੇ।

ਇਸ ਸਮੇਂ ਜਥੇਦਾਰ ਗਾਬੜੀਆ ਨੇ ਵੈਦ ਜਗਦੀਪ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਨੇ ਹੜ੍ਹ ਪੀੜਤ ਇਲਾਕਿਆਂ ਦੇ ਵਾਸੀਆਂ ਦੇ ਦਰਦ ਨੂੰ ਆਪਣਾ ਦਰਦ ਸਮਝਿਆ। ਮੋਬਾਇਲ ਬੱਸ ਦੀ ਸ਼ੁਰੂਆਤ ਸਮੇਂ ਸੁਖਬੀਰ ਸਿੰਘ ਬਾਦਲ, ਜਥੇਦਾਰ ਹੀਰਾ ਸਿੰਘ ਗਾਬੜੀਆ, ਵੈਦ ਜਗਦੀਪ ਸਿੰਘ, ਗੁਰਦੀਪ ਸਿੰਘ ਲੀਲ, ਕੌਸਲਰ ਰਖਵਿੰਦਰ ਸਿੰਘ ਗਾਬੜੀਆ, ਰਵਿੰਦਰ ਸਿੰਘ ਮਨਚੰਦਾ, ਲਖਵਿੰਦਰ ਸਿੰਘ ਲੱਖੀ, ਪ੍ਰਗਟ ਸਿੰਘ, ਗੁਰਪ੍ਰੀਤ ਸਿੰਘ ਰਾਜੂ ਸਰੀਅ ਅਤੇ ਮੋਟੀ ਬਦੇਸਾ ਆਦਿ ਵੀ ਮੌਜੂਦ ਸਨ।

# ਹਰਵੀਰ ਦੇ ਕਾਤਲਾਂ ਨੂੰ ਸਖ਼ਤ ਸਜ਼ਾ ਦਿਵਾਉਣ ਦੀ ਮੰਗ

ਲੁਧਿਆਣਾ, 22 ਸਤੰਬਰ (ਰਵਿੰਦਰ ਸਿੰਘ ਨਿੱਝਰ) : ਇਨਕਲਾਬੀ ਮਜ਼ਦੂਰ ਕੇਂਦਰ ਦੇ ਆਗੂ ਕਾ ਸੁਰਿੰਦਰ ਨੇ ਕਿ ਲੁਧਿਆਣਾ ਸ਼ਹਿਰ ਚ ਇਨਕਲਾਬੀ ਮਜ਼ਦੂਰ ਕੇਂਦਰ ਦੀ ਅਗਵਾਈ 'ਚ ਨਿਊ ਆਜ਼ਾਦ ਨਗਰ ਲੁਹਾਰਾ ਤੇ ਨਿਰਮਲ ਨਗਰ ਦੁੱਗਰੀ ਚ ਹਰਵੀਰ ਦੇ ਕਾਤਲ ਨਾਲ ਜੁੜ ਕੇ ਪ੍ਰਵਾਸੀਆਂ ਖਿਲਾਫ ਬਣਾਏ ਜਾ ਰਹੇ ਫਿਰਕੂ ਮਾਹੌਲ ਸਬੰਧੀ ਤੇ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਭਰਪਾਈ ਸਬੰਧੀ ਪ੍ਰੋਗਰਾਮ ਕੀਤੇ ਗਏ। ਜਿਸ 'ਚ ਮਾਸੂਮ ਹਰਵੀਰ ਦੇ ਕਾਤਲ ਨੂੰ ਸਖਤ ਤੋਂ ਸਖਤ ਸਜ਼ਾ ਦੇਣ, ਫਿਰਕੂ ਨਫਰਤੀ ਸਿਆਸਤ ਦੇ ਖਾਤਮੇ ਅਤੇ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਭਰਪਾਈ ਦੀ ਮੰਗ ਨੂੰ ਉਭਾਰਿਆ ਗਿਆ, ਜਿਸ 'ਚ ਜ਼ੋਰ ਦੇ ਕੇ ਕਿਹਾ ਗਿਆ ਕਿ ਕਿਸੇ ਵੀ ਮੁਜ਼ਰਮ ਨਾਲ ਜੋੜ ਕੇ ਉਸਦੀ ਜਾਤ ,ਧਰਮ, ਕੌਮੀਅਤ ਤੇ ਜਮਾਤ ਨੂੰ ਬਦਨਾਮ ਕਰਨਾ ਅਤੇ ਉਸਨੂੰ ਬਰਬਾਦ ਕਰਨਾ, ਭਗਤੀ ਲਹਿਰ, ਸਿੱਖ ਗੁਰੂਆਂ ਦੇਸ਼ ਦੇ ਸ਼ਹੀਦਾਂ ਪੰਜਾਬ ਤੇ ਪੰਜਾਬੀਅਤ, ਸਾਰੇ ਸੰਸਾਰ ਦੇ ਪ੍ਰਵਾਸੀਆਂ ਅਤੇ ਇਨਸਾਨੀਅਤ ਦੇ ਖਿਲਾਫ ਹੈ। ਇਹ ਭਾਈਚਾਰਕ ਏਕਤਾ ਨੂੰ ਬਰਬਾਦ ਕਰਕੇ ਲੁਟੇਰੀਆਂ ਤੇ ਜਾਬਰ ਜਮਾਤਾਂ ਦੇ ਹਿੱਤ ਪੂਰਦੀ ਹੈ । ਅੰਗਰੇਜ਼ਾਂ ਵੱਲੋਂ ਚਲਾਈ ਗਈ ਪ੍ਰਵਾਸ ਦੀ ਨੀਤੀ ਮਨੁੱਖ ਨੂੰ ਬੰਧੂਆਂ ਮਜ਼ਦੂਰ ਬਣਾ ਕੇ ਸਸਤੀ ਤੋਂ ਸਸਤੀ ਕਿਰਤ ਸ਼ਕਤੀ ਲੁੱਟਣ ਦੀ ਨੀਤੀ ਹੈ । ਇਹ ਸੰਸਾਰ ਪੂੰਜੀਵਾਦੀ ਸਾਮਰਾਜੀ ਪ੍ਰਬੰਧ 'ਚ ਪੱਛੜੇ ਦੇਸ਼ਾਂ ਵੱਲੋਂ ਸਾਮਰਾਜੀ ਦੇਸ਼ਾਂ ਵੱਲ ਤੇ ਪੱਛੜੇ ਖਿੱਤਿਆ ਤੋਂ ਵਿਕਸਿਤ ਖਿੱਤਿਆਂ ਵੱਲ ਪ੍ਰਵਾਸ ਦਾ ਵਹਾਅ ਚਲਦਾ ਹੈ। ਉਪਰੋਕਤ ਵਿਚਾਰ ਸੁਰਿੰਦਰ ਸਿੰਘ,ਗਲਰ ਚੌਹਾਨ, ਵਿਜੈ ਨਰਾਇਣ, ਰਾਜੂ , ਕਰਮਜੀਤ ਸਤਨਾਮ ਸਿੰਘ, ਰਾਜਨ ਆਦਿ ਵੱਲੋਂ ਰੱਖੇ ਗਏ। ਇਹਨਾਂ ਪ੍ਰੋਗਰਾਮਾਂ 'ਚ ਰਵਿਤਾ ਦੀ ਅਗਵਾਈ ਚ ਬੱਚਿਆਂ ਵੱਲੋਂ ਹਮ ਪ੍ਰਵਾਸੀ ਮਜ਼ਦੂਰੋਂ ਦੇ ਬੱਚੇ ਹੈ, ਹਰਵੀਰ ਹਮਾਰਾ ਭੀ ਭਾਈ ਹੈ, ਕਾਤਲ ਨੂੰ ਸਜ਼ਾ ਮਿਲਣੀ ਚਾਹੀਦੀ ਹੈ, ਸਾਰੇ ਬੱਚਿਆਂ ਲਈ ਵਧੀਆ ਵਾਤਾਵਰਨ ਸਿਰਜਿਆ ਜਾਵੇ, ਜਿਸ 'ਚ ਉਹ ਭਗਤ ਸਰਾਭਿਆਂ ਵਰਗੇ ਬਣ ਸਕਣ।ਆਦਿ ਵਰਗੇ ਨਾਟਕ ਰਾਹੀ ਪੇਸ਼ ਕੀਤੇ ਗਏ ਹਰਚਰਨ ਨੇ ਹਮੇਂ ਪੜ੍ਹਾਈ ਚਾਹੀਏ ਰਾਹੀਂ ਗੀਤ ਪੇਸ਼ ਕੀਤਾ ਗਿਆ ਲੋਕਾਂ ਵੱਲੋਂ ਗੰਭੀਰ ਸਵਾਲ ਉਠਾਏ ਗਏ ਉਹਨਾਂ ਦੇ ਜਵਾਬ ਕਾਮਰੇਡ ਸੁਰਿੰਦਰ ਵੱਲੋਂ ਜਵਾਬ ਦਿੱਤੇ ਅਤੇ ਸਟੇਜ ਦਾ ਸੰਚਾਲਨ ਲਲਿਤਾ ਵੱਲੋਂ ਕੀਤਾ ਗਿਆ।

# ਗੁਰਦੁਆਰਾ ਸ਼ਹੀਦਾਂ ਫੇਰੂਮਾਨ ਵਿਖੇ ਗੁਰਮਤਿ ਸਮਾਗਮ ਕਰਵਾਏ



ਲੁਧਿਆਣਾ, 22 ਸਤੰਬਰ : (ਰਵਿੰਦਰ ਸਿੰਘ ਨਿੱਝਰ) : ਸਿੱਖ ਸ਼ਹੀਦਾਂ ਦਾ ਯਾਦਗਾਰੀ ਅਸਥਾਨ ਗੁਰਦੁਆਰਾ ਸ਼ਹੀਦਾਂ ਫੇਰੂਮਾਨ ਢੋਲੇਵਾਲ ਚੌਕ ਵਿਖੇ ਹਫਤਾਵਾਰੀ ਵਿਸ਼ੇਸ਼ ਧਾਰਮਿਕ ਗੁਰਮਤਿ ਸਮਾਗਮ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ। ਇਸ ਮੌਕੇ ਅੰਮ੍ਰਿਤ ਵੇਲੇ ਤੋਂ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਜੱਥਿਆਂ ਭਾਈ ਗੁਰਦੀਪ ਸਿੰਘ ਜੈਪੁਰ ਵਾਲੇ, ਭਾਈ ਗੁਰਸ਼ਰਨ ਸਿੰਘ, ਭਾਈ ਹਰਪ੍ਰੀਤ ਸਿੰਘ ਖਾਲਸਾ, ਭਾਈ ਰਾਜਵਿੰਦਰ ਸਿੰਘ, ਭਾਈ ਪ੍ਰਮਵੀਰ ਸਿੰਘ ਅਤੇ ਭਾਈ ਲਖਵਿੰਦਰ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਸਾਹਿਬ ਵਾਲਿਆਂ ਉਨ੍ਹਾਂ ਦੇ ਜੱਥੇ ਵੱਲੋਂ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਿਆ ਗਿਆ । ਗੁਰਦੁਆਰਾ ਸਾਹਿਬ ਦੇ ਮੁੱਖ ਕਥਾ ਵਾਚਕ ਗਿਆਨੀ ਮਨਪ੍ਰੀਤ ਸਿੰਘ ਨੇ ਗੁਰੂ ਘਰ ਨਤਮਸਤਕ ਹੋਈਆਂ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਐਡਵੋਕੇਟ ਬਲਵਿੰਦਰ ਸਿੰਘ ਲਾਇਲਪੁਰੀ ਨੇ ਗੁਰੂ ਘਰ ਨਤਮਸਤਕ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ । ਸੰਗਤਾਂ ਵਿਚੋਂ ਹੀ ਬੀਬੀਆਂ ਵੱਲੋਂ ਸੰਗਤੀ ਰੂਪ ਵਿੱਚ ਰਾਗੀ ਜੱਥੇ ਭਾਈ ਲਖਵਿੰਦਰ ਸਿੰਘ ਨੂੰ ਸਿਰਪਾਓ ਭੇਟ ਕੀਤੇ। ਗੁਰੂ ਕੇ ਲੰਗਰ ਅਤੁੱਟ ਵਰਤਾਇਆ ਗਿਆ। ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਤੇਜਿੰਦਰ ਸਿੰਘ ਡੰਗ, ਤਰਲੋਚਨ ਸਿੰਘ ਬੱਬਰ, ਇੰਦਰਜੀਤ ਸਿੰਘ ਗੋਲਾ, ਬਲਜੀਤ ਸਿੰਘ ਦੁਖੀਆ, ਜਤਿੰਦਰਪਾਲ ਸਿੰਘ ਸਲੂਜਾ, ਸੁਰਿੰਦਰਜੀਤ ਸਿੰਘ ਮੱਕੜ, ਮੋਹਨ ਸਿੰਘ ਚੌਹਾਨ, ਅਰਜਨ ਸਿੰਘ ਚੀਮਾ, ਇੰਦਰਜੀਤ ਸਿੰਘ ਮੱਕੜ, ਲਖਵਿੰਦਰ ਸਿੰਘ ਲੱਖਾ, ਅਵਤਾਰ ਸਿੰਘ ਪਨੇਸਰ, ਪ੍ਰੀਤਮ ਸਿੰਘ ਮਣਕੂ, ਸੁਰਿੰਦਰ ਸਿੰਘ ਨਾਰੰਗ, ਗੁਰਦੇਵ ਸਿੰਘ ਖੁੱਲਰ, ਤਨਵੀਰ ਕੌਰ, ਭੁਪਿੰਦਰ ਸਿੰਘ ਐਨ ਐਸ, ਪਰਮਿੰਦਰ ਸਿੰਘ, ਸੁਰਜੀਤ ਸਿੰਘ ਮਠਾੜੂ, ਸਵਰਨ ਸਿੰਘ ਮਹੌਲੀ, ਦਵਿੰਦਰ ਸਿੰਘ ਸਿੱਬਲ ਵੀ ਗੁਰੂ ਘਰ ਨਤਮਸਤਕ ਹੋਏ।

# ਸੰਗੀਤਕਾਰ ਚਰਨਜੀਤ ਆਹੂਜਾ ਦੇ ਅਕਾਲ ਚਲਾਣੇ 'ਤੇ ਦੁੱਖ ਪ੍ਰਗਟ



ਲੁਧਿਆਣਾ 22 ਸਤੰਬਰ (ਰਵਿੰਦਰ ਸਿੰਘ ਨਿੱਝਰ) : ਪੰਜਾਬੀ ਸੰਗੀਤ ਜਗਤ ਵਿੱਚ ਦੁਨੀਆਂ ਭਰ ਵਿੱਚ ਸੰਗੀਤ ਸਮਰਾਟ ਵਜੋਂ ਜਾਣੇ ਜਾਂਦੇ ਉੱਘੇ ਸੰਗੀਤਕਾਰ ਚਰਨਜੀਤ ਆਹੂਜਾ ਦੇ ਸਦੀਵੀ ਵਿਛੋੜਾ ਦੇ ਜਾਣ ਨਾਲ ਹਰ ਵਰਗ ਦੇ ਪੰਜਾਬੀ ਸੰਗੀਤ ਪ੍ਰੇਮੀ ਨੂੰ ਗਹਿਰਾ ਸਦਮਾ ਪਹੁੰਚਿਆ ਹੈ। ਲੋਕ ਗਾਇਕ ਕਲਾ ਮੰਚ ਦੇ ਕੌਮੀ ਪ੍ਰਧਾਨ ਹਾਕਮ ਬਖਤੜੀ ਵਾਲਾ, ਪ੍ਰਗਟ ਖਾਨ, ਜਸਵੀਰ ਜੱਸ ਅਤੇ ਜਗਦੇਵ ਖਾਨ ਨੇ ਇਸ ਮੌਕੇ ਆਖਿਆ ਕਿ ਸੰਸਾਰ ਤੋਂ ਸ. ਆਹੂਜਾ ਦੇ ਰੁਖ਼ਸਤ ਹੋ ਜਾਣ ਨਾਲ ਪੰਜਾਬੀ ਸੰਗੀਤ ਜਗਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਤੇ ਉਹਨਾਂ ਦੀ ਕਮੀ ਨੂੰ ਕਦੇ ਪੂਰਾ ਨਹੀਂ ਕੀਤਾ ਜਾ ਸਕਦਾ। ਉਹਨਾਂ ਦੇ ਅਕਾਲ ਚਲਾਣੇ 'ਤੇ ਕੁਲਦੀਪ ਦੁੱਗਲ, ਅਮਰਜੀਤ ਸ਼ੇਰਪੁਰੀ, ਪ੍ਰਗਟ ਇਕੋਲਾਹਾ ਤੇ ਹੋਰ ਕਈ ਸ਼ਖਸੀਅਤਾਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।




ਨੇਤਰਹੀਣ ਅਨਾਥ ਆਸ਼ਰਮ, ਗੁਰਦੁਆਰਾ ਚੰਦੂਆਣਾ ਸਾਹਿਬ, ਪਿੰਡ: ਨਰਾਇਣਗੜ੍ਹ ਸੋਹੀਆਂ ਜ਼ਿਲ੍ਹਾ ਬਰਨਾਲਾ ਦੇ ਵਿਦਿਆਰਥੀ ਨਿਰਮਲ ਸਿੰਘ ਨੇ ਬੀਤੇ ਦਿਨੀਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ, ਦੀਵਾਨ ਹਾਲ, ਅੰਮ੍ਰਿਤਸਰ ਵਿਖੇ ਕਰਵਾਏ ਗਏ ਮਹਾਂ ਮੁਕਾਬਲੇ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਇਹ ਵਿਦਿਆਰਥੀ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਅੰਮ੍ਰਿਤਸਰ ਤੋਂ ਤਿੰਨ ਵਾਰ ਪਹਿਲਾਂ ਵੀ ਜਿੱਤ ਕੇ ਆਇਆ ਹੈ । ਬਾਬਾ ਸੂਬਾ ਸਿੰਘ ਜੀ ਨੇ ਪਹਿਲਾ ਸਥਾਨ ਪ੍ਰਾਪਤ ਕਰਨ 'ਤੇ ਨਿਰਮਲ ਸਿੰਘ ਨੂੰ ਵਧਾਈਆਂ ਦਿੱਤੀਆਂ । (ਫੋਟੋ ਤੇ ਵੇਰਵਾ : ਕਰਨੈਲ ਸਿੰਘ ਐੱਮ.ਏ. ਲੁਧਿਆਣਾ)



ਮਹੰਤ ਸੁਰਿੰਦਰ ਸਿੰਘ ਸੇਵਾਪੰਥੀ, ਡੇਰਾ ਮਿੱਠਾ ਟਿਵਾਣਾ, ਚੌਂਕ ਬਾਬਾ ਸਾਹਿਬ ਅੰਮ੍ਰਿਤਸਰ ਆਪਣੇ ਸੇਵਾਦਾਰਾਂ ਸਮੇਤ ਅਤੇ ਸ੍ਰ: ਮਨਜੀਤ ਸਿੰਘ ਮੰਨਾ ਜੋ ਪਹਿਲੇ ਦਿਨ ਤੋਂ ਹੀ ਗਰਾਊਂਡ ਲੈਵਲ ਤੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਲੋਕਾਂ ਲਈ ਰਾਸ਼ਨ, ਖਾਣ-ਪੀਣ ਦੀ ਸਮੱਗਰੀ ਤੇ ਹੋਰ ਸਮਾਨ ਲੈ ਕੇ ਪਹੁੰਚ ਰਹੇ ਹਨ । ਬੀਤੇ ਦਿਨੀਂ ਪਿੰਡ ਲੱਖੋਵਾਲ ਵਿੱਚ ਹੜ੍ਹ ਪ੍ਰਭਾਵਿਤ ਲੋਕਾਂ ਦੀ ਸੇਵਾ ਲਈ ਫੋਗਿੰਗ ਮਸ਼ੀਨਾਂ ਲੈ ਕੇ ਪਹੁੰਚੇ ਤਾਂ ਕਿ ਮੱਛਰ, ਮਲੇਰੀਆ ਤੇ ਹੋਰ ਬਿਮਾਰੀਆਂ ਨੂੰ ਫੈਲਣ ਤੋਂ ਰੋਕਿਆ ਜਾ ਸਕੇ। ( ਫੋਟੋ ਤੇ ਵੇਰਵਾ : ਕਰਨੈਲ ਸਿੰਘ ਐੱਮ.ਏ.ਲੁਧਿਆਣਾ)

# ਭਾਈ ਘਨੱਈਆ ਜੀ ਦੀ ਯਾਦ 'ਚ ਸਾਲਾਨਾ ਸਮਾਗਮ ਕਰਵਾਇਆ



ਸ੍ਰੀ ਅਨੰਦਪੁਰ ਸਾਹਿਬ, 22 ਸਤੰਬਰ (ਤਰਲੋਚਨ ਸਿੰਘ): ਗੁ: ਭਾਈ ਘਨੱਈਆ ਮੋਹੀਵਾਲ ਵਿਖੇ ਅੱਜ ਭਾਈ ਘਨੱਈਆ ਜੀ ਦੀ ਯਾਦ ਵਿੱਚ ਸਾਲਾਨਾ ਸਮਾਗਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਕਾਰ ਸੇਵਾ ਕਿਲ੍ਹਾ ਆਨੰਦਗੜ੍ਹ ਵਾਲਿਆਂ ਵੱਲੋਂ ਤਖ਼ਤ ਸ਼੍ਰੀ ਕੇਸਗੜ੍ਹ ਸਾਹਿਬ ਦੀ ਛੱਤਰ ਛਾਇਆ ਹੇਠ ਮਨਾਇਆ ਗਿਆ, ਜਿਸ ਵਿੱਚ ਭਾਈ ਗੁਰਬਾਜ਼ ਸਿੰਘ ਹਜ਼ੂਰੀ ਰਾਗੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵੱਲੋਂ ਕੀਰਤਨ ਦੀ ਹਾਜ਼ਰੀ ਭਰੀ ਗਈ। ਇਸ ਮੌਕੇ ਬਾਬਾ ਸਤਨਾਮ ਸਿੰਘ ਜੀ ਕਾਰ ਸੇਵਾ ਕਿਲ੍ਹਾ ਅਨੰਦਗੜ੍ਹ ਵਾਲਿਆਂ ਵੱਲੋਂ ਵਿਸ਼ੇਸ਼ ਹਾਜ਼ਰੀ ਭਰੀ ਗਈ। ਇਸ ਮੌਕੇ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਐਸਜੀਪੀਸੀ ਭਾਈ ਸਰਬਜੀਤ ਸਿੰਘ ਪੰਜ ਪਿਆਰੇ ਸਾਹਿਬਾਨ ਭਾਈ ਹਰਪ੍ਰੀਤ ਸਿੰਘ ਸੂਚਨਾ ਅਫ਼ਸਰ ਹੈਡ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ ਜੀ ਤਖ਼ਤ ਸਾਹਬ ਅਤੇ ਸਰਬਜੀਤ ਸਿੰਘ ਇੰਚਾਰਜ ਭਾਈ ਬਖਸ਼ੀਸ਼ ਸਿੰਘ ਭਾਈ ਗੁਰਪ੍ਰੀਤ ਸਿੰਘ, ਮੋਹੀਵਾਲ ਦੇ ਸਰਪੰਚ, ਹੋਰ ਸਟਾਫ ਅਤੇ ਸੰਗਤਾਂ ਨੇ ਸਮਾਗਮ ਵਿੱਚ ਹਾਜ਼ਰੀ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ, ਜਿਵੇਂ ਭਾਈ ਘਨੱਈਆ ਜੀ ਮਾਨਵਤਾ ਦੀ ਮੂਰਤ ਜਿੰਨਾ ਨੇ ਗੁਰੂ ਤੇਗ ਬਹਾਦੁਰ ਸਾਹਿਬ ਦੇ ਦਰਸ਼ਨ ਕਰਕੇ ਸਿੱਖ ਬਣੇ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਜੰਗ ਦੌਰਾਨ ਸਿੱਖਾਂ ਤੇ ਦੁਸ਼ਮਣਾਂ ਨੂੰ ਪਾਣੀ ਦੀ ਸੇਵਾ ਕਰਦੇ ਸਨ ਸਿੱਖਾਂ ਵੱਲੋਂ ਸ਼ਿਕਾਇਤ ਲਗਾਉਣ ਉਪਰੰਤ ਗੁਰੂ ਜੀ ਵਲੋਂ ਭਾਈ ਘਨੱਈਆ ਜੀ ਨੂੰ ਪੁਛਣ 'ਤੇ ਉਹਨਾਂ ਦੱਸਿਆ ਕਿ ਦੁਸ਼ਮਣਾਂ ਵਿੱਚੋਂ ਵੀ ਗੁਰੂ ਸਾਹਬ ਆਪ ਦੇ ਦਰਸ਼ਨ ਹੁੰਦੇ ਹਨ ਤੇ ਗੁਰੂ ਸਾਹਬ ਨੇ ਫੇਰ ਉਨ੍ਹਾਂ ਨੂੰ ਮਲਮ ਪੱਟੀ ਦੇ ਕੇ ਕਿਹਾ ਅੱਜ ਤੋਂ ਇਹ ਵੀ ਸੇਵਾ ਕੀਤਾ ਕਰੋ, ਓਸ ਮਹਾਂਪੁਰਸ਼ ਜੋ ਕਿ ਨਾ ਕੋਈ ਵੈਰੀ ਨਾਹੀ ਬੇਗਾਨਾ ਵਾਲੀ ਧਾਰਨਾ ਦੀ ਵਿਸ਼ਾਲ ਉਦਾਹਰਣ ਹਨ, ਜੋ ਸਮੁੱਚੀ ਮਾਨਵਤਾ ਦੀ ਸੇਵਾ ਤੇ ਗੁਰੂ ਨਾਨਕ ਸਾਹਿਬ ਦੇ ਫਲਸਫੇ 'ਤੇ ਕਾਇਮ ਰਹਿੰਦਿਆਂ ਬਰਾਬਰਤਾ ਸਮਝਿਆ, ਸਮਾਜ ਵਿੱਚ ਸੇਵਾ ਭਾਵ ਤੇ ਨਿਮਰਤਾ ਦੀ ਮਿਸਾਲ ਪੈਦਾ ਕੀਤੀ।

# ਕਤਲ ਮਾਮਲੇ 'ਚ ਗ੍ਰਿਫ਼ਤਾਰ ਵਿਅਕਤੀ ਦੀ ਪੁਲਿਸ ਹਿਰਾਸਤ 'ਚ ਮੌਤ

ਕੈਰੋਂ, 22 ਸਤੰਬਰ (ਚ.ਨ.ਸ.): ਪਿੰਡ ਦੁਬਲੀ ਤੋਂ ਨੌਜਵਾਨ ਨੂੰ ਅਗਵਾ ਕਰ ਕੇ ਕਤਲ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਗਏ 33 ਸਾਲਾ ਵਿਅਕਤੀ ਦੀ ਪੁਲਿਸ ਹਿਰਾਸਤ ਵਿਚ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਸ਼ਨਿਚਰਵਾਰ ਨੂੰ ਹੋਈ ਉਕਤ ਮੌਤ ਸਬੰਧੀ ਜਾਣਕਾਰੀ ਦੇਣ ਤੋਂ ਪੁਲਿਸ ਅਧਿਕਾਰੀ ਸਾਰਾ ਦਿਨ ਟਾਲਾ ਵੱਟਦੇ ਰਹੇ। ਦੱਸਿਆ ਜਾ ਰਿਹਾ ਹੈ ਕਿ ਪੁਲਿਸ ਨੇ ਲਾਸ਼ ਨੂੰ ਪੋਸਟਮਾਰਟਮ ਲਈ ਅੰਮ੍ਰਿਤਸਰ ਦੇ ਮੈਡੀਕਲ ਕਾਲਜ ਵਿਚ ਭੇਜ ਦਿੱਤਾ ਹੈ, ਜਿੱਥੇ ਡਾਕਟਰਾਂ ਦੇ ਪੈਨਲ ਵੱਲੋਂ ਸੋਮਵਾਰ ਨੂੰ ਲਾਸ਼ ਦਾ ਪੋਸਟਮਾਰਟਮ ਕੀਤਾ ਜਾਵੇਗਾ।ਦੱਸ ਦੇਈਏ ਕਿ 11 ਸਤੰਬਰ ਨੂੰ ਖੇਤਾਂ 'ਚ ਕੰਮ ਕਰ ਰਹੇ ਤਰਨਤਾਰਨ ਜ਼ਿਲ੍ਹੇ ਦੇ ਪਿੰਡ ਦੁੱਬਲੀ ਦੇ ਸੱਜਣ ਸਿੰਘ ਨੂੰ ਸਵੇਰੇ ਸਾਢੇ 7 ਵਜੇ ਦੇ ਕਰੀਬ ਕਾਲੀ ਸਕਾਰਪੀਓ 'ਚ ਸਵਾਰ ਕੁਝ ਅਣਪਛਾਤਿਆਂ ਨੇ ਅਗਵਾ ਕਰ ਲਿਆ ਸੀ, ਜਿਸ ਦੀ ਲਾਸ਼ 12 ਸਤੰਬਰ ਨੂੰ ਤੜਕਸਾਰ ਵੈਰੋਵਾਲ ਥਾਣੇ ਅਧੀਨ ਪੈਂਦੇ ਇਲਾਕਾ ਨਾਗੋਕੇ ਦੀ ਨਹਿਰ ਕੋਲੋਂ ਮਿਲੀ ਸੀ। ਥਾਣਾ ਸਦਰ ਪੱਟੀ ਦੀ ਪੁਲਿਸ ਨੇ ਅਣਪਛਾਤੇ ਵਿਅਕਤੀਆਂ ਵਿਰੁੱਧ ਅਗਵਾ ਕਰ ਕੇ ਕਤਲ ਕਰਨ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਸੀ। ਪੁਲਿਸ ਉਕਤ ਮਾਮਲੇ ਦੀ ਜਾਂਚ ਨਾਜਾਇਜ਼ ਸਬੰਧਾਂ ਨਾਲ ਜੋੜ ਕੇ ਕਰ ਰਹੀ ਸੀ ਤਾਂ ਜਸਕੀਰਤ ਸਿੰਘ ਵਾਸੀ ਸੁੰਨੜਵਾਲ ਜ਼ਿਲ੍ਹਾ ਕਪੂਰਥਲਾ ਦਾ ਨਾਂ ਸਾਹਮਣੇ ਆਇਆ ਅਤੇ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਕੇ ਥਾਣਾ ਸਦਰ ਪੱਟੀ ਅਧੀਨ ਆਉਂਦੀ ਚੌਕੀ ਘਰਿਆਲਾ 'ਚ ਰੱਖਿਆ। ਪੁਲਿਸ ਸੂਤਰਾਂ ਮੁਤਾਬਕ ਪੁੱਛਗਿੱਛ ਤੋਂ ਬਾਅਦ ਚੌਕੀ ਦੇ ਕਮਰੇ ਵਿਚ ਬਿਠਾਏ ਜਸਕੀਰਤ ਸਿੰਘ ਨੇ ਉਥੇ ਪਏ ਮੰਜੇ ਦੀ ਰੱਸੀ ਨਾਲ ਫਾਹਾ ਲਗਾ ਕੇ ਖ਼ੁਦਕੁਸ਼ੀ ਕਰ ਲਈ ਪਰ ਪੁਲਿਸ ਮੌਤ ਦੇ ਕਾਰਨਾਂ ਬਾਰੇ ਜਾਣਕਾਰੀ ਦੇਣ ਤੋਂ ਸਾਰਾ ਦਿਨ ਟਾਲਾ ਵੱਟਦੀ ਰਹੀ।

# ਰੇਤੇ 'ਚੋਂ ਆਪਣੇ ਘਰ ਲੱਭ ਰਹੇ ਨੇ ਸਰਹੱਦੀ ਖੇਤਰ ਦੇ ਲੋਕ

## ☛ਝੋਨੇ ਦੀ ਫ਼ਸਲ 'ਤੇ ਵੀ ਦਰਿਆ ਦਾ ਮਲਬਾ ਤੇ ਰੇਤ ਚੜ੍ਹ ਗਈ





ਪਠਾਨਕੋਟ, 22 ਸਤੰਬਰ (ਚ.ਨ.ਸ): ਹੜ੍ਹਾਂ ਨੇ ਵਿਧਾਨ ਸਭਾ ਹਲਕੇ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਹੈ। ਇਸ ਖੇਤਰ ਦੇ ਕਈ ਪਿੰਡ ਪਾਣੀ ਵਿਚ ਡੁੱਬ ਗਏ, ਜਿਸ ਕਾਰਨ ਲੋਕਾਂ ਦੇ ਖੇਤ, ਘਰ ਅਤੇ ਸਾਰਾ ਘਰੇਲੂ ਸਮਾਨ ਪੂਰੀ ਤਰ੍ਹਾਂ ਤਬਾਹ ਹੋ ਗਿਆ। ਬੇਸ਼ੱਕ ਹੁਣ ਪਾਣੀ ਘੱਟ ਹੋ ਗਿਆ ਹੈ, ਪਰ ਪਿੱਛੇ ਬਰਬਾਦੀ ਦੇ ਨਿਸ਼ਾਨ ਛੱਡ ਗਿਆ ਹੈ। ਜ਼ਿਲ੍ਹਾ ਪਠਾਨਕੋਟ ਦੇ ਪਿੰਡ ਤਾਸ਼ ਵਿਚ ਵੀ ਬਰਬਾਦੀ ਦੇ ਅਜਿਹੇ ਨਜ਼ਾਰੇ ਦੇਖਣ ਨੂੰ ਮਿਲੇ। ਜਦੋਂ ਪਾਣੀ ਘੱਟ ਹੋਇਆ ਤਾਂ ਇਕ ਪ੍ਰਵਾਰ ਆਪਣੇ ਘਰ ਵਾਪਸ ਆਇਆ, ਪਰ ਉਨ੍ਹਾਂ ਨੂੰ ਘਰ ਦਾ ਨਾਮੋ-ਨਿਸ਼ਾਨ ਤੱਕ ਨਾ ਮਿਲਿਆ। ਬੱਚੇ, ਬਜ਼ੁਰਗ ਅਤੇ ਜਵਾਨ ਹੱਥਾਂ ਨਾਲ ਰੇਤ ਖੋਦ ਕੇ ਘਰ ਦੇ ਨਿਸ਼ਾਨ 'ਤੇ ਅਪਣਾ ਬਚਿਆ-ਖੁਚਿਆ ਸਮਾਨ ਲੱਭਣ ਦੀ ਕੋਸ਼ਿਸ਼ ਕਰ ਰਹੇ ਸਨ। ਰਾਵੀ ਦਰਿਆ ਦੇ ਕੰਢੇ ਖੇਤਾਂ 'ਚ ਲੱਗੇ ਝੋਨੇ ਦੀ ਫ਼ਸਲ 'ਤੇ ਵੀ ਦਰਿਆ ਦਾ ਮਲਬਾ ਅਤੇ ਰੇਤ ਚੜ੍ਹ ਗਈ ਹੈ। ਇਹ ਪਿੰਡ ਸਿੱਧਾ ਦਰਿਆ ਨਾਲ ਲਗਦਾ ਹੈ ਅਤੇ ਪਾਣੀ ਦੀ ਮਾਰ ਨਾਲ ਬੁਰੀ ਤਰ੍ਹਾਂ ਤਬਾਹ ਹੋਇਆ ਹੈ। ਕਈ ਪ੍ਰਵਾਰਾਂ ਦੇ ਘਰ ਪੂਰੀ ਤਰ੍ਹਾਂ ਡਿੱਗ ਗਏ ਹਨ। ਇਸ ਸਬੰਧੀ ਜਦੋਂ ਪੀੜਤ ਪ੍ਰਵਾਰ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਉਹ ਕਈ ਸਾਲਾਂ ਤੋਂ ਪਿੰਡ ਵਿਚ ਖੇਤੀ ਕਰ ਰਹੇ ਸਨ, ਪਰ ਇਸ ਹੜ੍ਹ ਨੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਬਰਬਾਦ ਕਰ ਦਿੱਤਾ ਹੈ। ਉਨ੍ਹਾਂ ਦਾ ਸਾਰਾ ਘਰ ਹੀ ਹੜ੍ਹ ਦੇ ਪਾਣੀ ਵਿਚ ਵਹਿ ਗਿਆ। ਇਥੋਂ ਤਕ ਕਿ ਘਰ ਦਾ ਮਲਬਾ ਵੀ ਉਨ੍ਹਾਂ ਨੂੰ ਨਾ ਮਿਲਿਆ। ਉਨ੍ਹਾਂ ਨੇ ਕੇਵਲ ਆਪਣੀਆਂ ਜਾਨਾਂ ਹੀ ਬਚਾਈਆਂ। ਕਈ ਹੋਰ ਪ੍ਰਵਾਰ ਵੀ ਬੁਰੀ ਤਰ੍ਹਾਂ ਪ੍ਰਭਾਵਤ ਹੋਏ ਹਨ। ਇਹ ਸਾਰੇ ਅਜੇ ਵੀ ਧੁੱਸੀ 'ਤੇ ਤਿਰਪਾਲ ਲਗਾ ਕੇ ਆਪਣਾ ਸਮਾਂ ਬਿਤਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਹੁਣ ਉਨ੍ਹਾਂ ਨੂੰ ਅਪਣੀ ਜ਼ਿੰਦਗੀ ਮੁੜ ਤੋਂ ਨਵੇਂ ਸਿਰੇ ਨਾਲ ਸ਼ੁਰੂ ਕਰਨੀ ਪਏਗੀ। ਪੀੜ੍ਹਤਾਂ ਨੇ ਸਰਕਾਰ ਅਤੇ ਸਮਾਜ ਸੇਵੀ ਸੰਸਥਾਵਾਂ ਤੋਂ ਮਦਦ ਦੀ ਅਪੀਲ ਕੀਤੀ ਹੈ।

# ਕਾਲਜ ਤੇ ਵਿਦਿਆਰਥੀਆਂ ਦੇ ਸੁਨਿਹਰੀ ਭਵਿੱਖ ਲਈ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ



ਫਤਿਹਗੜ੍ਹ ਸਾਹਿਬ, 22 ਸਤੰਬਰ (ਹਰਪ੍ਰੀਤ ਕੌਰ ਟਿਵਾਣਾ): ਪੰਜਾਬ ਗਰੁੱਪ ਆੱਫ ਕਾਲਜਿਸ, ਪਿੰਡ ਸਰਕੱਪੜਾ, ਚੂੰਨੀ ਕਲ੍ਹਾਂ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਕਾਲਜ ਦੀ ਤਰੱਕੀ ਲਈ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ। ਪਾਠ ਦੌਰਾਨ ਬੱਚਿਆਂ ਦੇ ਸੁਨਿਹਰੀ ਭਵਿੱਖ ਅਤੇ ਕਾਲਜ ਦੀ ਤਰੱਕੀ ਲਈ ਅਰਦਾਸ ਕੀਤੀ ਤੇ ਪ੍ਰਮਾਤਮਾ ਦਾ ਆਸ਼ੀਰਵਾਦ ਲਿਆ। ਪੰਜਾਬ ਗਰੁੱਪ ਆੱਫ ਕਾਲਜਿਸ ਦੇ ਚੇਅਰਮੈਨ ਨਿਰਮਲ ਸਿੰਘ, ਕਾਲਜ ਦੇ ਪ੍ਰਿੰਸੀਪਲ ਡਾ. ਸੁਮਨਦੀਪ ਕੌਰ, ਐਚ.ਓ.ਡੀ. ਡਾ. ਗੀਤਾ ਰਾਣੀ, ਸਮੂਹ ਸਟਾਫ ਤੇ ਵਿਦਿਆਰਥੀਆਂ ਨੇ ਸ਼ਾਂਤਮਈ ਵਾਤਾਵਰਣ ਵਿੱਚ ਪਾਠ ਦਾ ਸਮੂਹ ਉਚਾਰਣ ਕੀਤਾ ਤੇ ਕੀਰਤਨ ਦਾ ਆਨੰਦ ਮਾਣਿਆ। ਅੰਤ ਵਿੱਚ ਸਮੂਹ ਸਟਾਫ ਤੇ ਵਿਦਿਆਰਥੀਆਂ ਲਈ ਲੰਗਰ ਦਾ ਪ੍ਰਬੰਧ ਵੀ ਕੀਤਾ ਗਿਆ।

# ਬੰਦੀ ਸਿੰਘਾਂ ਦੀ ਰਿਹਾਈ ਲਈ 10 ਨਵੰਬਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਆਰੰਭ ਹੋਵੇਗਾ ਪੈਦਲ ਮਾਰਚ

## ☛ਜਥੇ. ਭਾਈ ਧਿਆਨ ਸਿੰਘ ਮੰਡ ਨੇ ਕੀਤਾ ਐਲਾਨ



ਅੰਮ੍ਰਿਤਸਰ, 22 ਸਤੰਬਰ (ਗੁਰਦਿਆਲ ਸਿੰਘ): ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਕਿਹਾ ਕਿ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ 2015 ਦੇ ਸਰਬੱਤ ਖਾਲਸਾ ਸੰਮੇਲਨ ਦੀ ਸਮੁੱਚੀ ਟੀਮ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਅਰਦਾਸ ਕਰਕੇ 10 ਨਵੰਬਰ ਨੂੰ ਪੈਦਲ ਮਾਰਚ ਸ਼ੁਰੂ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਮਾਰਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਸ਼ੁਰੂ ਹੋ ਕੇ ਤਖਤ ਸ੍ਰੀ ਦਮਦਮਾ ਸਾਹਿਬ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਹੁੰਦਾ ਹੋਇਆ ਵਾਪਸ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸੰਪੂਰਨਤਾ ਕਰੇਗਾ। ਉਨ੍ਹਾਂ ਕਿਹਾ ਕਿ ਜੇਲ੍ਹ ਵਿਚ ਬੰਦ ਸੁਧੀਰ ਸੂਰੀ ਦੇ ਕਤਲ ਦੇ ਦੋਸ਼ ਵਿਚ ਸੰਦੀਪ ਸਿੰਘ ਦੇ ਮਾਮਲੇ ਵਿਚ ਜੇਲ੍ਹ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਨੂੰ ਕਾਨੂੰਨ ਮੁਤਾਬਕ ਕਾਰਵਾਈ ਕਰਨੀ ਚਾਹੀਦੀ ਹੈ, ਇਸ ਮਾਮਲੇ ਵਿਚ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਸਾਰੀਆਂ ਹੀ ਸਿੱਖ ਜਥੇਬੰਦੀਆਂ ਅਤੇ ਸੰਸਥਾਵਾਂ ਨੂੰ ਆਪਣੇ ਵਖਰੇਵੇਂ ਛੱਡਦਿਆਂ ਇਕ ਹੋ ਕੇ ਚੱਲਣਾ ਚਾਹੀਦਾ ਹੈ। ਇਸ ਮੌਕੇ 2015 ਦੇ ਸਰਬੱਤ ਖਾਲਸਾ ਸੰਮੇਲਨ ਦੇ ਮੁੱਖ ਪ੍ਰਬੰਧਕ ਭਾਈ ਜਰਨੈਲ ਸਿੰਘ ਸਖੀਰਾ, ਭਾਈ ਮੋਹਕਮ ਸਿੰਘ, ਭਾਈ ਸਤਨਾਮ ਸਿੰਘ ਮਨਾਵਾ ਜਸਲੀਨ ਸਿੰਘ ਸਖੀਰਾ, ਪਰਮਜੀਤ ਸਿੰਘ ਆਦਿ ਹਾਜ਼ਰ ਸਨ।

# ਯੂ.ਕੇ. ਵੱਲੋਂ ਅਮਰੀਕਾ ਤੇ ਇਜ਼ਰਾਈਲ ਦੇ ਵਿਰੋਧ ਦੇ ਬਾਵਜੂਦ ਫਲਸਤੀਨੀ ਰਾਜ ਨੂੰ ਮਾਨਤਾ

## ☛ਸੰਯੁਕਤ ਰਾਸ਼ਟਰ ਮਹਾਂਸਭਾ ਤੋਂ ਪਹਿਲਾਂ ਫਲਸਤੀਨੀ ਰਾਜ ਨੂੰ ਮਾਨਤਾ ਦੇਣ ਵਾਲੇ ਦੇਸ਼ਾਂ 'ਚ ਕੈਨੇਡਾ ਸਣੇ ਹੋਰ ਦੇਸ਼ ਹੋਏ ਸ਼ਾਮਲ

ਲੰਡਨ, 22 ਸਤੰਬਰ (ਚ.ਨ.ਸ): ਯੂਕੇ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਅੱਜ ਕਿਹਾ ਕਿ ਅਮਰੀਕਾ ਅਤੇ ਇਜ਼ਰਾਈਲ ਦੇ ਵਿਰੋਧ ਦੇ ਬਾਵਜੂਦ ਉਨ੍ਹਾਂ ਵਲੋਂ ਰਸਮੀ ਤੌਰ 'ਤੇ ਫਲਸਤੀਨੀ ਰਾਜ ਨੂੰ ਮਾਨਤਾ ਦੇ ਦਿੱਤੀ ਗਈ ਹੈ। ਇਸ ਤੋਂ ਬਾਅਦ ਕੈਨੇਡਾ ਤੇ ਆਸਟਰੇਲੀਆ ਨੇ ਵੀ ਫਲਸਤੀਨ ਨੂੰ ਰਾਜ ਵਜੋਂ ਮਾਨਤਾ ਦੇ ਦਿੱਤੀ। ਸਟਾਰਮਰ ਨੇ ਕਿਹਾ ਕਿ ਇਸ ਕਦਮ ਦਾ ਉਦੇਸ਼ ਫਲਸਤੀਨੀਆਂ ਤੇ ਇਜ਼ਰਾਈਲੀਆਂ ਵਿਚ ਸ਼ਾਂਤੀ ਸਥਾਪਤ ਕਰਨਾ ਹੈ। ਯੂਕੇ ਇਕ ਫਲਸਤੀਨੀ ਰਾਜ ਨੂੰ ਮਾਨਤਾ ਦੇਣ ਵਾਲਾ ਇਕੱਲਾ ਦੇਸ਼ ਨਹੀਂ ਹੈ, 140 ਤੋਂ ਵੱਧ ਦੇਸ਼ ਪਹਿਲਾਂ ਹੀ ਇਹ ਐਲਾਨ ਕਰ ਚੁੱਕੇ ਹਨ ਤੇ ਫਰਾਂਸ ਸਣੇ ਹੋਰ ਦੇਸ਼ਾਂ ਦੀ ਇਸ ਹਫਤੇ ਸੰਯੁਕਤ ਰਾਸ਼ਟਰ ਮਹਾਸਭਾ ਵਿੱਚ ਅਜਿਹਾ ਕਰਨ ਦੀ ਉਮੀਦ ਹੈ। ਕੈਨੇਡੀਆਈ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਅੱਜ ਐਕਸ 'ਤੇ ਐਲਾਨ ਕੀਤਾ ਕਿ ਕੈਨੇਡਾ ਨੇ ਫਲਸਤੀਨੀ ਰਾਜ ਨੂੰ ਮਾਨਤਾ ਦੇ ਦਿੱਤੀ ਹੈ। ਇਸ ਐਲਾਨ ਕਾਰਨ ਇਜ਼ਰਾਈਲ ਤੇ ਸੰਯੁਕਤ ਰਾਜ ਅਮਰੀਕਾ ਖਫਾ ਹਨ ਜੋ ਕਹਿ ਰਹੇ ਹਨ ਕਿ ਅਜਿਹੀ ਮਾਨਤਾ ਕੱਟੜਪੰਥੀਆਂ ਨੂੰ ਉਤਸ਼ਾਹਿਤ ਕਰਦੀ ਹੈ।

# ਗਊ ਸੇਵਾ ਸੰਮਤੀ ਨੇ ਗਊਸ਼ਾਲਾ 'ਚ ਧੂਮ-ਧਾਮ ਨਾਲ ਮਨਾਇਆ ਮੱਸਿਆ ਦਾ ਦਿਹਾੜਾ



ਅਮਲੋਹ, 22 ਸਤੰਬਰ (ਜਸਵੰਤ ਸਿੰਘ): ਗਊ ਸੇਵਾ ਸਮਿਤੀ ਅਮਲੋਹ ਦੇ ਪ੍ਰਧਾਨ ਭੂਸ਼ਨ ਸੂਦ, ਸਰਪਰਸਤ ਪ੍ਰੇਮ ਚੰਦ ਸ਼ਰਮਾ ਅਤੇ ਜਨਰਲ ਸਕੱਤਰ ਮਾਸਟਰ ਰਜੇਸ਼ ਕੁਮਾਰ ਦੀ ਅਗਵਾਈ ਹੇਠ ਸ੍ਰੀ ਸੰਗਮੇਸ਼ਵਰ ਗਊਸ਼ਾਲਾ ਅਮਲੋਹ ਵਿਚ ਮੱਸਿਆ ਦਾ ਦਿਹਾੜਾ ਧੂਮ-ਧਾਮ ਨਾਲ ਮਨਾਇਆ ਗਿਆ। ਜਿਸ ਵਿਚ ਵੱਡੀ ਗਿਣਤੀ ਵਿਚ ਸ਼ਹਿਰ ਦੇ ਪਤਵੰਤਿਆਂ ਅਤੇ ਔਰਤਾਂ ਨੇ ਵੀ ਸ਼ਿਰਕਤ ਕੀਤੀ। ਗਊ ਪੂਜਾ ਦੀ ਰਸਮ ਦੰਦਾਂ ਦੇ ਮਾਹਰ ਡਾ. ਹਿਮਾਂਸ਼ੂ ਸੂਦ ਐਮਡੀਐਸ, ਡਾ. ਰੂਪਲ ਸੂਦ ਗੋਲਡ ਮੈਡਲਿਸਟ ਤੇ ਕਿਆਂਸ ਸੂਦ ਨੇ ਕਰਵਾਈ। ਸ੍ਰੀ ਸੂਦ ਨੇ ਦੱਸਿਆ ਕਿ ਨਗਰ ਖੇੜੇ ਦੀ ਖੁਸ਼ੀ ਲਈ ਅਰਦਾਸ ਵੀ ਕੀਤੀ ਗਈ। ਉਨ੍ਹਾਂ ਦੱਸਿਆ ਕਿ ਹਰ ਮਹੀਨੇ ਦੀ ਪੂਰਨਮਾਸ਼ੀ ਅਤੇ ਮੱਸਿਆ ਨੂੰ ਗਊਸ਼ਾਲਾ ਅਮਲੋਹ ਵਿਚ ਗਊ ਪੂਜਾ ਕਰਵਾਈ ਜਾਂਦੀ ਹੈ, ਜਿਸ ਵਿਚ ਕੋਈ ਵੀ ਵਿਅਕਤੀ ਸ਼ਾਮਲ ਹੋ ਸਕਦਾ ਹੈ ਜਾਂ ਆਪਣੇ ਵਲੋਂ ਪੂਜਾ ਕਰਵਾ ਸਕਦਾ ਹੈ। ਉਨ੍ਹਾਂ ਸ਼ਹਿਰ ਅਤੇ ਇਲਾਕਾ ਨਿਵਾਸੀਆਂ ਨੂੰ ਵੱਧ ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ। ਮੰਦਰ ਦੇ ਪੁਜਾਰੀ ਪੰਡਤ ਰਵਿੰਦਰ ਰਵੀ ਨੇ ਮੰਤਰਾਂ ਦਾ ਉਚਾਰਣ ਕੀਤਾ ਅਤੇ ਇਸ ਦਿਹਾੜੇ ਦੀ ਇਤਿਹਾਸਕ ਮਹੱਤਤਾ ਬਾਰੇ ਚਾਨਣਾ ਪਾਇਆ। ਇਸ ਮੌਕੇ ਸਮਾਜ ਸੇਵੀ ਡਾ. ਰਘਬੀਰ ਸ਼ੁਕਲਾ, ਡਾ. ਸ਼ਸ਼ੀ ਸ਼ੁਕਲਾ, ਮਾਨਵ ਭਲਾਈ ਮੰਚ ਅਮਲੋਹ ਦੇ ਪ੍ਰਧਾਨ ਮਾਸਟਰ ਮਨੋਹਰ ਲਾਲ ਵਰਮਾ, ਵੈਦਿਕ ਸਨਾਤਨ ਭਵਨ ਅਮਲੋਹ ਦੇ ਸੰਚਾਲਕ ਸ਼ਾਸਤਰੀ ਗੁਰੂ ਦੱਤ ਸ਼ਰਮਾ, ਸਮਾਜ ਸੇਵੀ ਹੈਪੀ ਸੂਦ, ਗਊਸ਼ਾਲਾ ਅਮਲੋਹ ਦੇ ਪ੍ਰਧਾਨ ਸਿਵ ਕੁਮਾਰ ਗਰਗ, ਪ੍ਰਿੰਸ ਸ਼ਰਮਾ, ਅਸ਼ੋਕ ਗੁਪਤਾ, ਅਸਟਾਮ ਫ਼ਰੋਸ਼ ਯੂਨੀਅਨ ਦੇ ਪ੍ਰਧਾਨ ਅਵਿਨਾਸ਼ ਪੁਰੀ, ਨਿਹੰਗ ਬਾਬਾ ਅਮਰੀਕ ਸਿੰਘ ਇੰਚਾਰਜ ਗੁਰੂਘਰ ਅੰਮ੍ਰਿਤਸਰ, ਅਸ਼ੋਕ ਗੁਪਤਾ ਮੁਕਤਸਰ, ਪ੍ਰਿੰਸ ਸ਼ਰਮਾ, ਜੀਤਾ ਲੁਟਾਵਾ, ਗੋਗਾ ਲੁਟਾਵਾ, ਮਨੋਜ ਖੁਲਰ, ਆਸ਼ੂ ਥੌਰ, ਗੁਲਸਨ ਤੱਗੜ ਪੱਪੀ, ਲਾਲ ਚੰਦ ਕਾਲਾ, ਦਿਨੇਸ਼ ਗੋਇਲ, ਜੁਗਲ ਕਿਸ਼ੋਰ ਗੋਇਲ, ਅਨਿਰੁੱਧ ਸ਼ਰਮਾ, ਮਾਸਟਰ ਸਰਵਣ ਸਿੰਘ, ਭੂਸ਼ਨ ਗਰਗ, ਸਤਨਾਮ ਸਿੰਘ, ਨਿਸ਼ਾ, ਰਜਨੀ ਅਤੇ ਗੀਟਾ ਰਾਣੀ ਆਦਿ ਹਾਜ਼ਰ ਸਨ। ਇਸ ਮੌਕੇ ਸਮੋਸੇ, ਜਲੇਬੀਆਂ, ਬਰਫ਼ੀ, ਖੀਰ ਅਤੇ ਫ਼ਲਾਂ ਦਾ ਲੰਗਰ ਵੀ ਲਗਾਇਆ ਗਿਆ।

# ਬਾਬਾ ਬਲਜੀਤ ਸਿੰਘ ਸੈਣੀਆਂ ਚੇਅਰਮੈਨ ਨਿਯੁਕਤ, ਕਿਸਾਨ ਆਗੂ ਪ੍ਰਲਾਦ ਸਿੰਘ ਧਾਲੀਵਾਲ ਵੱਲੋਂ ਵਧਾਈਆਂ



ਫਾਜ਼ਿਲਕਾ 22 ਸਤੰਬਰ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਸਮਾਜ ਸੇਵਾ ਤੇ ਲੋਕ ਭਲਾਈ ਦੇ ਖੇਤਰ ਵਿਚ ਆਪਣੀ ਵਿਸ਼ੇਸ਼ ਪਛਾਣ ਬਣਾਉਣ ਵਾਲੇ ਬਾਬਾ ਬਲਜੀਤ ਸਿੰਘ ਜੀ ਸੈਣੀਆਂ ਗਰੀਬ ਨਿਵਾਜ਼ ਵੈਲਫ਼ੇਅਰ ਸੁਸਾਇਟੀ ਨੂੰ ਮੁਕਤਸਰ, ਫਿਰੋਜ਼ਪੁਰ ਤੇ ਫਾਜ਼ਿਲਕਾ ਜ਼ਿਲ੍ਹਿਆਂ ਲਈ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ 'ਤੇ ਖੇਤਰ ਦੇ ਪ੍ਰਸਿੱਧ ਕਿਸਾਨ ਆਗੂ ਤੇ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਫਾਜ਼ਿਲਕਾ ਜ਼ਿਲ੍ਹਾ ਪ੍ਰਧਾਨ ਪ੍ਰਲਾਦ ਸਿੰਘ ਧਾਲੀਵਾਲ ਨੇ ਬਾਬਾ ਨੂੰ ਦਿਲੋਂ ਵਧਾਈ ਦਿੱਤੀ ਤੇ ਉਨ੍ਹਾਂ ਦੀ ਨਿਯੁਕਤੀ ਨੂੰ ਸਮਾਜ ਸੇਵਾ ਲਈ ਇੱਕ ਮਹੱਤਵਪੂਰਨ ਕਦਮ ਕਰਾਰ ਦਿੱਤਾ। ਧਾਲੀਵਾਲ ਨੇ ਕਿਹਾ ਕਿ ਬਾਬਾ ਬਲਜੀਤ ਸਿੰਘ ਲੰਮੇ ਸਮੇਂ ਤੋਂ ਸਮਾਜਿਕ ਕਾਰਜਾਂ ਵਿੱਚ ਜੁੜੇ ਰਹੇ ਹਨ। ਗਰੀਬ ਪਰਿਵਾਰਾਂ ਦੀ ਸਹਾਇਤਾ ਕਰਨੀ, ਬੀਮਾਰ ਲੋਕਾਂ ਦਾ ਇਲਾਜ ਕਰਵਾਉਣਾ, ਗਰੀਬ ਕੁੜੀਆਂ ਦੇ ਵਿਆਹ ਕਰਵਾਉਣ ਵਿੱਚ ਮਦਦ ਦੇਣੀ ਤੇ ਯੁਵਾ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਜਾਗਰੂਕਤਾ ਫੈਲਾਉਣ ਵਰਗੀਆਂ ਸੇਵਾਵਾਂ ਉਨ੍ਹਾਂ ਦਾ ਮੁੱਖ ਧਿਆਨ ਰਹੀ ਹੈ। ਇਹੀ ਕਾਰਨ ਹੈ ਕਿ ਜਦੋਂ ਸੁਸਾਇਟੀ ਨੇ ਉਨ੍ਹਾਂ ਨੂੰ ਚੇਅਰਮੈਨ ਦੀ ਜ਼ਿੰਮੇਵਾਰੀ ਸੌਂਪੀ, ਤਾਂ ਪੂਰੇ ਖੇਤਰ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ।ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਜਦੋਂ ਸਮਾਜ ਵੱਖ-ਵੱਖ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ, ਤਾਂ ਇਸ ਤਰ੍ਹਾਂ ਦੇ ਸਮਰਪਿਤ ਅਤੇ ਨਿਸ਼ਕਾਮ ਭਾਵਨਾ ਨਾਲ ਕੰਮ ਕਰਨ ਵਾਲੇ ਆਗੂਆਂ ਦੀ ਬਹੁਤ ਜ਼ਰੂਰਤ ਹੈ। ਬਾਬਾ ਜੀ ਦੀ ਅਗਵਾਈ ਹੇਠ ਇਹ ਸੁਸਾਇਟੀ ਹੋਰ ਮਜ਼ਬੂਤੀ ਨਾਲ ਗਰੀਬਾਂ, ਕਿਸਾਨਾਂ ਤੇ ਪੱਛੜੇ ਵਰਗਾਂ ਦੀ ਆਵਾਜ਼ ਬਣੇਗੀ। ਪ੍ਰਲਾਦ ਸਿੰਘ ਧਾਲੀਵਾਲ ਨੇ ਯਾਦ ਦਿਵਾਇਆ ਕਿ ਬਾਬਾ ਬਲਜੀਤ ਸਿੰਘ ਜੀ ਸਿਰਫ ਧਾਰਮਿਕ ਹੀ ਨਹੀਂ, ਸਗੋਂ ਸਮਾਜਿਕ ਮੋਰਚੇ ਉਤੇ ਵੀ ਹਮੇਸ਼ਾਂ ਅੱਗੇ ਰਹਿੰਦੇ ਹਨ।ਕਿਸੇ ਵੀ ਸਮੇਂ ਖੇਤਰ ਵਿੱਚ ਕੋਈ ਆਫ਼ਤ ਆਉਂਦੀ ਹੈ ਜਾਂ ਲੋਕਾਂ ਨੂੰ ਸਹਾਇਤਾ ਦੀ ਲੋੜ ਪੈਂਦੀ ਹੈ ਤਾਂ ਉਹ ਆਪਣੇ ਸੇਵਾਦਾਰਾਂ ਸਮੇਤ ਤੁਰੰਤ ਮੌਕੇ 'ਤੇ ਪਹੁੰਚ ਕੇ ਮਦਦ ਦਾ ਹੱਥ ਵਧਾਉਂਦੇ ਹਨ।ਉਨ੍ਹਾਂ ਦੀ ਇਹ ਆਦਤ ਹੀ ਉਨ੍ਹਾਂ ਨੂੰ ਲੋਕਾਂ ਵਿੱਚ ਪ੍ਰਸਿੱਧ ਬਣਾਉਂਦੀ ਹੈ।ਉਨ੍ਹਾਂ ਦੀ ਨਿਯੁਕਤੀ ਨਾਲ ਸਿਰਫ ਮੁਕਤਸਰ, ਫਿਰੋਜ਼ਪੁਰ ਤੇ ਫਾਜ਼ਿਲਕਾ ਜ਼ਿਲ੍ਹਿਆਂ ਦੇ ਲੋਕ ਹੀ ਨਹੀਂ, ਸਗੋਂ ਪੂਰਾ ਮਾਲਵਾ ਖੇਤਰ ਲਾਭਾਨਵਿਤ ਹੋਵੇਗਾ।

# ਵਿਧਾਇਕ ਸਵਨਾ ਨੇ ਭਾਰਤ-ਪਾਕਿ ਸਰਹੱਦ 'ਤੇ ਸਥਿਤ ਹੜ੍ਹ ਪ੍ਰਭਾਵਿਤ ਪਿੰਡ ਦੀ ਸਥਿਤੀ ਦਾ ਜਾਇਜ਼ਾ ਲਿਆ



ਫਾਜ਼ਿਲਕਾ, 22 ਸਤੰਬਰ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਫਾਜ਼ਿਲਕਾ ਦੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਭਾਰਤ ਪਾਕਿ ਸਰਹੱਦ 'ਤੇ ਸਥਿਤ ਹੜ੍ਹ ਪ੍ਰਭਾਵਿਤ ਪਿੰਡ ਗੁਲਾਬਾ ਭੈਣੀ ਵਿਖੇ ਪਹੁੰਚ ਕੇ ਮੌਕੇ ਸਥਿਤੀ ਦਾ ਜਾਇਜ਼ਾ ਲਿਆ। ਇਸ ਮੌਕੇ ਬੋਲਦਿਆਂ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਕਿਹਾ ਕਿ ਵੱਲੇ ਸ਼ਾਹ ਹਿਠਾੜ ਉਰਫ ਗੁਲਾਬਾ ਭੈਣੀ ਪਿੰਡ ਵਿੱਚ ਸਤਲੁਜ ਦਰਿਆ ਦਾ ਪਾਣੀ ਪਾਕਿਸਤਾਨ ਤੋਂ ਸਿੱਧਾ ਇਸ ਪਿੰਡ ਵਿੱਚ ਦਾਖਲ ਹੁੰਦਾ ਹੈ, ਜਿਸ ਕਾਰਨ ਇਸ ਪਿੰਡ ਨੂੰ ਪਾਣੀ ਦੀ ਮਾਰ ਝੱਲਣੀ ਪੈਂਦੀ ਹੈ। ਉਹਨਾਂ ਕਿਹਾ ਕਿ ਸਾਲ 2023 ਵਿੱਚ ਵੀ ਇਸ ਪਿੰਡ ਨੂੰ ਪਾਣੀ ਦੀ ਮਾਰ ਝੱਲਣੀ ਪਈ ਸੀ ਤੇ ਹੁਣ ਵੀ ਇੱਥੇ ਦਰਿਆ 'ਤੇ ਪਾੜ ਪੈਣ ਕਾਰਨ ਪਾਣੀ ਦੀ ਮਾਰ ਪਈ ਹੈ। ਉਹਨਾਂ ਕਿਹਾ ਕਿ ਸਾਲ 2023 ਵਿੱਚ ਇੱਕ ਪ੍ਰਪੋਜ਼ਲ ਤਿਆਰ ਕੀਤੀ ਗਈ ਸੀ, ਕਿ ਇੱਥੇ ਬੰਨ੍ਹ ਬਣਾਇਆ ਜਾਵੇ ਤਾਂ ਜੋ ਪਾਣੀ ਇਧਰ ਮਾਰ ਨਾ ਕਰ ਸਕੇ। ਉਹਨਾਂ ਅੱਗੇ ਕਿਹਾ ਕਿ ਜੇਕਰ ਕੇਂਦਰ ਸਰਕਾਰ ਇੱਥੇ ਬੰਨ ਬਣਾਉਣ ਦੀ ਆਗਿਆ ਦੇਵੇ ਤਾਂ ਹੀ ਇੱਥੇ ਬੰਨ੍ਹ ਬਣ ਸਕਦਾ ਹੈ। ਪੰਜਾਬ ਸਰਕਾਰ ਬੰਨ੍ਹ ਬਣਾਉਣ ਲਈ ਤਿਆਰ ਹੈ ਤੇ ਜਿੰਨਾ ਵੀ ਖਰਚ ਹੋਵੇਗਾ, ਉਹ ਪੰਜਾਬ ਸਰਕਾਰ ਭਰਨ ਲਈ ਵੀ ਤਿਆਰ ਹੈ।

# ਗੁਰੂ ਦੀਆਂ ਫੌਜਾਂ ਵੱਲੋਂ ਦੁਸਹਿਰਾ ਮਹਾਤਮ ਪਾਠ ਲੜੋਆ 'ਚ ਆਰੰਭ





ਭੋਗਪੁਰ, 22 ਸਤੰਬਰ (ਅਮਰਜੀਤ ਸਿੰਘ ਸੈਣੀ ਜੰਡੀਰ): ਮਿਸਲ ਨਵਾਬ ਕਪੂਰ ਸਿੰਘ ਜੀ ਬੁੱਢਾ ਦਲ ਮੁਖੀ ਜਥੇਦਾਰ ਬਾਬਾ ਦਵਿੰਦਰ ਸਿੰਘ ਜੀ ਅਕਾਲੀ ਜੀ ਦੀ ਅਗਵਾਈ ਹੇਠ ਅੱਜ ਭੋਗਪੁਰ ਦੇ ਪਿੰਡ ਲੜੋਆ ਬਾਗ ਨਜ਼ਦੀਕ ਵਿਕਾਸ ਕਲੋਨੀ 'ਚ ਪਾਠ ਸ੍ਰੀ ਦੁਸਹਿਰਾ ਮਹਾਤਮ ਆਰੰਭ ਕੀਤੇ ਗਏ, ਕਲਗੀਧਰ ਪਾਤਸ਼ਾਹ ਵੱਲੋਂ ਚਲਾਈ ਹੋਈ ਪੁਰਾਤਨ ਮਰਿਆਦਾ ਅਨੁਸਾਰ ਰੋਜ਼ਾਨਾ ਹੀ 2 ਅਕਤੂਬਰ ਤੱਕ 11 ਵਜੇ ਤੋਂ ਲੈ ਕੇ 5 ਵਜੇ ਤੱਕ ਪਾਠ ਦੁਸਹਿਰਾ ਮਹਾਤਮ ਆਰੰਭ ਰਹਿਣਗੇ। ਜਥੇਦਾਰ ਮੁਖੀ ਬਾਬਾ ਦਵਿੰਦਰ ਸਿੰਘ ਜੀ ਨੇ ਸੰਗਤਾਂ ਨੂੰ ਵੱਧ ਚੜ੍ਹ ਕੇ ਹਾਜ਼ਰੀਆਂ ਭਰਨ ਦਾ ਬੇਨਤਾ ਕੀਤਾ ਹੈ ਅੱਜ ਆਰੰਭਤਾ ਮੌਕੇ ਭਾਰੀ ਗਿਣਤੀ ਵਿੱਚ ਗੁਰੂ ਦੀਆਂ ਫੌਜਾਂ ਨੇ ਹਾਜ਼ਰੀਆਂ ਭਰੀਆਂ। ਜੱਥੇ ਵੱਲੋਂ ਸਾਰੀਆਂ ਸੇਵਾਵਾਂ ਸੰਭਾਲੀਆਂ ਗਈਆਂ, ਉਪਰੰਤ ਗੁਰੂ ਦੀਆਂ ਫੌਜਾਂ ਵੱਲੋਂ ਡਲਿਆਂ ਦੇ ਪ੍ਰਸ਼ਾਦ ਦੇ ਕੇ ਲੰਗਰ ਵੀ ਲਗਾਏ ਗਏ।

# ਸ੍ਰੀ ਗੁਰੂ ਰਵੀਦਾਸ ਕ੍ਰਿਕਟ ਕਲੱਬ ਵੱਲੋਂ ਫਾਜ਼ਿਲਕਾ ਦੀ ਦਾਣਾ ਮੰਡੀ ਵਿਖੇ ਇਕ ਦਿਨਾ ਕ੍ਰਿਕਟ ਟੂਰਨਾਮੈਂਟ ਦਾ ਸਫਲ ਆਯੋਜਨ



ਫਾਜ਼ਿਲਕਾ, 22 ਸਤੰਬਰ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਸ੍ਰੀ ਗੁਰੂ ਰਵੀਦਾਸ ਕ੍ਰਿਕਟ ਕਲੱਬ ਫਾਜ਼ਿਲਕਾ ਵੱਲੋਂ ਸਥਾਨਕ ਦਾਣਾ ਮੰਡੀ ਦੇ ਮੈਦਾਨ ਵਿਖੇ ਇਕ ਦਿਨਾ ਕ੍ਰਿਕੇਟ ਟੂਰਨਾਮੈਂਟ ਦਾ ਸਫਲ ਆਯੋਜਨ ਕੀਤਾ ਗਿਆ।ਇਸ ਮੌਕੇ ਮੁੱਖ ਮਹਿਮਾਨ ਵਜੋਂ ਕੌਂਸਲਰ ਪੂਜਾ ਲੂਥਰਾ ਤੇ ਡਾ. ਬੀ.ਡੀ. ਸਚਦੇਵਾ ਮੈਮੋਰੀਅਲ ਵੈਲਫੇਅਰ ਸੋਸਾਇਟੀ ਦੇ ਚੇਅਰਮੈਨ ਤੇ ਸਮਾਜਸੇਵੀ ਅਜੈ ਸਚਦੇਵਾ (ਬੰਟੀ) ਨੇ ਸ਼ਿਰਕਤ ਕੀਤੀ। ਇਸ ਟੂਰਨਾਮੈਂਟ ਵਿੱਚ ਸਥਾਨਕ ਤੇ ਆਸਪਾਸ ਦੀਆਂ ਵੱਖ-ਵੱਖ ਟੀਮਾਂ ਨੇ ਭਾਗ ਲਿਆ ਤੇ ਆਪਣੀ ਖੇਡ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।ਮੁੱਖ ਮਹਿਮਾਨ ਕੌਂਸਲਰ ਪੂਜਾ ਲੂਥਰਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਖੇਡਾਂ ਨੌਜਵਾਨਾਂ ਦੇ ਸਰੀਰਕ ਤੇ ਮਾਨਸਿਕ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ।ਉਨ੍ਹਾਂ ਨੇ ਕਿਹਾ ਕਿ ਅਜਿਹੇ ਟੂਰਨਾਮੈਂਟ ਨੌਜਵਾਨਾਂ ਨੂੰ ਆਪਣੀ ਪ੍ਰਤਿਭਾ ਨੂੰ ਨਿਖਾਰਨ ਦਾ ਮੌਕਾ ਦਿੰਦੇ ਹਨ ਤੇ ਉਨ੍ਹਾਂ ਨੂੰ ਟੀਮ ਵਰਕ, ਅਨੁਸ਼ਾਸਨ ਤੇ ਸਿਹਤਮੰਦ ਜੀਵਨ ਸ਼ੈਲੀ ਵੱਲ ਪ੍ਰੇਰਿਤ ਕਰਦੇ ਹਨ।ਉਨ੍ਹਾਂ ਨੇ ਸ਼੍ਰੀ ਗੁਰੂ ਰਵੀਦਾਸ ਕ੍ਰਿਕੇਟ ਕਲੱਬ ਦੀ ਇਸ ਪਹਿਲਕਦਮੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਆਯੋਜਨ ਸਥਾਨਕ ਪੱਧਰ 'ਤੇ ਖੇਡ ਸੱਭਿਆਚਾਰ ਨੂੰ ਮਜ਼ਬੂਤ ਕਰਨ ਵਿੱਚ ਮਦਦਗਾਰ ਸਾਬਤ ਹੁੰਦੇ ਹਨ।ਇਸੇ ਤਰ੍ਹਾਂ ਸਮਾਜਸੇਵੀ ਅਜੈ ਸਚਦੇਵਾ (ਬੰਟੀ) ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਖੇਡਾਂ ਨਾ ਸਿਰਫ਼ ਸਰੀਰਕ ਸਿਹਤ ਨੂੰ ਬਿਹਤਰ ਬਣਾਉਂਦੀਆਂ ਹਨ, ਸਗੋਂ ਸਮਾਜ ਵਿੱਚ ਏਕਤਾ ਤੇ ਭਾਈਚਾਰਕ ਸਾਂਝ ਨੂੰ ਵੀ ਵਧਾਉਂਦੀਆਂ ਹਨ। ਉਨ੍ਹਾਂ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਖੇਡਾਂ ਨੂੰ ਆਪਣੀ ਜ਼ਿੰਦਗੀ ਦਾ ਅੰਗ ਬਣਾਉਣ ਤੇ ਨਸ਼ਿਆਂ ਵਰਗੀਆਂ ਸਮਾਜਕ ਬੁਰਾਈਆਂ ਤੋਂ ਦੂਰ ਰਹਿਣ। ਇਸ ਦੌਰਾਨ ਮੁਕਾਬਲਿਆਂ ਵਿੱਚ ਜੇਤੂ ਟੀਮਾਂ ਤੇ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਇਨਾਮਾਂ ਨਾਲ ਸਨਮਾਨਤ ਕੀਤਾ ਗਿਆ। ਮੁੱਖ ਮਹਿਮਾਨਾਂ ਨੇ ਜੇਤੂ ਟੀਮਾਂ ਨੂੰ ਟਰਾਫੀਆਂ ਤੇ ਨਕਦ ਇਨਾਮ ਵੰਡੇ, ਜਿਸ ਨਾਲ ਖਿਡਾਰੀਆਂ ਵਿੱਚ ਹੋਰ ਵੀ ਉਤਸ਼ਾਹ ਵਧਿਆ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ 'ਚ ਪੀ.ਐਚ.ਡੀ. ਰਿਸਰਚ ਸਕਾਲਰਾਂ ਲਈ ਇੰਡਕਸ਼ਨ ਪ੍ਰੋਗਰਾਮ



ਫਤਹਿਗੜ੍ਹ ਸਾਹਿਬ, 22 ਸਤੰਬਰ (ਹਰਪ੍ਰੀਤ ਕੌਰ ਟਿਵਾਣਾ): ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਹਿਗੜ੍ਹ ਸਾਹਿਬ ਵੱਲੋਂ ਨਵੇਂ ਦਾਖਲਾ ਲਏ ਪੀ.ਐਚ.ਡੀ. ਰਿਸਰਚ ਸਕਾਲਰਾਂ ਦਾ ਸਵਾਗਤ ਕਰਨ ਲਈ ਇੰਡਕਸ਼ਨ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਸਾਲ ਯੂਨੀਵਰਸਿਟੀ ਵਿੱਚ ਕਾਫੀ ਗਿਣਤੀ 'ਚ ਦਾਖਲੇ ਹੋਏ ਹਨ, ਜਿਨ੍ਹਾਂ ਵਿੱਚ ਕਈ ਨੈਟ ਪਾਸ ਵਿਦਿਆਰਥੀ ਅਤੇ ਵਿਦੇਸ਼ੀ ਵਿਦਿਆਰਥੀ ਵੀ ਸ਼ਾਮਲ ਹਨ ਜੋ ਕਿ ਯੂਨੀਵਰਸਿਟੀ ਦੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਵੱਧ ਰਹੀ ਅਕਾਦਮਿਕ ਸਾਖ ਦਾ ਸਬੂਤ ਦੇਂਦੀ ਹੈ। ਸਵਾਗਤੀ ਭਾਸ਼ਣ ਦੌਰਾਨ ਪ੍ਰੋ. (ਡਾ.) ਨਵਦੀਪ ਕੌਰ, ਡੀਨ ਰਿਸਰਚ, ਨੇ ਪੀ.ਐਚ.ਡੀ. ਸਬੰਧੀ ਨਿਯਮਾਂ ਅਤੇ ਦਿਸ਼ਾ-ਨਿਰਦੇਸ਼ਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦਾਖਲੇ, ਰਜਿਸਟ੍ਰੇਸ਼ਨ, ਸਿਨੋਪਸਿਸ ਅਪ੍ਰੂਵਲ, ਥੀਸਿਸ ਸਮਰਪਣ, ਪਲੇਜਰਿਜ਼ਮ ਜਾਂਚ ਤੇ ਰਿਸਰਚ ਕਮੇਟੀਆਂ ਦੀ ਭੂਮਿਕਾ ਬਾਰੇ ਵੀ ਚਾਨਣਾ ਪਾਇਆ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਨੈਤਿਕ ਖੋਜ ਪਾਲਨ ਅਤੇ ਸਮੇਂ 'ਤੇ ਪੀ.ਐਚ.ਡੀ. ਪੂਰੀ ਕਰਨ ਲਈ ਪ੍ਰੇਰਿਤ ਕੀਤਾ। ਆਪਣੇ ਉਦਘਾਟਨੀ ਭਾਸ਼ਣ ਵਿੱਚ ਵਾਈਸ-ਚਾਂਸਲਰ ਪ੍ਰੋ. (ਡਾ.) ਪਰਿਤਪਾਲ ਸਿੰਘ ਨੇ ਸਕਾਲਰਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਮੰਨੇ-ਪ੍ਰਮੰਨੇ ਜਰਨਲਾਂ ਵਿੱਚ ਗੁਣਵੱਤਾ ਵਾਲੇ ਪ੍ਰਕਾਸ਼ਨ ਕਰਨ 'ਤੇ ਧਿਆਨ ਦੇਣ। ਉਨ੍ਹਾਂ ਨੇ ਅਕਾਦਮਿਕ ਪ੍ਰੋਫਾਈਲ ਵਿੱਚ ਸਾਈਟੇਸ਼ਨ ਦੀ ਮਹੱਤਤਾ ਬਾਰੇ ਚਾਨਣ ਪਾਇਆ ਤੇ ਵਿਦਿਆਰਥੀਆਂ ਨੂੰ ਸਮਾਜਿਕ ਤੌਰ 'ਤੇ ਸੰਗਤੀ ਖੋਜ ਕਰਨ ਲਈ ਉਤਸ਼ਾਹਿਤ ਕੀਤਾ। ਡਾ. ਸ਼ੀਨਮ ਮਲਹੋਤਰਾ, ਨੋਡਲ ਅਫਸਰ (ਜੇਆਰਐਫ/ਐਸਆਰਐਫ ਸਕਾਲਰਸ਼ਿਪ ਤੇ ਰਿਸਰਚ ਗਤੀਵਿਧੀਆਂ) ਨੇ ਵਿਦਿਆਰਥੀਆਂ ਨੂੰ ਪੇਟੈਂਟ, ਫੈਲੋਸ਼ਿਪ, ਪਲੇਜਰਿਜ਼ਮ ਨਿਯਮਾਂ ਅਤੇ ਫੰਡਿੰਗ ਮੌਕਿਆਂ ਬਾਰੇ ਸੰਵੇਦਨਸ਼ੀਲ ਕੀਤਾ। ਉਨ੍ਹਾਂ ਨੇ ਪੇਟੈਂਟ ਫਾਈਲ ਕਰਨ ਦਾ ਢੁੱਕਵਾਂ ਸਮਾਂ, ਰਿਸਰਚ ਫੈਲੋਸ਼ਿਪਾਂ ਅਤੇ ਵਿਦਿਆਰਥੀਆਂ ਦੇ ਸਾਹਮਣੇ ਆਉਣ ਵਾਲੀਆਂ ਆਮ ਚੁਣੌਤੀਆਂ ਬਾਰੇ ਵੀ ਜਾਣਕਾਰੀ ਦਿੱਤੀ। ਇੰਡਕਸ਼ਨ ਪ੍ਰੋਗਰਾਮ ਦਾ ਸੰਚਾਲਨ ਜਸਕੀਰਤ ਕੌਰ, ਰਿਸਰਚ ਸਕਾਲਰ (ਬੈਚ 2024) ਤੇ ਸਹਾਇਕ ਪ੍ਰੋਫੈਸਰ, ਕੰਪਿਊਟਰ ਸਾਇੰਸ ਵਿਭਾਗ ਵੱਲੋਂ ਕੀਤਾ ਗਿਆ। ਇਹ ਇੰਡਕਸ਼ਨ ਪ੍ਰੋਗਰਾਮ ਵਿਦਿਆਰਥੀਆਂ ਲਈ ਜਾਣਕਾਰੀਪੂਰਨ ਤੇ ਪ੍ਰੇਰਨਾਦਾਇਕ ਸਾਬਤ ਹੋਇਆ।

# ਲਿਬੜਾ ਫੁੱਟਬਾਲ ਅਕੈਡਮੀ ਨੌਜਵਾਨਾਂ ਲਈ ਰਾਹ ਦਸੇਰਾ: ਪ੍ਰੋ. ਜਲਵੇੜਾ



ਮੰਡੀ ਗੋਬਿੰਦਗੜ੍ਹ, 22 ਸਤੰਬਰ (ਸੂਦ): ਨਸ਼ੇ ਤੇ ਮੋਬਾਇਲ ਦੀ ਲੱਤ ਨੇ ਬੇਸ਼ੱਕ ਨੌਜਵਾਨਾਂ ਨੂੰ ਖੇਡ ਮੈਦਾਨਾਂ ਤੋਂ ਦੂਰ ਕੀਤਾ ਪਰ ਨਸ਼ਿਆਂ ਦੀ ਬਨਾਉਟੀ ਜ਼ਿੰਦਗੀ ਤੋਂ ਬਚਾਉਣ ਲਈ ਖੇਡਾਂ ਅੱਜ ਵੀ ਇੱਕ ਕਾਰਗਾਰ ਰਾਹ ਹਨ। ਕੋਚਾਂ ਦੇ ਨਾਲ਼-ਨਾਲ਼ ਮਾਪਿਆਂ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਬੱਚਿਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਮਾਜ ਸੇਵੀ ਪ੍ਰੋਫੈਸਰ ਧਰਮਜੀਤ ਜਲਵੇੜਾ ਨੇ ਲਿਬੜਾ ਫੁੱਟਬਾਲ ਅਕੈਡਮੀ 'ਚ ਚੱਲ ਰਹੇ ਫੁੱਟਬਾਲ ਟੂਰਨਾਮੈਂਟ 'ਚ ਬਤੌਰ ਮੁੱਖ-ਮਹਿਮਾਨ ਸ਼ਿਰਕਤ ਕਰਨ ਮੌਕੇ ਕੀਤਾ। ਉਨ੍ਹਾਂ ਕਿਹਾ ਕੋਈ ਟੂਰਨਾਮੈਂਟ ਹੋਵੇ ਨੇੜਲੇ ਚਾਰ ਪਿੰਡਾਂ ਦੀਆਂ ਟੀਮਾਂ ਨਹੀਂ ਪਹੁੰਚਦੀਆਂ ਪਰ ਲਿਬੜਾ ਫੁੱਟਬਾਲ ਅਕੈਡਮੀ 'ਚ ਚੱਲ ਰਹੇ ਟੂਰਨਾਮੈਂਟ 'ਚ ਅੰਡਰ ਸੈਵਨ, ਨਾਈਨ, ਈਲੈਵਨ, ਥਰਟੀਨ ਅਤੇ ਫੌਰਟੀਨ ਦੀਆਂ ਪੰਜਾਬ, ਹਰਿਆਣਾ ਸਮੇਤ ਯੂ.ਟੀ ਚੰਡੀਗੜ੍ਹ ਤੋਂ 3 ਦਰਜਨ ਦੇ ਕਰੀਬ ਟੀਮਾਂ ਦੇ 400 ਦੇ ਕਰੀਬ ਖਿਡਾਰੀ ਸ਼ਾਮਲ ਹੋਏ ਹਨ ਜੋ ਇਕ ਮਿਸਾਲ ਹੈ। ਉਨ੍ਹਾਂ ਕੋਚ ਸਤਵੀਰ ਸਿੰਘ ਅਤੇ ਉਸ ਦੇ ਸਾਥੀ ਕੋਚਾਂ ਵੱਲੋਂ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ। ਪ੍ਰੋਫੈਸਰ ਜਲਵੇੜਾ ਨੇ ਦੱਸਿਆ ਕਿ ਲੋੜਵੰਦ ਖਿਡਾਰੀ ਜਿਨ੍ਹਾਂ 'ਚ ਖੇਡ ਦਾ ਹੁਨਰ ਹੈ ਉਨ੍ਹਾਂ ਨੂੰ ਖੇਡ ਕਿੱਟਾਂ ਕੋਚ ਵਲੋਂ ਦਿੱਤੀਆਂ ਜਾਂਦੀਆਂ ਹਨ ਤਾਂ ਜੋ ਕੋਈ ਵੀ ਖਿਡਾਰੀ ਆਰਥਿਕ ਕਮਜ਼ੋਰੀ ਪੱਖੋਂ ਖੇਡਣ ਤੋਂ ਵਾਂਝਾ ਨਾ ਰਹੇ। ਉਨ੍ਹਾਂ ਲੋਕ ਸਭਾ ਮੈਂਬਰ, ਸਰਕਾਰ ਤੇ ਵਿਧਾਇਕਾਂ ਨੂੰ ਅਪੀਲ ਕੀਤੀ ਕਿ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਇਸ ਅਕੈਡਮੀ ਨੂੰ 20 ਲੱਖ ਦੀ ਮਾਲੀ ਸਹਾਇਤਾ ਦਿੱਤੀ ਜਾਵੇ ਤਾਂ ਜੋ ਖਿਡਾਰੀਆਂ ਲਈ ਹੋਰ ਪੁਖਤਾ ਪ੍ਰਬੰਧ ਹੋ ਸਕਣ। ਇਸ ਮੌਕੇ ਪ੍ਰੋਫ਼ੈਸਰ ਜਲਵੇੜ੍ਹਾ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ।

# ਪਵਨ ਕੁਮਾਰ ਟੀਨੂ ਨੇ 1.75 ਕਰੋੜ ਦੀ ਲਾਗਤ ਨਾਲ ਬਣਨ ਵਾਲੀ ਸੜਕ ਦਾ ਨੀਂਹ ਪੱਥਰ ਰੱਖਿਆ

ਭੋਗਪੁਰ, 22 ਸਤੰਬਰ (ਅਮਰਜੀਤ ਸਿੰਘ ਸੈਣੀ ਜੰਡੀਰ): ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਪਵਨ ਕੁਮਾਰ ਟੀਨੂ ਵੱਲੋਂ ਭੋਗਪੁਰ ਰੋਡ ਤੋਂ ਲਿੰਕ ਰੋਡ ਨਾਜਕਾ ਤੋਂ ਸੰਧਮ ਤੱਕ ਦੀ 1.75 ਕਰੋੜ ਦੀ ਲਾਗਤ ਨਾਲ ਬਣਨ ਵਾਲੀ ਸੜਕ ਦਾ ਨੀਂਹ ਪੱਥਰ ਰੱਖਿਆ ਗਿਆ। ਪਵਨ ਕੁਮਾਰ ਟੀਨੂ ਨੇ ਦੱਸਿਆ ਕਿ ਇਸ ਲੰਬਾਈ 11 ਕਿ.ਮੀ. ਹੈ ਤੇ ਇਸ ਸੜਕ ਨੂੰ ਜਲਦ ਹੀ ਨਵੀਂ ਬਣਾ ਕੇ ਸਪੁਰਦ ਕੀਤੀ ਜਾਵੇਗੀ।ਇਸ ਮੌਕੇ 'ਤੇ ਬਲਵਿੰਦਰ ਭੰਡਾਰੀ ਬਲਾਕ ਪ੍ਰਧਾਨ, ਬਰਕਤ ਰਾਮ ਚੇਅਰਮੈਨ, ਪਰਮਜੀਤ ਸਿੰਘ ਪੰਮਾ ਸੰਗਠਨ ਚਾਰਜ, ਦੇਵ ਮਨੀ ਚੇਂਜਰ ਭੋਗਪੁਰ, ਬੂਟਾ ਸਿੰਘ ਟੀਟੂ ਕੋਆਰਡੀਨੇਟਰ, ਪਰਮਜੀਤ ਸਿੰਘ ਰਾਜਵੰਸ ਚੇਅਰਮੈਨ ਆਦਮਪੁਰ, ਦਲਜੀਤ ਸਿੰਘ ਆਦਮਪੁਰ ਸੀਨੀਅਰ ਆਗੂ ਆਪ, ਅਜੇ ਕੁਮਾਰ ਬਲਾਕ ਪ੍ਰਧਾਨ, ਮਦਨ ਸਿੰਘ ਬਲਾਕ ਪ੍ਰਧਾਨ ਆਦਿ ਹਾਜ਼ਰ ਸਨ।

# ਪਿਮਟ 'ਚ ਸ਼ਾਨਦਾਰ ਫਰੈਸ਼ਰ ਪਾਰਟੀ ਕਰਵਾਈ



ਮੰਡੀ ਗੋਬਿੰਦਗੜ੍ਹ, 22 ਸਤੰਬਰ (ਸੂਦ): ਪੰਜਾਬ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਅਲੌੜ ਵਿਖੇ ਸਭਿਆਚਾਰਕ ਕੋਆਰਡੀਨੇਟਰ ਪੂਜਾ ਤੇ ਕੋ-ਕੋਆਰਡੀਨੇਟਰ ਵੰਦਨਾ ਗਰਗ ਦੀ ਦੇਖ-ਰੇਖ ਵਿੱਚ ਨਵੀਂ ਸਿੱਖਿਆ ਸੈਸ਼ਨ ਦੇ ਵਿਦਿਆਰਥੀਆਂ ਦੇ ਸਵਾਗਤ ਲਈ ਸ਼ਾਨਦਾਰ 'ਫਰੈਸ਼ਰ ਪਾਰਟੀ 2025' ਦਾ ਆਯੋਜਿਤ ਕੀਤਾ ਗਿਆ। ਇਸ ਮੌਕੇ ਗੋਬਿੰਦਗੜ੍ਹ ਐਜੂਕੇਸ਼ਨਲ ਟਰੱਸਟ ਦੇ ਪ੍ਰਧਾਨ ਤੇ ਗੋਬਿੰਦਗੜ੍ਹ ਪਬਲਿਕ ਸਕੂਲ ਦੇ ਚੇਅਰਮੈਨ ਰਾਜ ਕੁਮਾਰ ਗੋਇਲ, ਸੰਯੁਕਤ ਖਜ਼ਾਨਚੀ ਤੇ ਪਿਮਟ ਦੇ ਚੇਅਰਮੈਨ ਨਰੇਸ਼ ਅਗਰਵਾਲ, ਐਜੂਕੇਸ਼ਨਲ ਟਰੱਸਟ ਦੇ ਸਕੱਤਰ ਨਿਤਿਨ ਸੱਗੜ ਸੀਨੀਅਰ ਮੈਂਬਰ ਪਿਆਰਾ ਸਿੰਘ ਕਲਸੀ, ਸੰਯੁਕਤ ਸਕੱਤਰ ਰਾਹੁਲ ਗੋਇਲ, ਗੋਬਿੰਦਗੜ੍ਹ ਪਬਲਿਕ ਸਕੂਲ ਦੀ ਡਾਇਰੈਕਟਰ ਡਾ. ਨੀਨਾ ਸੇਠ ਪਜਨੀ ਤੇ ਪ੍ਰਿੰਸੀਪਲ ਡਾ. ਨੀਰੂ ਅਰੋੜਾ ਨੇ ਵਿਸੇਸ ਤੌਰ 'ਤੇ ਸ਼ਿਰਕਤ ਕੀਤੀ। ਪਿਮਟ ਦੀ ਡਾਇਰੈਕਟਰ ਡਾ. ਨਿਸ਼ੀ ਬਾਲਾ ਤੇ ਫੈਕਲਟੀ ਮੈਂਬਰਾਂ ਨੇ ਸ਼ਮਾਂ ਰੌਸ਼ਨ ਕਰਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ, ਜਿਸ ਉਪਰੰਤ ਸੀਨੀਅਰ ਵਿਦਿਆਰਥੀਆਂ ਨੇ ਪਹਿਲੇ ਸਾਲ ਦੇ ਵਿਦਿਆਰਥੀਆਂ ਦਾ ਤਿਲਕ ਲਗਾ ਕੇ ਸਵਾਗਤ ਕੀਤਾ। ਸੀਨੀਅਰ ਤੇ ਜੂਨੀਅਰ ਦੋਵਾਂ ਨੇ ਸੋਲੋ ਡਾਂਸ, ਗਰੁੱਪ ਡਾਂਸ, ਰੈਂਪ ਵਾਕ, ਸਕਿਟ ਤੇ ਗਾਇਕੀ ਸਮੇਤ ਕਈ ਪ੍ਰੋਗਰਾਮ ਪੇਸ਼ ਕੀਤੇ। ਇਸ ਉਪਰੰਤ ਮਿਸਟਰ ਐਂਡ ਮਿਸਿਜ਼ ਫਰੈਸ਼ਰ 2025 ਦੇ ਜੇਤੂਆਂ ਦੀ ਚੋਣ ਕੀਤੀ ਗਈ, ਜਿਸ ਵਿਚ ਬੀਸੀਏ ਪਹਿਲੇ ਸਾਲ ਦੇ ਗੁਰਕੀਰਤ ਸਿੰਘ ਮਿਸਟਰ ਫਰੈਸ਼ਰ ਤੇ ਬੀਐਸਸੀ ਫੂਡ ਟੈਕਨਾਲੋਜੀ ਦੀ ਪਹਿਲੇ ਸਾਲ ਦੀ ਇਸ਼ੀਕਾ ਮਿਸ ਫਰੈਸ਼ਰ 2025 ਬਣੀ। ਇਸ ਤੋਂ ਇਲਾਵਾ ਬੀਬੀਏ ਪਹਿਲੇ ਸਾਲ ਦਾ ਪ੍ਰਭਜੋਤ ਸਿੰਘ ਮਿਸਟਰ ਹੈਂਡਸਮ ਆਫ਼ ਦ ਪਾਰਟੀ ਬਣੀ ਤੇ ਫੂਡ ਟੈਕਨਾਲੋਜੀ ਦੀ ਪਹਿਲੇ ਸਾਲ ਦੀ ਵੰਸ਼ਿਕਾ ਮਿਸ ਗੋਰਜੀਅਸ ਬਣੀ। ਮਿਸਟਰ ਡੈਜ਼ਲ ਰੁਪੇਸ਼ ਤੇ ਮਿਸ ਗਲੈਮਰ ਡੋਰਸ ਵਿਲੀਅਮ ਗਿੱਲ ਨੂੰ ਚੁਣਿਆ ਗਿਆ। ਮਿਸਟਰ ਸ਼ੋਅ ਟੌਪਰ ਸਿਮਰਨਦੀਪ ਸਿੰਘ ਤੇ ਮਿਸ ਸ਼ੋਅ ਟੌਪਰ ਸਲੋਨੀ ਨੂੰ ਚੁਣਿਆ ਗਿਆ। ਜੇਤੂਆਂ ਨੂੰ ਤੋਹਫ਼ੇ ਤੇ ਯਾਦਗਾਰੀ ਚਿੰਨ ਦੇ ਕੇ ਸਨਮਾਨਤ ਕੀਤਾ ਗਿਆ। ਅੰਤ ਵਿੱਚ ਸੰਸਥਾ ਦੀ ਡਾਇਰੈਕਟਰ ਡਾ. ਨਿਸ਼ੀ ਬਾਲਾ ਨੇ ਕਿਹਾ ਕਿ ਫ਼ਰੈਸ਼ਰ ਪਾਰਟੀ ਸੀਨੀਅਰ ਤੇ ਜੂਨੀਅਰ ਵਿਦਿਆਰਥੀਆਂ ਵਿਚਕਾਰ ਭਾਈਚਾਰੇ ਦੀ ਭਾਵਨਾ ਪੈਦਾ ਕਰਦੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਅਨੁਸ਼ਾਸਨ, ਨੈਤਿਕਤਾ ਤੇ ਉੱਤਮ ਆਦਰਸ਼ਾਂ ਦੇ ਮਾਰਗ 'ਤੇ ਚੱਲਣ ਦੀ ਅਪੀਲ ਕੀਤੀ ਤੇ ਜੇਤੂਆਂ ਨੂੰ ਵਧਾਈ ਦਿੱਤੀ।

## 10 ਲੱਖ ਸਿਹਤ ਬੀਮਾ ਯੋਜਨਾ ਸਕੀਮ ਦਾ ਅੱਜ ਤੋਂ ਹੋਵੇਗਾ ਰਜਿਸਟ੍ਰੇਸ਼ਨ ਦਾ ਕੰਮ ਸ਼ੁਰੂ: ਡਾ. ਕੇ.ਜੇ. ਸਿੰਘ

ਘੁਮਾਣ/ਸ੍ਰੀ ਹਰਗੋਬਿੰਦਪੁਰ ਸਾਹਿਬ, 22 ਸਤੰਬਰ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ 10 ਲੱਖ ਸਿਹਤ ਬੀਮਾ ਦੀ ਬਹੁਤ ਵਧੀਆ ਸਕੀਮ ਚਲਾਈ ਗਈ ਹੈ, ਜਿਸ ਨਾਲ 2000 ਬਿਮਾਰੀਆਂ ਦਾ ਇਲਾਜ ਬਿਲਕੁਲ ਮੁਫਤ ਹੋਵੇਗਾ। ਡਾ. ਕਮਲਜੀਤ ਸਿੰਘ ਕੇ.ਜੇ. ਸਾਬਕਾ ਆਬਜ਼ਰਵਰ ਤੇ ਸੀਨੀਅਰ ਆਗੂ ਆਮ ਆਦਮੀ ਪਾਰਟੀ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਤੁਹਾਨੂੰ ਇਹ ਸਾਬਤ ਕਰਨਾ ਪਵੇਗਾ ਕਿ ਮੈਂ ਪੰਜਾਬ ਦਾ ਵਾਸੀ ਹਾਂ, ਇਸ ਲਈ ਉਸ ਦਾ ਆਧਾਰ ਕਾਰਡ, ਵੋਟਰ ਕਾਰਡ ਜਾਂ ਪਾਸਪੋਰਟ ਚੱਲ ਜਾਵੇਗਾ। ਇਹ ਹੈਲਥ ਕਾਰਡ ਕਿਸੇ ਵੀ ਜਾਤ, ਧਰਮ ਜਾਂ ਕਲਾਸ ਦੇ ਨਾਲ ਨਹੀਂ ਜੁੜਿਆ ਹੋਵੇਗਾ, ਹਰ ਪੰਜਾਬੀ ਪਰਿਵਾਰ ਕੋਲ ਇਹ 10 ਲੱਖ ਦਾ ਕਾਰਡ ਹੋਵੇਗਾ।ਮੈਂ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਨੂੰ ਬੇਨਤੀ ਕਰਦਾ ਹਾਂ ਕਿ ਡਾਕਟਰ ਹੋਣ ਦੇ ਨਾਤੇ ਮੈਨੂੰ ਪਤਾ ਹੈ ਕਿ ਇਸ ਕਾਰਡ ਪ੍ਰਤੀ ਕਿੰਨੀਆਂ ਸਮੱਸਿਆਵਾਂ ਲੋਕਾਂ ਨੂੰ ਆਉਂਦੀਆਂ ਹਨ, ਹਸਪਤਾਲਾਂ ਵਾਲਿਆਂ ਨੂੰ ਆਉਂਦੀਆਂ ਹਨ।ਆਮ ਕਰਕੇ ਇਹ ਕਾਰਡ ਸਿਰਫ ਕਾਰਪੋਰੇਟ ਹਸਪਤਾਲਾਂ ਤੱਕ ਹੀ ਸੀਮਿਤ ਰਹਿੰਦਾ ਹੈ, ਜਿਹੜੇ ਵੱਡੇ-ਵੱਡੇ ਘਪਲੇ ਵੀ ਕਰ ਜਾਂਦੇ ਹਨ।ਇਸ ਲਈ ਆਈਐਮਏ ਸੰਸਥਾ ਨਾਲ ਰਜਿਸਟਰ ਸਾਰੇ ਹੀ ਹਸਪਤਾਲਾਂ ਨੂੰ ਇਹ ਕਾਰਡ ਚਲਾਉਣ ਦੀ ਆਗਿਆ ਦਿਓ ਤਾਂ ਜੋ ਲੋਕਾਂ ਦਾ ਆਪਣੇ ਨੇੜੇ ਦੇ ਹਸਪਤਾਲ ਦੇ ਵਿੱਚ ਹੀ ਇਲਾਜ ਕਰਵਾ ਸਕਣ ਤੇ ਇਸ ਤਰ੍ਹਾਂ ਇਹ ਘਪਲੇ ਵੀ ਰੁਕ ਜਾਣਗੇ। ਵੱਧ ਤੋਂ ਵੱਧ ਹਸਪਤਾਲਾਂ ਨੂੰ ਇੰਪੈਨਲ ਕੀਤਾ ਜਾਵੇ ਤਾਂ ਜੋ ਹਰ ਪਰਿਵਾਰ ਤੱਕ ਇਸ ਸਕੀਮ ਦਾ ਲਾਭ ਲੈਣ ਸਕਣ।



## ਘੱਟ ਹੋਣ ਲੱਗਾ ਹੈ ਅਮਰੀਕਾ ਤੇ ਕੈਨੇਡਾ ਜਾ ਕੇ ਪੜ੍ਹਨ ਦਾ ਰੁਝਾਨ!

### ☛ਅਮਰੀਕਾ 'ਚ ਪੜ੍ਹਾਈ ਲਈ ਪੁੱਛਗਿੱਛ 'ਚ 46 ਫ਼ੀਸਦੀ ਤੇ ਕੈਨੇਡਾ 'ਚ 75 ਫ਼ੀਸਦੀ ਦੀ ਗਿਰਾਵਟ

ਨਵੀਂ ਦਿੱਲੀ, 22 ਸਤੰਬਰ (ਚ.ਨ.ਸ): ਜੇ ਤੁਸੀਂ ਅਮਰੀਕਾ ਜਾਂ ਕੈਨੇਡਾ 'ਚ ਪੜ੍ਹਾਈ ਲਈ ਜਾਣਾ ਚਾਹੁੰਦੇ ਹੋ ਤਾਂ ਰਵਾਨਗੀ ਤੋਂ ਪਹਿਲਾਂ ਤੁਹਾਡੇ ਜ਼ਹਿਨ 'ਚ ਯੂਨੀਵਰਸਿਟੀ ਜਾਂ ਕੋਰਸ ਦੀ ਚੋਣ, ਅਰਜ਼ੀ ਤੇ ਵੀਜ਼ਾ ਪ੍ਰਕਿਰਿਆ ਤੇ ਹੋਰਨਾਂ ਤਿਆਰੀਆਂ ਨੂੰ ਲੈ ਕੇ ਬਹੁਤ ਸਾਰੇ ਸਵਾਲ ਜ਼ਰੂਰ ਆਉਂਦੇ ਹੋਣਗੇ।ਅਜਿਹੇ ਹੀ ਸਵਾਲਾਂ ਨੂੰ ਲੈ ਕੇ ਅਮਰੀਕਾ 'ਚ ਪੜ੍ਹਾਈ ਕਰਨ ਦੇ ਚਾਹਵਾਨ ਵਿਦਿਆਰਥੀਆਂ ਦੀ ਪੁੱਛਗਿੱਛ 'ਚ ਪਿਛਲੇ ਸਾਲ 'ਚ 46 ਫ਼ੀਸਦੀ ਤੋਂ ਵੱਧ ਦੀ ਗਿਰਾਵਟ ਆਈ ਹੈ, ਜਦਕਿ ਪਿਛਲੇ ਦੋ ਸਾਲਾਂ 'ਚ ਕੈਨੇਡਾ ਲਈ ਪੁੱਛਗਿੱਛ 'ਚ ਲਗਭਗ 75 ਫ਼ੀਸਦੀ ਦੀ ਕਮੀ ਆਈ ਹੈ। ਆਈਡੀਪੀ ਐਜੂਕੇਸ਼ਨ ਦੇ ਸਿਖ਼ਰਲੇ ਅਧਿਕਾਰੀਆਂ ਨੇ ਇਸ ਸਬੰਧ 'ਚ ਜਾਣਕਾਰੀ ਦਿੱਤੀ ਹੈ।ਆਈਡੀਪੀ ਐਜੂਕੇਸ਼ਨ ਦੇ ਦੱਖਣੀ ਏਸ਼ੀਆ, ਕੈਨੇਡਾ ਤੇ ਲੈਟਿਨ ਅਮਰੀਕਾ ਦੇ ਖੇਤਰੀ ਡਾਇਰੈਕਟਰ ਪੀਯੂਸ਼ ਕੁਮਾਰ ਦੇ ਅਨੁਸਾਰ ਭੋਂ-ਸਿਆਸੀ ਹਾਲਾਤ ਨੇ ਵਿਦਿਆਰਥੀਆਂ ਦੀ ਅਮਰੀਕਾ ਤੇ ਕੈਨੇਡਾ ਜਾਣ ਦੀਆਂ ਯੋਜਨਾਵਾਂ ਨੂੰ ਪ੍ਰਭਾਵਿਤ ਕੀਤਾ ਹੈ।ਉਨ੍ਹਾਂ ਦੱਸਿਆ ਕਿ ਜੇ ਅਸੀਂ ਭੋਂ-ਸਿਆਸੀ ਹਾਲਾਤ ਦੀ ਗੱਲ ਕਰੀਏ ਤਾਂ ਮੈਨੂੰ ਲੱਗਦਾ ਹੈ ਕਿ ਇਹ ਮੁੱਖ ਤੌਰ 'ਤੇ ਅਮਰੀਕਾ ਨਾਲ ਸਬੰਧਤ ਹੈ।ਅਸੀਂ ਦੇਖਿਆ ਹੈ ਕਿ ਪਿਛਲੇ ਛੇ ਤੋਂ 12 ਮਹੀਨਿਆਂ 'ਚ ਇਨ੍ਹਾਂ ਹਾਲਾਤ ਨੇ ਉਨ੍ਹਾਂ ਵਿਦਿਆਰਥੀਆਂ ਦੀਆਂ ਯੋਜਨਾਵਾਂ ਨੂੰ ਸਪੱਸ਼ਟ ਤੌਰ 'ਤੇ ਪ੍ਰਭਾਵਿਤ ਕੀਤਾ ਹੈ, ਜੋ ਅਮਰੀਕਾ ਜਾਣ ਦੀ ਯੋਜਨਾ ਬਣਾ ਰਹੇ ਹਨ।ਦਰਅਸਲ, ਇਹ ਰਾਸ਼ਟਰਪਤੀ ਟਰੰਪ ਦੇ ਆਉਣ ਤੋਂ ਪਹਿਲਾਂ ਹੀ ਸ਼ੁਰੂ ਹੋ ਗਿਆ ਸੀ।ਇਸ ਲਈ ਅਸੀਂ ਦੇਖਿਆ ਕਿ ਜੂਨ ਤੋਂ ਬਾਅਦ ਤੋਂ ਵੀਜ਼ਾ ਮਨਜ਼ੂਰੀ ਦਰ 'ਚ ਗਿਰਾਵਟ ਆਈ ਹੈ।ਪੀਯੂਸ਼ ਕੁਮਾਰ ਨੇ ਕਿਹਾ ਕਿ ਆਮ ਤੌਰ 'ਤੇ ਚੋਣ ਸਾਲ 'ਚ ਅਸੀਂ ਦੇਖਦੇ ਹਾਂ ਕਿ ਵੀਜ਼ਾ ਮਨਜ਼ੂਰੀ ਦਰਾਂ ਕਿਸੇ ਵੀ ਕਾਰਨ ਘੱਟ ਹੋ ਜਾਂਦੀਆਂ ਹਨ ਪਰ ਰਾਸ਼ਟਰਪਤੀ ਟਰੰਪ ਦੇ ਆਉਣ ਤੋਂ ਬਾਅਦ ਮੈਨੂੰ ਲੱਗਦਾ ਹੈ ਕਿ ਉਹ ਕੁਝ ਯੋਜਨਾ ਬਣਾ ਰਹੇ ਹਨ ਜਾਂ ਕੁਝ ਤਬਦੀਲੀਆਂ ਨੂੰ ਲੈ ਕੇ ਕਾਫੀ ਰੌਲਾ ਹੈ, ਜੋ ਜ਼ਾਹਿਰ ਤੌਰ 'ਤੇ ਨਿਰਾਸ਼ਾ ਦਾ ਕਾਰਨ ਬਣ ਰਹੇ ਹਨ।ਉਨ੍ਹਾਂ ਕਿਹਾ ਕਿ ਮਈ 2024 ਦੇ ਮੁਕਾਬਲੇ ਇਸ ਸਾਲ ਮਈ 'ਚ ਅਮਰੀਕਾ ਲਈ ਪੁੱਛਗਿੱਛ 'ਚ 46.4 ਫ਼ੀਸਦੀ ਦੀ ਗਿਰਾਵਟ ਆਈ ਹੈ।ਪਿਛਲੇ ਦੋ ਸਾਲਾਂ 'ਚ ਕੈਨੇਡਾ ਲਈ ਪੁੱਛਗਿੱਛ 'ਚ ਵੀ ਲਗਭਗ 70-75 ਫ਼ੀਸਦੀ ਦੀ ਗਿਰਾਵਟ ਆਈ ਹੈ।ਕੈਨੇਡਾ 'ਚ ਪਿਛਲੇ ਦੋ ਸਾਲਾਂ 'ਚ ਬਹੁਤ ਸਾਰੀਆਂ ਤਬਦੀਲੀਆਂ ਹੋਈਆਂ ਹਨ।ਇਸ ਦੀ ਸ਼ੁਰੂਆਤ ਉਦੋਂ ਹੋਈ, ਜਦੋਂ (ਸਾਬਕਾ ਕੈਨੇਡੀਅਨ ਪ੍ਰਧਾਨ ਮੰਤਰੀ) ਜਸਟਿਨ ਟਰੂਡੋ ਤੇ ਭਾਰਤ ਸਰਕਾਰ ਵਿਚਾਲੇ ਵਿਵਾਦ ਸ਼ੁਰੂ ਹੋਇਆ ਸੀ ਪਰ ਸਮੇਂ ਦੇ ਨਾਲ-ਨਾਲ ਕੈਨੇਡਾ ਵੀ ਅਮਰੀਕੀ ਟੈਰਿਫ ਤੋਂ ਪ੍ਰਭਾਵਿਤ ਹੋਇਆ ਹੈ। ਕੈਨੇਡਾ ਦਾ 80 ਫ਼ੀਸਦੀ ਬਰਾਮਦ ਅਮਰੀਕਾ ਨੂੰ ਹੁੰਦੀ ਹੈ, ਇਸ ਲਈ ਉਹ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ।ਉਨ੍ਹਾਂ ਕਿਹਾ ਕਿ ਲੋਕਾਂ ਨੂੰ ਲੱਗਦਾ ਹੈ ਕਿ ਕੈਨੇਡਾ ਜਾਣ ਦਾ ਇਹ ਸਹੀ ਸਮਾਂ ਨਹੀਂ ਹੈ ਕਿਉਂਕਿ ਉਥੇ ਪੜ੍ਹਾਈ ਤੋਂ ਬਾਅਦ ਕੰਮ ਕਰਨ ਦਾ ਅਧਿਕਾਰ ਨੂੰ ਵੀ ਸਿਰਫ ਛੇ ਸਟ੍ਰੀਮ ਤੱਕ ਸੀਮਿਤ ਕਰ ਦਿੱਤਾ ਗਿਆ ਹੈ।ਇਸ ਲਈ ਬਹੁਤ ਸਾਰੇ ਵਿਦਿਆਰਥੀ ਸੋਚਦੇ ਹਨ ਕਿ ਜੇ ਉਹ ਕੈਨੇਡਾ ਜਾਂਦੇ ਹਨ ਤੇ ਉਨ੍ਹਾਂ ਨੂੰ ਛੇ ਸਟ੍ਰੀਮ ਤੋਂ ਇਲਾਵਾ ਕੁਝ ਹੋਰ ਵਿਸ਼ੇ ਦੀ ਪੜ੍ਹਾਈ ਕਰਨਗੇ ਤਾਂ ਉਨ੍ਹਾਂ ਨੂੰ ਪੜ੍ਹਾਈ ਤੋਂ ਬਾਅਦ ਕੰਮ ਕਰਨ ਦਾ ਅਧਿਕਾਰ ਨਹੀਂ ਹੋਵੇਗਾ ਤੇ ਉਨ੍ਹਾਂ ਨੂੰ ਵਾਪਸ ਆਉਣਾ ਪਵੇਗਾ।ਕਿਉਂਕਿ ਕੈਨੇਡਾ ਸਰਕਾਰ ਨੇ ਕਿਹਾ ਹੈ ਕਿ ਉਹ ਉਪਾਅ 2027 ਤੱਕ ਲਾਗੂ ਰਹਿਣਗੇ ਤੇ ਉਸ ਤੋਂ ਬਾਅਦ ਉਹ ਇਸ ਨੀਤੀ 'ਤੇ ਮੁੜ ਵਿਚਾਰ ਕਰਨਗੇ।ਇਸ ਲਈ ਅਗਲੇ ਦੋ ਸਾਲ ਵਿਦਿਆਰਥੀਆਂ 'ਤੇ ਭਾਰੀ ਰਹਿ ਸਕਦੇ ਹਨ।

## 600 ਨਸ਼ੀਲੀਆਂ ਗੋਲੀਆਂ ਸਮੇਤ 3 ਦੋਸ਼ੀ ਗ੍ਰਿਫਤਾਰ

ਚੌਕ ਮਹਿਤਾ, 22 ਸਤੰਬਰ (ਬਲਜਿੰਦਰ ਸਿੰਘ ਰੰਧਾਵਾ): ਮੁੱਖ ਮੰਤਰੀ ਪੰਜਾਬ ਵੱਲੋਂ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ



ਡੀ.ਜੀ.ਪੀ. ਪੰਜਾਬ ਦੀਆਂ ਹਦਾਇਤਾਂ ਅਨੁਸਾਰ ਮਨਿੰਦਰ ਸਿੰਘ (ਆਈ.ਪੀ.ਐਸ.), ਸੀਨੀਅਰ ਕਪਤਾਨ ਪੁਲਿਸ, ਜ਼ਿਲ੍ਹਾ ਅੰਮ੍ਰਿਤਸਰ (ਦਿਹਾਤੀ) ਤੇ ਰਵਿੰਦਰ ਸਿੰਘ ਡੀ.ਐਸ.ਪੀ. ਜੰਡਿਆਲਾ ਦੀ ਅਗਵਾਈ ਵਿੱਚ ਥਾਣਾ ਮਹਿਤਾ ਵੱਲੋਂ ਸਫਲਤਾ ਹਾਸਲ ਕਰਦੇ ਹੋਏ 600 ਨਸ਼ੀਲੀਆਂ ਗੋਲੀਆਂ ਸਮੇਤ 3 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ।ਇਸ ਸਬੰਧੀ ਥਾਣਾ ਮਹਿਤਾ ਦੇ ਐਸ.ਐਚ.ਓ. ਹਰਪਾਲ ਸਿੰਘ ਸੋਹੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਿਸ ਵੱਲੋਂ ਗਸ਼ਤ ਦੌਰਾਨ ਪਿੰਡ ਕੁਹਾਟਵਿੰਡ ਤੋਂ ਕਰਨ ਕਮਲ ਸਿੰਘ ਉਰਫ ਕਰਨ, ਉਦੇ ਸਿੰਘ ਤੇ ਸਲਵੰਤ ਸਿੰਘ ਉਰਫ ਸੱਤਾ ਨੂੰ 600 ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫਤਾਰ ਕੀਤਾ ਗਿਆ।ਜਿਸ ਸਬੰਧੀ ਉਕਤ ਦੋਸ਼ੀਆਂ ਖਿਲਾਫ ਥਾਣਾ ਮਹਿਤਾ ਵਿਖੇ ਮੁਕੱਦਮਾ ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕਰਕੇ ਤਫਤੀਸ਼ ਕੀਤੀ ਜਾ ਰਹੀ ਹੈ।ਉਕਤ ਗ੍ਰਿਫਤਾਰ ਦੋਸ਼ੀਆਂ ਦੇ ਫਾਰਵਰਡ ਤੇ ਬੈਕਵਰਡ ਲਿੰਕਾਂ ਨੂੰ ਚੰਗੀ ਤਰ੍ਹਾਂ ਖੰਘਾਲਿਆ ਜਾ ਰਿਹਾ ਹੈ ਤੇ ਹੋਰ ਜਿਸ ਕਿਸੇ ਦੀ ਵੀ ਸ਼ਮੂਲੀਅਤ ਸਾਹਮਣੇ ਆਵੇਗੀ, ਉਸ ਖਿਲਾਫ ਕਾਰਵਾਈ ਕੀਤੀ ਜਾਵੇਗੀ।

## ਪੰਜਾਬ ਸਰਕਾਰ ਵੱਲੋਂ ਹੜ੍ਹਾਂ ਦੇ ਨੁਕਸਾਨ ਦੀ ਗਿਰਦਾਵਰੀ ਜਾਰੀ, ਜਲਦ ਮੁਆਵਜ਼ਾ ਮਿਲੇਗਾ: ਵਿਧਾਇਕ ਰੰਧਾਵਾ

### ☛ਹੜ੍ਹ ਪ੍ਰਭਾਵਿਤ ਕਿਸਾਨਾਂ ਲਈ 'ਜਿਸ ਦਾ ਖੇਤ, ਉਸ ਦੀ ਰੇਤ' ਨੀਤੀ ਲਾਗੂ ਕੀਤੀ



ਡੇਰਾ ਬਾਬਾ ਨਾਨਕ/ਗੁਰਦਾਸਪੁਰ, 22 ਸਤੰਬਰ (ਹੈਪੀ ਕੰਟਲੀ): ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਬੀਤੀ ਸ਼ਾਮ ਆਪਣੇ ਹਲਕੇ ਦੇ ਪਿੰਡ ਨਿੱਕੇ ਠੇਠਰਕੇ ਦਾ ਦੌਰਾ ਕਰਕੇ ਹੜ੍ਹਾਂ ਕਾਰਨ ਫ਼ਸਲਾਂ ਤੇ ਘਰਾਂ ਦੇ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਗਿਆ।ਇਸ ਮੌਕੇ ਉਹ ਰਾਵੀ ਦਰਿਆ ਦੇ ਧੁੱਸੀ ਬੰਨ੍ਹ 'ਤੇ ਵੀ ਪਹੁੰਚੇ, ਜਿੱਥੇ ਬੰਨ੍ਹ ਨੂੰ ਪਏ ਪਾੜ ਨੂੰ ਪੂਰੇ ਜਾਣ ਤੇ ਜ਼ਮੀਨਾਂ ਨੂੰ ਪੱਧਰੀ ਕਰਨ ਦੀ ਸੇਵਾ ਚੱਲ ਰਹੀ ਸੀ।ਇਸ ਮੌਕੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਹੜ੍ਹਾਂ ਕਾਰਨ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ 159 ਪਿੰਡ ਤੇ 1.10 ਲੱਖ ਦੇ ਕਰੀਬ ਵਸੋਂ ਪ੍ਰਭਾਵਿਤ ਹੋਈ ਹੈ। ਉਨ੍ਹਾਂ ਕਿਹਾ ਕਿ ਧੁੱਸੀ ਬੰਨ੍ਹ ਟੁੱਟਣ ਕਾਰਨ ਫ਼ਸਲਾਂ ਤਬਾਹ ਹੋ ਗਈਆਂ ਹਨ ਤੇ ਖੇਤਾਂ ਵਿੱਚ ਰੇਤ 'ਤੇ ਮਿੱਟੀ ਆ ਗਈ ਹੈ।ਇਸ ਤੋਂ ਇਲਾਵਾ ਬਹੁਤ ਸਾਰੇ ਘਰਾਂ ਨੂੰ ਵੀ ਨੁਕਸਾਨ ਪਹੁੰਚਿਆ ਹੈ।ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਮੁਆਵਜ਼ਾ ਦੇਣ ਲਈ ਵਿਸ਼ੇਸ਼ ਗਿਰਦਾਵਰੀ ਚੱਲ ਰਹੀ ਹੈ ਤੇ ਬਹੁਤ ਜਲਦੀ ਹੜ੍ਹ ਪੀੜ੍ਹਤਾਂ ਨੂੰ ਮੁਆਵਜ਼ਾ ਦੇਣਾ ਸ਼ੁਰੂ ਕਰ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੰਕਟ ਦੀ ਇਸ ਘੜੀ ਵਿੱਚ ਆਪਣੇ ਲੋਕਾਂ ਦੇ ਨਾਲ ਖੜ੍ਹੀ ਹੈ।ਵਿਧਾਇਕ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਕਿਸਾਨਾਂ ਦੇ ਹਿੱਤ ਵਿੱਚ 'ਜਿਸ ਦਾ ਖੇਤ, ਉਸ ਦੀ ਰੇਤ'ਨਾਮਕ ਇਕ ਵਿਸ਼ੇਸ਼ ਸਮਾਂਬੱਧ ਯੋਜਨਾ ਦਾ ਵੀ ਐਲਾਨ ਕੀਤਾ ਹੈ, ਜਿਸ ਦੇ ਤਹਿਤ ਕਿਸਾਨਾਂ ਨੂੰ ਆਪਣੇ ਖੇਤਾਂ ਵਿੱਚੋਂ ਰੇਤ,ਸਿਲਟ ਜਾਂ ਹੋਰ ਦਰਿਆਈ ਸਮਗਰੀ ਹਟਾਉਣ ਦੀ ਆਗਿਆ ਦਿੱਤੀ ਗਈ ਹੈ।ਉਨ੍ਹਾਂ ਕਿਹਾ ਕਿ 'ਜਿਸ ਦਾ ਖੇਤ, ਉਸ ਦੀ ਰੇਤ' ਦੀ ਇਹ ਸਹੂਲਤ 31 ਦਸੰਬਰ 2025 ਤੱਕ ਇਕ ਵਾਰ ਲਈ ਉਪਲਬਧ ਹੋਵੇਗੀ ਤੇ ਇਸ ਲਈ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦਾ ਪਰਮਿਟ ਜਾਂ ਵਿਭਾਗੀ ਇਜਾਜ਼ਤ (ਐਨ.ਓ.ਸੀ.) ਲੈਣ ਦੀ ਲੋੜ ਨਹੀਂ ਹੋਵੇਗੀ।ਉਨ੍ਹਾਂ ਕਿਹਾ ਕਿ ਇਹ ਵਿਵਸਥਾ ਪੰਜਾਬ ਮਾਈਨਰ ਮਿਨਰਲ ਰੂਲਜ਼, 2013 ਦੇ ਨਿਯਮ 90 ਅਧੀਨ ਲਾਗੂ ਕੀਤੀ ਗਈ ਹੈ।ਉਨ੍ਹਾਂ ਸਪੱਸ਼ਟ ਕੀਤਾ ਕਿ ਖੇਤਾਂ ਵਿਚੋਂ ਰੇਤ ਜਾਂ ਗਾਰ ਕੱਢਣ ਦੀ ਇਸ ਗਤੀਵਿਧੀ ਨੂੰ 'ਮਾਈਨਿੰਗ' ਨਹੀਂ ਮੰਨਿਆ ਜਾਵੇਗਾ।

## ਦੁਨੀਆਂ ਭਰ 'ਚ ਵੱਸਦੇ ਪੰਜਾਬੀ 'ਮਿਸ਼ਨ ਚੜ੍ਹਦੀਕਲਾ' 'ਚ ਵੱਧ ਤੋਂ ਵੱਧ ਯੋਗਦਾਨ ਪਾਉਣ: ਮਾਈਕਲ ਸਹੋਤਾ

ਗੁਰਦਾਸਪੁਰ, 22 ਸਤੰਬਰ (ਜਸਵਿੰਦਰ ਸਿੰਘ): ਪੰਜਾਬ ਦੇ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਲਈ ਯਤਨਾਂ ਨੂੰ ਤੇਜ਼ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ 'ਮਿਸ਼ਨ ਚੜ੍ਹਦੀਕਲਾ' ਦੀ ਸ਼ੁਰੂਆਤ ਕੀਤੀ ਗਈ ਹੈ।ਇਸ ਮਿਸ਼ਨ ਦੇ ਤਹਿਤ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਮੁੜ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਵਾਸਤੇ ਫੰਡ ਜੁਟਾਉਣ ਲਈ



ਆਲਮੀ ਪੱਧਰ 'ਤੇ ਮੁਹਿੰਮ ਚਲਾਈ ਜਾਵੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਮਾਈਕਲ ਸਹੋਤਾ ਨੇ ਕਿਹਾ ਕਿ ਬੀਤੇ ਸਮੇਂ ਵਿੱਚ ਸੂਬਾ ਇੱਕ ਅਜਿਹੇ ਔਖੇ ਦੌਰ ਵਿੱਚੋਂ ਗੁਜ਼ਰਿਆ ਹੈ ਤੇ ਹੜ੍ਹਾਂ ਨੇ ਸਿਰਫ਼ ਪਾਣੀ ਦਾ ਕਹਿਰ ਨਹੀਂ ਢਾਹਿਆ ਸਗੋਂ ਲੱਖਾਂ ਸੁਪਨੇ ਵੀ ਇਸ ਦੇ ਪਾਣੀਆਂ ਵਿੱਚ ਵਹਿ ਗਏ।ਉਨ੍ਹਾਂ ਕਿਹਾ ਕਿ ਸੂਬੇ ਦੇ 2300 ਪਿੰਡ ਡੁੱਬ ਗਏ ਹਨ, 20 ਲੱਖ ਲੋਕ ਪ੍ਰਭਾਵਿਤ ਹੋਏ ਹਨ, ਪੰਜ ਲੱਖ ਏਕੜ ਫ਼ਸਲ ਤਬਾਹ ਹੋ ਗਈ ਹੈ, 56 ਕੀਮਤੀ ਜਾਨਾਂ ਚਲੀਆਂ ਗਈਆਂ ਤੇ 7 ਲੱਖ ਲੋਕ ਬੇਘਰ ਹੋ ਗਏ ਹਨ। ਉਨ੍ਹਾਂ ਨੇ ਕਿਹਾ ਕਿ ਹੜ੍ਹਾਂ ਕਾਰਨ ਸੂਬੇ ਵਿੱਚ 3200 ਸਕੂਲਾਂ, 19 ਕਾਲਜਾਂ, 1400 ਕਲੀਨਿਕਾਂ ਤੇ ਹਸਪਤਾਲਾਂ ਨੂੰ ਨੁਕਸਾਨ ਪਹੁੰਚਿਆ ਹੈ। ਇਸ ਤੋਂ ਇਲਾਵਾ 8500 ਕਿਲੋਮੀਟਰ ਸੜਕਾਂ ਦੀ ਹਾਲਤ ਬਦਤਰ ਹੋ ਗਈ ਤੇ 2500 ਪੁਲਾਂ ਨੂੰ ਵੀ ਨੁਕਸਾਨ ਪਹੁੰਚਿਆ ਹੈ।ਉਨ੍ਹਾਂ ਕਿਹਾ ਕਿ ਮੁੱਢਲੇ ਅਨੁਮਾਨਾਂ ਮੁਤਾਬਿਕ 13,800 ਕਰੋੜ ਰੁਪਏ ਦਾ ਘਾਟਾ ਪਿਆ ਹੈ, ਜਦਕਿ ਨੁਕਸਾਨ ਇਸ ਤੋਂ ਵੀ ਕਿਤੇ ਵੱਧ ਹੋ ਸਕਦਾ ਹੈ।ਉਨ੍ਹਾਂ ਕਿਹਾ ਕਿ ਚੜ੍ਹਦੀਕਲਾ ਦਾ ਭਾਵ ਔਖੇ ਤੋਂ ਔਖੇ ਸਮੇਂ ਵਿੱਚ ਵੀ ਹੌਂਸਲੇ ਬੁਲੰਦ ਰੱਖਣਾ। ਹਰ ਦੁੱਖ ਵਿੱਚ ਵੀ ਮਜ਼ਬੂਤ ਰਹਿਣਾ। ਹਰ ਹਨੇਰੇ ਵਿੱਚ ਵੀ ਉਮੀਦਾਂ ਦੇ ਦੀਵੇ ਜਗਾਈ ਰੱਖਣਾ ਹੈ।

## ਰਮਨ ਬਹਿਲ ਤੇ ਰਾਜੀਵ ਸ਼ਰਮਾ ਨੇ ਪਿੰਡ ਹਯਾਤ ਨਗਰ 'ਚ ਵਿਕਾਸ ਪ੍ਰੋਜੈਕਟਾਂ ਦੇ ਨੀਂਹ ਪੱਥਰ ਰੱਖੇ

### ☛ਪਿੰਡ ਹਯਾਤ ਨਗਰ ਦੇ ਵਿਕਾਸ ਪ੍ਰੋਜੈਕਟਾਂ 'ਤੇ ਖ਼ਰਚ ਕੀਤੇ ਜਾਣਗੇ 2.81 ਕਰੋੜ

ਗੁਰਦਾਸਪੁਰ, 22 ਸਤੰਬਰ (ਜਗੀਰ ਸਿੰਘ ਮੰਡ/ਸੁਰਿੰਦਰ ਸਿੰਘ ਬਾਜਵਾ): ਰਮਨ ਬਹਿਲ ਤੇ ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੇ ਚੇਅਰਮੈਨ ਰਾਜੀਵ ਸ਼ਰਮਾ ਵੱਲੋਂ ਅੱਜ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਪਿੰਡ ਹਯਾਤ ਨਗਰ ਵਿਖੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ ਗਿਆ।ਇਨ੍ਹਾਂ ਵਿਕਾਸ ਪ੍ਰੋਜੈਕਟਾਂ ਉਪਰ 2.81 ਕਰੋੜ ਰੁਪਏ ਖ਼ਰਚੇ ਜਾਣਗੇ।ਵਿਕਾਸ ਪ੍ਰੋਜੈਕਟਾਂ ਦੇ ਨੀਂਹ ਪੱਥਰ ਰੱਖਣ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਹਲਕਾ ਇੰਚਾਰਜ ਰਮਨ ਬਹਿਲ ਨੇ ਇੱਕ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਿੰਡ ਹਯਾਤ ਨਗਰ ਵਿਖੇ 2.81 ਕਰੋੜ ਰੁਪਏ ਦੀ ਲਾਗਤ ਨਾਲ ਵੱਖ-ਵੱਖ ਵਿਕਾਸ ਕਾਰਜ ਕੀਤੇ ਜਾਣਗੇ, ਜਿਨ੍ਹਾਂ ਵਿੱਚ 1.34 ਕਰੋੜ ਰੁਪਏ ਦੀ ਲਾਗਤ ਨਾਲ ਪਿੰਡ ਦੀਆਂ ਗਲੀਆਂ ਵਿੱਚ ਇੰਟਰਲਾਕ ਟਾਇਲਾਂ ਲਗਾਈਆਂ ਜਾਣਗੀਆਂ।17.03 ਲੱਖ ਰੁਪਏ ਦੀ ਲਾਗਤ ਨਾਲ ਪਿੰਡ ਵਿੱਚ ਪਾਰਕ ਬਣਾਈ ਜਾਵੇਗੀ।ਪਿੰਡ ਦੇ ਛੱਪੜ ਦੀ ਰੀਟੇਨਿੰਗ



ਵਾਲ, ਛੱਪੜ ਦੇ ਆਲੇ-ਦੁਆਲੇ ਇੰਟਰਲਾਕ ਟਾਇਲਾਂ ਤੇ ਲਾਈਟਾਂ ਲਗਾਉਣ ਉਪਰ 50 ਲੱਖ ਰੁਪਏ, ਪਿੰਡ ਦੀ ਡਿਸਪੈਂਸਰੀ ਵਿੱਚ ਇੱਕ ਨਵਾਂ ਕਮਰਾ ਬਣਾਉਣ ਲਈ 5 ਲੱਖ ਰੁਪਏ, ਪਿੰਡ ਵਿੱਚ ਫਿਰਨੀ ਬਣਾਉਣ ਉਪਰ 20 ਲੱਖ ਰੁਪਏ, ਪਿੰਡ ਦੀ ਗਰਾਊਂਡ ਤੇ ਜਿੰਮ ਉਪਰ 50 ਲੱਖ ਰੁਪਏ ਤੇ ਪਿੰਡ ਵਿੱਚ ਸੀਮਿੰਟਡ ਬੈਂਚ ਲਗਾਉਣ ਲਈ 5 ਲੱਖ ਰੁਪਏ ਖ਼ਰਚੇ ਜਾਣਗੇ।ਰਮਨ ਬਹਿਲ ਨੇ ਕਿਹਾ ਕਿ ਇਹ ਰਾਸ਼ੀ ਨਗਰ ਸੁਧਾਰ ਟਰੱਸਟ ਗੁਰਦਾਸਪੁਰ ਵੱਲੋਂ ਖ਼ਰਚ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਨਗਰ ਸੁਧਾਰ ਟਰੱਸਟ ਗੁਰਦਾਸਪੁਰ ਵੱਲੋਂ ਸ਼ਹਿਰ ਦੇ ਵਿਕਾਸ ਦੇ ਨਾਲ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਪਿੰਡਾਂ ਦੇ ਵਿਕਾਸ ਵਿੱਚ ਵੀ ਯੋਗਦਾਨ ਪਾਇਆ ਜਾ ਰਿਹਾ ਹੈ।ਉਹਨਾਂ ਪਿੰਡ ਹਯਾਤ ਨਗਰ ਦੇ ਵਸਨੀਕਾਂ ਨੇ ਆਪਣੇ ਪਿੰਡ ਵਿੱਚ ਕਰੋੜਾਂ ਰੁਪਏ ਦੀ ਲਾਗਤ ਵਾਲੇ ਪ੍ਰੋਜੈਕਟ ਸ਼ੁਰੂ ਕਰਨ ਲਈ ਪੰਜਾਬ ਸਰਕਾਰ ਤੇ ਬਹਿਲ ਤੇ ਸ਼ਰਮਾ ਦਾ ਧੰਨਵਾਦ ਕੀਤਾ।ਇਸ ਮੌਕੇ ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੇ ਟਰੱਸਟੀ ਰਘੁਬੀਰ ਸਿੰਘ ਖਾਲਸਾ, ਹਿਤੇਸ਼ ਮਹਾਜਨ, ਪੀਟਰ ਮੱਟੂ, ਰਣਜੀਤ ਸਿੰਘ ਨੰਬਰਦਾਰ, ਸਰਪੰਚ ਹਯਾਤ ਨਗਰ ਓਂਕਾਰ ਸਿੰਘ ਨਾਗੀ, ਅਜੇ ਬਹਿਲ, ਅਮਨ ਬਹਿਲ, ਨੀਰਜ ਸਲਹੋਤਰਾ, ਸੁੱਚਾ ਸਿੰਘ ਮੁਲਤਾਨੀ, ਕਬੀਰ ਬਹਿਲ ਤੋਂ ਇਲਾਵਾ ਇਲਾਕੇ ਦੇ ਪੰਚ-ਸਰਪੰਚ ਹਾਜ਼ਰ ਸਨ।

## ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਮਹਾਨ ਗੁਰਮਤਿ ਸਮਾਗਮ ਅੱਜ

ਬੰਗਾ, 22 ਸਤੰਬਰ (ਸੁਖਦੇਵ ਸਿੰਘ ਉੜਾਪੜ): ਸ੍ਰੀ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਤਾਬਦੀ ਸ਼ਹੀਦੀ ਪੁਰਬ (ਸਾਕਾ-ਏ-ਚਾਂਦਨੀ ਚੌਕ) ਨੂੰ ਸਮਰਪਿਤ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਨਵਾਂਸ਼ਹਿਰ ਵੱਲੋਂ ਕਰਵਾਏ ਜਾ ਰਹੇ ਜ਼ਿਲ੍ਹਾ ਪੱਧਰੀ ਮਹਾਨ ਕੀਰਤਨ ਦਰਬਾਰ ਨੂੰ ਸਮਰਪਿਤ



ਮਹਾਨ ਗੁਰਮਤਿ ਸਮਾਗਮ ਅੱਜ 23 ਸਤੰਬਰ ਦਿਨ ਮੰਗਲਵਾਰ ਨੂੰ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਪੂਰੀ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ।ਇਹ ਜਾਣਕਾਰੀ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਦਿੰਦੇ ਦੱਸਿਆ ਕਿ ਅੱਜ 23 ਸਤੰਬਰ ਦਿਨ ਮੰਗਲਵਾਰ ਸ਼ਾਮ 5.30 ਤੋਂ ਰਾਤ 9 ਵਜੇ ਤੱਕ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਮਹਾਨ ਗੁਰਮਤਿ ਸਮਾਗਮ ਦਾ ਆਯੋਜਨ ਹੋਵੇਗਾ।ਜਿਸ ਵਿੱਚ ਪੰਥ ਦੇ ਪ੍ਰਸਿੱਧ ਕੀਰਤੀਨੇ ਭਾਈ ਸ਼ੁੱਭਦੀਪ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਪ੍ਰਸਿੱਧ ਕਥਾਵਾਚਕ ਡਾ. ਸਰਬਜੀਤ ਸਿੰਘ ਰੇਣਕਾ ਲੁਧਿਆਣੇ ਵਾਲਿਆਂ ਵੱਲੋਂ ਕਥਾ-ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਜਾਵੇਗਾ। ਸਮਾਗਮ ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।ਇਸ ਮੌਕੇ ਭਾਈ ਜੋਗਾ ਸਿੰਘ ਹਜ਼ੂਰੀ ਰਾਗੀ, ਮਹਿੰਦਰਪਾਲ ਸਿੰਘ ਦਫ਼ਤਰ ਸੁਪਰਡੈਂਟ ਵੀ ਹਾਜ਼ਰ ਸਨ।

### 'ਹਰਚੋਵਾਲ ਦੀ ਪੰਚਾਇਤ ਨੇ ਪ੍ਰਵਾਸੀਆਂ ਨੂੰ ਦਿੱਤੀਆਂ ਸਖ਼ਤ ਹਦਾਇਤਾਂ'

## ਪ੍ਰਵਾਸੀਆਂ ਨੂੰ ਲੈ ਕੇ ਪੁਲਿਸ ਵੈਰੀਫਿਕੇਸ਼ਨ ਜ਼ਰੂਰੀ: ਧਰਮਿੰਦਰ ਸਿੰਘ

ਘੁਮਾਣ/ਸ੍ਰੀ ਹਰਗੋਬਿੰਦਪੁਰ ਸਾਹਿਬ/ਊਧਨਵਾਲ, 22 ਸਤੰਬਰ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ/ਸੁਖ ਅੰਮ੍ਰਿਤ ਸਿੰਘ ਘੁਮਾਣ): ਪੰਜਾਬ ਵਿੱਚ ਜਿੱਥੇ ਪ੍ਰਵਾਸੀਆਂ ਨੂੰ ਲੈ ਕੇ ਮਾਹੌਲ ਖਰਾਬ ਚੱਲ ਰਿਹਾ ਹੈ, ਉਥੇ ਵੱਖ-ਵੱਖ ਪੰਚਾਇਤਾਂ ਵੱਲੋਂ ਪ੍ਰਵਾਸੀਆਂ ਖ਼ਿਲਾਫ਼ ਸਖ਼ਤ ਰੁਖ਼ ਅਪਣਾਇਆ ਜਾ ਰਿਹਾ ਹੈ, ਉਥੇ ਅੱਜ ਜ਼ਿਲ੍ਹਾ ਗੁਰਦਾਸਪੁਰ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਪਿੰਡ ਹਰਚੋਵਾਲ ਵਿੱਚ ਅੱਜ ਇੱਕ ਮਤਾ ਪਾਸ ਕੀਤਾ ਗਿਆ।ਜਿਸ ਵਿੱਚ ਪ੍ਰਵਾਸੀਆਂ ਨੂੰ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।ਇਸ ਮੌਕੇ ਸਰਪੰਚ ਕੈਪਟਨ ਧਰਮਿੰਦਰ ਸਿੰਘ ਵੱਲੋਂ ਅੱਜ ਪੂਰੀ ਪੰਚਾਇਤ ਦੇ ਨਾਲ ਪ੍ਰਵਾਸੀਆਂ ਦਾ ਇਜਲਾਸ ਬੁਲਾਇਆ ਗਿਆ, ਜਿਸ ਵਿੱਚ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਆਧਾਰ ਕਾਰਡ, ਪਰਿਵਾਰ ਦੇ ਬਾਰੇ ਪੂਰੀ ਜਾਣਕਾਰੀ, ਪੁਲਿਸ ਵੈਰੀਫਿਕੇਸ਼ਨ ਤੇ ਆਉਣ-ਜਾਣ ਵਾਲੇ ਰਿਸ਼ਤੇਦਾਰਾਂ ਬਾਰੇ ਜਾਣਕਾਰੀ ਕਲਮਬੰਦ ਕੀਤੀ ਗਈ।ਇਸ ਮੌਕੇ ਸਰਪੰਚ ਕੈਪਟਨ ਧਰਮਿੰਦਰ ਸਿੰਘ ਨੇ ਪ੍ਰਵਾਸੀਆਂ





ਨੂੰ ਅਪੀਲ ਕੀਤੀ ਕਿ ਉਹ ਜਲਦੀ ਤੋਂ ਜਲਦੀ ਪੁਲਿਸ ਵੈਰੀਫਿਕੇਸ਼ਨ ਕਰਵਾ ਲੈਣ ਤੇ ਪਿੰਡ ਦੇ ਮਾਹੌਲ ਨੂੰ ਲੈ ਕੇ ਉਨ੍ਹਾਂ ਤਾੜਨਾ ਕੀਤੀ ਕਿ ਜੇਕਰ ਕੋਈ ਵੀ ਪ੍ਰਵਾਸੀ ਕੋਈ ਗਲਤੀ ਕਰਦਾ ਹੈ, ਉਸ ਨੂੰ ਕਿਸੇ ਵੀ ਹਾਲਤ ਬਖਸ਼ਿਆ ਨਹੀਂ ਜਾਵੇਗਾ ਤੇ ਉਸ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ।ਇਸ ਮੌਕੇ ਹੈਪੀ ਰਿਆੜ, ਮੈਂਬਰ ਮਿੱਤਰ ਸਿੰਘ, ਮੈਂਬਰ ਬਲਬੀਰ ਸਿੰਘ, ਮੈਂਬਰ ਅਮਰਬੀਰ ਸਿੰਘ, ਮੈਂਬਰ ਰਜਿੰਦਰ ਸਿੰਘ ਪੱਪੂ, ਮੈਂਬਰ ਹਰਪਾਲ ਸਿੰਘ, ਮੈਂਬਰ ਰਜੀਵ ਕੁਮਾਰ ਸ਼ਰਮਾ ਨੰਬਰਦਾਰ ਕਰਮ ਸਿੰਘ ਵਕੀਲ ਗੌਰਵ ਕਾਲੀਆ, ਦਵਿੰਦਰ ਸਿੰਘ ਭਲਵਾਨ, ਨੰਬਰਦਾਰ ਕੈਪਟਨ ਸਿੰਘ, ਸਾਬਕਾ ਸਰਪੰਚ ਗੁਰਨੇਕ ਸਿੰਘ, ਗੁਰਮੁੱਖ ਸਿੰਘ ਕਾਲਾ, ਨੰਬਰਦਾਰ ਗੁਰਦਿਆਲ ਸਿੰਘ, ਡਾ. ਮੁਖਵਿੰਦਰ ਸਿੰਘ ਵਡਾਲੀ, ਰਣਜੋਧ ਸਿੰਘ, ਹਰਜੀਤ ਸਿੰਘ, ਸਤਨਾਮ ਸਿੰਘ ਸਾਬਕਾ ਮੈਂਬਰ, ਜਗੀਰ ਸਿੰਘ, ਤਰਲੋਕ ਸਿੰਘ, ਸਤਵਿੰਦਰ ਸਿੰਘ, ਦਿਲਬਾਗ ਸਿੰਘ ਬੱਗੋ, ਕੁਲਵੰਤ ਸਿੰਘ, ਡਾ. ਮਲਕੀਤ ਸਿੰਘ, ਡਾ. ਗੁਰਵੰਤ ਸਿੰਘ ਨੀਟਾ, ਮੰਗਾ ਮਸੀਹ, ਸੈਕਟਰੀ ਪਲਵਿੰਦਰ ਸਿੰਘ, ਅਵਤਾਰ ਸਿੰਘ ਤੇ ਨਗਰ ਦੇ ਹੋਰ ਵੀ ਬਹੁਤ ਸਾਰੇ ਵੀਰ ਭਰਾ ਹਾਜ਼ਰ ਸਨ।

## ਰਾਜਨਬੀਰ ਸਿੰਘ ਘੁਮਾਣ ਨੇ ਸਾਥੀਆਂ ਸਮੇਤ ਹੜ੍ਹ ਪੀੜਤ ਕਿਸਾਨਾਂ ਨੂੰ ਸਹਾਇਤਾ ਲਈ ਇੱਕ ਲੱਖ ਰੁਪਏ ਦੀ ਰਾਸ਼ੀ ਭੇਟ ਕੀਤੀ

ਬਟਾਲਾ/ਸ੍ਰੀ ਹਰਗੋਬਿੰਦਪੁਰ ਸਾਹਿਬ, 22 ਸਤੰਬਰ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ/ਡਾ. ਸਰਬਜੀਤ ਸਿੰਘ ਭਿੰਡਰ): ਵਿਧਾਨ ਸਭਾ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਹਲਕਾ ਇੰਚਾਰਜ ਸ੍ਰੀ ਹਰਗੋਬਿੰਦਪੁਰ ਸਾਹਿਬ ਰਾਜਨਬੀਰ ਸਿੰਘ ਘੁਮਾਣ ਨੇ



ਸਾਥੀਆਂ ਸਮੇਤ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਤੇ ਹੜ੍ਹ ਪੀੜਤ ਲੋਕਾਂ ਦੀਆਂ ਦੁੱਖ ਤਕਲੀਫਾਂ ਸੁਣੀਆਂ।ਇਸ ਮੌਕੇ ਘੁਮਾਣ ਵੱਲੋਂ ਆਪਣੇ ਸਾਥੀਆਂ ਸਮੇਤ ਪਿੰਡ ਬਹਾਦਰਪੁਰ ਰਜੋਆ ਦੇ ਸਰਪੰਚ ਕੁਲਵੰਤ ਸਿੰਘ ਨੂੰ ਹੜ੍ਹ ਪੀੜਤ ਲੋਕਾਂ ਦੀ ਸਹਾਇਤਾ ਲਈ ਇੱਕ ਲੱਖ ਰੁਪਏ ਦੀ ਰਾਸ਼ੀ ਭੇਟ ਕੀਤੀ। ਜਿਸ 'ਤੇ ਸਰਪੰਚ ਕੁਲਵੰਤ ਸਿੰਘ ਰਜੋਆ ਵੱਲੋਂ ਹਲਕਾ ਇੰਚਾਰਜ ਰਾਜਨਬੀਰ ਸਿੰਘ ਘੁਮਾਣ ਉਨ੍ਹਾਂ ਦੇ ਸਾਥੀਆਂ ਤੇ ਸਮੁੱਚੇ ਸ਼੍ਰੋਮਣੀ ਅਕਾਲੀ ਦਲ ਦਾ ਧੰਨਵਾਦ ਕੀਤਾ। ਇਸ ਮੌਕੇ ਹਲਕਾ ਇੰਚਾਰਜ ਰਾਜਨਬੀਰ ਸਿੰਘ ਘੁਮਾਣ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬੀਤੇ ਦਿਨੀਂ ਹੜ੍ਹਾਂ ਕਾਰਨ ਪੰਜਾਬ ਦੇ ਕਈ ਪਿੰਡ ਪ੍ਰਭਾਵਿਤ ਹੋਏ ਹਨ।ਇਸੇ ਤਰ੍ਹਾਂ ਬਿਆਸ ਦਰਿਆ ਦਾ ਪਾਣੀ ਵੱਧਣ ਕਾਰਨ ਦਰਿਆ ਦੇ ਨਜ਼ਦੀਕ ਪੈਂਦੇ ਪਿੰਡਾਂ ਦੇ ਲੋਕਾਂ ਦੀਆਂ ਫਸਲਾਂ ਤੇ ਘਰ ਤੇ ਹੋਰ ਕੀਮਤੀ ਸਮਾਨ ਇਨ੍ਹਾਂ ਹੜ੍ਹਾਂ ਦੇ ਲਪੇਟ ਵਿੱਚ ਆਉਣ ਕਰਕੇ ਕਿਸਾਨਾਂ ਦੀ ਹਜ਼ਾਰਾਂ ਏਕੜ ਫ਼ਸਲ ਤਬਾਹ ਹੋ ਗਈ।ਇਸ ਸੰਕਟ ਦੀ ਘੜੀ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਹੜ੍ਹ ਪੀੜਤ ਲੋਕਾਂ ਨਾਲ ਚੱਟਾਨ ਵਾਂਗ ਖੜ੍ਹੇ ਹਨ।ਉਨ੍ਹਾਂ ਆਖਿਆ ਕਿ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਵਿਖੇ ਮੈਂ ਆਪਣਾ ਫਰਜ਼ ਤੇ ਡਿਊਟੀ ਸਮਝਦਾ ਹੋਇਆ ਇਸ ਮੁਸ਼ਕਿਲ ਦੀ ਘੜੀ ਵਿੱਚ ਹੜ੍ਹ ਪੀੜਤ ਲੋਕਾਂ ਨਾਲ ਖੜ੍ਹਾ ਹਾਂ ਤੇ ਉਨ੍ਹਾਂ ਦੀ ਹਰ ਸੰਭਵ ਮਦਦ ਕਰਨ ਦੀ ਕੋਸ਼ਿਸ਼ ਕਰਦਾ ਰਹਾਂਗਾ। ਇਸ ਮੌਕੇ ਕੁਲਦੀਪ ਸਿੰਘ ਮੂੜ ਮੈਂਬਰ ਪੀਏਸੀ ਸਤਪਾਲ ਸਿੰਘ ਮੌਜੂਦਾ ਸਰਪੰਚ ਬੋਲੀ ਕੈਪਟਨ ਕੁਲਵਿੰਦਰ ਸਿੰਘ ਸਰਪੰਚ ਰਜੋਆ ਅਜੀਤ ਸਿੰਘ ਸਾਬਕਾ ਸਰਪੰਚ ਰਜੋਆ ਬਲਕਾਰ ਸਿੰਘ ਸਾਬਕਾ ਸਰਪੰਚ ਅਮਰੀਕ ਸਿੰਘ ਮੰਨਾ ਪੰਚਾਇਤ ਮੈਂਬਰ ਸਚਲੀਨ ਸਿੰਘ ਸੱਚਾ ਰਜੋਆ ਮਲਕੀਤ ਸਿੰਘ ਬੱਬਾ ਪੰਚਾਇਤ ਮੈਂਬਰ ਬਲਵਿੰਦਰ ਸਿੰਘ ਬੱਲ ਰਜੋਆ ਬਖਸ਼ੀਸ਼ ਸਿੰਘ ਸਾਬਕਾ ਸਰਪੰਚ ਰਜੋਆ ਸਤਨਾਮ ਸਿੰਘ ਭਿੰਡਰ ਗੋਪੀ ਬਰੇਲੀ ਬਖਸ਼ੀਸ਼ ਸਿੰਘ ਭੋਮਾ ਸੁਖ ਭਾਮ ਸਰਵਣ ਬਚਿੱਤਰ ਸਿੰਘ ਮਾੜੀ ਹਾਜ਼ਰ ਸਨ।

## ਵਿਧਾਇਕ ਕਲਸੀ ਨੇ ਸਮਾਜ ਸੇਵੀ ਸੰਸਥਾ 'ਸਾਂਝਾ ਪੇਕਾ ਘਰ' ਵੱਲੋਂ ਹੜ੍ਹ ਪ੍ਰਭਾਵਿਤ ਪਿੰਡਾਂ 'ਚ ਦਵਾਈਆਂ ਵੰਡਣ ਲਈ ਟੀਮ ਨੂੰ ਕੀਤਾ ਰਵਾਨਾ

ਬਟਾਲਾ, 22 ਸਤੰਬਰ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਅੱਜ ਡੇਰਾ ਬਾਬਾ ਨਾਨਕ ਪਿੰਡਾਂ ਵਿੱਚ ਲੋਕਾਂ ਦੀ ਮਦਦ ਲਈ ਸਮਾਜ ਸੇਵੀ ਸੰਸਥਾ 'ਸਾਂਝਾ ਪੇਕਾ ਘਰ' ਬਟਾਲਾ ਵੱਲੋਂ ਦਵਾਈਆਂ ਦੀ ਸੇਵਾ ਕਰਨ ਲਈ ਟੀਮ ਨੂੰ ਰਵਾਨਾ ਕੀਤਾ।ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਨੇ ਸਮਾਜ ਸੇਵੀ ਸੰਸਥਾ 'ਸਾਂਝਾ ਪੇਕਾ ਘਰ' ਬਟਾਲਾ ਦੀ ਪ੍ਰਧਾਨ ਹਰਪ੍ਰੀਤ ਕੌਰ ਤੇ ਉਨ੍ਹਾਂ ਦੀ ਪੂਰੀ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਔਖੀ ਘੜੀ ਵਿੱਚ ਲੋੜਵੰਦ ਲੋਕਾਂ ਦੀ ਬਾਂਹ ਫੜ੍ਹੀ ਹੈ, ਜਿਸ ਲਈ ਉਹ ਉਨ੍ਹਾਂ ਦੇ ਧੰਨਵਾਦੀ ਹਨ।ਇਸ ਮੌਕੇ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਲਗਾਤਾਰ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਰਾਹਤ ਕਾਰਜ ਜਾਰੀ ਹਨ ਤੇ ਇਸ ਸੰਕਟ ਦੇ ਸਮੇਂ ਵਿੱਚ ਪੰਜਾਬ ਸਰਕਾਰ ਆਪਣੇ ਲੋਕਾਂ ਨਾਲ ਪੂਰੀ ਮਜ਼ਬੂਤੀ ਨਾਲ ਖੜ੍ਹੀ ਹੈ।ਉਨ੍ਹਾਂ ਕਿਹਾ ਕਿ ਰਾਜ ਸਰਕਾਰ ਇਸ ਔਖੀ ਘੜੀ ਵਿੱਚ ਪ੍ਰਭਾਵਿਤ ਲੋਕਾਂ ਤੱਕ ਸਮੇਂ ਸਿਰ ਰਾਹਤ, ਡਾਕਟਰੀ ਸਹਾਇਤਾ ਤੇ ਦਵਾਈਆਂ ਤੇ ਮੁੜ ਵਸੇਬੇ ਦੀਆਂ ਸਹੂਲਤਾਂ ਪਹੁੰਚਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡ ਰਹੀ।ਇਸ ਮੌਕੇ ਸਮਾਜ ਸੇਵੀ ਸੰਸਥਾ 'ਸਾਂਝਾ ਪੇਕਾ ਘਰ' ਬਟਾਲਾ ਦੀ ਪ੍ਰਧਾਨ ਹਰਪ੍ਰੀਤ ਕੌਰ ਨੇ ਦੱਸਿਆ ਕਿ ਅੱਜ ਉਨ੍ਹਾਂ ਦੀ ਟੀਮ ਜਿਸ ਵਿੱਚ ਕੁਲਦੀਪ ਸਿੰਘ, ਵੀਰ ਸਿੰਘ, ਰਣਜੀਤ ਸਿੰਘ, ਗੁਰਨੂਰ ਕੌਰ ਤੇ ਗੁਰਸਾਹਿਬ ਸਿੰਘ ਤੋਂ ਇਲਾਵਾ ਡਾ. ਮਨਜੀਤ ਕੌਰ, ਡਾ. ਲਵਪ੍ਰੀਤ ਕੌਰ, ਡਾ. ਅਰਸ਼ਪ੍ਰੀਤ ਕੌਰ ਸ਼ਾਮਲ ਹਨ ਵੱਲੋਂ ਪਿੰਡ ਘੋਨੇਵਾਲ ਤੇ ਮਾਛੀਵਾੜਾ ਵਿਖੇ ਮੈਡੀਕਲ ਕੈਂਪ ਲਗਾਇਆ ਤੇ ਮਰੀਜ਼ਾਂ ਨੂੰ ਦਵਾਈਆਂ ਵੰਡੀਆਂ।ਉਨ੍ਹਾਂ ਕਿਹਾ ਕਿ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਵਿੱਚ ਇਹ ਦਵਾਈਆਂ ਡੇਰਾ ਬਾਬਾ ਨਾਨਕ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਵੰਡੀਆਂ ਗਈਆਂ ਹਨ। ਇਸ ਮੌਕੇ ਮਾਨਿਕ ਮਹਿਤਾ ਚੇਅਰਮੈਨ ਮਾਰਕੀਟ ਕਮੇਟੀ ਬਟਾਲਾ, ਐਮ.ਸੀ. ਬਲਵਿੰਦਰ ਸਿੰਘ ਮਿੰਟਾ, ਸੀਨੀਅਰ ਆਗੂ ਮਾਸਟਰ ਤਿਲਕ ਰਾਜ, ਭੁਪਿੰਦਰ ਸਿੰਘ, ਮਨਜੀਤ ਸਿੰਘ ਬੁਮਰਾਹ, ਸੁਖਦੇਵ ਸਿੰਘ ਮੌਜੂਦ ਸਨ।



## ਖਟਕੜ ਕਲਾਂ 'ਚ ਨਵਜੋਤ ਸਾਹਿਤ ਸੰਸਥਾ ਵੱਲੋਂ ਪ੍ਰਤੀਯੋਗਤਾ ਮੁਕਾਬਲਾ

ਬੰਗਾ, 22 ਸਤੰਬਰ (ਪ੍ਰਭਜੋਤ ਸਿੰਘ): ਨਵਜੋਤ ਸਾਹਿਤ ਸੰਸਥਾ (ਰਜਿ.) ਵੱਲੋਂ ਸਾਹਿਤ ਖੇਤਰ ਵਿੱਚ ਮਹਿਲਾਵਾਂ ਦੀ ਭੂਮਿਕਾ ਨਾਲ ਸਬੰਧਤ ਸਵਾਲਾਂ ਦੇ ਆਧਾਰਿਤ 'ਲਿਖਤੀ ਪ੍ਰਤੀਯੋਗਤਾ' ਕਰਵਾਈ ਗਈ।ਇਹ ਪ੍ਰਤੀਯੋਗਤਾ ਖਟਕੜ ਕਲਾਂ ਵਿਖੇ ਸਥਿਤ ਬੀਬੀ ਅਮਰ ਕੌਰ ਯਾਦਗਾਰੀ ਹਾਲ ਵਿੱਚ ਕਰਵਾਈ ਗਈ।ਇਸ ਪ੍ਰਤੀਯੋਗਤਾ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜ਼ੋਨ ਨਵਾਂਸ਼ਹਿਰ ਨਾਲ ਸਬੰਧਤ 13 ਪਰਿਵਾਰਾਂ ਦੀਆਂ ਮਹਿਲਾਵਾਂ ਨੇ ਭਾਗ ਲਿਆ। ਪ੍ਰਤੀਯੋਗਤਾ ਵਿੱਚ ਸਹਿਯੋਗੀ ਵਜੋਂ ਉਨ੍ਹਾਂ ਦੇ ਜੀਵਨ ਸਾਥੀ ਤੇ ਬੱਚੇ ਵੀ ਸ਼ਾਮਲ ਕੀਤੇ ਗਏ ਸਨ।ਇਸ ਪ੍ਰਤੀਯੋਗਤਾ ਵਿੱਚ 13 ਅੰਕਾਂ ਵਾਲੇ 13 ਸਵਾਲਾਂ ਦੇ ਹੱਲ ਲਈ 13 ਮਿੰਟ ਦਾ ਸਮਾਂ ਰੱਖਿਆ ਗਿਆ ਸੀ।ਪ੍ਰਤੀਯੋਗਤਾ ਵਿੱਚ ਭਾਗ ਲੈਣ ਵਾਲੇ 13 ਮਹਿਲਾ ਪ੍ਰਤੀਯੋਗੀਆਂ ਨੂੰ ਯਾਦਗਾਰੀ ਚਿੰਨ੍ਹ, ਮਾਣ ਪੱਤਰ ਤੇ ਫੁੱਲ ਮਲਾਵਾਂ ਪ੍ਰਦਾਨ ਕੀਤੀਆਂ ਗਈਆਂ।ਸਨਮਾਨ ਹਾਸਲ ਕਰਨ ਵਾਲਿਆਂ ਵਿੱਚ ਬਲਜਿੰਦਰ ਕੌਰ, ਕਮਲਜੀਤ ਕੌਰ, ਬਬੀਤਾ ਸਲਵਾਨ, ਸੁਖਜੀਤ ਕੌਰ, ਬਲਵੀਰ ਕੌਰ, ਬਲਵਿੰਦਰ ਕੌਰ, ਰਾਜਵਿੰਦਰ ਕੌਰ, ਨੀਲਮ ਬੇਗਮਪੁਰ, ਬਿਮਲਾ ਰਾਣੀ, ਰਾਜ ਕੁਮਾਰੀ, ਰੂਬੀ ਬੰਗਾ, ਨਰਿੰਦਰ ਕੌਰ, ਪਰਮਜੀਤ ਕੌਰ ਸ਼ਾਮਲ ਸਨ।ਸਮਾਗਮ ਵਿੱਚ ਜ਼ਿਲ੍ਹਾ ਯੋਜਨਾ ਬੋਰਡ ਦੇ ਨੁਮਾਇੰਦੇ ਤੇ ਮਹਿਲਾ ਆਗੂ ਬੀਬੀ ਹਰਜੋਤ ਕੌਰ ਲੋਹਟੀਆਂ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਉਨ੍ਹਾਂ ਕਿਹਾ ਕਿ ਸਾਹਿਤ ਸਮੇਤ ਸਾਰੇ ਖੇਤਰਾਂ 'ਚ ਮਹਿਲਾਵਾਂ ਦੀ ਸ਼ਲਾਘਾਯੋਗ ਭੂਮਿਕਾ ਰਹੀ ਹੈ।ਇਸ ਮੌਕੇ ਸੰਸਥਾ ਦੇ ਨੁਮਾਇੰਦਿਆਂ ਵਿੱਚ ਸਤਪਾਲ ਸਾਹਲੋਂ, ਰਜਨੀ ਸ਼ਰਮਾ, ਗੁਰਨੇਕ ਸ਼ੇਰ, ਹਰੀ ਕਿਸ਼ਨ ਪਟਵਾਰੀ, ਹਰਮਿੰਦਰ ਹੈਰੀ, ਦਵਿੰਦਰ ਸਕੋਹਪੁਰੀ, ਵਿਨੈ ਸ਼ਰਮਾ, ਦਵਿੰਦਰ ਬੇਗਮਪੁਰੀ ਨੇ ਕਾਵਿ ਰਚਨਾਵਾਂ ਸਾਂਝੀਆਂ ਕੀਤੀਆਂ।ਇਸ ਮੌਕੇ ਤਰਕਸ਼ੀਲ ਸੁਸਾਇਟੀ ਵੱਲੋਂ ਸਤਪਾਲ ਸਲੋਹ, ਕੁਲਵਿੰਦਰ ਖਟਕੜ, ਜਗਦੀਸ਼ ਰਾਏਪੁਰਡੱਬਾ, ਮੋਹਣ ਬੀਕਾ, ਜਸਬੀਰ ਬੇਗਮਪੁਰੀ ਸ਼ਾਮਲ ਸਨ।



## ਔਲਖ ਖੁਰਦ ਬਾਬਾ ਨੰਦਾ ਜੀ ਗੁਰਦੁਆਰਾ ਸਾਹਿਬ ਦੇ ਨਜ਼ਦੀਕ ਚੱਲੀ ਗੋਲੀ, ਦੋ ਜ਼ਖ਼ਮੀ

ਬਟਾਲਾ, 22 ਸਤੰਬਰ (ਬਲਵਿੰਦਰ ਸਿੰਘ ਪੰਜਗਰਾਈਂ): ਪੰਜਾਬ ਵਿੱਚ ਲਗਾਤਾਰ ਹਾਲਾਤ ਖਰਾਬ ਹੋ ਰਹੇ ਹਨ।ਗੋਲੀਆਂ ਦੀਆਂ ਵਾਰਦਾਤਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ, ਹਰ ਰੋਜ਼ ਪੰਜਾਬ ਦੇ ਹਾਲਾਤ ਬਦ ਤੋਂ ਬਦਤਰ ਹੋਈ ਜਾ ਰਹੇ ਹਨ।ਹਰਚੋਵਾਲ ਦੇ ਨਜ਼ਦੀਕ ਪਿੰਡ ਔਲਖ ਖੁਰਦ ਵਿਖੇ, ਬਾਬਾ ਨੰਦਾ ਜੀ ਦਾ ਮੇਲਾ ਚੱਲ ਰਿਹਾ ਹੈ, ਉਥੇ ਅੱਜ ਦੋ ਧੜਿਆਂ ਵਿੱਚ ਗੋਲੀ ਚੱਲਣ ਦਾ ਮਾਮਲਾ ਸਾਹਮਣਾ ਆਇਆ ਹੈ, ਪ੍ਰਾਪਤ ਜਾਣਕਾਰੀ ਅਨੁਸਾਰ ਗੁਰਵਿੰਦਰ ਸਿੰਘ ਪੁੱਤਰ ਲਖਵਿੰਦਰ ਸਿੰਘ ਵਾਸੀ ਰਾਜੂ ਬੇਲਾ, ਬਲਦੇਵ ਸਿੰਘ ਪੁੱਤਰ ਸਤਨਾਮ ਸਿੰਘ ਮੁੰਨਨ ਦਾ ਗੋਲੀ ਲੱਗਣ ਕਾਰਨ ਜ਼ਖ਼ਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਸੀਐਚਸੀ ਭਾਮ ਦੇ ਡਾ. ਗੁਰਪਾਲ ਸਿੰਘ ਨੇ ਦੱਸਿਆ ਕਿ ਗੁਰਵਿੰਦਰ ਸਿੰਘ ਤੇ ਬਲਦੇਵ ਸਿੰਘ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਵਿੱਚ ਆਏ ਸਨ, ਜਿਨ੍ਹਾਂ ਨੂੰ ਫਸਟ ਏਡ ਦੇ ਕੇ ਬਟਾਲਾ ਰੈਫਰ ਕਰ ਦਿੱਤਾ ਗਿਆ ਹੈ।



## ਪਿੰਡ ਬੇਟੂ ਕਦੀਮ ਦੇ ਸਰਪੰਚ ਨੇ ਮੁੱਖ ਮੰਤਰੀ ਰਾਹਤ ਫੰਡ 'ਚ 50 ਹਜ਼ਾਰ ਰੁਪਏ ਦੀ ਰਾਸ਼ੀ ਦਾ ਵਿਧਾਇਕ ਦਹੀਯਾ ਨੂੰ ਚੈਕ ਸੌਂਪਿਆ

ਫਿਰੋਜ਼ਪੁਰ, 22 ਸਤੰਬਰ (ਤਿਵਾੜੀ): ਪਿੰਡ ਬੇਟੂ ਕਦੀਮ ਦੇ ਸਰਪੰਚ ਮੁਖਤਿਆਰ ਸਿੰਘ ਪੂਰੀ ਵੱਲੋਂ ਅੱਜ ਪੰਜਾਬ ਦੇ ਹੜ੍ਹ ਪੀੜਤਾਂ ਦੀ ਮਦਦ ਲਈ ਮੁੱਖ ਮੰਤਰੀ ਰਾਹਤ ਫੰਡ ਵਿੱਚ 50 ਹਜ਼ਾਰ ਰੁਪਏ ਦੀ ਰਾਸ਼ੀ ਦੇਣ ਲਈ





ਵਿਧਾਇਕ ਫਿਰੋਜ਼ਪੁਰ ਦਿਹਾਤੀ ਰਜਨੀਸ਼ ਕੁਮਾਰ ਦਹੀਯਾ ਨੂੰ ਚੈਕ ਸੌਂਪਿਆ ਗਿਆ। ਇਸ ਮੌਕੇ ਸਰਪੰਚ ਮੁਖਤਿਆਰ ਸਿੰਘ ਪੂਰੀ ਨੇ ਪੰਚਾਇਤ ਮੈਂਬਰ ਕੁਲਦੀਪ ਧਵਨ, ਜਸਪਾਲ ਸਿੰਘ ਭੁੱਲਰ, ਰਾਜ ਸਿੰਘ, ਬੋਹੜ ਸਿੰਘ ਤੇ ਗੁਰਮੀਤ ਕੌਰ ਦਾ ਉਨ੍ਹਾਂ ਦੇ ਸਹਿਯੋਗ ਲਈ ਧੰਨਵਾਦ ਕੀਤਾ। ਇਸ ਮੌਕੇ ਵਿਧਾਇਕ ਰਜਨੀਸ਼ ਦਹੀਯਾ ਨੇ ਪਿੰਡ ਦੀ ਪੰਚਾਇਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਪੰਜਾਬ ਨੂੰ ਹੜ੍ਹਾਂ ਦੀ ਕੁਦਰਤੀ ਮਾਰ ਪਈ ਹੈ, ਜਿਸ ਨਾਲ ਲੋਕਾਂ ਦਾ ਭਾਰੀ ਨੁਕਸਾਨ ਹੋਇਆ ਹੈ।ਅਜਿਹੀ ਹਾਲਤ ਵਿੱਚ ਸਾਡਾ ਸਭਨਾਂ ਦਾ ਫਰਜ਼ ਬਣਦਾ ਹੈ ਕਿ ਇਨ੍ਹਾਂ ਹੜ੍ਹ ਪੀੜਤਾਂ ਦੀ ਬਾਂਹ ਫੜ੍ਹੀ ਜਾਵੇ ਤਾਂ ਜੋ ਉਹ ਮੁੜ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ।ਉਨ੍ਹਾਂ ਹੋਰਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਮੁੱਖ ਮੰਤਰੀ ਰਾਹਤ ਫੰਡ ਵਿੱਚ ਆਪਣਾ ਯੋਗਦਾਨ ਪਾਉਣ ਤਾਂ ਜੋ ਵੱਧ ਤੋਂ ਵੱਧ ਹੜ੍ਹ ਪੀੜਤਾਂ ਦੀ ਮਦਦ ਹੋ ਸਕੇ। ਉਨ੍ਹਾਂ ਕਿਹਾ ਕਿ ਲੋਕ https://rangla.punjab.gov.in 'ਤੇ ਜਾ ਕੇ ਮੁੱਖ ਮੰਤਰੀ ਰਾਹਤ ਫੰਡ ਵਿੱਚ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਲਈ ਆਪਣਾ ਯੋਗਦਾਨ ਪਾ ਸਕਦੇ ਹਨ। ਇਸ ਮੌਕੇ ਜ਼ਿਲ੍ਹਾ ਕੋਆਰਡੀਨੇਟਰ ਨਸ਼ਾ ਮੁਕਤੀ ਮੋਰਚਾ ਹਰਜਿੰਦਰ ਸਿੰਘ ਸਰਾਂ, ਸਾਬਕਾ ਸਰਪੰਚ ਇੰਦਰਪਾਲ ਸਿੰਘ ਪੰਮਾ, ਸਾਹਿਲ ਪੂਰੀ ਵੀ ਹਜ਼ਾਰ ਸਨ।

## ਕਸਬਾ ਘੁਮਾਣ ਵਿਖੇ 2 ਅਕਤੂਬਰ ਨੂੰ ਦੁਸਹਿਰਾ ਧੂਮਧਾਮ ਨਾਲ ਮਨਾਇਆ ਜਾਵੇਗਾ: ਡਾ. ਜੱਜ ਘੁਮਾਣ

ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 22 ਸਤੰਬਰ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਹਰ ਸਾਲ ਦੀ ਤਰ੍ਹਾਂ ਦੁਸਹਿਰਾ ਦਾ ਤਿਉਹਾਰ ਪ੍ਰਬੰਧਕ ਕਮੇਟੀ ਤੇ ਨਗਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾਵੇਗਾ।ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੁਸਹਿਰਾ ਕਮੇਟੀ ਦੇ ਪ੍ਰਧਾਨ ਡਾ. ਹਰਜਿੰਦਰ ਸਿੰਘ ਜੱਜ ਨੇ ਦੱਸਿਆ ਕਿ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦੁਸਹਿਰਾ ਕਮੇਟੀ ਵੱਲੋਂ 2 ਅਕਤੂਬਰ ਦਿਨ ਵੀਰਵਾਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਘੁਮਾਣ ਦੇ ਗਰਾਊਂਡ ਵਿਖੇ ਨੇਕੀ ਤੇ ਬਦੀ ਦਾ ਪ੍ਰਤੀਕ ਦੁਸਹਿਰੇ ਦਾ ਤਿਉਹਾਰ ਮਨਾਇਆ ਜਾਵੇਗਾ।ਇਸ ਮੌਕੇ ਰੰਗਾਰੰਗ ਪ੍ਰੋਗਰਾਮ ਕਰਵਾਇਆ ਜਾਵੇਗਾ ਤੇ



ਰਾਵਣ ਦਾ ਪੁਤਲਾ ਫੂਕਿਆ ਜਾਵੇਗਾ।ਸ਼ਾਮ 6 ਵਜੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਾਵਣ ਦੇ ਪੁਤਲੇ ਨੂੰ ਅੱਗ ਲਗਾ ਕੇ ਫੂਕਣਗੇ।ਇਸ ਮੌਕੇ ਕਮੇਟੀ ਪ੍ਰਧਾਨ ਡਾ. ਹਰਜਿੰਦਰ ਸਿੰਘ ਜੱਜ ਘੁਮਾਣ, ਪ੍ਰਧਾਨ ਪ੍ਰਲੋਕ ਸਿੰਘ ਘੁਮਾਣ, ਅੰਮ੍ਰਿਤਪਾਲ ਸਿੰਘ ਸੋਹੀ, ਸਰਪੰਚ ਬਲਰਾਮ ਸਿੰਘ ਬਰਿਆਰ, ਡਾ. ਨੂਰਾ, ਪ੍ਰਧਾਨ ਬਲਜੀਤ ਸਿੰਘ ਬੱਬੂ, ਰਾਜਵਿੰਦਰ ਸਿੰਘ ਬੱਬੂ, ਮਨਿੰਦਰ ਸਿੰਘ ਸੋਨੂੰ, ਕੁਲਵਿੰਦਰਜੀਤ ਸਿੰਘ ਬਾਊ ਘੁਮਾਣ, ਸਰਵਣ ਸਿੰਘ ਆਦਿ ਹਾਜ਼ਰ ਸਨ।

## ਪਿੰਡ ਮਾਨ ਸੈਂਡਵਾਲ ਤੋਂ ਪਟਿਆਲਾ ਤੇ ਕੈਨੇਡਾ ਤੱਕ ਆਪਣੀਆਂ ਲਿਖਤਾਂ ਰਾਹੀਂ ਸਾਹਿਤਕ ਮਹਿਕ ਬਿਖੇਰਨ ਵਾਲੀ ਲੇਖਿਕਾ-ਅਮਰਜੀਤ ਕੌਰ ਮਾਨ ਪਟਿਆਲਾ

ਫ਼ਤਹਿਗੜ੍ਹ ਚੂੜੀਆਂ, 22 ਸਤੰਬਰ (ਰਾਜਨ ਸ਼ਰਮਾ): ਸ੍ਰੀਮਤੀ ਅਮਰਜੀਤ ਕੌਰ ਮਾਨ ਪਟਿਆਲਾ ਜਿਨ੍ਹਾਂ ਦਾ ਪਿਛੋਕੜ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਮਾਨ ਸੈਂਡਵਾਲ ਤੋਂ ਹੈ, ਅੱਜਕੱਲ੍ਹ ਸਰੀ ਕੈਨੇਡਾ ਵਿਖੇ ਰਹਿ ਰਹੇ ਹਨ।ਬੇਸ਼ੱਕ ਉਨ੍ਹਾਂ ਦਾ ਪਿਛੋਕੜ ਸਾਹਿਤਕ ਮਾਹੌਲ ਵਾਲਾ ਨਹੀਂ ਰਿਹਾ ਪਰ ਉਹ ਆਪਣੇ ਪਤੀ ਸਵਰਗੀ ਕੈਪਟਨ ਹਰਦਿਆਲ ਸਿੰਘ ਮਾਨ ਨਾਲ ਉਨ੍ਹਾਂ ਦੀ ਫ਼ੌਜ ਦੀ ਨੌਕਰੀ ਦੌਰਾਨ ਦੇਸ਼ ਦੇ ਵੱਖੋ-ਵੱਖਰੇ ਸ਼ਹਿਰਾਂ ਵਿੱਚ ਰਹੇ ਹਨ।ਉਨ੍ਹਾਂ ਜ਼ਿੰਦਗੀ ਦੇ ਉਤਰਾਅ ਚੜ੍ਹਾਅ ਤੇ ਸਮਾਜਿਕ ਉਥਲ-ਪੁਥਲ ਤੇ ਸਮਾਜਿਕ ਕਦਰਾਂ ਕੀਮਤਾਂ ਨੂੰ ਬੜੀ ਗਹਿਰਾਈ ਨਾਲ ਮਹਿਸੂਸ ਕਰਦਿਆਂ ਕਲਮ ਉਠਾਈ ਹੈ। ਉਨ੍ਹਾਂ ਆਪਣੀ ਜ਼ਿੰਦਗੀ ਵਿੱਚ ਜੋ ਉਤਰਾਅ-ਚੜ੍ਹਾਅ ਮਹਿਸੂਸ ਕੀਤਾ ਹੈ, ਉਸ ਸਭ ਨੂੰ ਕਲਮਬੱਧ ਕੀਤਾ ਹੈ।ਹੁਣ ਤੱਕ ਆਪਣੀਆਂ ਦੋ ਮੌਲਿਕ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕੇ ਹਨ।ਇਨ੍ਹਾਂ ਵਿੱਚੋਂ 'ਬੇੜੀ, ਕਿਤਾਬ ਬਹੁਤ ਹੀ ਖ਼ੂਬਸੂਰਤ ਕਵਿਤਾਵਾਂ ਦੀ ਕਿਤਾਬ ਹੈ, ਜਿਸ ਵਿੱਚ ਪੁਰਾਣੇ ਵੇਲਿਆਂ ਦੀ ਨੁਹਾਰ, ਸੁਨੱਖੇ ਸੱਭਿਆਚਾਰ ਦੀ ਲਿਸ਼ਕੋਰ, ਚਿੜੀਆਂ ਦਾ



ਰੁਦਨ ਤੇ ਕੁੜੀਆਂ ਦਾ ਤਰਲਾ ਹੈ। ਖ਼ੂਬਸੂਰਤ ਕਵਿਤਾਵਾਂ ਦਾ ਇਹ ਗੁਲਦਸਤਾ ਬਹੁਤ ਹੀ ਮਹਿਕਾਂ ਭਰਿਆ ਹੈ।ਅਮਰਜੀਤ ਕੌਰ ਮਾਨ ਦੀ ਦੂਜੀ ਕਿਤਾਬ 'ਸ਼ੀਸ਼ਾ, ਲਘੂ ਕਹਾਣੀਆਂ ਦੀ ਕਿਤਾਬ ਹੈ।ਇਹ ਨਿੱਕੀਆਂ-ਨਿੱਕੀਆਂ ਪਰ ਵੱਡੇ ਅਰਥਾਂ ਵਾਲੀਆਂ ਕਹਾਣੀਆਂ ਕਿਸੇ ਡੂੰਘੇ ਜੀਵਨ ਸੰਘਰਸ਼ 'ਚੋਂ ਨਿਕਲੀਆਂ ਪ੍ਰਤੀਤ ਹੁੰਦੀਆਂ ਹਨ। ਇਨ੍ਹਾਂ ਕਹਾਣੀਆਂ ਵਿੱਚ ਲੋਕਾਈ ਦਾ ਡੂੰਘਾ ਦਰਦ ਤੇ ਸੰਵੇਦਨਾ ਹੈ।ਸਾਦੀ ਭਾਸ਼ਾ ਸ਼ੈਲੀ ਵਿੱਚ ਲਿਖੀਆਂ ਇਹ ਦੋਵੇਂ ਕਿਤਾਬਾਂ ਬਹੁਤ ਹੀ ਵਧੀਆ ਤੇ ਪੜ੍ਹਨਯੋਗ ਹਨ। ਜਸਪਾਲ ਹੰਝਰਾਅ ਯਾਦਗਾਰੀ ਮੰਚ ਫਤਹਿਗੜ੍ਹ ਚੂੜੀਆਂ ਦੇ ਜਨਰਲ ਸਕੱਤਰ ਹਰਪਾਲ ਸਿੰਘ ਨਾਗਰਾ ਮੈਂਬਰ ਰਾਜਪਾਲ ਸਿੰਘ ਬਾਠ ਤੇ ਸਾਹਿਤਕ ਵਿਚਾਰ ਮੰਚ ਫਤਹਿਗੜ੍ਹ ਚੂੜੀਆਂ ਦੇ ਪ੍ਰਧਾਨ ਪ੍ਰੀਤਮ ਸਰਪੰਚ ਤੇ ਸਕੱਤਰ ਰੋਜ਼ੀ ਸਿੰਘ ਤੇ ਸਾਹਿਤ ਸਭਾ ਫਤਹਿਗੜ੍ਹ ਚੂੜੀਆਂ ਦੇ ਪ੍ਰਧਾਨ ਸੁੱਚਾ ਸਿੰਘ ਰੰਧਾਵਾ ਸਕੱਤਰ ਸੁਖਦੇਵ ਸਿੰਘ ਕਾਹਲੋਂ ਨੇ ਸਾਂਝੇ ਤੌਰ 'ਤੇ ਕਿਹਾ ਕੇ ਬੜੀ ਖ਼ੁਸ਼ੀ ਦੀ ਗੱਲ ਹੈ ਕਿ ਸਾਡੇ ਨੇੜਲੇ ਪਿੰਡ ਮਾਨ ਸੈਂਡਵਾਲ ਦੇ ਪਿਛੋਕੜ ਵਾਲੇ ਸ੍ਰੀਮਤੀ ਅਮਰਜੀਤ ਕੌਰ ਮਾਨ ਪਟਿਆਲਾ ਬੜੀ ਸ਼ਿੱਦਤ ਨਾਲ ਕਲਮ ਚਲਾ ਰਹੇ ਹਨ ਤੇ ਸਮਾਜ ਵਿੱਚ ਫ਼ੈਲੀਆਂ ਕੁਰੀਤੀਆਂ ਨੂੰ ਉਜਾਗਰ ਕਰ ਰਹੇ ਹਨ।

## ਸਿਰਲੇਖਵਾਰ ਇਸ਼ਤਿਹਾਰ /Classified Advertisement


(U/o 5 Rule 20 CPC)
**In the Court of Sh. Devnoor Singh Civil Judge (Junior Division), Samrala**
CNR No. PBLDC0-000604-2025
Next Date: 06-10-2025
EXE-39-2025
Harbhajan Singh
Versus
Ranjit Singh
Notice to: Ranjit Singh S/o Khem Singh R/o Village Noorpur, Sub Tehsil Machhiwara Tehsil Samrala District Ludhiana
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 06-10-2025 at 10:00 A.M.
For details logon to https://highcourtchd.gov.in/?mod=district_notice&district=Ludhianacourt
Dated this day of 20-09-2025
**Sd/- Civil Judge (Junior Division), Samrala**

(U/o 5 Rule 20 CPC)
**In The Court of Sh. Mohit Kaul Civil Judge (Junior Division), Talwandi Sabo**
CNR No. PBBTA0-000958-2025
Next Date : 09-10-2025
Harbans Kaur widow
Versus
General Public
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 09-10-2025 at 10:00 A.M.
For details logon to https://highcourtchd.gov.in/?mod=district_notice&district=Bathinda
Dated, this day of 05-09-2025
**Sd/- Civil Judge (Junior Division), Talwandi Sabo(D)**

(U/o 5 Rule 20 CPC)
**In the Court of Ms. Parveen Bali Principal Judge Family Court, Faridkot**
CNR No. PBFD01-005432-2024
Next Date:- 09-10-2025
GW/38/2024
Madhu Khosla
Versus
Jasman Singh
Petition U/s Guardian and wards Act of Hindu Minority and Guardianship Act alongwith affidavit
Notice to: Jasman Singh S/o Shinder Pal Singh R/o Machhian Wala Mohalla, Zira Distt. Ferozpur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 09-10-2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 06-09-2025
**Sd/- Principal Judge Family Court, Faridkot**

(U/o 5 Rule 20 CPC)
(Succession case)
**In the Court of Ms. Mamta Kakkar Additional Civil Judge (Senior Division),**
CNR No. PBFG02-000941-2025
Next Date: 09.10.2025
Baldeep Singh
Versus
General Public
Notice to: General Public:- Distt. Fatehgarh Sahib
In above titled case the defendant(s)/respondent(s) could not be served. It is ordered that the defendant(s)/respondent(s) should appear in person or through counsel on 09.10.2025 at 10:00 A.M.
For details logon to https://highcourtchd.gov.in/?trs=district_notice&district=fatehgarh sahib
Dated, this day of 04-09-2025
**Sd/- Additional Civil Judge (Senior Division)**

(U/o 5 Rule 20 CPC)
**In the Court of Sh. Sumit Ghai Principal Judge, Family Court, Ferozepur**
CNR No. PBFZ01-005376-2025
Next Date: 09.10.2025
Swaranjit Kaur
Versus
General Public
Petition u/s 7 and 10 of the Guardian and Wards Act
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 09-10-2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 04-09-2025
**Sd/- Principal Judge, Family Court, Ferozepur**

(U/o 5 Rule 20 CPC)
**In the Court of Ms. Ankita Dhawan Civil Judge (Junior Division), Khamanon**
CNR No. PBFGB0-000221-2024
Next Date: 31.10.2025
Kulwinder Kaur
Versus
Baljinder Kaur
Notice to: Baljinder Kaur Daughter:- Labh Singh son of Nauhria Singh R/o Village Sohavi Tehsil Khamanon District Fatehgarh Sahib
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 31-10-2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 22-09-2025
**Sd/- Civil Judge (Junior Division), Khamanon**

(U/o 5 Rule 20 CPC)
**In the Court of Ms. Balvinder Kaur Dhaliwal Additional Civil Judge (Senior Division), Jagraon**
CNR No. PBLDB0-001094-2024
Next Date: 09.10.2025
Khushwant Singh
Versus
Gurjit Kaur
Notice to: Gurjit Kaur D/O Ishar Singh Wd/O Surinderpal Singh R/O Village Gagra, Backside Of Primary School, Tehsil Jagraon Distt Ludhiana Now R/O Bagga Kalan Tehsil Ludhiana (West), Distt. Ludhiana
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 09-10-2025 at 10:00 A.M.
For details logon to https://highcourtchd.gov.in/?mod=district_notice&district=ludhianacourt
Dated, this day of 13-08-2025
**Sd/- Additional Civil Judge (Senior Division), Jagraon**

(U/o 5 Rule 20 CPC)
**In the Court of Sh. Tanveer Madhav Civil Judge (Junior Division), Kharar**
CNR No. PBSAA0-001556-2023
Next Date : 09-10-2025
Kavita Puri
Versus
Nitin Kalra
Notice to: 4. Smt. Shaminder Kaur Wife Of Sachin Chouhan 5. Sachin Chouhan Son Of Shri Suresh Kumar Chouhan 6. Jaspreet Kaur Wife Of Gagan Deep Singh All R/O Village Sante Majra Tehsil Kharar, Distt. Sas Nagar, Mohali
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 09-10-2025 at 10:00 A.M.
For details logon to https://highcourtchd.gov.in/?mod=district_notice&district=mohali
Dated this day of 17-09-2025
**Sd/- Civil Judge (Junior Division), Kharar**

**In the Court of Sh. Pankaj Garg Judicial Magistrate -Ist Class, Hoshiarpur**
CNR No. PBHO03-002364-2023
Next Date:- 09-10-2025
Shriram Finance Ltd. Formerly Known As M/S Shriram City Union Finance Pvt.Ltd Registered Office At 123, Angappanaicken Street.Chennai-600001 And Zonal Office Situated At B-XIX-223/2, 3rd Floor. Sbi Building, Rani Jhansi Road, Ludhiana And Branch Office Tez Square Bbuilding, 1st Floor, Phagwara Road, Opposite Indian Overseas Bank Hoshiarpur Through Sh.Amrit Pal Takkhi Attorney Of Complainant Company.
Complainant
Versus
Meena W/O Ram Dayal, R/O Ram Nagar, Post Office Adampur, District Jalandhar 144103.
Accused
Notice to: Meena W/O Ram Dayal R/O Ram Nagar, Post Office Adampur, District Jalandhar 144103.
In above titled case the accused could not be served. It is ordered that accused should appear in person or through counsel on 09-10-2025 at 10:00 A.M.
For details logon to https://highcourtchd.gov.in/?trs=district_notice&district=Hoshiarpur
Dated this day of 09-09-2025
**Sd/- Judicial Magistrate -Ist Class, Hoshiarpur**

(U/o 5 Rule 20 CPC)
**In the Court of Ms. Vishavjyoti Civil Judge Jr. Division-2, Sri Anandpur Sahib**
CNR No. PBROA0-000516-2023
Next Date: 09.10.2025
Sewa Singh Son Of Mansha Singh Son Of Gurcharan Singh R/O Village Mataur Tehsil Sri Anandpur Sahib Distt. Rupnagar
Versus
Jagtar Singh Son Of Mela Singh Son Of Narain Singh R/o Village Thappal Tehsil Sri Anandpur Sahib Distt.Rupnagar
Petition U/S 23 Rule 1A Read With U/O 151 Rule 10 With Section 151 Cpc
Notice to: 1. Asha Rani Daughter Of Gian Singh Son Of Prabha Singh (40) 2. Prem Lata Daughter Of Gian Singh Son Of Prabha Singh (41) Both R/O Village-Mataur Tehsil Sri Anandpur Sahib Disit. Rupnagar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 09-10-2025 at 10:00 A.M.
For details logon to https://highcourtchd.gov.in/?trs=district_notice&district=Rupnagar
Dated, this day of 06-09-2025
**Sd/- Civil Judge Jr. Division-2, Sri Anandpur Sahib**

**Sessions Court, Amritsar**
**In the Court of Sh. Shatin Goyal Additional District & Sessions Judge Amritsar**
CNR No. PBAS01-015797-2024
Next Date: 09-10-2025
Rajan Manchanda
......Appellant/Plaintiff
Versus
Anita Kumari & Others
........Respondents/Defendants
Notice to Respondent: 1. Anita Kumari W/O Sandeep Kumar, Resident Of H.No 3, Gali No. 1, Nimla Colony, Backside Dana Mandi, G.T. Road, Chhehrta, Amritsar. 2. Trilok Nath Manchanda Son Of Vir Chand Manchanda, Resident Of H.No. 49, Gali No. 2, Rishi Vihar, Phase-II, Majitha Road, Amritsar. 3.Anju Manchanda W/O Trilok Nath Manchand, Resident Of H.No. 49, Gali No. 2, Rishi Vihar, Phase-II, Majitha Road, Amritsar.
In The Above Titled Case The Respondent Could Not Be Served. It Is Ordered That Respondent Should Appear In Person Or Through Counsel On 09-10-2025 10:00 Am.
For more details logon to https://highcourtchd.gov.in/?trs=district_notice&district=amritsar
Given under my hand and the seal of the Court, this 29-08-2025
**Sd/- Additional District & Sessions Judge Amritsar**

**In the Court of Ms. Shruti Judicial Magistrate - Ist Class Ludhiana**
CNR No. PBLD03-062390-2022
Next Date: 09.10.2025
M/s IndusInd Bank Limited
Versus
Ranjit Singh
Notice to: Ranjit Singh S/o Mahinder Singh R/O Vill Talwara The Fatehgarh Sahib, Talwara 147301
In above titled case the accused could not be served. It is ordered that accused should appear in person or through counsel on 09-10-2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 26-08-2025
**Sd/- Judicial Magistrate - Ist Class Ludhiana**

(U/o 5 Rule 20 CPC)
**In the Court of Sh. Pritpal Singh Principal Judge Family Court, Gurdaspur**
CNR No. PBGD01-003333-2025
Next Date: 09.10.2025
HMA-215- 2025
Prabhjot Singh
Versus
Aarti Kaur
Notice to: Aarti Kaur Spouse-Prabhjot Singh D/O Raj Singh, Resident Of H. No. 16 Basti Peer Daad Khan, Rajan Nagar, Jalandhar.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 09-10-2025 at 10:00 A.M.
For details logon to https://highcourtchd.gov.in/?mod=district_notice&district=Gurdaspur
Dated, this day of 19-08-2025
**Sd/- Principal Judge Family Court, Gurdaspur**


### ਜ਼ਰੂਰੀ ਸੂਚਨਾ


ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।



### ਬੇਦਖਲੀ ਸੂਚਨਾ

ਅਸੀਂ ਜਰਨੈਲ ਸਿੰਘ ਪੁੱਤਰ ਰਤਨ ਸਿੰਘ ਅਤੇ ਊਸ਼ਾ ਰਾਣੀ ਪਤਨੀ ਜਰਨੈਲ ਸਿੰਘ ਪਿੰਡ ਪਿਪਲਾਂਵਾਲਾ ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣੇ ਪੁੱਤਰ ਅਜੇ ਕੁਮਾਰ ਅਤੇ ਉਸਦੀ ਪਤਨੀ ਰਮਨਦੀਪ ਕੌਰ ਨੂੰ ਆਪਣੀ ਚੱਲ ਅਤੇ ਅੱਚਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ ਕਿਉਂਕਿ ਉਹ ਸਾਡੇ ਕਹਿਣੇ ਤੋਂ ਬਾਹਰ ਹਨ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ।

ਮੈਂ, ਅਵਤਾਰ ਸਿੰਘ ਪੁੱਤਰ ਚੰਨਣ ਰਾਮ ਵਾਸੀ ਬੀ-23, ਮਕਾਨ ਨੰ. 273/1, ਅਸਲਾਮਾਬਾਦ, ਹੁਸ਼ਿਆਰਪੁਰ ਨੇ ਆਪਣੇ ਪੁੱਤਰ ਰਮਨਦੀਪ ਸਿੰਘ ਅਤੇ ਉਸਦੀ ਪਤਨੀ ਰਜਵੰਤ ਕੌਰ ਨੂੰ ਆਪਣੀ ਚੱਲ ਅਤੇ ਅੱਚਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ ਕਿਉਂਕਿ ਉਹ ਮੇਰੇ ਕਹਿਣੇ ਤੋਂ ਬਾਹਰ ਹਨ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ।


## ਮਾਨ ਸਰਕਾਰ ਦੀ ਗਤੀਸ਼ੀਲ ਅਗਵਾਈ ਹੇਠ ਪੰਜਾਬ ਚ ਸਿਹਤ ਸੁਰੱਖਿਆ ਦੇ ਨਵੇਂ ਦੌਰ ਦੀ ਸ਼ੁਰੂਆਤ - ਮੁਖਦੇਵ ਸਿੰਘ ਆਲੋਵਾਲ

ਗੁਰਦਾਸਪੁਰ 22 ਸਤੰਬਰ ( ਜਸਵਿੰਦਰ ਸਿੰਘ ) 23 ਸਤੰਬਰ ਤੋਂ ਤਰਨ ਤਾਰਨ ਅਤੇ ਬਰਨਾਲਾ ਤੋਂ ਸ਼ੁਰੂ ਹੋਣਗੇ ਕੈਂਪ ਸਿਹਤ ਕਾਰਡ ਲਈ ਭਰੇ ਜਾਣਗੇ ਬਿਨੈ ਪੱਤਰ ਦੋਨੇ ਜਿਲਿਆਂ ਚੇ 2 ਤੋਂ 3 ਦਿਨ ਲੱਗੇਗਾ ਕੈਂਪ ਦੋਨਾਂ ਚੇ 128 – 128 ਥਾਵਾਂ ਤੇ ਹਰ ਪਰਿਵਾਰ ਦਾ ਬਣੇਗਾ ਸਿਹਤ ਬੀਮਾ ਕਾਰਡ ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਨੇ ਪੰਜਾਬ ਚੇ ਹਰ ਪਰਿਵਾਰ ਨੂੰ 10 ਲੱਖ ਤੱਕ ਦਾ ਸਲਾਨਾ ਮੁਫ਼ਤ ਇਲਾਜ਼ ਦੀ ਸਹੂਲਤ ਦੇ ਕੇ ਵੱਡੀ ਸਹੂਲਤ ਦਿੱਤੀ ਹੈ ਅਤੇ ਪੰਜਾਬ ਦਾ ਹਰ ਇੱਕ ਵਾਸੀ ਇਸ ਸਕੀਮ ਅਧੀਨ ਇਲਾਜ਼ ਦੀ ਸਹੂਲਤ ਦਾ ਹੱਕਦਾਰ ਹੋਵੇਗਾ ਮੁੱਖ ਮੰਤਰੀ ਸਿਹਤ ਯੋਜਨਾ ਦੀ ਸ਼ਲਾਘਾ ਕਰਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਹਲਕਾ ਕਾਦੀਆਂ ਤੋਂ ਮੁਖਦੇਵ ਸਿੰਘ ਆਲੋਵਾਲ ਜ਼ਿਲ੍ਹਾ ਮੀਡੀਆ ਇੰਚਾਰਜ ਗੁਰਦਾਸਪੁਰ ਨੇ ਕਿਹਾ ਕਿ ਇਸ ਸਕੀਮ ਤਹਿਤ ਇਲਾਜ ਲੈਣ ਲਈ ਕੋਈ ਕਾਗਜ਼ੀ ਕਾਰਵਾਈ ਚੇ ਉਲਝਣਾ ਨਹੀਂ ਪਏਗਾ ਅਗਰ ਤੁਹਾਡੇ ਕੋਲ ਕਾਰਡ ਬਣਿਆ ਨਹੀਂ ਹੋਵੇਗਾ ਤਾਂ ਮੌਕੇ ਤੇ ਅਧਾਰ ਕਾਰਡ ਜਾਂ ਵੋਟਰ ਕਾਰਡ ਦਿਖਾ ਕੇ ਰਜਿਸਟਰ ਕਰਵਾਉਣ ਉਪਰੰਤ ਇਲਾਜ਼ ਕਰਵਾਇਆ ਜਾ ਸਕੇਗਾ ਉਨ੍ਹਾਂ ਦੱਸਿਆ ਕਿ ਪੰਜਾਬ ਦੇ ਸਾਰੇ ਸਰਕਾਰੀ ਹਸਪਤਾਲਾਂ ਸਮੇਤ ਕਰੀਬ 1500 ਨਿੱਜੀ ਹਸਪਤਾਲ ਇਸ ਸਕੀਮ ਤਹਿਤ ਪੰਜਾਬੀਆਂ ਦਾ ਮੁਫ਼ਤ ਇਲਾਜ ਕਰਨਗੇ ਉਹਨਾਂ ਕਿਹਾ ਕਿ ਪੰਜਾਬ ਦੇ 65 ਲੱਖ ਪਰਿਵਾਰਾਂ ਨੂੰ ਕੈਸ਼ਲੈੱਸ ਬੀਮੇ ਦੀ ਸਹੂਲਤ ਦਿੱਤੀ ਗਈ ਹੈ, ਜਿਸ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਹਰ ਬੀਮਾਰੀ ਦਾ ਇਲਾਜ ਮੁਫ਼ਤ ਵਿੱਚ ਕੀਤਾ ਜਾਵੇਗਾ।

## ਭੋਗਪੁਰ ਪੁਲਿਸ ਨੇ ਗੁਵਾਚਿਆ ਮੋਬਾਇਲ ਲੱਭ ਕੇ ਦਿੱਤਾ ਤਾਂ ਸੀਨੀਅਰ ਅਧਿਕਾਰੀਆਂ ਨੇ ਕੀਤੀ ਤਾਰੀਫ

ਭੋਗਪੁਰ, 22 ਸਤੰਬਰ, ਅਮਰਜੀਤ ਸਿੰਘ ਸੈਣੀ ਜੰਡੀਰ, ਭੋਗਪੁਰ ਪੁਲਿਸ ਨੇ ਕੋ ਬਚਿਆ ਮੋਬਾਈਲ ਲੱਭ ਕੇ ਵੱਡੀ ਸਫਲਤਾ ਹਾਸਿਲ ਕੀਤੀ ਹੈ ਪਰਮਿੰਦਰ ਕੌਰ ਪਤਨੀ ਸੁਰਜੀਤ ਸਿੰਘ ਵਾਸੀ ਗੁਰੂ ਨਾਨਕ ਨਗਰ ਭੋਗਪੁਰ ਥਾਣਾ ਭੋਗਪੁਰ ਜਿਲ੍ਹਾ ਜਲੰਧਰ ਨੇ ਹਾਜਰ ਥਾਣਾ ਆ ਕੇ ਇਤਲਾਹ ਦਿੱਤੀ ਸੀ ਕਿ ਉਸ ਦਾ ਮੋਬਾਈਲ ਫੋਨ ਮਾਰਕਾ ਸੈਮਸੰਗ 5ਜੀ ਰੰਗ ਕਾਲਾ ਭੋਗਪੁਰ ਬਾਜ਼ਾਰ ਵਿੱਚ ਡਿੱਗ ਗਿਆ ਹੈ 9 ਜਿਸ ਤੇ ਮੁੱਖ ਅਫਸਰ ਥਾਣਾ ਭੋਗਪੁਰ ਦੀ ਹਿਦਾਇਤ ਤੇ ਤੁਰੰਤ ਥਾਣਾ ਭੋਗਪੁਰ ਦੇ ਟੈਕਨੀਕਲ ਸਟਾਫ ਵੱਲੋਂ ਉਕਤ ਮੋਬਾਇਲ ਫੋਨ ਟਰੈਕਿੰਗ ਤੇ ਲਗਾ ਕੇ ਇੰਸਪੈਕਟਰ ਰਾਜੇਸ਼ ਕੁਮਾਰ ਅਰੋੜਾ ਦੇ ਦੇਸ਼ਾਂ ਨਿਰਦੇਸ਼ਾਂ ਨਾਲ ਟ੍ਰੈਆਬੀਲਿਟੀ ਨਾਲ ਬੜੀ ਮਿਹਨਤ ਨਾਲ ਸੀਨੀਅਰ ਸਿਪਾਹੀ ਤਰਨਪ੍ਰੀਤ ਸਿੰਘ 1430 ਵੱਲੋਂ ਫੋਨ ਟਰੇਸ ਕਰਕੇ ਅੱਜ ਮਿਤੀ 22.09.25 ਨੂੰ ਪਰਮਿੰਦਰ ਕੌਰ ਨੂੰ ਸਮੇਤ ਉਹਨਾਂ ਦੇ ਪਤੀ ਸੁਰਜੀਤ ਸਿੰਘ ਨੂੰ ਥਾਣਾ ਬੁਲਾ ਕੇ ਸੀਨੀਅਰ ਸਿਪਾਹੀ ਤਰਨਪ੍ਰੀਤ ਸਿੰਘ 1430 ਕੰਪਿਊਟਰ ਆਪਰੇਟਰ ਥਾਣਾ ਭੋਗਪੁਰ, ਸੀਨੀਅਰ ਸਿਪਾਹੀ ਵਿਨੋਦ ਕੁਮਾਰ 1558, ਸੀਨੀਅਰ ਸਿਪਾਹੀ ਗੁਰਨਾਮ ਸਿੰਘ 1570 ਮੁਖ ਮੁਣਸ਼ੀ ਥਾਣਾ ਭੋਗਪੁਰ ਵੱਲੋਂ ਫੋਨ ਉਹਨਾਂ ਦੇ ਹਵਾਲੇ ਕੀਤਾ9 ਜਿਨਾਂ ਵੱਲੋਂ ਪੁਲਿਸ ਕਰਮਚਾਰੀਆਂ ਦੀ ਸ਼ਲਾਘਾ ਕਰਦਿਆਂ ਹੋਇਆ ਪੁਲਿਸ ਮਹਿਕਮੇ ਦਾ, ਮਾਨਯੋਗ ਐਸ. ਐਸ. ਪੀ ਸਾਹਿਬ ਜਲੰਧਰ (ਦ ) ਸ਼੍ਰੀ ਹਰਵਿੰਦਰ ਸਿੰਘ ਵਿਰਕ ਪੀ.ਪੀ.ਐਸ ਜੀ ਦਾ ਅਤੇ ਐਸ.ਐਚ. ਓ ਥਾਣਾ ਭੋਗਪੁਰ ਇੰਸਪੈਕਟਰ ਰਾਜੇਸ਼ ਕੁਮਾਰ ਅਰੋੜਾ ਜੀ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ।


### ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3)

ਜ਼ਮੀਨੀ ਤਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ
ਮਾਮਲਾ ਨੰਬਰ : ਓਏ/575/2022
ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਧੀਨ ਸੰਮਨ
ਈਐਕਸਐਚ ਨੰ. : 25646
ਯੂਨੀਅਨ ਬੈਂਕ ਆਫ ਇੰਡੀਆ (ਆਂਧਰਾ ਬੈਂਕ)
ਬਨਾਮ
ਸ਼ਿਪਰਾ

ਵੱਲ,
(1) ਸ੍ਰੀਮਤੀ ਸ਼ਿਪਰਾ ਸੁਪਤਨੀ ਸ੍ਰੀ ਮਨਜੀਤ ਸਿੰਘ ਵਾਸੀ #3355 ਸੈਕਟਰ 38-ਡੀ, ਚੰਡੀਗੜ੍ਹ-140301
(2) ਸ੍ਰੀ ਨਿਤਿਸ਼ ਕੁਮਾਰ ਸਪੁੱਤਰ ਸ੍ਰੀ ਹਰੀ ਕੁਮਾਰ ਵਾਸੀ ਮਕਾਨ ਨੰ 1771/11 ਸਾਹਮਣੇ ਬੈਂਕ ਆਫ ਬੜੌਦਾ ਵਾਰਡ ਨੰ. 13 ਮਹਾਂਵੀਰ ਨਗਰ ਅੰਬਾਲਾ ਸਿਟੀ-134003

ਸੰਮਨ

**ਜਿਥੇ ਕਿ, ਓ. ਏ./575/2022, 27.05.2025 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ ਰਜਿਸਟਰਾਰ ਕੋਲ ਸੂਚੀਬੱਧ ਸੀ।**
ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ **ਰੁ. 34,61,888.37/-** ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ (**ਓ. ਏ.**) **ਕਾਨੂੰਨ ਦੀ ਧਾਰਾ 19** (4) ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾ ਰਹੀ ਹੈ। (**ਦਸਤਾਵੇਜ਼ਾਂ ਆਦਿ ਦੇ ਉਤਾਰੇ ਸਮੇਤ ਅਰਜ਼ੀ ਨੱਥੀ**)।
ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਂਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-
(1) ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਵਾਨ ਨਾ ਕੀਤੀ ਜਾਵੇ;
(2) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;
(3) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੌਦੇਬਾਜ਼ੀ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜੋੜਨ ਲਈ ਅਰਜ਼ੀ ਦਾ ਨਿਪਟਾਰਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ;
(4) ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।
(5) ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁਰੱਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਰੱਖਣ ਲਈ ਜੁਆਬਦੇਹ ਹੋ ਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁਰੱਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।
ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਓ ਅਤੇ 21.10.2025 ਨੂੰ **ਸਵੇਰੇ 10.30 ਵਜੇ ਰਜਿਸਟਰਾਰ** ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।
ਪੇਪਰ ਬੁੱਕ ਲਈ ਨਿਮਨਲਿਖਤ ਯੂਆਰਐਲ ਦੇਖੋ : **https://cis.drt.gov.in/drtlive/paperbook.php?ri=202513050529**
ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ 29.05.2025 ਨੂੰ ਜਾਰੀ।
ਰਜਿਸਟਰਾਰ
ਕਰਜ਼ ਵਸੂਲੀ ਟ੍ਰਿਬਿਊਨਲ, ਚੰਡੀਗੜ੍ਹ (ਡੀਆਰਟੀ-3)



### ਉੱਤਰ ਰੇਲਵੇ

**ਈ-ਟੈਂਡਰ ਸੂਚਨਾ**

ਵਰਕਸ਼ਾਪ ਇਲੈਕਿਟ੍ਰਕਲ ਇੰਜੀਨੀਅਰ (ਆਈ/ਸੀ) ਉੱਤਰ ਰੇਲਵੇ ਜਗਾਧਰੀ ਵਰਕਸ਼ਾਪ, ਯਮੁਨਾ ਨਗਰ, ਹਰਿਆਣਾ-135002, ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਦੀ ਤਰਫ ਤੋਂ ਹੇਠਾ ਲਿਖੇ ਕੰਮ ਦੇ ਲਈ ਕੇਵਲ ਆਨਲਾਈਨ ਮੋਡ ਦੇ ਦੁਵਾਰਾ ਤੋਂ ਈ-ਟੈਂਡਰ ਮੰਗ ਕਰਦਾ ਹੈ:-

| ਕੰਮ ਦਾ ਨਾਮ | "ਆਰਐਮਪੀਯੂ ਐਲਐਚਬੀ ਏਸੀ ਕੋਚਾਂ ਦੇ ਨਵੀਨੀਕਰਣ ਦਾ ਪ੍ਰਾਵਧਾਨ । | | |
|---|---|---|---|
| ਟੈਂਡਰ ਪ੍ਰਕਾਰ | ਖੁਲੀ | ਬੋਲੀ ਪ੍ਰਣਾਲੀ | ਇਕ ਪੈਕੇਟ ਸਿਸਟਮ |
| ਟੈਂਡਰ ਵਿਕਰੀ ਸਮਾਪਨ ਮਿਤੀ | 13.10.2025 ਸਵੇਰੇ:11:30 ਵਜੇ । | ਟੈਂਡਰ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 20.09.2025 14:45 ਵਜੇ |
| ਪੂਰਵ-ਬੋਲੀ ਜ਼ਰੂਰੀ ਹੈ | ਨਹੀਂ | ਅੱਜ ਤਕ ਪ੍ਰੀ-ਬਿਡ ਕਵੇਰੀ | ਨਾ |
| ਵਿਗਿਆਪਨ ਮੁਲ | ਰੁ:7,45,56,394 /-ਸਾਰੇ ਕਰ ਜੀਐਸਟੀ ਆਦਿ ਸਹਿਤ | ਟੈਂਡਰ ਅਨੁਭਾਗ | ਟੈਂਡਰ ਅਤੇ ਵਰਕਸ/ਇਲੈਕਿਟ੍ਰਕਲ ਬਰਾਚ, ਜਗਾਧਰੀ ਵਰਕਸ਼ਾਪ । |
| ਅਗ੍ਰਿਮ ਧਨ | ਰੁ: 5,22,800.00 /- | ਆਫਰ ਦੀ ਵੈਧਤਾ | 60 ਦਿਨ |
| ਟੈਂਡਰ ਦਸਤਾਵੇਜ ਲਾਗਤ | Nil (ਅਪ੍ਰੈਲ 2022 ਦੇ ਭਾਗ-I ਖੰਡ ਨੰਬਰ 3 ਦੇ ਅਨੁਸਾਰ) | ਪੂਰਾ ਕਰਨ ਦਾ ਸਮਾਂ | 24 ਮਹੀਨੇ |
| ਬੋਲੀ ਸ਼ੁਰੂ ਮਿਤੀ | 29.09.2025 | ਬੋਲੀ ਸਮਾਪਤੀ ਮਿਤੀ | 13.10.2025 ਸਵੇਰੇ: 11:30 ਵਜੇ । |
| ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਉਸਦੇ ਬਾਦ ਕਿਸੀ ਵੀ ਸਮੇਂ ਟੈਂਡਰ ਨੂੰ ਬੰਦ ਕੀਤਾ ਜਾਂ ਸਕਦਾ ਹੈ । ਟੈਂਡਰਕਰਤਾਵਾਂ ਨੂੰ ਉਦਘਾਟਨ ਦੇ ਦੋਰਾਨ ਹਾਜ਼ਰ ਰਹਿਣ ਦੀ ਜ਼ਰੂਰਤ ਨਹੀਂ ਹੈ । ਟੈਂਡਰ ਬੰਦ ਹੋਣ ਦੇ ਬਾਦ ਕਿਸੀ ਵੀ ਸਮੇਂ ਟੈਂਡਰ ਖੋਲਣ ਦਾ ਅਧਿਕਾਰ ਰੇਲਵੇ ਕੋਲ ਸੁਰੱਖਿਅਤ ਹੈ । | | |
| ਵੈੱਬਸਾਈਟ | www.ireps.gov.in ਉਤੇ ਜਾਏ | | |

ਨੰ: 56/ਡਬਲਯੂ/ਇਲੈਕਟ/25-26/ਟੀ/13/ਆਰਐਮਪੀਯੂ/ਨਵੀਨੀਕਰਣ
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 2909/25



### ਉਤਰ ਰੇਲਵੇ

**ਇਲੈਕਟ੍ਰੋਨਿਕ ਨਿਵਿਦਾ ਈ-ਪ੍ਰਣਾਲੀ ਦੇ ਤਹਿਤ ਮਦਾਂ ਦੀ ਸਪਲਾਈ ਲਈ ਨਿਵਿਦਾ ਸੱਦਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਉਪ ਮੁੱਖ ਸਮਗਰੀ ਪ੍ਰਬੰਧਕ ਉਤਰ ਰੇਲਵੇ ਜਗਾਧਰੀ ਵਰਕਸ਼ਾਪ-135002 ਦੁਆਰਾ ਫਰਮਾਂ ਤੋਂ ਹੇਠਾਂ ਲਿਖਤ ਮਦਾਂ ਦੇ ਲਈ ਈ-ਨਿਵਿਦਾਵਾਂ ਦੇ ਮਾਧਿਅਮ ਨਾਲ ਮੰਗ ਕੀਤੀ ਜਾਂਦੀ ਹੈ:-

| ਨਿਵਿਦਾ ਨੰਬਰ | ਸੰਖੇਪ ਵੇਰਵਾ | ਮਾਤਰਾ | ਬੰਦ ਹੋਣ ਦੀ ਮਿਤੀ |
|---|---|---|---|
| 61256627 | ਮਿਗ/ਮੈਗ ਵੇਲਡਿੰਗ ਮਸ਼ੀਨ | 30 ਨਗ | 20 ਅਕਤੂਬਰ 2025 |

**ਨਿਵਿਦਾ ਸ਼ਰਤਾਂ 1.** ਵਿਸਤ੍ਰਿਤ ਜਾਣਕਾਰੀ IREPS ਵੈਬਸਾਈਟ ਯਾਨੀ www.ireps.gov.in 'ਤੇ ਦੇਖੀ ਜਾ ਸਕਦੀ ਹੈ। **2.** ਮੈਨੂੰਅਲ ਆਫਰ ਸਵੀਕ੍ਰਿਤ ਨਹੀਂ ਕੀਤੀ ਜਾਵੇਗੀ।
**ਟੈਂਡਰ ਨੋਟਿਸ ਨੰ.: 61256627** **ਤਾਰੀਕ: 22.09.2025**
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 2915/2025



### ਦਫ਼ਤਰ ਸਿਵਲ ਜੱਜ ਸੀਨੀਅਰ ਡਵੀਜ਼ਨ, ਪਟਿਆਲਾ
### ਨਿਲਾਮੀ ਨੋਟਿਸ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੂਡੀਸ਼ੀਅਲ ਕੋਰਟ ਕੰਪਲੈਕਸ, ਪਟਿਆਲਾ, ਨਾਭਾ ਅਤੇ ਰਾਜਪੁਰਾ ਵਿਖੇ ਕੰਟੀਨ ਅਤੇ ਸਾਇਕਲ ਸਟੈਂਡ ਦਾ ਠੇਕਾ ਸਾਲ 2025-2026 (10.10.2025 to 31.03.2026) ਲਈ ਨਿਲਾਮੀ ਕਰਨ ਲਈ ਖੁੱਲ੍ਹੀ ਬੋਲੀ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹੈ :
ਬੋਲੀ ਮੰਜ਼ੂਰ ਹੋਣ ਵਾਲੇ ਵਿਅਕਤੀ ਨੂੰ ਕੁੱਲ ਬੋਲੀ ਦਾ ¼ ਹਿੱਸਾ ਮੌਕੇ 'ਤੇ ਜਮ੍ਹਾਂ ਕਰਵਾਉਣਾ ਹੋਵੇਗਾ ਅਤੇ ਬਾਕੀ ਰਹਿੰਦੀ ਕੁੱਲ ਰਕਮ ਪ੍ਰਵਾਨਗੀ ਤੋਂ ਇੱਕ ਮਹੀਨੇ ਦੇ ਅੰਦਰ ਜਮ੍ਹਾਂ ਕਰਵਾਉਣੀ ਹੋਵੇਗੀ। ਬੋਲੀ ਦੀ ਫਾਇਨਲ ਪ੍ਰਵਾਨਗੀ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ, ਪਟਿਆਲਾ ਵੱਲੋਂ ਤਿੰਨ ਦਿਨਾਂ ਦੇ ਅੰਦਰ ਕੀਤੀ ਜਾਵੇਗੀ। ਬੋਲੀ ਦੀਆਂ ਸ਼ਰਤਾਂ ਮੌਕੇ ਤੇ ਦੱਸੀਆਂ ਜਾਣਗੀਆਂ ਜਾਂ ਨਿਮਨਲਿਖਤ ਹਸਤਾਖ਼ਰ ਦੇ ਦਫ਼ਤਰ ਵਿੱਚ ਅਤੇ ਪਟਿਆਲਾ ਕੋਰਟ ਦੀ ਵੈੱਬਸਾਈਟ ਤੇ ਵੇਖੀਆਂ ਜਾ ਸਕਦੀਆਂ ਹਨ। ਬੋਲੀ ਦੇਣ ਵਾਲੇ ਵਿਅਕਤੀ ਨੂੰ ਰੁਪਏ/-` 10,000/- ਬਤੌਰ ਸਕਿਉਰਿਟੀ (ਮੋੜਨਯੋਗ) ਮੌਕੇ ਤੇ ਜਮ੍ਹਾਂ ਕਰਵਾਉਣੇ ਪੈਣਗੇ। ਕਿਸੇ ਵੀ ਸਾਬਕਾ ਠੇਕੇਦਾਰ ਜਿਸ ਵੱਲ ਸਰਕਾਰੀ ਬਕਾਇਆ ਹੋਵੇਗਾ, ਉਸ ਨੂੰ ਬੋਲੀ ਦੇਣ ਦਾ ਹੱਕ ਨਹੀਂ ਹੋਵੇਗਾ।

| ਲੜੀ. ਨੰ. | ਮਿਤੀ | ਸਮਾਂ | ਬੋਲੀ ਦਾ ਸਥਾਨ | ਜਿਸ ਦਾ ਠੇਕਾ ਮੰਗਿਆ ਹੈ | ਰਿਜ਼ਰਵ ਕੀਮਤ | ਵਿਸ਼ੇਸ਼ ਕਥਨ |
|---|---|---|---|---|---|---|
| 1 | 08.10.2025 | 2:00 | ਜ਼ਿਲ੍ਹਾ ਕਾਨੂੰਨੀ ਅਥਾਰਟੀ ਦੇ ਕਾਨਫ਼ਰੰਸ ਹਾਲ | ਸਾਇਕਲ ਸਟੈਂਡ, ਕੋਰਟ ਕੰਪਲੈਕਸ, ਨੇੜੇ ਸਟੇਟ ਬੈਂਕ ਆਫ਼ ਪਟਿਆਲਾ, ਪਟਿਆਲਾ। | ` 45,000/- | ਠੇਕੇ ਦੀ ਮਿਆਦ 10.10.2025 ਤੋਂ 31.03.2026 |
| 2 | 08.10.2025 | 2:15 | ਜ਼ਿਲ੍ਹਾ ਕਾਨੂੰਨੀ ਅਥਾਰਟੀ ਦੇ ਕਾਨਫ਼ਰੰਸ ਹਾਲ | ਸਾਇਕਲ ਸਟੈਂਡ, ਕੋਰਟ ਕੰਪਲੈਕਸ, ਰਾਜਪੁਰਾ। | ` 1,30,000/- | ਠੇਕੇ ਦੀ ਮਿਆਦ 10.10.2025 ਤੋਂ 31.03.2026 |
| 3 | 08.10.2025 | 2:30 | ਜ਼ਿਲ੍ਹਾ ਕਾਨੂੰਨੀ ਅਥਾਰਟੀ ਦੇ ਕਾਨਫ਼ਰੰਸ ਹਾਲ | ਕੰਟੀਨ ਕੋਰਟ ਕੰਪਲੈਕਸ, ਨਾਭਾ। | ` 42,500/- | ਠੇਕੇ ਦੀ ਮਿਆਦ 10.10.2025 ਤੋਂ 31.03.2026 |

ਵਧੇਰੇ ਜਾਣਕਾਰੀ ਲਈ ਨਿਮਨ ਹਸਤਾਖ਼ਰੀ ਦੇ ਦਫ਼ਤਰ ਵਿੱਚ ਸੰਪਰਕ ਕਰ ਸਕਦੇ ਹੋ ਜਾਂ ecourts, Patiala ਦੀ ਵੈੱਬਸਾਈਟ ਤੇ ਦੇਖ ਸਕਦੇ ਹੋ।
**ਸਹੀ/- ਸਿਵਲ ਜੱਜ, ਸੀਨੀਅਰ ਡਵੀਜ਼ਨ, ਪਟਿਆਲਾ।**



### ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ

GRIHUM HOUSING FINANCE Apna Ghar, Apni Pehchan
(ਸਾਬਕਾ ਤੌਰ 'ਤੇ ਪੂਨਾਵਾਲਾ ਹਾਊਸਿੰਗ ਫਾਇਨਾਂਸ ਲਿਮਟਿਡ ਤੋਂ ਜਾਣੂੰ)
ਰਜਿ. ਦਫ਼ਤਰ- 6ਵੀਂ ਮੰਜ਼ਿਲ, ਬੀ ਬਿਲਡਿੰਗ, ਗੰਗਾ ਟਰੂਨੋ ਬਿਜ਼ਨਸ ਪਾਰਕ, ਲੋਹੇਗਾਓਂ, ਪੂਣੇ, ਮਹਾਰਾਸ਼ਟਰਾ-411014
ਅੰਤਿਕਾ 4 (ਦੇਖੋ ਨਿਯਮ 8 (1)
ਕਬਜ਼ਾ ਸੂਚਨਾ
(ਅਚੱਲ ਸੰਪੱਤੀ ਦੇ ਲਈ)

ਜਿਥੇ ਕਿ ਨਿਮਨ ਹਸਤਾਖ਼ਰੀ ਨੇ **ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ (ਸਾਬਕਾ ਤੌਰ 'ਤੇ ਪੂਨਾਵਾਲਾ ਹਾਊਸਿੰਗ ਫਾਇਨਾਂਸ ਲਿਮਟਿਡ ਤੋਂ ਜਾਣੂੰ) ਜਿਵੇਂ ਕਿ 17 ਨਵੰਬਰ 2023 ਤੋਂ ਪੂਨਾਵਾਲਾ ਹਾਊਸਿੰਗ ਫਾਇਨਾਂਸ ਲਿਮਟਿਡ ਤੋਂ ਬਦਲ ਕੇ ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ ਹੋ ਗਿਆ ਹੈ) (ਬੀਤੇ ਵਿਚ ਮੈਗਮਾ ਹਾਊਸਿੰਗ ਫਾਇਨਾਂਸ ਲਿਮਟਿਡ ਤੋਂ ਜਾਣੂੰ ਅਤੇ ਮੂਲ ਰੂਪ ਵਿਚ ਜੀਈ ਮਨੀ ਹਾਊਸਿੰਗ ਫਾਇਨਾਂਸ ਪਬਲਿਕ ਅਨਲਿਮਟਿਡ ਕੰਪਨੀ ਦੇ ਨਾਮ ਨਾਲ ਨਿਗਮਿਤ)** (ਇਥੇ ਬਾਅਦ ਵਿਚ ਉਕਤ ਕਾਰਪੋਰੇਟ/ਪੰਜੀਕ੍ਰਿਤ ਦਫ਼ਤਰ ਦੇ ਸੁਰੱਖਿਅਤ ਕਰਜ਼ਦਾਤਾ ਵਜੋਂ ਸੰਦਰਭਿਤ) ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (ਇਥੇ ਬਾਅਦ ਵਿਚ "ਦਰਸਾਏ ਕਾਨੂੰਨ" ਵਜੋਂ ਸੰਦਰਭਿਤ) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਨਿਮਨ ਕਰਜ਼ਦਾਰਾਂ ਨੂੰ ਸੱਦਾ ਦਿੰਦੇ ਹੋਏ ਨਿਮਨ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।
ਕਰਜ਼ਦਾਰ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਸੁਰੱਖਿਆ ਵਿਆਜ ਲਾਗੂਕਰਨ ਨਿਯਮਾਂਵਲੀ, 2002 ਦੀ ਦਰਸਾਈ ਨਿਯਮਾਂਵਲੀ ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਕਬਜ਼ਾ** ਲੈ ਲਿਆ ਹੈ।
ਕਰਜ਼ਦਾਰਾਂ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਰਕਮ ਅਤੇ ਵਿਆਜ ਦੇ ਲਈ **ਸੁਰੱਖਿਅਤ ਕਰਜ਼ਦਾਤਾ** ਦੇ ਚਾਰਜ ਨਾਲ ਸਬੰਧਤ ਹੋਵੇਗੀ। ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ। ਕਬਜ਼ੇ ਵਿਚ ਲਈ ਸੰਪੱਤੀ ਦੇ ਵੇਰਵੇ ਨਿਮਨ ਦਰਸਾਏ ਹਨ।

| ਲ. ਨੰ. | ਕਰਜ਼ਦਾਰਾਂ ਦਾ ਨਾਮ | ਸੰਪੱਤੀ ਦੇ ਵੇਰਵੇ | ਕਬਜ਼ਾ ਲੈਣ ਦੀ ਮਿਤੀ | ਵਿਧਾਨਕ ਮੰਗ ਸੂਚਨਾ ਦੀ ਮਿਤੀ | ਮੰਗ ਸੂਚਨਾ ਦੀ ਰਕਮ (ਰੁਪਏ ) |
|---|---|---|---|---|---|
| 1. | ਪ੍ਰਮੋਦ ਪ੍ਰਸਾਦ, ਰੇਨੂੰ ਦੇਵੀ | ਪਲਾਟ ਨੰਬਰ 65 ਦੇ ਸਾਰੇ ਭਾਗ ਅਤੇ ਹਿੱਸੇ ਜਿਸ ਵਿੱਚ 50 ਵਰਗ ਗਜ਼ ਦਾ ਮਾਪ, ਖਾਤਾ ਨੰਬਰ 307/311, 355, ਖਸਰਾ ਨੰਬਰ 100//6/2, 99//10/2, 100//15 ਸ਼ਾਮਲ ਹੈ, ਜਮ੍ਹਾਂਬੰਦੀ ਸਾਲ 2013-2014 ਦੇ ਅਧੀਨ, ਪਿੰਡ ਖਾਸੀ ਕਲਾਂ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ। (ਪੰਜਾਬ) ਹੱਦਬੰਦੀ ਏਟੀਐਸ ਦੀ ਦਿੱਤੀ ਗਈ ਕਾਪੀ ਅਨੁਸਾਰ: ਪੂਰਬ-ਗਲੀ ਪੱਛਮ-ਗੁਆਂਢੀ ਉੱਤਰ-ਗੁਆਂਢੀ ਦੱਖਣ-ਗੁਆਂਢੀ | 18-09-2025 | 09-07-2025 | Loan No.HL00625100000005020470 ਰੁ. 613194/- (ਰੁਪਏ ਛੇ ਲੱਖ ਤੇਰਾਂ ਹਜ਼ਾਰ ਇੱਕ ਸੌ ਚੁਰਾਨਵੇਂ ਕੇਵਲ) ਪੂਰਤੀ ਹੋਣ ਤੱਕ 15.35% ਸਲਾਨਾ ਦੀ ਦਰ 'ਤੇ ਵਿਆਜ ਸਮੇਤ 09.07.2025 ਨੂੰ ਅਦਾਇਗੀਯੋਗ |
| 2. | ਮੁਕੇਸ਼ ਕੁਮਾਰ ਨਿਰਭਨ, ਤਾਨੀਆ ਵਿਦਿਆ ਸਗਲ | ਮਕਾਨ ਦੇ ਸਾਰੇ ਭਾਗ ਅਤੇ ਹਿੱਸੇ ਜਿਸ ਵਿੱਚ ਐਮ.ਸੀ. ਨੰ. ਬੀ-14-1086/2ਬੀ, 26 ਵਰਗ ਗਜ਼ ਦਾ ਮਾਪ, ਤਰਫ਼ ਸੈਦਾਂ, ਇਸਲਾਮ ਗੰਜ ਵਜੋਂ ਜਾਣਿਆ ਜਾਂਦਾ ਇਲਾਕਾ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ (ਪੰਜਾਬ) ਵਿਖੇ ਸਥਿਤ। ਵਿਕਰੀ ਡੀਡ ਦੀ ਦਿੱਤੀ ਗਈ ਕਾਪੀ ਅਨੁਸਾਰ ਹੱਦਬੰਦੀ: ਪੂਰਬ-ਵਿਸ਼ਨੂੰ ਪੱਛਮ-ਪਾਸੇਜ ਉੱਤਰ-ਪਾਸੇਜ ਦੱਖਣ-ਗੁਆਂਢ | 19-09-2025 | 09-07-2025 | Loan No.HL00625100000005021451 ਰੁ. 1265676/- (ਰੁਪਏ ਬਾਰਾਂ ਲੱਖ ਪੈਂਹਠ ਹਜ਼ਾਰ ਛੇ ਸੌ ਛਿਹੱਤਰ ਕੇਵਲ) ਪੂਰਤੀ ਹੋਣ ਤੱਕ 15.35% ਸਲਾਨਾ ਦੀ ਦਰ 'ਤੇ ਵਿਆਜ ਸਮੇਤ 09.07.2025 ਨੂੰ ਅਦਾਇਗੀਯੋਗ |
| 3. | ਰਾਮ ਨਿਵਾਸ ਸ਼ਰਮਾ ਰਾਜ ਬਾਲਾ | 100 ਵਰਗ ਗਜ਼ ਦੇ ਪਲਾਟ ਦਾ ਸਾਰਾ ਟੁਕੜਾ ਅਤੇ ਪਾਰਸਲ, ਖਟਾ ਨੰਬਰ 4/4 ਦੇ ਅਧੀਨ, ਖਸਰਾ ਨੰਬਰ 41//7/2 ਦੇ ਅਧੀਨ, ਜਮ ?ਹਾਂਬੰਦੀ ਸਾਲ 2001-2002 ਦੇ ਅਨੁਸਾਰ, ਪਿੰਡ ਜਮਾਲਪੁਰ ਅਵਾਣਾ, ਕਬੀਰ ਨਗਰ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ (ਪੰਜਾਬ) ਵਜੋਂ ਜਾਣਿਆ ਜਾਂਦਾ ਸਥਾਨ ਵਿਖੇ ਸਥਿਤ ਹੈ। | 19-09-2025 | 09-07-2025 | Loan No. HF0039H21100319 ਰੁ. 944564/- (ਰੁਪਏ ਨੌਂ ਲੱਖ ਚੁਤਾਲੀ ਹਜ਼ਾਰ ਪੰਜ ਸੌ ਚੌਂਹਠ ਕੇਵਲ) ਪੂਰਤੀ ਹੋਣ ਤੱਕ 14.65% ਸਲਾਨਾ ਦੀ ਦਰ 'ਤੇ ਵਿਆਜ ਸਮੇਤ 09.07.2025 ਨੂੰ ਅਦਾਇਗੀਯੋਗ |
| 4. | ਕੁਸੁਮ ਗੁਲਾਬ ਰਾਮ, ਅਮਿਤ ਕੁਮਾਰ | ਰਿਹਾਇਸ਼ੀ ਜਾਇਦਾਦ ਭਾਵ ਮਕਾਨ ਦੇ ਸਾਰੇ ਭਾਗ ਅਤੇ ਹਿੱਸੇ ਜੋ ਕਿ ਪਿੰਡ ਸਿੱਧੂਵਾਲ ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ ਵਿਖੇ ਸਥਿਤ, ਸਾਲ 2004-05 ਲਈ ਫਰਦ ਜਮ੍ਹਾਂਬੰਦੀ ਦੇ ਅਨੁਸਾਰ, ਖੇਵਟ/ਖਤੌਨੀ ਨੰਬਰ 773/1295 ਖਸਰਾ ਨੰਬਰ 2519/1155(0-12) ਕੁੱਲ ਖੇਤਰਫਲ ਮਾਪ Ob-12b ਜਿਸ ਵਿੱਚੋਂ ਖੇਤਰਫਲ ਮਾਪ Ob-2b ਭਾਵ 100 ਵਰਗ ਗਜ਼ ਜਿਸਦੀ ਹੱਦਬੰਦੀ ਹੇਠ ਲਿਖੇ ਅਨੁਸਾਰ ਹੈ:- ਪੂਰਬ: ਘਰ ਗੁਰਪ੍ਰੀਤ ਸਿੰਘ ਸਾਈਡ 59' ਪੱਛਮ: ਪਲਾਟ ਸਿਮਰਤ ਸਾਈਡ 56' ਉੱਤਰ:-ਸਾਈਡ 13' ਸਾਈਡ 15'9" ਦੱਖਣ: ਸੜਕ 16' ਸਾਈਡ 15'9" | 19-09-2025 | 09-07-2025 | Loan No. HL00586100000005009325 ਰੁ. 1202641/- (ਰੁਪਏ ਬਾਰਾਂ ਲੱਖ ਦੋ ਹਜ਼ਾਰ ਛੇ ਸੌ ਇਕਤਾਲੀ ਕੇਵਲ) ਪੂਰਤੀ ਹੋਣ ਤੱਕ 11.85% ਸਲਾਨਾ ਦੀ ਦਰ 'ਤੇ ਵਿਆਜ ਸਮੇਤ 09.07.2025 ਨੂੰ ਅਦਾਇਗੀਯੋਗ |

ਸਥਾਨ : ਪੰਜਾਬ
ਮਿਤੀ : 23.09.2025
ਸਹੀ/- ਅਧਿਕਾਰਤ ਅਧਿਕਾਰੀ, ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ (ਸਾਬਕਾ ਤੌਰ 'ਤੇ ਪੂਨਾਵਾਲਾ ਹਾਊਸਿੰਗ ਫਾਇਨਾਂਸ ਲਿਮਟਿਡ ਤੋਂ ਜਾਣੂੰ)


## ਮਨਪ੍ਰੀਤ ਸਿੰਘ ਬਾਦਲ ਪੁੱਜੇ ਡਾ. ਰਮਨਦੀਪ ਸਿੰਘ ਜੈਤੋ ਦੇ ਘਰ

ਜੈਤੋ 22 ਸਤੰਬਰ (ਸੰਜੀਵ ਗੋਇਲ/ ਵਿਪਨ ਗੋਇਲ) ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਤੇ ਪੁਰਾਣੇ ਤਜਰਬੇਕਾਰ ਸਿਆਸਤਦਾਨ ਸ.ਮਨਪ੍ਰੀਤ ਸਿੰਘ ਬਾਦਲ ਨੇ ਵਿਧਾਨ ਸਭਾ ਹਲਕਾ ਜੈਤੋ ਦੇ ਭਾਰਤੀ ਜਨਤਾ ਪਾਰਟੀ ਦੇ ਮੁੱਖ ਆਗੂ ਡਾ. ਰਮਨਦੀਪ ਸਿੰਘ ਜੈਤੋ ਦੇ ਨਿਵਾਸ ਸਥਾਨ 'ਤੇ ਵਿਸ਼ੇਸ਼ ਫੇਰੀ ਪਾਈ। ਸ. ਬਾਦਲ ਦਾ ਗਰਮਜੋਸ਼ੀ ਨਾਲ ਸਵਾਗਤ ਡਾ.ਰਮਨਦੀਪ ਸਿੰਘ ਜੈਤੋ ਵੱਲੋਂ ਫੁੱਲਾਂ ਦਾ ਗੁਲਦਸਤਾ ਭੇਂਟ ਕਰਕੇ ਕੀਤਾ ਗਿਆ। ਇਸ ਮੌਕੇ ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਸ਼੍ਰੀ ਗੌਰਵ ਕੱਕੜ ਨੇ ਵੀ ਸ.ਬਾਦਲ ਦਾ ਰਸਮੀ ਤੌਰ 'ਤੇ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਪਾਰਟੀ ਵੱਲੋਂ ਨਿਰੰਤਰ ਮਿਲ ਰਹੇ ਸਮਰਥਨ ਬਾਰੇ ਜਾਣੂ ਕਰਵਾਇਆ। ਇਸ ਮੌਕੇ ਹਲਕਾ ਜੈਤੋ ਦੀ ਭਾਰਤੀ ਜਨਤਾ ਪਾਰਟੀ ਦੀ ਪੂਰੀ ਲੀਡਰਸ਼ਿਪ ਅਤੇ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ। ਵਰਕਰਾਂ ਨਾਲ ਗੱਲਬਾਤ ਦੌਰਾਨ ਸ. ਬਾਦਲ ਨੇ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਵਿਸਥਾਰਪੂਰਵਕ ਸਲਾਹ-ਮਸ਼ਵਰਾ ਕੀਤਾ ਅਤੇ ਹਰ ਵਰਕਰ ਦੇ ਵਿਚਾਰ ਧਿਆਨ ਨਾਲ ਸੁਣੇ। ਉਹਨਾਂ ਜ਼ੋਰ ਦਿੰਦੇ ਹੋਏ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੀ ਅਸਲੀ ਤਾਕਤ ਉਸਦਾ ਇਮਾਨਦਾਰ ਤੇ ਸਮਰਪਿਤ ਵਰਕਰ ਹੈ। ਸ. ਬਾਦਲ ਨੇ ਵਰਕਰਾਂ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਸਾਨੂੰ ਸਿਰਫ ਸਿਆਸਤ ਤੱਕ ਸੀਮਿਤ ਨਹੀਂ ਰਹਿਣਾ ਚਾਹੀਦਾ, ਸਗੋਂ ਅਗਲੀ ਪੀੜ੍ਹੀ ਦੀ ਪੜ੍ਹਾਈ ਅਤੇ ਉਹਨਾਂ ਦੇ ਭਵਿੱਖ 'ਤੇ ਖਾਸ ਧਿਆਨ ਦੇਣਾ ਚਾਹੀਦਾ ਹੈ। ਇੱਕ ਪੜ੍ਹੀ ਲਿਖੀ, ਸੋਚਵਾਨ ਅਤੇ ਸਸ਼ਕਤ ਪੀੜ੍ਹੀ ਹੀ ਇੱਕ ਚੰਗੇ ਰਾਸ਼ਟਰ ਦੀ ਨੀਂਹ ਰੱਖ ਸਕਦੀ ਹੈ। ਉਹਨਾਂ ਨੇ ਯੁਵਾ ਪੀੜ੍ਹੀ ਨੂੰ ਪਾਰਟੀ ਦੀ ਮੁੱਖ ਧੁਰਿਰੀ ਬਣਾਉਣ 'ਤੇ ਭੀ ਜ਼ੋਰ ਦਿੱਤਾ। ਇਸ ਮੌਕੇ ਹੋਰ ਆਗੂਆਂ ਅਤੇ ਵਰਕਰਾਂ ਵਿੱਚ ਮੰਡਲ ਪ੍ਰਧਾਨ ਰਾਮ ਰਤਨ, ਸੰਦੀਪ ਸ਼ਰਮਾ, ਅਭੀ ਮਿੱਤਲ, ਰਾਮ ਅਵਤਾਰ ਵਰਮਾ,ਸ਼ੈਂਟੀ ਸ਼ਰਮਾ, ਗੁਰਮੀਤ ਰਾਮੇਆਣਾ, ਦਰਸ਼ਨ ਸਿੰਘ, ਗੁਰਪ੍ਰੀਤ ਰਾਜੂ, ਗੁਰਪ੍ਰੀਤ, ਹਰਮਨ, ਪਾਲਾ, ਲਵਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਪਰਵੀਨ, ਜਸਵਿੰਦਰ, ਅੰਗਰੇਜ਼ ਰਾਜੂ, ਸੋਨਾ, ਡਾ.ਰੂਬੀ, ਅਜਮੇਰ ਸਿੰਘ, ਰਿੱਕੀ, ਕੁਲਵਿੰਦਰ ਖਾਲਸਾ ਆਦਿ ਸ਼ਾਮਲ ਸਨ। ਇਹ ਮੀਟਿੰਗ ਸਿਰਫ ਪਾਰਟੀ ਦੀ ਏਕਤਾ ਅਤੇ ਭਰੋਸੇ ਦਾ ਪ੍ਰਗਟਾਵਾ ਹੀ ਨਹੀਂ ਸੀ, ਸਗੋਂ ਇਸ ਗੱਲ ਦਾ ਸਪੱਸ਼ਟ ਸੰਕੇਤ ਵੀ ਸੀ ਕਿ ਭਾਰਤੀ ਜਨਤਾ ਪਾਰਟੀ ਹਲਕਾ ਜੈਤੋ ਵਿੱਚ ਆਉਣ ਵਾਲੇ ਸਮੇਂ ਵਿੱਚ ਹੋਰ ਮਜ਼ਬੂਤ ਢੰਗ ਨਾਲ ਉਭਰ ਰਹੀ ਹੈ।


### ਪੰਜਾਬ ਨੈਸ਼ਨਲ ਬੈਂਕ

pnb .... ਬਿਹਤਰੀ ਲਈ ਸਾਂਝ
ਸ਼ਾਖਾ ਦਫਤਰ : ਲਿੰਕ ਰੋਡ ਮਾਨਸਾ

**ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਪੰਜਾਬ ਨੈਸ਼ਨਲ ਬੈਂਕ** ਦੇ "**ਅਧਿਕਾਰਤ ਅਧਿਕਾਰੀ**" ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ **ਕਾਨੂੰਨ**, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) **ਨਿਯਮਾਂਵਲੀ**, 2002 ਦੇ **ਨਿਯਮ** 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਨਿਮਨਲਿਖਤ **ਕਰਜ਼ਦਾਰ (ਾਂ)/ਜ਼ਾਮਨ (ਾਂ)** ਨੂੰ ਸੱਦਾ ਦਿੰਦੇ ਹੋਏ ਸਰਫਾਇਸੀ ਐਕਟ 2002 ਦੀ ਧਾਰਾ 13 (2) ਅਧੀਨ **ਮੰਗ ਸੂਚਨਾ** ਜਾਰੀ ਕੀਤੀ ਸੀ।
ਕਰਜ਼ਦਾਰ (ਾਂ)/ਜ਼ਾਮਨ (ਾਂ)/ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਸੁਰੱਖਿਆ ਵਿਆਜ ਲਾਗੂਕਰਨ ਨਿਯਮਾਂਵਲੀ, 2002 ਦੇ ਨਿਯਮ 8 ਅਤੇ 9 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਕਬਜ਼ਾ** ਲੈ ਲਿਆ ਹੈ।
**ਕਰਜ਼ਦਾਰ (ਾਂ)/ਜ਼ਾਮਨ (ਾਂ)** ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਦਰਸਾਈ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਸੌਦੇਬਾਜ਼ੀ ਨਿਮਨ ਦਰਸਾਏ ਵੇਰਵਿਆਂ ਅਧੀਨ ਰਕਮ ਦੇ ਲਈ **ਪੰਜਾਬ ਨੈਸ਼ਨਲ ਬੈਂਕ, ਸ਼ਾਖਾ ਦਫ਼ਤਰ : ਲਿੰਕ ਰੋਡ ਮਾਨਸਾ** (170710) ਦੇ ਚਾਰਜ ਨਾਲ ਸਬੰਧਤ ਹੋਵੇਗੀ।
**ਕਰਜ਼ਦਾਰ (ਾਂ)/ਜ਼ਾਮਨ (ਾਂ) ਦਾ ਧਿਆਨ ਸੁਰੱਖਿਅਤ ਅਸਾਸਿਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਕਰਜ਼ਦਾਰ (ਾਂ)/ਜ਼ਾਮਨ (ਾਂ)/ ਗਿਰਵੀਕਾਰ (ਾਂ) ਦਾ ਨਾਮ | ਅਚੱਲ ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਕਰਜ਼ਦਾਰ: 1. ਅਸ਼ਵਨੀ ਕੁਮਾਰ ਪੁੱਤਰ ਪਵਨ ਕੁਮਾਰ। 2. ਪੁਸ਼ਪਾ ਦੇਵੀ ਪਤਨੀ ਪਵਨ ਕੁਮਾਰ। 3. ਗੀਤਿਕਾ ਰਾਣੀ ਪਤਨੀ ਅਸ਼ਵਨੀ ਕੁਮਾਰ, ਸਾਰੇ ਵਾਸੀ ਵਾਰਡ ਨੰ. 15, ਸ਼ਿਵਜੀ ਰਾਮ ਠੇਕੇਦਾਰ ਗਲੀ, ਜਵਾਹਰਕੇ ਰੋਡ, ਮਾਨਸਾ-151505 | 4.356 ਮਰਲੇ ਯਾਨੀ 2906/130000 ਹਿੱਸਾ 6 ਕਨਾਲ, 10 ਮਰਲੇ (ਭਾਵ 2.906 ਮਰਲੇ) ਜ਼ਮੀਨ ਦਾ ਹਿੱਸਾ, ਖਸਰਾ ਨੰਬਰ 945 (6-10), ਖੇਵਟ/ਖਤੌਣੀ ਨੰਬਰ 1007/2727/1 ਅਤੇ 145/24100 ਹਿੱਸਾ 12 ਕਨਾਲ 1 ਮਰਲੇ (ਭਾਵ 1.45 ਮਰਲੇ) ਜ਼ਮੀਨ ਦਾ ਹਿੱਸਾ, ਖਸਰਾ ਨੰਬਰ 951 ਮਿਨ (12-1), ਖੇਵਟ/ ਖਤੌਣੀ ਨੰਬਰ 1672/3953 ਵਿੱਚ ਸ਼ਾਮਲ ਰਿਹਾਇਸ਼ੀ ਮਕਾਨ ਦੇ ਸਾਰੇ ਭਾਗ ਅਤੇ ਹਿੱਸੇ ਜੋ ਕਿ ਸਾਲ 2008-09 ਦੀ ਜਮ੍ਹਾਂਬੰਦੀ ਦੇ ਅਨੁਸਾਰ, ਵਾਰਡ ਨੰਬਰ 15, ਸ਼ਿਵਜੀ ਰਾਮ, ਠੇਕੇਦਾਰ ਗਲੀ, ਜਵਾਹਰਕੇ ਰੋਡ, ਮਾਨਸਾ ਜ਼ਿਲ੍ਹਾ ਮਾਨਸਾ ਵਿਖੇ ਸਥਿਤ, ਪੁਸ਼ਪਾ ਦੇਵੀ ਪਤਨੀ ਪਵਨ ਕੁਮਾਰ ਦੇ ਨਾਮ 'ਤੇ ਸਥਿਤ, ਸੇਲ ਡੀਡ ਨੰਬਰ 5254 ਮਿਤੀ 18.10.2011 ਦੇ ਅਨੁਸਾਰ। ਹੇਠ ਲਿਖੇ ਅਨੁਸਾਰ ਹੱਦਬੰਦੀ: ਪੂਰਬ: 17'2" ਸ਼ਿਵਜੀ ਰਾਮ ਠੇਕੇਦਾਰ ਵਾਲੀ ਗਲੀ, ਪੱਛਮ: 24' ਆਤਮਾ ਰਾਮ ਐਡਵੋਕੇਟ, ਉੱਤਰ: 61'11.5" ਜਗਸੀਰ ਸਿੰਘ, ਦੱਖਣ: 59'1" ਜਗਨ ਨਾਥ। | 07.07.2025 | 18.09.2025 | Rs. 13,68,192.45 (ਤੇਰਾਂ ਲੱਖ ਅਠਾਹਠ ਹਜ਼ਾਰ ਇੱਕ ਸੌ ਬਾਨਵੇਂ ਅਤੇ ਪੈਂਤਾਲੀ ਪੈਸੇ ਪੈਸੇ ਕੇਵਲ) ਘੱਟ ਰੀਪੇਮੈਂਟਸ, ਜੇਕਰ ਕੋਈ ਹੋਵੇ ਤਾਂ 01.07.2025 ਤੋਂ ਇਸ 'ਤੇ ਹੋਰ ਅਗਲੇਰੇ ਵਿਆਜ ਅਤੇ ਹੋਰ ਖਰਚੇ |

ਮਿਤੀ : 18.09.2025 ਸਥਾਨ : ਮਾਨਸਾ ਅਧਿਕਾਰਤ ਅਧਿਕਾਰੀ



### ਸੈਂਟਰਲ ਬੈਂਕ ਆਫ ਇੰਡੀਆ

Central Bank of India — CENTRAL TO YOU SINCE 1911
ਖੇਤਰੀ ਦਫਤਰ, ਕੇ.ਪੀ., ਕੰਪਲੈਕਸ, ਨੇੜੇ ਹੋਟਲ ਪਾਰਕ ਪਲਾਜ਼ਾ ਫਿਰੋਜ਼ਪੁਰ ਰੋਡ, ਲੁਧਿਆਣਾ-141001

**ਅੰਤਿਕਾ 4 [ਨਿਯਮ 8 (1)] ਸੰਕੇਤਕ ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)**

ਜਿਥੇ ਕਿ ਸੈਂਟਰਲ ਬੈਂਕ ਆਫ ਇੰਡੀਆ ਦੇ ਅਧਿਕਾਰਤ ਅਧਿਕਾਰੀ ਨੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ-2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਅਤੇ ਵਿਆਜ ਨੂੰ ਅਦਾ ਕਰਨ ਦੇ ਲਈ ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਦਰਸਾਏ ਕਾਨੂੰਨ ਦੀ ਧਾਰਾ 13 (2) ਦੇ ਅਧੀਨ ਮੰਗ ਸੂਚਨਾ ਜਾਰੀ ਕੀਤੀ ਸੀ।
ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਉਨ੍ਹਾਂ ਅਧੀਨ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਦੇ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ/ਆਂ ਦਾ ਕਬਜ਼ਾ ਲੈ ਲਿਆ ਹੈ।
ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਦਰਸਾਈ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ। ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਰਕਮ ਅਤੇ ਖਰਚਿਆਂ ਦੇ ਲਈ ਸੈਂਟਰਲ ਬੈਂਕ ਆਫ ਇੰਡੀਆ ਦੇ ਚਾਰਜ ਨਾਲ ਸਬੰਧਤ ਹੋਵੇਗੀ।
**ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਦਾ ਧਿਆਨ ਸੁਰੱਖਿਅਤ ਸੰਪੱਤੀ/ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਸ਼ਾਖਾ/ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਦਾ ਨਾਮ | ਸੰਪੱਤੀ/ਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਸ਼੍ਰੀ ਭੁਪਿੰਦਰ ਸਿੰਘ ਪੁੱਤਰ ਸ਼੍ਰੀ ਵਜ਼ੀਰ ਸਿੰਘ ਬੀ/ਓ: ਜਗਰਾਉਂ | ਇੱਕ ਪਲਾਟ ਜਿਸ ਦਾ ਮਾਪ 0ਕੇ-6 4/9 ਐੱਮ 29/540 ਜ਼ਮੀਨ ਦਾ ਹਿੱਸਾ 6ਕੇ-0 ਐੱਮ, ਖਾਤਾ ਨੰਬਰ 25/25, ਰੈਕਟ ਨੰਬਰ 157 ਕਿਲ੍ਹਾ ਨੰਬਰ 24/4 (6-0) ਜੋ ਕਿ ਅਗਵਾਰ ਗੁੱਜਰਾਂ-2, ਤਹਿਸੀਲ ਜਗਰਾਉਂ ਜ਼ਿਲ੍ਹਾ ਲੁਧਿਆਣਾ ਪੰਜਾਬ 142026 ਵਿਖੇ ਸਥਿਤ ਹੈ ਵਿਕਰੀ ਡੀਡ ਨੰਬਰ 6251 ਮਿਤੀ 18/03/2013 ਦੀ ਜਮ੍ਹਾਂਬੰਦੀ ਅਨੁਸਾਰ। ਵਿਕਰੀ ਡੀਡ ਅਨੁਸਾਰ ਹੱਤਬੰਦੀ। ਪੂਰਬ: ਵਿਕਰੇਤਾ 50'-6", ਪੱਛਮ: ਸੀਮਾ ਰਾਣੀ 50'-6", ਉੱਤਰ: ਯਸ਼ਪਾਲ ਆਦਿ 34'-6", ਦੱਖਣ: ਰਸਤਾ 20' ਅਤੇ 34'-6"। ਟਾਈਟਲ ਹੋਲਡਰ ਭੁਪਿੰਦਰ ਸਿੰਘ ਪੁੱਤਰ ਵਜ਼ੀਰ ਸਿੰਘ ਪੁੱਤਰ ਸੁਹਾਵਾ ਸਿੰਘ ਵਾਸੀ ਦਰਗਾਹ ਮੋਹਕਮ ਦੀਨ, ਜਗਰਾਉਂ, ਜ਼ਿਲ੍ਹਾ ਲੁਧਿਆਣਾ। | 03/07/2025 | 19/09/2025 | ਰੁ. 7,07,689.00 02.07.2025 ਤੋਂ ਗਿਣੇ ਜਾਣ ਵਾਲੇ ਮਹੀਨਾਵਾਰ ਵਿਰਾਮਾਂ 'ਤੇ 9.25% ਸਲਾਨਾ ਦੀ ਦਰ 'ਤੇ ਵਿਆਜ ਅਤੇ ਖਰਚਿਆਂ ਸਮੇਤ। |

ਮਿਤੀ : 19.09.2025 ਸਥਾਨ : ਲੁਧਿਆਣਾ ਸਹੀ/- ਅਧਿਕਾਰਤ ਅਧਿਕਾਰੀ



### ਸੈਂਟਰਲ ਬੈਂਕ ਆਫ ਇੰਡੀਆ

Central Bank of India — CENTRAL TO YOU SINCE 1911
ਖੇਤਰੀ ਦਫਤਰ, ਕੇ.ਪੀ., ਕੰਪਲੈਕਸ, ਨੇੜੇ ਹੋਟਲ ਪਾਰਕ ਪਲਾਜ਼ਾ ਫਿਰੋਜ਼ਪੁਰ ਰੋਡ, ਲੁਧਿਆਣਾ-141001

**ਮੰਗ ਸੂਚਨਾ ਦਾ ਪ੍ਰਕਾਸ਼ਨ**

ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨਲਿਖਤ ਕਰਜ਼ਦਾਰ/ਾਂ ਨੇ ਬੈਂਕ ਤੋਂ ਉਨ੍ਹਾਂ ਨੂੰ ਪ੍ਰਾਪਤ ਕਰਜ਼ ਸਹੂਲਤ ਦੇ ਮੂਲ ਅਤੇ ਵਿਆਜ ਦੇ ਪੁਨਰ ਭੁਗਤਾਨ ਵਿਚ ਕੁਤਾਹੀ ਕੀਤੀ ਹੈ ਅਤੇ ਕਰਜ਼ੇ ਨੂੰ ਗੈਰ ਕਾਰਗੁਜ਼ਾਰੀ ਵਾਲੀਆਂ ਸੰਪੱਤੀਆਂ (ਐਨਪੀਏ) ਵਜੋਂ ਵਰਗੀਕ੍ਰਿਤ ਕੀਤਾ ਗਿਆ ਹੈ। ਉਨ੍ਹਾਂ ਨੂੰ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 (2) ਦੇ ਅਧੀਨ ਉਨ੍ਹਾਂ ਦੇ ਆਖ਼ਰੀ ਜਾਣੂੰ ਪਤਿਆਂ 'ਤੇ ਸੂਚਨਾਵਾਂ ਭੇਜੀਆਂ ਗਈਆਂ ਸਨ, ਪਰ ਉਹ ਅਣ-ਤਾਮੀਲੀਆਂ ਪਰਤ ਆਈਆਂ ਅਤੇ ਇਸ ਲਈ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਇਸ ਦੁਆਰਾ ਜਨਤਕ ਸੂਚਨਾ ਦੇ ਮਾਧਿਅਮ ਰਾਹੀਂ ਸੂਚਿਤ ਕੀਤਾ ਜਾਂਦਾ ਹੈ।

| ਸ਼ਾਖਾ/ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਦਾ ਨਾਮ | ਸੰਪੱਤੀ/ਆਂ ਦੇ ਵੇਰਵੇ | ਐਨਪੀਏ ਦੀ ਮਿਤੀ | ਮੰਗ ਸੂਚਨਾ ਦੀ ਮਿਤੀ | ਮੰਗ ਸੂਚਨਾ ਅਨੁਸਾਰ ਰਕਮ |
|---|---|---|---|---|
| ਸ਼ਾਖਾ: ਧਰਮਕੋਟ (1) ਮੈਸਰਜ਼ ਸ਼ਿੰਗਾਰਾ ਸਿੰਘ ਐਂਡ ਸੰਨਜ਼, ਦੁਕਾਨ ਨੰ: 32, ਅਨਾਜ ਮੰਡੀ, ਤਹਿਸੀਲ ਧਰਮਕੋਟ, ਜ਼ਿਲ੍ਹਾ ਮੋਗਾ-142042 (2) ਸ਼੍ਰੀ. ਸ਼ਿੰਗਾਰਾ ਸਿੰਘ ਪੁੱਤਰ ਸ਼੍ਰੀ. ਨਿਰੰਜਣ ਸਿੰਘ, ਪਿੰਡ ਚੱਕ ਫਤਿਹਪੁਰ, ਸਰਪੰਚ ਅਜੀਤ ਸਿੰਘ ਦੇ ਘਰ ਦੇ ਨੇੜੇ ਤਹਿਸੀਲ ਧਰਮਕੋਟ, ਜ਼ਿਲ੍ਹਾ ਮੋਗਾ- 142042 (3) ਸ਼੍ਰੀ. ਮੰਗਾ ਸਿੰਘ ਪੁੱਤਰ ਸ਼੍ਰੀ. ਬਘੇਲ ਸਿੰਘ (ਜ਼ਾਮਨ), ਮਕਾਨ ਨੰ: 357, ਵਾਰਡ ਨੰ: 9, ਨੇੜੇ ਬੱਦੂਵਾਲ ਵਾਲਾ ਮੋੜ ਤਹਿਸੀਲ ਧਰਮਕੋਟ, ਜ਼ਿਲ੍ਹਾ ਮੋਗਾ- 142042 | ਰਿਹਾਇਸ਼ੀ ਮਕਾਨ ਮਾਪ 00 ਕਨਾਲ 07 ਮਰਲੇ ਜ਼ਮੀਨ ਦਾ 7/191 ਹਿੱਸਾ (09K-11M) ਖਸਰਾ ਨੰਬਰ 152//6/2/2(6-18), 7(2-13) ਖੇਵਟ ਨੰ. 168 ਖਤੌਨੀ ਨੰ. 200, 202 ਸਾਲ 2017-18 ਲਈ ਜਮ੍ਹਾਂਬੰਦੀ। ਜਾਇਦਾਦ ਪਿੰਡ ਧਰਮਕੋਟ ਜਨੂਬੀ ਤਹਿਸੀਲ ਧਰਮਕੋਟ, ਜ਼ਿਲ੍ਹਾ ਮੋਗਾ ਵਿੱਚ ਸਥਿਤ ਹੈ। ਜਾਇਦਾਦ ਦਾ ਮਾਲਕ ਸ਼੍ਰੀ. ਮੰਗਾ ਸਿੰਘ ਪੁੱਤਰ ਸ਼੍ਰੀ. ਬਘੇਲ ਸਿੰਘ | 31/07/2025 | 08/09/2025 | ਰੁ. 3,59,640.00 07.09.2025 ਤੋਂ ਗਿਣੇ ਜਾਣ ਵਾਲੇ ਮਹੀਨਾਵਾਰ ਵਿਰਾਮਾਂ 'ਤੇ 9.45% ਸਲਾਨਾ ਦੀ ਦਰ 'ਤੇ ਵਿਆਜ ਸਮੇਤ। |

ਉਕਤ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਮੰਗ ਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰ ਦੇਣ, ਜਿਸ ਤੋਂ ਅਸਫਲ ਰਹਿਣ 'ਤੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ 2002 ਦੀਆਂ ਵਿਵਸਥਾਵਾਂ ਦੇ ਅਨੁਸਾਰ ਮੰਗ ਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨ ਲੰਘਣ ਉਪਰੰਤ ਅਗਲੇ ਕਦਮ ਚੁੱਕੇ ਜਾਣਗੇ। ਇਸ ਤੋਂ ਇਲਾਵਾ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਇਸ ਦੁਆਰਾ ਸਾਡੀ ਅਗਾਊਂ ਪ੍ਰਵਾਨਗੀ ਲਏ ਬਿਨਾਂ ਕਿਸੇ ਵੀ ਰੂਪ ਵਿਚ, ਜੋ ਵੀ ਹੋਵੇ।
ਮਿਤੀ : 23.09.2025 ਸਹੀ/- ਅਧਿਕਾਰਤ ਅਧਿਕਾਰੀ



### ਬੈਂਕ ਆਫ ਬੜੌਦਾ

Bank of Baroda
ਸ਼ਾਖਾ ਦਫਤਰ : ਆਰਓ ਐਸਏਆਰਬੀ
ਪਤਾ : ਤੀਜੀ ਮੰਜ਼ਿਲ, ਸੰਧੂ ਟਾਵਰ, ਗੁਰਦੇਵ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ (141001)
Contact No. 91155-21745
Email ID:SARLUD@bankofbaroda.com

**ਅਨੁਲੱਗ - I - ਮੁਕਤੀ ਨੋਟਿਸ**
**ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 6(2) ਅਤੇ/ਜਾਂ ਨਿਯਮ 8(6) ਦੇ ਤਹਿਤ ਸੂਚਨਾ**
ਹਵਾਲਾ ਨੰ. BOB/SARLUD/2025-26/070 ਮਿਤੀ: 02.09.2025
**1. ਮੈਸਰਜ਼ ਐਸ.ਆਰ. ਇੰਟਰਨੈਸ਼ਨਲ ਆਪਣੇ ਭਾਈਵਾਲਾਂ ਰਾਹੀਂ (i) ਸ਼੍ਰੀ ਸਾਮਿਨ ਮਿੱਤਲ ਪੁੱਤਰ ਪਵਨ ਕੁਮਾਰ ਮਿੱਤਲ ਅਤੇ ਭਾਈਵਾਲ (ii) ਸ਼੍ਰੀ ਰਾਮਿਨ ਮਿੱਤਲ ਪੁੱਤਰ ਪਵਨ ਕੁਮਾਰ ਮਿੱਤਲ, ਰਜਿਸਟਰਡ ਪਤਾ: ਬੀ-30-2185, ਐਫਪੀਈ 5 1 ਫੋਕਲ ਪੁਆਇੰਟ ਨਾਲ ਲੱਗਦੇ ਫੇਜ਼-7, ਢੰਡਾਰੀ ਖੁਰਦ, ਦੇਵਗਨ ਧਰਮ ਕਾਂਤਾ, ਲੁਧਿਆਣਾ-141010**
**2. ਸ਼੍ਰੀ ਸਮੀਨ ਮਿੱਤਲ ਪੁੱਤਰ ਪਵਨ ਕੁਮਾਰ ਮਿੱਤਲ, ਮਕਾਨ ਨੰਬਰ 40-ਆਰ, ਮਾਡਲ ਟਾਊਮ, ਲੁਧਿਆਣਾ।**
**3. ਸ਼੍ਰੀ ਰਮੀਨ ਮਿੱਤਲ ਪੁੱਤਰ ਪਵਨ ਕੁਮਾਰ ਮਿੱਤਲ, ਮਕਾਨ ਨੰ. 40-ਆਰ, ਮਾਡਲ ਟਾਊਮ, ਲੁਧਿਆਣਾ**
**4. ਸ਼੍ਰੀ ਪਵਨ ਕੁਮਾਰ ਮਿੱਤਲ ਪੁੱਤਰ ਰਘੂਨਾਥ ਰਾਏ, ਮਕਾਨ ਨੰ. 40-ਆਰ, ਮਾਡਲ ਟਾਊਮ, ਲੁਧਿਆਣਾ**
**ਮੁੜ: ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 6(2) ਅਤੇ/ਜਾਂ ਨਿਯਮ 8(6) ਦੇ ਤਹਿਤ ਵਿੱਤੀ ਸੰਪਤੀਆਂ ਦੀ ਪ੍ਰਤੀਭੂਤੀ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 (ਸਰਸਾਈ ਐਕਟ, 2002) ਦਾ ਨੋਟਿਸ**
**ਹਵਾਲਾ:- 1. ਮੰਗ ਸੂਚਨਾ ਮਿਤੀ 11.07.2024 ਸਰਸਾਈ ਐਕਟ 2002 ਦੀ ਧਾਰਾ 13 (2) ਅਧੀਨ ਜਾਰੀ ਕੀਤਾ ਗਿਆ।**
**2. ਕਬਜ਼ਾ ਸੂਚਨਾ ਮਿਤੀ 03.10.2024 ਨੂੰ ਸਰਸਾਈ ਐਕਟ 2002 ਦੀ ਧਾਰਾ 13 (4) ਅਧੀਨ ਜਾਰੀ ਕੀਤਾ ਗਿਆ।**
ਸ੍ਰੀਮਾਨ/ਸ੍ਰੀਮਤੀ
ਜਦੋਂ ਕਿ ਬੈਂਕ ਆਫ਼ ਬੜੌਦਾ, ਬ੍ਰਾਂਚ ROSARB ਲੁਧਿਆਣਾ ਦੇ ਅਧਿਕਾਰਤ ਅਧਿਕਾਰੀ, ਤੀਜੀ ਮੰਜ਼ਿਲ ਸੰਧੂ ਟਾਵਰ ਫਿਰੋਜ਼ਪੁਰ ਰੋਡ, ਲੁਧਿਆਣਾ, ਜੋ ਕਿ ਸੁਰੱਖਿਅਤ ਕਰਜ਼ਾਦਾਤਾ ਬੈਂਕ ਹੈ, ਨੇ SARFAESI ਐਕਟ 2002 (ਇਸ ਤੋਂ ਬਾਅਦ "ਐਕਟ" ਵਜੋਂ ਹਵਾਲਾ ਦਿੱਤਾ ਗਿਆ ਹੈ) ਦੀ ਧਾਰਾ 13(2) ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਸੁਰੱਖਿਆ ਵਿਆਜ (ਇਨਫੋਰਸਮੈਂਟ) ਨਿਯਮ 2002 (ਇਸ ਤੋਂ ਬਾਅਦ "ਨਿਯਮ" ਵਜੋਂ ਹਵਾਲਾ ਦਿੱਤਾ ਗਿਆ ਹੈ) ਦੇ ਨਿਯਮ 3 ਦੇ ਨਾਲ ਪੜ੍ਹੇ ਗਏ 13(2) ਦੇ ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਮਿਤੀ 11.07.2024 ਨੂੰ ਮੰਗ ਨੋਟਿਸ ਜਾਰੀ ਕੀਤਾ ਹੈ ਜਿਸ ਵਿੱਚ ਤੁਹਾਨੂੰ ਕਰਜ਼ਦਾਰ(ਾਂ)/ਗਿਰਵੀਕਾਰ(ਾਂ)/ਜ਼ਾਮਨ(ਾਂ) ਹੋਣ ਦੇ ਨਾਤੇ ਉਕਤ ਨੋਟਿਸ ਪ੍ਰਾਪਤ ਹੋਣ ਤੋਂ 60 ਦਿਨਾਂ ਦੇ ਅੰਦਰ ਉਕਤ ਮੰਗ ਨੋਟਿਸ ਵਿੱਚ ਦੱਸੀ ਗਈ ਰਕਮ ਦੀ ਅਦਾਇਗੀ ਕਰਨ ਲਈ ਕਿਹਾ ਗਿਆ ਹੈ।
ਅਤੇ ਜਦੋਂ ਕਿ ਤੁਸੀਂ ਰਕਮ ਵਾਪਸ ਕਰਨ ਵਿੱਚ ਅਸਫਲ ਰਹੇ ਹੋ, ਨਿਯਮ 4 ਅਤੇ/ਜਾਂ ਨਿਯਮਾਂ ਦੇ ਨਿਯਮ 8 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13(4) ਦੇ ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਨਿਮਨ ਹਸਤਾਖਰੀ ਨੇ ਸੁਰੱਖਿਅਤ ਸੰਪਤੀਆਂ (ਇਸ ਤੋਂ ਬਾਅਦ ਉਕਤ ਸੰਪਤੀਆਂ ਵਜੋਂ ਜਾਣਿਆ ਜਾਂਦਾ ਹੈ) ਦਾ ਕਬਜ਼ਾ ਲੈ ਲਿਆ ਹੈ, ਜਿਸ ਬਾਰੇ ਵਧੇਰੇ ਖਾਸ ਤੌਰ 'ਤੇ ਹੇਠਾਂ ਦਿੱਤੇ ਅਨੁਸੂਚੀ ਵਿੱਚ ਦੱਸਿਆ ਗਿਆ ਹੈ।
ਸੁਰੱਖਿਅਤ ਸੰਪਤੀ ਦਾ ਕਬਜ਼ਾ ਲੈਣ ਤੋਂ ਬਾਅਦ ਵੀ, ਤੁਸੀਂ ਉਪਰੋਕਤ ਕਬਜ਼ੇ ਨੋਟਿਸ ਵਿੱਚ ਦੱਸੇ ਅਨੁਸਾਰ ਬੈਂਕ ਨੂੰ ਬਕਾਇਆ ਰਕਮ ਦਾ ਭੁਗਤਾਨ ਨਹੀਂ ਕੀਤਾ ਹੈ। ਤੁਹਾਡਾ ਧਿਆਨ SARFAESI ਐਕਟ, 2002 ਦੀ ਧਾਰਾ 13 ਦੀ ਉਪ-ਧਾਰਾ (8) ਦੇ ਉਪਬੰਧਾਂ ਵੱਲ ਦਵਾਈਆ ਦਿੱਤਾ ਜਾਂਦਾ ਹੈ, ਜੋ ਕਿ ਸੁਰੱਖਿਅਤ ਸੰਪਤੀ ਨੂੰ ਛੁਡਾਉਣ ਲਈ ਉਪਲਬਧ ਸਮੇਂ ਦੇ ਸੰਬੰਧ ਵਿੱਚ ਹੈ।
ਇਸ ਲਈ ਤੁਹਾਨੂੰ ਸਾਰਿਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੋਟਿਸ ਦੀ ਪ੍ਰਾਪਤੀ ਤੋਂ 30 ਦਿਨਾਂ ਦੇ ਅੰਦਰ ਕਬਜ਼ੇ ਦੇ ਨੋਟਿਸ ਵਿੱਚ ਦੱਸੇ ਗਏ ਬਕਾਏ ਲਾਗੂ ਵਿਆਜ, ਲਾਗਤ, ਖਰਚੇ ਅਤੇ ਖਰਚਿਆਂ ਦੇ ਨਾਲ ਅਦਾ ਕਰੋ ਅਤੇ ਹੇਠਾਂ ਦੱਸੇ ਅਨੁਸਾਰ ਸੁਰੱਖਿਅਤ ਸੰਪਤੀ ਨੂੰ ਛੁਡਾਓ। ਜੇਕਰ ਤੁਸੀਂ ਉਪਰੋਕਤ ਬਕਾਏ ਦਾ ਭੁਗਤਾਨ ਕਰਨ ਵਿੱਚ ਅਸਫਲ ਰਹਿੰਦੇ ਹੋ ਅਤੇ ਇਸ ਨੋਟਿਸ ਦੀ ਪ੍ਰਾਪਤੀ ਤੋਂ 30 ਦਿਨਾਂ ਦੇ ਅੰਦਰ ਸੁਰੱਖਿਅਤ ਸੰਪਤੀ ਨੂੰ ਛੁਡਾਉਣ ਵਿੱਚ ਅਸਫਲ ਰਹਿੰਦੇ ਹੋ, ਤਾਂ ਬੈਂਕ ਈ-ਨਿਲਾਮੀ ਵਿਕਰੀ ਨੋਟਿਸ ਪ੍ਰਕਾਸ਼ਿਤ ਕਰਕੇ ਜਨਤਕ ਈ-ਨਿਲਾਮੀ ਰਾਹੀਂ ਸੁਰੱਖਿਅਤ ਸੰਪਤੀ ਨੂੰ ਵੇਚਣ ਲਈ ਪਾਬੰਦ ਹੋਵੇਗਾ। ਈ-ਨਿਲਾਮੀ ਦੀ ਮਿਤੀ, ਸਮਾਂ ਅਤੇ ਜਾਇਦਾਦ ਦੀ ਰਿਜ਼ਰਵ ਕੀਮਤ ਤੁਹਾਨੂੰ ਵੱਖਰੇ ਤੌਰ 'ਤੇ ਸੂਚਿਤ ਕੀਤੀ ਜਾਵੇਗੀ।

**ਸੁਰੱਖਿਅਤ ਅਸਾਸਿਆਂ/ਸੰਪੱਤੀਆਂ ਦੀ ਸੂਚੀ**

| ਲ. ਨੰ. | ਚੱਲ/ਅਚੱਲ ਸੰਪੱਤੀਆਂ ਦੇ ਵੇਰਵੇ | ਕਬਜ਼ੇ ਦੀ ਮਿਤੀ | ਕਬਜ਼ੇ ਦੀ ਕਿਸਮ (ਸੰਕੇਤਕ/ਭੌਤਿਕ) | ਕਬਜ਼ਾ ਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ (ਕੇਵਲ ਅਚੱਲ ਸੰਪੱਤੀ ਲਈ) |
|---|---|---|---|---|
| 1. | 2K - 4 - 1/2M (ਲਗਭਗ 1346 ਵਰਗ ਗਜ਼ ਮਾਪ ਵਾਲੀ ਜਾਇਦਾਦ) ਖਸਰਾ ਨੰ. 18//11/2,12/2,19//14/2/2, 17/1/2,15/2,16/1, ਖਾਤਾ ਨੰਬਰ 100/106 ਸਾਲ 2001-2002 ਲਈ ਜਮ੍ਹਾਂਬੰਦੀ ਅਨੁਸਾਰ ਜਿਵੇਂ ਕਿ ਵਿਕਰੀ ਡੀਡ ਵਿੱਚ ਦੱਸਿਆ ਗਿਆ ਹੈ ਅਤੇ ਸਾਲ 2011-12 ਲਈ ਤਾਜ਼ਾ ਜਮ ?ਹਾਂਬੰਦੀ ਅਨੁਸਾਰ ਖਾਤਾ ਨੰਬਰ 121/124 ਸਾਲ 2011-12 ਲਈ ਤਾਜ਼ਾ ਜਮ੍ਹਾਂਬੰਦੀ ਅਨੁਸਾਰ ਪਿੰਡ ਢੰਡਾਰੀ ਖੁਰਦ, ਐਚ.ਬੀ. 242, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਦੀ ਮਾਲੀਆ ਜਾਇਦਾਦ ਵਿਖੇ ਸਥਿਤ ਹੈ, ਜੋ ਕਿ ਸ਼੍ਰੀ ਸਾਮੀਨ ਮਿੱਤਲ ਪੁੱਤਰ ਪਵਨ ਕੁਮਾਰ ਮਿੱਤਲ ਅਤੇ ਸ਼੍ਰੀ ਰਮੀਨ ਮਿੱਤਲ ਪੁੱਤਰ ਪਵਨ ਕੁਮਾਰ ਮਿੱਤਲ ਦੀ ਸਾਂਝੇ ਤੌਰ 'ਤੇ ਮਲਕੀਅਤ ਹੈ ਵਿਕਰੀ ਡੀਡ ਨੰਬਰ 19508 ਮਿਤੀ 15.02.2006 ਦੁਆਰਾ ਅਤੇ ਹੱਦਬੰਦੀ ਨਿਮਨ ਅਨੁਸਾਰ ਹੈ: ਪੂਰਬ: ਮਹਾਜਨ ਪੈਕਰਜ਼ ਫੈਕਟਰੀ 180'-0", ਪੱਛਮ: ਖਾਲੀ ਪਲਾਟ 180'-0", ਉੱਤਰ: ਲੇਬਰ ਕੁਆਰਟਰ 67'-3", ਦੱਖਣ: ਸੜਕ 67'-3"। | 03.10.2024 | ਸੰਕੇਤਕ | 04.10.2024 |

ਸਥਾਨ : ਲੁਧਿਆਣਾ ਅਧਿਕਾਰਤ ਅਧਿਕਾਰੀ (ਬੈਂਕ ਆਫ ਬੜੌਦਾ)



# ਖੇਤੀਬਾੜੀ

## ਪੈਟਰੋਲ ਤੋਂ ਬਾਅਦ ਜਹਾਜ਼ਾਂ ਦੇ ਇੰਧਨ 'ਚ ਹੋਵੇਗੀ ਈਥਨੌਲ ਦੀ ਵਰਤੋਂ

### ਕੀ ਪੰਜਾਬ ਦੇ ਕਿਸਾਨਾਂ ਨੂੰ ਹੋ ਸਕਦਾ ਹੈ ਫ਼ਾਇਦਾ ?

**ਅਵਤਾਰ ਸਿੰਘ**

**ਅਮਰੀਕਾ** ਵਿੱਚ ਸਾਲ 2023 ਵਿੱਚ ਵਰਜਿਨ ਐਟਲਾਂਟਿਕ ਵੱਲੋਂ ਚਲਾਏ ਆਪਣੀ ਹੀ ਕਿਸਮ ਦੇ ਪਹਿਲੇ ਟਿਕਾਊ ਹਵਾਬਾਜ਼ੀ ਬਾਲਣ (Sustainable Aviation Fuel-SAF) ਵਾਲੇ ਜਹਾਜ਼ ਨੇ ਜਦੋਂ ਲੰਡਨ ਦੇ ਹੀਥਰੋ ਹਵਾਈ ਅੱਡੇ ਤੋਂ ਨਿਊਯਾਰਕ ਦੇ ਜੇਐੱਫਕੇ ਹਵਾਈ ਅੱਡੇ ਤੱਕ ਉਡਾਣ ਭਰੀ ਤਾਂ ਇਸ ਨੇ ਸਭ ਨੂੰ ਹੈਰਾਨ ਕਰਕੇ ਰੱਖ ਦਿੱਤਾ ਸੀ। ਬੀਤੇ 3 ਸਤੰਬਰ ਨੂੰ ਭਾਰਤ ਦੇ ਸ਼ਹਿਰੀ ਹਵਾਬਾਜ਼ੀ ਮੰਤਰੀ ਰਾਮ ਮੋਹਨ ਨਾਇਡੂ ਨੇ ਟਿਕਾਊ ਹਵਾਬਾਜ਼ੀ ਬਾਲਣ (ਐਸਏਐੱਫ) ਨੂੰ ਹਵਾਈ ਉਡਾਣ ਖੇਤਰ ਨੂੰ ਕਾਰਬਨ ਮੁਕਤ ਕਰਨ ਲਈ ਇੱਕ ਵਿਹਾਰੀ ਅਤੇ ਤਤਕਾਲ ਹੱਲ ਦੱਸਿਆ। ਉਨ੍ਹਾਂ ਇਹ ਵੀ ਕਿਹਾ ਕਿ ਇਸ ਨਾਲ ਕਿਸਾਨਾਂ ਦੀ ਆਮਦਨ ਵਿੱਚ ਵੀ ਵਾਧਾ ਹੋਵੇਗਾ। ਦਰਅਸਲ, ਈਥਨੌਲ ਤੋਂ ਐੱਸਏਐੱਫ਼ ਤਿਆਰ ਕਰਨ ਲਈ ਇਸ ਨੂੰ ਇਕ ਰਸਾਇਣਕ ਪ੍ਰਕਿਰਿਆ ਰਾਹੀ "ਐਲਕੋਹਲ-ਟੂ-ਜੈੱਟ (ਏਟੀਜੇ)" ਤਰੀਕੇ ਨਾਲ ਬਦਲਿਆ ਜਾਂਦਾ ਹੈ, ਜੋ ਕਿ ਫਸਲਾਂ ਜਾਂ ਖੇਤੀਬਾੜੀ ਦੀ ਰਹਿੰਦ ਖੂੰਹਦ ਤੋਂ ਬਣਦਾ ਹੈ। ਇਹ ਰਿਵਾਇਤੀ ਜਹਾਜ਼ੀ ਇੰਧਨ ਨਾਲ ਮਿਲਾ ਕੇ ਜਹਾਜ਼ਾਂ ਵਿੱਚ ਸਿੱਧਾ ਵਰਤਿਆ ਜਾ ਸਕਦਾ ਹੈ ਅਤੇ ਕਾਰਬਨ ਦੀ ਪੈਦਾਵਾਰ ਨੂੰ ਘਟਾਉਂਦਾ ਹੈ। ਇੱਕ ਤਾਜ਼ਾ ਰਿਪੋਰਟ ਵਿੱਚ ਈਥਨੌਲ ਤੋਂ ਤਿਆਰ ਕੀਤੇ ਗਏ ਅਲਕੋਹਲ-ਟੂ-ਜੈਟ (ਏਟੀਜੇ) ਐੱਸਏਐੱਫ਼ ਦਾ ਜ਼ਿਕਰ ਕੀਤਾ ਗਿਆ ਹੈ। ਇਸ ਨੂੰ ਭਾਰਤ ਲਈ ਕਾਰਬਨ ਦੀ ਨਿਕਾਸੀ ਘਟਾਉਣ, ਕੱਚੇ ਤੇਲ ਦੀ ਦਰਾਮਦ ਨੂੰ ਘੱਟ ਕਰਨ ਅਤੇ ਹਰੇ ਖੇਤਰ ਵਿੱਚ ਰੁਜ਼ਗਾਰ ਪੈਦਾ ਕਰਨ ਲਈ ਸਭ ਤੋਂ ਰਣਨੀਤਕ ਰਸਤੇ ਵਜੋਂ ਦਰਸਾਇਆ ਗਿਆ ਹੈ। ਇਸ ਲਈ ਪੰਜਾਬ ਅਤੇ ਯੂਪੀ ਵਰਗੇ ਸੂਬਿਆਂ ਵਿੱਚ ਖੇਤੀਬਾੜੀ ਦੀ ਰਹਿੰਦ-ਖੂੰਹਦ ਐੱਸਏਐੱਫ਼ ਕਲੱਸਟਰਾਂ ਨਾਲ ਜੋੜਨ ਦੀ ਸਲਾਹ ਵੀ ਦਿੱਤੀ ਗਈ ਹੈ। ਹਾਲਾਂਕਿ ਇਸ ਤੋਂ ਪਹਿਲਾਂ ਭਾਰਤ ਸਰਕਾਰ ਪੈਟਰੋਲ ਵਿੱਚ 20 ਫ਼ੀਸਦ ਈਥਨੌਲ ਦੀ ਮਿਲਾਵਟ ਸ਼ੁਰੂ ਕਰ ਚੁੱਕੀ ਹੈ, ਜਿਸ ਤੋਂ ਬਾਅਦ ਵਾਹਨ ਚਾਲਕਾਂ ਵੱਲੋਂ ਤਿੱਖਾ ਪ੍ਰਤੀਕਰਮ ਦੇਖਣ ਨੂੰ ਮਿਲ ਰਿਹਾ ਹੈ।



#### ਟਿਕਾਊ ਹਵਾਬਾਜ਼ੀ ਬਾਲਣ ਕੀ ਹੈ ?

ਇੱਕ ਰਿਪੋਰਟ ਮੁਤਾਬਕ, ਟਿਕਾਉ ਹਵਾਬਾਜ਼ੀ ਬਾਲਣ (ਐਸਏਐਫ) ਜੈਵਿਕ ਬਾਲਣ (ਤੇਲ, ਕੋਲਾ, ਕੁਦਰਤੀ ਗੈਸ) ਦਾ ਬਦਲ ਹੈ। ਇਹ ਨਵਿਆਉਣਯੋਗ ਸਰੋਤਾਂ ਤੋਂ ਬਣਦਾ ਹੈ। ਇਸ ਵਿੱਚ ਵਰਤਿਆ ਹੋਇਆ ਖਾਣਾ ਪਕਾਉਣ ਵਾਲਾ ਤੇਲ, ਸਬਜ਼ੀਆਂ ਦਾ ਤੇਲ ਅਤੇ ਖੇਤੀਬਾੜੀ ਦੀ ਰਹਿੰਦ-ਖੂੰਹਦ ਦੇ ਨਾਲ-ਨਾਲ ਫੜੀ ਗਈ ਕਾਰਬਨ ਡਾਈਆਕਸਾਈਡ ਵੀ ਸ਼ਾਮਲ ਹੋ ਸਕਦੀ ਹੈ। ਇਸ ਤਰ੍ਹਾਂ ਦੇ ਬਾਲਣਾਂ ਨੂੰ ਸਾੜਨ ਦਾ ਫਾਇਦਾ ਇਹ ਹੈ ਕਿ ਇਹ ਵਾਯੂਮੰਡਲ ਵਿੱਚ ਕਾਰਬਨ ਡਾਈਆਕਸਾਈਡ ਦੀ ਮਾਤਰਾ ਵਿੱਚ ਓਨਾ ਵਾਧਾ ਨਹੀ ਕਰਦੇ।

ਦਰਅਸਲ, ਹਵਾਬਾਜ਼ੀ ਉਦਯੋਗ 'ਤੇ ਜੈੱਟ ਈਧਨ ਦਾ ਬਦਲ ਲੱਭਣ ਦਾ ਦਬਾਅ ਹੈ। ਏਅਰਬੱਸ ਅਤੇ ਬੋਇੰਗ ਦੋਵਾਂ ਦੀਆਂ ਭਵਿੱਖਬਾਣੀਆਂ ਦੇ ਅਨੁਸਾਰ, ਅਗਲੇ ਦੋ ਦਹਾਕਿਆਂ ਵਿੱਚ ਗਲੋਬਲ ਏਅਰਲਾਈਨਰ ਫਲੀਟ ਦੇ ਦੁੱਗਣੇ ਤੋਂ ਵੱਧ ਹੋਣ ਦੀ ਉਮੀਦ ਹੈ, ਕਿਉਂਕਿ ਭਾਰਤ ਅਤੇ ਚੀਨ ਵਰਗੇ ਦੇਸ਼ਾਂ ਵਿੱਚ ਮੱਧ ਵਰਗ ਫੈਲਦਾ ਜਾ ਰਿਹਾ ਹੈ ਅਤੇ ਹਵਾਈ ਯਾਤਰਾ ਦੀ ਮੰਗ ਵਧਦੀ ਹੈ। ਇਸ ਦੇ ਨਾਲ ਹੀ, ਇੰਟਰਨੈਸ਼ਨਲ ਏਅਰ ਟ੍ਰਾਂਸਪੋਰਟ ਐਸੋਸੀਏਸ਼ਨ, ਜੋ ਕਿ ਏਅਰਲਾਈਨਾਂ ਦੀ ਨੁਮਾਇੰਦਗੀ ਕਰਦੀ ਹੈ, ਉਸ ਦੇ ਮੈਂਬਰ 2050 ਤੱਕ ਕਾਰਬਨ ਦੀ ਨਿਕਾਸੀ ਨੂੰ ਜ਼ੀਰੋ ਤੱਕ ਪਹੁੰਚਣ ਲਈ ਵਚਨਬੱਧ ਹਨ। ਪੁਰਾਣੇ ਜਹਾਜ਼ਾਂ ਨੂੰ ਨਵੇਂ ਜਹਾਜ਼ਾਂ ਨਾਲ ਬਦਲ ਕੇ ਕੁਝ ਲਾਭ ਲਏ ਜਾਣਗੇ। ਸਭ ਤੋਂ ਆਧੁਨਿਕ ਜਹਾਜ਼ ਪੁਰਾਣਿਆਂ ਨਾਲੋਂ 15 ਤੋਂ 30% ਤੇਲ ਘੱਟ ਖਰਚ ਕਰਦੇ ਹਨ। ਫਿਰ ਵੀ ਜੇਕਰ ਉਦਯੋਗ ਦਾ ਵਿਸਥਾਰ ਕਰਨਾ ਹੈ, ਤਾਂ ਹੋਰ ਬਹੁਤ ਕੁਝ ਦੀ ਲੋੜ ਹੋਵੇਗੀ। ਟਿਕਾਊ ਬਾਲਣ ਬਣਾਉਣ ਦੇ ਬਹੁਤ ਸਾਰੇ ਵੱਖ-ਵੱਖ ਤਰੀਕੇ ਅਤੇ ਰਸਤੇ ਹਨ। ਇਨ੍ਹਾਂ ਨੂੰ ਬਾਇਓਮਾਸ ਤੋਂ ਬਣਾਇਆ ਜਾ ਸਕਦਾ ਹੈ, ਜਿਵੇਂ ਕਿ ਰਹਿੰਦ-ਖੂੰਹਦ, ਖਾਣਾ ਪਕਾਉਣ ਵਾਲਾ ਤੇਲ, ਊਰਜਾ ਵਾਲੀਆਂ ਫਸਲਾਂ, ਲੱਕੜ, ਖੇਤੀਬਾੜੀ ਦੀ ਰਹਿੰਦ-ਖੂੰਹਦ ਅਤੇ ਇੱਥੋਂ ਤੱਕ ਕਿ ਮਨੁੱਖੀ ਰਹਿੰਦ-ਖੂੰਹਦ ਤੋਂ ਵੀ। ਬੀਤੇ ਦਿਨੀ ਇੰਡੀਅਨ ਆਇਲ ਕਾਰਪੋਰੇਸ਼ਨ (ਆਈਓਸੀ) ਨੇ ਏਅਰ ਇੰਡੀਆ ਨੂੰ ਟਿਕਾਊ ਹਵਾਬਾਜ਼ੀ ਬਾਲਣ (ਐਸਏਐਫ) ਦੀ ਸਪਲਾਈ ਲਈ ਇੱਕ ਸਮਝੌਤੇ 'ਤੇ ਹਸਤਾਖਰ ਕੀਤੇ ਹਨ, ਜਿਸ ਦੇ ਤਹਿਤ ਪਾਣੀਪਤ ਰਿਫਾਈਨਰੀ ਵਿੱਚ ਵਰਤੇ ਖਾਣੇ ਦੇ ਤੇਲ ਤੋਂ ਟਿਕਾਊ ਹਵਾਬਾਜ਼ੀ ਬਾਲਣ ਦੇ ਉਤਪਾਦਨ ਦੀ ਦਸੰਬਰ ਮਹੀਨੇ ਸ਼ੁਰੂਆਤ ਹੋਵੇਗੀ।

#### ਕੀ ਕਿਸਾਨਾਂ ਨੂੰ ਫ਼ਾਇਦਾ ਹੋਵੇਗਾ ?

ਨਾਇਡੂ ਨੇ ਟਿਕਾਊ ਹਵਾਬਾਜ਼ੀ ਬਾਲਣ ਦੇ ਉਤਪਾਦਨ ਵਿੱਚ ਭਾਰਤ ਦੇ ਆਤਮਨਿਰਭਰ ਬਣਨ ਦੀ ਤਿਆਰੀ ਨੂੰ ਵੀ ਦੁਹਰਾਇਆ। ਉਨ੍ਹਾਂ ਕਿਹਾ ਕਿ ਭਾਰਤ ਨੇ 2027 ਤੱਕ 1% ਮਿਲਾਵਟ, 2028 ਤੱਕ 2% ਅਤੇ 2030 ਤੱਕ 5% ਐੱਸਏਐੱਫ਼ ਮਿਲਾਵਟ ਦਾ ਟੀਚਾ ਬਣਾਇਆ ਹੈ। ਸੌਖੇ ਸ਼ਬਦਾਂ ਵਿੱਚ 1% ਮਿਲਾਵਟ ਦਾ ਮਤਲਬ ਹੈ ਕਿ ਜਹਾਜ਼ ਦੇ ਇੰਧਨ ਵਿੱਚ 1% ਹਿੱਸਾ ਐੱਸਏਐੱਫ਼ (SAF) ਅਤੇ 99% ਰਿਵਾਇਤੀ ਇੰਧਨ ਮਿਲਾਇਆ ਜਾਂਦਾ ਹੈ। ਕੇਂਦਰੀ ਮੰਤਰੀ ਮੁਤਾਬਕ, ਭਾਰਤ 750 ਮਿਲੀਅਨ ਮੀਟ੍ਰਿਕ ਟਨ ਤੋਂ ਵੱਧ ਮੌਜੂਦ ਬਾਇਓਮਾਸ ਅਤੇ ਲਗਭਗ 230 ਮਿਲੀਅਨ ਮੀਟ੍ਰਿਕ ਟਨ ਵਾਧੂ ਖੇਤੀਬਾੜੀ ਰਹਿੰਦ-ਖੂੰਹਦ ਦੇ ਨਾਲ ਨਾ ਸਿਰਫ਼ ਆਪਣੀ ਐੱਸਏਐੱਫ਼ ਦੀ ਮੰਗ ਨੂੰ ਪੂਰਾ ਕਰਨ ਦੀ ਸਮਰੱਥਾ ਰੱਖਦਾ ਹੈ, ਸਗੋਂ ਇੱਕ ਵਿਸ਼ਵਵਿਆਪੀ ਮੋਹਰੀ ਅਤੇ ਨਿਰਯਾਤਕ ਵਜੋਂ ਵੀ ਉਭਰਨ ਦੀ ਸਮਰੱਥਾ ਰੱਖਦਾ ਹੈ। ਉਨ੍ਹਾਂ ਇਸ ਗੱਲ ਉੱਪਰ ਜ਼ੋਰ ਦਿੱਤਾ ਕਿ ਐੱਸਏਐੱਫ਼ ਦਾ ਉਤਪਾਦਨ ਨਾ ਸਿਰਫ਼ ਕੱਚੇ ਤੇਲ ਦੀ ਦਰਾਮਦ ਨੂੰ ਘਟਾਏਗਾ ਅਤੇ ਸਲਾਨਾ 20-25 ਮਿਲੀਅਨ ਟਨ (ਗੰਧਲਾ ਕਰਨ ਵਾਲੀਆਂ ਗੈਸਾਂ ਦੇ) ਨਿਕਾਸ ਨੂੰ ਘਟਾਏਗਾ, ਸਗੋਂ ਖੇਤੀਬਾੜੀ ਰਹਿੰਦ-ਖੂੰਹਦ ਅਤੇ ਬਾਇਓਮਾਸ ਲਈ ਇੱਕ ਮਜ਼ਬੂਤ ਲੜੀ ਬਣਾ ਕੇ ਕਿਸਾਨਾਂ ਦੀ ਆਮਦਨ ਨੂੰ ਵੀ ਵਧਾਏਗਾ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਵਾਈਸ ਚਾਂਸਲਰ ਸਤਬੀਰ ਸਿੰਘ ਗੋਸਲ ਕਹਿੰਦੇ ਹਨ ਕਿ ਈਥਨੌਲ ਦੀ ਟਿਕਾਊ ਹਵਾਬਾਜ਼ੀ ਬਾਲਣ ਵਜੋਂ ਵਰਤੋਂ ਨਾਲ ਕਿਸਾਨਾਂ ਨੂੰ ਫਾਇਦਾ ਮਿਲੇਗਾ। ਸਤਬੀਰ ਸਿੰਘ ਗੋਸਲ ਦੱਸਦੇ ਹਨ ਕਿ ਪੰਜਾਬ ਵਿੱਚ ਮੱਕੀ ਤੋਂ ਜ਼ਿਆਦਾ ਚੰਗਾ ਈਥਨੌਲ ਪੈਦਾ ਹੁੰਦਾ ਹੈ ਅਤੇ ਇਸ ਦੇ ਪੰਜਾਬ ਵਿੱਚ ਸੱਤ-ਅੱਠ ਯੂਨਿਟ ਲੱਗ ਚੁੱਕੇ ਹਨ। ਉਹ ਕਹਿੰਦੇ ਹਨ, "ਅਸੀ ਸਾਉਣੀ ਦੇ ਸੀਜ਼ਨ ਦੌਰਾਨ ਮੱਕੀ ਨੂੰ ਜੁਲਾਈ ਦੇ ਪਹਿਲੇ ਹਫ਼ਤੇ ਲਗਾਉਂਦੇ ਅਤੇ ਸਤੰਬਰ ਵਿੱਚ ਵੱਢਦੇ ਹਾਂ। ਅਸੀ ਇਸ ਨੂੰ ਹੋਰ ਹੁਲਾਰਾ ਦੇਣਾ ਚਾਹੁੰਦੇ ਹਾਂ ਕਿਉਂਕਿ ਇਸ ਨਾਲ ਝੋਨੇ ਹੇਠਲਾ ਰਕਬਾ ਘਟ ਜਾਵੇਗਾ। ਇਹ ਪੰਜਾਬ ਲਈ ਵੀ ਵਧੀਆ ਹੋਵੇਗਾ ਜੇ ਈਥਨੌਲ ਬਣੇਗਾ ਅਤੇ ਝੋਨੇ ਹੇਠਲਾ ਰਕਬਾ ਵੀ ਘਟੇਗਾ।" ਹਾਲਾਂਕਿ, ਈਥਨੌਲ ਗੰਨੇ ਅਤੇ ਝੋਨੇ ਦੀ ਰਹਿੰਦ-ਖੂਹਦ ਤੋਂ ਵੀ ਬਣਦਾ ਹੈ ਪਰ ਡਾਕਟਰ ਸਤਬੀਰ ਸਿੰਘ ਕਹਿੰਦੇ ਹਨ ਕਿ ਝੋਨੇ ਦੀ ਪਰਾਲੀ ਤੋਂ ਈਥਨੌਲ ਦਾ ਉਤਪਾਦਨ ਘੱਟ ਹੁੰਦਾ ਹੈ ਪਰ ਮੱਕੀ ਤੋਂ ਜ਼ਿਆਦਾ ਪੈਦਾਵਾਰ ਹੁੰਦੀ ਹੈ ਅਤੇ ਅਮਰੀਕਾ ਵਿੱਚ ਵੀ ਮੱਕੀ ਤੋਂ ਈਥਨੌਲ ਪੈਦਾ ਕੀਤਾ ਜਾਂਦਾ ਹੈ। ਉਹ ਕਹਿੰਦੇ ਹਨ, "ਪੰਜਾਬ ਵਿੱਚ ਮੱਕੀ ਦੀ ਪੈਦਾਵਾਰ ਦਾ ਖ਼ਰਚਾ ਕੁਝ ਜਿਆਦਾ ਹੁੰਦਾ ਹੈ ਪਰ ਯੂਪੀ ਅਤੇ ਬਿਹਾਰ ਵਿੱਚ ਇਸ ਦੀ ਪੈਦਾਵਾਰ ਸਸਤੀ ਹੁੰਦੀ ਹੈ, ਇਸ ਲਈ ਕਈ ਵਾਰ ਪੰਜਾਬ ਦੀਆਂ ਮਿੱਲਾਂ ਵਾਲੇ ਉੱਥੋਂ ਖ਼ਰੀਦ ਲਿਆਉਂਦੇ ਹਨ।" ਹਾਲਾਂਕਿ, ਖੇਤੀਬਾੜੀ ਮਾਹਰ ਦਵਿੰਦਰ ਸ਼ਰਮਾ ਇਸ ਨੂੰ ਪੰਜਾਬ ਅਤੇ ਕਿਸਾਨਾਂ ਲਈ ਠੀਕ ਨਹੀ ਮੰਨਦੇ। ਦਵਿੰਦਰ ਸ਼ਰਮਾ ਕਹਿੰਦੇ, "ਫ਼ਸਲਾਂ ਦੀ ਪੈਦਾਵਾਰ ਦਾ ਮਤਲਬ ਲੋਕਾਂ ਦਾ ਪੇਟ ਭਰਨਾ ਹੈ, ਕਾਰਾਂ ਚਲਾਉਣਾ ਨਹੀ ਹੈ। ਜਦੋਂ ਦੁਨੀਆਂ ਦੇ ਭੁੱਖੇ ਪੇਟ ਸੌਣ ਵਾਲੇ ਲੋਕਾਂ ਵਿੱਚ ਭਾਰਤ ਦੇ ਲੋਕਾਂ ਦੀ ਗਿਣਤੀ ਵੱਡੀ ਹੈ ਤਾਂ ਫ਼ਿਰ ਸਾਨੂੰ ਕਾਰਾਂ ਲਈ ਪੈਦਾਵਾਰ ਕਿਉ ਕਰਨੀ ਚਾਹੀਦੀ ਹੈ। ਇਹ ਸਿਰਫ਼ ਇਸ ਲਈ ਨਹੀ ਕਿ ਅਮਰੀਕਾ ਕਰ ਰਿਹਾ ਤਾਂ ਅਸੀ ਵੀ ਕਰਾਂਗੇ।" ਉਹ ਕਹਿੰਦੇ ਹਨ, "ਹਰੀ ਕ੍ਰਾਂਤੀ ਤੋਂ ਪਹਿਲਾਂ ਪੰਜਾਬ ਦੇ ਲੋਕਾਂ ਨੂੰ ਝੋਨੇ ਬਾਰੇ ਕੁਝ ਪਤਾ ਨਹੀ ਸੀ। ਇਹ ਵੀ ਸਰਕਾਰਾਂ ਵੱਲੋਂ ਲਗਵਾਇਆ ਗਿਆ। ਹੁਣ ਜਦੋਂ ਝੋਨਾ ਧਰਤੀ ਹੇਠਲਾ ਪਾਣੀ ਖਤਮ ਕਰ ਰਿਹਾ ਹੈ ਅਤੇ ਪ੍ਰਦੂਸ਼ਣ ਕਰ ਰਿਹਾ ਹੈ ਤਾਂ ਕਿਸਾਨਾਂ ਨੂੰ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ। ਈਥਨੌਲ ਲਈ ਮੱਕੀ ਦੀ ਸਿਫਾਰਿਸ਼ ਕੀਤੀ ਜਾ ਰਹੀ ਹੈ, ਇਹ ਵੀ ਤਾਂ ਝੋਨੇ ਜਿੰਨਾ 3000 ਲੀਟਰ ਪਾਣੀ ਲੈਂਦੀ ਹੈ। ਜਦੋਂ ਇੱਕ ਫ਼ਸਲ ਵਾਰ-ਵਾਰ ਬਿਜਵਾਈ ਜਾਵੇਗੀ ਤਾਂ ਇਹ ਧਰਤੀ ਦਾ ਨੁਕਸਾਨ ਕਰੇਗੀ ਅਤੇ ਕੈਮੀਕਲ ਵੱਖਰਾ ਨੁਕਸਾਨ ਕਰਨੇਗੇ।" ਦਵਿੰਦਰ ਸ਼ਰਮਾ ਕਹਿੰਦੇ ਹਨ, "ਲੋਕਾਂ ਵਿੱਚ ਇਹ ਵੀ ਬਹਿਸ ਹੋ ਰਹੀ ਹੈ ਕਿ ਈਥਨੌਲ ਨਾਲ ਕਾਰਾਂ ਦੀ ਮਾਈਲੇਜ ਘੱਟ ਆਉਣ ਲੱਗੀ ਹੈ। ਦਰਅਸਲ, ਸਾਨੂੰ ਇਸ ਦੀ ਲੋੜ ਨਹੀ ਹੈ।"



> ਈਥਨੌਲ ਦੀ ਟਿਕਾਊ ਹਵਾਬਾਜ਼ੀ ਬਾਲਣ ਵਜੋਂ ਵਰਤੋਂ ਨਾਲ ਕਿਸਾਨਾਂ ਨੂੰ ਫਾਇਦਾ ਮਿਲੇਗਾ। ਪੰਜਾਬ ਵਿੱਚ ਮੱਕੀ ਤੋਂ ਜ਼ਿਆਦਾ ਚੰਗਾ ਈਥਨੌਲ ਪੈਦਾ ਹੁੰਦਾ ਹੈ ਅਤੇ ਇਸ ਦੇ ਪੰਜਾਬ ਵਿੱਚ ਸੱਤ-ਅੱਠ ਯੂਨਿਟ ਲੱਗ ਚੁੱਕੇ ਹਨ। ਅਸੀਂ ਇਸ ਨੂੰ ਹੋਰ ਹੁਲਾਰਾ ਦੇਣਾ ਚਾਹੁੰਦੇ ਹਾਂ ਕਿਉਂਕਿ ਇਸ ਨਾਲ ਝੋਨੇ ਹੇਠਲਾ ਰਕਬਾ ਘਟ ਜਾਵੇਗਾ। ਇਹ ਪੰਜਾਬ ਲਈ ਵੀ ਵਧੀਆ ਹੋਵੇਗਾ ਜੇ ਈਥਨੌਲ ਬਣੇਗਾ ਅਤੇ ਝੋਨੇ ਹੇਠਲਾ ਰਕਬਾ ਵੀ ਘਟੇਗਾ।
>
> **ਸਤਬੀਰ ਸਿੰਘ ਗੋਸਲ**
> ਵਾਈਸ ਚਾਂਸਲਰ, ਪੀਏਯੂ, ਲੁਧਿਆਣਾ



## ਅਗਾਂਹਵਧੂ ਕਿਸਾਨੀ ਦੀ ਆਵਾਜ਼ ਬਣੇ ਮਹਿੰਦਰ ਸਿੰਘ ਦੋਸਾਂਝ

**ਪ੍ਰਦੀਪ ਭਣੋਟ**

**ਜ਼ਿਲ੍ਹਾ** ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਜਗਤਪੁਰ 'ਚ ਜਨਮੇ ਮਹਿੰਦਰ ਸਿੰਘ ਦੋਸਾਂਝ ਬਚਪਨ ਤੋਂ ਹੀ ਖੇਤੀਬਾੜੀ ਤੇ ਦਰੱਖ਼ਤਾਂ-ਬੂਟਿਆਂ ਨਾਲ ਜੁੜੇ ਰਹੇ ਹਨ। ਸਕੂਲ 'ਚ ਨਲਾਇਕ ਵਿਦਿਆਰਥੀਆਂ ਨੂੰ ਅਧਿਆਪਕਾਂ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਜ਼ਾਵਾਂ ਬਾਰੇ ਸੁਣ ਕੇ ਉਸ ਨੇ ਸਕੂਲ ਨਾ ਜਾਣ ਦਾ ਫ਼ੈਸਲਾ ਆਪਣੇ ਬਜ਼ੁਰਗਾਂ ਨੂੰ ਸੁਣਾ ਦਿੱਤਾ ਤੇ ਕਿਹਾ, 'ਮੈਨੂੰ ਨਰਕ 'ਚ ਭਾਵੇਂ ਸੁੱਟ ਦਿਉ ਪਰ ਸਕੂਲ ਨਾ ਭੇਜੋ।' ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਜਗਤਪੁਰ 'ਚ ਜਨਮੇ ਮਹਿੰਦਰ ਸਿੰਘ ਦੋਸਾਂਝ ਬਚਪਨ ਤੋਂ ਹੀ ਖੇਤੀਬਾੜੀ ਤੇ ਦਰੱਖ਼ਤਾਂ-ਬੂਟਿਆਂ ਨਾਲ ਜੁੜੇ ਰਹੇ ਹਨ। ਸਕੂਲ 'ਚ ਨਲਾਇਕ ਵਿਦਿਆਰਥੀਆਂ ਨੂੰ ਅਧਿਆਪਕਾਂ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਜ਼ਾਵਾਂ ਬਾਰੇ ਸੁਣ ਕੇ ਉਸ ਨੇ ਸਕੂਲ ਨਾ ਜਾਣ ਦਾ ਫ਼ੈਸਲਾ ਆਪਣੇ ਬਜ਼ੁਰਗਾਂ ਨੂੰ ਸੁਣਾ ਦਿੱਤਾ ਤੇ ਕਿਹਾ, 'ਮੈਨੂੰ ਨਰਕ 'ਚ ਭਾਵੇਂ ਸੁੱਟ ਦਿਉ ਪਰ ਸਕੂਲ ਨਾ ਭੇਜੋ।' ਅਨਪੜ੍ਹ ਬਜ਼ੁਰਗਾਂ ਨੇ ਉਸ ਦਾ ਫ਼ੈਸਲਾ ਖ਼ੁਸ਼ੀ ਨਾਲ ਪ੍ਰਵਾਨ ਕਰ ਲਿਆ। ਵਿੱਦਿਆ ਨਾਲ ਮੋਹ ਦਾ ਸੋਮਾ ਉਸ ਦੇ ਮਨ ਵਿਚ ਉਦੋਂ ਉਜਾਗਰ ਹੋਇਆ, ਜਦੋਂ ਪਿੰਡ ਦੇ ਗੁਰਦੁਆਰੇ 'ਚ ਰਾਤ ਨੂੰ ਇਕ ਅਧਿਆਪਕ ਨੇ ਵੱਤੋਂ ਲੰਘ ਗਏ ਮੁੰਡਿਆਂ ਨੂੰ ਚਿੱਠ ਪੱਤਰ ਲਿਖਣ ਜੋਗੇ ਬਣਾਉਣ ਲਈ ਪੜ੍ਹਾਉਣ ਦਾ ਕੰਮ ਸ਼ੁਰੂ ਕੀਤਾ। ਉਸ ਨੇ ਦਿਨ ਨੂੰ ਆਪਣੇ ਖੇਤਾਂ 'ਚ ਬੂਟਿਆਂ ਦੀ ਸੰਭਾਲ ਕਰਨੀ ਤੇ ਖੇਤੀ ਦੇ ਕੰਮ ਕਰ ਕੇ ਗੁਰਦੁਆਰੇ ਪੜ੍ਹਨ ਲਈ ਪਹੁੰਚ ਜਾਂਦਾ। ਪੰਜਾਬੀ ਪੜ੍ਹਨ-ਲਿਖਣ ਦਾ ਕੰਮ ਤਾਂ ਉਸ ਨੇ ਚਾਰ ਦਿਨ 'ਚ ਹੀ ਨਿਬੇੜ ਲਿਆ ਸੀ। ਉਦੋਂ ਉਹ ਰੇਤੇ ਦੇ ਟਿਬਿਆਂ ਵਾਲੀ ਅੱਠ ਏਕੜ ਬੰਜਰ ਜ਼ਮੀਨ ਵਿਚ ਇਕ ਬਲਦ ਤੇ ਸਾਂਢ ਨਾਲ ਖੇਤੀ ਕਰਦਾ ਸੀ।

### ਖੇਤਾਂ 'ਚ ਝੁੱਲ ਵਿਛਾ ਕੇ ਕੀਤੀ ਪੜ੍ਹਾਈ

ਉਸ ਨੇ ਦੁਪਹਿਰ ਨੂੰ ਹੱਲ ਵਾਹ ਕੇ ਸਾਰੀ-ਸਾਰੀ ਰਾਤ ਪਸ਼ੂਆਂ ਦੇ ਵਿਛਾਏ ਝੁੱਲ 'ਤੇ ਬੈਠ ਕੇ ਪੜ੍ਹਾਈ ਕਰਨੀ ਸ਼ੁਰੂ ਕੀਤੀ ਤੇ ਖੇਤਾਂ ਦੇ ਰੇਤੇ ਉੱਤੇ ਉਂਗਲੀ ਨਾਲ ਅੱਖਰ ਵਾਹੁਣੇ ਸਿੱਖੇ। ਪਿੰਡ ਦੇ ਪੜ੍ਹੇ-ਲਿਖੇ ਲੋਕਾਂ ਤੋਂ ਵਿਚ-ਵਿਚਾਲੇ ਸਹਿਯੋਗ ਲੈ ਕੇ ਦੇਵਨਾਗਰੀ, ਫ਼ਾਰਸੀ, ਅਰਬੀ ਤੇ ਰੋਮਨ ਲਿਪੀਆਂ ਦਾ ਗਿਆਨ ਹਾਸਿਲ ਕਰ ਕੇ ਪੰਜਾਬੀ, ਹਿੰਦੀ, ਉਰਦੂ ਤੇ ਇੰਗਲਿਸ਼ ਦੀਆਂ ਹਜ਼ਾਰਾਂ ਕਿਤਾਬਾਂ ਪੜ੍ਹ ਕੇ ਗਿਆਨ ਹਾਸਿਲ ਕੀਤਾ। ਆਪਣੀ ਲਾਇਬ੍ਰੇਰੀ ਦੇ ਨਾਲ-ਨਾਲ ਇਲਾਕੇ ਦੀਆਂ ਲਾਇਬ੍ਰੇਰੀਆਂ ਵਿਚੋਂ ਲਿਆ ਕੇ ਖ਼ੁਦ ਨੂੰ ਪੁਸਤਕਾਂ ਦੇ ਸੰਸਾਰ ਨਾਲ ਜੋੜ ਲਿਆ। ਸਾਲ 1952 'ਚ ਪਿੰਡ ਦੀ ਪੰਚਾਇਤ ਦੀ ਲਾਇਬ੍ਰੇਰੀ ਵਿਚ ਚਾਰ ਭਾਸ਼ਾਵਾਂ ਵਿਚ ਆਈਆਂ ਸਾਰੀਆਂ ਕਿਤਾਬਾਂ ਉਸ ਨੇ ਕੇਵਲ ਚਾਰ ਮਹੀਨਿਆਂ ਵਿਚ ਪੜ੍ਹ ਲਈਆਂ। ਸ਼ੁਰੂ ਤੋਂ ਲੈ ਕੇ ਹੁਣ ਤਕ ਇਸ ਵਿਸ਼ਾਲ ਲਾਇਬ੍ਰੇਰੀ ਦਾ ਪਹਿਲਾ ਤੇ ਆਖ਼ਰੀ ਸਿਰਫ਼ ਉਹੀ ਬਣਿਆ।

### ਬੂਟਿਆਂ ਦੀ ਕਾਸ਼ਤ ਨੂੰ ਵਿੱਦਿਆ ਨਾਲ ਜੋੜਿਆ

ਇਨ੍ਹਾਂ ਦਿਨਾਂ 'ਚ ਮਹਿੰਦਰ ਸਿੰਘ ਦੋਸਾਂਝ ਨੇ ਮਨ ਦੀ ਡੂੰਘਾਈ ਤਕ ਮਹਿਸੂਸ ਕੀਤਾ ਕਿ ਦਰੱਖ਼ਤਾਂ-ਬੂਟਿਆਂ ਨਾਲ ਉਸ ਦੀ ਦਿਲਚਸਪੀ ਤੇ ਉੱਨਤ ਖੇਤੀ ਦੇ ਰਾਹ ਵਿਚ ਅਨਪੜ੍ਹਤਾ ਬਹੁਤ ਵੱਡਾ ਰੋੜਾ ਹੈ। ਇਹ ਰੋੜਾ ਉਸ ਨੇ ਆਪਣੇ ਵਿਕਾਸ ਤੋਂ ਚੁੱਕ ਕੇ ਪਰੇ ਸੁੱਟ ਦਿੱਤਾ। ਅਜਿਹਾ ਸੋਚ ਕੇ ਉਸ ਨੇ ਖੇਤੀ ਨੂੰ ਨਵੀਂ ਦਿਸ਼ਾ ਦੇਣ ਤੇ ਖੇਤੀਬਾੜੀ 'ਚ ਨਵੀਆਂ ਖੋਜਾਂ ਲਈ ਅਤੇ ਖੇਤੀਬਾੜੀ ਗਿਆਨ ਵਿਗਿਆਨ ਨਾਲ ਜੁੜਨ ਲਈ ਪੁਸਤਕਾਂ ਨਾਲ ਪਿਆਰ ਤੋਂ ਹੀ ਕੰਮ ਲਿਆ। ਮਈ 1958 'ਚ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬਾੜੀਆਂ ਕਲਾਂ ਵਿਚ ਕਿਸਾਨ ਪਰਵਾਰ ਦੀ ਧੀ ਮਹਿੰਦਰ ਕੌਰ ਨਾਲ ਵਿਆਹ ਹੋਇਆ। ਵਿਆਹ ਤੋਂ ਬਾਅਦ ਉਸ ਦੀ ਜੀਵਨ ਸਾਥਣ ਮਹਿੰਦਰ ਕੌਰ ਨੇ ਆਉਂਦਿਆਂ ਹੀ ਦੋਸਾਂਝ ਦੇ ਬਰਾਬਰ ਖੇਤੀ ਦਾ ਜੁੰਗਲਾ ਚੁੱਕ ਲਿਆ। ਖੇਤੀ ਨਾਲ ਪਿਆਰ ਤੇ ਤਜਰਬਾ ਉਹ ਨਾਲ ਲੈ ਕੇ ਆਈ ਸੀ। ਖੇਤੀ ਬਾਰੇ ਪਿਛਲੇ ਸਾਰੇ ਅਨੁਭਵ ਉਸ ਨੇ ਸਹੁਰੇ ਪਿੰਡ ਆ ਕੇ ਖੇਤੀ ਵਿਚ ਕਰਨੇ ਸ਼ੁਰੂ ਕੀਤੇ ਤਾਂ ਦੂਰ-ਦੂਰ ਤਕ ਦੋਸਾਂਝ ਖੇਤੀ ਫ਼ਾਰਮ ਦੀ ਚਰਚਾ ਹੋਣ ਲੱਗੀ। ਮਹਿੰਦਰ ਕੌਰ ਦੀ ਪ੍ਰੇਰਨਾ ਤੇ ਸਲਾਹ ਨਾਲ ਉਸ ਨੇ ਸਾਰਾ ਸਾਲ ਕੋਈ ਨਾ ਕੋਈ ਫਲ ਚੱਲਦਾ ਰੱਖਣ ਲਈ ਵੰਨ-ਸੁਵੰਨੇ ਫਲਾਂ ਤੇ ਹਰਬਲ ਬੂਟਿਆਂ ਦਾ ਸ਼ਾਨਦਾਰ ਬਾਗ਼ ਸਥਾਪਿਤ ਕੀਤਾ ਤੇ ਇਸ ਦੇ ਬੂਟਿਆਂ ਦਾ ਉਤਪਾਦਨ ਵਧਾਉਣ ਲਈ ਤੇ ਇਨ੍ਹਾਂ ਤੋਂ ਉਤਪੰਨ ਜਿਣਸਾਂ ਨੂੰ ਪ੍ਰੋਸੈਸ ਕਰਨ ਲਈ ਮਹਿੰਦਰ ਕੌਰ ਨੇ ਮੁਹਿੰਮ ਸ਼ੁਰੂ ਕਰ ਦਿੱਤੀ। ਅਜਿਹੀ ਮੁਹਿੰਮ ਦੀ ਸਫਲਤਾ ਲਈ ਬਾਗ਼ਵਾਨੀ ਵਿਭਾਗ ਨਾਲ ਸਬੰਧ ਕਾਇਮ ਕਰ ਕੇ ਪ੍ਰਾਪਤ ਸਿਖਲਾਈ ਰਾਹੀ ਆਧੁਨਿਕ ਗਿਆਨ ਤੇ ਅਨੁਭਵ ਪ੍ਰਾਪਤ ਕੀਤਾ। ਆਪਣੇ ਹਮਸਫ਼ਰ ਦੇ ਸਹਿਯੋਗ ਨਾਲ ਮਹਿੰਦਰ ਕੌਰ ਨੇ ਫਲਾਂ ਤੇ ਸਬਜ਼ੀਆਂ ਤੋਂ ਨਵੇਂ ਤੇ ਵਿਲੱਖਣ ਪਦਾਰਥ ਤਿਆਰ ਕਰਨ ਲਈ ਅਣਗਿਣਤ ਖੋਜਾਂ ਕੀਤੀਆਂ, ਜਿਵੇਂ ਹਨੇਰੀ ਨਾਲ ਕੱਚੇ ਟੁੱਟੇ ਆੜੂਆਂ ਤੋਂ ਅਚਾਰ ਤੇ ਕੱਚੀਆਂ ਨਾਖਾਂ ਤੋਂ ਜੈਮ ਤਿਆਰ ਕਰ ਕੇ ਡੱਬੇਬੰਦ ਕੀਤਾ, ਫਲਾਂ ਤੇ ਸਬਜ਼ੀਆਂ ਦੀਆਂ ਬੇਕਾਰ ਛਿੱਲਾਂ ਤੋਂ ਅਚਾਰ ਤੇ ਮੁਰੱਬਾ ਤਿਆਰ ਕੀਤਾ।

### ਖੇਤੀ ਵੰਨ-ਸੁਵੰਨਤਾ ਦਾ ਵਿਲੱਖਣ ਨਮੂਨਾ ਕੀਤਾ ਵਿਕਸਿਤ

1962 'ਚ ਲੁਧਿਆਣਾ ਵਿਖੇ ਸਥਾਪਿਤ ਹੋਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਪਰਵਾਰ ਵਿਚ ਸ਼ਾਮਿਲ ਕਰਨ ਵਾਸਤੇ ਦੋਸਾਂਝ ਜੋੜੇ ਲਈ ਪਹਿਲਾਂ ਉਪ ਕੁਲਪਤੀ ਡਾ. ਐੱਮਐੱਸ ਰੰਧਾਵਾ ਤੇ ਪਿੱਛੇ ਵੀਸੀ ਹੁੰਦਿਆਂ ਡਾ. ਅਮਰੀਕ ਸਿੰਘ ਚੀਮਾ ਨੇ ਵਿਸ਼ਾਲਤਾ ਨਾਲ ਬੂਹੇ ਖੋਲ੍ਹੇ। ਯੂਨੀਵਰਸਿਟੀ ਦੇ ਖੇਤੀ ਵਿਗਿਆਨੀਆਂ ਨੇ ਦੋਸਾਂਝ ਜੋੜੇ ਨੂੰ ਸੇਧ ਤੇ ਪ੍ਰੇਰਨਾ ਵੀ ਦਿੱਤੀ ਤੇ ਉਨ੍ਹਾਂ ਦੇ ਮਨਾਂ 'ਚ ਖੇਤੀ ਬਾਰੇ ਗਿਆਨ ਵਿਗਿਆਨ ਦਾ ਚਾਨਣ ਵੀ ਕੀਤਾ। ਉਸੇ ਨੇ ਕਸ਼ਮੀਰ ਤੋਂ ਕੰਨਿਆ ਕੁਮਾਰੀ ਤਕ ਤੇ ਵਿਦੇਸ਼ਾਂ ਵਿਚ ਵਿਕਸਿਤ ਹੋ ਰਹੀਆਂ ਨਵੀਆਂ ਤਕਨੀਕਾਂ ਬਾਰੇ ਜਾਣਕਾਰੀ ਵੀ ਪੀਏਯੂ ਦੇ ਮਾਹਿਰਾਂ ਨਾਲ ਸਾਂਝੀ ਕਰਨੀ ਸ਼ੁਰੂ ਕੀਤੀ ਤੇ ਖੋਜ ਲਈ ਦੇਸ਼-ਵਿਦੇਸ਼ ਤੋਂ ਵਿਲੱਖਣ ਦਰੱਖ਼ਤਾਂ ਦੀ ਸਮੱਗਰੀ ਤੇ ਫ਼ਸਲਾਂ ਦੇ ਬੀਜ ਲਿਆ ਕੇ ਯੂਨੀਵਰਸਿਟੀ ਨੂੰ ਦੇਣ ਦਾ ਕੰਮ ਸ਼ੁਰੂ ਕੀਤਾ। ਖੋਜ ਦੇ ਕੰਮ ਵਿਚ ਅਜਿਹੀ ਭਾਈਵਾਲੀ ਨੇ ਦੋਸਾਂਝ ਨੂੰ ਭਰਪੂਰ ਹੌਸਲਾ ਪ੍ਰਦਾਨ ਕੀਤਾ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਸਲਾਹ ਤੇ ਸਹਿਯੋਗ ਨਾਲ ਆਪਣੇ ਫਾਰਮ 'ਤੇ ਛੋਟੇ ਕਿਸਾਨਾਂ ਦੀ ਖ਼ੁਸ਼ਹਾਲੀ ਨੂੰ ਸਥਿਰ ਕਰਨ ਲਈ ਖੇਤੀ ਵੰਨ-ਸੁਵੰਨਤਾ ਦਾ ਵਿਲੱਖਣ ਨਮੂਨਾ ਵਿਕਸਿਤ ਕੀਤਾ, ਜੋ ਦੂਰ-ਦੂਰ ਤਕ ਕਿਸਾਨਾਂ, ਵਿਦਿਆਰਥੀਆਂ, ਖਪਤਕਾਰਾਂ ਤੇ ਵਾਤਾਵਰਨ ਪ੍ਰੇਮੀਆਂ ਲਈ ਖਿੱਚ ਦਾ ਕੇਂਦਰ ਬਣਿਆ। 2001 'ਚ ਭਾਰਤ ਸਰਕਾਰ ਦੇ ਸਾਇੰਸ ਤੇ ਤਕਨਾਲੋਜੀ ਵਿਭਾਗ ਵੱਲੋਂ ਖੇਤੀ ਵੰਨ-ਸੁਵੰਨਤਾ ਵਾਲੇ ਇਸ ਨਮੂਨੇ ਦੇ ਆਧਾਰ 'ਤੇ ਇਕ ਘੰਟੇ ਦੀ ਫੀਚਰ ਫਿਲਮ ਵੀ ਖੇਤੀ ਵਿਚ 'ਕਈ ਰਾਹ ਦਿਸੇ' ਸਿਰਲੇਖ ਹੇਠ ਬਣਾਈ ਗਈ।

### ਖੇਤੀ ਜਿਣਸਾਂ ਦੀ ਮਾਰਕੀਟਿੰਗ

ਦੋਸਾਂਝ ਫਾਰਮ ਦੇ ਖਪਤਕਾਰਾਂ ਨੂੰ ਪੁੱਛ ਕੇ ਤੇ ਉਨ੍ਹਾਂ ਦੀ ਲੋੜ ਅਨੁਸਾਰ ਵੱਖ-ਵੱਖ ਖੇਤੀ ਜਿਣਸਾਂ ਪੈਦਾ ਕੀਤੀਆਂ ਜਾਂਦੀਆਂ ਹਨ। ਇਹ ਜਿਣਸਾਂ ਪਿੰਡ ਤੇ ਇਲਾਕੇ ਦੇ ਖਪਤਕਾਰਾਂ ਦੇ ਨਾਲ-ਨਾਲ ਜਲੰਧਰ, ਲੁਧਿਆਣਾ, ਚੰਡੀਗੜ੍ਹ ਤੇ ਹਿਮਾਚਲ ਦੇ ਸੋਲਨ ਤੇ ਕੰਡਾ ਘਾਟ ਤੱਕ ਪਹੁੰਚਦੀਆਂ ਕੀਤੀਆਂ ਜਾਂਦੀਆਂ ਹਨ। ਲੰਮਾ ਸਮਾਂ ਇਨ੍ਹਾਂ ਜਿਣਸਾਂ ਨੂੰ ਪ੍ਰੋਸੈਸ ਤੇ ਡੱਬਾਬੰਦ ਕਰ ਕੇ ਖਪਤਕਾਰਾਂ ਤੱਕ ਪਹੁੰਚਦੀਆਂ ਕਰਨ ਦਾ ਕੰਮ ਵੀ ਚੱਲਦਾ ਰਿਹਾ ਹੈ ਪਰ 2014 ਤੋਂ ਮਹਿੰਦਰ ਕੌਰ ਦੀ ਜੀਵਨ ਯਾਤਰਾ ਪੂਰੀ ਹੋਣ ਤੋਂ ਬਾਅਦ ਪ੍ਰੋਸੈਸਿੰਗ ਦਾ ਇਹ ਪ੍ਰਾਜੈਕਟ ਬੰਦ ਹੋ ਗਿਆ।

### ਠੁਕਰਾਈ ਸਰਕਾਰੀ ਨੌਕਰੀ ਦੀ ਪੇਸ਼ਕਸ਼

ਦੋਸਾਂਝ ਦੀ ਜੀਵਨ ਸਾਥਣ ਮਹਿੰਦਰ ਕੌਰ ਦੋਸਾਂਝ ਨੇ ਕਿਹਾ ਸੀ, 'ਸਰਦਾਰ ਜੀ ਮੈਂ ਤਾਂ ਬਹੁਤਾ ਨਹੀ ਪੜ੍ਹ ਸਕੀ, ਤੁਸੀ ਤਾਂ ਹਜ਼ਾਰਾਂ ਕਿਤਾਬਾਂ ਪੜ੍ਹੀਆਂ ਹਨ ਪਰ ਕੋਈ ਡਿਗਰੀ, ਸਰਟੀਫਿਕੇਟ ਵੀ ਲੈ ਲਵੋ, ਕਿਤੇ ਲੋੜ ਪੈ ਸਕਦੀ ਹੈ।' ਉਸ ਨੇ ਜਵਾਬ ਦਿੱਤਾ ਕਿ ਤੂੰ ਆਪਣੀ ਇਹ ਇੱਛਾ ਪਹਿਲਾਂ ਦੱਸਦੀ ਤਾਂ ਮੈਂ ਹੁਣ ਤਕ ਡਿਗਰੀਆਂ ਦੇ ਢੇਰ ਲਾ ਦੇਣੇ ਸਨ।' ਉਸੇ ਵੇਲੇ ਇਮਤਿਹਾਨ ਦੀ ਤਿਆਰੀ ਲਈ ਖੇਤਾਂ ਵਿਚ ਹੀ ਸਿਲੇਬਸ ਦੀਆਂ ਪੁਸਤਕਾਂ ਲਿਆ ਕੇ ਪੜ੍ਹਾਈ ਸ਼ੁਰੂ ਹੋ ਗਈ। ਮਹਿੰਦਰ ਕੌਰ ਦੋਸਾਂਝ ਨੇ ਖੇਤੀ ਦੇ ਰੁਝੇਵਿਆਂ ਦਾ ਬੋਝ ਆਪਣੇ ਮੋਢਿਆਂ 'ਤੇ ਲੱਦ ਲਿਆ। ਪ੍ਰਾਈਵੇਟ ਪੱਧਰ 'ਤੇ ਇਮਤਿਹਾਨ ਦੇ ਕੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਚੰਗੇ ਨੰਬਰਾਂ ਨਾਲ ਪਹਿਲਾਂ ਬੁੱਧੀਮਾਨੀ, ਫਿਰ ਗਿਆਨੀ ਤੇ ਅਖ਼ੀਰ 'ਚ ਗ੍ਰੈਜੂਏਸ਼ਨ ਕੀਤੀ। ਸਾਲ 1966 ਵਿਚ ਸਿੱਖਿਆ ਵਿਭਾਗ ਪੰਜਾਬ ਵੱਲੋਂ ਪੰਜਾਬੀ ਅਧਿਆਪਕ ਦੀ ਨੌਕਰੀ ਲਈ ਸੱਦਾ ਵੀ ਆ ਗਿਆ ਪਰ ਖੇਤੀ ਦੇ ਮੋਹ ਨੇ ਨੌਕਰੀ ਦਾ ਸੱਦਾ ਠੁਕਰਾ ਦਿੱਤਾ। 16 ਅਕਤੂਬਰ 1986 ਨੂੰ ਛੇਵੇਂ ਵਿਸ਼ਵ ਖ਼ੁਰਾਕ ਦਿਵਸ ਮੌਕੇ ਕਣਕ ਦੇ ਸ਼ਾਨਦਾਰ ਉਤਪਾਦਨ ਲਈ ਸੰਯੁਕਤ ਰਾਸ਼ਟਰ ਸੰਘ ਵੱਲੋਂ ਅੰਤਰਰਾਸ਼ਟਰੀ ਪੁਰਸਕਾਰ ਪ੍ਰਾਪਤ ਕਰਨ ਤੋਂ ਬਾਅਦ ਉਹ ਵਿਕਸਿਤ ਦੇਸ਼ਾਂ ਦੀ ਯਾਤਰਾ ਕਰਨ ਗਿਆ ਤੇ ਉੱਥੇ ਅਨੇਕਾਂ ਸੰਸਥਾਵਾਂ ਵੱਲੋਂ ਆਪਣੇ ਲਈ ਸਲਾਹਕਾਰ ਦੀ ਹੈਸੀਅਤ 'ਚ ਉਨ੍ਹਾਂ ਦੇਸ਼ਾਂ ਵਿਚ ਸੈੱਟ ਕਰਨ ਦੀਆਂ ਉਸ ਨੂੰ ਪੇਸ਼ਕਸ਼ਾਂ ਕੀਤੀਆਂ ਗਈਆਂ ਪਰ ਉਸ ਨੇ ਖੇਤਾਂ ਦੀ ਦੁਨੀਆ 'ਚ ਕੰਮ ਕਰਨ ਨੂੰ ਪਹਿਲ ਦਿੱਤੀ।

### ਖੋਜਾਂ ਨੂੰ ਵਿਸ਼ਵ ਪੱਧਰ 'ਤੇ ਮਿਲੀ ਮਾਨਤਾ

ਯੂਨੀਵਰਸਿਟੀਆਂ ਤੋਂ ਬਾਹਰ ਕਿਸਾਨਾਂ ਦੇ ਖੇਤਾਂ ਵਿਚ ਹੋਣ ਵਾਲੀਆਂ ਖੋਜਾਂ ਨੂੰ ਮਾਨਤਾ ਦੇਣ ਲਈ ਹਰ ਪੰਜ ਸਾਲ ਬਾਅਦ ਇੰਗਲੈਂਡ 'ਚ ਈਲੀਆ ਪ੍ਰਕਾਸ਼ਨ ਵੱਲੋਂ ਛਪਣ ਵਾਲੀ ਪੁਸਤਕ 'ਫਾਰਮਰ ਰਿਸਰਚ ਇਨ ਪ੍ਰੈਕਟਿਸ' ਦੇ 1997 ਤੋਂ 2002 ਦੇ ਐਡੀਸ਼ਨ ਵਿਚ ਦੋਸਾਂਝ ਫਾਰਮ 'ਤੇ ਕੀਤੀਆਂ ਗਈਆਂ ਖੋਜਾਂ ਦਾ ਨੌਂ ਪੰਨਿਆਂ 'ਤੇ ਜ਼ਿਕਰ ਹੈ। ਉਸ ਨੂੰ ਪੰਜਾਬ ਸਰਕਾਰ ਨੇ ਵੱਖ-ਵੱਖ ਸਮੇਂ ਸਟੇਟ ਸੀਡ ਸਬ-ਕਮੇਟੀ ਅਤੇ ਪੰਜਾਬ ਸਟੇਟ ਸੀਡ ਸਰਟੀਫਿਕੇਸ਼ਨ ਅਥਾਰਟੀ ਦੇ ਗਵਰਨਿੰਗ ਬੋਰਡ ਦਾ ਮੈਂਬਰ ਨਾਮਜ਼ਦ ਕੀਤਾ। ਉਹ ਪਹਿਲਾਂ ਜਲੰਧਰ ਤੇ ਹੁਣ ਨਵਾਂਸ਼ਹਿਰ ਦੀ ਜ਼ਿਲ੍ਹਾ ਖੇਤੀਬਾੜੀ ਪੈਦਾਵਾਰ ਕਮੇਟੀ ਦਾ ਮੈਂਬਰ ਹੈ।

### ਸਾਹਿਤਕ ਖੇਤਰ 'ਚ ਕੰਮ ਕੀਤਾ

ਪੰਜਾਬੀ ਸਾਹਿਤ ਦੇ ਵੱਖ-ਵੱਖ ਰੂਪਾਂ 'ਚ ਛਪੀਆਂ 11 ਕਿਤਾਬਾਂ ਅਤੇ ਕੁਝ ਪੁਸਤਕਾਂ ਦੇ ਸੰਪਾਦਨ ਦਾ ਕੰਮ ਵੀ ਕੀਤਾ। ਇਨ੍ਹਾਂ ਪੁਸਤਕਾਂ ਵਿੱਚੋਂ 'ਪੋਡੂ ਪੰਜਾਬ ਤੇ ਕਿਸਾਨੀ ਦਾ ਪੁਰਾਤਨ ਸੱਭਿਆਚਾਰ' ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਵੀ ਦੋ ਐਡੀਸ਼ਨਾਂ ਵਿਚ ਛਾਪੀ। ਖੇਤੀਬਾੜੀ ਵਾਤਾਵਰਨ ਤੇ ਸਾਹਿਤ ਬਾਰੇ ਸੱਤ ਖੋਜ ਪੱਤਰ ਵੀ ਲਿਖੇ, ਜੋ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਤੱਕ ਪੜ੍ਹੇ ਤੇ ਵਿਚਾਰੇ ਗਏ। ਉਨ੍ਹਾਂ ਨੂੰ ਸਥਾਨਕ ਪੱਧਰ ਤੋਂ ਅੰਤਰਰਾਸ਼ਟਰੀ ਪੱਧਰ ਤੱਕ ਅਨੇਕਾਂ ਮਾਣ-ਸਤਿਕਾਰ ਤੇ ਪੁਰਸਕਾਰ ਵੀ ਮਿਲੇ। ਪੰਜਾਬ ਸਰਕਾਰ ਵੱਲੋਂ 2011 ਵਿਚ ਸਟੇਟ ਐਵਾਰਡ ਮਿਲਿਆ। ਉੱਤਰ ਪੱਛਮੀ ਰਾਜਾਂ ਵਿਚ ਦਿਹਾਤੀ ਸਿੱਖਿਆ ਉੱਤਰ ਪੱਛਮੀ ਰਾਜਾਂ ਦੀ ਦੋ ਰੋਜ਼ਾ ਵਰਕਸ਼ਾਪ ਅੰਦਰ ਦਿਹਾਤੀ ਲੋਕਾਂ ਵਿਚ ਵਿੱਦਿਆ ਦਾ ਪਾਸਾਰ ਕਰਨ ਲਈ 1992 ਵਿਚ ਮਸ਼ੋਬਰਾ ਹਿਮਾਚਲ ਪ੍ਰਦੇਸ਼ ਵਿਖੇ ਹਰਿਆਣਾ ਦੇ ਰਾਜਪਾਲ ਧਨਿਕ ਲਾਲ ਮੰਡਲ ਵੱਲੋਂ ਪੁਰਸਕਾਰ ਦਿੱਤਾ ਗਿਆ। 2007 ਵਿਚ ਖੇਤੀ ਵੰਨ-ਸੁਵੰਨਤਾ ਲਈ ਪੀਏਯੂ ਵੱਲੋਂ ਮੁੱਖ ਮੰਤਰੀ ਪੁਰਸਕਾਰ ਪ੍ਰਾਪਤ ਹੋਇਆ ਅਤੇ ਫਰਵਰੀ 2011 ਵਿਚ ਹਮੀਰਪੁਰ ਵਿਖੇ ਉੱਤਰ ਪੱਛਮੀ ਰਾਜਾਂ ਦੀ ਖੇਤੀਬਾੜੀ ਬਾਰੇ ਵਰਕਸ਼ਾਪ ਵਿਚ ਉਸ ਨੂੰ ਵਿਸ਼ੇਸ਼ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

### ਅੱਜ ਵੀ ਕਰਦੇ ਖੇਤੀ

ਉਹ ਉਮਰ ਦੇ 88ਵੇਂ ਸਾਲ ਵਿੱਚੋਂ ਲੰਘ ਰਹੇ ਹਨ ਪਰ ਅਜੇ ਵੀ ਦੁਪਹਿਰ ਦੀ ਸਖ਼ਤ ਗਰਮੀ ਤੇ ਪੋਹ ਦੀਆਂ ਯੱਖ ਰਾਤਾਂ ਵਿਚ ਕਹੀ ਤੇ ਹੋਰ ਸੰਦ ਚੁੱਕ ਕੇ ਖੇਤਾਂ ਵਿਚ ਕੰਮ ਕਰ ਰਹੇ ਹਨ। ਜਦੋਂ ਖੇਤੀ ਦੇ ਰੁਝੇਵਿਆਂ ਤੋਂ ਵਿਹਲੇ ਹੁੰਦੇ ਹਨ ਤਾਂ ਕਲਮਾਂ-ਕਿਤਾਬਾਂ ਚੁੱਕ ਲੈਂਦੇ ਹਨ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਆਪਣੀ ਜ਼ਿੰਦਗੀ ਤੇ ਖੇਤੀ ਦੇ ਕਿੱਤੇ ਤੋਂ ਤੁਸੀ ਸੰਤੁਸ਼ਟ ਹੋ, ਤਾਂ ਮਾਣ ਨਾਲ ਦੱਸਿਆ ਕਿ ਜੋ ਕੁਝ ਮੈਨੂੰ ਖੇਤੀ ਨੇ ਬਖ਼ਸ਼ਿਆ, ਉਹ ਸ਼ਾਇਦ ਹੋਰ ਕਿਸੇ ਕਿੱਤੇ ਵਿੱਚੋਂ ਮੈਨੂੰ ਨਹੀ ਸੀ ਮਿਲ ਸਕਣਾ। ਜੇ ਮੈਂ ਵਿਕਸਿਤ ਦੇਸ਼ਾਂ ਦਾ ਵਾਸੀ ਵੀ ਬਣ ਜਾਂਦਾ ਤਾਂ ਆਪਣੇ ਖੇਤਾਂ ਦੀ ਖ਼ੁਸ਼ਹਾਲ ਤੇ ਖ਼ੂਬਸੂਰਤ ਦੁਨੀਆ ਤਿਆਗ ਕੇ ਮੈਂ ਮਾਨਸਿਕ ਰੋਗੀ ਬਣ ਜਾਣਾ ਸੀ।

### ਸਬਸਿਡੀਆਂ ਲੈਣ ਤੋਂ ਕੀਤਾ ਇਨਕਾਰ

ਫ਼ਸਲਾਂ ਦੇ ਖ਼ਰਾਬੇ ਅਤੇ ਖੇਤੀ ਦੀਆਂ ਹੋਰ ਲੋੜਾਂ ਲਈ ਸਮੇਂ-ਸਮੇਂ ਸਬਸਿਡੀਆਂ ਲੈਣ ਲਈ ਵੀ ਉਸ ਨੇ ਅਕਸਰ ਇਨਕਾਰ ਕੀਤਾ। ਮਈ 1988 ਵਿਚ ਇਕ ਹਫ਼ਤਾ ਲਗਾਤਾਰ ਮੀਂਹ ਪੈਣ ਨਾਲ ਉਸ ਦੀ ਕਣਕ ਦਾ ਪੂਰਾ 100 ਫ਼ੀਸਦੀ ਨੁਕਸਾਨ ਹੋਇਆ ਗਿਆ ਸੀ ਤਾਂ ਸਰਕਾਰੀ ਹਦਾਇਤਾਂ 'ਤੇ ਮੁਆਵਜ਼ਾ ਦੇਣ ਲਈ ਪਟਵਾਰੀ ਉਨ੍ਹਾਂ ਦੇ ਖੇਤਾਂ ਦੀ ਗਿਰਦਾਵਰੀ ਕਰਨ ਲਈ ਆਇਆ ਤਾਂ ਉਸ ਨੇ ਪਟਵਾਰੀ ਨੂੰ ਰੋਕ ਦਿੱਤਾ ਤੇ ਕਿਹਾ ਕਿ ਅਸੀ ਮਿਹਨਤੀ ਕਿਸਾਨ ਹਾਂ। ਤੁਸੀ ਇਹ ਦੱਸੋ ਮੀਂਹ ਸਰਕਾਰ ਨੇ ਵਰ੍ਹਾਇਆ ਹੈ? ਇਹ ਤਾਂ ਕੁਦਰਤੀ ਆਫ਼ਤ ਸੀ ਤੇ ਵਾਪਰ ਗਈ। ਖੇਤੀ ਸਾਡੀ ਮਾਂ ਹੈ, ਅੱਜ ਜੇ ਇਹ ਬੇਵੱਸ ਹੋ ਗਈ ਹੈ ਤਾਂ ਮੁੜ ਕੇ ਖੇਤੀ ਨੇ ਹੀ ਸਾਨੂੰ ਕੁੱਛੜ ਚੁੱਕ ਕੇ ਅੱਗੇ ਲਿਜਾਣਾ ਹੈ। ਅਸੀ ਮਿਹਨਤ ਨਾਲ ਛੇਤੀ ਹੀ ਮੁੜ ਕੇ ਉਭਰਾਂਗੇ।

## ਹੜ੍ਹ ਦੀ ਮਾਰ ਝੱਲ ਰਹੇ ਕਿਸਾਨਾਂ ਦਾ ਦਰਦ

**ਸਰਬਜੀਤ ਸਿੰਘ ਧਾਲੀਵਾਲ**

"ਮੈਨੂੰ ਕਿਹੜਾ ਮਹੀਨੇਵਾਰ ਤਨਖ਼ਾਹ ਆਉਣੀ ਹੈ, ਘਰ ਦਾ ਖ਼ਰਚਾ ਤਾਂ ਫ਼ਸਲ ਨਾਲ ਹੀ ਚੱਲਦਾ ਸੀ, ਜੋ ਕਿ ਹੁਣ ਬਰਬਾਦ ਹੋ ਗਈ ਹੈ, ਭਵਿੱਖ ਰੱਬ ਦੇ ਸਹਾਰੇ ਹੈ।" ਹਰਵਿੰਦਰ ਸਿੰਘ ਦੇ ਇਹ ਬੋਲ ਹੜ੍ਹਾਂ ਦੇ ਪਾਣੀ ਵਿੱਚ ਫ਼ਸਲਾਂ ਗੁਆਉਣ ਵਾਲੇ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਦੇ ਕਿਸਾਨਾਂ ਦੇ ਹਾਲਾਤ ਦੀ ਤਰਜ਼ਮਾਨੀ ਕਰਨ ਲਈ ਕਾਫ਼ੀ ਹਨ। ਭਾਰਤ-ਪਾਕਿਸਤਾਨ ਸਰਹੱਦ ਦੇ ਬਿਲਕੁਲ ਨੇੜੇ ਪੈਂਦੇ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਘਣੀਏ-ਕਾ-ਬੇਟ ਦੇ ਵਾਸੀ ਹਰਵਿੰਦਰ ਸਿੰਘ ਨੇ ਦਸ ਏਕੜ ਜ਼ਮੀਨ ਵਿੱਚ ਝੋਨਾ ਲਾਇਆ ਸੀ, ਪਰ ਰਾਵੀ ਦਰਿਆ ਦੇ ਪਾਣੀ ਨੇ ਸਾਰੀ ਫ਼ਸਲ ਬਰਬਾਦ ਕਰ ਦਿੱਤੀ ਹੈ। ਸਥਿਤੀ ਇਹ ਹੈ ਕਿ ਪਾਣੀ ਅਜੇ ਵੀ ਉਨ੍ਹਾਂ ਦੀ ਜ਼ਮੀਨ ਵਿੱਚ ਖੜ੍ਹਾ ਹੈ, ਜਿਸ ਕਰ ਕੇ ਉਨ੍ਹਾਂ ਨੂੰ ਚਿੰਤਾ ਅਗਲੀ ਫ਼ਸਲ ਦੀ ਪੈਦਾ ਹੋ ਗਈ ਹੈ।

### 'ਉੱਤੋਂ ਠੀਕ ਲੱਗਦੇ, ਅੰਦਰੋਂ ਅਸੀਂ ਸਾਰੇ ਦੁਖੀ ਹਾਂ'

ਰਾਵੀ ਦਰਿਆ ਦਾ ਪਾਣੀ ਆਉਣ ਨਾਲ ਬਰਬਾਦ ਹੋਈ ਆਪਣੀ ਝੋਨੇ ਦੀ ਫ਼ਸਲ ਦਿਖਾਉਂਦੇ ਹੋਏ ਹਰਵਿੰਦਰ ਸਿੰਘ ਆਖਦੇ ਹਨ, "ਇਸ ਵਿੱਚ ਕੁਝ ਵੀ ਨਹੀ ਬਚਿਆ, ਰਾਤ ਸੋਚਾਂ ਵਿੱਚ ਗੁਜ਼ਰਦੀ ਹੈ, ਅੱਗੇ ਕੀ ਹੋਵੇਗਾ ਕੁਝ ਵੀ ਸਮਝ ਨਹੀ ਆ ਰਿਹਾ।" "ਮੇਰੇ ਵਾਂਗ ਹੀ ਪਿੰਡ ਦੇ ਬਾਕੀ ਕਿਸਾਨਾਂ ਦੇ ਚਿਹਰੇ ਉੱਪਰੋਂ ਤਾਂ ਤੁਹਾਨੂੰ ਠੀਕ ਨਜ਼ਰ ਆਉਣਗੇ, ਪਰ ਅੰਦਰੋਂ ਸਾਰੇ ਹੀ ਦੁਖੀ ਹਨ, ਫ਼ਸਲਾਂ ਦੇ ਸਿਰ ਉੱਤੇ ਹੀ ਕਿਸਾਨਾਂ ਦਾ ਘਰ ਚੱਲਦਾ ਹੈ ਪਰ ਜਦੋਂ ਉਹ ਹੀ ਖ਼ਤਮ ਜਾਵੇ, ਤਾਂ ਪਿੱਛੇ ਕੁਝ ਵੀ ਨਹੀ ਰਹਿ ਜਾਂਦਾ।" ਹਰਵਿੰਦਰ ਸਿੰਘ ਨੇ ਦੱਸਿਆ ਬੇਸ਼ੱਕ ਹੜ੍ਹ ਦਾ ਪਾਣੀ ਉਤਰ ਗਿਆ ਪਰ ਕਰਜ਼ੇ ਦੀ ਪੰਡ ਹੋਰ ਭਾਰੀ ਕਰ ਗਿਆ ਹੈ। ਹਰਵਿੰਦਰ ਸਿੰਘ ਨੇ ਦੱਸਿਆ, "ਹੜ੍ਹ ਦਾ ਪਾਣੀ ਚਾਰ ਲੱਖ ਰੁਪਏ ਦਾ ਕਰਜਾਈ ਕਰ ਗਿਆ ਹੈ।"

ਉਨ੍ਹਾਂ ਮੁਤਾਬਕ ਹੜ੍ਹਾਂ ਦੌਰਾਨ ਨਾ ਸਿਰਫ਼ ਝੋਨੇ ਦੀ ਫ਼ਸਲ ਤਬਾਹ ਹੋਈ ਹੈ, ਬਲਕਿ ਕਣਕ ਦੀ ਫ਼ਸਲ ਦੀ ਬਿਜਾਈ ਬਾਰੇ ਵੀ ਉਹ ਸੋਚ ਨਹੀ ਸਕਦੇ ਕਿਉਂਕਿ ਖੇਤਾਂ ਵਿੱਚ ਅਜੇ ਵੀ ਪਾਣੀ ਖੜ੍ਹਾ ਹੈ। ਅਗਸਤ- ਸਤੰਬਰ ਮਹੀਨੇ ਵਿੱਚ ਪਹਾੜੀ ਇਲਾਕਿਆਂ ਵਿੱਚ ਭਾਰੀ ਮੀਂਹ ਅਤੇ ਬੱਦਲ ਫਟਣ ਕਾਰਨ ਪੰਜਾਬ ਨੂੰ ਹੜ੍ਹਾਂ ਦੀ ਮਾਰ ਪਈ ਹੈ। ਜਿਸ ਵਿੱਚ 57 ਲੋਕਾਂ ਦੀ ਮੌਤ ਹੋਈ ਅਤੇ ਕਈ ਲੋਕ ਬੇਘਰ ਹੋਏ ਇਸ ਤੋਂ ਇਲਾਵਾ ਫ਼ਸਲਾਂ ਵੀ ਬੁਰੀ ਤਰਾਂ ਨੁਕਸਾਨੀਆਂ ਗਈਆਂ ਹਨ। ਹੜ੍ਹਾਂ ਕਾਰਨ ਖ਼ਾਸ ਕਰ ਕੇ ਪੰਜਾਬ ਦੇ ਉੱਤਰੀ ਜ਼ਿਲ੍ਹੇ ਅੰਮ੍ਰਿਤਸਰ, ਗੁਰਦਾਸਪੁਰ, ਕਪੂਰਥਲਾ, ਤਰਨ ਤਾਰਨ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ। ਇਸ ਤੋਂ ਇਲਾਵਾ ਫ਼ਿਰੋਜ਼ਪੁਰ, ਫ਼ਾਜ਼ਿਲਕਾ ਇਲਾਕਿਆਂ ਵਿੱਚ ਵੀ ਹੜ੍ਹਾਂ ਦੀ ਮਾਰ ਲੋਕਾਂ ਨੂੰ ਪਈ ਹੈ। ਗੁਰਦਾਸਪੁਰ ਜ਼ਿਲ੍ਹੇ ਦੇ ਕਸਬਾ ਡੇਰਾ ਬਾਬਾ ਨਾਨਕ ਤੋਂ 15 ਕਿੱਲੋਮੀਟਰ ਦੂਰ ਵਸੇ ਪਿੰਡ ਘਣੀਏ-ਕਾ-ਬੇਟ ਦੇ 70 ਸਾਲਾ ਕਿਸਾਨ ਸਤਨਾਮ ਸਿੰਘ ਕਹਿੰਦੇ ਹਨ, "ਪਾਣੀ ਦਾ ਵਹਾਅ ਇੰਨਾ ਜ਼ਿਆਦਾ ਸੀ ਕਿ ਉਨ੍ਹਾਂ ਨੂੰ ਘਰ ਨੂੰ ਛੱਡੇ ਕੇ ਸੁਰੱਖਿਅਤ ਥਾਂ ਉੱਤੇ ਪਹੁੰਚਣ ਦਾ ਵੀ ਵਕਤ ਨਹੀ ਮਿਲਿਆ।" ਘਰ ਦੇ ਕਮਰੇ ਜਦੋਂ ਡਿੱਗਣੇ ਸ਼ੁਰੂ ਹੋ ਗਏ ਤਾਂ ਉਨ੍ਹਾਂ ਟਰਾਲੀ ਉੱਤੇ ਟੈਂਟ ਲੱਗਾ ਕੇ ਰਹਿਣਾ ਸ਼ੁਰੂ ਕਰ ਦਿੱਤਾ ਅਤੇ ਪਾਣੀ ਉਤਰਣ ਤੋਂ ਬਾਅਦ ਵੀ ਸਤਨਾਮ ਸਿੰਘ ਟਿਕਾਣਾ ਫ਼ਿਲਹਾਲ ਇਹ ਹੀ ਹੈ।" ਸਤਨਾਮ ਸਿੰਘ ਦੱਸਦੇ ਹਨ, "ਸੱਤ ਏਕੜ ਝੋਨੇ ਦੀ ਫ਼ਸਲ ਪੂਰੀ ਤਰਾਂ ਬਰਬਾਦ ਹੋ ਗਈ ਹੈ ਅਤੇ ਅੱਗੇ ਕੀ ਕਰਨਾ ਹੈ ਇਹ ਸਮਝ ਨਹੀ ਆ ਰਿਹਾ, ਕਿਉਂਕਿ ਖੇਤਾਂ ਵਿੱਚ ਮਿੱਟੀ ਜਮ੍ਹਾਂ ਹੋ ਗਈ ਹੈ।" ਭਾਰਤੀ ਫ਼ੌਜ ਦੇ ਸਾਬਕਾ ਮੁਲਾਜ਼ਮ ਸਤਨਾਮ ਸਿੰਘ ਮੁਤਾਬਕ ਫ਼ਸਲ ਦੀ ਬਿਜਾਈ ਆੜ੍ਹਤੀਏ ਤੋਂ ਕਰਜ਼ਾ ਲੈ ਕੇ ਕੀਤੀ ਗਈ ਸੀ, ਫ਼ਸਲ ਬਰਬਾਦ ਹੋ ਗਈ ਹੈ ਅਤੇ ਹੁਣ ਜ਼ਮੀਨ ਠੀਕ ਕਰਨ ਦੇ ਲਈ ਹੋਰ ਕਰਜ਼ਾ ਲੈਣਾ ਪਵੇਗਾ। ਇਸੇ ਪਿੰਡ ਦੇ ਸਾਬਕਾ ਸਰਪੰਚ ਸੁਖਦੇਵ ਸਿੰਘ ਨੇ ਦੱਸਿਆ, "1988 ਵਿੱਚ ਆਏ ਹੜ੍ਹ ਨਾਲੋਂ ਇਸ ਵਾਰ ਜ਼ਿਆਦਾ ਪਾਣੀ ਆਇਆ ਹੈ ਅਤੇ ਇਸ ਨੇ ਝੋਨੇ ਦੀ ਫ਼ਸਲ ਨੂੰ ਵੱਡੇ ਪੱਧਰ ਉੱਤੇ ਨੁਕਸਾਨ ਪਹੁੰਚਿਆ ਹੈ।" ਉਨ੍ਹਾਂ ਦੱਸਿਆ ਕਿ ਜੋ ਫ਼ਸਲ ਬਚੀ ਵੀ ਹੈ, ਉਸ ਵਿਚੋਂ ਦਾਣਾ ਲਗਭਗ ਖ਼ਤਮ ਹੋ ਗਿਆ ਹੈ। ਉਨ੍ਹਾਂ ਆਖਿਆ ਕਿ ਪਿੰਡ ਤੱਕ ਪਹੁੰਚਣ ਵਾਲੇ ਰਸਤੇ ਵੀ ਸਾਰੇ ਬੰਦ ਹੋ ਗਏ ਸਨ, ਜਿਸ ਕਾਰਨ ਮਦਦ ਵੀ ਕਈ ਦਿਨਾਂ ਤੱਕ ਉਨ੍ਹਾਂ ਤੱਕ ਨਹੀ ਪਹੁੰਚ ਪਾਈ। ਪਿੰਡ ਦੇ ਰਸਤੇ ਵਿੱਚ ਥਾਂ-ਥਾਂ ਉੱਤੇ ਰਾਵੀ ਦਰਿਆ ਦੇ ਪਾਣੀ ਦੀ ਤਬਾਹੀ ਦੀਆਂ ਨਿਸ਼ਾਨੀਆਂ ਟੁੱਟੇ ਬਿਜਲੀ ਦੇ ਖੰਭੇ, ਟੁੱਟੇ ਦਰਖ਼ਤ, ਬਰਬਾਦ ਫ਼ਸਲਾਂ ਹਰ ਪਾਸੇ ਦਿਖਾਈ ਦਿੰਦੀਆਂ ਹਨ। ਸੁਖਦੇਵ ਸਿੰਘ ਨੇ ਦੱਸਿਆ ਪਾਣੀ ਇੰਨਾ ਜ਼ਿਆਦਾ ਸੀ ਕਿ ਦਸ ਫੁੱਟ ਤੱਕ ਫ਼ਸਲ ਪਾਣੀ ਵਿੱਚ ਡੁੱਬ ਗਈ ਸੀ, ਹਾਲਤ ਇਹ ਸੀ ਕਿ ਬਿਜਲੀ ਦੇ ਟਰਾਂਸਫਾਰਮਰ ਵੀ ਪਾਣੀ ਵਿੱਚ ਡੁੱਬ ਗਏ ਸਨ, ਜਿਸ ਦੇ ਨਿਸ਼ਾਨ ਇਸ ਪਿੰਡ ਵਿੱਚ ਹੁਣ ਵੀ ਦੇਖੇ ਜਾ ਸਕਦੇ ਹਨ। ਸੁਖਦੇਵ ਸਿੰਘ ਆਖਦੇ ਹਨ, "ਸਰਹੱਦ ਉੱਤੇ ਰਹਿਣ ਵਾਲੇ ਕਿਸਾਨਾਂ ਦੀ ਸਾਰ ਕੋਈ ਵੀ ਨਹੀ ਲੈਂਦਾ, ਪਹਿਲਾਂ ਭਾਰਤ-ਪਾਕਿਸਤਾਨ ਤਣਾਅ ਦੌਰਾਨ ਸੁਰੱਖਿਆ ਬਲਾਂ ਨੇ ਪਿੰਡ ਨੂੰ ਖ਼ਾਲੀ ਕਰਵਾ ਲਿਆ ਅਤੇ ਇੱਕ ਮਹੀਨੇ ਬਾਅਦ ਉਹ ਵਾਪਸ ਘਰ ਪਰਤ ਸਕੇ।" "ਹੁਣ ਝੋਨੇ ਦੀ ਫ਼ਸਲ ਤੋਂ ਉਮੀਦ ਸੀ ਕਿ ਨੁਕਸਾਨ ਦੀ ਭਰਪਾਈ ਹੋਵੇਗੀ, ਪਰ ਹੜ੍ਹ ਦਾ ਪਾਣੀ ਸਭ ਕੁਝ ਬਰਬਾਦ ਕਰ ਗਿਆ।" ਸਾਡੀ ਨੇ ਦੇਖਿਆ ਕਿ ਭਾਰਤ-ਪਾਕਿਸਤਾਨ ਸਰਹੱਦ ਉੱਤੇ ਲੱਗੀ ਕੰਡਿਆਲੀ ਤਾਰ ਨੇੜੇ ਬੀਐੱਸਐੱਫ ਦੀਆਂ ਕਈ ਚੌਕੀਆਂ ਦਾ ਵੀ ਹੜ੍ਹ ਦੌਰਾਨ ਨੁਕਸਾਨ ਹੋਇਆ ਹੈ। ਇਸ ਪਿੰਡ ਦੇ 36 ਸਾਲਾ ਨੌਜਵਾਨ ਹਰਕੰਵਲ ਸਿੰਘ ਨੇ ਕਿਹਾ, "ਖੇਤਾਂ ਵਿੱਚ ਆਉਣ ਨੂੰ ਦਿਲ ਨਹੀ ਕਰਦਾ, ਕਿਉਂਕਿ ਜਿੱਥੇ ਕੁਝ ਦਿਨ ਪਹਿਲਾਂ ਝੋਨੇ ਦੀ ਫ਼ਸਲ ਸੀ, ਉੱਥੇ ਹੁਣ ਉਜਾੜਾ ਹੀ ਉਜਾੜਾ ਨਜ਼ਰ ਆਉਦਾ ਹੈ, ਫ਼ਸਲ ਤਾਂ ਕਿਤੇ ਨਜ਼ਰ ਨਹੀ ਆਉਦੀ। ਉਨ੍ਹਾਂ ਕਿਹਾ ਫ਼ਸਲਾਂ ਤੋਂ ਇਲਾਵਾ ਖੇਤੀ ਦੇ ਕੰਮ ਵਿੱਚ ਇਸਤੇਮਾਲ ਆਉਣ ਵਾਲੀ ਮਸ਼ਨੀਰੀ ਖ਼ਾਸ ਤੌਰ ਉੱਤੇ ਟਰੈਕਟਰ, ਟਿਊਬਲਾਂ ਦਾ ਵੀ ਪਾਣੀ ਨੇ ਭਾਰੀ ਨੁਕਸਾਨ ਕੀਤਾ ਹੈ।




### ਪੰਜਾਬ ਵਿੱਚ ਫ਼ਸਲਾਂ ਨੂੰ ਕਿੰਨੀ ਪਈ ਮਾਰ

ਪੰਜਾਬ ਸਰਕਾਰ ਦੇ ਮੁਤਾਬਕ ਹਾਲ ਹੀ ਵਿੱਚ ਆਏ ਹੜ੍ਹਾਂ ਕਾਰਨ ਪੰਜਾਬ ਦੇ 2185 ਪਿੰਡਾਂ ਵਿੱਚ 5 ਲੱਖ ਏਕੜ ਖੇਤਰ ਵਿੱਚ ਫ਼ਸਲ ਤਬਾਹ ਹੋਈ ਹੈ। ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਹੈ, "ਹੜ੍ਹਾਂ ਕਾਰਨ ਖੇਤੀਬਾੜੀ ਅਧੀਨ ਰਕਬੇ ਅਤੇ ਖੜੀਆਂ ਫ਼ਸਲਾਂ ਦੀ ਵੱਡੇ ਪੈਮਾਨੇ 'ਤੇ ਤਬਾਹੀ ਹੋਈ ਹੈ, ਸਰਹੱਦੀ ਜਿਲ੍ਹਿਆਂ ਅੰਮ੍ਰਿਤਸਰ, ਗੁਰਦਾਸਪੁਰ, ਤਰਨ ਤਾਰਨ, ਪਠਾਨਕੋਟ, ਕਪੂਰਥਲਾ, ਫ਼ਾਜ਼ਿਲਕਾ ਅਤੇ ਫ਼ਿਰੋਜ਼ਪੁਰ ਸਭ ਤੋਂ ਵਧੇਰੇ ਪ੍ਰਭਾਵਿਤ ਹੋਏ ਹਨ ਅਤੇ ਇੱਥੇ ਜ਼ਮੀਨਾਂ ਵਿੱਚ 5-5 ਫੁੱਟ ਤੱਕ ਗਾਰ ਜਮਾਂ ਹੋ ਗਈ ਹੈ।" ਗੁਰਦਾਸਪੁਰ ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫ਼ਸਰ ਅਮਰੀਕ ਸਿੰਘ ਮੁਤਾਬਕ ਕਿਸਾਨਾਂ ਦਾ ਕਿੰਨਾ ਨੁਕਸਾਨ ਹੋਇਆ ਹੈ ਇਸ ਬਾਰੇ ਤਾਂ ਗਿਰਦਾਵਰੀ ਤੋਂ ਬਾਅਦ ਹੀ ਪੂਰੀ ਜਾਣਕਾਰੀ ਮਿਲ ਪਾਵੇਗੀ ਪਰ ਮੁੱਢਲੇ ਸਰਵੇ ਇਹ ਹੀ ਦਰਸਾਂਦੇ ਹਨ ਕਿ ਕਿਸਾਨਾਂ ਦਾ ਭਾਰੀ ਨੁਕਸਾਨ ਹੋਇਆ ਹੈ। ਉਨ੍ਹਾਂ ਦੱਸਿਆ ਕਿ ਝੋਨੇ ਤੋਂ ਇਲਾਵਾ ਗੰਨਾ, ਸਬਜ਼ੀਆਂ ਅਤੇ ਹਰੇ ਚਾਰੇ ਦਾ ਵੀ ਭਰਵਾਂ ਨੁਕਸਾਨ ਹੋਇਆ ਹੈ। ਅਮਰੀਕ ਸਿੰਘ ਨੇ ਕਿਹਾ ਜਿਹੜੇ ਖੇਤਾਂ ਵਿੱਚ ਪਾਣੀ ਅਜੇ ਵੀ ਖੜ੍ਹਾ ਹੈ, ਉੱਥੇ ਕਣਕ ਦੀ ਬਿਜਾਈ ਕਰਨੀ ਔਖੀ ਹੋਵੇਗੀ। ਯਾਦ ਰਹੇ ਪੰਜਾਬ ਵਿੱਚ ਕਣਕ ਦੀ ਬਿਜਾਈ ਨਵੰਬਰ ਦੇ ਪਹਿਲੇ ਹਫ਼ਤੇ ਸ਼ੁਰੂ ਹੁੰਦੀ ਹੈ। ਅਮਰੀਕ ਸਿੰਘ ਮੁਤਾਬਕ ਕਈ ਏਕੜ ਜ਼ਮੀਨ ਵਿੱਚ ਮਿੱਟੀ ਜਮ੍ਹਾਂ ਹੋ ਗਈ ਹੈ, ਜੋ ਕਣਕ ਦੀ ਬਿਜਾਈ ਵਿੱਚ ਸਭ ਤੋਂ ਵੱਧ ਅੜਿੱਕਾ ਹੈ। ਅੰਮ੍ਰਿਤਸਰ ਜ਼ਿਲ੍ਹੇ ਦੇ ਹਰਦੋਬਾਲ ਪਿੰਡ ਦੇ ਜਸਵੀਰ ਸਿੰਘ ਕਹਿੰਦੇ ਹਨ ਫ਼ਸਲਾਂ ਦੇ ਨਾਲ-ਨਾਲ ਲੋਕਾਂ ਦੇ ਘਰ, ਸੰਦ ਸਭ ਕੁਝ ਬਰਬਾਦ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਪਿੰਡ ਵਿੱਚ ਝੋਨੇ ਦੀ ਫ਼ਸਲ 100 ਫ਼ੀਸਦੀ ਖ਼ਰਾਬ ਹੋ ਗਈ ਹੈ। ਇਸੇ ਪਿੰਡ ਦੇ ਸੁੱਚਾ ਸਿੰਘ ਨੇ ਕਿਹਾ, "ਅਗਲੀ ਫ਼ਸਲ ਲਈ ਬੀਜ ਤੋਂ ਇਲਾਵਾ ਖਾਦ ਅਤੇ ਦਵਾਈਆਂ ਦੀ ਲੋੜ ਹੈ ਪਤਾ ਨਹੀ ਇਸ ਲਈ ਪੈਸੇ ਕਿੱਥੋਂ ਆਉਣਗੇ"। ਉਨ੍ਹਾਂ ਆਖਿਆ ਕਿ ਹੜ੍ਹ ਨੇ ਕਿਸਾਨਾਂ ਨੂੰ ਵਿੱਤੀ ਪੱਖੋਂ ਬਹੁਤ ਮਾਰ ਦਿੱਤੀ ਹੈ, ਆਮਦਨੀ ਖ਼ਤਮ ਹੋ ਗਈ ਅਤੇ ਖ਼ਰਚੇ ਵੱਧ ਗਏ ਹਨ। ਸਰਕਾਰ ਵੱਲੋਂ 20 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ੇ ਦੇ ਐਲਾਨ ਉੱਤੇ ਟਿੱਪਣੀ ਕਰਦਿਆਂ ਸੁੱਚਾ ਸਿੰਘ ਕਹਿੰਦੇ ਹਨ, "ਇਸ ਨਾਲ ਕੁਝ ਨਹੀ ਹੋਣਾ, ਕਿਉਂਕਿ ਇੰਨਾ ਖ਼ਰਚਾ ਤਾਂ ਬਿਜਾਈ ਸਮੇਂ ਹੋ ਜਾਂਦਾ ਹੈ।" ਅੰਮ੍ਰਿਤਸਰ ਤੋਂ ਗੁਰਦਾਸਪੁਰ ਤੱਕ ਦੇ ਸਫ਼ਰ ਦੌਰਾਨ ਥਾਂ-ਥਾਂ ਉੱਤੇ ਹੜ੍ਹ ਦੇ ਪਾਣੀ ਨਾਲ ਬਰਬਾਦ ਹੋਈ ਝੋਨੇ ਦੀ ਹਜ਼ਾਰਾਂ ਏਕੜ ਫ਼ਸਲ ਦੇਖੀ ਜਾ ਸਕਦੀ ਹੈ। ਕਿਸਾਨਾਂ ਦਾ ਕਹਿਣਾ ਹੈ, "ਖੇਤਾਂ ਵਿਚੋਂ ਝੋਨੇ ਦੀ ਫ਼ਸਲ ਬਾਹਰ ਕਿਵੇਂ ਕੱਢਣੀ ਹੈ, ਇਹ ਵੀ ਉਨ੍ਹਾਂ ਲਈ ਚੁਣੌਤੀ ਹੈ ਕਿਉਂਕਿ ਜ਼ਮੀਨ ਗਿੱਲੀ ਹੋਣ ਕਾਰਨ ਕੰਬਾਇਨ ਜਾਂ ਟਰੈਕਟਰ ਫ਼ਿਲਹਾਲ ਖੇਤਾਂ ਵਿੱਚ ਵਾੜਿਆ ਨਹੀ ਜਾ ਸਕਦਾ।

### ਕੌਮੀ ਅਨਾਜ ਭੰਡਾਰਨ ਲਈ ਖ਼ਤਰਾ

ਪੰਜਾਬ ਸਰਕਾਰ ਦੇ ਅੰਕੜਿਆਂ ਮੁਤਾਬਕ ਇਸ ਵਾਰ ਸੂਬੇ ਵਿੱਚ ਝੋਨੇ ਦੀ ਕਾਸ਼ਤ ਕਰੀਬ 32 ਲੱਖ ਹੈਕਟੇਅਰ ਵਿੱਚ ਹੋਈ ਸੀ, ਜਿਸ ਵਿੱਚ ਕਰੀਬ 6 ਲੱਖ ਹੈਕਟੇਅਰ ਬਾਸਮਤੀ ਵੀ ਸ਼ਾਮਲ ਹੈ। ਦੇਸ਼ ਵਿੱਚ ਚੌਲ ਪੈਦਾ ਕਰਨ ਵਾਲੇ ਸੂਬਿਆਂ ਵਿਚੋਂ ਪੰਜਾਬ ਤੀਜੇ ਨੰਬਰ ਉੱਤੇ ਹੈ। ਗੁਰਦਾਸਪੁਰ ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫ਼ਸਰ ਅਮਰੀਕ ਸਿੰਘ ਦੱਸਦੇ ਹਨ ਕਿ ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ ਝੋਨੇ ਦੀ ਕੁੱਲ ਪੈਦਾਵਾਰ ਪੰਜਾਬ ਵਿੱਚ ਘੱਟ ਹੋਵੇਗੀ। ਪੰਜਾਬ ਸਰਕਾਰ ਦੇ 2023-24 ਅੰਕੜੇ ਦੱਸਦੇ ਹਨ ਕਿ ਚੌਲਾਂ ਨੂੰ ਲੈ ਕੇ ਪੰਜਾਬ ਦੇ ਕੇਂਦਰੀ ਅਨਾਜ ਭੰਡਾਰਨ ਵਿੱਚ 23.7 ਫ਼ੀਸਦੀ ਸੀ। ਆਰਥਿਕ ਮਾਹਰ ਰਣਜੀਤ ਸਿੰਘ ਘੁੰਮਣ ਮੁਤਾਬਕ ਹੜ੍ਹਾਂ ਕਾਰਨ ਝੋਨੇ ਦੀ ਹੋਈ ਬਰਬਾਦੀ ਕੌਮੀ ਭੋਜਨ ਸੁਰੱਖਿਆ ਲਈ ਵੀ ਚੁਣੌਤੀ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਅਨਾਜ ਭੰਡਾਰਨ ਵਿੱਚ ਚੌਲ ਰਾਹੀ ਪੰਜਾਬ ਹਰ ਸਾਲ 22 ਤੋਂ 25 ਫ਼ੀਸਦ ਯੋਗਦਾਨ ਪਾਉਂਦਾ ਹੈ, ਜਿਸ ਤਰੀਕੇ ਨਾਲ ਇਸ ਵਾਰ ਝੋਨੇ ਦੀ ਫ਼ਸਲ ਨੂੰ ਹੜ੍ਹਾਂ ਦੀ ਮਾਰ ਪਈ ਹੈ, ਉਸ ਨਾਲ ਪੰਜਾਬ ਦੀ ਹਿੱਸੇਦਾਰੀ ਸੱਤ ਤੋਂ ਅੱਠ ਫ਼ੀਸਦੀ ਘੱਟ ਹੋ ਸਕਦੀ ਹੈ।



> ਖੇਤਾਂ ਵਿੱਚ ਆਉਣ ਨੂੰ ਦਿਲ ਨਹੀਂ ਕਰਦਾ, ਕਿਉਂਕਿ ਜਿੱਥੇ ਕੁਝ ਦਿਨ ਪਹਿਲਾਂ ਝੋਨੇ ਦੀ ਫ਼ਸਲ ਸੀ, ਉੱਥੇ ਹੁਣ ਉਜਾੜਾ ਹੀ ਉਜਾੜਾ ਨਜ਼ਰ ਆਉਂਦਾ ਹੈ, ਫ਼ਸਲ ਤਾਂ ਕਿਤੇ ਨਜ਼ਰ ਨਹੀਂ ਆਉਂਦੀ।
>
> **ਹਰਕੰਵਲ ਸਿੰਘ**
> ਨੌਜਵਾਨ ਕਿਸਾਨ

# ਮਹਾਨ ਤਿਆਗੀ, ਤਪੱਸਵੀ ਤੇ ਵਿਦਵਾਨ ਸ਼ੇਖ਼ ਫ਼ਰੀਦ ਜੀ

ਕਰਨੈਲ ਸਿੰਘ ਐਮ.ਏ.

ਮਹਾਨ ਸੂਫ਼ੀ ਸੰਤ ਸ਼ੇਖ਼ ਫ਼ਰੀਦ ਜੀ ਦਾ ਸਮਾਂ ਈਸਾ ਦੀ 12ਵੀਂ ਸਦੀ ਹੈ। ਸ਼ੇਖ਼ ਫ਼ਰੀਦ ਦਾ ਸਥਾਨ ਪੰਜਾਬੀ ਸਾਹਿਤ ਵਿੱਚ ਉਹ ਹੈ ਜੋ ਚਾਸਰ ਦਾ ਅੰਗਰੇਜ਼ੀ ਸਾਹਿਤ ਵਿੱਚ ਹੈ। ਸ਼ੇਖ਼ ਫ਼ਰੀਦ ਦਾ ਜਨਮ ਸ਼ੇਖ਼ ਜਮਾਲਦੀਨ ਸੁਲੇਮਾਨ ਦੇ ਗ੍ਰਹਿ ਮਾਤਾ ਮਰੀਅਮ ਦੀ ਕੁੱਖ ਤੋਂ ਕੋਠੀਵਾਲ ਪਿੰਡ ਵਿੱਚ ਸੰਮਤ 1230 ਬਿਕਰਮੀ, ਸੰਨ 1173 ਈ: ਨੂੰ ਹੋਇਆ। ਫ਼ਰੀਦ ਜੀ ਨੂੰ ਬਚਪਨ ਵਿੱਚ ਹੀ ਵਿੱਦਿਆ ਪੜ੍ਹਨ ਲਈ ਬਿਠਾਇਆ ਗਿਆ। ਵਿੱਦਿਆ ਪ੍ਰਾਪਤੀ ਲਈ ਆਪ ਕੋਠੀਵਾਲ ਨੂੰ ਛੱਡ ਕੇ ਮੁਲਤਾਨ ਚਲੇ ਗਏ ਕਿਉਂਕਿ ਉਹਨੀਂ ਦਿਨੀਂ ਵਿੱਚ ਮੁਲਤਾਨ ਸੰਸਾਰਿਕ ਤੇ ਰੂਹਾਨੀ ਵਿੱਦਿਆ ਦਾ ਕੇਂਦਰ ਸੀ। ਇਸ ਲਈ ਆਪ ਦੀ ਮੁੱਢਲੀ ਵਿੱਦਿਆ ਮੁਲਤਾਨ ਵਿੱਚ ਹੀ ਸ਼ੁਰੂ ਹੋਈ। ਫ਼ਰੀਦ ਜੀ ਖ਼੍ਵਾਜਾ ਬਖ਼ਤਿਆਰ ਕਾਕੀ ਦੇ ਮੁਰੀਦ ਹੋਏ ਸਨ।

ਬਾਬਾ ਫ਼ਰੀਦ ਜੀ ਮਹਾਨ ਤਿਆਗੀ, ਪਰਮ ਤਪੱਸਵੀ, ਕਰਤਾਰ ਦੇ ਅਨਿੰਨ ਉਪਾਸਕ ਤੇ ਵੱਡੇ ਵਿਦਵਾਨ ਸਨ। ਆਪ ਦਾ ਇੱਕ ਵਿਆਹ ਨਾਸਰਦੀਨ ਮਹਿਮੂਦ ਬਾਦਸ਼ਾਹ ਦਿੱਲੀ ਦੀ ਪੁੱਤਰੀ ਹਜ਼ਬਰਾ ਨਾਲ ਹੋਇਆ। ਜਿਸ ਨੂੰ ਉਹਨਾਂ ਨੇ ਦਰਵੇਸ਼ੀ ਕੱਪੜੇ ਪਹਿਨਾ ਕੇ ਆਪਣੇ ਅੰਗ-ਸੰਗ ਰੱਖਿਆ। ਇਸ ਤੋਂ ਇਲਾਵਾ ਤਿੰਨ ਹੋਰ ਇਸਤਰੀਆਂ ਫ਼ਰੀਦ ਜੀ ਦੀਆਂ ਪਤਨੀਆਂ ਸਨ। ਆਪ ਜੀ ਦੀਆਂ ਤਿੰਨ ਪੁੱਤਰੀਆਂ ਤੇ ਪੰਜ ਪੁੱਤਰ ਸਨ। ਸ਼ੇਖ਼ ਫ਼ਰੀਦ ਜੀ 93 ਸਾਲ ਦੀ ਉਮਰ ਬਤੀਤ ਕਰਕੇ ਸੰਮਤ 1323 ਬਿਕਰਮੀ, ਸੰਨ 1266 ਈ: ਨੂੰ ਪਾਕਪਟਨ ਵਿੱਚ ਜੋਤੀ-ਜੋਤਿ ਸਮਾ ਗਏ। ਸ਼ੇਖ਼ ਫ਼ਰੀਦ ਜੀ ਨੂੰ 'ਬਾਬਾ ਫ਼ਰੀਦ' ਵੀ ਕਿਹਾ ਜਾਂਦਾ ਹੈ।

ਬਾਬਾ ਫ਼ਰੀਦ ਜੀ ਦੀ ਬੰਸਾਵਲੀ ਇਸ ਪ੍ਰਕਾਰ ਹੈ:-

* ਸ਼ੇਖ਼ ਜਮਾਲੁਦੀਨ, * ਬਾਬਾ ਫ਼ਰੀਦੁਦੀਨ ਮਸਊਦ ਸ਼ਕਰਗੰਜ, * ਦੀਵਾਨ ਬਦਰੂਦੀਨ ਸੁਲੇਮਾਨ, * ਦੀਵਾਨ ਪੀਰ ਅਲਾਉਦੀਨ, * ਖ਼੍ਵਾਜਾ ਪੀਰ ਮੁਇਜ਼ਦੀਨ, * ਖ਼੍ਵਾਜਾ ਦੀਵਾਨ ਪੀਰ ਫ਼ਜ਼ਲ, * ਖ਼੍ਵਾਜਾ ਮੁਨੱਵਰ ਸ਼ਾਹ, * ਦੀਵਾਨ ਪੀਰ ਬਹਾਉਦੀਨ, * ਦੀਵਾਨ ਸ਼ੇਖ਼ ਅਹਿਮਦ ਸ਼ਾਹ, * ਦੀਵਾਨ ਪੀਰ ਅਤਾਉਲਾ, * ਖ਼੍ਵਾਜਾ ਸ਼ੇਖ਼ ਮੁਹੰਮਦ, * ਸ਼ੇਖ਼ ਬ੍ਰਹਮ (ਇਬਰਾਹੀਮ)।



ਸ਼ੇਖ਼ ਫ਼ਰੀਦ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਚਾਰ ਸ਼ਬਦ ਹਨ। ਰਾਗ ਆਸਾ (ਅੰਗ 488) ਵਿੱਚ ਇੱਕ ਚਉਪਦਾ ਤੇ ਇੱਕ ਅਸਟਪਦੀ ਅਤੇ ਰਾਗ ਸੂਹੀ (ਅੰਗ 794) ਵਿੱਚ ਇੱਕ ਚਉਪਦਾ ਅਤੇ ਇੱਕ ਤਿਪਦਾ। @ਸਲੋਕ ਸ਼ੇਖ਼ ਫ਼ਰੀਦ ਕੇ@ ਦੇ ਸਿਰਲੇਖ ਹੇਠ 130 ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਗ 1377 ਤੋਂ 1384 ਤੱਕ ਦਰਜ ਹਨ। ਉਹ ਪਹਿਲੇ ਕਵੀ ਹਨ। ਜਿਨ੍ਹਾਂ ਨੇ ਆਪਣੇ ਖ਼ਿਆਲ ਪੰਜਾਬੀ ਵਿੱਚ ਪ੍ਰਗਟ ਕੀਤੇ। ਪੰਜਾਬੀ ਦੇ ਇਸ ਜੇਠੇ ਤੇ ਉੱਤਮ ਕਵੀ ਨੇ ਇੱਕ ਨਵੀਂ ਸ਼ੈਲੀ ਸ਼ਬਦਾਵਲੀ ਨੂੰ ਜਨਮ ਦਿੱਤਾ। ਆਪ ਦੇ ਕਲਾਮ ਵਿੱਚ ਪਹਿਲਾਂ ਫ਼ਾਰਸੀ, ਅਰਬੀ ਸ਼ਬਦਾਂ ਨੂੰ ਪੰਜਾਬੀ ਰੂਪ ਦਿੱਤਾ ਗਿਆ। ਸ਼ੇਖ਼ ਫ਼ਰੀਦ ਲਹਿੰਦੇ ਪੰਜਾਬ ਦੇ ਵਸਨੀਕ ਸਨ। ਇਸ ਕਰਕੇ ਇਹਨਾਂ ਦੀ ਭਾਸ਼ਾ ਨੂੰ ਲਹਿੰਦੀ ਕਿਹਾ ਜਾਂਦਾ ਪਾਕਿਸਤਾਨ ਵਿੱਚ ਬਾਬਾ ਫ਼ਰੀਦ ਦਾ ਮਕਬਰਾ ਅੱਜ ਵੀ ਕਾਇਮ ਹੈ। ਉਥੇ ਹਿੰਦੂ, ਮੁਸਲਮਾਨ, ਸਿੱਖ, ਈਸਾਈ ਸਭ ਨੂੰ ਸ਼ਾਮਲ ਕਰਕੇ ਇੱਕ ਟ੍ਰਸਟ ਕਾਇਮ ਕੀਤਾ ਗਿਆ ਜਿਸ ਦਾ ਨਾਂ 'ਜਾਤੀ ਉਮਰਾ ਹਿੰਦ-ਪਾਕਿ ਪਰਿਵਾਰ ਮਿਲਾਪ ਚੈਰਿਟੀ ਟ੍ਰਸਟ' ਹੈ। ਇਸ ਟ੍ਰਸਟ ਦੇ ਸਰਪ੍ਰਸਤ ਮੀਆਂ ਮੁਹੰਮਦ ਸਾਹਿਬ ਹਨ।

ਸ਼ੇਖ਼ ਫ਼ਰੀਦ ਖੋਜ ਕਰਦਿਆਂ ਕਰਦਿਆਂ, ਮੋਕਲਹਰ ਸ਼ਹਿਰ ਆ ਗਏ। ਜਿਸ ਅਸਥਾਨ ਤੇ ਉਹ ਠਹਿਰੇ ਉਸ ਨੂੰ ਅੱਜ ਗੋਦੜੀ ਸਾਹਿਬ ਕਿਹਾ ਜਾਂਦਾ ਹੈ। ਗੁਰਦੁਆਰਾ ਗੋਦੜੀ ਸਾਹਿਬ ਦੇ ਇਤਿਹਾਸ ਬਾਰੇ ਕਿਹਾ ਜਾਂਦਾ ਹੈ ਕਿ ਬਾਬਾ ਫ਼ਰੀਦ ਜੀ 1215 ਈ: ਵਿੱਚ ਜਦੋਂ ਦਿੱਲੀ ਤੋਂ ਪਾਕਪਟਨ ਜਾ ਰਹੇ ਸਨ ਤਾਂ ਇੱਥੇ ਆ ਕੇ ਉਹਨਾਂ ਆਪਣੇ ਗੁਰੂ ਬਖ਼ਤਿਆਰ ਕਾਕੀ ਵੱਲੋਂ ਬਖ਼ਸ਼ੀ ਹੋਈ ਗੋਦੜੀ ਦਰੱਖ਼ਤ ਤੇ ਟੰਗ ਦਿੱਤੀ ਅਤੇ ਆਪ ਖਾਣ-ਪੀਣ ਦਾ ਸਮਾਨ ਲੈਣ ਚਲੇ ਗਏ। ਉਸ ਵੇਲੇ ਇੱਥੇ ਦੇ ਰਾਜੇ ਮੋਕਲਹਰ ਵੱਲੋਂ ਕਿਲ੍ਹੇ ਦੀ ਉਸਾਰੀ ਕਰਵਾਈ ਜਾ ਰਹੀ ਸੀ। ਰਾਜੇ ਦੇ ਮੁਲਾਜ਼ਮਾਂ (ਅਹਿਲਕਾਰਾਂ) ਵੱਲੋਂ ਬਾਬਾ ਫ਼ਰੀਦ ਜੀ ਨੂੰ ਫੜ ਕੇ ਵਗਾਰ ਵਿੱਚ ਲਾ ਲਿਆ ਗਿਆ ਅਤੇ ਉਹ ਕਿਲ੍ਹੇ ਦੀ ਉਸਾਰੀ ਵਿੱਚ ਗਾਰਾ ਢੋਣ ਲੱਗੇ। ਅਚਾਨਕ ਰਾਜੇ ਦੀ ਨਿਗ੍ਹਾ ਬਾਬਾ ਫ਼ਰੀਦ ਜੀ ਤੇ ਪਈ। ਉਹਨਾਂ ਦੇਖਿਆ ਕਿ ਬਾਬਾ ਫ਼ਰੀਦ ਜੀ ਦੇ ਗਾਰੇ ਦੇ ਟੋਕਰੇ ਚੁੱਕਦੇ ਹਨ ਤਾਂ ਟੋਕਰਾ (ਬੱਠਲ/ਤਸਲਾ) ਉਹਨਾਂ ਦੇ ਸਿਰ ਤੋਂ ਰੱਬੀ ਸ਼ਕਤੀ ਨਾਲ ਆਪਣੇ ਆਪ ਉੱਚਾ ਹੋ ਜਾਂਦਾ ਸੀ ਅਤੇ ਟੋਕਰੇ ਦਾ ਭਾਰ ਉਹਨਾਂ ਦੇ ਸਿਰ 'ਤੇ ਨਹੀਂ ਆਉਂਦਾ ਸੀ। ਇਹ ਕੌਤਕ ਦੇਖ ਕੇ ਰਾਜਾ ਸਮਝ ਗਿਆ ਕਿ ਇਹ ਕੋਈ ਫ਼ਕੀਰ ਹਨ। ਉਸ ਨੇ ਬਾਬਾ ਫ਼ਰੀਦ ਜੀ ਦੇ ਚਰਨ (ਪੈਰ) ਫੜ ਕੇ ਮੁਆਫ਼ੀ ਮੰਗੀ। ਬਾਬਾ ਫ਼ਰੀਦ ਵਗਾਰ ਵਿੱਚ ਫੜੇ ਹੋਏ ਗਰੀਬ ਲੋਕਾਂ ਨੂੰ ਰਿਹਾਅ ਕਰਵਾਉਣ ਉਪਰੰਤ ਜਦ ਮੁੜ ਛੱਪੜੀ ਦੇ ਕਿਨਾਰੇ ਪਹੁੰਚੇ ਤਾਂ ਕੁਝ ਮੁੰਡੇ ਬਾਬਾ ਜੀ ਦੀ ਗੋਦੜੀ ਦੀ ਖਿੱਦੋ (ਗੇਂਦ) ਬਣਾ ਕੇ ਖੇਡ ਰਹੇ ਸਨ। ਬਾਬਾ ਜੀ ਨੇ ਆਪਣੇ ਗੁਰੂ ਵੱਲੋਂ ਬਖ਼ਸ਼ੀ ਗੋਦੜੀ ਤੋਂ ਵੱਖ ਹੋਣ ਦੀ ਭੁੱਲ ਨੂੰ ਬਖ਼ਸ਼ਾਉਣ ਲਈ 40 ਦਿਨ ਚਲੀਹਾ ਕੱਟਿਆ। ਬਾਅਦ ਵਿੱਚ ਇਸ ਅਸਥਾਨ ਦਾ ਨਾਂ 'ਗੋਦੜੀ ਸਾਹਿਬ' ਪੈ ਗਿਆ, ਜਿੱਥੇ ਲੋਕ ਆ ਕੇ ਨਤਮਸਤਕ ਹੁੰਦੇ ਹਨ ਅਤੇ ਮਨ-ਇੱਛਤ ਕਾਮਨਾਵਾਂ ਪੂਰੀਆਂ ਕਰਦੇ ਹਨ।

ਇਸ ਪਿੱਛੋਂ ਰਾਜਾ ਮੋਕਲਹਰ ਨੇ ਆਪਣਾ ਨਾਂ ਹਟਾ ਕੇ ਦਰਵੇਸ਼/ਫ਼ਕੀਰ ਦੇ ਨਾਂ ਤੇ ਨਗਰ ਦਾ ਨਾਂ 'ਫ਼ਰੀਦਕੋਟ' ਰੱਖ ਦਿੱਤਾ। ਇਸ ਸ਼ਹਿਰ ਨੂੰ ਬਾਬਾ ਫ਼ਰੀਦ ਜੀ ਦੇ ਸ਼ਹਿਰ ਫ਼ਰੀਦਕੋਟ ਵਜੋਂ ਜਾਣਿਆ ਜਾਂਦਾ ਹੈ। ਫ਼ਰੀਦਕੋਟ ਵਿੱਚ ਗੁਰਦੁਆਰਾ ਟਿੱਲਾ ਬਾਬਾ ਸ਼ੇਖ਼ ਫ਼ਰੀਦ ਜੀ ਦਾ ਗੁਰਦੁਆਰਾ ਸਥਿਤ ਹੈ ਜੋ ਕਿ ਸੰਸਾਰ ਭਰ ਵਿੱਚ ਪ੍ਰਸਿੱਧ ਹੈ। ਉਹ ਵਣ ਦਾ ਦਰੱਖ਼ਤ ਜਿਸ ਨਾਲ ਬਾਬਾ ਫ਼ਰੀਦ ਜੀ ਨੇ ਗਾਰੇ ਦੀ ਟੋਕਰੀ ਚੁੱਕਦੇ ਸਮੇਂ ਆਪਣੇ ਗਾਰੇ ਨਾਲ ਲਿੱਬੜੇ ਹੋਏ ਹੱਥ ਪੂੰਝੇ (ਸਾਫ਼ ਕੀਤੇ) ਸਨ। ਬਾਬਾ ਜੀ ਦੇ ਇਸ ਅਸਥਾਨ ਤੇ ਪਿਛਲੇ ਸੈਂਕੜੇ ਸਾਲਾਂ ਤੋਂ ਜੋਤ ਜਲਾਈ ਜਾ ਰਹੀ ਹੈ। ਇਸ ਅਸਥਾਨ ਤੇ ਹਰ ਵੀਰਵਾਰ ਨੂੰ ਵੱਡੀ ਤਾਦਾਦ ਵਿੱਚ ਸੰਗਤਾਂ ਪਹੁੰਚਦੀਆਂ ਹਨ। ਸੰਗਤਾਂ ਵੱਲੋਂ ਨਮਕ, ਝਾੜੂ ਅਤੇ ਮਿਸ਼ਰੀ ਦਾ ਪ੍ਰਸ਼ਾਦ ਚੜ੍ਹਾਏ ਜਾਂਦੇ ਹਨ। ਸਵੇਰ ਤੋਂ ਰਾਤ ਤੱਕ ਰਾਗੀ, ਢਾਡੀ, ਪ੍ਰਚਾਰਕ ਗੁਰੂ ਜਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹਨ। ਗੁਰੂ ਕਾ ਲੰਗਰ ਅਟੁੱਟ ਵਰਤਦਾ ਹੈ। ਬਾਜ਼ਾਰ ਵਿੱਚ ਵੀ ਖ਼ੂਬ ਚਹਿਲ-ਪਹਿਲ ਹੁੰਦੀ ਹੈ। ਬਾਬਾ ਫ਼ਰੀਦ ਜੀ ਇੱਕ ਧਾਰਮਿਕ ਸ਼ਖ਼ਸੀਅਤ ਸਨ। ਪਰ ਅਜੋਕੇ ਸਮੇਂ ਵਿੱਚ ਬਾਬਾ ਫ਼ਰੀਦ ਜੀ ਦੇ ਨਾਂ ਤੇ ਅਨੇਕਾਂ ਸੰਸਥਾਵਾਂ ਫ਼ਰੀਦਕੋਟ ਵਿੱਚ ਹੀ ਨਹੀਂ ਸਗੋਂ ਆਲੇ ਦੁਆਲੇ ਦੇ ਪਿੰਡਾਂ, ਸ਼ਹਿਰਾਂ ਵਿੱਚ ਵੀ ਬਣ ਚੁੱਕੀਆਂ ਹਨ। ਗੁਰਦੁਆਰਾ ਗੋਦੜੀ ਸਾਹਿਬ, ਬਾਬਾ ਫ਼ਰੀਦ ਸੁਸਾਇਟੀ, ਟਿੱਲਾ ਬਾਬਾ ਫ਼ਰੀਦ, ਬਾਬਾ ਫ਼ਰੀਦ ਹੈਲਥ ਯੂਨੀਵਰਸਿਟੀ, ਬਾਬਾ ਫ਼ਰੀਦ ਸੱਭਿਆਚਾਰ ਕੇਂਦਰ, ਬਾਬਾ ਫ਼ਰੀਦ ਪਬਲਿਕ ਸਕੂਲ, ਬਾਬਾ ਫ਼ਰੀਦ ਹਾਕੀ, ਫੁੱਟਬਾਲ, ਕਬੱਡੀ, ਬਾਸਕਟਬਾਲ ਕਲੱਬਾਂ, ਬਾਬਾ ਫ਼ਰੀਦ ਆਰਟ ਸੁਸਾਇਟੀ, ਬਾਬਾ ਫ਼ਰੀਦ ਕੁਸ਼ਤੀ ਅਖਾੜਾ ਆਦਿ ਬਾਬਾ ਫ਼ਰੀਦ ਜੀ ਦੇ ਨਾਂ ਤੇ ਫ਼ਰੀਦਕੋਟ ਵਿਖੇ ਸਥਾਪਿਤ ਹਨ।

ਬਾਬਾ ਫ਼ਰੀਦ ਸੁਸਾਇਟੀ ਦੇ ਪ੍ਰਧਾਨ ਸ:ਇੰਦਰਜੀਤ ਸਿੰਘ ਖਾਲਸਾ ਦੇ ਅਕਾਲ ਚਲਾਣਾ ਕਰ ਜਾਣ ਉਪਰੰਤ ਹੁਣ ਡਾ: ਗੁਰਇੰਦਰਮੋਹਨ ਸਿੰਘ ਹਨ। ਸਵ: ਇੰਦਰਜੀਤ ਸਿੰਘ ਖਾਲਸਾ ਦੇ ਉੱਦਮ ਸਦਕਾ ਹੀ ਸੰਨ 1968 ਈਸਵੀ ਤੋਂ ਬਾਬਾ ਫ਼ਰੀਦ ਜੀ ਦੇ ਆਗਮਨ ਪੁਰਬ ਦੀ ਖ਼ੁਸ਼ੀ ਵਿੱਚ ਮੇਲਾ ਮਨਾਉਣਾ ਸ਼ੁਰੂ ਕੀਤਾ ਗਿਆ। ਇਸ ਵਾਰ ਇਸ ਮੇਲਾ ਪੰਜਾਬ ਵਿੱਚ ਆਏ ਹੜ੍ਹਾਂ ਦੇ ਕਾਰਨ ਗੁਰਮਤਿ ਸਮਾਗਮ ਦੇ ਰੂਪ ਵਿੱਚ ਮਨਾਇਆ ਜਾ ਰਿਹਾ ਹੈ। ਜਿਸ ਵਿੱਚ ਪੰਥ ਦੇ ਪ੍ਰਸਿੱਧ ਰਾਗੀ, ਢਾਡੀ, ਪ੍ਰਚਾਰਕ, ਉੱਚ ਸ਼ਖ਼ਸੀਅਤਾਂ ਬਾਬਾ ਫ਼ਰੀਦ ਜੀ ਦੇ ਜੀਵਨ ਤੇ ਫ਼ਲਸਫ਼ੇ ਬਾਰੇ ਵਿਚਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ। 22 ਤੇ 23 ਸਤੰਬਰ ਨੂੰ ਫ਼ਰੀਦਕੋਟ ਸ਼ਹਿਰ ਦੇ ਵਾਸੀ ਆਪਣੇ ਘਰਾਂ ਵਿੱਚ ਰੋਸ਼ਨੀ ਕਰਕੇ ਬਾਬਾ ਫ਼ਰੀਦ ਜੀ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ।

# ਸਿਰਮੌਰ ਢਾਡੀ, ਪ੍ਰਚਾਰਕ ਤੇ ਸ.ਫਲ ਲੇਖਕ ਗਿਆਨੀ ਸੋਹਣ ਸਿੰਘ ਸੀਤਲ ਨੂੰ ਯਾਦ ਕਰਦਿਆਂ



ਭਗਵਾਨ ਸਿੰਘ ਜੌਹਲ
ਮੋ.98143-24040

ਗੁਰੂ ਸਾਹਿਬਾਨ ਦੇ ਸਮੇਂ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਗੁਰੂ-ਘਰਾਂ ਵਿੱਚ ਅਨੇਕਾਂ ਸਮਰਪਿਤ ਢਾਡੀਆਂ ਨੇ ਲਾਸਾਨੀ ਗੁਰ-ਇਤਿਹਾਸ ਅਤੇ ਸਿੱਖ ਇਤਿਹਾਸ ਨੂੰ ਵਾਰਾਂ ਦੇ ਰੂਪ ਵਿੱਚ ਲਿਖਿਆ ਤੇ ਗਾਇਆ, ਇਨ੍ਹਾਂ ਇਤਿਹਾਸਕ ਕਿਰਤਾਂ ਨੂੰ ਵਾਚਿਆ, ਸਰਵਣ ਕੀਤਾ ਅਤੇ ਮਾਣ-ਵੱਡਿਆਈ ਵੀ ਰੱਜ ਕੇ ਕੀਤੀ ਹੈ। ਪਰ ਅਜੋਕੇ ਸਮੇਂ ਵੀਹਵੀਂ ਸਦੀ ਵਿੱਚ ਪ੍ਰਵਾਨ ਚੜ੍ਹੇ ਪ੍ਰਤਿਭਾਵਾਨ ਢਾਡੀ ਗਿਆਨੀ ਸੋਹਣ ਸਿੰਘ ਸੀਤਲ ਨੇ ਅਕਾਲ ਪੁਰਖ ਵਾਹਿਗੁਰੂ ਵੱਲੋਂ ਬਖ਼ਸ਼ੀ ਗੁਰੂ ਕ੍ਰਿਪਾ ਦੀ ਨਦਰ ਨਾਲ ਗੁਰ-ਇਤਿਹਾਸ ਅਤੇ ਸਿੱਖ ਇਤਿਹਾਸ ਦਾ ਡੂੰਘਾ ਅਧਿਐਨ ਕਰਕੇ ਵਿਸਮਾਦੀ ਕਾਵਿ-ਇਤਿਹਾਸ ਦੀ ਪੁਨਰ ਸਿਰਜਣਾ ਕਰਕੇ ਜਿਹੜਾ ਮਾਣ ਪ੍ਰਾਪਤ ਕੀਤਾ, ਉਹ ਵਿਰਲੇ ਗੁਰਸਿੱਖ ਲੇਖਕਾਂ ਦੇ ਹਿੱਸੇ ਆਇਆ ਹੈ। ਸਿਰਮੌਰ ਢਾਡੀ, ਪ੍ਰਚਾਰਕ ਤੇ ਸਫ਼ਲ ਲੇਖਕ ਹੋਣਾ ਵੀ ਕੇਵਲ ਗਿਆਨੀ ਸੋਹਣ ਸਿੰਘ ਸੀਤਲ ਦੇ ਹਿੱਸੇ ਹੀ ਆਇਆ ਹੈ। ਢਾਡੀ ਗਿਆਨੀ ਸੋਹਣ ਸਿੰਘ ਸੀਤਲ ਨੇ ਇਕ ਨਿਸ਼ਠਾਵਾਨ ਸਿਦਕੀ ਸਿੱਖ ਦੀ ਤਰ੍ਹਾਂ ਪੂਰਨ ਸਮਰਪਨ ਸਹਿਤ ਇਸ ਮਹਾਨ ਕਾਰਜ ਨੂੰ ਲੰਮੇ ਅਰਸੇ ਤੱਕ ਨਿਭਾ ਕੇ ਸਿੱਖ ਪੰਥ ਵਿੱਚ ਆਪਣੀ ਸਦੀਵੀ ਤੇ ਚਿਰ-ਸਥਾਈ ਥਾਂ ਬਣਾਈ।

ਗਿਆਨੀ ਸੋਹਣ ਸਿੰਘ ਸੀਤਲ ਦਾ ਜਨਮ 7 ਅਗਸਤ, 1909 ਈ: ਨੂੰ ਪਿਤਾ ਸ: ਖ਼ੁਸ਼ਹਾਲ ਸਿੰਘ ਅਤੇ ਮਾਤਾ ਦਿਆਲ ਕੌਰ ਦੀ ਕੁੱਖ ਤੋਂ ਕਾਦੀਵਿੰਡ (ਲਾਹੌਰ) ਵਿਖੇ ਹੋਇਆ। ਸੀਤਲ ਜੀ ਨੇ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਮੈਟ੍ਰਿਕ ਤੇ ਗਿਆਨੀ ਦਾ ਇਮਤਿਹਾਨ ਪਾਸ ਕੀਤਾ। ਇਹ ਉਹ ਸਮਾਂ ਸੀ ਜਦੋਂ ਸਿੰਘ ਸਭਾ ਲਾਹੌਰ ਅਤੇ ਅਕਾਲੀ ਲਹਿਰ ਗੁਰਮਤਿ ਪ੍ਰਚਾਰ ਨਾਲ ਸਿੱਖ ਸੰਗਤ ਨੂੰ ਪ੍ਰਭਾਵਿਤ ਕਰ ਰਹੀਆਂ ਸਨ। ਗਿ: ਸੋਹਣ ਸਿੰਘ ਸੀਤਲ ਬਚਪਨ ਤੋਂ ਚੇਤੰਨ ਤੇ ਬਿਬੇਕ-ਬੁੱਧੀ ਵਾਲਾ ਇਨਸਾਨ ਸੀ, ਉਸ ਸਮੇਂ ਪਿੰਡ-ਪਿੰਡ ਸਜਣ ਵਾਲੇ ਦੀਵਾਨਾਂ ਵਿੱਚ ਸਿੱਖ ਇਤਿਹਾਸ ਸਬੰਧੀ ਢਾਡੀਆਂ ਵੱਲੋਂ ਗਾਈਆਂ ਜੋਸ਼ੀਲੀਆਂ ਵਾਰਾਂ ਸ਼ਹੀਦਾਂ ਅਤੇ ਸਿੱਖ ਸੂਰਵੀਰਾਂ ਦੀਆਂ ਜੀਵਨ-ਘਟਨਾਵਾਂ ਨੇ ਇਸ ਨੌਜਵਾਨ ਨੂੰ ਇਸ ਤਰ੍ਹਾਂ ਕੀਲਿਆ ਕਿ ਉਸ ਨੇ ਤਾਅ ਜੀਵਨ ਗੁਰਬਾਣੀ ਅਤੇ ਸਿੱਖ ਇਤਿਹਾਸ ਵਿੱਚ ਜੀਊਣ ਅਤੇ ਹੰਢਾਉਣ ਦਾ ਮਨ ਬਣਾ ਲਿਆ। ਵਾਰਾਂ ਸੁਣਦਿਆਂ ਹੀ ਵਾਰਾਂ ਲਿਖਣ ਦਾ ਕਾਰਜ ਆਰੰਭ ਕਰ ਦਿੱਤਾ। ਪਿੰਡ ਲਲਿਆਨੀ ਦੇ ਭਰਾਈ ਚਿਰਾਗ ਦੀਨ ਨੂੰ ਉਸਤਾਦ ਧਾਰ ਲਿਆ। ਸੀਤਲ ਜੀ ਆਪਣੇ ਉੱਚ ਆਤਮਿਕ ਜੀਵਨ ਦੌਰਾਨ ਸਿਦਕ, ਭਰੋਸਾ, ਸਿਰੜ, ਲਗਨ ਨੂੰ ਹਮੇਸ਼ਾ ਪੱਲੇ ਬੰਨ੍ਹ ਕੇ ਚੱਲੇ। ਆਪ ਨੇ ਸੰਸਾਰ ਦੇ ਦੂਜੇ ਸਾਰੇ ਧਰਮਾਂ ਦਾ ਵੀ ਡੂੰਘਾ ਅਧਿਐਨ ਕੀਤਾ। ਸੀਤਲ ਜੀ ਕਹਿਣੀ, ਕਰਨੀ ਤੇ ਕਥਨੀ ਦੇ ਸੂਰੇ ਸਨ। ਗਿਆਨੀ ਜੀ ਪੰਜਾਬੀ, ਉਰਦੂ-ਫਾਰਸੀ, ਅੰਗ੍ਰੇਜ਼ੀ ਅਤੇ ਸੰਸਕ੍ਰਿਤ ਦੇ ਵਿਦਵਾਨ ਸਨ।

ਉਨ੍ਹਾਂ ਦਾ ਵਿਸ਼ਵਾਸ਼ ਸੀ ਕਿ ਜੇ ਤੁਸੀਂ ਆਪਣੇ ਧਰਮ ਦੀ ਗੱਲ ਪੁਰਜ਼ੋਰ ਸ਼ਬਦਾਂ ਵਿੱਚ ਪੇਸ਼ ਕਰਨੀ ਚਾਹੁੰਦੇ ਹੋ ਤਾਂ ਤੁਹਾਨੂੰ ਦੂਜੇ ਧਰਮਾਂ ਦਾ ਵੀ ਸੰਪੂਰਨ ਗਿਆਨ ਹੋਣਾ ਚਾਹੀਦਾ ਹੈ। ਦੁਨਿਆਵੀ ਲੋਕਾਂ ਤੋਂ ਉਲਟ ਗਿਆਨੀ ਸੋਹਣ ਸਿੰਘ ਸੀਤਲ ਵਹਿਮਾਂ-ਭਰਮਾਂ ਅਤੇ ਪਾਖੰਡਾਂ ਤੋਂ ਹਮੇਸ਼ਾਂ ਦੂਰ ਰਹਿੰਦੇ ਸਨ। ਰੋਮ-ਰੋਮ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਪੰਥ ਪ੍ਰਤੀ ਸਮਰਪਿਤ ਹੋ ਕੇ ਜੀਵਨ ਸਫ਼ਰ ਤੈਅ ਕੀਤਾ। ਸਫਲ ਲੇਖਕ ਤੇ ਸਾਹਿਤਕਾਰ ਵਜੋਂ ਗਿਆਨੀ ਸੀਤਲ ਵੱਲੋਂ ਲਿਖੀਆਂ ਅਤੇ ਗਾਈਆਂ ਵਾਰਾਂ ਦੀਆਂ 18 ਪੁਸਤਕਾਂ ਮਿਲਦੀਆਂ ਹਨ। ਇਕ ਇਤਿਹਾਸਕਾਰ ਵਜੋਂ ਉਨ੍ਹਾਂ ਦੀਆਂ ਰਚਨਾਵਾਂ ਵਿੱਚ ਸਿੱਖ ਰਾਜ ਕਿਵੇਂ ਗਿਆ, ਦੁਖੀਏ ਮਾਂ ਪੁੱਤ, ਬੰਦਾ ਸਿੰਘ ਸ਼ਹੀਦ, ਸਿੱਖ ਰਾਜ ਕਿਵੇਂ ਬਣਿਆ ਸਮੇਤ ਨੌਂ ਪੁਸਤਕਾਂ ਹਨ। ਬੱਚਿਆਂ ਨੂੰ ਇਤਿਹਾਸ ਦੀ ਜਾਣਕਾਰੀ ਦੇਣ ਲਈ ਵੀ ਤਿੰਨ ਪੁਸਤਕਾਂ ਲਿਖੀਆਂ। ਸਿੱਖ ਇਤਿਹਾਸ ਦਾ ਸਭ ਤੋਂ ਵੱਧ ਖੋਜ-ਭਰਪੂਰ ਕੰਮ ਸਿੱਖ ਇਤਿਹਾਸ ਦੇ ਸੋਮੇਂ ਪੰਜ ਜਿਲਦਾਂ ਵਿੱਚ ਪ੍ਰਕਾਸ਼ਿਤ ਕੀਤਾ। ਕਵੀ ਤੇ ਗੀਤਕਾਰ ਵਜੋਂ ਵਹਿੰਦੇ ਹੰਝੂ, ਸੱਜਰੇ ਹੰਝੂ ਤੇ ਦਿਲ ਦਰਿਆ ਕਵਿਤਾ ਦੀਆਂ ਪੁਸਤਕਾਂ ਅਤੇ ਦੋ ਪੁਸਤਕਾਂ ਕੇਸਰੀ ਦੁਪੱਟਾ ਅਤੇ ਜਦੋਂ ਮੈਂ ਲਿਖਦਾ ਹਾਂ, ਗੀਤਾਂ ਦੀਆਂ ਪੁਸਤਕਾਂ ਮਿਲਦੀਆਂ ਹਨ। ਤਿੰਨ ਕਹਾਣੀ ਦੀਆਂ ਪੁਸਤਕਾਂ ਤੋਂ ਇਲਾਵਾ ਡੇਢ ਦਰਜਨ ਨਾਵਲ ਵੀ ਪੰਜਾਬੀ ਸਾਹਿਤ ਨੂੰ ਦਿੱਤੇ। ਦੋ ਇਤਿਹਾਸਕ ਨਾਵਲ ਮਹਾਰਾਣੀ ਜਿੰਦਾ ਅਤੇ ਮਹਾਰਾਜਾ ਦਲੀਪ ਸਿੰਘ ਵੀ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਪਾਏ। ਗਿਆਨੀ ਸੋਹਣ ਸਿੰਘ ਸੀਤਲ ਦੇ ਨਾਵਲ ਜੁੱਗ ਬਦਲ ਗਿਆ ਨੂੰ ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਸੀਤਲ ਜੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼੍ਰੋਮਣੀ ਢਾਡੀ ਦਾ ਸਨਮਾਨ ਅਤੇ ਪੰਜਾਬ ਸਰਕਾਰ ਵੱਲੋਂ ਵੀ ਸ਼੍ਰੋਮਣੀ ਢਾਡੀ ਤੇ ਸ਼੍ਰੋਮਣੀ ਸਾਹਿਤਕਾਰ ਵਜੋਂ ਵੀ ਸਨਮਾਨਿਆ ਗਿਆ। 23 ਸਤੰਬਰ, 1998 ਨੂੰ ਇਹ ਮਹਾਨ ਇਨਸਾਨ ਤੇ ਗੁਰਸਿੱਖ ਸਾਹਿਤਕਾਰ ਇਸ ਸੰਸਾਰ ਨੂੰ ਹਮੇਸ਼ਾਂ ਲਈ ਅਲਵਿਦਾ ਆਖ ਕੇ ਸਦੀਵੀ ਨੀਂਦ ਸੌਂ ਗਿਆ। ਗਿਆਨੀ ਸੋਹਣ ਸਿੰਘ ਸੀਤਲ ਦੀ ਆਪਣੀ ਰਚਨਾ ਦੀਆਂ ਸਤਰਾਂ ਨੇ-

ਸੀਤਲ ਉਹ ਸਦਾ ਜਹਾਨ 'ਤੇ ਜੀਂਵਦਾ ਏ,
ਜੀਹਦਾ ਮਰਗਿਆਂ ਦੇ ਪਿੱਛੋਂ ਜੱਸ ਹੋਵੈ।

# ਸੀਯੂ ਪੰਜਾਬ ਦੇ 22 ਅਧਿਆਪਕ, 1 ਖੋਜ ਸਹਿਯੋਗੀ ਅਤੇ 2 ਖੋਜਾਰਥੀ ਸਟੈਨਫੋਰਡ ਯੂਨੀਵਰਸਿਟੀ ਦੀ ਦੁਨੀਆਂ ਦੇ ਟਾਪ 2% ਵਿਗਿਆਨੀਆਂ ਦੀ ਸੂਚੀ ਵਿੱਚ ਸ਼ਾਮਲ

ਬਠਿੰਡਾ, 22 ਸਤੰਬਰ: (ਚ.ਨ.ਸ.) : ਪੰਜਾਬ ਕੇਂਦਰੀ ਯੂਨੀਵਰਸਿਟੀ (ਸੀਯੂ ਪੰਜਾਬ) ਦੇ ਕੁੱਲ 22 ਅਧਿਆਪਕਾਂ, 1 ਖੋਜ ਸਹਿਯੋਗੀ ਅਤੇ 2 ਖੋਜਾਰਥੀਆਂ ਨੂੰ ਸਾਲ 2024 ਵਿੱਚ ਬੇਮਿਸਾਲ ਖੋਜ ਕਾਰਜਾਂ ਲਈ ਸਟੈਨਫੋਰਡ ਯੂਨੀਵਰਸਿਟੀ ਦੁਆਰਾ ਤਿਆਰ ਕੀਤੀ ਗਈ ਟੌਪ 2% ਗਲੋਬਲ ਸਾਇੰਟਿਸਟਸ ਸੂਚੀ 2025 ਵਿੱਚ ਵਿੱਚ ਸ਼ਾਮਲ ਕੀਤਾ ਗਿਆ ਹੈ। ਇਹ ਸੂਚੀ ਨੂੰ ਅਮਰੀਕਾ ਦੀ ਸਟੈਨਫੋਰਡ ਯੂਨੀਵਰਸਿਟੀ ਦੇ ਜੌਹਨ ਪੀ.ਏ. ਦੇ ਖੋਜ ਸਮੂਹ ਦੁਆਰਾ ਤਿਆਰ ਕੀਤਾ ਗਿਆ ਅਤੇ ਐਲਸੇਵੀਅਰ ਡੇਟਾ ਰਿਪੋਜ਼ਟਰੀ ਦੁਆਰਾ 20 ਸਤੰਬਰ 2025 ਨੂੰ ਪ੍ਰਕਾਸ਼ਿਤ ਕੀਤਾ ਗਿਆ ਸੀ, ਜਿਸਦਾ ਸਿਰਲੇਖ ਹੈ: ਅੱਪਡੇਟਡ ਸਾਇੰਸ-ਵਾਈਡ ਆਥਰ ਡੇਟਾਬੇਸ ਆਫ਼ ਸਟੈਂਡਰਡਾਈਜ਼ਡ ਸਾਈਟੇਸ਼ਨ ਇੰਡੀਕੇਟਰਸ। ਸ਼ਾਨਦਾਰ ਖੋਜ ਯੋਗਦਾਨ ਦੇਣ ਵਾਲੇ ਵਿਸ਼ਵ ਦੇ ਚੋਟੀ ਦੇ 100,000 ਵਿਗਿਆਨੀਆਂ ਅਤੇ ਆਪਣੇ ਕੈਰੀਅਰ ਦੌਰਾਨ ਬੇਮਿਸਾਲ ਖੋਜ ਕਰਨ ਵਾਲੇ ਅੰਤਰਰਾਸ਼ਟਰੀ ਵਿਗਿਆਨੀਆਂ ਦੀ ਸੂਚੀ ਬਣਾਉਣ ਲਈ ਇਸ ਡੇਟਾਬੇਸ ਲਈ ਵਿਗਿਆਨੀਆਂ ਦੀ ਚੋਣ ਦੁਨੀਆ ਦੇ ਚੋਟੀ ਦੇ 100,000 ਵਿਗਿਆਨੀਆਂ ਜਾਂ ਉਨ੍ਹਾਂ ਦੇ ਖੇਤਰ ਦੇ ਚੋਟੀ ਦੇ 2% ਵਿਗਿਆਨੀਆਂ ਵਿੱਚੋਂ ਉਨ੍ਹਾਂ ਦੀ ਦਰਜਾਬੰਦੀ ਦੇ ਆਧਾਰ @ਤੇ ਕੀਤੀ ਗਈ ਸੀ। ਚੋਣ ਮਾਪਦੰਡਾਂ ਵਿੱਚ ਐਚ-ਸੂਚਕਾਂਕ, ਕੋ-ਆਥਰਸ਼ਿਪ ਅਡਜਸਟਡ ਐਚ-ਮੈਂਡਿਕਸ, ਪ੍ਰਕਾਸ਼ਨ ਦੇ ਹਵਾਲੇ ਅਤੇ ਹੋਰ ਸਾਇਟੇਸ਼ਨ ਮੈਟਰਿਕਸ ਸ਼ਾਮਲ ਹਨ। ਇਸ ਸਾਲ ਸੀਯੂ ਪੰਜਾਬ ਵੱਲੋਂ ਸਟੈਨਫੋਰਡ ਟੌਪ 2% ਗਲੋਬਲ ਸਾਇੰਟਿਸਟਸ (ਇੱਕ-ਸਾਲ ਸ਼੍ਰੇਣੀ) ਵਿੱਚ ਸਭ ਤੋਂ ਵੱਧ ਪ੍ਰਤੀਨਿਧਤਾ ਦਰਜ ਕੀਤੀ ਗਈ ਹੈ। ਦੁਨੀਆ ਦੇ ਟੌਪ 2% ਵਿਗਿਆਨੀਆਂ ਦੀ ਸੂਚੀ ਵਿੱਚ ਯੂਨੀਵਰਸਿਟੀ ਦੀ ਪ੍ਰਤੀਨਿਧਤਾ ਲਗਾਤਾਰ ਵਧ ਰਹੀ ਹੈ—2022 ਵਿੱਚ 8 ਵਿਗਿਆਨੀ, 2023 ਵਿੱਚ 11 ਵਿਗਿਆਨੀ, 2024 ਵਿੱਚ 18 ਵਿਗਿਆਨੀ, ਅਤੇ 2025 ਵਿੱਚ 25 ਵਿਗਿਆਨੀ। ਇਸ ਤੋਂ ਇਲਾਵਾ, ਤਿੰਨ ਫੈਕਲਟੀ ਮੈਂਬਰਾਂ ਨੂੰ ਉਨ੍ਹਾਂ ਦੇ ਕਰੀਅਰ ਦੌਰਾਨ ਸ਼ਾਨਦਾਰ ਖੋਜ ਯੋਗਦਾਨ ਲਈ ਕਰੀਅਰ-ਲੰਬੀ ਸ਼੍ਰੇਣੀ ਵਿੱਚ ਵੀ ਮਾਨਤਾ ਮਿਲੀ ਹੈ।




# ਸਰਕਾਰ ਅਤੇ ਸਥਾਨਕ ਮੀਡੀਆ ਦਰਮਿਆਨ ਤਾਲਮੇਲ ਸਥਾਪਿਤ ਕਰਨ ਲਈ ਸੋਲਨ ਵਿੱਚ ਭਲਕੇ 'ਵਾਰਤਾਲਾਪ'

ਸ਼ਿਮਲਾ/ਸੋਲਨ/ਚੰਡੀਗੜ੍ਹ, 22 ਸਤੰਬਰ, (ਅੰਮ੍ਰਿਤਪਾਲ ਸਿੰਘ) : ਸੂਚਨਾ ਅਤੇ ਪ੍ਰਸਾਰਣ ਮੰਤਰਾਲੇ, ਭਾਰਤ ਸਰਕਾਰ ਦੇ ਪੱਤਰ ਸੂਚਨਾ ਦਫ਼ਤਰ, ਚੰਡੀਗੜ੍ਹ ਅਤੇ ਸ਼ਿਮਲਾ ਦੁਆਰਾ ਅਡੀਸ਼ਨਲ ਡਾਇਰੈਕਟਰ ਜਨਰਲ ਸ਼੍ਰੀ ਵਿਵੇਕ ਵੈਭਵ ਦੇ ਮਾਰਗਦਰਸ਼ਨ ਵਿੱਚ, 24 ਸਤੰਬਰ, 2025 ਨੂੰ ਸਥਾਨਕ ਮੀਡੀਆ ਕਰਮੀਆਂ ਲਈ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਸੋਲਨ ਦੇ ਡਿਪਟੀ ਕਮਿਸ਼ਨਰ ਦੇ ਦਫ਼ਤਰ ਦੇ ਮੀਟਿੰਗ ਹਾਲ ਵਿੱਚ ÷ਵਾਰਤਾਲਾਪ÷ ਮੀਡੀਆ ਵਰਕਸ਼ਾਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਪੀਆਈਬੀ, ਚੰਡੀਗੜ੍ਹ ਦੇ ਮੀਡੀਆ ਅਤੇ ਸੰਚਾਰ ਅਧਿਕਾਰੀ ਸ਼੍ਰੀ ਅਹਿਮਦ ਖਾਨ ਨੇ ਦੱਸਿਆ ਕਿ ਪੀਆਈਬੀ, ਸ਼ਿਮਲਾ ਦੇ ਦਫ਼ਤਰ ਪ੍ਰਮੁੱਖ ਸ਼੍ਰੀ ਸੰਜੀਵ ਸ਼ਰਮਾ ਦੀ ਪ੍ਰਧਾਨਗੀ ਹੇਠ ਆਯੋਜਿਤ ਵਾਰਤਾਲਾਪ ਵਿੱਚ ਸੋਲਨ ਦੇ ਡਿਪਟੀ ਕਮਿਸ਼ਨਰ ਸ਼੍ਰੀ ਮਨਮੋਹਨ ਸ਼ਰਮਾ ਮੁੱਖ ਮਹਿਮਾਨ ਅਤੇ ਏਡੀਸੀ, ਸੋਲਨ ਸ਼੍ਰੀ ਰਾਹੁਲ ਜੈਨ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਉਨ੍ਹਾਂ ਨੇ ਦੱਸਿਆ ਕਿ ਵਾਰਤਾਲਾਪ ਦਾ ਉਦੇਸ਼ ਸਥਾਨਕ ਮੀਡੀਆ ਅਤੇ ਸਰਕਾਰ ਦੇ ਦਰਮਿਆਨ ਤਾਲਮੇਲ ਸਥਾਪਿਤ ਕਰਨਾ ਹੈ, ਜਿਸ ਨਾਲ ਸਰਕਾਰੀ ਯੋਜਨਾਵਾਂ ਬਾਰੇ ਜਾਣਕਾਰੀ ਦਾ ਪ੍ਰਭਾਵਸ਼ਾਲੀ ਸੰਚਾਰ ਯਕੀਨੀ ਬਣਾਇਆ ਜਾ ਸਕੇ। ਸ਼੍ਰੀ ਸੰਜੀਵ ਸ਼ਰਮਾ ਨੇ ਦੱਸਿਆ ਕਿ ਇਸ ਵਾਰਤਾਲਾਪ ਵਿੱਚ ਆਫ਼ਤ ਪ੍ਰਬੰਧਨ, ਪੋਸ਼ਣ ਅਭਿਆਨ, ਮੀਡੀਆ ਪ੍ਰਬੰਧਨ ਅਤੇ ਬਾਗਵਾਨੀ ਤੇ ਕੁਦਰਤੀ ਖੇਤੀ ਵਿਸ਼ਿਆਂ ਦੇ ਮਾਹਿਰਾਂ ਅਤੇ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਇਸ ਮੌਕੇ ਕੇਂਦਰ ਅਤੇ ਰਾਜ ਸਰਕਾਰ ਦੀਆਂ ਕਲਿਆਣਕਾਰੀ ਯੋਜਨਾਵਾਂ ਦੀ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ। ਇਹ ਮੀਡੀਆ ਵਰਕਸ਼ਾਪ ਸਥਾਨਕ ਮੀਡੀਆ ਦੇ ਸਾਹਮਣੇ ਆਉਣ ਵਾਲੀਆਂ ਚੁਣੌਤੀਆਂ ਨੂੰ ਦੂਰ ਕਰਨ 'ਤੇ ਪ੍ਰਾਥਮਿਕਤਾ ਨਾਲ ਧਿਆਨ ਦੇਣ ਦੇ ਨਾਲ-ਨਾਲ ਵੱਖ-ਵੱਖ ਵਿਸ਼ਿਆਂ 'ਤੇ ਇੰਟਰੈਕਟਿਵ ਸੈਸ਼ਨਾਂ ਲਈ ਇੱਕ ਮੰਚ ਪ੍ਰਦਾਨ ਕਰੇਗਾ। ਇਸ ਮੌਕੇ 'ਤੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ, ਭਾਰਤ ਸਰਕਾਰ ਦੁਆਰਾ ਪੱਤਰਕਾਰ ਕਲਿਆਣ ਯੋਜਨਾ ਅਤੇ ਮੰਤਰਾਲੇ ਦੀ ਕਾਰਜਵਿਧੀ ਬਾਰੇ ਵੀ ਦੱਸਿਆ ਜਾਵੇਗਾ। ਸਥਾਨਕ ਮੀਡੀਆ ਕਰਮੀਆਂ ਲਈ ਆਯੋਜਿਤ ਇਸ ਮੀਡੀਆ ਵਾਰਤਾਲਾਪ ਦੌਰਾਨ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ, ਭਾਰਤ ਸਰਕਾਰ ਦੇ ਪੀਆਈਬੀ ਅਤੇ ਸਮਾਚਾਰ ਪੱਤਰਾਂ ਦੇ ਰਜਿਸਟਰਡ ਦਫ਼ਤਰ ਅਤੇ ਹੋਰ ਮੀਡੀਆ ਯੂਨਿਟਾਂ ਦੀ ਕਾਰਜਸ਼ੈਲੀ ਬਾਰੇ ਵਿਸਤਾਰ ਨਾਲ ਚਰਚਾ ਕੀਤੀ ਜਾਵੇਗੀ। ਵਾਰਤਾਲਾਪ ਦੌਰਾਨ ਮੀਡੀਆ ਕਰਮੀ ਆਪਣੇ ਲੇਖਾਂ ਵਿੱਚ ਸਰਕਾਰ ਦੀਆਂ ਪਹਿਲਕਦਮੀਆਂ ਨੂੰ ਸ਼ਾਮਲ ਕਰਨ ਬਾਰੇ ਕੀਮਤੀ ਅੰਤਰਦ੍ਰਿਸ਼ਟੀ ਪ੍ਰਾਪਤ ਕਰਨਗੇ, ਇਹ ਯਕੀਨੀ ਬਣਾਉਂਦੇ ਹੋਏ ਕਿ ਜਨਤਾ ਨੂੰ ਯੋਜਨਾਵਾਂ ਨਾਲ ਵੱਡੇ ਪੱਧਰ 'ਤੇ ਲਾਭ ਪਹੁੰਚੇਗਾ। ਇਹ ਆਯੋਜਨ ਮੀਡੀਆ ਅਤੇ ਸਰਕਾਰ ਦੇ ਦਰਮਿਆਨ ਸਹਿਯੋਗ ਨੂੰ ਹੁਲਾਰਾ ਦੇਣ, ਇੱਕ ਮਜ਼ਬੂਤ ਸਮਾਜ ਦੀ ਸਿਰਜਣਾ ਕਰਨ ਅਤੇ ਸਰਕਾਰੀ ਪ੍ਰੋਗਰਾਮਾਂ ਵਿੱਚ ਨਾਗਰਿਕਾਂ ਦੀ ਭਾਗੀਦਾਰੀ ਨੂੰ ਉਤਸਾਹਿਤ ਕਰਨ ਲਈ ਇੱਕ ਮੀਲ ਦਾ ਪੱਥਰ ਸਾਬਿਤ ਹੋਵੇਗਾ।



ਡਾ. ਰਮਨ ਗੁਪਤਾ ਕਾਰਜਕਾਰੀ ਸਿਵਲ ਸਰਜਨ ਜਲੰਧਰ ਜਿਨ੍ਹਾਂ ਦੀ ਅਗਵਾਈ ਹੇਠ ਸਿਹਤ ਵਿਭਾਗ ਪੰਜਾਬ ਵੱਲੋਂ ਸੱਪਾਂ ਦੇ ਡੰਗਣ ਤੋਂ ਬਚਾਅ ਲਈ ਜਾਗ੍ਰਿਤੀ ਹਫ਼ਤਾ ਮਨਾਇਆ ਗਿਆ।

# ਚੰਡੀਗੜ੍ਹ ਜਾਮਾ ਮਸਜਿਦ ਰੱਖ-ਰਖਾਅ ਕਮੇਟੀ ਦਾ ਗਠਨ

ਚੰਡੀਗੜ੍ਹ, 22 ਸਤੰਬਰ: (ਚ.ਨ.ਸ.) : ਸੈਕਟਰ 20, ਚੰਡੀਗੜ੍ਹ ਵਿੱਚ ਜਾਮਾ ਮਸਜਿਦ ਦੀ ਦੇਖਭਾਲ ਦੀ ਨਿਗਰਾਨੀ ਲਈ ਦੋ ਸਾਲਾਂ ਦੀ ਕਮੇਟੀ ਬਣਾਈ ਗਈ ਹੈ। ਜਾਮਾ ਮਸਜਿਦ ਦੇ ਇਮਾਮ ਮੌਲਾਨਾ ਅਜਮਲ ਖਾਨ ਨੂੰ ਇਸਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਇਹ ਕਮੇਟੀ 2025 ਤੋਂ 2027 ਤੱਕ ਕੰਮ ਕਰੇਗੀ। ਕਮੇਟੀ ਦਾ ਕੰਮ ਮਸਜਿਦ ਦੀ ਦੇਖਭਾਲ, ਮੁਰੰਮਤ, ਸਫਾਈ ਅਤੇ ਨਮਾਜ਼ੀਆਂ ਲਈ ਸਹੂਲਤਾਂ ਦਾ ਪ੍ਰਬੰਧਨ ਕਰਨਾ ਹੈ। ਚੰਡੀਗੜ੍ਹ ਦੇ ਡਿਪਟੀ ਕਮਿਸ਼ਨਰ ਦੇ ਹੁਕਮ ਨਾਲ ਬਣਾਈ ਗਈ ਇਹ ਕਮੇਟੀ ਡਿਪਟੀ ਕਮਿਸ਼ਨਰ ਦੇ ਨਿਰਦੇਸ਼ਾਂ ਹੇਠ ਕੰਮ ਕਰੇਗੀ। ਚੇਅਰਮੈਨ ਅਜਮਲ ਖਾਨ ਤੋਂ ਇਲਾਵਾ, ਕਮੇਟੀ ਵਿੱਚ ਡਿਪਟੀ ਚੇਅਰਮੈਨ ਹਾਫਿਜ਼ ਨਿਸਾਰ, ਜਨਰਲ ਸਕੱਤਰ ਸ਼ੇਖ ਪਰਵੇਜ਼, ਸਕੱਤਰ ਮੁਹੰਮਦ ਨਜ਼ਰ, ਖਜ਼ਾਨਚੀ ਜ਼ੁਲਫਿਕਾਰ ਅਤੇ ਮੈਂਬਰ ਸਈਦ ਅਫਸਰ ਅਲੀ, ਮੁਹੰਮਦ ਆਸਿਫ ਚੌਧਰੀ, ਪਰਵੇਜ਼ ਮੁਹੰਮਦ, ਸ਼ੋਏਬ ਖਾਨ, ਸੋਹਰਾਬ ਅਤੇ ਅਮਾਨ ਅਲੀ ਸ਼ਾਮਲ ਹਨ। ਕਮੇਟੀ ਦੇ ਸੌਂਪੇ ਗਏ ਫਰਜ਼ਾਂ ਵਿੱਚ ਮਸਜਿਦ ਦੀ ਮੁਰੰਮਤ ਅਤੇ ਰੱਖ-ਰਖਾਅ, ਸਫਾਈ ਨੂੰ ਯਕੀਨੀ ਬਣਾਉਣਾ, ਨਮਾਜ਼ੀਆਂ ਲਈ ਸਹੂਲਤਾਂ ਦਾ ਧਿਆਨ ਰੱਖਣਾ, ਧਾਰਮਿਕ ਅਤੇ ਸਮਾਜਿਕ ਗਤੀਵਿਧੀਆਂ ਦਾ ਆਯੋਜਨ ਕਰਨਾ ਅਤੇ ਪ੍ਰਬੰਧਕੀ ਨਿਯਮਾਂ ਦੀ ਪਾਲਣਾ ਕਰਨਾ ਸ਼ਾਮਲ ਹੈ।



ਪੰਜਾਬ ਨੈਸ਼ਨਲ ਬੈਂਕ ... ਭਰੋਸੇ ਦਾ ਪ੍ਰਤੀਕ!
ਸਰਕਲ ਦਫ਼ਤਰ : ਮੋਗਾ
ਸੋਧ
ਕਿਰਪਾ ਕਰਕੇ ਮਿਤੀ 20.09.2025 ਦੇ **ਇੰਡੀਅਨ ਐਕਸਪ੍ਰੈਸ ਅਤੇ ਚੜ੍ਹਦੀਕਲਾ** ਵਿਚ ਪ੍ਰਕਾਸ਼ਿਤ ਸਾਡੀ ਈ ਨਿਲਾਮੀ ਵਿਕਰੀ ਸੂਚਨਾ ਦਾ ਹਵਾਲਾ ਲਓ। ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ **ਲੜੀ ਨੰ. 7 'ਤੇ ਸੀਮਾ ਸੁਪਤਨੀ ਪ੍ਰੇਮ ਭਾਰਤ ਦੇ ਖਾਤੇ ਲਈ ਕੇਵਲ** 08.10.2025 ਦੇ ਲਈ ਸੂਚੀਬੱਧ ਈ-ਨਿਲਾਮੀ ਨੂੰ ਪੰਜਾਬ ਨੈਸ਼ਨਲ ਬੈਂਕ ਨੇ ਵਾਪਸ ਲੈ ਲਿਆ ਹੈ।
(ਅਧਿਕਾਰਤ ਅਧਿਕਾਰੀ)

ਪੰਜਾਬ ਨੈਸ਼ਨਲ ਬੈਂਕ ... ਭਰੋਸੇ ਦਾ ਪ੍ਰਤੀਕ!
ਏਆਰਐਮਬੀ ਬਠਿੰਡਾ
ਪਲਾਟ ਨੰ. 445, ਪਹਿਲੀ ਮੰਜ਼ਿਲ, ਫੇਜ਼-3, ਮਾਡਲ ਟਾਊਨ, ਬਠਿੰਡਾ
ਸੋਧ
ਕਿਰਪਾ ਕਰਕੇ ਮਿਤੀ 22.08.2025 ਦੇ **ਫਾਇਨਾਂਸ਼ਲ ਐਕਸਪ੍ਰੈਸ ਅਤੇ ਚੜ੍ਹਦੀਕਲਾ** ਵਿਚ ਪ੍ਰਕਾਸ਼ਿਤ ਸਾਡੀ ਈ-ਨਿਲਾਮੀ ਵਿਕਰੀ ਸੂਚਨਾ ਦਾ ਹਵਾਲਾ ਲਓ। ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੀਐਨਬੀ-ਜ਼ਿਲ੍ਹਾ ਪ੍ਰੀਸ਼ਦ ਬਠਿੰਡਾ (102610) ਨਾਲ ਸਬੰਧਤ **ਮੈਸ. ਸ਼ੁਭਦੀਪ ਆਟੋ ਡੀਲਜ਼ ਦੇ ਐਨਪੀਏ ਖਾਤੇ ਲਈ ਕੇਵਲ** 25.09.2025 ਦੇ ਲਈ ਸੂਚੀਬੱਧ ਈ ਨਿਲਾਮੀ ਨੂੰ ਪੰਜਾਬ ਨੈਸ਼ਨਲ ਬੈਂਕ ਏਆਰਐਮਬੀ ਬਠਿੰਡਾ ਨੇ ਵਾਪਸ ਲੈ ਲਿਆ ਹੈ।
(ਅਧਿਕਾਰਤ ਅਧਿਕਾਰੀ)
ਏਆਰਐਮਬੀ, ਬਠਿੰਡਾ ਪੀਐਨਬੀ

# ਲੋਕਾਂ ਦਾ ਮੁ.ਫਤ ਰਾਸ਼ਨ ਬੰਦ ਕਰਨ 'ਤੇ ਬੋਲੇ ਵੜਿੰਗ; ਮੋਦੀ ਨੇ ਪ੍ਰਸਤਾਅ ਦਿੱਤਾ, ਮਾਨ ਨੇ ਅਮਲ ਕੀਤਾ

ਚੰਡੀਗੜ੍ਹ, 22 ਸਤੰਬਰ, (ਅੰਮ੍ਰਿਤਪਾਲ ਸਿੰਘ) ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਦੀ ਨਿੰਦਾ ਕਰਦਿਆਂ ਆਰੋਪ ਲਗਾਇਆ ਹੈ ਕਿ ਉਹ ਕੇਂਦਰ ਦੀ ਭਾਜਪਾ ਸਰਕਾਰ ਦੇ ਦਬਾਅ ਅੱਗੇ ਝੁਕ ਗਈ ਹੈ, ਜਿਸਨੇ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਪ੍ਰੋਗਰਾਮ ਦੇ ਗਿਆਰਾਂ ਲੱਖ ਤੋਂ ਵੱਧ ਲਾਭਪਾਤਰੀਆਂ ਨੂੰ ਮੁਫ਼ਤ ਕਣਕ ਤੋਂ ਬਾਹਰ ਰੱਖਿਆ ਹੈ। ਇੱਥੇ ਜਾਰੀ ਇੱਕ ਬਿਆਨ ਵਿੱਚ ਵੜਿੰਗ ਨੇ ਸੂਬਾ ਸਰਕਾਰ ਦੇ ਕਦਮ ਉੱਪਰ ਨਰਾਜਗੀ ਜਾਹਿਰ ਕੀਤੀ ਹੈ, ਜਿਸਨੇ ਪਹਿਲਾਂ ਦਾਅਵਾ ਕੀਤਾ ਸੀ ਕਿ ਉਹ ਇੱਕ ਵੀ ਲਾਭਪਾਤਰੀ ਨੂੰ ਇਸ ਯੋਜਨਾ ਤੋਂ ਬਾਹਰ ਨਹੀਂ ਰੱਖੇਗੀ। ਉਹਨਾਂ ਨੇ ਕਿਹਾ ਕਿ ਇਸ ਤੋਂ ਸਾਫ ਨਜ਼ਰ ਆਉਂਦਾ ਹੈ ਕਿ ਮੋਦੀ ਨੇ ਪ੍ਰਸਤਾਵ ਦਿੱਤਾ ਅਤੇ ਮਾਨ ਨੇ ਉਸ ਉੱਪਰ ਅਮਲ ਕਰ ਦਿੱਤਾ। ਸੂਬਾ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਭਾਜਪਾ ਦੇ ਇਸ਼ਾਰੇ @ਤੇ ਕਿਸਾਨਾਂ ਨੂੰ ਸ਼ਾਂਤਮਈ ਵਿਰੋਧ ਪ੍ਰਦਰਸ਼ਨਾਂ ਤੋਂ ਹਟਾਉਣ ਲਈ ਉਨ੍ਹਾਂ ਉੱਪਰ ਬੇਰਹਿਮੀ ਨਾਲ ਤਾਕਤ ਦੀ ਵਰਤੋਂ ਕਰਨ ਤੋਂ ਬਾਅਦ, ਹੁਣ ਪੰਜਾਬ ਦੀ @ਆਪ@ ਸਰਕਾਰ ਸਮਾਜ ਦੇ ਗਰੀਬਾਂ ਤੇ ਦੱਬੇ-ਕੁਚਲੇ ਲੋਕਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਵੜਿੰਗ ਨੇ ਦੋਸ਼ ਲਗਾਇਆ ਕਿ ਇਸ ਪੂਰੇ ਮਾਮਲੇ ਵਿੱਚ ਭਾਜਪਾ ਦਾ ਡੂੰਘਾ ਅਤੇ ਸੋਚਿਆ ਸਮਝਿਆ ਮਨਸੂਬਾ ਲੁੱਕਿਆ ਹੈ, ਕਿਉਂਕਿ ਉਹ ਜਾਣਦੀ ਹੈ ਕਿ ਜਿਨ੍ਹਾਂ ਲੋਕਾਂ ਨੂੰ ਇਹ ਮੁਫ਼ਤ ਕਣਕ ਦਾ ਲਾਭ ਦੇਣ ਤੋਂ ਇਨਕਾਰ ਕਰ ਰਹੀ ਹੈ, ਉਹ ਸਮਾਜ ਦੇ ਦੱਬੇ-ਕੁਚਲੇ ਦਲਿਤ, ਮਜ਼ਦੂਰ ਅਤੇ ਗਰੀਬ ਵਰਗ ਹਨ ਤੇ ਇਹ ਕਦੇ ਵੀ ਭਾਜਪਾ ਨੂੰ ਵੋਟ ਨਹੀਂ ਦਿੰਦੇ। ਉਨ੍ਹਾਂ ਦਾਅਵਾ ਕੀਤਾ ਕਿ ਭਾਜਪਾ ਸਮਾਜ ਦੇ ਇਸ ਵਰਗ ਨੂੰ ਹਰ ਜਗ੍ਹਾ ਪ੍ਰਤਾੜਤ ਕਰਨ ਅਤੇ ਸਤਾਉਣ ਦੀ ਕੋਸ਼ਿਸ਼ ਕਰਦੀ ਹੈ। ਜਿਹੜੀ ਹੁਣ ਪੰਜਾਬ ਵਿੱਚ ਵੀ ਅਜਿਹਾ ਹੀ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਇੱਥੇ @ਆਪ@ ਸਰਕਾਰ ਇਸਦੀਂ ਇੱਕ ਸੁਵਿਧਾਜਨਕ ਤੇ ਆਗਿਆਕਾਰੀ ਭਾਈਵਾਲ ਬਣ ਗਈ ਹੈ।

## ਭਾਰਤੀ ਭਾਈਚਾਰੇ ਦੀਆਂ ਮੁਸ਼ਕਿਲਾਂ ਦੇ ਹੱਲ ਲਈ ਕੈਂਪ 28 ਨੂੰ

ਰੋਮ, 22 ਸਤੰਬਰ (ਗੁਰਸ਼ਰਨ ਸਿੰਘ ਸੋਨੀ) ਇਟਲੀ ਵਿੱਚ ਰਹਿਣ ਬਸੇਰਾ ਕਰਦੇ ਭਾਰਤੀ ਭਾਈਚਾਰੇ ਨੂੰ ਪਾਸਪੋਰਟ ਸੰਬਧੀ ਪੇਸ਼ ਆਉਂਦੀਆਂ ਦਰਪੇਸ਼ ਮੁਸ਼ਕਿਲਾਂ ਦੇ ਹੱਲ ਅਤੇ ਜਿਹੜੇ ਭਾਰਤੀ ਅੰਬੈਸੀ ਰੋਮ ਤੋਂ ਬਹੁਤ ਦੂਰ ਰਹਿੰਦੇ ਹਨ ,ਜਿਹਨਾਂ ਨੂੰ ਭਾਰਤੀ ਅੰਬੈਸੀ ਰੋਮ ਆਉਣ ਨੂੰ 8-10 ਘੰਟੇ ਜਾਂ ਇਸ ਤੋਂ ਵੀ ਵੱਧ ਸਮਾਂ ਲੱਗਦਾ ਹੈ ਅਜਿਹੇ ਇਲਾਕਿਆਂ ਵਿੱਚ ਸਤਿਕਾਰਤ ਰਾਜਦੂਤ ਮੈਡਮ ਵਾਣੀ ਰਾਓ ਦੇ ਦਿਸ਼ਾ-ਨਿਰਦੇਸ਼ਾਂ ਹੇਠ ਭਾਰਤੀ ਅੰਬੈਸੀ ਰੋਮ ਵੱਲੋਂ ਵਿਸੇ ?ਸ ਪਾਸਪੋਰਟ ਕੈਂਪ ਲਗਾਏ ਜਾਂਦੇ ਹਨ ਤਾਂ ਜੋ ਜਿਹੜੇ ਭਾਰਤੀਆਂ ਨੂੰ ਕੰਮਾਂ -ਕਾਰਾਂ ਕਾਰਨ ਛੁੱਟੀ ਨਹੀਂ ਮਿਲਦੀ ਜਾਂ ਛੋਟੇ ਬੱਚਿਆਂ ਨਾਲ ਰੋਮ ਆਉਣ ਵਿੱਚ ਬਹੁਤ ਪ੍ਰੇਸ਼ਾਨੀ ਝੱਲਣੀ ਪੈਂਦੀ ਉਹਨਾਂ ਦਾ ਕੰਮ ਆਸਾਨ ਤੇ ਸੌਖੇ ਢੰਗ ਨਾਲ ਹੋ ਸਕੇ।ਪਿਛਲੇ ਸਾਲ 2024 ਵਿੱਚ ਸਲੇਰਨੋ,ਬਾਰੀ,ਰਿਜੋਕਲਾਬਰੀਆ ਆਦਿ ਇਲਾਕਿਆਂ ਵਿੱਚ ਅੰਬੈਸੀ ਰੋਮ ਵੱਲੋਂ ਸਫ਼ਲਤਾਪੂਰਵਕ ਪਾਸਪੋਰਟ ਕੈਂਪ ਲੱਗ ਚੁੱਕੇ ਹਨ ਜਿਹਨਾਂ ਰਾਹੀ 1000 ਦੇ ਕਰੀਬ ਭਾਰਤੀ ਲੋਕ ਮੌਕੇ ਦਾ ਲਾਭ ਲੈ ਚੁੱਕੇ ਹਨ।ਹੁਣ ਇਹ ਪਾਸਪੋਰਟ ਕੈਂਪ 28 ਸਤੰਬਰ 2025 ਦਿਨ ਸਚੀਲੀਆ ਸੂਬੇ ਦੇ ਸ਼ਹਿਰ ਪਲੇਰਮੋ ਦੇ ਚੌਕ ਕੁਆਰਤੇਰੀ 2 ਵਿੱਚ ਸਵੇਰੇ 9 ਵਜੇ ਤੋਂ ਦੁਪਿਹਰ 1 ਵਜੇ ਤੱਕ ਲੱਗ ਰਿਹਾ ਹੈ।


**ਉੱਤਰ ਰੇਲਵੇ**

**ਈ-ਟੈਂਡਰ ਸੂਚਨਾ**

ਵਰਕਸ਼ਾਪ ਇਲੈਕਿਟ੍ਰਕਲ ਇੰਜੀਨੀਅਰ (ਆਈ/ਸੀ) ਉੱਤਰ ਰੇਲਵੇ ਜਗਾਧਰੀ ਵਰਕਸ਼ਾਪ, ਯਮੁਨਾ ਨਗਰ, ਹਰਿਆਣਾ-135002, ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਦੀ ਤਰਫ ਤੋਂ ਹੇਠਾ ਲਿਖੇ ਕੰਮ ਦੇ ਲਈ ਕੇਵਲ ਆਨਲਾਈਨ ਮੋਡ ਦੇ ਦੁਵਾਰਾ ਤੋਂ ਈ-ਟੈਂਡਰ ਮੰਗ ਕਰਦਾ ਹੈ:-

| | | | |
|---|---|---|---|
| ਕੰਮ ਦਾ ਨਾਮ | ਜਗਾਧਰੀ ਵਰਕਸ਼ਾਪ ਵਿਚ ਅਤਿਰਿਕਤ ਸੰਭਾਗੀਯ ਹਸਪਤਾਲ ਦਾ ਉਨਨਯਨ। | | |
| ਟੈਂਡਰ ਪ੍ਰਕਾਰ | ਖੁਲੀ | ਬੋਲੀ ਪ੍ਰਣਾਲੀ | ਇਕ ਪੈਕੇਟ ਸਿਸਟਮ |
| ਟੈਂਡਰ ਵਿਕਰੀ ਸਮਾਪਨ ਮਿਤੀ | 15.10.2025 ਸਵੇਰੇ:11.30 ਵਜੇ। | ਟੈਂਡਰ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 22.09.2025 16:41 |
| ਪੂਰਵ-ਬੋਲੀ ਜ਼ਰੂਰੀ ਹੈ | ਨਹੀਂ | ਅੱਜ ਤਕ ਪ੍ਰੀ-ਬਿਡ ਕਵੇਰੀ | ਨਾ |
| ਵਿਗਿਆਪਨ ਮੁਲ | ਰੁ: 27,81,623.54/- ਸਾਰੇ ਕਰ ਜੀਐਸਟੀ ਆਦਿ ਸਹਿਤ। | ਟੈਂਡਰ ਅਨੁਭਾਗ | ਟੈਂਡਰ ਅਤੇ ਵਰਕਸ/ ਇਲੈਕਿਟ੍ਰਕਲ ਬਰਾਂਚ, ਜਗਾਧਰੀ ਵਰਕਸ਼ਾਪ। |
| ਅਗ੍ਰਿਮ ਧਨ | ਰੁ: 55,600/- | ਆਫਰ ਦੀ ਵੈਧਤਾ | 60 ਦਿਨ |
| ਟੈਂਡਰ ਦਸਤਾਵੇਜ ਲਾਗਤ | Nil (ਅਪ੍ਰੈਲ 2022 ਦੇ ਭਾਗ-I ਖੰਡ ਨੰਬਰ 3 ਦੇ ਅਨੁਸਾਰ) | ਪੂਰਾ ਕਰਨ ਦਾ ਸਮਾਂ | 90 ਦਿਨ |
| ਬੋਲੀ ਸ਼ੁਰੂ ਮਿਤੀ | 01.10.2025 | ਬੋਲੀ ਸਮਾਪਤੀ ਮਿਤੀ | 15.10.2025 ਸਵੇਰੇ: 11.30 ਵਜੇ। |
| ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਉਸਦੇ ਬਾਦ ਕਿਸੀ ਵੀ ਸਮੇਂ ਟੈਂਡਰ ਨੂੰ ਬੰਦ ਕੀਤਾ ਜਾਂ ਸਕਦਾ ਹੈ। ਟੈਂਡਰਕਰਤਾਵਾਂ ਨੂੰ ਉਦਘਾਟਨ ਦੇ ਦੋਰਾਨ ਹਾਜ਼ਰ ਰਹਿਣ ਦੀ ਜ਼ਰੂਰਤ ਨਹੀਂ ਹੈ। ਟੈਂਡਰ ਬੰਦ ਹੋਣ ਦੇ ਬਾਦ ਕਿਸੀ ਵੀ ਸਮੇਂ ਟੈਂਡਰ ਖੋਲਣ ਦਾ ਅਧਿਕਾਰ ਰੇਲਵੇ ਕੋਲ ਸੁਰੱਖਿਅਤ ਹੈ। | | |
| ਵੈੱਬਸਾਈਟ | www.ireps.gov.in ਉਤੇ ਜਾਏ | | |

ਨੰ: 56/ਡਬਲਯੂ/ਇਲੇਕਟ/25-26/ਟੀ/17/ਰੇਲਵੇ ਹਸਪਤਾਲ 2926/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਟਰੇਡਮਾਰਕ ਸਾਵਧਾਨੀ ਨੋਟਿਸ - "ਫੈਦਰ ਫੋਮ"**

ਇਹ ਆਮ ਜਨਤਾ, ਵਪਾਰੀਆਂ, ਥੋਕ ਵਿਕਰੇਤਾਵਾਂ, ਸਟਾਕਿਸਟ ਅਤੇ ਰਿਟੇਲਰਾਂ ਦੀ ਜਾਣਕਾਰੀ ਲਈ ਹੈ ਕਿ ਮੈਸਰਜ਼ ਸ਼ੀਲਾ ਫੋਮ ਲਿਮਟਿਡ, ਜਿਸਦਾ ਰਜਿਸਟਰਡ ਦਫ਼ਤਰ 1002 ਤੋਂ 1006, ਦ ਐਵੇਨਿਊ, ਇੰਟਰਨੈਸ਼ਨਲ ਏਅਰਪੋਰਟ ਰੋਡ, ਹੋਟਲ ਲੀਲਾ ਦੇ ਸਾਹਮਣੇ, ਸਹਾਰ, ਅੰਧੇਰੀ ਈਸਟ, ਮੁੰਬਈ, ਮਹਾਰਾਸ਼ਟਰ - 400059 ਅਤੇ ਇੱਕ ਦਫ਼ਤਰ 604, ਆਸ਼ਾਦੀਪ, 9 ਹੈਲੀ ਰੋਡ, ਨਵੀਂ ਦਿੱਲੀ - 110001 ਹੈ, ਰਜਿਸਟਰਡ ਟਰੇਡਮਾਰਕ "ਫੈਦਰ ਫੋਮ" ਦੇ ਨਾਲ-ਨਾਲ ਇਸਦੇ ਸੰਬੰਧਿਤ ਡਿਵਾਈਸ ਮਾਰਕ (ਇਸ ਤੋਂ ਬਾਅਦ "ਟਰੇਡਮਾਰਕ" ਵਜੋਂ ਜਾਣਿਆ ਜਾਂਦਾ ਹੈ) ਦਾ ਕਾਨੂੰਨੀ ਮਾਲਕ ਅਤੇ ਆਗਿਆ ਪ੍ਰਾਪਤ ਉਪਭੋਗਤਾ ਹੈ।

ਉਪਰੋਕਤ ਟਰੇਡਮਾਰਕ ਦੀ ਵਰਤੋਂ ਫੋਮ, ਗੱਦੇ, ਗੱਦੇ ਦੇ ਟੌਪਰ, ਬੋਲਸਟਰ, ਕੁਸ਼ਨ, ਸਿਰਹਾਣੇ ਅਤੇ ਹੋਰ ਘਰੇਲੂ ਆਰਾਮ ਉਤਪਾਦਾਂ ਦੇ ਨਿਰਮਾਣ ਅਤੇ ਵਪਾਰ ਦੇ ਸੰਬੰਧ ਵਿੱਚ ਕੀਤੀ ਜਾਂਦੀ ਹੈ, ਅਤੇ ਇਹ ਟ ?ਰੇਡ ਮਾਰਕਸ ਐਕਟ, 1999 ਦੇ ਤਹਿਤ ਵਿਧੀਵਤ ਤੌਰ 'ਤੇ ਰਜਿਸਟਰਡ ਅਤੇ ਸੁਰੱਖਿਅਤ ਹੈ। ਸਾਡਾ ਕਲਾਇੰਟ ਉਕਤ ਟਰੇਡਮਾਰਕਸ ਦੀ ਵਰਤੋਂ ਕਰਨ ਦੇ ਵਿਸ਼ੇਸ਼ ਅਧਿਕਾਰ ਰਾਖਵੇਂ ਰੱਖਦਾ ਹੈ, ਰਜਿਸਟਰੇਸ਼ਨ ਦੁਆਰਾ ਦਿੱਤੇ ਗਏ ਕਾਨੂੰਨੀ ਅਧਿਕਾਰਾਂ ਦੇ ਨਾਲ-ਨਾਲ ਬਾਜ਼ਾਰ ਵਿੱਚ ਨਿਸ਼ਾਨਾਂ ਦੀ ਵਿਆਪਕ ਅਤੇ ਨਿਰੰਤਰ ਵਰਤੋਂ ਤੋਂ ਪੈਦਾ ਹੋਣ ਵਾਲੇ ਆਮ ਕਾਨੂੰਨ ਅਧਿਕਾਰਾਂ ਦੇ ਤਹਿਤ।

ਸਾਡੇ ਕਲਾਇੰਟ ਦਾ ਭਾਰਤ ਭਰ ਵਿੱਚ ਇੱਕ ਵਿਸ਼ਾਲ ਗਾਹਕ ਅਧਾਰ ਹੈ ਅਤੇ ਵਪਾਰ ਅਤੇ ਉਦਯੋਗ ਵਿੱਚ ਵੱਖ-ਵੱਖ ਸੰਸਥਾਵਾਂ ਦੁਆਰਾ ਧੋਖਾਧੜੀ ਅਤੇ ਉਲੰਘਣਾ ਕਰਨ ਵਾਲੀਆਂ ਗਤੀਵਿਧੀਆਂ ਦੇ ਹਾਲ ਹੀ ਵਿੱਚ ਹੋਏ ਪ੍ਰਸਾਰ ਬਾਰੇ ਡੂੰਘੀ ਚਿੰਤਾ ਹੈ। ਇਹ ਬੇਈਮਾਨ ਧਿਰਾਂ ਸਾਡੇ ਕਲਾਇੰਟ ਦੇ ਰਜਿਸਟਰਡ ਟ ?ਰੇਡਮਾਰਕ ਦੀ ਅਣਅਧਿਕਾਰਤ ਵਰਤੋਂ ਦੁਆਰਾ ਦੁਰਵਰਤੋਂ ਕਰਕੇ ਅਤੇ ਆਪਣੇ ਸਮਾਨ ਨੂੰ ਇੱਕੋ ਜਿਹੇ ਜਾਂ ਧੋਖੇ ਨਾਲ ਮਿਲਦੇ-ਜੁਲਦੇ ਚਿੰਨ੍ਹਾਂ ਦੇ ਅਧੀਨ ਭੇਜ ਕੇ ਗੈਰ-ਕਾਨੂੰਨੀ ਮੁਨਾਫਾ ਕਮਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ - ਖਾਸ ਕਰਕੇ ਉਹ ਜੋ "ਫੈਦਰ" ਨੂੰ ਇੱਕ ਅਗੇਤਰ ਵਜੋਂ ਵਰਤਦੇ ਹਨ। ਅਜਿਹੀਆਂ ਕਾਰਵਾਈਆਂ ਬਾਜ਼ਾਰ ਵਿੱਚ ਉਲਝਣ ਅਤੇ ਧੋਖਾ ਪੈਦਾ ਕਰਨ ਦੀ ਸੰਭਾਵਨਾ ਰੱਖਦੀਆਂ ਹਨ, ਆਮ ਜਨਤਾ ਸਮੇਤ ਵਪਾਰ ਅਤੇ ਉਦਯੋਗ ਦੇ ਬੇਸ਼ੱਕ ਵਿਅਕਤੀ ਨੂੰ ਇਹ ਵਿਸ਼ਵਾਸ ਕਰਨ ਲਈ ਗੁੰਮਰਾਹ ਕਰਦੀਆਂ ਹਨ ਕਿ ਉਲੰਘਣਾ ਕਰਨ ਵਾਲੇ ਉਤਪਾਦ ਸਾਡੇ ਕਲਾਇੰਟ ਦੇ ਬ੍ਰਾਂਡ "ਫੈਦਰ ਫੋਮ" ਨਾਲ ਜੁੜੇ ਹੋਏ ਹਨ ਜਾਂ ਉਹਨਾਂ ਦੁਆਰਾ ਸਮਰਥਿਤ ਹਨ।

ਇਹ ਕਥਿਤ ਵਰਤੋਂ ਉਲੰਘਣਾ ਕਰਨ ਵਾਲਿਆਂ ਨੂੰ ਗੈਰ-ਕਾਨੂੰਨੀ ਵਪਾਰਕ ਲਾਭ ਪਹੁੰਚਾ ਰਹੀ ਹੈ ਅਤੇ ਸਾਡੇ ਕਲਾਇੰਟ ਦੀ ਸਾਖ ਅਤੇ ਸਦਭਾਵਨਾ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਾ ਰਹੀ ਹੈ ਜਿਸਦੇ ਨਤੀਜੇ ਵਜੋਂ ਟ ?ਰੇਡਮਾਰਕ ਕਮਜ਼ੋਰ ਹੋ ਰਿਹਾ ਹੈ, ਅਤੇ ਇਹ ਸਾਡੇ ਕਲਾਇੰਟ ਦੇ ਬੌਧਿਕ ਸੰਪਤੀ ਅਧਿਕਾਰਾਂ ਦੀ ਸਪੱਸ਼ਟ ਉਲੰਘਣਾ ਹੈ ਜੋ ਕਿ ਟਰੇਡਮਾਰਕ ਐਕਟ ਅਧੀਨ ਸੁਰੱਖਿਅਤ ਹਨ। ਵਪਾਰ ਅਤੇ ਉਦਯੋਗ ਨਾਲ ਜੁੜੇ ਵਿਅਕਤੀਆਂ ਦੇ ਨਾਲ-ਨਾਲ ਆਮ ਜਨਤਾ ਨੂੰ ਇਸ ਦੁਆਰਾ ਸਾਵਧਾਨ ਕੀਤਾ ਜਾਂਦਾ ਹੈ ਅਤੇ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸਹੀ ਤਸਦੀਕ ਤੋਂ ਬਾਅਦ ਅਧਿਕਾਰਤ ਸਟਾਕਿਸਟਾਂ ਅਤੇ ਵਿਤਰਕਾਂ, ਆਉਟਲੈਟਾਂ/ਚੈਨਲ ਭਾਈਵਾਲਾਂ ਤੋਂ ਸਾਡੇ ਗਾਹਕ ਦੇ ਟ ?ਰੇਡਮਾਰਕ ਵਾਲੇ ਅਸਲੀ ਉਤਪਾਦ ਹੀ ਖਰੀਦਣ। ਸਾਡਾ ਮੁਵੱਕਿਲ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈਆਂ 'ਤੇ ਵਿਚਾਰ ਕਰ ਰਿਹਾ ਹੈ ਤਾਂ ਜੋ ਇਸਦੇ ਟਰੇਡਮਾਰਕ ਅਤੇ ਟਰੇਡਮਾਰਕ ਦੇ ਵਿਅਕਤੀ ਅਤੇ ਉਦਯੋਗ ਨੂੰ ਵੱਡੇ ਪੱਧਰ 'ਤੇ ਧੋਖਾਧੜੀ ਅਤੇ ਧੋਖਾਧੜੀ ਤੋਂ ਬਚਾਇਆ ਜਾ ਸਕੇ, ਮਿਸਾਲੀ ਨੁਕਸਾਨ ਦੀ ਵਸੂਲੀ ਅਤੇ ਅਪਰਾਧਿਕ ਸਜ਼ਾਵਾਂ ਲਗਾਈਆਂ ਜਾ ਸਕਣ।

ਮਿਤੀ: 23.09.2025

ਵਿਨੈ ਕੁਮਾਰ ਸੈਣੀ, ਐਡਵੋਕੇਟ
ਮਾਰਫਤ ਲੀਗਲੀਜ਼ ਲਾਅ ਫਰਮ, ਆਈਪੀਆਰ ਐਡਵੋਕੇਟਸ, ਪਲਾਟ ਨੰ. 285, ਸੈਕਟਰ-14, ਗੁਰੂਗ੍ਰਾਮ, ਹਰਿਆਣਾ ਦੁਆਰਾ ਜਾਰੀ ਕੀਤਾ ਗਿਆ,
ਮੇਲ: legaleselawfirm@gmail.com



**ਉੱਤਰ ਰੇਲਵੇ**

**ਈ-ਨਿਵਿਦਾ**

**ਖੁਲ੍ਹੀ ਨਿਵਿਦਾ ਨੰਬਰ-31-ਅੰਬਾਲਾ/2025-26, ਮਿਤੀ 22.09.2025**

ਸੀਨੀਅਰ ਮੰਡਲ ਇੰਜੀਨੀਅਰ-ਤਾਲਮੇਲ/ਅੰਬਾਲਾ ਦੇ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ ਨਿਵਿਦਾ ਦੇ ਮਾਧਿਅਮ ਨਾਲ ਇਛੁਕ ਠੇਕੇਦਾਰਾਂ ਤੋਂ ਹੇਠਾਂ ਲਿਖਤ ਕੰਮਾਂ ਲਈ ਖੁਲ੍ਹੀਆਂ ਨਿਵਿਦਾਵਾਂ ਦੀ ਮੰਗ ਕੀਤੀ ਜਾਂਦੀ ਹੈ ਜੋ ਕਿ ਉਨ੍ਹਾਂ ਕੰਮਾਂ ਦੇ ਸਾਹਮਣੇ ਦਿਤੀ ਗਈ ਮਿਤੀ ਨੂੰ 15.00 ਵਜੇ ਖੁਲ੍ਹੇ ਰਹਿਣਗੇ ਅਤੇ ਉਸ ਦੇ ਬਾਅਦ ਖੋਹਲੇ ਜਾਣਗੇ।

| ਲ. ਨ. | ਕੰਮ ਦਾ ਨਾਮ | ਅੰਦਾਜਨ ਲਾਗਤ (Rs.) | ਅਗਾਊਂ ਰਾਸ਼ੀ (Rs.) | ਕੰਮ ਸਮਾਪਤੀ ਦਾ ਸਮਾਂ | ਨਿਵਿਦਾ ਖੁਲਣ ਦੀ ਮਿਤੀ |
|---|---|---|---|---|---|
| 1 | ਏਡੀਈਐਨ/ਆਰਪੀਜੇ ਦੇ ਤਹਿਤ ਆਰਪੀਜੇ-ਕੇਐਲਆਈ ਸੇਕਸ਼ਨ ਤੇ ਟ੍ਰੇਨਾਂ ਦੇ ਸੁਰੱਖਿਅਤ ਸੰਚਾਲਨ ਦੇ ਲਈ ਟ੍ਰੈਕ ਦੇ ਨਾਲ ਸੀਆਰਓ ਸਥਾਨਾਂ ਤੇ ਸੁਰੱਖਿਆ ਬਾੜ (ਆਰਸੀਸੀ ਦੀਵਾਰ / ਐਂਟੀ ਕ੍ਰੈਸ਼ ਬੈਰਿਯਰ ਦਾ ਪ੍ਰਾਵਧਾਨ। | 2,81,88,398 | 2,91,000 | 08 ਮਹੀਨੇ | 14.10.2025 |
| 2 | ਯੂਐਮਬੀ ਡਵੀਜਨ ਵਿਚ ਰਨਿੰਗ ਰੂਮ ਦਾ ਅਪਗ੍ਰੇਡੇਸ਼ਨ (ਸ਼ਿਮਲਾ ਵਿਚ ਰਨਿੰਗ ਰੂਮ ਵਿਚ ਪ੍ਰਮੁਖ ਅਪਗ੍ਰੇਡੇਸ਼ਨ) | 94,00,279 | 1,88,000 | 06 ਮਹੀਨੇ | 14.10.2025 |
| 3 | ਯੂਐਮਬੀ-ਕੇਐਲਕੇ ਅਤੇ ਸੀਡੀਜੀ-ਐਮਆਰਐਨਡੀ ਸੈਕਸ਼ਨ ਉਤੇ ਵਖ-ਵਖ ਲੇਵਲ ਕ੍ਰਾਸਿੰਗ ਅਤੇ ਆਰਯੂਬੀ/ਐਲਐਚਐਸ ਤੇ ਸਿਵਿਲ ਇਨਫ੍ਰਾਸਟ੍ਰਕਚਰ ਵਿਚ ਸੁਧਾਰ ਦੇ ਲਈ ਮਾਨਕ ਉਚਾਈ ਗੇਜ ਦਾ ਪ੍ਰਾਵਧਾਨ। | 2,94,69,733 | 2,97,400 | 06 ਮਹੀਨੇ | 14.10.2025 |
| 4 | ਸੀਨੀਅਰ ਡੀਈਐਨ-IV/ਯੂਐਮਬੀ ਅਨੁਭਾਗ ਵਿਚ 8 ਇਲੈਕਟ੍ਰਾਨਿਕ ਪ੍ਰਕਾਰ ਟ੍ਰੈਕ ਆਧਾਰਿਤ ਰੇਲ ਲੁਬ੍ਰਿਕੇਟਰ ਦੀ ਸਪਲਾਈ, ਸਥਾਪਨਾ, ਕਮਿਸ਼ਨਿੰਗ ਅਤੇ ਏਐਮਸੀ ਦੇ ਨਾਲ ਸੰਚਾਲਨ (60 ਮਹੀਨੇ ਦੇ ਲਈ)। | 1,37,49,850 | 2,18,800 | 60 ਮਹੀਨੇ | 14.10.2025 |
| 5 | ਸੀਨੀਅਰ ਡੀਈਐਨ-IV/ਯੂਐਮਬੀ ਅਨੁਭਾਗ ਵਿਚ 39 ਇਲੈਕਟ੍ਰਾਨਿਕ ਪ੍ਰਕਾਰ ਟ੍ਰੈਕ ਆਧਾਰਿਤ ਰੇਲ ਲੁਬ੍ਰਿਕੇਟਰ ਦੀ ਸਪਲਾਈ, ਸਥਾਪਨਾ, ਕਮਿਸ਼ਨਿੰਗ ਅਤੇ ਏਐਮਸੀ ਦੇ ਨਾਲ ਸੰਚਾਲਨ (60 ਮਹੀਨੇ ਦੇ ਲਈ)। | 5,87,20,007 | 4,43,600 | 60 ਮਹੀਨੇ | 14.10.2025 |
| 6 | ਏਡੀਈਐਨ/ਯੂਐਮਬੀ ਅਤੇ ਸੀਡੀਜੀ ਅਨੁਭਾਗ ਵਿਚ 36 ਇਲੈਕਟ੍ਰਾਨਿਕ ਪ੍ਰਕਾਰ ਟ੍ਰੈਕ ਆਧਾਰਿਤ ਰੇਲ ਲੁਬ੍ਰਿਕੇਟਰ ਦੀ ਸਪਲਾਈ, ਸਥਾਪਨਾ, ਕਮਿਸ਼ਨਿੰਗ ਅਤੇ ਏਐਮਸੀ ਦੇ ਨਾਲ ਸੰਚਾਲਨ (60 ਮਹੀਨੇ ਦੇ ਲਈ)। | 5,42,03,083 | 4,21,000 | 60 ਮਹੀਨੇ | 14.10.2025 |
| 7 | ਏਡੀਈਐਨ/ਯੂਐਮਬੀ,ਸੀਡੀਜੀ ਅਤੇ ਐਸ.ਆਰ.ਈ. ਅਨੁਭਾਗ ਵਿਚ 5 ਇਲੈਕਟ੍ਰਾਨਿਕ ਪ੍ਰਕਾਰ ਟ੍ਰੈਕ ਆਧਾਰਿਤ ਰੇਲ ਲੁਬ੍ਰਿਕੇਟਰ ਦੀ ਸਪਲਾਈ, ਸਥਾਪਨਾ, ਕਮਿਸ਼ਨਿੰਗ ਅਤੇ ਏ.ਐਮ.ਸੀ. ਦੇ ਨਾਲ ਸੰਚਾਲਨ (60 ਮਹੀਨੇ ਦੇ ਲਈ)। | 85,93,656 | 1,71,900 | 60 ਮਹੀਨੇ | 14.10.2025 |
| 8 | ਸੀਨੀਅਰ ਡੀਈਐਨ-II/ਯੂਐਮਬੀ ਅਨੁਭਾਗ ਵਿਚ 15 ਇਲੈਕਟ੍ਰਾਨਿਕ ਪ੍ਰਕਾਰ ਟ੍ਰੈਕ ਆਧਾਰਿਤ ਰੇਲ ਲੁਬ੍ਰਿਕੇਟਰ ਦੀ ਸਪਲਾਈ, ਸਥਾਪਨਾ, ਕਮਿਸ਼ਨਿੰਗ ਅਤੇ ਏਐਮਸੀ ਦੇ ਨਾਲ ਸੰਚਾਲਨ (60 ਮਹੀਨੇ ਦੇ ਲਈ)। | 2,25,84,618 | 2,62,900 | 60 ਮਹੀਨੇ | 14.10.2025 |
| 9 | ਸੀਨੀਅਰ ਡੀਈਐਨ-II/ਯੂਐਮਬੀ ਅਨੁਭਾਗ ਵਿਚ 5 ਇਲੈਕਟ੍ਰਾਨਿਕ ਪ੍ਰਕਾਰ ਟ੍ਰੈਕ ਆਧਾਰਿਤ ਰੇਲ ਲੁਬ੍ਰਿਕੇਟਰ ਦੀ ਸਪਲਾਈ, ਸਥਾਪਨਾ, ਕਮਿਸ਼ਨਿੰਗ ਅਤੇ ਏਐਮਸੀ ਦੇ ਨਾਲ ਸੰਚਾਲਨ (60 ਮਹੀਨੇ ਦੇ ਲਈ)। | 85,93,656 | 1,71,900 | 60 ਮਹੀਨੇ | 14.10.2025 |
| 10 | ਏਡੀਈਐਨ/ਐਸਆਰਈ ਅਨੁਭਾਗ ਵਿਚ 14 ਇਲੈਕਟ੍ਰਾਨਿਕ ਪ੍ਰਕਾਰ ਟ੍ਰੈਕ ਆਧਾਰਿਤ ਰੇਲ ਲੁਬ੍ਰਿਕੇਟਰ ਦੀ ਸਪਲਾਈ, ਸਥਾਪਨਾ, ਕਮਿਸ਼ਨਿੰਗ ਅਤੇ ਏ.ਐਮ.ਸੀ. ਦੇ ਨਾਲ ਸੰਚਾਲਨ (60 ਮਹੀਨੇ ਦੇ ਲਈ)। | 2,10,78,977 | 2,55,400 | 60 ਮਹੀਨੇ | 14.10.2025 |
| 11 | ਏਡੀਈਐਨ/ਜੇਯੂਡੀਡਬਲਯੂ ਦੇ ਤਹਿਤ ਐਸਐਸਈ/ਡਬਲਯੂ/ਜੇਯੂਡੀਡਬਲਯੂ ਅਨੁਭਾਗ ਵਿਚ ਰੇਲਵੇ ਕਲੋਨੀ ਜੇਯੂਡੀਡਬਲਯੂ ਵਿਚ ਸਟਾਫ ਕਵਾਟਰ ਨੰਬਰ ਟੀਵਾਈ-II /ਡੀਐਸ ਬਲਾਕ ਨੰਬਰ 488 ਤੋਂ 505, 589 ਤੋਂ 606 (144 ਯੂਨਿਟ), ਟੀਵਾਈ-II ਬਲਾਕ ਨੰਬਰ 527 ਤੋਂ 544, 569 ਤੋਂ 575 (100 ਯੂਨਿਟ), ਟੀਵਾਈ-I ਬਲਾਕ ਨੰਬਰ 484 ਤੋਂ 487, 457 ਅਤੇ 458 (28 ਯੂਨਿਟ) ਆਦਿ ਵਿਚ ਦਰਵਾਜੇ ਖਿੜਕੀਆਂ, ਸਨਸ਼ੇਡ, ਫਰਸ਼, ਪਲਾਸਟਰ ਅਤੇ ਪਖਾਨਿਆਂ ਦੀ ਆਰਸੀਸੀ ਛੱਤ ਦੀ ਮੁਰੰਮਤ ਅਤੇ ਹੋਰ ਵਖ-ਵਖ ਕੰਮ। | 64,35,644 | 1,28,700 | 09 ਮਹੀਨੇ | 14.10.2025 |

ਨੋਟ:- 1. ਠੇਕੇਦਾਰ ਨੂੰ ਸ਼ਰਤਾਂ ਦੇ ਅਨੁਸਾਰ ਟੈਂਡਰ ਯੋਗਤਾ ਪੂਰੀ ਕਰਨ ਲਈ ਸਾਰੇ ਜਰੂਰੀ ਸਬੰਧਤ ਦਸਤਾਵੇਜਾਂ ਦੀ ਸਕੈਨਿੰਗ ਕਾਪੀ ਨੂੰ ਰੇਲਵੇ ਵੈਬਸਾਈਟ IREPS ਤੇ ਅਪਲੋਡ ਕਰਨੀ ਜਰੂਰੀ ਹੈ। 2. ਅਗਾਊਂ ਰਾਸ਼ੀ ਆਨ ਲਾਈਨ ਪੇਮੇਂਟ ਨੈਟ ਬੈਕਿੰਗ/ਗੇਟਵੇ ਪੇਮੇਂਟ ਦੇ ਦੁਆਰਾ ਹੀ ਸਵੀਕਾਰ ਹੋਣਗੇ। 3.ਟੈਂਡਰ ਦੀ ਵਿਸਤ੍ਰਿਤ ਜਾਣਕਾਰੀ ਲਈ ਰੇਲਵੇ ਵੈਬਸਾਈਟ www.ireps.gov.in ਤੇ ਲਾਗ ਆਨ ਕਰੋ। 4.ਠੇਕੇਦਾਰ ਨੂੰ ਈ-ਟੈਂਡਰ ਵਿਚ ਭਾਗੀਦਾਰੀ ਲਈ (ਕਲਾਸ-III) ਡਿਜੀਟਲ ਸਿਗਨੇਚਰ ਸਰਟੀਫਿਕੇਟ ਦੁਆਰਾ ਲਾਗ-ਆਨ ਕਰਨਾ ਹੋਵੇਗਾ। 5. ਜੀ.ਐਸ.ਟੀ. ਐਕਟ 2017 ਦੇ ਅਨੁਸਾਰ ਲਾਗੂ ਹੋਵੇਗਾ। 2916/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ

# ਕਣਕ ਦੀ ਰੋਟੀ ਜਾਂ ਬੇਸਨ ਦਾ ਚਿੱਲਾ- ਭਾਰ ਘਟਾਉਣ ਲਈ ਕਿਹੜਾ ਵਧੀਆ ?

ਜ਼ਿਆਦਾਤਰ ਲੋਕ ਰੋਜ਼ਾਨਾ ਕਣਕ ਦੀ ਰੋਟੀ ਖਾਂਦੇ ਹਨ ਅਤੇ ਸੋਚਦੇ ਹਨ ਕਿ ਇਹ ਸਿਹਤਮੰਦ ਹੈ ਅਤੇ ਭਾਰ ਨਹੀਂ ਵਧਾਉਂਦੀ। ਦੂਜੇ ਪਾਸੇ ਕਈ ਲੋਕ ਆਪਣੀ ਡਾਇਟ ਬਦਲ ਕੇ ਬੇਸਨ ਦਾ ਚਿੱਲਾ ਖਾਣਾ ਪਸੰਦ ਕਰਦੇ ਹਨ। ਪਰ ਸਵਾਲ ਇਹ ਹੈ ਕਿ ਭਾਰ



ਘਟਾਉਣ ਲਈ ਕਿਹੜਾ ਵਿਕਲਪ ਜ਼ਿਆਦਾ ਬਿਹਤਰ ਹੈ - ਰੋਟੀ ਜਾਂ ਚਿੱਲਾ ?

(ਕਣਕ ਦੀ ਰੋਟੀ ਦੇ ਫਾਇਦੇ)

ਇਕ ਰੋਟੀ (ਸਾਈਜ਼ ਦੇ ਅਨੁਸਾਰ) @ਚ ਲਗਭਗ 70-100 ਕੈਲੋਰੀ ਹੁੰਦੀ ਹੈ।

ਇਸ @ਚ ਕਾਰਬੋਹਾਈਡਰੇਟ ਅਤੇ ਫਾਈਬਰ ਭਰਪੂਰ ਮਾਤਰਾ @ਚ ਹੁੰਦਾ ਹੈ, ਜੋ ਪਾਚਨ ਲਈ ਲਾਭਦਾਇਕ ਹਨ ਅਤੇ ਓਵਰਈਟਿੰਗ ਤੋਂ ਬਚਾਉਂਦਾ ਹੈ।

ਰੋਟੀ ਹਲਕੀ ਹੁੰਦੀ ਹੈ, ਇਸ ਲਈ ਇਸ ਨੂੰ ਸਬਜ਼ੀ ਜਾਂ ਦਾਲ ਨਾਲ ਖਾਣਾ ਜ਼ਰੂਰੀ ਹੈ ਤਾਂ ਜੋ ਲੰਮੇ ਸਮੇਂ ਤੱਕ ਭੁੱਖ ਨਾ ਲੱਗੇ।

ਇਹ ਦਿਨ ਭਰ ਦੀ ਐਕਟਿਵਿਟੀ ਲਈ ਜ਼ਰੂਰੀ ਊਰਜਾ ਪ੍ਰਦਾਨ ਕਰਦੀ ਹੈ।

(ਬੇਸਨ ਦੇ ਚਿੱਲੇ ਦੇ ਫਾਇਦੇ)

ਇਕ ਚਿੱਲੇ 'ਚ ਕਰੀਬ 120 ਕੈਲੋਰੀ ਹੁੰਦੀ ਹੈ।

ਬੇਸਨ ਚਨੇ ਤੋਂ ਬਣਦਾ ਹੈ, ਜੋ ਪ੍ਰੋਟੀਨ ਦਾ ਵਧੀਆ ਸਰੋਤ ਹੈ। ਪ੍ਰੋਟੀਨ ਲੰਮੇ ਸਮੇਂ ਤੱਕ ਭੁੱਖ ਨਹੀਂ ਲੱਗਣ ਦਿੰਦਾ ਅਤੇ ਮੈਟਾਬੋਲਿਜ਼ਮ ਐਕਟਿਵ ਰੱਖਦਾ ਹੈ।

ਜੇ ਇਹ ਚੰਗੇ ਤੇਲ 'ਚ ਬਣਾਇਆ ਜਾਵੇ ਤਾਂ ਇਹ ਸਿਹਤਮੰਦ ਫੈਟ ਵੀ ਪ੍ਰਦਾਨ ਕਰਦਾ ਹੈ।

ਚਿੱਲਾ ਖਾਣ ਤੋਂ ਬਾਅਦ ਵਾਰ-ਵਾਰ ਕੁਝ ਖਾਣ ਦੀ ਲੋੜ ਘਟ ਜਾਂਦੀ ਹੈ, ਜਿਸ ਨਾਲ ਭਾਰ ਘਟਾਉਣ @ਚ ਮਦਦ ਮਿਲਦੀ ਹੈ।

(ਦੋਵਾਂ ਦਾ ਸੰਤੁਲਨ ਕਿਉਂ ਜ਼ਰੂਰੀ ?)

ਸਿਰਫ ਰੋਟੀ ਖਾਣ ਨਾਲ ਪ੍ਰੋਟੀਨ ਦੀ ਘਾਟ ਹੋ ਸਕਦੀ ਹੈ, ਜਦਕਿ ਸਿਰਫ ਚਿੱਲਾ ਖਾਣ ਨਾਲ ਕਾਰਬੋਹਾਈਡਰੇਟ ਘੱਟ ਹੋਣ ਕਾਰਨ ਊਰਜਾ ਦੀ ਕਮੀ ਆ ਸਕਦੀ ਹੈ। ਇਸ ਲਈ ਸਭ ਤੋਂ ਵਧੀਆ ਤਰੀਕਾ ਹੈ ਕਿ ਦੋਵਾਂ ਨੂੰ ਡਾਇਟ 'ਚ ਸ਼ਾਮਲ ਕੀਤਾ ਜਾਵੇ।

ਸਵੇਰੇ ਜਾਂ ਰਾਤ ਨੂੰ ਬੇਸਨ ਦਾ ਚਿੱਲਾ ਖਾਓ।

ਦਿਨ ਦੇ ਖਾਣੇ 'ਚ ਕਣਕ ਦੀ ਰੋਟੀ ਖਾਓ।

**ਨਤੀਜਾ** ; ਜੇ ਤੁਸੀਂ ਹਾਈ-ਪ੍ਰੋਟੀਨ ਅਤੇ ਲੰਮੇ ਸਮੇਂ ਤੱਕ ਭੁੱਖ ਨਾ ਲੱਗਣ ਵਾਲਾ ਵਿਕਲਪ ਚਾਹੁੰਦੇ ਹੋ ਤਾਂ ਬੇਸਨ ਦਾ ਚਿੱਲਾ ਵਧੀਆ ਹੈ। ਜੇ ਤੁਸੀਂ ਕਾਰਬਸ ਅਤੇ ਫਾਈਬਰ ਦਾ ਸੰਤੁਲਿਤ ਸਰੋਤ ਚਾਹੁੰਦੇ ਹੋ ਤਾਂ ਕਣਕ ਦੀ ਰੋਟੀ ਬਿਹਤਰ ਹੈ। ਭਾਰ ਘਟਾਉਣ ਲਈ ਸਭ ਤੋਂ ਵਧੀਆ ਰਾਹ ਹੈ ਕਿ ਦੋਵੇਂ ਚੀਜ਼ਾਂ ਨੂੰ ਸੰਤੁਲਿਤ ਮਾਤਰਾ 'ਚ ਖਾਧਾ ਜਾਵੇ, ਤਾਂ ਜੋ ਪ੍ਰੋਟੀਨ, ਫਾਈਬਰ ਅਤੇ ਊਰਜਾ ਦਾ ਸਹੀ ਮਿਲਾਪ ਮਿਲ ਸਕੇ ਅਤੇ ਡਾਇਟ ਵੀ ਦਿਲਚਸਪ ਬਣੀ ਰਹੇ।

# ਫਰੈਂਸੇ ਦੇ ਸ਼ਹਿਰ ਪਾਲਾਸੋਲੋ ਸਨਚੀਆਂ ਦਾ 81ਵਾਂ ਅਜ਼ਾਦੀ ਦਿਵਸ ਮਨਾਉਂਦਿਆਂ ਸਿੱਖ ਫ਼ੌਜੀਆਂ ਨੂੰ ਕੀਤਾ ਯਾਦ

## ਦੂਜੀ ਸੰਸਾਰ ਜੰਗ 'ਚ ਸ਼ਹੀਦੀਆਂ ਪਾਉਣ ਵਾਲੇ ਸਿੱਖ ਫ਼ੌਜੀਆਂ ਨੂੰ ਪਰੇਡ ਕਰਕੇ ਦਿੱਤੀ ਸਲਾਮੀ

ਮਿਲਾਨ, 22 ਸਤੰਬਰ (ਚ.ਨ.ਸ.) : ਇਟਲੀ ਦੇ ਫਰੈਂਸੇ ਦੇ ਸ਼ਹਿਰ ਪਾਲਾਸੋਲੋ ਸਨਚੀਆਂ ਦਾ 81ਵਾਂ ਅਜ਼ਾਦੀ ਦਿਵਸ ਮਨਾਇਆ ਗਿਆ। ਇਸ ਅਜ਼ਾਦੀ ਦਿਵਸ ਦੇ ਸਬੰਧ ਵਿਚ ਪਾਲਾਸੋਲੋ ਦੇ ਕਮੂਨੇ ਦੁਆਰਾ ਭੇਜੇ ਸੱਦੇ ਤੇ ਵਰਲਡ ਸਿੱਖ ਸ਼ਹੀਦ ਮਿਲਟਰੀ ਯਾਦਗਾਰੀ ਕਮੇਟੀ (ਰਜਿ.) ਇਟਲੀ ਦੇ ਪ੍ਰਬੰਧਕ ਵੀ ਸ਼ਾਮਿਲ ਹੋਏ। ਇਸ ਸ਼ਰਧਾਂਜਲੀ ਸਮਾਗਮ ਵਿੱਚ ਸਭ ਤੋਂ ਪਹਿਲਾਂ ਇਟਲੀ ਦੀ ਮਿਲਟਰੀ ਤੇ ਇੰਗਲੈਂਡ ਮਿਲਟਰੀ ਨੇ ਦੂਸਰੀ ਸੰਸਾਰ ਜੰਗ ਵਿਚ ਸ਼ਹੀਦੀਆਂ ਪਾਉਣ ਵਾਲੇ ਸਿੱਖ ਫੌਜੀਆਂ ਨੂੰ ਪਰੇਡ ਕਰਕੇ ਸਲਾਮੀ ਦਿੱਤੀ। ਇਸ ਤੋਂ ਬਾਅਦ ਵਰਲਡ ਸਿੱਖ ਸ਼ਹੀਦ ਮਿਲਟਰੀ ਯਾਦਗਾਰੀ ਕਮੇਟੀ ਦੇ ਪ੍ਰਧਾਨ ਪ੍ਰਿਥੀਪਾਲ ਸਿੰਘ ਨੇ ਸ਼ਹੀਦ ਫੌਜੀਆਂ ਨੂੰ ਸ਼ਰਧਾਂਲੀ ਦੇ ਫੁੱਲ ਭੇਂਟ ਕੀਤੇ, ਜਿਸ ਉਪਰੰਤ ਇੰਗਲੈਂਡ ਦੀ ਮਿਲਟਰੀ ਤੇ ਇਟਲੀ ਦੀ ਮਿਲਟਰੀ ਨੇ ਸ਼ਰਧਾਂਜ਼ਲੀ ਭੇਂਟ ਕੀਤੀ। ਇੰਗਲੈਂਡ ਤੋਂ ਆਈ ਮਿਲਟਰੀ ਦੇ ਜਰਨਲ ਨੇ



ਆਪਣੇ ਭਾਸ਼ਨ ਸਿੱਖ ਮਿਲਟਰੀ ਨੂੰ ਇੱਕ ਬਹਾਦਰ ਕੌਮ ਦੇ ਸ਼ਹੀਦ ਕਿਹਾ ਅਤੇ ਦੱਸਿਆ ਕਿ ਸਿੱਖ ਦੂਜਿਆਂ ਦੇ ਲਈ ਆਪਣੀਆਂ ਜਾਨਾਂ ਦੇ ਦਿੰਦੇ ਹਨ। ਬਾਅਦ ਕਮੇਟੀ ਦੇ ਸੈਕਟਰੀ ਸਤਿਨਾਮ ਸਿੰਘ ਨੇ ਇੰਗਲੈਂਡ ਤੇ ਇਟਲੀ ਦੀ ਮਿਲਟਰੀ ਦਾ ਧੰਨਵਾਦ ਕੀਤਾ।ਪਾਲਾਸੋਲੋ ਦੇ ਮੇਅਰ ਮਾਕਰੋ ਬੁਟੀਨੇ ਨੇ ਆਪਣੇ ਵਿਚਾਰ ਪ੍ਰਗਟ ਕਰਦਿਆ ਕਿਹਾ ਕਿ ਮੈਨੂੰ ਬੜੀ ਖੁਸ਼ੀ ਤੇ ਮਾਣ ਵੀ ਹੈ ਕਿ ਸਿੱਖ ਫੌਜੀਆਂ ਨੇ ਆਪਣੀਆਂ ਸ਼ਹੀਦੀਆਂ ਦੇ ਪਾਲਾਸੋਲੋ ਅਜ਼ਾਦ ਕਰਾਇਆ ਸੀ, ਅੱਜ ਉਨ੍ਹਾਂ ਦੇ ਵਾਰਿਸ ਸਾਡੇ ਅਜ਼ਾਦੀ ਦਿਵਸ ਵਿਚ ਸ਼ਾਮਲ ਹੋਏ ਅਤੇ ਉਨ੍ਹਾਂ ਆਸ ਪ੍ਰਗਟਾਈ ਕਿ ਸਿੱਖ ਭਾਈਚਾਰਾ ਇਸੇ ਤਰ੍ਹਾਂ ਹੀ ਅੱਗੋਂ ਵੀ ਹਰ ਸਾਲ ਸ਼ਾਮਲ ਹੁੰਦਾ ਰਹੇਗਾ।ਇਸ ਸਮਾਗਮ ਦੀ ਜਾਣਕਾਰੀ ਦਿੰਦਿਆਂ ਸਿੱਖ ਆਗੂਆ ਨੇ ਦੱਸਿਆ ਕਿ ਬੜੇ ਮਾਣ ਵਾਲੀ ਗੱਲ ਹੈ ਕਿ ਜਿਸ ਜਗ੍ਹਾ ਅਸੀਂ ਸ਼ਹੀਦ ਫੌਜੀਆਂ ਦੀ ਯਾਦ 'ਚ ਖੰਡਾ ਲਾਇਆ ਸੀ ਹੁਣ ਉਸ ਦੇ ਨਾਲ ਸਾਡਾ ਨਿਸ਼ਾਨ ਸਾਹਿਬ ਵੀ ਸਦਾ ਝੂਲਦਾ ਰਹੇਗਾ। ਇਸ ਅਜ਼ਾਦੀ ਦਿਵਸ 'ਤੇ ਵਰਲਡ ਸਿਖ ਸ਼ਹੀਦ ਮਿਲਟਰੀ (ਰਜਿ.) ਇਟਲੀ ਦੇ ਪ੍ਰਧਾਨ ਪ੍ਰਿਥੀਪਾਲ ਸਿੰਘ, ਸੇਵਾ ਸਿੰਘ ਫੌਜੀ ਮੀਤ ਪ੍ਰਧਾਨ, ਸਤਨਾਮ ਸਿੰਘ ਸੈਕਟਰੀ, ਮਨਜਿੰਦਰ ਸਿੰਘ ਖਾਲਸਾ, ਇਕਬਾਲ ਸਿੰਘ ਸੋਢੀ, ਸਤਿੰਦਰ ਸਿੰਘ, ਗੁਰਵਿੰਦਰ ਸਿੰਘ, ਹਰਦੀਪ ਸਿੰਘ, ਪਰਮਿੰਦਰ ਸਿੰਘ, ਬਖਤੌਰ ਸਿੰਘ ਸ਼ਾਮਲ ਹੋਏ। ਇਸ ਮੌਕੇ ਗੁਰੂ ਕੇ ਲੰਗਰ ਦੀ ਸੇਵਾ ਗੁਰਦੁਆਰਾ ਸਿੰਘ ਸਭਾ ਨੋਵੋਲਾਰਾ ਨੇ ਕੀਤੀ।

# ਸਾਬਕਾ ਕ੍ਰਿਕਟਰ ਮਿਥੁਨ ਮਨਹਾਸ ਬੀ.ਸੀ. ਸੀ. ਆਈ. ਪ੍ਰਧਾਨ ਦੀ ਦੌੜ 'ਚ ਸਭ ਤੋਂ ਅੱਗੇ

ਮੁੰਬਈ, 22 ਸਤੰਬਰ (ਚ.ਨ.ਸ.) : ਦਿੱਲੀ ਦੇ ਸਾਬਕਾ ਕਪਤਾਨ ਮਿਥੁਨ ਮਨਹਾਸ ਬੀਸੀਸੀਆਈ ਦੇ ਨਵੇਂ ਪ੍ਰਧਾਨ ਵਜੋਂ ਅਹੁਦਾ ਸੰਭਾਲਣ ਦੀ ਦੌੜ 'ਚ ਸਭ ਤੋਂ ਅੱਗੇ ਹਨ। ਮਿਥੁਨ ਮਨਹਾਸ ਨੇ ਬੀਸੀਸੀਆਈ ਪ੍ਰਧਾਨ ਦੇ ਅਹੁਦੇ ਲਈ ਨਾਮਜ਼ਦਗੀ ਪੱਤਰ ਦਾਖਲ ਕੀਤੇ ਹਨ। ਭਾਰਤੀ ਕ੍ਰਿਕਟ ਬੋਰਡ ਦੇ ਕੁਝ ਤਜਰਬੇਕਾਰ ਪ੍ਰਸ਼ਾਸਕਾਂ ਅਤੇ ਮੁੱਖ ਫੈਸਲਾ ਲੈਣ ਵਾਲਿਆਂ ਨੇ ਸ਼ਨੀਵਾਰ ਨੂੰ ਇੱਥੇ ਇੱਕ ਗੈਰ-ਰਸਮੀ ਮੀਟਿੰਗ ਕੀਤੀ ਹੈ। ਇਹ ਮੀਟਿੰਗ 28 ਸਤੰਬਰ ਨੂੰ ਸਾਲਾਨਾ ਆਮ ਮੀਟਿੰਗ ਤੋਂ ਪਹਿਲਾਂ ਬੋਰਡ ਵਿੱਚ ਖਾਲੀ ਅਸਾਮੀਆਂ ਲਈ ਉਮੀਦਵਾਰਾਂ ਨੂੰ ਅੰਤਿਮ ਰੂਪ ਦੇਣ ਲਈ ਰੱਖੀ ਗਈ ਸੀ।ਖ਼ਬਰਾਂ ਅਨੁਸਾਰ ਇਨ੍ਹਾਂ ਅਹੁਦਿਆਂ ਲਈ ਦਾਅਵੇਦਾਰਾਂ ਨੂੰ ਮੀਟਿੰਗ ਲਈ ਬੁਲਾਇਆ ਗਿਆ ਹੈ। ਇਨ੍ਹਾਂ ਵਿੱਚ ਮਨਹਾਸ ਅਤੇ ਕਰਨਾਟਕ ਰਾਜ ਕ੍ਰਿਕਟ ਐਸੋਸੀਏਸ਼ਨ (ਕੇਐਸਸੀਏ) ਦੇ ਪ੍ਰਧਾਨ ਰਘੂਰਾਮ ਭੱਟ ਸ਼ਾਮਲ ਹਨ। ਪਰ ਹੁਣ ਇਹ ਗੱਲ ਸਾਹਮਣੇ ਆਈ ਹੈ ਕਿ ਇਹ ਸਿਖਰਲਾ ਅਹੁਦਾ ਮਨਹਾਸ ਨੂੰ ਜਾ ਸਕਦਾ ਹੈ, ਜਿਨ੍ਹਾਂ ਜੰਮੂ ਅਤੇ ਕਸ਼ਮੀਰ ਕ੍ਰਿਕਟ ਐਸੋਸੀਏਸ਼ਨ (ਜੇਕੇਸੀਏ) ਦੇ ਨਾਲ ਕ੍ਰਿਕਟ ਸੰਚਾਲਨ ਦੇ ਨਿਰਦੇਸ਼ਕ ਵਜੋਂ ਕੰਮ ਕੀਤਾ ਹੈ। ਮਨਹਾਸ ਨੂੰ ਕਦੇ ਵੀ ਭਾਰਤੀ ਟੀਮ ਵਿੱਚ ਥਾਂ ਨਹੀਂ ਮਿਲੀ, ਪਰ ਉਸ ਨੇ 157 ਪਹਿਲੇ ਦਰਜੇ ਦੇ ਮੈਚ ਖੇਡੇ ਅਤੇ 27 ਸੈਂਕੜੇ ਸਮੇਤ 45 ਤੋਂ ਵੱਧ ਦੀ ਔਸਤ ਨਾਲ 9714 ਦੌੜਾਂ ਬਣਾਈਆਂ ਹਨ।



# ਨਵਰਾਤਰਿਆਂ ਮੌਕੇ ਰਾਜਪਾਲ ਗੁਲਾਬ ਚੰਦ ਕਟਾਰੀਆ ਸ੍ਰੀ ਮਨਸਾ ਦੇਵੀ ਮੰਦਰ ਹੋਏ ਨਤਮਸਤਕ




ਚੰਡੀਗੜ੍ਹ, 22 ਸਤੰਬਰ, (ਅੰਮ੍ਰਿਤਪਾਲ ਸਿੰਘ) : ਨਵਰਾਤਰੀ ਦੇ ਸ਼ੁਭ ਮੌਕੇ 'ਤੇ ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਸ਼੍ਰੀ ਗੁਲਾਬ ਚੰਦ ਕਟਾਰੀਆ, ਆਪਣੀ ਪਤਨੀ ਸ਼੍ਰੀਮਤੀ ਅਨੀਤਾ ਕਟਾਰੀਆ ਦੇ ਨਾਲ, ਅੱਜ ਪੰਚਕੂਲਾ ਦੇ ਮਾਤਾ ਮਨਸਾ ਦੇਵੀ ਮੰਦਰ ਗਏ ਅਤੇ ਮਾਤਾ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ 'ਤੇ, ਸ਼੍ਰੀ ਕਟਾਰੀਆ ਨੇ ਰਾਜ ਦੇ ਲੋਕਾਂ ਨੂੰ ਖੁਸ਼ੀ, ਸ਼ਾਂਤੀ, ਖੁਸ਼ਹਾਲੀ ਅਤੇ ਖੁਸ਼ਹਾਲ ਜੀਵਨ ਦੀ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਨਵਰਾਤਰੀ ਦਾ ਤਿਉਹਾਰ ਤਾਕਤ, ਸ਼ਰਧਾ ਅਤੇ ਸਦਭਾਵਨਾ ਦਾ ਪ੍ਰਤੀਕ ਹੈ, ਜੋ ਸਮਾਜ ਵਿੱਚ ਸਕਾਰਾਤਮਕ ਊਰਜਾ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਦਾ ਹੈ।

# ਆਨਲਾਈਨ ਸੱਟੇਬਾਜ਼ੀ ਐਪ: ਕ੍ਰਿਕਟਰ ਰੌਬਿਨ ਉਥੱਪਾ ਈਡੀ ਅੱਗੇ ਹੋਏ ਪੇਸ਼

ਨਵੀਂ ਦਿੱਲੀ, 22 ਸਤੰਬਰ (ਚ.ਨ.ਸ.) : ਸਾਬਕਾ ਭਾਰਤੀ ਕ੍ਰਿਕਟਰ ਰੌਬਿਨ ਉਥੱਪਾ ਇੱਕ ਆਨਲਾਈਨ ਸੱਟੇਬਾਜ਼ੀ ਐਪ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿੱਚ ਪੁੱਛਗਿੱਛ ਲਈ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੇ ਸਾਹਮਣੇ ਪੇਸ਼ ਹੋਏ।ਰੌਬਿਨ ਉਥੱਪਾ ਸਵੇਰੇ ਕਰੀਬ 11 ਵਜੇ ਈਡੀ ਦਫ਼ਤਰ ਪਹੁੰਚੇ। ਈਡੀ ਇੱਕ ਪਲੇਟਫਾਰਮ @ਵਨਐਕਸਬੇਟ@ ਬਾਰੇ ਮਨੀ ਲਾਂਡਰਿੰਗ ਰੋਕਥਾਮ ਐਕਟ ਦੇ ਤਹਿਤ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਬਿਆਨ ਰਿਕਾਰਡ ਕੀਤਾ ਜਾ ਰਿਹਾ ਹੈ।ਇਸ ਤੋਂ ਪਹਿਲਾਂ ਏਜੰਸੀ ਕ੍ਰਿਕਟਰ ਸੁਰੇਸ਼ ਰੈਨਾ, ਸ਼ਿਖਰ ਧਵਨ, ਅਭਿਨੇਤਰੀ ਅਤੇ ਟੀਐਮਸੀ ਦੀ ਸਾਬਕਾ ਸੰਸਦ ਮੈਂਬਰ ਮਿਮੀ ਚੱਕਰਵਰਤੀ ਅਤੇ ਬੰਗਾਲੀ ਅਭਿਨੇਤਾ ਅੰਕੁਸ਼ ਹਾਜ਼ਰਾ ਤੋਂ ਪੁੱਛਗਿੱਛ ਕਰ ਚੁੱਕੀ ਹੈ।ਈਡੀ ਨੇ ਇਸੇ ਮਾਮਲੇ ਵਿੱਚ ਪੁੱਛਗਿੱਛ ਲਈ ਸਾਬਕਾ ਕ੍ਰਿਕਟਰ ਯੁਵਰਾਜ ਸਿੰਘ ਅਤੇ ਅਭਿਨੇਤਾ ਸੋਨੂੰ ਸੂਦ ਨੂੰ ਵੀ ਕ੍ਰਮਵਾਰ ਮੰਗਲਵਾਰ ਅਤੇ ਬੁੱਧਵਾਰ ਨੂੰ ਸੱਦਿਆ ਹੈ।

# 1 ਅਕਤੂਬਰ ਨੂੰ ਨੁਮਾਇਸ਼ੀ ਫੁੱਟਬਾਲ ਮੈਚ ਲਈ ਭਾਰਤ ਆਉਣਗੇ ਬੋਲਟ

ਮੁੰਬਈ, 22 ਸਤੰਬਰ (ਚ.ਨ.ਸ.) : ਮਹਾਨ ਦੌੜਾਕ ਉਸੈਨ ਬੋਲਟ 1 ਅਕਤੂਬਰ ਨੂੰ ਇੱਕ ਨੁਮਾਇਸ਼ੀ ਫੁੱਟਬਾਲ ਮੈਚ ਲਈ ਭਾਰਤ ਆਉਣਗੇ। ਮਹਾਨ ਐਥਲੀਟਾਂ ਵਿੱਚੋਂ ਇੱਕ ਅਤੇ ਅੱਠ ਓਲੰਪਿਕ ਸੋਨ ਤਗਮੇ ਜਿੱਤਣ ਵਾਲੇ ਬੋਲਟ, ਮਹਾਨ ਫੁੱਟਬਾਲਰਾਂ, ਬਾਲੀਵੁੱਡ ਮਸ਼ਹੂਰ ਹਸਤੀਆਂ ਅਤੇ ਹੋਰ ਪ੍ਰਮੁੱਖ ਹਸਤੀਆਂ ਨਾਲ ਇੱਕ ਫੁੱਟਬਾਲ ਮੈਚ ਖੇਡਣਗੇ।ਬੋਲਟ ਬੰਗਲੁਰੂ ਐਫਸੀ ਅਤੇ ਮੁੰਬਈ ਸਿਟੀ ਐਫਸੀ ਦੋਵਾਂ ਲਈ ਇਕ-ਇਕ ਹਾਫ ਖੇਡਣਗੇ। ਉਹ 30 ਸਤੰਬਰ ਤੋਂ ਸ਼ੁਰੂ ਹੋਣ ਵਾਲੇ ਪੂਮਾ ਦੇ ਦੋ-ਦਿਨਾ ਜਸ਼ਨ ਦੇ ਹਿੱਸੇ ਵਜੋਂ ਦੌਰਾ ਕਰ ਰਹੇ ਹਨ। ਇਸ ਮੈਚ ਲਈ ਟਿਕਟਾਂ ਉਪਲਬਧ ਹਨ।ਪੂਮਾ ਇੰਡੀਆ ਦੇ ਪ੍ਰਬੰਧ ਨਿਰਦੇਸ਼ਕ ਕਾਰਤਿਕ ਬਾਲਗੋਪਾਲਨ ਨੇ ਕਿਹਾ, ÷ਸਾਡਾ ਮੰਨਣਾ ਹੈ ਕਿ ਖੇਡਾਂ ਵਿੱਚ ਭਾਈਚਾਰਿਆਂ ਨੂੰ ਪ੍ਰੇਰਿਤ ਕਰਨ ਅਤੇ ਇਕਜੁੱਟ ਕਰਨ ਦੀ ਸ਼ਕਤੀ ਹੈ। ਫੁੱਟਬਾਲ ਭਾਰਤੀ ਨੌਜਵਾਨਾਂ ਵਿੱਚ ਸਭ ਤੋਂ ਪ੍ਰਸਿੱਧ ਖੇਡਾਂ ਵਿੱਚੋਂ ਇੱਕ ਹੈ, ਅਤੇ ਅਸੀਂ ਉਸੈਨ ਬੋਲਟ ਨੂੰ ਇੱਥੇ ਫੁੱਟਬਾਲ ਖੇਡਣ ਲਈ ਸੱਦਾ ਦੇ ਕੇ ਇਸਦਾ ਜਸ਼ਨ ਮਨਾਉਣਾ ਚਾਹੁੰਦੇ ਹਾਂ।




# ਨੈਸਕਾਮਨੇ ਦਿੱਤੀ ਰਾਹਤ ਭਰੀ ਖ਼ਬਰ : ਐਚ-1-ਬੀ ਵੀਜ਼ਾ ਫ਼ੀਸ ਵਾਧਾ ਸਿਰਫ਼ ਨਵੇਂ ਬਿਨੈਕਾਰਾਂ 'ਤੇ ਲਾਗੂ ਹੋਵੇਗਾ

ਮੁੰਬਈ, 22 ਸਤੰਬਰ (ਚ.ਨ.ਸ.) :ਆਈਟੀ ਉਦਯੋਗ ਸੰਸਥਾ ਨੈਸਕਾਮ ਨੇ ਸੋਮਵਾਰ ਨੂੰ ਸਪੱਸ਼ਟ ਕੀਤਾ ਕਿ ਅਮਰੀਕੀ ਸਰਕਾਰ ਦੁਆਰਾ ਐਲਾਨਿਆ ਗਿਆ HAB ਵੀਜ਼ਾ ਫੀਸ ਵਾਧਾ ਸਿਰਫ਼ ਨਵੇਂ ਬਿਨੈਕਾਰਾਂ @ਤੇ ਲਾਗੂ ਹੋਵੇਗਾ ਅਤੇ ਮੌਜੂਦਾ ਵੀਜ਼ਾ ਧਾਰਕਾਂ ਜਾਂ ਵੀਜ਼ਾ




ਨਵੀਨੀਕਰਨ @ਤੇ ਕੋਈ ਅਸਰ ਨਹੀਂ ਪਵੇਗਾ। ਇਸ ਫੈਸਲੇ ਨੇ ਭਾਰਤੀ ਆਈਟੀ ਕੰਪਨੀਆਂ ਨੂੰ ਦਰਪੇਸ਼ ਅਨਿਸ਼ਚਿਤਤਾ ਨੂੰ ਖਤਮ ਕਰ ਦਿੱਤਾ ਹੈ ਅਤੇ ਉਦਯੋਗ ਨੂੰ ਰਾਹਤ ਦਿੱਤੀ ਹੈ।ਨਾਸਕਾਮ ਨੇ ਕਿਹਾ ਕਿ ਭਾਰਤੀ ਆਈਟੀ ਕੰਪਨੀਆਂ ਨੇ ਅਮਰੀਕਾ ਵਿੱਚ 812 ਵੀਜ਼ਾ @ਤੇ ਆਪਣੀ ਨਿਰਭਰਤਾ ਘਟਾ ਦਿੱਤੀ ਹੈ ਅਤੇ ਸਥਾਨਕ ਭਰਤੀ ਵਧਾ ਦਿੱਤੀ ਹੈ। ਅੰਕੜਿਆਂ ਅਨੁਸਾਰ, ਭਾਰਤੀ ਕੰਪਨੀਆਂ ਨੂੰ ਜਾਰੀ ਕੀਤੇ ਗਏ 812 ਵੀਜ਼ਿਆਂ ਦੀ ਗਿਣਤੀ 2015 ਵਿੱਚ 14,792 ਤੋਂ ਘੱਟ ਕੇ 2024 ਵਿੱਚ 10,162 ਹੋ ਗਈ। ਇਸ ਦੇ ਆਧਾਰ @ਤੇ, ਉਦਯੋਗ @ਤੇ ਸਿਰਫ਼ ਮਾਮੂਲੀ ਪ੍ਰਭਾਵ ਦੀ ਉਮੀਦ ਹੈ।ਨਵੀਂ ਫੀਸ ਦਾ ਐਲਾਨ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਕੀਤਾ ਗਿਆ ਸੀ। ਅਮਰੀਕੀ ਸਰਕਾਰ ਨੇ ਕਿਹਾ ਕਿ ਇਹ ਫੀਸ 2026 ਤੋਂ ਲਾਗੂ ਹੋਵੇਗੀ, ਜਿਸ ਨਾਲ ਕੰਪਨੀਆਂ ਨੂੰ ਹੁਨਰ ਵਿਕਾਸ ਪ੍ਰੋਗਰਾਮਾਂ ਨੂੰ ਤਿਆਰ ਕਰਨ ਅਤੇ ਬਿਹਤਰ ਢੰਗ ਨਾਲ ਲਾਗੂ ਕਰਨ ਲਈ ਕਾਫ਼ੀ ਸਮਾਂ ਮਿਲੇਗਾ।81-2 ਵੀਜ਼ਾ ਫੀਸ ਵਰਤਮਾਨ ਵਿੱਚ ਲਗਭਗ 2,000 ਤੋਂ 5,000 ਡਾਲਰ ਤੱਕ ਹੈ। ਨਵੇਂ ਨਿਯਮ ਦੇ ਤਹਿਤ, 21 ਸਤੰਬਰ, 2025 ਤੋਂ ਬਾਅਦ ਜਮ੍ਹਾਂ ਕਰਵਾਈਆਂ ਗਈਆਂ ਸਾਰੀਆਂ ਨਵੀਆਂ 81-2 ਵੀਜ਼ਾ ਅਰਜ਼ੀਆਂ ਲਈ 100,000 ਡਾਲਰ ਫੀਸ ਲਾਜ਼ਮੀ ਹੋਵੇਗੀ।ਨੈਸਕਾਮ ਨੇ ਕਿਹਾ ਕਿ ਇਹ ਸਪੱਸ਼ਟਤਾ ਅਮਰੀਕਾ ਵਿੱਚ ਕੰਮ ਕਰ ਰਹੀਆਂ ਭਾਰਤੀ ਅਤੇ ਭਾਰਤ ਨਾਲ ਸਬੰਧਤ ਕੰਪਨੀਆਂ ਦੀ ਅਨਿਸ਼ਚਿਤਤਾ ਨੂੰ ਦੂਰ ਕਰੇਗੀ ਅਤੇ ਉਦਯੋਗ ਨੂੰ ਰਾਹਤ ਪ੍ਰਦਾਨ ਕਰੇਗੀ।

# ਅਕਸ਼ੈ ਕੁਮਾਰ ਦੀ ਫਿਲਮ 'ਜੌਲੀ ਐਲਐਲਬੀ' ਨੇ ਬਾਕਸ ਆਫਿਸ 'ਤੇ 53.5 ਕਰੋੜ ਦੀ ਕੀਤੀ ਕਮਾਈ

ਨਵੀਂ ਦਿੱਲੀ, 22 ਸਤੰਬਰ (ਚ.ਨ.ਸ.) : ਅਕਸ਼ੈ ਕੁਮਾਰ ਅਤੇ ਅਰਸ਼ਦ ਵਾਰਸੀ ਅਭਿਨੀਤ ਜੌਲੀ ਐਲਐਲਬੀ ਨੇ ਰਿਲੀਜ਼ ਹੋਣ ਦੇ ਤਿੰਨ ਦਿਨਾਂ ਦੇ ਅੰਦਰ ਘਰੇਲੂ ਬਾਕਸ ਆਫਿਸ @ਤੇ 50 ਕਰੋੜ ਰੁਪਏ ਦਾ ਅੰਕੜਾ ਪਾਰ ਕਰ ਲਿਆ ਹੈ।19 ਸਤੰਬਰ ਨੂੰ ਸਿਨੇਮਾਘਰਾਂ ਵਿੱਚ ਰਿਲੀਜ਼ ਹੋਈ, ਇਹ ਫਿਲਮ ਕੋਰਟਰੂਮ ਕਾਮੇਡੀ ਸੀਰੀਜ਼ ਦੀ ਤੀਜੀ ਕਿਸ਼ਤ ਹੈ, ਜਿਸਦੀ ਸ਼ੁਰੂਆਤ 2013 ਦੀ ÷ਜੌਲੀ ਐਲਐਲਬੀ÷ ਨਾਲ ਹੋਈ ਸੀ, ਜਿਸ ਵਿੱਚ ਅਰਸ਼ਦ ਵਾਰਸੀ ਨੇ ਮੇਰਠ ਦੇ ਇੱਕ ਨਿਰਾਸ਼ ਵਕੀਲ ਜੌਲੀ ਤਿਆਗੀ ਦੀ ਭੂਮਿਕਾ ਨਿਭਾਈ ਸੀ।ਇਸ ਤੋਂ ਬਾਅਦ 2017 ਵਿੱਚ ÷ਜੌਲੀ ਐਲਐਲਬੀ 2÷ ਆਈ, ਜਿਸ ਵਿੱਚ ਕੁਮਾਰ ਨੇ ਕਾਨਪੁਰ ਦੇ ਇੱਕ ਸੰਘਰਸ਼ਸ਼ੀਲ ਵਕੀਲ ਜੌਲੀ ਮਿਸ਼ਰਾ ਦੀ ਭੂਮਿਕਾ ਨਿਭਾਈ।ਫਿਲਮ ਕਮਾਈ ਟਰੈਕਿੰਗ ਵੈਬਸਾਈਟ ÷ਸੈਕਨਿਲਕ÷ ਦੇ ਅਨੁਸਾਰ, ਫਿਲਮ ਨੇ ਆਪਣੇ ਪਹਿਲੇ ਵੀਕੈਂਡ ਵਿੱਚ ਘਰੇਲੂ ਬਾਕਸ ਆਫਿਸ @ਤੇ ?53.5 ਕਰੋੜ ਦੀ ਕਮਾਈ ਕੀਤੀ। ਤੀਜੇ ਦਿਨ ਦੀ ਕਮਾਈ ?21 ਕਰੋੜ ਸੀ।ਸਟਾਰ ਸਟੂਡੀਓ 18 ਦੁਆਰਾ ਨਿਰਮਿਤ, ÷ਜੌਲੀ ਐਲਐਲਬੀ 3÷ ਸੁਭਾਸ਼ ਕਪੂਰ ਦੁਆਰਾ ਨਿਰਦੇਸ਼ਤ ਹੈ, ਜਿਸਨੇ ਪਿਛਲੀਆਂ ਦੋ ਫਿਲਮਾਂ ਦਾ ਵੀ ਨਿਰਦੇਸ਼ਨ ਕੀਤਾ ਸੀ। ਇਸ ਵਿੱਚ ਅੰਮ੍ਰਿਤਾ ਰਾਓ ਅਤੇ ਸੌਰਭ ਸ਼ੁਕਲਾ ਹਨ।÷ਜੌਲੀ ਐਲਐਲਬੀ 3÷ ਤੋਂ ਇਲਾਵਾ, ਅਕਸ਼ੈ ਕੁਮਾਰ ÷ਵੈਲਕਮ ਟੂ ਦ ਜੰਗਲ÷ ਵਿੱਚ ਵੀ ਨਜ਼ਰ ਆਉਣਗੇ, ਜੋ ÷ਵੈਲਕਮ÷ ਫਿਲਮ ਲੜੀ ਦੀ ਤੀਜੀ ਕਿਸ਼ਤ ਹੈ। ਅਹਿਮਦ ਖਾਨ ਦੁਆਰਾ ਨਿਰਦੇਸ਼ਤ, ਇਸ ਫਿਲਮ ਵਿੱਚ ਜੈਕਲੀਨ ਫਰਨਾਂਡੀਜ਼, ਰਵੀਨਾ ਟੰਡਨ, ਸ਼੍ਰੇਅਸ ਤਲਪੜੇ ਅਤੇ ਮਾਨੁਸ਼ੀ ਛਿੱਲਰ ਹਨ।



# ਭਾਰੀ ਮੀਂਹ ਕਾਰਨ ਇਟਲੀ ਦੇ ਸੂਬੇ ਲੰਬਾਰਦੀਆ ਤੇ ਲਿਗੂਰੀਆ ਨੂੰ ਮੌਸਮ ਵਿਭਾਗ ਨੇ ਸੰਤਰੀ ਰੰਗ ਦੀ ਚਿਤਾਵਨੀ ਵਾਲਾ ਐਲਾਨਿਆ

ਮਿਲਾਨ (ਇਟਲੀ), 22 ਸਤੰਬਰ (ਗੁਰਸ਼ਰਨ ਸਿੰਘ ਸੋਨੀ) : ਇਟਲੀ ਦੇ ਲੰਬਾਰਦੀਆਂ ਸੂਬੇ ਤੇ ਇਸ ਦੇ ਨਾਲ ਲੱਗਦੇ ਸੂਬਿਆਂ ਵਿੱਚ ਹੋਏ ਖਰਾਬ ਮੌਸਮ ,ਤੇਜ ਮੀਂਹ ਅਤੇ ਤੇਜ ਹਵਾਵਾਂ ਨੇ ਲੋਕਾਂ ਦਾ ਜਨਜੀਵਨ ਵੱਡੇ ਪੱਧਰ ਤੇ ਪ੍ਰਭਾਵਿਤ ਕੀਤਾ ਹੋਇਆ ਹੈ ਜਿਸ ਦੇ ਚੱਲਦਿਆਂ ਲੰਬਾਰਦੀਆ ਤੇ ਲਿਗੂਰੀਆ ਸੂਬੇ ਵਿੱਚ ਮੌਸਮ ਵਿਭਾਗ ਸੰਤਰੀ ਰੰਗ ਦੀ ਚੇਤਾਵਨੀ ਜਨਤਕ ਕਰ ਦਿੱਤੀ ਹੈ।ਮਿਲਾਨ ਵਿੱਚ ਤੇਜ ਗਰਜ ਤੇ ਭਾਰੀ ਮੀਂਹ ਕਾਰਨ ਸੇਵੇਸੋ ਨਦੀ ਦਾ ਪਾਣੀ ਓਵਰਫਲੋ ਦੱਸਿਆ ਜਾ ਰਿਹਾ ਹੈ ਜਿਹੜਾ ਕਿ ਕਦੇ ਵੀ ਲੋਕਾਂ ਲਈ ਪ੍ਰੇਸ਼ਾਨ ਬਣ ਸਕਦਾ ਹੈ।ਕੋਮੋ ਤੇ ਹੋਰ ਇਲਾਕਿਆ ਵਿੱਚ ਮੀਂਹ ਦੇ ਪਾਣੀ ਨੇ ਹੜ੍ਹ ਵਰਗੇ ਹਾਲਤਾਂ ਬਣਾ ਰੱਖੇ ਹਨ ਜਦੋਂ ਕਿ ਖਰਾਬ ਮੌਸਮ ਦੇ ਚੱਲਦਿਆਂ ਇਹਨਾਂ ਇਲਾਕਿਆਂ ਵਿੱਚ ਜਮੀਨ ਖਿਸਕਣ ਦੀਆਂ ਖਬਰਾਂ ਵੀ ਸਾਹਮ੍ਹਣੇ ਆ ਰਹੀਆਂ ਹਨ।ਲਿਗੂਰੀਆ ਸੂਬੇ ਦੇ ਖਰਾਬ ਮੌਸਮ ਕਾਰਨ ਸਕੂਲ ਬੰਦ ਕਰਵਾ ਦਿੱਤੇ ਹਨ।ਅਲਸਾਂਦਰੀਆਂ ਖੇਤਰ ਵਿੱਚ ਖਰਾਬ ਮੌਸਮ ਕਾਰਨ ਇੱਕ ਔਰਤ ਦੇ ਲਾਪਤਾ ਹੋਣ ਦੀ ਵੀ ਖ਼ਬਰ ਆ ਰਹੀ ਹੈ ਜਿਸ ਨੂੰ ਸਥਾਨਕ ਪ੍ਰਸ਼ਾਸ਼ਨ ਹੈਲੀਕਾਪਟਰ ਨਾਲ ਲੱਭ ਰਿਹਾ ਹੈ।ਕੱਲ੍ਹ ਪਏ ਭਾਰੀ ਮੀਹ ਅਤੇ ਤੇਜ ਹਵਾਵਾਂ ਦੇ ਮੱਦੇਨਜ਼ਰ ਹੀ ਸਰਕਾਰ ਨੂੰ ਇਸ ਇਲਾਕੇ ਵਿੱਚ ਲੋਕਾਂ ਨੂੰ ਖਤਰੇ ਤੋਂ ਬਚਣ ਲਈ ਸੰਤਰੀ ਰੰਗ ਦੀ ਚਿਤਾਵਨੀ ਦਾ ਐਲਾਨ ਕਰ ਦਿੱਤਾ ਹੈ। ਕੱਲ੍ਹ ਤੇ ਅੱਜ ਇਹਨਾਂ ਇਲਾਕਿਆਂ ਵਿੱਚ 30 ਤੋਂ 80 ਮਿਲੀਮੀਟਰ ਜਾਂ ਇਸ ਤੋਂ ਵੀ ਵੱਧ ਬਾਰਿਸ਼ ਹੋ ਚੁੱਕੀ ਹੈ।ਕੋਮੋ ਖੇਤਰ ਨੱਕੋ-ਨੱਕ ਮੀਂਹ ਦੇ ਪਾਣੀ ਨਾਲ ਭਰਿਆ ਪਿਆ ਹੈ।ਇਲਾਕਿਆਂ ਵਿੱਚ ਰਾਹਤ ਕਰਮਚਾਰੀਆਂ ਦੇ ਕਈ ਦਸਤੇ ਲੋਕਾਂ ਨੂੰ ਸੁੱਰਖਿਆ ਮੁੱਹਈਆ ਕਰਵਾਉਣ ਦੇ ਲਈ ਕੱਲ੍ਹ ਤੇ ਅੱਜ ਨਿਰੰਤਰ ਸੇਵਾ ਦੇ ਵਿੱਚ ਹਨ ਲੋਕ ਖਰਾਬ ਮੌਸਮ ਦੇ ਕਾਰਨ ਇਹਨਾਂ ਨੂੰ ਵਾਰ-ਵਾਰ ਫੋਨ ਕਰ ਰਹੇ ਹਨ।ਕਈ ਇਲਾਕਿਆਂ ਵਿੱਚ ਬਿਜਲੀ ਅਤੇ ਟੈਲੀਫੋਨ ਦੀ ਸਰਵਿਸ ਵੀ ਬੰਦ ਵਾਂਗਰ ਹੀ ਹੈ ਜਿਸ ਕਾਰਨ ਲੋਕ ਬਹੁਤ ਹੀ ਜਿ ?ਆਦਾ ਪ੍ਰੇਸ਼ਾਨੀ ਵਿੱਚੋਂ ਲੰਘ ਰਹੇ ਹਨ।



# ਆਚਾਰੀਆ ਬਾਲਕ੍ਰਿਸ਼ਨ ਵਿਸ਼ਵ ਦਰਜਾਬੰਦੀ ਵਿੱਚ ਚੋਟੀ ਦੇ 2 ਫ਼ੀਸਦੀ ਵਿਗਿਆਨੀਆਂ ਵਿੱਚ ਮੁੜ ਸ਼ਾਮਲ ਹੋਏ


ਹਰਿਦੁਆਰ, 22 ਸਤੰਬਰ, (ਅੰਮ੍ਰਿਤਪਾਲ ਸਿੰਘ) : ਆਚਾਰੀਆ ਬਾਲਕ੍ਰਿਸ਼ਨ ਨੂੰ ਦੁਨੀਆ ਦੇ ਚੋਟੀ ਦੇ 2% ਵਿਗਿਆਨੀਆਂ ਦੀ ਸੂਚੀ ਵਿੱਚ ਦੁਬਾਰਾ ਸ਼ਾਮਲ ਕੀਤਾ ਗਿਆ ਹੈ, ਜੋ ਕਿ ਸੰਯੁਕਤ ਰਾਜ ਅਮਰੀਕਾ ਦੀ ਵੱਕਾਰੀ ਸਟੈਨਫੋਰਡ ਯੂਨੀਵਰਸਿਟੀ ਦੇ ਖੋਜ ਸਮੂਹ ਅਤੇ ਵਿਸ਼ਵ-ਪ੍ਰਸਿੱਧ ਪ੍ਰਕਾਸ਼ਕ ਐਲਸੇਵੀਅਰ ਦੁਆਰਾ ਜਾਰੀ ਕੀਤੀ ਗਈ ਹੈ। ਇਸ ਪ੍ਰਾਪਤੀ ਦਾ ਇਹ ਇਤਿਹਾਸਕ ਦੁਹਰਾਓ ਨਾ ਸਿਰਫ਼ ਆਚਾਰੀਆ ਬਾਲਕ੍ਰਿਸ਼ਨ ਲਈ ਨਿੱਜੀ ਤੌਰ @ਤੇ, ਸਗੋਂ ਪਤੰਜਲੀ, ਆਯੁਰਵੇਦ ਅਤੇ ਪੂਰੇ ਦੇਸ਼ ਲਈ ਵੀ ਖੁਸ਼ੀ ਦੀ ਗੱਲ ਹੈ। ਸਬੂਤ-ਅਧਾਰਤ ਵਿਗਿਆਨਕ ਪਹੁੰਚ ਦੇ ਅਧਾਰ @ਤੇ ਭਾਰਤ ਦੇ ਸਦੀਵੀ ਗਿਆਨ ਨੂੰ ਪ੍ਰਮਾਣਿਤ ਕਰਕੇ, ਆਚਾਰੀਆ ਬਾਲਕ੍ਰਿਸ਼ਨ ਨੇ ਸਾਬਤ ਕੀਤਾ ਹੈ ਕਿ ਮਜ਼ਬੂਤ ? ?ਇੱਛਾ ਸ਼ਕਤੀ ਨਾਲ ਕੁਝ ਵੀ ਅਸੰਭਵ ਨਹੀਂ ਹੈ। ਉਨ੍ਹਾਂ ਦੀ ਖੋਜ ਦੁਨੀਆ ਭਰ ਦੇ ਵਿਗਿਆਨੀਆਂ ਲਈ ਕੁਦਰਤੀ ਜੜ੍ਹੀਆਂ ਬੂਟੀਆਂ ਨਾਲ ਸਬੰਧਤ ਭਵਿੱਖ ਦੀ ਖੋਜ ਲਈ ਰਾਹ ਪੱਧਰਾ ਕਰੇਗੀ। ਖੋਜ ਅਤੇ ਆਯੁਰਵੇਦ ਅਭਿਆਸ ਵਿੱਚ ਆਚਾਰੀਆ ਜੀ ਦੀ ਡੂੰਘੀ ਮੁਹਾਰਤ, ਅਤੇ ਉਨ੍ਹਾਂ ਦੇ ਗਤੀਸ਼ੀਲ ਮਾਰਗਦਰਸ਼ਨ ਤੋਂ ਪ੍ਰੇਰਿਤ ਹੋ ਕੇ, ਅੰਤਰਰਾਸ਼ਟਰੀ ਖੋਜ ਰਸਾਲਿਆਂ ਵਿੱਚ 300 ਤੋਂ ਵੱਧ ਖੋਜ ਲੇਖ ਪ੍ਰਕਾਸ਼ਿਤ ਕੀਤੇ ਗਏ ਹਨ। ਆਚਾਰੀਆ ਜੀ ਦੇ ਨਿਰੰਤਰ ਮਾਰਗਦਰਸ਼ਨ ਹੇਠ, ਪਤੰਜਲੀ ਨੇ 100 ਤੋਂ ਵੱਧ ਸਬੂਤ-ਅਧਾਰਤ ਆਯੁਰਵੈਦਿਕ ਦਵਾਈਆਂ ਵਿਕਸਤ ਕੀਤੀਆਂ ਹਨ, ਜੋ ਜਨਤਾ ਨੂੰ ਐਲੋਪੈਥਿਕ ਦਵਾਈਆਂ ਦਾ ਇੱਕ ਪਹੁੰਚਯੋਗ ਅਤੇ ਮਾੜੇ ਪ੍ਰਭਾਵ ਤੋਂ ਮੁਕਤ ਵਿਕਲਪ ਪ੍ਰਦਾਨ ਕਰਦੀਆਂ ਹਨ। ਯੋਗ ਅਤੇ ਆਯੁਰਵੇਦ @ਤੇ 120 ਤੋਂ ਵੱਧ ਕਿਤਾਬਾਂ ਅਤੇ 25 ਤੋਂ ਵੱਧ ਅਣਪ੍ਰਕਾਸ਼ਿਤ ਪ੍ਰਾਚੀਨ ਆਯੁਰਵੈਦਿਕ ਹੱਥ-ਲਿਖਤਾਂ ਦੀ ਲੇਖਕਤਾ ਆਯੁਰਵੇਦ ਪ੍ਰਤੀ ਉਨ੍ਹਾਂ ਦੇ ਵਿਸ਼ਵਾਸ ਅਤੇ ਸਮਰਪਣ ਦਾ ਨਤੀਜਾ ਹੈ। ਦਰਤੀ ਜੜ੍ਹੀਆਂ ਬੂਟੀਆਂ ਨੂੰ ਹਰਬਲ ਐਨਸਾਈਕਲੋਪੀਡੀਆ ਰਾਹੀਂ ਸੂਚੀਬੱਧ ਕਰਨ ਦੇ ਉਨ੍ਹਾਂ ਦੇ ਦ੍ਰਿਸ਼ਟੀਕੋਣ ਦੀ, ਜੋ ਕਿ ਵਿਗਿਆਨੀਆਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਵਿਆਪਕ ਭੰਡਾਰ ਪ੍ਰਦਾਨ ਕਰਦੀ ਹੈ, ਦੁਨੀਆ ਭਰ ਦੇ ਵਿਗਿਆਨਕ ਸਮੂਹਾਂ ਦੁਆਰਾ ਪ੍ਰਸ਼ੰਸਾ ਕੀਤੀ ਗਈ ਹੈ। ਵੱਖ-ਵੱਖ ਦੇਸ਼ਾਂ ਦੇ ਰਵਾਇਤੀ ਡਾਕਟਰੀ ਅਭਿਆਸਾਂ ਨੂੰ ਇਕਜੁੱਟ ਕਰਕੇ, ਆਚਾਰੀਆ ਜੀ ਨੇ ਉਨ੍ਹਾਂ ਨੂੰ ਮਾਲਾਗਾਓਂ, ਉੱਤਰਾਖੰਡ ਵਿੱਚ ਹਰਬਲ ਵਰਲਡ ਰਾਹੀਂ ਜਨਤਾ ਦੇ ਸਾਹਮਣੇ ਪੇਸ਼ ਕੀਤਾ ਹੈ, ਉਨ੍ਹਾਂ ਨੂੰ ਇੱਕ ਜਾਣਕਾਰੀ ਭਰਪੂਰ ਅਤੇ ਗਿਆਨਵਾਨ ਦ੍ਰਿਸ਼ਟੀਕੋਣ ਦਿੱਤਾ ਹੈ, ਜਿਸ ਨਾਲ ਸੈਲਾਨੀਆਂ ਵਿੱਚ ਜਾਗਰੂਕਤਾ ਵਧੀ ਹੈ। ਇਸ ਮੌਕੇ @ਤੇ, ਯੋਗਰਿਸ਼ੀ ਸਵਾਮੀ ਰਾਮਦੇਵ ਜੀ ਨੇ ਕਿਹਾ ਕਿ ਆਚਾਰੀਆ ਬਾਲਕ੍ਰਿਸ਼ਨ ਜੀ ਨੇ ਨਾ ਸਿਰਫ਼ ਵਿਗਿਆਨਕ ਸਬੂਤਾਂ ਨਾਲ ਆਯੁਰਵੇਦ ਦੀ ਸਥਾਪਨਾ ਕੀਤੀ ਹੈ ਬਲਕਿ ਦੁਨੀਆ ਭਰ ਦੇ ਖੋਜਕਰਤਾਵਾਂ ਲਈ ਆਯੁਰਵੇਦ ਵਿੱਚ ਖੋਜ ਦੇ ਨਵੇਂ ਰਸਤੇ ਵੀ ਖੋਲ੍ਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਦੁਨੀਆ ਦੇ ਚੋਟੀ ਦੇ ਵਿਗਿਆਨੀਆਂ ਵਿੱਚ ਸ਼ਾਮਲ ਹੋਣਾ ਕੁਦਰਤੀ ਜੜ੍ਹੀਆਂ ਬੂਟੀਆਂ ਅਤੇ ਪ੍ਰਾਚੀਨ ਆਯੁਰਵੈਦਿਕ ਗਿਆਨ ਵਿੱਚ ਛੁਪੀ ਹੋਈ ਅਥਾਹ ਸੰਭਾਵਨਾ ਦਾ ਸਬੂਤ ਹੈ। ਸਵਾਮੀ ਜੀ ਨੇ ਇਸਨੂੰ ਭਾਰਤ ਦੀਆਂ ਖੋਜ ਸਮਰੱਥਾਵਾਂ ਅਤੇ ਵਿਸ਼ਵ ਲੀਡਰਸ਼ਿਪ ਵੱਲ ਇੱਕ ਇਤਿਹਾਸਕ ਕਦਮ ਦੱਸਿਆ। ਇਸ ਮੌਕੇ @ਤੇ, ਪਤੰਜਲੀ ਦੇ ਮੁੱਖ ਵਿਗਿਆਨੀ, ਡਾ. ਅਨੁਰਾਗ ਵਰਸ਼ਣੇ ਨੇ ਕਿਹਾ ਕਿ ਇਹ ਸਾਡਾ ਸੁਭਾਗ ਹੈ ਕਿ ਸਾਨੂੰ ਆਚਾਰੀਆ ਜੀ ਦੀ ਕੰਪਨੀ ਵਿੱਚ ਕੰਮ ਕਰਨ ਦਾ ਮੌਕਾ ਮਿਲਿਆ। ਅਸੀਂ ਆਧੁਨਿਕ ਪ੍ਰਮਾਣੀਕਰਣ ਰਾਹੀਂ ਵਿਸ਼ਵ ਪੱਧਰ @ਤੇ ਆਯੁਰਵੇਦ ਨੂੰ ਸਥਾਪਿਤ ਕਰਨ ਲਈ ਉਨ੍ਹਾਂ ਦੀ ਮਿਸਾਲੀ ਖੋਜ ਅਤੇ ਸਮਰਪਣ ਨੂੰ ਵਾਰ-ਵਾਰ ਸਲਾਮ ਕਰਦੇ ਹਾਂ। ਉਨ੍ਹਾਂ ਅੱਗੇ ਕਿਹਾ ਕਿ ਆਚਾਰੀਆ ਬਾਲਕ੍ਰਿਸ਼ਨ ਜੀ ਦਾ ਯੋਗਦਾਨ ਸਾਨੂੰ ਆਪਣੇ ਪ੍ਰਾਚੀਨ ਗਿਆਨ ਅਤੇ ਆਧੁਨਿਕ ਵਿਗਿਆਨ ਨੂੰ ਤਾਲਮੇਲ ਬਣਾ ਕੇ ਇੱਕ ਸਿਹਤਮੰਦ, ਚਮਕਦਾਰ ਅਤੇ ਸਵੈ-ਨਿਰਭਰ ਭਾਰਤ ਲਈ ਇੱਕ ਮਜ਼ਬੂਤ ? ?ਨੀਂਹ ਬਣਾਉਣ ਲਈ ਪ੍ਰੇਰਿਤ ਕਰਦਾ ਹੈ।




# 'ਸਬਕਾ ਸਾਥ, ਸਬਕਾ ਵਿਕਾਸ' ਲੋਕਅਰਪਣ

## ਇਹ ਕਿਤਾਬਾਂ ਪ੍ਰਧਾਨ ਮੰਤਰੀ ਦੇ ਯੋਗਦਾਨ, ਉਨ੍ਹਾਂ ਦੇ ਦ੍ਰਿਸ਼ਟੀਕੋਣ ਅਤੇ ਰਾਸ਼ਟਰ ਲਈ ਉਨ੍ਹਾਂ ਦੇ ਸੁਪਨਿਆਂ ਨੂੰ ਦਰਸਾਉਂਦੀਆਂ ਨੇ: ਉਪ ਰਾਸ਼ਟਰਪਤੀ

ਨਵੀਂ ਦਿੱਲੀ, 22 ਸਤੰਬਰ, (ਅੰਮ੍ਰਿਤਪਾਲ ਸਿੰਘ) : ਉਪ ਰਾਸ਼ਟਰਪਤੀ ਸ਼੍ਰੀ ਸੀ.ਪੀ. ਰਾਧਾਕ੍ਰਿਸ਼ਨਨ ਨੇ ਅੱਜ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੇ ਚੋਣਵੇਂ ਭਾਸ਼ਣਾਂ ਦੇ ਦੋ ਖੰਡ ਜਾਰੀ ਕੀਤੇ, ਜਿਨ੍ਹਾਂ ਦਾ ਸਿਰਲੇਖ ਹੈ ÷ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ, ਸਬਕਾ ਪ੍ਰਯਾਸ।÷ ਇਹ ਖੰਡ ਪ੍ਰਧਾਨ ਮੰਤਰੀ ਦੇ ਦੂਜੇ ਕਾਰਜਕਾਲ ਦੇ ਚੌਥੇ ਅਤੇ ਪੰਜਵੇਂ ਸਾਲ ਨੂੰ ਕਵਰ ਕਰਦੇ ਹਨ। ਨਵੀਂ ਦਿੱਲੀ ਵਿੱਚ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੁਆਰਾ ਆਯੋਜਿਤ ਸਮਾਗਮ ਵਿੱਚ ਬੋਲਦਿਆਂ, ਉਪ ਰਾਸ਼ਟਰਪਤੀ ਨੇ ਨਵਰਾਤਰੀ ਦੇ ਸ਼ੁਭ ਮੌਕੇ @ਤੇ ਨਾਗਰਿਕਾਂ ਨੂੰ ਨਿੱਘੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਕਿਹਾ ਕਿ ਇਹ ਅਹੁਦਾ ਸੰਭਾਲਣ ਤੋਂ ਬਾਅਦ ਉਨ੍ਹਾਂ ਦਾ ਪਹਿਲਾ ਜਨਤਕ ਸਮਾਗਮ ਸੀ। ਉਪ ਰਾਸ਼ਟਰਪਤੀ ਨੇ ਕਿਹਾ ਕਿ ਇਹ ਦੋ ਖੰਡ ਪ੍ਰਧਾਨ ਮੰਤਰੀ ਦੇ ਯੋਗਦਾਨ, ਉਨ੍ਹਾਂ ਦੇ ਦ੍ਰਿਸ਼ਟੀਕੋਣ ਅਤੇ ਰਾਸ਼ਟਰ ਲਈ ਉਨ੍ਹਾਂ ਦੇ ਸੁਪਨਿਆਂ ਨੂੰ ਸਮਝਣ ਦੀ ਕੁੰਜੀ ਰੱਖਦੇ ਹਨ। ਉਨ੍ਹਾਂ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਭਾਰਤ ਅਤੇ ਵਿਦੇਸ਼ਾਂ ਵਿੱਚ ਲੱਖਾਂ ਲੋਕਾਂ ਲਈ ਇੱਕ ਜੀਵਤ ਪ੍ਰੇਰਨਾ ਦੱਸਿਆ, ਜਿਨ੍ਹਾਂ ਦਾ ਆਚਰਣ ਲੋਕਾਂ ਨੂੰ ਆਪਣਾ ਸਭ ਤੋਂ ਵਧੀਆ ਦੇਣ ਲਈ ਪ੍ਰੇਰਿਤ ਕਰਦਾ ਹੈ, ਜੋ ਆਮ ਆਦਮੀ ਦੇ ਪ੍ਰਤੀਨਿਧੀ ਤੋਂ ਇੱਕ ਸੱਚੇ ਜਨ ਨੇਤਾ ਵਿੱਚ ਵਿਕਸਤ ਹੋਏ ਹਨ, ਜਿਨ੍ਹਾਂ ਦੇ ਦ੍ਰਿੜ ਇਰਾਦੇ ਨੇ ਸਾਨੂੰ ਦਿਖਾਇਆ ਹੈ ਕਿ ਅਸੰਭਵ ਨੂੰ ਕਿਵੇਂ ਸੰਭਵ ਬਣਾਇਆ ਜਾ ਸਕਦਾ ਹੈ, ਅਸੰਭਵ ਨੂੰ ਕਿਵੇਂ ਸੰਭਵ ਬਣਾਇਆ ਜਾ ਸਕਦਾ ਹੈ, ਅਸੰਭਵ ਨੂੰ ਕਿਵੇਂ ਸੰਭਵ ਬਣਾਇਆ ਜਾ ਸਕਦਾ ਹੈ।ਇਨ੍ਹਾਂ ਕਿਤਾਬਾਂ ਦੀ ਸਮੱਗਰੀ ਨੂੰ ਉਜਾਗਰ ਕਰਦੇ ਹੋਏ, ਜਿਸ ਵਿੱਚ 2022-23 ਦੌਰਾਨ ਦਿੱਤੇ ਗਏ 76 ਭਾਸ਼ਣ ਅਤੇ 12 ਮਨ ਕੀ ਬਾਤ ਭਾਸ਼ਣ ਅਤੇ 2023-24 ਦੌਰਾਨ ਦਿੱਤੇ ਗਏ 82 ਭਾਸ਼ਣ ਅਤੇ 9 ਮਨ ਕੀ ਬਾਤ ਭਾਸ਼ਣ ਸ਼ਾਮਲ ਹਨ, ਜੋ ਕਿ 11 ਥੀਮੈਟਿਕ ਜਿਲਦਾਂ ਵਿੱਚ ਸੰਕਲਿਤ ਹਨ, ਉਪ ਰਾਸ਼ਟਰਪਤੀ ਨੇ ਕਿਹਾ ਕਿ ਇਹ ਕਿਤਾਬਾਂ ਪ੍ਰਧਾਨ ਮੰਤਰੀ ਦੀ ਸੋਚ ਦੀ ਸਪਸ਼ਟਤਾ, ਦੂਰਦਰਸ਼ੀ ਪਹੁੰਚ ਅਤੇ ਸਮਾਵੇਸ਼ੀ ਸ਼ਾਸਨ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੀਆਂ ਹਨ। ਉਪ ਰਾਸ਼ਟਰਪਤੀ ਨੇ ਭਾਸ਼ਣਾਂ ਦੀ ਧਿਆਨ ਨਾਲ ਚੋਣ ਅਤੇ ਸੁੰਦਰ ਪੇਸ਼ਕਾਰੀ ਲਈ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਪ੍ਰਕਾਸ਼ਨ ਵਿਭਾਗ ਨੂੰ ਵੀ ਵਧਾਈ ਦਿੱਤੀ। ਸਵਾਮੀ ਵਿਵੇਕਾਨੰਦ ਦੇ ਕਹੇ, ÷ਉੱਠੋ, ਜਾਗੋ, ਅਤੇ ਟੀਚਾ ਪ੍ਰਾਪਤ ਹੋਣ ਤੱਕ ਨਾ ਰੁਕੋ,÷ ਦਾ ਹਵਾਲਾ ਦਿੰਦੇ ਹੋਏ ਉਪ ਰਾਸ਼ਟਰਪਤੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਦਾ ਹਰ ਭਾਸ਼ਣ ਦ੍ਰਿੜਤਾ, ਦ੍ਰਿੜਤਾ ਅਤੇ ਲੋਕ ਭਲਾਈ ਦਾ ਸੰਦੇਸ਼ ਦਿੰਦਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਭਾਸ਼ਣ ਪ੍ਰਧਾਨ ਮੰਤਰੀ ਮੋਦੀ ਦੇ ਸਮਾਜ ਦੇ ਆਖਰੀ ਵਿਅਕਤੀ ਤੱਕ ਸਰਕਾਰੀ ਯੋਜਨਾਵਾਂ ਪਹੁੰਚਣ ਦੇ ਦ੍ਰਿਸ਼ਟੀਕੋਣ ਨੂੰ ਦਰਸਾਉਂਦੇ ਹਨ। ਉਨ੍ਹਾਂ ਨੇ 'ਏਕ ਭਾਰਤ ਸ੍ਰੇਸ਼ਠ ਭਾਰਤ,' ਕਾਸ਼ੀ ਤਮਿਲ ਸੰਗਮ, ਆਦਿਵਾਸੀ ਮਾਣ ਦਿਵਸ ਅਤੇ ਰਾਜਪਥ ਦਾ ਨਾਮ ਬਦਲਣ ਬਾਰੇ ਵੀ ਗੱਲ ਕੀਤੀ। ਉਨ੍ਹਾਂ ਨੇ ਕਾਰਤਵਯ ਪਥ ਵਰਗੀਆਂ ਪਹਿਲਕਦਮੀਆਂ ਰਾਹੀਂ ਭਾਰਤ ਦੀ ਸੱਭਿਆਚਾਰਕ ਪਛਾਣ ਨੂੰ ਮੁੜ ਸੁਰਜੀਤ ਕਰਨ ਵਿੱਚ ਪ੍ਰਧਾਨ ਮੰਤਰੀ ਦੀ ਭੂਮਿਕਾ 'ਤੇ ਚਾਨਣਾ ਪਾਇਆ। ਯੁਵਾ ਸਸ਼ਕਤੀਕਰਨ ਬਾਰੇ ਬੋਲਦੇ ਹੋਏ, ਉਪ ਰਾਸ਼ਟਰਪਤੀ ਨੇ ਸਟਾਰਟਅੱਪ ਇੰਡੀਆ, ਫਿੱਟ ਇੰਡੀਆ, ਖੇਲੋ ਇੰਡੀਆ, ਸਕਿੱਲ ਇੰਡੀਆ ਅਤੇ ਰੋਜ਼ਗਾਰ ਮੇਲਾ ਵਰਗੀਆਂ ਪਹਿਲਕਦਮੀਆਂ ਦੀ ਪ੍ਰਸ਼ੰਸਾ ਕੀਤੀ, ਉਨ੍ਹਾਂ ਨੂੰ 2047 ਤੱਕ ਇੱਕ ਵਿਕਸਤ ਭਾਰਤ ਬਣਾਉਣ ਦੇ ਬੁਨਿਆਦੀ ਥੰਮ੍ਹ ਕਿਹਾ।






# ਸ਼ਾਹੀਨ ਤੇ ਰੌਫ਼ ਦੇ ਸ਼ਬਦੀ ਹਮਲਿਆਂ ਦਾ ਜਵਾਬ ਬੱਲੇ ਨਾਲ ਦਿੱਤਾ: ਅਭਿਸ਼ੇਕ

ਦੁਬਈ, 22 ਸਤੰਬਰ (ਚ. ਨ. ਸ.): ਏਸ਼ੀਆ ਕੱਪ ਵਿੱਚ ਪਾਕਿਸਤਾਨ ਖਿਲਾਫ਼ ਛੇ ਵਿਕਟਾਂ ਦੀ ਜਿੱਤ ਮਗਰੋਂ ਭਾਰਤ ਦੇ ਸਲਾਮੀ ਬੱਲੇਬਾਜ਼ ਅਭਿਸ਼ੇਕ ਸ਼ਰਮਾ ਨੇ ਪਾਕਿਸਤਾਨੀ ਗੇਂਦਬਾਜ਼ਾਂ, ਖਾਸ ਕਰਕੇ ਸ਼ਾਹੀਨ ਸ਼ਾਹ ਅਫਰੀਦੀ ਅਤੇ ਹਾਰਿਸ ਰੌਫ ਦੀ ਤੇਜ਼ ਗੇਂਦਬਾਜ਼ੀ ਜੋੜੀ ਨਾਲ ਕਰੀਜ਼ 'ਤੇ ਹੋਈ ਤਲਖ਼ ਕਲਾਮੀ ਦੀ ਗੱਲ ਕਰਦਿਆਂ ਕਿਹਾ ਕਿ ਉਸ ਨੂੰ ਇਹ ਪਸੰਦ ਨਹੀਂ ਆਇਆ ਕਿ ਪਾਕਿਸਤਾਨੀ ਗੇਂਦਬਾਜ਼ ਬਿਨਾਂ ਕਿਸੇ ਗੱਲੋਂ ਉਨ੍ਹਾਂ 'ਤੇ ਸ਼ਬਦੀ ਹਮਲੇ ਕਰ ਰਹੇ ਸਨ। ਲਿਹਾਜ਼ਾ ਉਨ੍ਹਾਂ (ਅਭਿਸ਼ੇਕ ਤੇ ਸ਼ੁਭਮਨ ਗਿੱਲ) ਨੇ ਬੱਲੇ ਨਾਲ ਜਵਾਬ ਦੇਣ ਦਾ ਫੈਸਲਾ ਕੀਤਾ।



ਅਭਿਸ਼ੇਕ ਸ਼ਰਮਾ ਅਤੇ ਉਪ ਕਪਤਾਨ ਸ਼ੁਭਮਨ ਗਿੱਲ ਵਿਚਾਲੇ 105 ਦੌੜਾਂ ਦੀ ਜ਼ਬਰਦਸਤ ਭਾਈਵਾਲੀ ਦੀ ਬਦੌਲਤ ਭਾਰਤ ਨੇ 172 ਦੌੜਾਂ ਦੇ ਟੀਚੇ ਨੂੰ ਛੇ ਵਿਕਟਾਂ ਅਤੇ ਸੱਤ ਗੇਂਦਾਂ ਬਾਕੀ ਰਹਿੰਦਿਆਂ 174/4 ਕੇ ਸਕੋਰ ਨਾਲ ਹਾਸਲ ਕਰ ਲਿਆ। ਭਾਰਤ ਨੇ ਸੁਪਰ ਫੋਰ ਗੇੜ ਦੀ ਸ਼ੁਰੂਆਤ ਜਿੱਤ ਨਾਲ ਕੀਤੀ ਅਤੇ ਆਈਸੀਸੀ ਟੀ-20 ਵਿਸ਼ਵ ਕੱਪ 2022 ਦੌਰਾਨ ਮੈਲਬਰਨ ਵਿੱਚ ਵਿਰਾਟ ਕੋਹਲੀ ਦੀ ਸ਼ਾਨਦਾਰ ਪਾਰੀ ਤੋਂ ਬਾਅਦ ਟੀ-20 ਵਿੱਚ ਪਾਕਿਸਤਾਨ ਨੂੰ ਲਗਾਤਾਰ ਸੱਤਵੀਂ ਵਾਰ ਹਰਾਇਆ।

ਪਾਕਿਸਤਾਨ ਦੀ ਬੱਲੇਬਾਜ਼ੀ ਦੌਰਾਨ ਸਾਹਿਬਜ਼ਾਦਾ ਫਰਹਾਨ ਨੇ ਆਪਣਾ ਨੀਮ ਸੈਂਕੜਾ ਪੂਰਾ ਕਰਨ ਤੋਂ ਬਾਅਦ ਬੱਲੇ ਨੂੰ 'ਬੰਦੂਕ' ਬਣਾ ਕੇ ਜਸ਼ਨ ਮਨਾਇਆ। ਟੀਚੇ ਦਾ ਪਿੱਛਾ ਕਰਦਿਆਂ ਭਾਰਤ ਦੀ ਸਲਾਮੀ ਜੋੜੀ ਗਿੱਲ-ਅਭਿਸ਼ੇਕ ਦੀ ਪਾਕਿਸਤਾਨੀ ਗੇਂਦਬਾਜ਼ਾਂ, ਖਾਸ ਕਰਕੇ ਸ਼ਾਹੀਨ ਅਤੇ ਹਾਰਿਸ ਨਾਲ ਗਰਮਾ-ਗਰਮ ਬਹਿਸ ਹੋਈ। ਦਰਅਸਲ ਭਾਰਤੀ ਪਾਰੀ ਦੀ ਪਹਿਲੀ ਗੇਂਦ 'ਤੇ ਸ਼ਾਹੀਨ ਨੂੰ ਛੱਕਾ ਜੜਨ ਮਗਰੋਂ ਅਭਿਸ਼ੇਕ ਨੂੰ ਹਮਲਾਵਰ ਢੰਗ ਨਾਲ ਮੂੰਹ ਵਿਚ ਕੁਝ ਬੋਲਦੇ ਦੇਖਿਆ ਗਿਆ।

ਮੈਚ ਤੋਂ ਬਾਅਦ ਅਭਿਸ਼ੇਕ ਨੇ ਇਨਾਮ ਵੰਡ ਸੈਰੇਮਨੀ ਦੌਰਾਨ ਕਿਹਾ, "ਅੱਜ ਦਾ ਦਿਨ ਬਹੁਤ ਸਿੱਧਾ ਸਾਦਾ ਸੀ, ਜਿਸ ਤਰ੍ਹਾਂ ਉਹ ਬਿਨਾਂ ਕਿਸੇ ਵਜ੍ਹਾ ਦੇ ਸਾਡੇ 'ਤੇ ਸ਼ਬਦੀ ਹਮਲੇ ਕਰ ਰਹੇ ਸਨ, ਮੈਨੂੰ ਇਹ ਬਿਲਕੁਲ ਵੀ ਪਸੰਦ ਨਹੀਂ ਆਇਆ। ਇਸ ਲਈ ਮੈਂ ਉਨ੍ਹਾਂ ਦੇ ਪਿੱਛੇ ਗਿਆ। ਮੈਂ ਟੀਮ ਲਈ ਵਧੀਆ ਪ੍ਰਦਰਸ਼ਨ ਕਰਨਾ ਚਾਹੁੰਦਾ ਸੀ।" 1996 ਵਿੱਚ ਵੈਂਕਟੇਸ਼ ਪ੍ਰਸਾਦ ਖਿਲਾਫ਼ ਆਮਿਰ ਸੋਹੇਲ ਦੇ ਹਮਲਾਵਰ ਰੁਖ਼ ਦੀ ਯਾਦ ਦਹਾਕਿਆਂ ਬਾਅਦ ਦੁਬਈ ਦੇ ਇੰਟਰਨੈਸ਼ਨਲ ਸਟੇਡੀਅਮ ਵਿੱਚ ਉਦੋਂ ਮੁੜ ਤਾਜ਼ਾ ਹੋ ਗਈ ਜਦੋਂ ਗਿੱਲ ਨੇ ਸ਼ਾਹੀਨ ਦੀ ਗੇਂਦਬਾਜ਼ੀ ਖਿਲਾਫ਼ ਹਮਲਾਵਰ ਰੁਖ਼ ਅਪਣਾਇਆ। ਤੀਜੇ ਓਵਰ ਦੀ ਆਖਰੀ ਗੇਂਦ 'ਤੇ ਗਿੱਲ ਨੇ ਅੱਗੇ ਵਧ ਐਕਸਟਰਾ ਕਵਰ 'ਤੇ ਚੌਕਾ ਜੜ ਦਿੱਤਾ। ਗਿੱਲ ਦੇ ਇਸ ਸ਼ਾਟ ਮਗਰੋਂ ਮੈਦਾਨ 'ਤੇ ਮਾਹੌਲ ਗਰਮਾ ਗਿਆ। ਗਿੱਲ ਨੇ ਸ਼ਾਹੀਨ ਵੱਲ ਦੇਖਿਆ ਤੇ ਹੱਥ ਨਾਲ ਇਸ਼ਾਰਾ ਕੀਤਾ ਕਿ ਗੇਂਦ ਕਿੱਥੇ ਜਾ ਰਹੀ ਹੈ। ਪੰਜਵੇਂ ਓਵਰ ਦੀ ਆਖਰੀ ਗੇਂਦ 'ਤੇ ਤਣਾਅ ਸਿਖਰ 'ਤੇ ਪਹੁੰਚ ਗਿਆ। ਗਿੱਲ ਨੇ ਸ਼ਾਰਟ ਆਰਮ ਜੈਬ ਲਗਾ ਕੇ ਗੇਂਦ ਨੂੰ ਬਾਊਂਡਰੀ ਲਾਈਨ ਤੋਂ ਪਾਰ ਭੇਜ ਦਿੱਤਾ। ਓਵਰ ਖ਼ਤਰ ਹੋਣ ਮਗਰੋਂ ਅਭਿਸ਼ੇਕ ਤੇ ਰੌਫ਼ ਦਰਮਿਆਨ ਤਿੱਖੀ ਬਹਿਸ ਹੋਈ, ਜਿਸ ਮਗਰੋਂ ਅੰਪਾਇਰ ਗਾਜ਼ੀ ਸੋਹੇਲ ਨੂੰ ਵਿਚ ਪੈ ਕੇ ਦੋਵਾਂ ਨੂੰ ਵੱਖ ਕਰਨਾ ਪਿਆ।

ਗਿੱਲ ਨਾਲ ਆਪਣੀ ਭਾਈਵਾਲੀ ਦੀ ਗੱਲ ਕਰਦਿਆਂ ਅਭਿਸ਼ੇਕ ਨੇ ਕਿਹਾ ਕਿ ਉਹ ਸਕੂਲ ਦੇ ਦਿਨਾਂ ਤੋਂ ਹੀ ਚੰਗੇ ਦੋਸਤ ਹਨ। ਅਭਿਸ਼ੇਕ ਨੇ ਕਿਹਾ, "ਅਸੀਂ ਸਕੂਲ ਦੇ ਦਿਨਾਂ ਤੋਂ ਹੀ ਖੇਡ ਰਹੇ ਹਾਂ, ਅਸੀਂ ਇੱਕ ਦੂਜੇ ਦੀ ਸੰਗਤ ਦਾ ਆਨੰਦ ਮਾਣਦੇ ਹਾਂ, ਅਸੀਂ ਸੋਚਿਆ ਸੀ ਕਿ ਅਸੀਂ ਇਹ ਕਰਾਂਗੇ ਅਤੇ ਅੱਜ ਦਾ ਦਿਨ ਸੀ। ਜਿਸ ਤਰ੍ਹਾਂ ਉਹ ਆਪਣੇ ਬੱਲੇ ਨਾਲ ਜਵਾਬ ਦੇ ਰਿਹਾ ਸੀ, ਮੈਨੂੰ ਸੱਚਮੁੱਚ ਬਹੁਤ ਚੰਗਾ ਲੱਗਿਆ। ਜੇਕਰ ਤੁਸੀਂ ਕਿਸੇ ਨੂੰ ਇਸ ਤਰ੍ਹਾਂ ਖੇਡਦੇ ਹੋਏ ਦੇਖਦੇ ਹੋ, ਤਾਂ ਇਹ ਇਸ ਲਈ ਹੈ ਕਿਉਂਕਿ ਟੀਮ ਮੇਰਾ ਸਮਰਥਨ ਕਰਦੀ ਹੈ।"

# ਜੈਕਲੀਨ ਫਰਨਾਂਡੇਜ਼ ਨੂੰ ਸੁਪਰੀਮ ਕੋਰਟ ਤੋਂ ਝਟਕਾ; ਸੁਕੇਸ਼ ਚੰਦਰਸ਼ੇਖਰ 200 ਕਰੋੜ ਦੇ ਧੋਖਾਧੜੀ ਮਾਮਲੇ ਵਿੱਚ ਪਟੀਸ਼ਨ ਰੱਦ

## ਅਦਾਕਾਰਾ ਨੇ ਦਿੱਲੀ ਹਾਈਕੋਰਟ ਦੇ ਫੈਸਲੇ ਨੂੰ ਦਿੱਤੀ ਸੀ ਚੁਣੌਤੀ; ਸੁਪਰੀਮ ਕੋਰਟ ਦਾ ਕੀਤਾ ਸੀ ਰੁਖ਼

ਨਵੀਂ ਦਿੱਲੀ, 22 ਸਤੰਬਰ (ਚ. ਨ. ਸ.): ਫਿਲਮ ਅਦਾਕਾਰਾ ਜੈਕਲੀਨ ਫਰਨਾਂਡੇਜ਼ ਨੂੰ ਸੁਕੇਸ਼ ਚੰਦਰਸ਼ੇਖਰ ਨਾਲ ਜੁੜੇ 200 ਕਰੋੜ ਰੁਪਏ ਦੇ ਧੋਖਾਧੜੀ ਮਾਮਲੇ ਵਿੱਚ ਸੁਪਰੀਮ ਕੋਰਟ ਤੋਂ ਝਟਕਾ ਲੱਗਾ ਹੈ। ਸੁਪਰੀਮ ਕੋਰਟ ਨੇ ਜੈਕਲੀਨ ਦੀ ਪਟੀਸ਼ਨ ਖਾਰਜ ਕਰ ਦਿੱਤੀ। ਜੈਕਲੀਨ ਫਰਨਾਂਡੀਜ਼ ਨੇ ਦਿੱਲੀ ਹਾਈ ਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਦਰਅਸਲ ਤਿੰਨ ਜੁਲਾਈ ਨੂੰ ਦਿੱਲੀ ਹਾਈਕੋਰਟ ਨੇ ਮਨੀ ਲਾਂਡਰਿੰਗ ਮਾਮਲੇ ਵਿੱਚ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੁਆਰਾ ਉਸਦੇ ਵਿਰੁੱਧ ਦਾਇਰ ਈਸੀਆਈਆਰ ਨੂੰ ਰੱਦ ਕਰਨ ਦੀ ਮੰਗ ਕਰਨ ਵਾਲੀ ਉਸਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ। ਵਕੀਲ ਸੁਮੀਰ ਸੋਢੀ ਰਾਹੀਂ ਦਾਇਰ ਪਟੀਸ਼ਨ ਵਿੱਚ ਜੈਕਲੀਨ ਫਰਨਾਡੇਜ਼ ਨੇ ਹਾਈ ਕੋਰਟ ਦੇ 3 ਜੁਲਾਈ ਦੇ ਹੁਕਮਾਂ ਨੂੰ ਚੁਣੌਤੀ ਦਿੱਤੀ ਹੈ, ਜਿਸ ਨੇ ਮਨੀ ਲਾਂਡਰਿੰਗ ਮਾਮਲੇ ਵਿੱਚ ਐਨਫੋਰਸਮੈਂਟ ਕੇਸ ਇਨਫਰਮੇਸ਼ਨ ਰਿਪੋਰਟ ਨੂੰ ਰੱਦ ਕਰਨ ਦੀ ਉਸਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਸੀ। ਫਰਨਾਂਡੇਜ਼ ਚੰਦਰਸ਼ੇਖਰ ਵਿਰੁੱਧ ਦਾਇਰ ਮਨੀ ਲਾਂਡਰਿੰਗ ਮਾਮਲੇ ਵਿੱਚ ਦੋਸ਼ੀ ਹੈ ਅਤੇ ਜਾਂਚ ਦੇ ਸਬੰਧ ਵਿੱਚ ਪੁੱਛਗਿੱਛ ਲਈ ਐਨਫੋਰਸਮੈਂਟ ਡਾਇਰੈਕਟੋਰੇਟ ਦੇ ਸਾਹਮਣੇ ਪੇਸ਼ ਹੋਏ ਸੀ।



ਦਿੱਲੀ ਪੁਲਿਸ ਨੇ ਚੰਦਰਸ਼ੇਖਰ ਵਿਰੁੱਧ ਰੈਨਬੈਕਸੀ ਦੇ ਸਾਬਕਾ ਪ੍ਰਮੋਟਰਾਂ ਸ਼ਿਵਿੰਦਰ ਸਿੰਘ ਅਤੇ ਮਾਲਵਿੰਦਰ ਸਿੰਘ ਦੇ ਜੀਵਨ ਸਾਥੀਆਂ ਨਾਲ 200 ਕਰੋੜ ਰੁਪਏ ਦੀ ਧੋਖਾਧੜੀ ਕਰਨ ਦਾ ਮਾਮਲਾ ਦਰਜ ਕੀਤਾ ਹੈ। ਦਿੱਲੀ ਹਾਈ ਕੋਰਟ ਨੇ ਜੈਕਲੀਨ ਫਰਨਾਂਡੀਜ਼ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ। ਅਦਾਲਤ ਨੇ ਕਿਹਾ ਕਿ ਇਹ ਨਿਰਧਾਰਤ ਕਰਨਾ ਕਿ ਦੋਸ਼ੀ ਨੇ ਅਸਲ ਵਿੱਚ ਕੋਈ ਅਪਰਾਧ ਕੀਤਾ ਹੈ ਜਾਂ ਨਹੀਂ, ਸਿਰਫ ਹੇਠਲੀ ਅਦਾਲਤ ਹੀ ਕਰ ਸਕਦੀ ਹੈ। ਹਾਲਾਂਕਿ ਜੈਕਲੀਨ ਫਰਨਾਂਡੇਜ਼ ਨੇ ਦਿੱਲੀ ਹਾਈ ਕੋਰਟ ਵਿੱਚ ਕਿਹਾ ਕਿ ਉਸ ਵਿਰੁੱਧ ਸਾਰੇ ਦੋਸ਼ ਝੂਠੇ ਹਨ ਅਤੇ ਉਸਨੂੰ ਸੁਕੇਸ਼ ਚੰਦਰਸ਼ੇਖਰ ਦੇ ਅਪਰਾਧਿਕ ਇਤਿਹਾਸ ਦਾ ਕੋਈ ਗਿਆਨ ਨਹੀਂ ਹੈ।

# ਡੀਲਰਾਂ ਕੋਲ ਫਸਿਆ ਹੋਇਆ ਹੈ 5 ਲੱਖ ਕਾਰਾਂ ਦਾ ਅਣਵਿਕਿਆ ਸਟਾਕ...

ਨਵੀਂ ਦਿੱਲੀ, 22 ਸਤੰਬਰ (ਚ. ਨ.ਸ.): ਨਵੀਂ ਵਸਤੂ ਅਤੇ ਸੇਵਾ ਟੈਕਸ ਦਰਾਂ ਅੱਜ ਸੋਮਵਾਰ ਤੋਂ ਲਾਗੂ ਹੋ ਰਹੀਆਂ ਹਨ। ਦੂਜੇ ਪਾਸੇ ਕਾਰ ਡੀਲਰਾਂ ਕੋਲ ਲਗਭਗ 500,000 ਅਣਵਿਕੀਆਂ ਕਾਰਾਂ ਦਾ ਸਟਾਕ ਪਿਆ ਹੋਇਆ ਹੈ। ਇਨ੍ਹਾਂ ਲਈ ਮੁਆਵਜ਼ਾ ਸੈੱਸ ਬਕਾਇਆ ਅਜੇ ਵੀ ਅਸਪਸ਼ਟ ਹੈ। ਇਸ ਨਾਲ ਕਾਰ ਡੀਲਰਾਂ ਦੁਚਿੱਤੀ ਵਿੱਚ ਹਨ। ਸਤੰਬਰ ਦੀ ਸ਼ੁਰੂਆਤ ਵਿੱਚ, ਡੀਲਰਸ਼ਿਪਾਂ ਕੋਲ ਲਗਭਗ 600,000 ਵਾਹਨਾਂ ਦਾ ਨਾ ਵਿਕਣ ਵਾਲਾ ਸਟਾਕ ਸੀ, ਅਤੇ ਇਨ੍ਹਾਂ ਵਾਹਨਾਂ 'ਤੇ ਲਗਭਗ 4,000 ਕਰੋੜ ਰੁਪਏ ਦਾ ਮੁਆਵਜ਼ਾ ਸੈੱਸ ਅਦਾ ਕੀਤਾ ਗਿਆ ਹੈ। ਡੀਲਰ ਸੂਤਰਾਂ ਅਨੁਸਾਰ, ਸਟਾਕ ਘੱਟ ਕੇ 500,000 ਕਾਰਾਂ ਤੱਕ ਪਹੁੰਚ ਗਿਆ ਹੈ, ਅਤੇ ਬਾਕੀ ਸੈੱਸ ਦੀ ਰਕਮ ਬਕਾਇਆ ਹੈ। ਮੋਟੇ ਹਿਸਾਬ-ਕਿਤਾਬਾਂ ਤੋਂ ਪਤਾ ਲੱਗਦਾ ਹੈ ਕਿ ਵੇਚੇ ਗਏ ਵਾਹਨਾਂ 'ਤੇ ਸੈੱਸ ਲਗਭਗ 500-800 ਕਰੋੜ ਹੋਣਾ ਸੀ, ਬਾਕੀ ਸੈੱਸ ਅਜੇ ਵੀ ਇਕੱਠਾ ਕਰਨਾ ਬਾਕੀ ਹੈ ਸੂਤਰਾਂ ਨੇ ਦੱਸਿਆ ਕਿ ਦੇਸ਼ ਭਰ ਦੇ ਬਹੁਤ ਸਾਰੇ ਡੀਲਰਾਂ ਨੇ ਆਖਰੀ ਸਮੇਂ 'ਤੇ ਵਿਕਰੀ ਵਧਾਉਣ ਅਤੇ ਪ੍ਰਚੂਨ ਵਿਕਰੀ ਬਿੱਲ ਤਿਆਰ ਕਰਨ ਦੀ ਕੋਸ਼ਿਸ਼ ਕੀਤੀ। ਪੂਰਬੀ ਭਾਰਤ ਵਿੱਚ ਕਈ ਕਾਰ ਬ੍ਰਾਂਡਾਂ ਦੇ ਇੱਕ ਡੀਲਰ ਨੇ ਕਿਹਾ ਕਿ ਚਿੰਤਾ ਖਾਸ ਤੌਰ 'ਤੇ ਉੱਚ-ਕੀਮਤ ਵਾਲੀਆਂ ਕਾਰਾਂ ਲਈ ਸੀ, ਜਿਨ੍ਹਾਂ ਲਈ ਸੈੱਸ ਦੀ ਰਕਮ ਜ਼ਿਆਦਾ ਹੈ। ਸਤੰਬਰ ਦੌਰਾਨ ਡੀਲਰਾਂ ਨੇ ਆਪਣੇ ਕੁਝ ਸਟਾਕ ਨੂੰ ਵੇਚਣ ਲਈ ਛੋਟਾਂ ਦਾ ਸਹਾਰਾ ਲਿਆ। ਪਰ ਵਿਕਰੀ ਮਹੱਤਵਪੂਰਨ ਨਹੀਂ ਰਹੀ ਆਟੋ ਡੀਲਰਾਂ ਦੀ ਇੱਕ ਐਸੋਸੀਏਸ਼ਨ, 6141 ਦੇ ਉਪ ਪ੍ਰਧਾਨ, ਸਾਈ ਗਿਰੀਧਰ ਨੇ ਕਿਹਾ, ÷ਸੋਮਵਾਰ ਤੋਂ ਵਿਕਰੀ ਵਧਣ ਦੀ ਉਮੀਦ ਹੈ। ਡੀਲਰਾਂ ਨੇ ਵੱਧ ਤੋਂ ਵੱਧ ਵਾਹਨ ਵੇਚਣ ਦੀ ਕੋਸ਼ਿਸ਼ ਕੀਤੀ ਹੈ। ਸਾਨੂੰ ਅਜੇ ਵੀ ਉਮੀਦ ਹੈ ਕਿ ਬਾਕੀ ਬਚੇ ਸੈੱਸ ਲਈ ਕੋਈ ਹੱਲ ਲੱਭਿਆ ਜਾਵੇਗਾ।÷ਮੁੰਬਈ ਵਿੱਚ ਆਟੋਮੇਕਰਜ਼ ਹੁੰਡਈ ਮੋਟਰ ਇੰਡੀਆ ਅਤੇ JSW MG ਮੋਟਰਜ਼ ਨਾਲ ਸਬੰਧਤ ਦੋ ਡੀਲਰਸ਼ਿਪਾਂ ਦੇ ਦੌਰੇ ਤੋਂ ਪਤਾ ਲੱਗਾ ਕਿ ਸ਼ਨੀਵਾਰ ਨੂੰ ਕਾਰੋਬਾਰ ਆਮ ਤੌਰ 'ਤੇ ਚੱਲ ਰਿਹਾ ਸੀ।

# ਚਾਰ ਇੰਜਣ ਵਾਲੀ ਸਰਕਾਰ ਦੇ ਬਾਵਜੂਦ, ਦਿੱਲੀ 'ਚ ਕਾਨੂੰਨ ਵਿਵਸਥਾ ਖ਼ਰਾਬ ਘਟੀ, ਨਸ਼ੇ ਵਧੇ: 'ਆਪ'

ਨਵੀਂ ਦਿੱਲੀ, 22 ਸਤੰਬਰ (ਚ. ਨ. ਸ.): ਦਿੱਲੀ ਵਿੱਚ ਭਾਜਪਾ ਦੀ ਚਾਰ ਇੰਜਣ ਵਾਲੀ ਸਰਕਾਰ ਦੇ ਬਾਵਜੂਦ, ਕਾਨੂੰਨ ਵਿਵਸਥਾ ਖ਼ਰਾਬ ਹੈ। ਨਤੀਜੇ ਵਜੋਂ ਦਿੱਲੀ ਵਿੱਚ ਨਸ਼ੇ ਖੁੱਲ੍ਹੇਆਮ ਵਿਕ ਰਹੇ ਹਨ ਤੇ ਲੋਕ ਪਾਰਕਾਂ ਵਿੱਚ ਨਸ਼ੇ ਦਾ ਟੀਕਾ ਲਗਾ ਰਹੇ ਹਨ। ਰਾਜੇਂਦਰ ਨਗਰ ਵਿਧਾਨ ਸਭਾ ਹਲਕੇ ਦੇ ਨਾਰਾਇਣਾ ਵਾਰਡ ਸਮੇਤ ਪਾਰਕਾਂ ਵਿੱਚ ਵੱਡੀ ਮਾਤਰਾ ਵਿੱਚ ਨਸ਼ੇ ਨਾਲ ਸਬੰਧਤ ਟੀਕੇ ਮਿਲ ਰਹੇ ਹਨ। ਕੇਂਦਰ ਅਤੇ ਦਿੱਲੀ ਸਰਕਾਰਾਂ, ਐੱਮ.ਸੀ.ਡੀ. ਅਤੇ ਐੱਲ.ਜੀ. ਭਾਜਪਾ ਦੇ ਕੰਟਰੋਲ ਹੇਠ ਹੋਣ ਦੇ ਬਾਵਜੂਦ, ਨਸ਼ਿਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਦੁਰਗੇਸ਼ ਪਾਠਕ ਨੇ ਦਿੱਲੀ ਵਿੱਚ ਵਧ ਰਹੇ ਨਸ਼ਿਆਂ ਦੇ ਕਾਰੋਬਾਰ ਦਾ ਜ਼ਿਕਰ ਕਰਦਿਆਂ ਕੀਤਾ। ਭਾਜਪਾ ਨੂੰ ਸ਼ੀਸ਼ਾ ਦਿਖਾਉਂਦੇ ਹੋਏ ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਵਿੱਚ 'ਆਪ' ਸਰਕਾਰ ਨਸ਼ਿਆਂ ਵਿਰੁੱਧ ਸਖ਼ਤ ਕਾਰਵਾਈ ਕਰ ਸਕਦੀ ਹੈ, ਤਾਂ ਭਾਜਪਾ ਸਰਕਾਰ ਦਿੱਲੀ ਵਿੱਚ ਇਸੇ ਤਰ੍ਹਾਂ ਦੀ ਕਾਰਵਾਈ ਕਿਉਂ ਨਹੀਂ ਕਰ ਸਕਦੀ? ਉਨ੍ਹਾਂ ਕਿਹਾ ਕਿ ਜੇਕਰ ਮੁੱਖ ਮੰਤਰੀ ਰੇਖਾ ਗੁਪਤਾ ਅਤੇ ਉਪ ਰਾਜਪਾਲ ਨਸ਼ਿਆਂ ਵਿਰੁੱਧ ਠੋਸ ਕਾਰਵਾਈ ਨਹੀਂ ਕਰਦੇ ਹਨ ਤਾਂ ਇਹ ਸਪੱਸ਼ਟ ਹੋ ਜਾਵੇਗਾ ਕਿ ਭਾਜਪਾ ਵੀ ਇਸ ਵਿੱਚ ਸ਼ਾਮਲ ਹੈ। ਐਤਵਾਰ ਨੂੰ 'ਆਪ' ਮੁੱਖ ਦਫ਼ਤਰ ਵਿੱਚ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੁਰਗੇਸ਼ ਪਾਠਕ ਨੇ ਕਿਹਾ ਕਿ ਰਾਜੇਂਦਰ ਨਗਰ ਵਿਧਾਨ ਸਭਾ ਹਲਕੇ ਦੇ ਹਿੱਸੇ, ਨਾਰਾਇਣਾ ਪਿੰਡ ਦੇ ਪਾਰਕਾਂ ਦੀ ਹਾਲਤ ਬਹੁਤ ਮਾੜੀ ਹੈ। ਨਸ਼ੀਲੇ ਪਦਾਰਥਾਂ ਦੀ ਵਰਤੋਂ ਲਈ ਵਰਤੇ ਜਾਣ ਵਾਲੇ ਨਸ਼ੀਲੇ ਪਦਾਰਥਾਂ ਦੇ ਟੀਕੇ ਪਾਰਕ ਵਿੱਚ ਵੱਡੀ ਗਿਣਤੀ ਵਿੱਚ ਮਿਲਦੇ ਹਨ। ਨਾਰਾਇਣਾ ਇੱਕ ਇਤਿਹਾਸਕ ਪਿੰਡ ਹੈ ਅਤੇ ਪ੍ਰਧਾਨ ਮੰਤਰੀ ਦੇ ਨਿਵਾਸ ਤੋਂ ਸਿਰਫ਼ 5-7 ਕਿਲੋਮੀਟਰ ਦੂਰ ਹੈ। ਨਾਰਾਇਣ ਨੂੰ ਦਿੱਲੀ ਦਾ ਦਿਲ ਕਿਹਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਕੋਡ ਵਰਡ ਦੀ ਵਰਤੋਂ ਕਰ ਕੇ ਬਹੁਤ ਸਾਰੀਆਂ ਦੁਕਾਨਾਂ 'ਤੇ ਨਸ਼ੀਲੇ ਪਦਾਰਥ ਸ਼ਰੇਆਮ ਵੇਚੇ ਜਾ ਰਹੇ ਹਨ। ਦੁਰਗੇਸ਼ ਪਾਠਕ ਨੇ ਕਿਹਾ ਕਿ ਰਾਜੇਂਦਰ ਨਗਰ ਦੇ ਭਾਜਪਾ ਵਿਧਾਇਕ ਵੀ ਨਾਰਾਇਣਾ ਵਾਰਡ ਵਿੱਚ ਰਹਿੰਦੇ ਹਨ। ਨਾਰਾਇਣਾ ਵਾਰਡ ਦਾ ਪਾਰਕ ਵਿਧਾਇਕ ਦੇ ਨਿਵਾਸ ਤੋਂ ਸਿਰਫ਼ 200-300 ਮੀਟਰ ਦੀ ਦੂਰੀ 'ਤੇ ਹੈ। ਨਸ਼ੀਲੇ ਪਦਾਰਥ ਰਾਜਿੰਦਰ ਨਗਰ ਵਿਧਾਨ ਸਭਾ ਹਲਕੇ ਵਿੱਚ ਇੱਕ ਵੱਡੀ ਸਮੱਸਿਆ ਵਜੋਂ ਉੱਭਰ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੀ ਚਾਰ-ਇੰਜਣ ਵਾਲੀ ਸਰਕਾਰ ਨਸ਼ਿਆਂ ਦੀ ਦੁਰਵਰਤੋਂ ਨੂੰ ਰੋਕਣ ਲਈ ਕੋਈ ਕਾਰਵਾਈ ਨਹੀਂ ਕਰ ਰਹੀ ਹੈ।

# ਬੰਗਲੁਰੂ ਤੋਂ ਵਾਰਾਣਸੀ ਜਾ ਰਹੀ ਉਡਾਣ 'ਚ ਮਚੀ ਹਫੜਾ-ਦਫੜੀ

## ਇੱਕ ਮੁਸਾਫ਼ਿਰ ਨੇ ਕਾਕਪਿਟ ਖੋਲ੍ਹਣ ਦੀ ਕੀਤੀ ਕੋਸ਼ਿਸ਼

ਨਵੀਂ ਦਿੱਲੀ, 22 ਸਤੰਬਰ (ਚ. ਨ. ਸ.): ਇੱਕ ਯਾਤਰੀ ਵੱਲੋਂ ਬੈਂਗਲੁਰੂ ਤੋਂ ਵਾਰਾਣਸੀ ਆ ਰਹੀ ਏਅਰ ਇੰਡੀਆ ਐਕਸਪ੍ਰੈਸ ਦੀ ਉਡਾਣ ਦਾ ਕਾਕਪਿਟ ਦਰਵਾਜ਼ਾ ਖੋਲ੍ਹਣ ਦੀ ਕੋਸ਼ਿਸ਼ ਕੀਤੀ ਗਈ। ਇਸ ਕਾਰਨ ਜਹਾਜ਼ ਅੰਦਰ ਹਫੜਾ-ਦਫੜੀ ਮਚ ਗਈ। ਜ਼ਿਕਰਯੋਗ ਹੈ ਕਿ ਯਾਤਰੀ ਨੇ ਸਹੀ ਪਾਸਕੋਡ ਵੀ ਦਾਖਲ ਕੀਤਾ, ਪਰ ਕੈਪਟਨ ਨੇ ਕਾਕਪਿਟ ਦਰਵਾਜ਼ਾ ਨਹੀਂ ਖੋਲ੍ਹਿਆ।ਜਾਣਕਾਰੀ ਮੁਤਾਬਕ ਅਜਿਹਾ ਕਰਨ ਵਾਲਾ ਵਿਅਕਤੀ ਆਪਣੇ ਅੱਠ ਸਾਥੀਆਂ ਨਾਲ ਜਹਾਜ਼ ਵਿੱਚ ਯਾਤਰਾ ਕਰ ਰਿਹਾ ਸੀ। ਇਸ ਦੌਰਾਨ ਉਸ ਨਾਲ ਯਾਤਰਾ ਕਰ ਰਹੇ ਸਾਰੇ 9 ਯਾਤਰੀਆਂ ਨੂੰ ਸੀਆਈਐਸਐਫ ਦੇ ਹਵਾਲੇ ਕਰ ਦਿੱਤਾ ਗਿਆ ਹੈ। ਏਅਰ ਇੰਡੀਆ ਐਕਸਪ੍ਰੈਸ ਦੀ ਉਡਾਣ 9✓-1086 ਨੇ ਬੈਂਗਲੁਰੂ ਤੋਂ ਵਾਰਾਣਸੀ ਲਈ ਉਡਾਣ ਭਰੀ ਸੀ। ਘਟਨਾ ਦੀ ਸੂਚਨਾ ਲੈਂਡਿੰਗ 'ਤੇ ਸਬੰਧਤ ਅਧਿਕਾਰੀਆਂ ਨੂੰ ਦਿੱਤੀ ਗਈ ਅਤੇ ਇਸ ਦੀ ਜਾਂਚ ਕੀਤੀ ਜਾ ਰਹੀ ਹੈ।

# ਪਾਕਿਸਤਾਨ ਨੇ ਭਾਰਤ ਨੂੰ ਜੰਗਬੰਦੀ ਲਈ ਕੀਤੀ ਸੀ ਬੇਨਤੀ : ਰਾਜਨਾਥ ਸਿੰਘ

ਮੋਰਕੋ : ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਮੋਰਕੋ ਦੇ ਦੋ ਦਿਨਾ ਦੌਰੇ 'ਤੇ ਹਨ। ਉਨ੍ਹਾਂ ਭਾਰਤ-ਮੋਰਕੋ ਰੱਖਿਆ ਸਹਿਯੋਗ ਨੂੰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ। ਇਸ ਮੌਕੇ ਉਨ੍ਹਾਂ ਭਾਰਤੀ ਭਾਈਚਾਰੇ ਨਾਲ ਗੱਲਬਾਤ ਦੌਰਾਨ ਪਹਿਲਗਾਮ ਹਮਲੇ ਅਤੇ ਅਪ੍ਰੇਸ਼ਨ ਸਿੰਧੂਰ ਸਬੰਧੀ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਅਸੀਂ ਸਰਹੱਦ 'ਤੇ ਹੀ ਨਹੀਂ ਬਲਕਿ ਅਸੀਂ ਪਾਕਿਸਤਾਨ ਦੇ 100 ਕਿਲੋਮੀਟਰ ਅੰਦਰ ਜਾ ਕੇ ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕੀਤਾ। ਰਾਜਨਾਥ ਸਿੰਘ ਨੇ ਕਿਹਾ ਕਿ ਜੈਸ਼ ਏ ਮੁਹੰਮਦ ਦਾ ਇਕ ਚੋਟੀ ਦਾ ਅੱਤਵਾਦੀ ਕਹਿ ਰਿਹਾ ਸੀ ਕਿ ਭਾਰਤ ਨੇ ਮਸੂਦ ਅਜ਼ਹਰ ਦੇ ਪਰਿਵਾਰ ਨੂੰ ਤਬਾਹ ਕਰ ਦਿੱਤਾ।

# ਮੋਦੀ ਸਰਕਾਰ ਦਾ ਨਰਾਤਿਆਂ 'ਤੇ 25 ਲੱਖ ਲੋਕਾਂ ਨੂੰ ਤੋਹਫ਼ਾ, ਮੁਫ਼ਤ ਮਿਲੇਗਾ ਐਲਪੀਜੀ ਕੁਨੈਕਸ਼ਨ

ਨਵੀਂ ਦਿੱਲੀ, 22 ਸਤੰਬਰ (ਚ. ਨ. ਸ.) : ਕੇਂਦਰ ਸਰਕਾਰ ਨਵਰਾਤਰਿਆਂ ਦੌਰਾਨ ਪ੍ਰਧਾਨ ਮੰਤਰੀ ਉੱਜਵਲਾ ਯੋਜਨਾ ਦੇ ਤਹਿਤ 25 ਲੱਖ ਮੁਫ਼ਤ ਕੁਨੈਕਸ਼ਨ ਵੰਡੇਗੀ। ਇਸ ਨਾਲ ਦੇਸ਼ ਭਰ ਵਿੱਚ ਉੱਜਵਲਾ ਲਾਭਪਾਤਰੀਆਂ ਦੀ ਕੁੱਲ ਗਿਣਤੀ 106 ਮਿਲੀਅਨ ਹੋ ਜਾਵੇਗੀ।ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰੀ ਹਰਦੀਪ ਪੁਰੀ ਨੇ ਸੋਮਵਾਰ ਨੂੰ ਕਿਹਾ ਕਿ ਸਰਕਾਰ ਹਰੇਕ ਕੁਨੈਕਸ਼ਨ 'ਤੇ 2,050 ਰੁਪਏ ਖਰਚ ਕਰੇਗੀ, ਜਿਸ ਵਿੱਚ ਇੱਕ ਮੁਫਤ ਐਲਪੀਜੀ ਸਿਲੰਡਰ, ਗੈਸ ਸਟੋਵ, ਰੈਗੂਲੇਟਰ ਅਤੇ ਹੋਰ ਸਬੰਧਤ ਉਪਕਰਣ ਸ਼ਾਮਲ ਹੋਣਗੇ।ਇਸਨੂੰ ਔਰਤਾਂ ਲਈ ਨਵਰਾਤਰੀ ਦਾ ਤੋਹਫ਼ਾ ਦੱਸਦੇ ਹੋਏ, ਪੁਰੀ ਨੇ ਕਿਹਾ ਕਿ ਉੱਜਵਲਾ ਦਾ ਵਿਸਥਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮਹਿਲਾ ਸ਼ਕਤੀ ਦਾ ਸਤਿਕਾਰ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਪ੍ਰਧਾਨ ਮੰਤਰੀ ਮੋਦੀ ਔਰਤਾਂ ਦਾ ਦੇਵੀ ਦੁਰਗਾ ਵਾਂਗ ਸਤਿਕਾਰ ਕਰਦੇ ਹਨ। ਇਹ ਫੈਸਲਾ ਮਾਵਾਂ ਅਤੇ ਭੈਣਾਂ ਦਾ ਸਤਿਕਾਰ ਅਤੇ ਸਸ਼ਕਤੀਕਰਨ ਦੇ ਸਾਡੇ ਇਰਾਦੇ ਨੂੰ ਹੋਰ ਮਜ਼ਬੂਤ ਕਰਦਾ ਹੈ, ਉਸਨੇ ਇੰਸਟਾਗ੍ਰਾਮ 'ਤੇ ਇੱਕ ਪੋਸਟ ਵਿੱਚ ਲਿਖਿਆ। ਮੰਤਰੀ ਨੇ ਇਸ ਯੋਜਨਾ ਦੀ ਸ਼ਲਾਘਾ ਸਸ਼ਕਤੀਕਰਨ ਦੇ ਪ੍ਰਤੀਕ ਅਤੇ ਬਦਲਾਅ ਦੇ ਸਰੋਤ ਵਜੋਂ ਵੀ ਕੀਤੀ।



# ਪ੍ਰਧਾਨ ਮੰਤਰੀ ਮੋਦੀ ਅਸੰਭਵ ਨੂੰ ਸੰਭਵ ਬਣਾ ਦਿੰਦੇ ਹਨ: ਉਪ ਰਾਸ਼ਟਰਪਤੀ ਰਾਧਾਕ੍ਰਿਸ਼ਨਨ

ਨਵੀਂ ਦਿੱਲੀ , 22 ਸਤੰਬਰ (ਚ. ਨ. ਸ.) : ਉਪ ਰਾਸ਼ਟਰਪਤੀ ਸੀਪੀ ਰਾਧਾਕ੍ਰਿਸ਼ਨਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ, ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਚੀਨੀ ਨੇਤਾ ਸ਼ੀ ਜਿਨਪਿੰਗ ਸਮੇਤ ਵਿਸ਼ਵ ਨੇਤਾਵਾਂ ਨਾਲ ਸਬੰਧਾਂ ਨੂੰ ਉਜਾਗਰ ਕਰਦੇ ਹੋਏ ਸੋਮਵਾਰ ਨੂੰ ਕਿਹਾ ਕਿ ਮੋਦੀ ਅਸੰਭਵ ਨੂੰ ਸੰਭਵ ਬਣਾ ਸਕਦੇ ਹਨ। ਪ੍ਰਧਾਨ ਮੰਤਰੀ ਦੇ ਭਾਸ਼ਣਾਂ ਦੀਆਂ ਦੋ ਕਿਤਾਬਾਂ ਦੇ ਲਾਂਚ ਮੌਕੇ ਸੰਬੋਧਨ ਕਰਦਿਆਂ ਉਪ ਰਾਸ਼ਟਰਪਤੀ ਨੇ ਕਿਹਾ ਕਿ ਅਮਰੀਕਾ ਵੱਲੋਂ ਭਾਰਤ 'ਤੇ 50 ਫ਼ੀਸਦੀ ਟੈਰਿਫ ਲਗਾਉਣ ਦੇ ਬਾਵਜੂਦ ਟਰੰਪ ਨੇ ਹਮੇਸ਼ਾ ਮੋਦੀ ਨੂੰ ਆਪਣਾ ਚੰਗਾ ਦੋਸਤ ਦੱਸਿਆ ਹੈ। ਉਪ ਰਾਸ਼ਟਰਪਤੀ ਨੇ ਕਿਹਾ ਕਿ ਇਸੇ ਤਰ੍ਹਾਂ 'ਅੰਤਰਰਾਸ਼ਟਰੀ ਰਾਜਨੀਤੀ ਵਿੱਚ ਮਤਭੇਦਾਂ ਦੇ ਬਾਵਜੂਦ' ਚੀਨੀ ਰਾਸ਼ਟਰਪਤੀ ਦੇ ਪ੍ਰਧਾਨ ਮੰਤਰੀ ਮੋਦੀ ਨਾਲ ਵੀ ਚੰਗੇ ਸਬੰਧ ਹਨ। ਉਪ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲਣ ਤੋਂ ਬਾਅਦ ਆਪਣੇ ਪਹਿਲੇ ਜਨਤਕ ਸਮਾਗਮ ਨੂੰ ਸੰਬੋਧਨ ਕਰਦਿਆਂ ਰਾਧਾਕ੍ਰਿਸ਼ਨਨ ਨੇ ਕਿਹਾ, 'ਅਮਰੀਕਾ ਨੇ ਭਾਰਤ 'ਤੇ 50 ਪ੍ਰਤੀਸ਼ਤ ਟੈਰਿਫ ਲਗਾਇਆ ਹੈ ਪਰ ਟਰੰਪ ਹਮੇਸ਼ਾ ਕਹਿੰਦਾ ਹੈ ਕਿ ਮੋਦੀ ਜੀ ਉਨ੍ਹਾਂ ਦੇ ਚੰਗੇ ਦੋਸਤ ਹਨ। ਅਜਿਹੀ ਸਥਿਤੀ ਵਿੱਚ ਵੀ ਉਨ੍ਹਾਂ ਨੇ ਕਦੇ ਨਹੀਂ ਕਿਹਾ ਕਿ ਉਹ ਮੋਦੀ ਦੇ ਵਿਰੁੱਧ ਹਨ। ਉਹ ਹਮੇਸ਼ਾ ਕਹਿੰਦੇ ਹਨ ਕਿ ਉਹ ਮੋਦੀ ਦੇ ਨਾਲ ਹਨ।' ਰਾਧਾਕ੍ਰਿਸ਼ਨਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਰੂਸੀ ਰਾਸ਼ਟਰਪਤੀ (ਵਲਾਦੀਮੀਰ) ਪੁਤਿਨ ਦੇ ਵੀ ਬਹੁਤ ਚੰਗੇ ਦੋਸਤ ਹਨ। ਉਨ੍ਹਾਂ ਕਿਹਾ, ...ਨਾਲ ਹੀ, ਅੰਤਰਰਾਸ਼ਟਰੀ ਰਾਜਨੀਤੀ ਵਿੱਚ ਅੰਤਰ ਦੇ ਬਾਵਜੂਦ, ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਵੀ ਮੋਦੀ ਜੀ ਦੇ ਚੰਗੇ ਦੋਸਤ ਹਨ। ਅਸੀਂ ਅੱਜ ਇਹ ਦੇਖਿਆ।' ਉਪ ਰਾਸ਼ਟਰਪਤੀ ਨੇ ਕਿਹਾ, 'ਇਸੇ ਕਰਕੇ ਉਹ (ਪ੍ਰਧਾਨ ਮੰਤਰੀ ਮੋਦੀ) ਅਸੰਭਵ ਨੂੰ ਸੰਭਵ ਬਣਾਉਂਦੇ ਹਨ।' ਮੋਦੀ ਦੇ ਦ੍ਰਿਸ਼ਟੀਕੋਣ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਲੋਕਾਂ ਲਈ ਇਮਾਨਦਾਰੀ ਨਾਲ ਕੰਮ ਕਰਦੇ ਹਨ ਅਤੇ ਬਦਲੇ ਵਿੱਚ ਕੁਝ ਵੀ ਉਮੀਦ ਨਹੀਂ ਰੱਖਦੇ। ਸਮਾਗਮ ਨੂੰ ਸੰਬੋਧਨ ਕਰਦਿਆਂ, ਰਾਜ ਸਭਾ ਦੇ ਡਿਪਟੀ ਚੇਅਰਮੈਨ ਹਰੀਵੰਸ਼ ਨੇ ਕਿਹਾ ਕਿ ਪ੍ਰਧਾਨ ਮੰਤਰੀ ਲੋਕਾਂ ਦੀ ਭਾਸ਼ਾ ਬੋਲਦੇ ਹਨ ਅਤੇ ਉਨ੍ਹਾਂ ਲਈ ਬੋਲਦੇ ਹਨ। ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਕਿ ਜਦੋਂ ਸਰਕਾਰੀ ਯੋਜਨਾਵਾਂ ਪਹਿਲੀ ਵਾਰ ਸ਼ੁਰੂ ਕੀਤੀਆਂ ਗਈਆਂ ਸਨ, ਤਾਂ ਉਹ 'ਬੈਂਡ-ਏਡ' (ਸਿਰਫ਼ ਤੁਰੰਤ ਰਾਹਤ ਪ੍ਰਦਾਨ ਕਰਨ) ਵਜੋਂ ਕੰਮ ਕਰਦੀਆਂ ਸਨ। ਹਾਲਾਂਕਿ ਮੋਦੀ ਦੇ ਸੱਤਾ ਵਿੱਚ ਆਉਣ ਤੋਂ ਬਾਅਦ, ਉਨ੍ਹਾਂ ਨੇ ਯੋਜਨਾਵਾਂ ਦੇ ਵਿਆਪਕ ਪ੍ਰਚਾਰ ਰਾਹੀਂ ਲੋਕਾਂ ਦੀ ਮਾਨਸਿਕਤਾ ਬਦਲ ਦਿੱਤੀ। ਕੇਂਦਰੀ ਮੰਤਰੀ ਨੇ ਕਿਹਾ ਕਿ ਮੋਦੀ ਰਾਜਨੀਤੀ ਨੂੰ ਜਨਤਕ ਸੇਵਾ ਲਈ ਵਰਤਦੇ ਹਨ ਅਤੇ ਉਨ੍ਹਾਂ ਦਾ ਹਰ ਫੈਸਲਾ ਸਮਾਜ ਦੀ ਭਲਾਈ ਨੂੰ ਧਿਆਨ ਵਿੱਚ ਰੱਖ ਕੇ ਲਿਆ ਜਾਂਦਾ ਹੈ।



# ਜਲਦੀ ਹੋਵੇਗਾ ਬਿਹਾਰ ਵਿਧਾਨ ਸਭਾ ਚੋਣਾਂ ਦਾ ਐਲਾਨ!

ਨਵੀਂ ਦਿੱਲੀ 22 ਸਤੰਬਰ (ਚ. ਨ. ਸ.): ਇਸ ਸਾਲ ਬਿਹਾਰ ਵਿਚ ਅਕਤੂਬਰ-ਨਵੰਬਰ ਦੇ ਮਹੀਨੇ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਲੋਕਾਂ ਵਿਚ ਬਹੁਤ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ, ਜਿਸ ਦੇ ਸਬੰਧ ਵਿਚ ਕਈ ਪਾਰਟੀਆਂ ਨੇ ਆਪਣੀਆਂ ਤਿਆਰੀਆਂ ਵੀ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਇਨ੍ਹਾਂ ਚੋਣਾਂ ਨੂੰ ਲੈ ਕੇ ਇਸ ਸਮੇਂ ਇਕ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਮੁੱਖ ਚੋਣ ਕਮਿਸ਼ਨਰ (ਸੀਈਸੀ) ਗਿਆਨੇਸ਼ ਕੁਮਾਰ ਇਸ ਹਫ਼ਤੇ ਕਮਿਸ਼ਨ ਦੀ ਪੂਰੀ ਟੀਮ ਨਾਲ ਬਿਹਾਰ ਦਾ ਦੌਰਾ ਕਰਨਗੇ। ਉਹਨਾਂ ਦੇ ਇਸ ਦੌਰੇ ਨੂੰ ਚੋਣ ਤਿਆਰੀਆਂ ਦੀ ਅਧਿਕਾਰਤ ਸ਼ੁਰੂਆਤ ਮੰਨਿਆ ਜਾ ਰਿਹਾ ਹੈ। ਹਾਲਾਂਕਿ, ਬਿਹਾਰ ਵਿਚ ਹੋਣ ਵਾਲੀਆਂ ਚੋਣਾਂ ਨੂੰ ਲੈ ਕੇ ਅਜੇ ਤੱਕ ਕਿਸੇ ਵੀ ਤਰੀਕ ਦਾ ਐਲਾਨ ਨਹੀਂ ਕੀਤਾ ਗਿਆ। ਮੁੱਖ ਚੋਣ ਕਮਿਸ਼ਨਰ ਵਲੋਂ ਕੀਤੇ ਜਾ ਰਹੇ ਬਿਹਾਰ ਦੌਰੇ ਦਾ ਉਦੇਸ਼ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਦੀ ਸਮੀਖਿਆ ਕਰਨਾ ਅਤੇ ਚੋਣ ਪ੍ਰੋਗਰਾਮ ਦੀ ਰੂਪ-ਰੇਖਾ ਤਿਆਰ ਕਰਨਾ ਹੈ। ਦੁਸਹਿਰੇ ਤੋਂ ਠੀਕ ਬਾਅਦ ਚੋਣਾਂ ਦੀਆਂ ਤਰੀਕਾਂ ਦੇ ਐਲਾਨ ਦਾ ਰਾਹ ਪੱਧਰਾ ਹੋ ਸਕਦਾ ਹੈ ਅਤੇ ਅਕਤੂਬਰ ਦੇ ਮਹੀਨੇ ਇਸ ਦਾ ਜਿਸਦਾ ਫੈਸਲਾ ਤਿਉਹਾਰਾਂ ਦੇ ਸੀਜ਼ਨ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਜਾਵੇਗਾ।

# 2020 ਦੰਗੇ: ਸੁਪਰੀਮ ਕੋਰਟ ਵੱਲੋਂ ਉਮਰ ਖਾਲਿਦ ਸਮੇਤ ਹੋਰਾਂ ਦੀਆਂ ਜ਼ਮਾਨਤ ਪਟੀਸ਼ਨਾਂ 'ਤੇ ਦਿੱਲੀ ਪੁਲਿਸ ਨੂੰ ਨੋਟਿਸ

ਨਵੀਂ ਦਿੱਲੀ 22 ਸਤੰਬਰ (ਚ. ਨ. ਸ.): ਸੁਪਰੀਮ ਕੋਰਟ ਨੇ ਸੋਮਵਾਰ ਨੂੰ ਫਰਵਰੀ 2020 ਦੇ ਦਿੱਲੀ ਦੰਗਿਆਂ ਪਿੱਛੇ ਸਾਜ਼ਿਸ਼ ਦੇ ਦੋਸ਼ਾਂ ਨਾਲ ਸਬੰਧਤ UAPA ਕੇਸ ਵਿੱਚ ਕਾਰਕੁੰਨਾਂ ਉਮਰ ਖਾਲਿਦ, ਸ਼ਰਜੀਲ ਇਮਾਮ, ਗੁਲਫਿਸ਼ਾ ਫਾਤਿਮਾ ਅਤੇ ਮੀਰਾਨ ਹੈਦਰ ਦੀਆਂ ਜ਼ਮਾਨਤ ਪਟੀਸ਼ਨਾਂ 'ਤੇ ਦਿੱਲੀ ਪੁਲਿਸ ਤੋਂ ਜਵਾਬ ਮੰਗਿਆ ਹੈ। ਜਸਟਿਸ ਅਰਵਿੰਦ ਕੁਮਾਰ ਅਤੇ ਐਨ ਵੀ ਅੰਜਾਰੀਆ ਦੇ ਬੈਂਚ ਨੇ ਨੋਟਿਸ ਜਾਰੀ ਕੀਤਾ ਅਤੇ ਮਾਮਲੇ ਨੂੰ 7 ਅਕਤੂਬਰ ਲਈ ਸੂਚੀਬੱਧ ਕੀਤਾ। ਕਾਰਕੁੰਨਾਂ ਨੇ ਦਿੱਲੀ ਹਾਈ ਕੋਰਟ ਦੇ 2 ਸਤੰਬਰ ਦੇ ਉਸ ਹੁਕਮ ਨੂੰ ਚੁਣੌਤੀ ਦਿੱਤੀ ਹੈ, ਜਿਸ ਵਿੱਚ ਖਾਲਿਦ ਅਤੇ ਇਮਾਮ ਸਮੇਤ ਨੌਂ ਲੋਕਾਂ ਦੀ ਜ਼ਮਾਨਤ ਰੱਦ ਕਰ ਦਿੱਤੀ ਗਈ ਸੀ। ਕੋਰਟ ਨੇ ਕਿਹਾ ਸੀ ਕਿ ਨਾਗਰਿਕਾਂ ਨੂੰ ਪ੍ਰਦਰਸ਼ਨਾਂ ਜਾਂ ਵਿਰੋਧ ਪ੍ਰਦਰਸ਼ਨਾਂ ਦੀ ਆੜ ਵਿੱਚ 'ਸਾਜ਼ਿਸ਼ੀ' ਹਿੰਸਾ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਖਾਲਿਦ ਅਤੇ ਇਮਾਮ ਤੋਂ ਇਲਾਵਾ ਫਾਤਿਮਾ, ਹੈਦਰ, ਮੁਹੰਮਦ ਸਲੀਮ ਖਾਨ, ਸ਼ਿਫਾ ਉਰ ਰਹਿਮਾਨ, ਅਥਰ ਖਾਨ, ਅਬਦੁਲ ਖਾਲਿਦ ਸੈਫੀ ਅਤੇ ਸ਼ਾਦਾਬ ਅਹਿਮਦ ਦੀ ਵੀ ਜ਼ਮਾਨਤ ਰੱਦ ਕੀਤੀ ਗਈ ਸੀ। ਇੱਕ ਹੋਰ ਦੋਸ਼ੀ ਤਸਲੀਮ ਅਹਿਮਦ ਦੀ ਜ਼ਮਾਨਤ ਪਟੀਸ਼ਨ ਵੀ 2 ਸਤੰਬਰ ਨੂੰ ਇੱਕ ਵੱਖਰੇ ਹਾਈ ਕੋਰਟ ਬੈਂਚ ਵੱਲੋਂ ਖਾਰਜ ਕਰ ਦਿੱਤੀ ਗਈ ਸੀ।ਹਾਈ ਕੋਰਟ ਨੇ ਕਿਹਾ ਕਿ ਸੰਵਿਧਾਨ ਨਾਗਰਿਕਾਂ ਨੂੰ ਪ੍ਰਦਰਸ਼ਨ ਅਤੇ ਰੋਸ ਪ੍ਰਦਰਸ਼ਨ ਕਰਨ ਦਾ ਅਧਿਕਾਰ ਦਿੰਦਾ ਹੈ, ਬਸ਼ਰਤੇ ਉਹ ਵਿਵਸਥਿਤ, ਸ਼ਾਂਤਮਈ ਅਤੇ ਬਿਨਾਂ ਹਥਿਆਰਾਂ ਦੇ ਹੋਣ ਅਤੇ ਅਜਿਹੀਆਂ ਕਾਰਵਾਈਆਂ ਕਾਨੂੰਨ ਦੇ ਦਾਇਰੇ ਵਿੱਚ ਹੋਣੀਆਂ ਚਾਹੀਦੀਆਂ ਹਨ।

# ਲੇਖਿਕਾ ਬਾਨੂ ਮੁਸ਼ਤਾਕ ਵੱਲੋਂ ਮੈਸੂਰ ਦੇ ਵਿਸ਼ਵ ਪ੍ਰਸਿੱਧ ਦੁਸਹਿਰਾ ਉਤਸਵ ਦਾ ਉਦਘਾਟਨ

ਮੈਸੂਰ,22 ਸਤੰਬਰ (ਚ. ਨ. ਸ.): ਕੌਮਾਂਤਰੀ ਬੁਕਰ ਪੁਰਸਕਾਰ ਜੇਤੂ ਅਤੇ ਲੇਖਿਕਾ ਬਾਨੂ ਮੁਸ਼ਤਾਕ ਨੇ ਸੋਮਵਾਰ ਨੂੰ ਮੈਸੂਰ ਦੇ ਵਿਸ਼ਵ ਪ੍ਰਸਿੱਧ ਦੁਸਹਿਰਾ ਉਤਸਵ ਦਾ ਉਦਘਾਟਨ ਕੀਤਾ, ਜਿਸ ਨਾਲ ਇੱਥੇ ਦੁਸਹਿਰਾ ਉਤਸਵ ਧਾਰਮਿਕ ਅਤੇ ਰਵਾਇਤੀ ਉਤਸ਼ਾਹ ਨਾਲ ਸ਼ੁਰੂ ਹੋ ਗਿਆ।

ਉਨ੍ਹਾਂ ਵੈਦਿਕ ਮੰਤਰਾਂ ਦੇ ਜਾਪ ਵਿਚਕਾਰ ਮੈਸੂਰ ਅਤੇ ਉੱਥੋਂ ਦੇ ਸ਼ਾਹੀ ਪਰਿਵਾਰਾਂ ਦੀ ਦੇਵੀ ਚਾਮੁੰਡੇਸ਼ਵਰੀ ਦੀ ਮੂਰਤੀ 'ਤੇ ਫੁੱਲਾਂ ਦੀ ਵਰਖਾ ਕਰਕੇ ਉਤਸਵ ਦਾ ਉਦਘਾਟਨ ਕੀਤਾ।

'ਨਾਡਾ ਹੱਬਾ' (ਰਾਜ ਉਤਸਵ) ਵਜੋਂ ਮਨਾਇਆ ਜਾਣ ਵਾਲਾ 11 ਦਿਨਾਂ ਦਾ ਦੁਸਹਿਰਾ ਜਾਂ 'ਸ਼ਰਨ ਨਵਰਾਤਰੀ' ਉਤਸਵ ਇਸ ਸਾਲ ਬਹੁਤ ਹੀ ਸ਼ਾਨਦਾਰ ਤਰੀਕੇ ਨਾਲ ਮਨਾਇਆ ਜਾਵੇਗਾ, ਜਿਸ ਵਿੱਚ ਕਰਨਾਟਕ ਦੀ ਅਮੀਰ ਵਿਰਾਸਤ ਅਤੇ ਪਰੰਪਰਾਵਾਂ ਦੇ ਨਾਲ-ਨਾਲ ਸ਼ਾਹੀ ਠਾਠ-ਬਾਠ ਅਤੇ ਸ਼ਾਨ ਦੀ ਝਲਕ ਵੀ ਦਿਖਾਈ ਦੇਵੇਗੀ।

ਉਦਘਾਟਨੀ ਸਮਾਰੋਹ ਵਿੱਚ ਮੁਸ਼ਤਾਕ ਦੇ ਨਾਲ ਮੁੱਖ ਮੰਤਰੀ ਸਿੱਧਰਮਈਆ, ਰਾਜ ਮੰਤਰੀ ਮੰਡਲ ਦੇ ਕਈ ਮੰਤਰੀ ਅਤੇ ਹੋਰ ਲੋਕ ਵੀ ਮੌਜੂਦ ਸਨ। ਇਸ ਤੋਂ ਪਹਿਲਾਂ ਮੁਸ਼ਤਾਕ, ਮੁੱਖ ਮੰਤਰੀ ਅਤੇ ਹੋਰ ਮਾਨਯੋਗ ਵਿਅਕਤੀਆਂ ਦੇ ਨਾਲ ਚਾਮੁੰਡੇਸ਼ਵਰੀ ਮੰਦਰ ਪਹੁੰਚੇ ਅਤੇ ਉਦਘਾਟਨ ਤੋਂ ਪਹਿਲਾਂ ਦੇਵੀ ਦੀ ਪੂਜਾ ਕੀਤੀ, ਜਿਨ੍ਹਾਂ ਨੂੰ 'ਨਾਡਾ ਦੇਵਤਾ' ਕਿਹਾ ਜਾਂਦਾ ਹੈ।



ਉਦਘਾਟਨ ਨੂੰ ਲੈ ਕੇ ਵਿਵਾਦ

ਉਤਸਵ ਦਾ ਉਦਘਾਟਨ ਵਿਵਾਦਾਂ ਦੇ ਵਿਚਕਾਰ ਹੋਇਆ, ਕਿਉਂਕਿ ਕੁਝ ਵਰਗਾਂ ਨੇ ਉਦਘਾਟਨ ਲਈ ਬਾਨੂ ਮੁਸ਼ਤਾਕ ਨੂੰ ਸੱਦਾ ਦੇਣ ਦੇ ਸਰਕਾਰ ਦੇ ਫੈਸਲੇ 'ਤੇ ਇਤਰਾਜ਼ ਜਤਾਇਆ ਸੀ। ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਕਰਨਾਟਕ ਹਾਈ ਕੋਰਟ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਸੀ। ਹਾਈ ਕੋਰਟ ਨੇ ਰਾਜ ਸਰਕਾਰ ਦੁਆਰਾ ਦੁਸਹਿਰਾ ਉਤਸਵ ਦੇ ਉਦਘਾਟਨ ਲਈ ਮੁਸ਼ਤਾਕ ਨੂੰ ਸੱਦਾ ਦੇਣ ਦੇ ਉਸ ਦੇ ਫੈਸਲੇ ਨੂੰ ਬਰਕਰਾਰ ਰੱਖਿਆ ਸੀ। ਮੁਸ਼ਤਾਕ ਦਾ ਇੱਕ ਪੁਰਾਣਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਨੇਤਾਵਾਂ ਅਤੇ ਹੋਰ ਲੋਕਾਂ ਨੇ ਰਾਜ ਸਰਕਾਰ ਦੁਆਰਾ ਦੁਸਹਿਰਾ ਉਤਸਵ ਦੇ ਉਦਘਾਟਨ ਲਈ ਮੁਸ਼ਤਾਕ ਨੂੰ ਸੱਦਾ ਦੇਣ ਦੇ ਫੈਸਲੇ 'ਤੇ ਇਤਰਾਜ਼ ਜਤਾਇਆ ਹੈ। ਇਸ ਵੀਡੀਓ ਵਿੱਚ ਮੁਸ਼ਤਾਕ ਨੇ ਕਥਿਤ ਤੌਰ 'ਤੇ ਕੰਨੜ ਭਾਸ਼ਾ ਨੂੰ 'ਦੇਵੀ ਭੁਵਨੇਸ਼ਵਰੀ' ਵਜੋਂ ਪੂਜਣ 'ਤੇ ਇਹ ਕਹਿ ਕੇ ਇਤਰਾਜ਼ ਜਤਾਇਆ ਸੀ ਕਿ ਇਹ ਉਨ੍ਹਾਂ ਵਰਗੇ ਲੋਕਾਂ (ਘੱਟ ਗਿਣਤੀਆਂ) ਲਈ ਵਰਜਿਤ ਹੈ। ਹਾਲਾਂਕਿ, ਮੁਸ਼ਤਾਕ ਨੇ ਕਿਹਾ ਹੈ ਕਿ ਉਨ੍ਹਾਂ ਦੇ ਪੁਰਾਣੇ ਭਾਸ਼ਣ ਦੇ ਚੋਣਵੇਂ ਅੰਸ਼ਾਂ ਨੂੰ ਸੋਸ਼ਲ ਮੀਡੀਆ 'ਤੇ ਵਾਇਰਲ ਕਰਕੇ ਉਨ੍ਹਾਂ ਦੇ ਬਿਆਨ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ। ਉਤਸਵ ਦੌਰਾਨ ਹੋਣਗੀਆਂ ਵੱਡੀਆਂ ਝਲਕੀਆਂਅਧਿਕਾਰੀਆਂ ਅਨੁਸਾਰ ਇਸ ਉਤਸਵ ਵਿੱਚ ਹਮੇਸ਼ਾ ਵਾਂਗ ਕਰਨਾਟਕ ਦੀ ਸੱਭਿਆਚਾਰਕ ਵਿਰਾਸਤ ਦੀ ਝਲਕ ਦੇ ਨਾਲ ਲੋਕ ਕਲਾਵਾਂ ਨੂੰ ਪ੍ਰਦਰਸ਼ਿਤ ਕੀਤਾ ਜਾਵੇਗਾ, ਜੋ ਵੱਡੀ ਗਿਣਤੀ ਵਿੱਚ ਲੋਕਾਂ ਅਤੇ ਸੈਲਾਨੀਆਂ ਨੂੰ ਆਕਰਸ਼ਿਤ ਕਰਦਾ ਹੈ। ਨਵਰਾਤਰਿਆਂ ਦੇ ਦਿਨਾਂ ਵਿੱਚ ਵੱਖ-ਵੱਖ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ, ਜਿਸ ਵਿੱਚ ਮੈਸੂਰ ਦੇ ਮਹਿਲ, ਪ੍ਰਮੁੱਖ ਸੜਕਾਂ, ਗਲੀਆਂ, ਚੌਕ-ਚੌਰਾਹਿਆਂ ਅਤੇ ਇਮਾਰਤਾਂ ਨੂੰ ਰੌਸ਼ਨੀ ਨਾਲ ਜਗਮਗਾ ਦਿੱਤਾ ਜਾਵੇਗਾ, ਜਿਸ ਨੂੰ 'ਦੀਪਅਲੰਕਾਰ' ਦੇ ਨਾਮ ਨਾਲ ਜਾਣਿਆ ਜਾਂਦਾ ਹੈ।

# ਸਾਬਕਾ ਬੈਂਕ ਕਰਮੀ ਨੂੰ ਇੱਕ ਮਹੀਨੇ ਤੱਕ ਰੱਖ ਕੇ 'ਡਿਜੀਟਲ ਅਰੈਸਟ', 23 ਕਰੋੜ ਠੱਗੇ

ਨਵੀਂ ਦਿੱਲੀ, 22 ਸਤੰਬਰ (ਚ. ਨ. ਸ.): ਈਡੀ ਅਤੇ ਸੀਬੀਆਈ ਅਧਿਕਾਰੀਆਂ ਵਜੋਂ ਪੇਸ਼ ਹੁੰਦਿਆਂ ਸਾਈਬਰ ਠੱਗਾਂ ਨੇ ਦੱਖਣੀ ਦਿੱਲੀ ਦੇ ਗੁਲਮੋਹਰ ਪਾਰਕ ਇਲਾਕੇ ਵਿੱਚ ਇੱਕ ਸੇਵਾਮੁਕਤ ਬੈਂਕਰ ਨੂੰ ਲਗਭਗ ਇੱਕ ਮਹੀਨੇ ਲਈ 'ਡਿਜੀਟਲ ਗ੍ਰਿਫਤਾਰ' ਕਰਕੇ 23 ਕਰੋੜ ਦੀ ਠੱਗੀ ਮਾਰੀ ਹੈ।

ਇੱਕ ਅਧਿਕਾਰੀ ਨੇ ਦੱਸਿਆ ਕਿ ਦੋਸ਼ੀਆਂ ਨੇ ਕਥਿਤ ਤੌਰ 'ਤੇ ਪੀੜਤ ਨੂੰ ਕਿਹਾ ਕਿ ਉਸ ਦਾ ਆਧਾਰ ਕਾਰਡ ਨਸ਼ੀਲੇ ਪਦਾਰਥਾਂ ਦੀ ਤਸਕਰੀ, ਅਤਿਵਾਦ ਨੂੰ ਫੰਡ ਦੇਣ ਅਤੇ ਪੁਲਵਾਮਾ ਅਤਿਵਾਦੀ ਹਮਲੇ ਵਿੱਚ ਸ਼ਾਮਲ ਸੀ । ਠੱਗਾਂ ਨੇ ਜਾਂਚ ਦੇ ਬਹਾਨੇ ਵਿਅਕਤੀ ਨੂੰ ਉਸ ਦੇ ਫਲੈਟ ਤੱਕ ਸੀਮਤ ਕਰ ਦਿੱਤਾ। ਅਧਿਕਾਰੀ ਨੇ ਕਿਹਾ, "ਠੱਗਾਂ ਨੇ ਉਸ ਨੂੰ ਘਰੋਂ ਬਾਹਰ ਨਾ ਨਿਕਲਣ ਦੀ ਹਦਾਇਤ ਦਿੱਤੀ ਅਤੇ ਇੱਕ ਮਹੀਨੇ ਦੇ ਅੰਦਰ-ਅੰਦਰ ਉਸ ਦੀ ਬੱਚਤ ਨੂੰ ਵੱਖ-ਵੱਖ ਬੈਂਕ ਖਾਤਿਆਂ ਵਿੱਚ ਟ੍ਰਾਂਸਫਰ ਕਰਨ ਲਈ ਮਜਬੂਰ ਕੀਤਾ।" ਪੁਲਿਸ ਅਨੁਸਾਰ 78 ਸਾਲਾ ਪੀੜਤ ਨੇ ਆਪਣੀ ਸ਼ਿਕਾਇਤ ਵਿੱਚ ਦੱਸਿਆ ਕਿ ਇਹ ਸਿਲਸਿਲਾ 4 ਅਗਸਤ ਨੂੰ ਸ਼ੁਰੂ ਹੋਇਆ, ਜਦੋਂ ਉਸ ਨੂੰ ਇੱਕ ਵਿਅਕਤੀ ਦਾ ਫੋਨ ਆਇਆ ਜੋ ਖੁਦ ਨੂੰ ਮੁੰਬਈ ਪੁਲਿਸ ਅਧਿਕਾਰੀ ਦੱਸ ਰਿਹਾ ਸੀ। ਫੋਨ ਕਰਨ ਵਾਲੇ ਨੇ ਉਸ 'ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਰੈਕੇਟ ਨਾਲ ਜੁੜੇ ਹੋਣ ਦਾ ਦੋਸ਼ ਲਗਾਇਆ। ਬਾਅਦ ਵਿੱਚ ਈਡੀ ਅਤੇ ਸੀਬੀਆਈ ਅਧਿਕਾਰੀਆਂ ਦਾ ਰੂਪ ਧਾਰ ਕੇ ਠੱਗਾਂ ਨੇ ਵੀ ਉਸ ਨਾਲ ਸੰਪਰਕ ਕੀਤਾ।

ਅਧਿਕਾਰੀ ਨੇ ਅੱਗੇ ਕਿਹਾ, "ਡਰ ਕਾਰਨ, ਪੀੜਤ ਨੇ ਉਨ੍ਹਾਂ ਦੀਆਂ ਹਦਾਇਤਾਂ ਦੀ ਪਾਲਣਾ ਕੀਤੀ ਅਤੇ ਆਪਣੇ ਬੈਂਕ ਖਾਤਿਆਂ ਤੋਂ ਠੱਗਾਂ ਦੁਆਰਾ ਦੱਸੇ ਗਏ ਖਾਤਿਆਂ ਵਿੱਚ ਪੈਸੇ ਟ੍ਰਾਂਸਫਰ ਕਰਦਾ ਰਿਹਾ। ਦੋਸ਼ੀਆਂ ਨੇ ਪੀੜਤ ਨੂੰ ਇਹ ਮਾਮਲਾ ਕਿਸੇ ਨੂੰ ਦੱਸਣ 'ਤੇ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਵੀ ਦਿੱਤੀ।"ਇਹ ਸਭ 4 ਸਤੰਬਰ ਤੱਕ ਜਾਰੀ ਰਿਹਾ, ਜਿਸ ਤੋਂ ਬਾਅਦ ਠੱਗਾਂ ਨੇ ਉਸ ਨਾਲ ਸੰਪਰਕ ਕਰਨਾ ਬੰਦ ਕਰ ਦਿੱਤਾ। ਉਸ ਨੇ ਮਹਿਸੂਸ ਕੀਤਾ ਕਿ ਉਸ ਨਾਲ ਠੱਗੀ ਹੋਈ ਹੈ, ਇਸ ਲਈ 19 ਸਤੰਬਰ ਨੂੰ ਉਸ ਨੇ ਐੱਨਸੀਆਰਪੀ ਪੋਰਟਲ 'ਤੇ ਸ਼ਿਕਾਇਤ ਦਰਜ ਕਰਵਾਈ, ਜਿਸ ਤੋਂ ਬਾਅਦ ਮਾਮਲੇ ਨੂੰ ਇੰਟੈਲੀਜੈਂਸ ਫਿਊਜ਼ਨ ਐਂਡ ਸਟ੍ਰੈਟਜਿਕ ਆਪਰੇਸ਼ਨਜ਼ (IFSO) ਯੂਨਿਟ ਨੂੰ ਤਬਦੀਲ ਕਰ ਦਿੱਤਾ ਗਿਆ।ਪੁਲਿਸ ਨੇ ਦੱਸਿਆ ਕਿ ਇੱਕ ਐੱਫਆਈਆਰ ਦਰਜ ਕੀਤੀ ਗਈ ਹੈ ਅਤੇ ਠੱਗੀ ਗਈ ਰਕਮ ਵਿੱਚੋਂ 12.11 ਕਰੋੜ ਵੱਖ-ਵੱਖ ਬੈਂਕ ਖਾਤਿਆਂ ਵਿੱਚ ਫ੍ਰੀਜ਼ ਕਰ ਦਿੱਤੇ ਗਏ ਹਨ।ਪੁਲਿਸ ਅਧਿਕਾਰੀਆਂ ਨੇ ਕਿਹਾ, "ਪੂਰੇ ਮਾਮਲੇ ਦੀ ਜਾਂਚ ਚੱਲ ਰਹੀ ਹੈ। ਇਸ 'ਤੇ ਕਈ ਟੀਮਾਂ ਪਹਿਲਾਂ ਹੀ ਕੰਮ ਕਰ ਰਹੀਆਂ ਹਨ ਅਤੇ ਜਲਦੀ ਹੀ ਕੇਸ ਸੁਲਝਾ ਲਿਆ ਜਾਵੇਗਾ।"



# ਪਿੰਡ ਘੜੈਲਾ ਵਿਖੇ ਲਗਾਇਆ ਕਿਸਾਨ ਸਿਖਲਾਈ ਕੈਂਪ



ਬਠਿੰਡਾ, 22 ਸਤੰਬਰ : ਜਗਸੀਰ ਭੁੱਲਰ ਮੁੱਖ ਖੇਤੀਬਾੜੀ ਅਫਸਰ ਬਠਿੰਡਾ ਡਾ. ਜਗਦੀਸ਼ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਡਾ. ਭਾਰਤ ਭੂਸ਼ਣ ਬਲਾਕ ਖੇਤੀਬਾੜੀ ਅਫਸਰ, ਰਾਮਪੁਰਾ ਦੀ ਅਗਵਾਈ ਵਿੱਚ ਪਿੰਡ ਘੜੈਲਾ ਵਿਖੇ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ। ਕੈਂਪ ਵਿੱਚ ਡਾ. ਹਰਦੀਪ ਸਿੰਘ ਜ਼ਿਲ੍ਹਾ ਸਿਖਲਾਈ ਅਫਸਰ ਨੇ ਕਿਸਾਨਾਂ ਨੂੰ ਝੋਨੇ ਦੀ ਫਸਲ ਵਿੱਚ ਮੌਜੂਦਾ ਸਮੇਂ ਵਿੱਚ ਆ ਰਹੀਆਂ ਬਿਮਾਰੀਆਂ ਦੀ ਰੋਕਥਾਮ ਲਈ ਅਤੇ ਮੌਸਮੀ ਕੀੜਿਆਂ ਦੀ ਜਾਣਕਾਰੀ ਦਿੰਦੇ ਹੋਏ ਸਮੇਂ ਸਿਰ ਸਿਫਾਰਸ਼ਸ਼ੁਦਾ ਸਪਰੇਅ ਕਰਨ ਦੀ ਜਾਣਕਾਰੀ ਦਿੱਤੀ। ਨਰਮੇਂ ਦੀ ਕਾਸ਼ਤ ਕਰਨ ਵਾਲੇ ਕਿਸਾਨਾਂ ਨੂੰ 13:00:45 ਦੀਆਂ ਸਪਰੇਆਂ ਕਰਨ ਦੀ ਸਲਾਹ ਦਿੱਤੀ।ਡਾ. ਪ੍ਰਭਜੋਤ ਕੌਰ ਖੇਤੀਬਾੜੀ ਅਫਸਰ ਨੇ ਕਿਸਾਨਾਂ ਨੂੰ ਸਹਾਇਕ ਧੰਦੇ, ਮਿੱਟੀ ਪਾਣੀ ਦੀ ਜਾਂਚ ਸਬੰਧੀ ਅਤੇ ਖੇਤੀਬਾੜੀ ਵਿਕਾਸ ਅਫ਼ਸਰ ਡਾ ਮਨਜਿੰਦਰ ਸਿੰਘ ਨੇ ਕਿਸਾਨਾਂ ਨੂੰ ਫਸਲੀ ਮੰਡੀਕਰਨ ਦੀ ਜਾਣਕਾਰੀ ਦਿੱਤੀ। ਬਲਾਕ ਟੈਕਨੋਲੋਜੀ ਮੈਨੇਜਰ ਕੰਵਲਜੀਤ ਸਿੰਘ ਅਤੇ ਸਰਕਲ ਇੰਚਾਰਜ ਅਰੁਣਦੀਪ ਸਿੰਘ ਨੇ ਕਿਸਾਨਾਂ ਨੂੰ ਆਉਂਦੇ ਹਾੜ੍ਹੀ ਸੀਜ਼ਨ ਦੌਰਾਨ ਝੋਨੇ ਦੇ ਪਰਾਲੀ ਪ੍ਰਬੰਧਨ ਦੀਆਂ ਵੱਖ ਵੱਖ ਵਿਧੀਆਂ ਬਾਰੇ ਜਾਣਕਾਰੀ ਦਿੱਤੀ ਅਤੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪਰਾਲੀ ਨੂੰ ਬਿਨ੍ਹਾਂ ਅੱਗ ਲਗਾਏ ਕਣਕ ਦੀ ਬਿਜਾਈ ਕਰਨ। ਇਸ ਸਬੰਧੀ ਮੌਕੇ ਤੇ ਕਿਸਾਨਾਂ ਵੱਲੋਂ ਪੁੱਛੇ ਗਏ ਪ੍ਰਸ਼ਨਾਂ ਦੇ ਤਸੱਲੀਬਖਸ਼ ਜਵਾਬ ਦਿੱਤੇ ਗਏ। ਕੈਂਪ ਉਪਰੰਤ ਸਾਉਣੀ ਮੱਕੀ ਵਾਲੇ ਖੇਤਾਂ ਦਾ ਵੀ ਨਿਰੀਖਣ ਕੀਤਾ ਗਿਆ। ਇਸ ਮੌਕੇ ਖੇਤੀਬਾੜੀ ਵਿਕਾਸ ਅਫਸਰ ਹਰਮਨਦੀਪ ਸਿੰਘ, ਖੇਤੀਬਾੜੀ ਇੰਸਪੈਕਟਰ ਰਮਨਦੀਪ ਸਿੰਘ, ਅੰਮ੍ਰਿਤ ਪਾਲ ਸਿੰਘ, ਸਰਪੰਚ ਬਲਜਿੰਦਰ ਸਿੰਘ, ਭੁਪਿੰਦਰ ਨੰਬਰਦਾਰ ਆਦਿ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

# ਕੈਬਨਿਟ ਮੰਤਰੀ ਨੇ ਔਲਖ ਅਤੇ ਮਹਿਰਾਜ ਵਾਲਾ ਵਿਖੇ ਨਵੇਂ ਬੱਸ ਅੱਡਿਆਂ ਦੀ ਉਸਾਰੀ ਦੇ ਰੱਖੇ ਨੀਂਹ ਪੱਥਰ



ਸ੍ਰੀ ਮੁਕਤਸਰ ਸਾਹਿਬ, 22 ਸਤੰਬਰ ਐਚ.ਐਸ. ਕਪੂ+ :ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਹਲਕਾ ਮਲੋਟ ਦੀ ਦਿੱਖ ਨੂੰ ਹੋਰ ਸੁੰਦਰ ਬਣਾਉਣ ਅਤੇ ਹਰਿਆਲੀ ਨੂੰ ਵਧਾਉਣ ਲਈ ਅੱਜ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਅਤੇ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਪੰਜਾਬ ਦੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਮਲੋਟ ਦੇ ਬਠਿੰਡਾ ਚੌਂਕ ਦੇ ਨੇੜੇ ਮਾਈ ਭਾਗੋ ਪਾਰਕ ਦਾ ਉਦਘਾਟਨ ਕੀਤਾ।ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵਿੱਚ ਵਿਕਾਸ ਦੇ ਕੰਮਾਂ ਨੇ ਲਗਾਤਾਰ ਰਫ਼ਤਾਰ ਫੜੀ ਹੋਈ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਮਲੋਟ ਹਲਕੇ ਦੇ ਬਹੁਤ ਸਾਰੇ ਵਿਕਾਸ ਪ੍ਰੋਜੈਕਟ ਜਿਵੇਂ ਕਿ ਗਰੀਨ ਵੈਲੀ ਰੋਡ, ਰੇਲਵੇ ਅੰਡਰ ਬ੍ਰਿਜ ਅਤੇ ਹੋਰ ਬਕਾਇਆ ਪਏ ਵਿਕਾਸ ਦੇ ਕੰਮਾਂ ਨੂੰ ਮੁਕੰਮਲ ਕਰਵਾਕੇ ਲੋਕਾਂ ਦੇ ਸਪੁਰਦ ਕੀਤੇ ਜਾਣਗੇ।ਮਾਈ ਭਾਗੋ ਪਾਰਕ ਦਾ ਉਦਘਾਟਨ ਕਰਨ ਮੌਕੇ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਇਸ ਪਾਰਕ ਨੂੰ ਮਾਤਾ ਭਾਗ ਕੌਰ ਜੀ ਨੂੰ ਸਮਰਪਿਤ ਕੀਤਾ ਗਿਆ ਹੈ ਅਤੇ ਉਨ੍ਹਾਂ ਦਾ ਬੁੱਤ ਵੀ ਇਸ ਪਾਰਕ ਵਿੱਚ ਲਗਾਇਆ ਜਾਵੇਗਾ। ਇਸਤੋਂ ਇਲਾਵਾ ਇਸ ਪਾਰਕ ਦੀ ਸੁੰਦਰਤਾ ਨੂੰ ਬਰਕਰਾਰ ਰੱਖਣ ਲਈ ਨਗਰ ਕੌਂਸਲ ਵੱਲੋਂ ਜਿੰਮੇਵਾਰੀ ਨਿਭਾਈ ਜਾ ਰਹੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਮਲੋਟ ਹਲਕੇ ਦੇ ਵਾਸੀਆਂ ਨੂੰ ਸਵੱਛਤਾ ਵਾਲਾ ਵਾਤਾਵਰਨ ਪ੍ਰਦਾਨ ਕਰਨ ਦੇ ਮਕਸਦ ਨਾਲ ਹੋਰ ਪਾਰਕਾਂ ਵੀ ਬਣਾਏ ਜਾਣਗੇ ਅਤੇ ਦੇਸ਼ ਦੀ ਮਹਾਨ ਸਖਸ਼ੀਅਤਾਂ ਦੇ ਨਾਂ 'ਤੇ ਪਾਰਕਾਂ ਦੇ ਨਾਮ ਰੱਖੇ ਜਾਣਗੇ।ਇਸਤੋਂ ਇਲਾਵਾ ਕੈਬਨਿਟ ਮੰਤਰੀ ਵੱਲੋਂ ਹਲਕੇ ਦੇ ਪਿੰਡ ਔਲਖ ਅਤੇ ਮਹਿਰਾਜ ਵਾਲਾ ਵਿਖੇ ਲੱਖਾਂ ਰੁਪਏ ਦੀ ਲਾਗਤ ਨਾਲ ਬਣਨ ਜਾ ਰਹੇ ਨਵੇਂ ਬੱਸ ਅੱਡਿਆਂ ਦੀ ਉਸਾਰੀ ਦੇ ਨੀਂਹ ਪੱਥਰ ਵੀ ਰੱਖੇ। ਇਸ ਮੌਕੇ ਉਨ੍ਹਾਂ ਕਿਹਾ ਕਿ ਸ਼ਹਿਰਾਂ ਦੇ ਨਾਲ-ਨਾਲ ਪਿੰਡਾਂ ਦੇ ਵਿਕਾਸ ਕਰਨ ਵਿੱਚ ਵੀ ਕੋਈ ਕਮੀਂ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਉਨ੍ਹਾਂ ਵੱਲੋਂ ਇਨ੍ਹਾਂ ਪਿੰਡਾਂ ਵਿੱਚ ਚੱਲ ਰਹੇ ਹੋਰ ਵਿਕਾਸ ਦੇ ਕੰਮਾਂ ਦਾ ਵੀ ਜਾਇਜ਼ਾ ਲਿਆ ਗਿਆ।ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਹਲਕੇ ਮਲੋਟ ਦੇ ਵੱਖ-ਵੱਖ ਪਿੰਡਾਂ ਵਿੱਚ ਨਵੇਂ ਬੱਸ ਅੱਡੇ ਬਣਾਏ ਜਾ ਰਹੇ ਹਨ। ਇਨ੍ਹਾਂ ਬੱਸ ਅੱਡਿਆਂ ਨੂੰ ਸਟੀਲ ਦੀਆਂ ਪਾਇਪਾਂ ਨਾਲ ਬਣਾਏ ਜਾਵੇਗਾ ਅਤੇ ਇਨ੍ਹਾਂ ਉੱਤੇ ਸੋਲਰ ਲਾਈਟਾਂ ਦਾ ਪ੍ਰਬੰਧ ਵੀ ਕੀਤਾ ਜਾਵੇਗਾ। ਆਉਣ ਵਾਲੇ ਦਿਨਾਂ ਵਿੱਚ ਇਨ੍ਹਾਂ ਬੱਸ ਅੱਡਿਆ ਨੂੰ ਮੁਕੰਮਲ ਕਰਕੇ ਜਲਦੀ ਹੋ ਲੋਕਾਂ ਦੇ ਸਪੁਰਦ ਕੀਤਾ ਜਾਵੇਗਾ।ਇਸ ਮੌਕੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਰਤਨਦੀਪ ਸੰਧੂ, ਸੀ.ਡੀ.ਪੀ.ਓ ਮਲੋਟ ਰਾਜਵੰਤ ਕੌਰ, ਕਾਰਜ ਸਾਧਕ ਅਫ਼ਸਰ ਮਲੋਟ ਮੰਗਤ ਰਾਮ, ਬਲਾਕ ਪ੍ਰਧਾਨ ਗੁਰਭਗਤ ਸਿੰਘ, ਗੁਰਮੇਜ ਸਿੰਘ ਪੰਚਾਇਤ ਅਫ਼ਸਰ, ਦਵਿੰਦਰ ਬਾਘਲਾ ਪੰਚਾਇਤ ਸਕੱਤਰ, ਸੰਦੀਪ ਕੁਮਾਰ, ਭੁਪਿੰਦਰ ਕੁਮਾਰ, ਹਰਮੇਲ ਸਿੰਘ ਸੰਧੂ, ਲਾਲੀ ਗਗਨੇਜਾ, ਰਾਜੀਵ ਬੱਬੂ, ਸਿਮਰਜੀਤ ਸਿੰਘ, ਜਸਕਰਨ ਸਿੰਘ ਸਰਪੰਚ ਪਿੰਡ ਮਹਿਰਾਜਵਾਲਾ, ਸੁਖਜੀਤ ਕੌਰ ਸਰਪੰਚ ਪਿੰਡ ਔਲਖ, ਸੁਖਚੈਨ ਸਿੰਘ ਔਲਖ, ਨਿੱਜੀ ਸਹਾਇਕ ਸ਼ਿੰਦਰਪਾਲ ਸਿੰਘ ਅਤੇ ਅਰਸ਼ਦੀਪ ਸਿੰਘ ਸਿੱਧੂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡਾਂ ਦੀਆਂ ਪੰਚਾਇਤਾਂ ਦੇ ਨੁਮਾਇੰਦੇ ਹਾਜ਼ਰ ਸਨ

# ਬਾਬਾ ਫਰੀਦ ਅਕੈਡਮੀ ਦੇ ਵਿਦਿਆਰਥੀਆਂ ਨੇ ਗੱਡੇ ਝੰਡੇ ।




ਜੋਗਾ 22 ਸਤੰਬਰ (ਵਿਰੋਂਦਰਪਾਲ ਮੰਤਰੋ) 19 ਤੋਂ 22 ਸਤੰਬਰ ਤੱਕ ਹਲਦਬਾਨੀ (ਉੱਤਰਾਖੰਡ) ਵਿਖੇ ਹੋ ਰਹੇ ਕੈਡਿਟ ਏਸ਼ੀਆ ਕੱਪ 2025 ਵਿੱਚ ਬਾਬਾ ਫ਼ਰੀਦ ਫੈਨਸਿੰਗ ਅਕੈਡਮੀ ਉੱਭਾ (ਮਾਨਸਾ) ਦੇ ਵਿਦਿਆਰਥੀ ਅੰਕੁਸ਼ ਜਿੰਦਲ ਨੇ ਵਿਅਕਤੀਗਤ ਫੋਇਲ ਈਵੈਂਟ ਵਿੱਚੋਂ ਤੀਸਰਾ ਸਥਾਨ ਹਾਸਿਲ ਕਰਕੇ ਮਾਨਸਾ ਜ਼ਿਲ੍ਹੇ,ਸਕੂਲ, ਮਾਪੇ ਸਾਹਿਬਾਨਾਂ ਤੇ ਪੂਰੇ ਪੰਜਾਬ ਦਾ ਨਾਂ ਰੌਸ਼ਨ ਕੀਤਾ ਹੈ। ਜਿੱਥੇ ਇਸ ਜਿੱਤ ਦਾ ਸਿਹਰਾ ਕੋਚ ਸ੍ਰੀ ਅਜੇ ਸ਼ੋਰੀ ਤੇ ਸ. ਮਨਦੀਪ ਸਿੰਘ ਦੇ ਸਿਰ ਜਾਂਦਾ ਹੈ ਉੱਥੇ ਹੀ ਜ਼ਿਲ੍ਹਾ ਮਾਨਸਾ ਤਲਵਾਰਬਾਜ਼ੀ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਧਰਮਵੀਰ ਵਾਲੀਆ, ਸਕੱਤਰ ਸ. ਤਜਿੰਦਰਪਾਲ ਸਿੰਘ ਤੇ ਖਜਾਨਚੀ ਸ. ਗੁਰਦੀਪ ਸਿੰਘ ਰੱਲਾ ਵੀ ਵਧਾਈ ਦੇ ਪਾਤਰ ਹਨ। ਗੱਲਬਾਤ ਦੌਰਾਨ ਜ਼ਿਲ੍ਹਾ ਮਾਨਸਾ ਤਲਵਾਰਬਾਜ਼ੀ ਐਸੋਸੀਏਸ਼ਨ ਦੇ ਪ੍ਰਧਾਨ ਧਰਮਵੀਰ ਵਾਲੀਆ ਤੇ ਸਕੱਤਰ ਸ. ਤਜਿੰਦਰਪਾਲ ਸਿੰਘ ਨੇ ਦੱਸਿਆ ਹੈ ਕਿ ਇਸ ਬੱਚੇ ਨੇ ਆਪਣੀ ਖੇਡ ਮਿਹਨਤ ਅਤੇ ਇਮਾਨਦਾਰੀ ਨਾਲ ਖੇਡੀ ਹੈ। ਇਸ ਤੋਂ ਪਹਿਲਾਂ ਵੀ ਕਈ ਜਿੱਤਾਂ ਹਾਸਿਲ ਕੀਤੀਆਂ ਹਨ ਉਹਨਾਂ ਦੱਸਿਆ ਕਿ ਅੰਕੁਸ਼ ਜਿੰਦਲ ਨਿਊਜ਼ੀਲੈਂਡ ਵਿੱਚ ਹੋਏ ਕੌਮਨਵੈਲਥ ਖੇਡਾਂ ਵਿੱਚ ਵੀ ਹਿੱਸਾ ਲੈ ਚੁੱਕਿਆ ਹੈ। ਇੱਥੇ ਹੀ ਉਹਨਾਂ ਨੇ ਸਰਕਾਰ ਨੂੰ ਵੀ ਬੇਨਤੀ ਕੀਤੀ ਹੈ ਕਿ ਅਜਿਹੇ ਹੋਣਹਾਰ ਬੱਚਿਆਂ ਦਾ ਮਾਨ ਸਨਮਾਨ ਕੀਤਾ ਜਾਵੇ ਤਾਂ ਜੋ ਹੋਰ ਵੀ ਬੱਚੇ ਖੇਡਾਂ ਬਾਰੇ ਜਾਗਰੂਕ ਹੋ ਸਕਣ। ਇਸ ਮੌਕੇ ਜ਼ਿਲ੍ਹਾ ਮਾਨਸਾ ਤਲਵਾਰਬਾਜ਼ੀ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਧਰਮਵੀਰ ਵਾਲੀਆ ਨੇ ਅੰਕੁਸ਼ ਜਿੰਦਲ ਦੇ ਪਰਿਵਾਰ ਤੇ ਕੋਚ ਸਾਹਿਬਾਨਾਂ ਨੂੰ ਵਧਾਈ ਦਿੱਤੀ।

# ਪਲੇਅ ਵੇਜ਼ ਸੀਨੀਅਰ ਸੈਕੰਡਰੀ ਸਕੂਲ ਨੇ ਪਹਿਲਾ ਨਵਰਾਤਰੀ ਤਿਉਹਾਰ ਉਤਸ਼ਾਹ ਨਾਲ ਮਨਾਇਆ



ਪਟਿਆਲਾ, 22 ਸਤੰਬਰ (ਗੁਰਦੀਪ ਢਿੱਲੋਂ) ਪਲੇਅ ਵੇਜ਼ ਸੀਨੀਅਰ ਸੈਕੰਡਰੀ ਸਕੂਲ ਨੇ ਪਹਿਲਾ ਨਵਰਾਤਰੀ ਤਿਉਹਾਰ ਬਹੁਤ ਉਤਸ਼ਾਹ ਨਾਲ ਮਨਾਇਆ। ਇਸ ਮੌਕੇ ਨੂੰ ਮਨਾਉਣ ਲਈ ਸਕੂਲ ਵਿੱਚ ਕਈ ਧਾਰਮਿਕ ਅਤੇ ਸੱਭਿਆਚਾਰਕ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ। ਇਸ ਸਾਲ, ਸਕੂਲ ਆਪਣੀ 50ਵੀਂ ਵਰ੍ਹੇਗੰਢ ਮਨਾ ਰਿਹਾ ਹੈ। ਨਵਰਾਤਰੀ ਦੇ ਸ਼ੁਭ ਮੌਕੇ ਤੇ, ਸਕੂਲ ਦੇ ਚੇਅਰਮੈਨ, ਡਾ. ਰਾਜਦੀਪ ਸਿੰਘ, ਡਾਇਰੈਕਟਰ, ਸ਼੍ਰੀਮਤੀ ਹਰਲੀਨ ਕੌਰ ਅਤੇ ਪ੍ਰਿੰਸੀਪਲ, ਸ਼੍ਰੀਮਤੀ ਰਕਸ਼ਾ ਵਰਮਾ ਦੀ ਅਗਵਾਈ ਹੇਠ ਦੇਵੀ ਦੁਰਗਾ ਦੇ ਇੱਕ ਵਿਸ਼ਾਲ ਮੰਦਰ ਸਜਾਇਆ ਗਿਆ। ਇਸ ਪਵਿੱਤਰ ਮੌਕੇ ਤੇ, ਡਾਇਰੈਕਟਰ, ਸ਼੍ਰੀਮਤੀ ਹਰਲੀਨ ਕੌਰ ਨੇ ਕਲਸ਼ ਸਥਾਪਨਾ ਕੀਤੀ ਅਤੇ ਅਖੰਡ ਜੋਤੀ ਜਗਾਈ, ਅਤੇ ਭਜਨ ਮੰਡਲੀ ਨੇ ਮਾਤਾ ਦੀਆ ਭੇਟਾਂ ਦਾ ਗਾਇਨ ਕੀਤਾ। ਸਕੂਲ ਨੇ ਸਾਰਿਆਂ ਲਈ ਲੰਗਰ ਦਾ ਵੀ ਪ੍ਰਬੰਧ ਕੀਤਾ। ਡਾ. ਰਾਜਦੀਪ ਸਿੰਘ, ਚੇਅਰਮੈਨ, ਨਾ ਸਿਰਫ਼ ਵਿਦਿਅਕ ਪ੍ਰੋਗਰਾਮਾਂ ਦਾ ਆਯੋਜਨ ਕਰਦੇ ਹਨ ਬਲਕਿ ਸਮੇਂ-ਸਮੇਂ ਤੇ ਧਾਰਮਿਕ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਦਾ ਵੀ ਆਯੋਜਨ ਕਰਦੇ ਹਨ, ਜੋ ਸਮਾਜ ਵਿੱਚ ਏਕਤਾ ਅਤੇ ਭਾਈਚਾਰੇ ਨੂੰ ਉਤਸ਼ਾਹਿਤ ਕਰਦੇ ਹਨ।

# ਨਵਾਂਗਾਓਂ ਦੇ 25 ਪਰਿਵਾਰ ਆਪ 'ਚ ਸ਼ਾਮਲ



ਮੂਨਕ 22 ਸਤੰਬਰ (ਸਮਸ਼ੇਰ ਸਿੰਘ ਭੁਟਾਲ) ਵਿਧਾਨ ਸਭਾ ਹਲਕਾ ਲਹਿਰਾ ਦੇ ਪਿੰਡ ਨਵਾਂਗਾਓਂ ਅਤੇ ਬੰਗ੍ਹਾ ਵਿੱਚ ਰੱਖੇ ਸਮਾਗਮਾਂ ਦੌਰਾਨ ਬਰਿੰਦਰ ਕੁਮਾਰ ਗੋਇਲ, ਕੈਬਨਿਟ ਮੰਤਰੀ, ਪੰਜਾਬ ਦੀ ਅਗਵਾਈ ਵਿੱਚ ਨਵਾਂਗਾਓਂ ਦੇ ਸਰਪੰਚ ਹਰਭਜਨ ਸਿੰਘ, 8 ਪੰਚਾਇਤ ਮੈਂਬਰ ਅਤੇ 100 ਪਰਿਵਾਰ ਅਤੇ ਪਿੰਡ ਬੰਗ੍ਹਾ ਦੇ ਸਰਪੰਚ ਦਾਰਾ ਸਿੰਘ, 7 ਪੰਚ ਤੇ 25 ਪਰਿਵਾਰ ਵੱਖ-ਵੱਖ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਇਹਨਾਂ ਸਰਪੰਚਾਂ, ਪੰਚਾਂ ਅਤੇ ਪਿੰਡ ਵਾਸੀਆਂ ਦਾ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਸਨਮਾਨ ਕਰ ਕੇ ਪਾਰਟੀ ਵਿੱਚ ਸਵਾਗਤ ਕੀਤਾ। ਇਸ ਮੌਕੇ ਸ਼੍ਰੀ ਗੋਇਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਆਮ ਲੋਕਾਂ ਦੀ ਪਾਰਟੀ ਹੈ ਅਤੇ ਇਸ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਹਰ ਵਿਅਕਤੀ ਦਾ ਪੂਰਾ ਮਾਣ ਸਨਮਾਨ ਕੀਤਾ ਜਾਂਦਾ ਹੈ। ਉਹਨਾਂ ਕਿਹਾ ਕਿ ਉਹ ਆਪ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਦਾ ਭਰਵਾਂ ਸਵਾਗਤ ਕਰਦੇ ਹਨ ਅਤੇ ਪਾਰਟੀ ਵਿੱਚ ਉਨਾਂ ਦਾ ਪੂਰਾ ਮਾਣ ਸਤਿਕਾਰ ਕੀਤਾ ਜਾਵੇਗਾ। ਆਪ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਲੋਕਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਰਵਾਇਤੀ ਪਾਰਟੀਆਂ ਦੇ ਆਗੂ/ਵਰਕਰ ਤੇ ਆਮ ਲੋਕ ਦਿਨੋ-ਦਿਨ ਆਪ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ ਤੇ ਆਪ ਪਾਰਟੀ ਦਾ ਕਾਫਲਾ ਲਗਾਤਾਰ ਵੱਧ ਰਿਹਾ ਹੈ। ਉਨਾਂ ਅੱਗੇ ਕਿਹਾ ਕਿ ਸ. ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਲੋਕਹਿੱਤ ਵਿੱਚ ਵੱਡੇ ਇਤਿਹਾਸਕ ਫੈਸਲੇ ਲਏ ਗਏ ਹਨ ਅਤੇ ਪੂਰੇ ਦੇਸ਼ ਵਿੱਚ ਆਪ ਪਾਰਟੀ ਦਾ ਲੋਕ ਆਧਾਰ ਵਧਿਆ ਹੈ। ਪੰਜਾਬ ਸਰਕਾਰ ਦੇ ਵਿਕਾਸ ਕੰਮਾਂ ਦੀ ਗੱਲ ਕਰਦਿਆਂ ਉਹਨਾਂ ਦੱਸਿਆ ਕਿ ਹੁਣ ਤਕ ਦੇ ਕਾਰਜਕਾਲ ਦੌਰਾਨ ਹਰੇਕ ਵਰਗ ਦੀ ਭਲਾਈ ਲਈ ਵਿਸ਼ੇਸ ਉਪਰਾਲੇ ਕੀਤੇ ਗਏ ਹਨ, ਜੋ ਪਹਿਲੀਆਂ ਸਰਕਾਰਾਂ ਕਰਨ ਵਿੱਚ ਅਸਫਲ ਰਹੀਆਂ ਹਨ। ਸਿੱਖਿਆ, ਸਿਹਤ, ਬਿਜਲੀ ਸਮੇਤ ਵੱਖ-ਵੱਖ ਖੇਤਰਾਂ ਵਿੱਚ ਲੋਕ ਹਿੱਤ ਲਈ ਵੱਡੇ ਕਾਰਜ ਕੀਤੇ ਹਨ ਅਤੇ ਅੱਗੇ ਵੀ ਲੋਕਹਿੱਤ ਲਈ ਕਾਰਜ ਹੋਰ ਤੇਜ਼ੀ ਨਾਲ ਕੀਤੇ ਜਾਣਗੇ। ਲਹਿਰਾ ਹਲਕੇ ਦੇ ਵਿਕਾਸ ਕਾਰਜਾਂ ਦੀ ਗੱਲ ਕਰਦਿਆਂ ਹਲਕਾ ਵਿਧਾਇਕ ਨੇ ਕਿਹਾ ਕਿ ਹਲਕੇ ਨੂੰ ਵਿਕਾਸ ਪੱਖੋ ਨਮੂਨੇ ਦਾ ਹਲਕਾ ਬਣਾਇਆ ਜਾ ਰਿਹਾ ਹੈ ਤੇ ਵਿਕਾਸ ਕਾਰਜਾਂ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ। ਇਸ ਮੌਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਵਾਲੇ ਸਰਪੰਚਾਂ, ਪੰਚਾਂ ਅਤੇ ਪਿੰਡਾਂ ਦੇ ਵਾਸੀਆਂ ਨੇ ਕਿਹਾ ਕਿ ਕੈਬਨਿਟ ਮੰਤਰੀ ਸ਼੍ਰੀ ਗੋਇਲ ਦੀ ਅਗਵਾਈ ਹੇਠ ਹਲਕੇ ਅੰਦਰ ਪਾਰਦਰਸ਼ੀ ਢੰਗ ਨਾਲ ਵਿਕਾਸ ਕੰਮ ਕੀਤੇ ਜਾ ਰਹੇ ਹਨ, ਜੋ ਪਹਿਲੀਆਂ ਸਰਕਾਰਾਂ ਵੇਲੇ ਵੇਖਣ ਨੂੰ ਨਹੀਂ ਮਿਲੇ ਸਨ। ਉਹਨਾਂ ਕਿਹਾ ਕਿ ਉਹ ਪਾਰਟੀ ਲਈ ਦਿਨ ਰਾਤ ਇੱਕ ਕਰ ਕੇ ਕੰਮ ਕਰਨਗੇ।

# ਡਾ.ਅੰਬੇਡਕਰ ਸਟੂਡੈਂਟ ਫਰੰਟ ਵੱਲੋਂ ਬੱਛੋਆਣਾ ਵਿਖੇ ਕੈਂਡਰ ਕੈਂਪ ਰਾਹੀਂ ਫੂੱਲੇਫਿਲਮ ਵਿਖਾਈ ਗਈ।




ਅਰਨੋ, 22 ਸਤੰਬਰ (ਕਰਮਬੀਰ ਸਿੰਘ)– ਡਾ.ਅੰਬੇਡਕਰ ਸਟੂਡੈਂਟ ਫਰੰਟ ਆਫ਼ ਇੰਡੀਆ ਵੱਲੋਂ ਪਿੰਡ ਬੱਛੋਆਣਾ (ਮਾਨਸਾ) ਵਿੱਚ ਸਮਾਜਿਕ ਕ$ਾਂਤੀ ਨੂੰ ਸਮਰਪਿਤ ਕੈਂਡਰ ਕੈਂਪ ਲਗਾਇਆ ਗਿਆ। ਕੈਂਡਰ ਕੈਂਪ ਰਾਹੀਂ ਸਟੂਡੈਂਟ ਟੀਮ ਵੱਲੋਂ ਪਿੰਡ ਵਾਸੀਆਂ ਨੂੰ ਮਹਾਤਮਾ ਜੋਤੀਬਾ ਫੂੱਲੇ ਅਤੇ ਮਾਤਾ ਸਾਵਿਤਰੀਬਾਈ ਫੂੱਲੇ ਜੀ ਦੇ ਜੀਵਨ ਤੇ ਬਣੀ ਹਿੰਦੀ ਫਿਲਮ ਵਿਖਾਈ। ਫਿਲਮ ਵਿੱਚ ਵਿਖਾਇਆ ਗਿਆ, ਕਿ ਕਿਵੇਂ ਸਾਡੇ ਮਹਾਪੁਰਸ਼ਾਂ ਨੇ ਸਮਾਜ ਵਿੱਚ ਬਰਾਬਰਤਾ,ਸਮਾਨਤਾ ਲਈ ਅਤੇ ਕੁੜੀਆਂ ਨੂੰ ਸਿੱਖਿਆ ਪ੍ਰਦਾਨ ਕਰਨ ਲਈ ਕਿੰਨੀ ਮੁਸ਼ਕਿਲਾਂ, ਸੰਘਰਸ਼ਾਂ ਦਾ ਸਾਹਮਣਾ ਕਰਨਾ ਪਿਆ। ਡਾ.ਅੰਬੇਡਕਰ ਸਟੂਡੈਂਟ ਫਰੰਟ ਆਫ਼ ਇੰਡੀਆ ਦੇ ਰਾਸ਼ਟਰੀ ਪ$ਧਾਨ ਮਾਨਯੋਗ ਪ੍ਰੀਤ ਕਾਂਸ਼ੀ ਜੀ ਨੇ ਪਿੰਡ ਵਾਸੀਆਂ ਨੂੰ ਬਾਬਾ ਸਾਹਿਬ ਡਾ.ਅੰਬੇਡਕਰ ਜੀ ਦੇ ਜੀਵਨ ਬਾਰੇ, ਮਿਸ਼ਨ ਬਾਰੇ ਬਹੁਤ ਬਾਰੀਕੀ ਨਾਲ ਦੱਸਿਆ, ਕਿਵੇਂ ਡਾ.ਅੰਬੇਡਕਰ ਜੀ ਨੇ ਸਿੱਖਿਆ ਹਾਸਲ ਕਰਕੇ ਪੂਰੇ ਜੀਵਨ ਸੰਘਰਸ਼ ਕਰਕੇ ਸਮਾਜ ਵਿੱਚ ਕਲਮ ਨਾਲ ਕ$ਾਂਤੀ ਕੀਤੀ। ਜੋ ਆਜ਼ਾਦੀ ਅਸੀਂ ਅੱਜ ਮਾਣ ਰਹੇ ਹਾਂ, ਉਨ੍ਹਾਂ ਲਈ ਪਹਿਲਾਂ ਸਾਡੇ ਮਹਾਪੁਰਸ਼ਾਂ ਨੇ ਬਹੁਤ ਵੱਡੇ ਪੱਧਰ ਤੇ ਲੜਾਈਆਂ ਲੜੀਆ ਹਨ,ਤਾਂ ਅੱਜ ਅਸੀਂ ਆਤਮ ਸਨਮਾਨ ਨਾਲ ਜੀਵਨ ਜਿਉ ਰਹੇ ਹਾਂ। ਪ੍ਰੀਤ ਕਾਂਸ਼ੀ ਜੀ ਨੇ ਦੱਸਿਆ, ਕਿ ਪੰਜਾਬ ਦੇ ਕਾਲਜ, ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਨੂੰ ਆ ਰਹੀ ਸਮੱਸਿਆਵਾਂ ਨੂੰ ਹੱਲ ਕਰਵਾਉਣ ਲਈ ਬਹੁਤ ਸਾਰੇ ਕਾਲਜਾਂ ਵਿੱਚ ਡਾਸਫੀ ਟੀਮ ਕੰਮ ਕਰ ਰਹੀ। ਪੰਜਾਬ ਸੂਬਾ ਪ੍ਰਧਾਨ, ਗਗਨਦੀਪ ਸਿੰਘ ਵਲੋਂ ਕਿਹਾ ਗਿਆ,ਕਿ ਪੰਜਾਬ ਵਿੱਚ ਜਿੱਥੇ ਵੀ ਵਿਦਿਆਰਥੀਆਂ ਨੂੰ ਵਜੀਫੇ ਸੰਬੰਧਿਤ ਜਾਂ ਦਾਖਲਿਆਂ ਸੰਬੰਧਿਤ ਹੋਰ ਵੀ ਕੋਈ ਸਮੱਸਿਆ ਆਵੇ, ਤਾਂ ਸਾਡੀ ਟੀਮ ਨਾਲ ਸੰਪਰਕ ਕਰਨ, ਹੁਣ ਵੱਡੇ ਪੱਧਰ ਤੇ ਪੰਜਾਬ ਦੇ ਹੋਰ ਬਾਕੀ ਜਿਲ੍ਹਿਆਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਵੀ ਟੀਮ ਬਣਾਉਣ ਦੀ ਮੁਹਿੰਮ ਚਲਾਈ ਜਾ ਰਹੀ ਹੈ। ਡਾਸਫੀ ਪੰਜਾਬ ਦੇ ਉਪ ਪ੍ਰਧਾਨ ਅਭਿਸ਼ੇਕ ਅੰਬੇਡਕਰ ਜੀ ਨੇ ਸਿੱਖਿਆ ਦੀ ਮਹੱਤਤਾ, ਨਸ਼ਿਆ ਤੋਂ ਦੂਰ ਰਹਿਣ ਅਤੇ ਸਮਾਜ ਦੇ ਨੌਜਵਾਨਾਂ ਨੂੰ ਗੁੰਡਾਗਰਦੀ ਤੋਂ ਦੂਰ ਰਹਿਣ ਲਈ ਅਪੀਲ ਕੀਤੀ। ਬੱਛੋਆਣਾ (ਮਾਨਸਾ) ਦੇ ਪਿੰਡ ਵਾਸੀਆਂ ਵੱਲੋਂ ਬੜੇ ਉਤਸ਼ਾਹ ਨਾਲ ਪ੍ਰੋਗਰਾਮ ਵੇਖਿਆ ਅਤੇ ਟੀਮ ਨੂੰ ਬਹੁਤ ਮਾਣ ਸਨਮਾਨ ਦਿੱਤਾ। ਕੈਂਡਰ ਕੈਂਪ ਆਯੋਜਨ ਕਰਵਾਉਣ ਲਈ ਗੁਰੂ ਰਵਿਦਾਸ ਜੀ ਕਮੇਟੀ ਬੱਛੋਆਣਾ ਦੇ ਨੌਜਵਾਨ ਸਾਥੀ ਪੂਰਨ ਸਿੰਘ, ਗੁਰਪਿਆਰ ਸਿੰਘ,ਅੰਗਰੇਜ਼, ਬੱਗਾ ਜੀ, ਕੁਲਦੀਪ ਸਿੰਘ, ਜੱਗੀ, ਸ਼ੇਰਾਂ ਅਤੇ ਬਹੁਤ ਕਮੇਟੀ ਮੈਂਬਰ ਸਮੂਹ ਪਿੰਡ ਵਾਸੀਆਂ ਦਾ ਬਹੁਤ ਬਹੁਤ ਧੰਨਵਾਦ।

# ਵੈਟਰਨਜ਼ ਵੈਲਫੇਅਰ ਔਰਗੇਨਾਈਜ਼ੇਸ਼ਨ ਵੱਲੋਂ ਮੀਟਿੰਗ ਦਾ ਆਯੋਜਨ

ਦਿੜਬਾ 13 ਸਤੰਬਰ ( ਹੈਪੀ)ਅੱਜ ਸਥਾਨਕ ਸ਼ਹਿਰ ਵਿਖੇ ਸੇਵਾ ਮੁਕਤ ਕੈਪਟਨ ਗੁਲਾਬ ਸਿੰਘ ਦੀ ਯੋਗ ਅਗਵਾਈ ਹੇਠ ਵੈਟਰਨਜ਼ ਵੈਲਫੇਅਰ ਔਰਗੇਨਾਈਜੇਸਨ ਪੰਜਾਬ ਵੱਲੋਂ ਭਰਵੀਂ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸੇਵਾ ਮੁਕਤ ਕੈਪਟਨ ਗੁਲਾਬ ਸਿੰਘ ਤੋਂ ਇਲਾਵਾ ਡਾ ਰੋਹਿਤ ਗਰਗ , ਟੀਮ ਪ੍ਰਾਈਮ ਮਲਟੀ ਸਪੈਸਲਿਟੀ ਹਸਪਤਾਲ ਪਟਿਆਲਾ , ਵੱਡੀ ਗਿਣਤੀ ਚ ਸੇਵਾ ਮੁਕਤ ਸੈਨਿਕ ਸ਼ਾਮਲ ਹੋਏ। ਇਸ ਮੌਕੇ ਕੈਪਟਨ ਗੁਲਾਬ ਸਿੰਘ ਨੇ ਸੇਵਾ ਮੁਕਤ ਸੈਨਿਕਾਂ ਦੇ ਪਰਿਵਾਰਾਂ ਨੂੰ ਸਿਹਤ ਸਹੂਲਤਾਂ ਲੈਣ ਦਰਪੇਸ਼ ਆ ਰਹੀਆਂ ਮੁਸ਼ਕਿਲਾਂ ਦੇ ਦੱਸਦਿਆਂ ਕਿਹਾ ਕਿ ਜਦੋਂ ਅਸੀਂ ਕਿਸੇ ਹਸਪਤਾਲ ਦੇ ਵਿੱਚ ਆਪਣੇ ਪਰਿਵਾਰਿਕ ਮੈਂਬਰ ਦਾ ਇਲਾਜ ਕਰਵਾਉਣ ਜਾਂਦੇ ਸੀ , ਤਾਂ ਉਥੇ ਸਾਨੂੰ ਉਨੀ ਸੁਵਿਧਾ ਨਹੀਂ ਮਿਲਦੀ ਸੀ ਜੋ ਸਾਨੂੰ ਅੱਜ ਪ੍ਰਾਈਮ ਮਲਟੀ ਹਸਪਤਾਲ ਵਿੱਚ ਮਿਲਦੀ ਹੈ। ਇਸ ਹਸਪਤਾਲ ਦੇ ਵਿੱਚ ਅਸੀਂ ਸਭ ਤੋਂ ਵੱਡੀ ਸਾਨੂੰ ਸੁਵਿਧਾ ਸਾਡੇ ਘਰ ਤੋਂ ਲੈ ਕੇ ਹਸਪਤਾਲ ਤੱਕ ਐਮਬੂਲੈਂਸ ਦੀ ਸੁਵਿਧਾ ਉਪਲਬੱਧ ਕਰਵਾਈ ਗਈ ਹੈ । ਇਸ ਮੌਕੇ ਡਾਕਟਰ ਰੋਹਿਤ ਗਰਗ ਨੇ ਦੱਸਿਆ ਕਿ ਮਰੀਜ਼ ਨਾਲ ਜੋ ਅਟੈਂਡਟ ਹੋਵੇਗਾ , ਉਸ ਨੂੰ ਰਹਿਣ ਸਹਿਣ ਤੇ ਖਾਣਾ ਬਿਲਕੁਲ ਫਰੀ ਦਿੱਤਾ ਜਾਵੇਗਾ । ਡਾਕਟਰ ਰੋਹਿਤ ਗਰਗ ਨੇ ਵਿਸ਼ਵਾਸ਼ ਦਿਵਾਉਂਦਿਆਂ ਕਿਹਾ ਕਿ ਕੋਈ ਵੀ ਸੇਵਾ ਮੁਕਤ ਸੈਨਿਕ ਸਾਡੇ ਹਸਪਤਾਲ ਦੇ ਵਿੱਚ ਐਡਮਿਟ ਹੁੰਦਾ ਜਾਂ ਉਹਨਾਂ ਦੇ ਪਰਿਵਾਰਿਕ ਮੈਂਬਰ ਦੋਸਤ ਮਿੱਤਰ ਅਸੀਂ ਉਸ ਨੂੰ ਫਰੀ ਵਿੱਚ ਇਲਾਜ ਕੀਤਾ ਜਾਵੇਗਾ ਤੇ ਆਉਣ ਜਾਣ ਦਾ ਐਬੂਲੈਂਸ ਫਰੀ ਸੇਵਾ ਕੀਤੀ ਜਾਵੇਗੀ ।

# ਕਲੇਰ ਸਕੂਲ ਦੇ ਵਿਦਿਆਰਥੀ ਦੀ ਪੰਜਾਬ ਕ੍ਰਿਕਟ ਐਸੋਸੀਏਸ਼ਨ ਵਿੱਚ ਅੰਡਰ-19 ਅਭਿਆਸ ਮੈਚਾਂ ਲਈ ਹੋਈ ਚੋਣ

ਭਗਤਾ ਭਾਈ ਕਾ22 ਸਤੰਬਰ (ਸਵਰਨ ਸਿੰਘ ਭਗਤਾ)ਮਾਤਾ ਬਲਜਿੰਦਰ ਕੌਰ ਮੈਮੋਰੀਅਲ ਕਲੇਰ ਇੰਟਰਨੈਸ਼ਨਲ ਪਬਲਿਕ ਸਕੂਲ ਸਮਾਧ ਭਾਈ (ਮੋਗਾ) ਦਾ ਵਿਦਿਆਰਥੀ ਸਾਗਰ ਈਸ਼ਵਰ ਖੱਤਰੀ ਜੋ ਬਾਰਵੀਂ ਜਮਾਤ ਆਰਟਸ ਵਿੱਚ ਪੜਦਾ ਹੈ ,ਉਹ ਪੰਜਾਬ ਕ੍ਰਿਕਟ ਐਸੋਸੀਏਸ਼ਨ ਵੱਲੋਂ ਪੰਜਾਬ ਕ੍ਰਿਕਟ ਟੀਮ ਵਿੱਚ ਅਭਿਆਸ ਮੈਚਾਂ ਲਈ ਚੁਣਿਆ ਗਿਆ ਹੈ। ਗੱਲਬਾਤ ਕਰਦਿਆਂ ਸਕੂਲ ਦੇ ਕ੍ਰਿਕਟ ਕੋਚ ਲਖਵਿੰਦਰ ਬਰਾੜ ਨੇ ਦੱਸਿਆ ਕਿ ਇਸ ਖਿਡਾਰੀ ਦਾ ਪਿਛਲੇ ਸਾਲਾਂ ਤੋਂ ਸਕੂਲ ਮੈਚਾਂ ਵਿੱਚ ਵੀ ਬਹੁਤ ਸ਼ਾਨਦਾਰ ਪ੍ਰਦਰਸ਼ਨ ਰਿਹਾ ਹੈ ।ਇਹ ਖਿਡਾਰੀ ਬਹੁਤ ਹੀ ਮਿਹਨਤੀ ਹੈ ਅਤੇ ਇਹ ਆਪਣੀ ਮਿਹਨਤ ਤੇ ਲਗਨ ਸਦਕਾ ਹੀ ਆਉਣ ਵਾਲੇ ਸਮੇਂ ਵਿੱਚ ਬੁਲੰਦੀਆਂ ਨੂੰ ਛੂਹੇਗਾ। ਉਹਨਾਂ ਕਿਹਾ ਕਿ ਪਿਛਲੀ ਦਿਨੀ ਮੋਗਾ ਜ਼ਿਲੇ ਵਿੱਚ ਕੈਂਪ ਲਾਉਣ ਤੋਂ ਬਾਅਦ ਅੰਡਰ- 19 ਪੰਜਾਬ ਕ੍ਰਿਕਟ ਟੀਮ ਵਿੱਚ ਅਭਿਆਸ ਮੈਚਾਂ ਵਿੱਚ ਇਸਦੀ ਚੋਣ ਹੋਈ ਹੈ। ਕਲੇਰ ਸਕੂਲ ਦਾ ਵਿਦਿਆਰਥੀ ਨਵੇਂ ਬਣੇ ਇੰਟਰਨੈਸ਼ਨਲ ਸਟੇਡੀਅਮ ਨਿਊ ਚੰਡੀਗੜ੍ਹ ਦੇ ਮੈਦਾਨ ਤੇ ਆਪਣਾ ਸ਼ਾਨਦਾਰ ਪ੍ਰਦਰਸ਼ਨ ਦਿਖਾਵੇਗਾ। ਇਸ ਮੌਕੇ ਤੇ ਸਕੂਲ ਦੇ ਚੇਅਰਮੈਨ ਕੁਲਵੰਤ ਸਿੰਘ ਮਲੂਕਾ, ਚੇਅਰਪਰਸਨ ਮੈਡਮ ਰਣਧੀਰ ਕੌਰ, ਡਾਇਰੈਕਟਰ ਕੋਹਿਨੂਰ ਸਿੱਧੂ, ਪ੍ਰਿੰਸੀਪਲ ਸ਼ਸ਼ੀਕਾਂਤ ਸੀਨੀਅਰ ਕੋਆਰਡੀਨੇਟਰ ਰੰਜੀਵ ਸ਼ਰਮਾ, ਇਗਜ਼ਾਮੀਨੇਸ਼ਨ ਕੋਆਰਡੀਨੇਟਰ ਦਮਨਜੋਤ ਕੌਰ ,ਜੂਨੀਅਰ ਕੋਆਰਡੀਨੇਟਰ ਰੁਪਿੰਦਰ ਕੌਰ, ਪ੍ਰਾਇਮਰੀ ਕੋਆਰਡੀਨੇਟਰ ਕਰਮਜੀਤ ਕੌਰ, ਕਿੰਡਰਗਾਰਟਨ ਕੋਆਰਡੀਨੇਟਰ ਮੋਨਿਕਾ ਚਲਾਣਾ, ਹਾਊਸ ਕੋਆਰਡੀਨੇਟਰ ਹਰਜਿੰਦਰ ਸਿੰਘ, ਸਪੋਰਟਸ ਕੋਆਰਡੀਨੇਟਰ ਬੇਅੰਤ ਸਿੰਘ, ਆਈਟੀ ਕੋਆਰਡੀਨੇਟਰ ਗੁਰਵਿੰਦਰ ਸਿੰਘ ਤੇ ਸਮੂਹ ਸਟਾਫ ਨੇ ਕ੍ਰਿਕਟ ਕੋਚ ਲਖਵਿੰਦਰ ਬਰਾੜ ਅਤੇ ਅਰਸ਼ਦੀਪ ਸਿੰਘ ,ਸਾਗਰ ਖੱਤਰੀ ਤੇ ਮਾਪਿਆਂ ਨੂੰ ਇਸ ਕਾਮਯਾਬੀ ਤੇ ਵਧਾਈ ਦਿੱਤੀ।

# ਡੇਰਾ ਕਮੇਟੀ ਵੱਲੋਂ ਸਮਾਜ ਸੇਵੀ ਸੁਖਪਾਲ ਸਿੰਘ ਗਿੱਲ ਸਨਮਾਨਿਤ




ਤਪਾ ਮੰਡੀ/ਚਾਉਕੇ 22 ਸਤੰਬਰ (ਭੂਸ਼ਨ ਘੜੈਲਾ)–ਸੁਖਪਾਲ ਸਿੰਘ ਗਿੱਲ ਜਿੱਥੇ ਆਪਣੀ ਕਮਾਈ ਵਿੱਚੋਂ ਦਸਵਾਂ ਦਿਸੌਂਧ ਕੱਢਕੇ ਪਹਿਲਾਂ ਤੋਂ ਹੀ ਗਰੀਬ ਲੋੜਬੰਦ ਲੋਕਾਂ ਦੀ ਸੇਵਾ ਵਿਚ ਜੁੱਟਿਆ ਹੋਇਆ ਹੈ। ਉੱਥੇ ਨਾਨਕਿਆਂ ਦੇ ਪਿੰਡ ਘੜੈਲੀ ਵਿਖੇ ਮਹਾਨ ਤਪੱਸਵੀ ਸੰਤ ਬਾਬਾ ਪ੍ਰੀਤਮ ਦਾਸ ਦੀ 63ਵੀ ਬਰਸੀ ਮੌਕੇ ਜੂਸ ਦਾ ਲੰਗਰ ਲਗਾਕੇ ਇੱਕ ਵੱਡੀ ਸੇਵਾ ਕੀਤੀ ਗਈ। ਇਸ ਮੌਕੇ ਪਿੰਡ ਘੜੈਲੀ ਦੇ ਲੋਕਾਂ ਨੇ ਸਮਾਜ ਸੇਵੀ, ਗੁਰਸਿੱਖ ਸੁਖਪਾਲ ਸਿੰਘ ਪਿੰਡ ਗਿੱਲ ਕਲਾਂ ਦੇ ਇਸ ਨੌਜਵਾਨ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਸ ਨੌਜਵਾਨ ਦਾ ਟਰਾਂਸਪੋਰਟ ਦਾ ਦੁਬਈ ਚ ਕਾਰੋਬਾਰ ਹੈ ਆਪਣੇ ਦੁਬੱਈ ਵਾਲੇ ਸਾਥੀਆਂ ਅਤੇ ਨਾਨਕਾ ਪਰਿਵਾਰ ਦੇ ਸਹਿਯੋਗ ਨਾਲ ਹਰ ਸਾਲ ਪਿੰਡ ਘੜੈਲੀ ਵਿਖੇ ਸੰਤਾਂ ਦੀ ਬਰਸੀ ਮੌਕੇ ਗੰਨੇ ਦੇ ਜੂਸ ਦਾ ਲੰਗਰ ਲਗਾਇਆ ਜਾਂਦਾ ਹੈ ਅਤੇ ਡੇਰਾ ਸਾਹਿਬ ਦੀ ਸੇਵਾ ਵਿੱਚ ਵੀ ਵੱਧ ਚੜਕੇ ਹਿੱਸਾ ਪਾਉਂਦਾ ਹੈ। ਇਸ ਗੁਰਸਿੱਖ ਨੌਜਵਾਨ ਦੀ ਸੇਵਾ ਨੂੰ ਦੇਖਦਿਆ ਡੇਰਾ ਪ੍ਰਬੰਧ ਕਮੇਟੀ ਵੱਲੋਂ ਸੁਖਪਾਲ ਸਿੰਘ ਗਿੱਲ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਸਰਪੰਚ ਮਲਕੀਤ ਸਿੰਘ,ਸਾਬਕਾ ਸਰਪੰਚ ਹਰਦੀਪ ਸਿੰਘ, ਜਗਮੀਤ ਸਿੰਘ ਪੰਚ ਘੜੈਲੀ, ਬੱਬੂ ਸਿੰਘ ਘੜੈਲੀ, ਕਲੱਬ ਪ੍ਰਧਾਨ ਜਸਵਿੰਦਰ ਸਿੰਘ,ਪੱਪੀ ਸਿੰਘ, ਮਨਜੀਤ ਸਿੰਘ ਘੜੈਲੀ, ਗੁਰਚਰਨ ਸਿੰਘ ਨੰਬਰਦਾਰ, ਬਲਕਾਰ ਸਿੰਘ ਘੜੈਲੀ, ਪ੍ਰਦੀਪ ਸਿੰਘ,ਸਵਰਨ ਸਿੰਘ,ਬਲਜੀਤ ਸਿੰਘ ਕਨੇਡਾ,ਸਵਰਨ ਸਿੰਘ ਮਿਸ਼ਨਰੀ ਤੋਂ ਇਲਾਵਾ ਵੱਡੀ ਗਿਣਤੀ ਵਿਚ ਪਿੰਡ ਵਾਸੀ ਹਾਜ਼ਰ ਸਨ।

# ਗੈਰ ਕਾਨੂੰਨੀ ਤਰੀਕੇ ਨਾਲ ਤਿਆਰ ਕੀਤੇ ਜਾ ਰਹੇ ਪਟਾਕਿਆਂ ਦਾ ਪਰਦਾਫਾਸ਼, ਮੁਲਜਮ ਕਾਬੂ

## ਬੰਦ ਪਏ ਪੋਲਟਰੀ ਫਾਰਮ ਵਿੱਚੋਂ ਚੱਲਦਾ ਸੀ ਨਜਾਇਜ਼ ਕਾਰੋਬਾਰ



ਧੂਰੀ, 22 ਸਤੰਬਰ (ਰਾਜੇਸ਼ਵਰ ਪਿੰਟੂ, ਅਮਨ ਗਰਗ) – ਧੂਰੀ ਪੁਲਿਸ ਨੇ ਗੈਰ ਕਾਨੂੰਨੀ ਤਰੀਕੇ ਨਾਲ ਤਿਆਰ ਕੀਤੇ ਜਾ ਰਹੇ ਛੋਟੇ ਪਟਾਕਿਆਂ ਦੇ ਕਾਰੋਬਾਰ ਦਾ ਪਰਦਾਫਾਸ਼ ਕੀਤਾ ਹੈ।ਸ੍ਰੀ ਸਰਤਾਜ ਸਿੰਘ ਚਾਹਲ, ਜ਼ਿਲ੍ਹਾ ਪੁਲਿਸ ਮੁਖੀ ਸੰਗਰੂਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਗਰੂਰ ਪੁਲਿਸ ਵੱਲੋਂ ਮਾੜੇ ਅਨਸਰਾਂ ਖ਼ਿਲਾਫ਼ ਚਲਾਈ ਮੁਹਿੰਮ ਤਹਿਤ ਸ੍ਰ ਦਮਨਬੀਰ ਸਿੰਘ ਡੀ ਐੱਸ ਪੀ ਧੂਰੀ ਦੀ ਅਗਵਾਈ ਹੇਠ ਇੰਸ: ਕਰਨਵੀਰ ਸਿੰਘ ਮੁੱਖ ਅਫਸਰ ਥਾਣਾ ਸਦਰ ਧੂਰੀ ਦੀ ਟੀਮ ਵੱਲੋਂ ਪਿੰਡ ਭਸੌੜ ਵਿਖੇ ਨਜਾਇਜ਼ ਤੌਰ ਉੱਤੇ ਛੋਟੇ ਪਟਾਕੇ ਬਣਾਉਣ ਵਾਲੇ ਵਿਅਕਤੀ ਨੂੰ ਕਾਬੂ ਕਰਕੇ ਵੱਡੀ ਸਫਲਤਾ ਹਾਸਲ ਕੀਤੀ ਗਈ ਹੈ।ਉਹਨਾਂ ਦੱਸਿਆ ਕਿ ਮਿਤੀ 19 ਸਤੰਬਰ ਨੂੰ ਸਹਾਇਕ ਥਾਣੇਦਾਰ ਓਂਕਾਰ ਸਿੰਘ, ਇੰਚਾਰਜ ਚੌਂਕੀ ਰਣੀਕੇ ਨੂੰ ਇਤਲਾਹ ਮਿਲੀ ਕਿ ਫਿਆਜ਼ ਖਾਨ ਪੁੱਤਰ ਫੈਜ ਖਾਨ ਪੁੱਤਰ ਅਬਦੁਲ ਰਹਿਮਾਨ ਵਾਸੀ ਪੋਖਰਾ ਮੁਹੱਲਾ, ਹਾਜੀਪੁਰ, ਜਿਲ੍ਹਾ ਵੈਸ਼ਾਲੀ, ਬਿਹਾਰ ਹਾਲ ਆਬਾਦ ਪਿੰਡ ਭਸੌੜ, ਜ਼ਿਲ੍ਹਾ ਸੰਗਰੂਰ ਵੱਲੋਂ ਬੰਦ ਪਏ ਪੋਲਟਰੀ ਫਾਰਮ ਪਿੰਡ ਭਸੌੜ ਵਿਖੇ ਨਜਾਇਜ ਤੌਰ ਪਰ ਛੋਟੇ ਪਟਾਕੇ ਬਣਾਉਣ ਦਾ ਕੰਮ ਕਰਦਾ ਹੈ ਅਤੇ ਬੰਦ ਪਏ ਪੋਲਟਰੀ ਫਾਰਮ ਪਿੰਡ ਭਸੌੜ ਵਿਖੇ ਭਾਰੀ ਮਾਤਰਾ ਵਿੱਚ ਪਟਾਕਿਆਂ ਦੀਆਂ ਪੇਟੀਆਂ ਅਤੇ ਪੋਟਾਸ਼ ਪਿਆ ਹੈ ਅਤੇ ਫਿਆਜ ਖਾਨ ਉਕਤ ਪਾਸੋਂ ਭਾਰੀ ਮਾਤਰਾ ਵਿੱਚ ਛੋਟੇ ਪਟਾਕੇ ਅਤੇ ਪੋਟਾਸ਼ ਬੰਦ ਪਏ ਪੋਲਟਰੀ ਫਾਰਮ ਵਿੱਚੋਂ ਬ੍ਰਾਮਦ ਹੋ ਸਕਦਾ ਹੈ। ਇਤਲਾਹ ਮਿਲਣ ਪਰ ਮੁਕੱਦਮਾ ਨੰਬਰ 226 ਮਿਤੀ 19.9.2025 ਅ/ਧ 287, 288 ਬੀ.ਐਨ.ਐਸ. ਥਾਣਾ ਸਦਰ ਧੂਰੀ ਬਰਖਿਲਾਫ ਫ਼ਿਆਜ਼ ਖਾਨ ਉਕਤ ਨੂੰ ਕਾਬੂ ਕਰਕੇ ਉਸਦੇ ਕਬਜ਼ੇ ਵਿਚੋਂ ਪਟਾਖੇ ਅਤੇ ਪੋਟਾਸ਼/ਬਾਰੂਦ ਬ੍ਰਾਮਦ ਕਰਵਾ ਕੇ ਦੋਸ਼ੀ ਫਿਆਜ਼ ਖਾ ਉਕਤ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪੋਲਟਰੀ ਫਾਰਮ ਪਿੰਡ ਭਸੌੜ ਵਿਖੇ ਬਣਾਏ ਜਾ ਰਹੇ ਨਜਾਇਜ਼ ਪਟਾਕਿਆਂ ਸਬੰਧੀ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਕਿ ਉਸ ਵੱਲੋਂ ਪਟਾਖੇ ਬਣਾਉਣ ਲਈ ਸਾਜੋ ਸਮਾਨ ਅਤੇ ਪੋਟਾਸ਼/ਬਰੂਦ ਕਿੱਥੋਂ ਖ੍ਰੀਦ ਕਰਕੇ ਲਿਆਂਦਾ ਗਿਆ। ਤਫਤੀਸ ਦੌਰਾਨ ਜੇਕਰ ਹੋਰ ਤੱਥ ਜਾ ਕਿਸੇ ਹੋਰ ਵਿਅਕਤੀ ਸਮੂਲੀਅਤ ਪਾਈ ਜਾਦੀ ਹੈ ਤਾ ਉਸਦੇ ਖਿਲਾਫ ਵੀ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਨਜਾਇਜ਼ ਪਟਾਕਿਆਂ ਸਬੰਧੀ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਕਿ ਉਸ ਵੱਲੋਂ ਪਟਾਖੇ ਬਣਾਉਣ ਲਈ ਸਾਜੋ ਸਮਾਨ ਅਤੇ ਪੋਟਾਸ਼/ਬਰੂਦ ਕਿੱਥੋਂ ਖ੍ਰੀਦ ਕਰਕੇ ਲਿਆਂਦਾ ਗਿਆ। ਤਫਤੀਸ ਦੌਰਾਨ ਜੇਕਰ ਹੋਰ ਤੱਥ ਜਾ ਕਿਸੇ ਹੋਰ ਵਿਅਕਤੀ ਸਮੂਲੀਅਤ ਪਾਈ ਜਾਦੀ ਹੈ ਤਾ ਉਸਦੇ ਖਿਲਾਫ ਵੀ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# 250 ਏਕੜ ਦੇ ਕਰੀਬ .ਫ਼ਸਲ ਬੋਨੇ ਰੋਗ ਦੀ ਚਪੇਟ 'ਚ, ਮੁਆਵਜ਼ੇ ਦੀ ਮੰਗ



ਮੂਨਕ,22 ਸਤੰਬਰ(ਸਮਸ਼ੇਰ ਸਿੰਘ ਭੁਟਾਲ)ਹਲਕਾ ਲਹਿਰਾ ਗਾਗਾ ਦੇ ਵਿੱਚ ਪੈਂਦੇ ਪਿੰਡ ਬਿਸ਼ਨਪੁਰਾ ਖੋਖਰ ਵਿੱਚ ਕਿਸਾਨਾਂ ਦੀਆਂ ਬਾਣੇ ਰੋਗ ਦੇ ਕਾਰਨ ਝੋਨੇ ਦੀਆਂ ਫਸਲਾਂ ਬਰਬਾਦ ਹੋ ਚੁੱਕੀਆਂ ਨੇ। ਮੌਕੇ ਤੇ ਜਾਣਕਾਰੀ ਦਿੰਦਿਆਂ ਹੋਇਆਂ ਕਿਸਾਨ ਬਲਕਾਰ ਸਿੰਘ ਨੇ ਦੱਸਿਆ ਕਿ ਉਸਦੇ ਪਿੰਡ ਵਿੱਚ 250 ਏਕੜ ਦੇ ਕਰੀਬ ਫਸਲ ਨੂੰ ਨੁਕਸਾਨ ਹੋਇਆ ਹੈ ਅਤੇ ਨਾਲ ਹੀ ਉਹਨਾਂ ਨੇ ਪਿਛਲੇ ਮਹੀਨੇ ਦੌਰਾਨ ਖੇਤੀਬਾੜੀ ਅਫਸਰਾਂ ਦੇ ਧਿਆਨ ਵਿੱਚ ਇਹ ਗੱਲਬਾਤ ਲੈ ਕੇ ਆਏ ਪਰ ਫਿਰ ਵੀ ਮੌਕੇ ਦੇ ਉੱਪਰ ਕੋਈ ਖੇਤੀਬਾੜੀ ਅਫਸਰ ਜਾਂ ਅਧਿਕਾਰੀ ਨੇ ਪਹੁੰਚ ਨਹੀਂ ਕੀਤੀ ਕਿ ਉਹਨਾਂ ਦਾ ਹਾਲ ਚਾਲ ਜਾਣਿਆ ਜਾ ਸਕਦਾ ਉਨਾਂ ਸਰਕਾਰ ਤੋਂ ਮੰਗ ਕੀਤੀ ਕਿ ਕਿਸਾਨਾਂ ਨੂੰ ਬਣਦੀ ਮੁਆਵਜ਼ਾ ਰਾਸ਼ੀ ਦਿੱਤੀ ਜਾਵੇ ਕਿਉਂਕਿ ਫਸਲ ਦੇ ਉੱਪਰ ਹਜ਼ਾਰਾਂ ਰੁਪਏ ਸਪਰੇਹਾਂ ਦੇ ਖਰਚ ਚੁੱਕੇ ਨੇ ਤੇ ਮਹਿੰਗੇ ਭਾਅ ਦੇ ਵੀ ਖਰੀਦ ਕੇ ਉਹਨਾਂ ਨੇ ਝੋਨੇ ਦੀ ਫਸਲ ਲਾਈ ਸੀ ਦੂਜੇ ਕਿਸਾਨ ਸਤਵਿੰਦਰ ਸਿੰਘ ਨੇ ਦੱਸਿਆ ਕਿ ਕਿਸੇ ਵੀ ਸਪਰੇ ਨੇ ਫਸ ਝੋਨੇ ਦੀ ਫਸਲ ਦੇ ਉੱਪਰ ਇਸ ਬਿਮਾਰੀ ਨੂੰ ਕੋਈ ਵੀ ਬਚਾਅ ਨਹੀਂ ਕੀਤਾ ਮਹਿੰਗੇ ਭਾ ਦੀਆਂ ਸਪਰੇਹਾਂ ਫਸਲਾਂ ਦੇ ਉੱਪਰ ਹੋ ਚੁੱਕੀਆਂ ਨੇ ਇੱਕ ਫਸਲ ਦੇ ਉੱਪਰ 10 ਤੋਂ 15000 ਰੁਪਏ ਖਰਚਾ ਕਿਸਾਨ ਕਰ ਚੁੱਕੇ ਨੇ ਪਰ ਫਾਇਦਾ ਕੋਈ ਨਹੀਂ ਹੋਇਆ ਇੱਕ ਨਹੀਂ ਦੋ ਨਹੀਂ ਬਲਕਿ 10 ਤੋਂ 15 ਕਿਸਾਨਾਂ ਦਾ ਇਹ ਕਹਿਣਾ ਕਿ ਉਹਨਾਂ ਦੇ ਵੱਲੋਂ 90 ਹਜਾਰ ਪ੍ਰਤੀ ਏਕੜ ਜਮੀਨ ਠੇਕੇ ਤੇ ਲੈ ਕੇ ਝੋਨੇ ਦੀ ਖੇਤੀ ਕੀਤੀ ਗਈ ਪਰ ਸਾਰੀ ਦੀ ਸਾਰੀ ਫਸਲ ਬਾਉਣੇ ਰੋਗ ਦੀ ਚਪੇਟ ਚੜ ਕੇ ਖਰਾਬ ਹੋ ਗਈ ਕਿਸਾਨ ਸਰਕਾਰ ਤੋਂ ਮੰਗ ਕਰਦੇ ਨੇ ਕੀ ਉਹਨਾਂ ਦੀ ਬਾਂਹ ਫੜੀ ਜਾਵੇ ਤੇ ਨਾਲ ਹੀ ਜਿਨਾ ਕਿਸਾਨਾਂ ਦੀਆਂ ਫਸਲਾਂ ਬਾਣੇ ਰੋਕ ਦੇ ਕਾਰਨ ਬਰਬਾਦ ਹੋਈਆਂ ਨੇ ਉਹਨਾਂ ਨੂੰ ਇਸ ਵਾਰ ਲਿਮਟਾਂ ਦੇ ਬਿਆਜ ਤੇ ਹੋਰ ਕਿਸ਼ਤਾਂ ਵਿੱਚ ਛੋਟ ਦਿੱਤੀ ਜਾਵੇ ਦੂਜੇ ਪਾਸੇ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਦੇ ਬੁਲਾਰੇ ਦਰਸ਼ਨ ਸਿੰਘ ਨੇ ਕਿਹਾ ਕਿ ਉਹ ਸਰਕਾਰ ਤੋਂ ਮੰਗ ਕਰਦੇ ਨੇ ਕਿ ਪੰਜਾਬ ਭਰ ਦੇ ਵਿੱਚ ਜਿੱਥੇ ਵੀ ਕਿਸਾਨਾਂ ਦੀਆਂ ਫਸਲਾਂ ਪਾਉਣੇ ਰੋਕਦੇ ਕਾਰਨ ਬਰਬਾਦ ਹੋਈਆਂ ਨੇ ਉਹਨਾਂ ਫਸਲਾਂ ਦਾ ਮੁਆਵਜ਼ਾ ਸਰਕਾਰ ਕਿਸਾਨਾਂ ਨੂੰ ਦੇਵੇ ਤਾਂ ਜੋ ਆਉਣ ਵਾਲੇ ਦਿਨਾਂ ਦੇ ਵਿੱਚ ਕਣਕ ਦੀ ਬਜਾਈ ਕਰਨ ਸਮੇਂ ਕਿਸਾਨਾਂ ਨੂੰ ਕਿਸੇ ਪ੍ਰਕਾਰ ਦੀ ਕੋਈ ਮੁਸ਼ਕਿਲ ਨਾ ਆਵੇ ਨਾਲ ਹੀ ਜਿਹੜੀਆਂ ਕੰਪਨੀਆਂ ਦੇ ਵੱਲੋਂ ਨਕਲੀ ਬੀਜ ਤੇ ਨਕਲੀ ਸਪਰੇਹਾਂ ਵੇਚੀਆਂ ਜਾਂਦੀਆਂ ਨੇ ਉਹਨਾਂ ਦੇ ਉੱਪਰ ਸਰਕਾਰਾਂ ਤੁਰੰਤ ਧਿਆਨ ਦੇ ਕੇ ਉਹਨਾਂ ਦੇ ਉੱਪਰ ਬਣਦੀ ਕਾਰਵਾਈ ਕਰੇ। ਜੇਕਰ ਸਰਕਾਰ ਕਿਸਾਨਾਂ ਦੇ ਇਸ ਪਾਸੇ ਵੱਲ ਧਿਆਨ ਨਹੀਂ ਦਿੰਦੀ ਤਾਂ ਆਉਣ ਵਾਲੇ ਸਮੇਂ ਵਿੱਚ ਕਿਸਾਨਾਂ ਦੇ ਵੱਲੋਂ ਸਰਕਾਰੀ ਦਫਤਰਾਂ ਦੇ ਵਿੱਚ ਰੋਸ ਪ੍ਰਦਰਸ਼ਨ ਕੀਤੇ ਜਾਣਗੇ ਇਸ ਮੌਕੇ ਦੇ ਉੱਪਰ ਮੌਜੂਦ ਕਿਸਾਨ ਗੁਰਸੇਵਕ ਸਿੰਘ, ਲਖਬੀਰ ਸਿੰਘ, ਲੱਖੀ ਸਿੰਘ, ਕ੍ਰਿਸ਼ਨ ਸਿੰਘ, ਨਿਰਮਲ ਸਿੰਘ, ਲਖਵਿੰਦਰ ਸਿੰਘ, ਵਿੰਦਰ ਸਿੰਘ, ਜੀਤਪਾਲ ਸਿੰਘ, ਸਤਿਗੁਰ ਸਿੰਘ, ਗੁਰਪਿਆਰ ਸਿੰਘ, ਬਹਾਦਰ ਸਿੰਘ, ਗੁਰਵਿੰਦਰ ਸਿੰਘ, ਜੱਗਾ ਸਿੰਘ ਤੇ ਬਾਦਲ ਸਿੰਘ ਨਾਲ ਹੋਰ ਵੀ ਕਿਸਾਨ ਮੌਜੂਦ ਸਨ।

# ਮਨਜੀਤ ਸਿੰਘ ਨੰਗਲਾ ਬਣੇਂ ਨੰਬਰਦਾਰ ਯੂਨੀਅਨ ਲਹਿਰਾ ਦੇ ਪ੍ਰਧਾਨ



ਧਰਮਗੜ੍ਹ 22 ਸਤੰਬਰ (ਗੁਰਪ੍ਰੀਤ ਸਿੰਘ ਲਿੱਟ):- ਬੀਤੇ ਦਿਨੀਂ ਪੰਜਾਬ ਨੰਬਰਦਾਰ ਯੂਨੀਅਨ(643) ਤਹਿਸੀਲ ਲਹਿਰਾ ਦੀ ਮੀਟਿੰਗ ਜਿਲਾ ਪ੍ਰਧਾਨ ਸਰਦਾਰ ਕਰਮਜੀਤ ਸਿੰਘ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਵੱਖ ਵੱਖ ਪਿੰਡਾਂ ਦੇ ਨੰਬਰਦਾਰਾਂ ਅਤੇ ਅਹੁਦੇਦਾਰ ਉਚੇਚੇ ਤੌਰ ਤੇ ਪਹੁੰਚੇ। ਇਸ ਮੀਟਿੰਗ ਵਿੱਚ ਤਹਿਸੀਲ ਲਹਿਰਾਗਾਗਾ ਦੇ ਸਮੁੱਚੇ ਪਿੰਡਾਂ ਦੇ ਨੰਬਰਦਾਰਾਂ ਵੱਲੋਂ ਬਿਨਾਂ ਕਿਸੇ ਵਿਰੋਧ ਤੋਂ ਸਰਬ ਸੰਮਤੀ ਨਾਲ ਮਨਜੀਤ ਸਿੰਘ ਪਿੰਡ ਨੰਗਲਾ ਨੂੰ ਲਹਿਰਾਗਾਗਾ ਤਹਿਸੀਲ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਅਤੇ ਨਰੈਣ ਸਿੰਘ ਨੰਬਰਦਾਰ ਨੂੰ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ।ਇਸ ਮੌਕੇ ਤੇ ਮਨਜੀਤ ਸਿੰਘ ਵੱਲੋਂ ਨੰਬਰਦਾਰਾਂ ਨੂੰ ਭਰੋਸਾ ਦਿਵਾਇਆ ਗਿਆ ਕਿ ਮੈਂ ਇਹ ਜੁਮੇਵਾਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਵਾਂਗਾ ਅਤੇ ਸਮੂਹ ਨੰਬਰਦਾਰਾਂ ਭਰਾਵਾਂ ਦਾ ਹਰ ਮੁਸ਼ਕਲ ਵਿਚ ਸਾਥ ਦਿੱਤਾ ਜਾਵੇਗਾ ਅਤੇ ਯੂਨੀਅਨ ਦੀ ਹਰ ਯੋਗ ਮੰਗਾ ਨੂੰ ਸਰਕਾਰ ਅਤੇ ਸਰਕਾਰੀ ਅਧਿਕਾਰੀਆਂ ਤੱਕ ਪਹੁੰਚ ਕਰਕੇ ਪੂਰੀਆਂ ਕੀਤੀਆਂ ਜਾਣਗੀਆਂ। ਇਸ ਮੌਕੇ ਤੇ ਜੱਥੇਦਾਰ ਰਾਮਪਾਲ ਸਿੰਘ ਬਹਿਣੀਵਾਲ,ਪ੍ਰੀਤ ਮਹਿੰਦਰ ਸਿੰਘ ਭਾਈ ਕੀ ਪਸ਼ੋਰ,ਕਿਰਪਾਲ ਸਿੰਘ ਭਾਈ ਕੀ ਪਸ਼ੋਰ,ਗੁਰਮੇਲ ਸਿੰਘ ਮੇਲੀ,ਗੁਰਨਾਮ ਸਿੰਘ ਸੰਧੂ ਲਹਿਰਾ,ਮਾ ਅਜੈਬ ਸਿੰਘ ਕੋਟੜਾ, ਜਗਸੀਰ ਸਿੰਘ ਫਲੇੜਾ,ਹਰਦੀਪ ਸਿੰਘ ਲਦਾਲ, ਹਰਦੀਪ ਸਿੰਘ ਚੰਗਾਲੀਵਾਲਾ,ਸੁਖਦੇਵ ਸਿੰਘ ਲਹਿਲ ਕਲਾ, ਕੇਵਲ ਸਿੰਘ ਮੱਲੀ,ਭਗਤਾ ਸਿੰਘ ਘੋੜੇਨਾਬ,ਮਦਨ ਸਿੰਘ ਰਾਏਧਰਾਣਾ,ਮੇਲਾ ਸਿੰਘ ਭੁਟਾਲ ਕਲਾਂ ਸਾਰੇ ਪਿੰਡ ਦੇ ਨੰਬਰਦਾਰ ਹਾਜ਼ਰ ਸਨ।

# ਲੋਕ ਚੇਤਨਾ ਮੰਚ ਹੜ੍ਹ ਪੀੜਤਾਂ ਦੀ ਮੱਦਦ ਕਰ ਰਹੀਆਂ ਜਥੇਬੰਦੀਆਂ ਨੂੰ ਸਹਿਯੋਗ ਕਰੇਗਾ



ਲਹਿਰਾਗਾਗਾ 22 ਸਤੰਬਰ (ਗੁਰਦੀਪ ਸਿੰਘ) ਲੋਕ ਚੇਤਨਾ ਮੰਚ, ਲਹਿਰਾਗਾਗਾ ਵੱਲੋਂ ਪੰਜਾਬ ਦੇ ਹੜ੍ਹ ਪੀੜਤ ਲੋਕਾਂ ਦੀ ਮੱਦਦ ਵਿੱਚ ਜੁਟੀਆਂ ਸਮੂਹ ਜਥੇਬੰਦੀਆਂ ਤੇ ਸੰਸਥਾਵਾਂ ਦਾ ਤਨੋ ਮਨੋ ਧਨੋ ਸਹਿਯੋਗ ਦੇਣ ਦਾ ਫੈਸਲਾ ਕੀਤਾ ਗਿਆ ਹੈ, ਭਾਵੇਂ ਕਿ ਮੰਚ ਦੇ ਮੈਂਬਰ ਪਹਿਲਾਂ ਹੀ ਆਪੋ ਆਪਣੇ ਢੰਗ ਨਾਲ ਜਥੇਬੰਦੀਆਂ ਦਾ ਸਾਥ ਦੇ ਰਹੇ ਹਨ। ਜਗਜੀਤ ਭੁਟਾਲ ਦੀ ਪ੍ਰਧਾਨਗੀ ਹੇਠ ਹੋਈ ਮੰਚ ਦੀ ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਮੰਚ ਦੇ ਪ੍ਰੈਸ ਸਕੱਤਰ ਰਣਜੀਤ ਲਹਿਰਾ ਨੇ ਦੱਸਿਆ ਕਿ ਲੋਕ ਚੇਤਨਾ ਮੰਚ 27 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਇਲਾਕੇ ਦੀਆਂ ਸਮੂਹ ਜਨਤਕ ਜਥੇਬੰਦੀਆਂ ਨਾਲ ਸਾਂਝੇ ਰੂਪ ਵਿੱਚ ਮਨਾਵੇਗਾ। ਮੀਟਿੰਗ ਪੰਜਾਬ ਵਿੱਚ ਆਏ ਭਿਆਨਕ ਹੜ੍ਹਾਂ ਬਾਰੇ ਚਰਚਾ ਕਰਦੇ ਹੋਏ ਕਿਹਾ ਗਿਆ, ਕਿ ਇਹ ਮਹਿਜ਼ ਕੁਦਰਤੀ ਆਫ਼ਤ ਨਹੀਂ ਸਗੋਂ ਪੰਜਾਬ ਤੇ ਕੇਂਦਰ ਸਰਕਾਰ ਦੀਆਂ ਤਬਾਹਕਰੂ ਨੀਤੀਆਂ ਤੇ ਮੁਜ਼ਰਮਾਨਾ ਨਲਾਇਕੀਆਂ ਦਾ ਸਿੱਟਾ ਹਨ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਸਾਰੇ ਸਿਆਸੀ ਲੀਡਰ ਹੜ੍ਹ ਪੀੜਤਾਂ ਦੀ ਗੰਭੀਰਤਾ ਨਾਲ ਮੱਦਦ ਕਰਨ ਦੀ ਥਾਂ ਮਸਖਰਿਆਂ ਵਾਂਗ ਦੌਰੇ ਕਰ ਰਹੇ ਹਨ। ਇਸੇ ਲਈ ਮੰਚ ਹੜ੍ਹ ਪੀੜਤਾਂ ਦੀ ਸੁਹਿਰਦਤਾ ਨਾਲ ਮੱਦਦ ਕਰ ਰਹੀਆਂ ਕਿਸਾਨ ਮਜ਼ਦੂਰ ਤੇ ਹੋਰ ਅਗਾਂਹਵਧੂ ਸੰਸਥਾਵਾਂ ਨਾਲ ਹੱਥ ਵਟਾਵੇਗਾ। ਮੀਟਿੰਗ ਵਿੱਚ ਇੱਕ ਮਤਾ ਪਾਸ ਕਰਕੇ ਮੰਗ ਕੀਤੀ ਕਿ ਹੁਸ਼ਿਆਰਪੁਰ ਜਿਲੇ ਵਿੱਚ ਕੁੱਝ ਪ੍ਰਵਾਸੀ ਮਜ਼ਦੂਰਾਂ ਵੱਲੋਂ ਇੱਕ ਮਾਸੂਮ ਬੱਚੇ ਨੂੰ ਕੁਕਰਮ ਤੋਂ ਬਾਅਦ ਕਤਲ ਕਰਨ ਦੇ ਜੁੰਮੇਵਾਰਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ। ਨਾਲ ਹੀ ਮੰਚ ਨੇ ਪੰਜਾਬ ਦੇ ਲੋਕਾਂ ਨੂੰ ਇਸ ਮੰਦਭਾਗੀ ਘਟਨਾ ਦੇ ਬਹਾਨੇ ਕੁੱਝ ਫਿਰਕੂ ਤੇ ਅਰਾਜਕਤਾਵਾਦੀ ਅਨਸਰਾਂ ਵੱਲੋਂ ਸਾਰੇ ਹੀ ਪ੍ਰਵਾਸੀ ਮਜ਼ਦੂਰਾਂ ਖਿਲਾਫ਼ ਨਫਰਤੀ ਮੁਹਿੰਮ ਚਲਾ ਕੇ ਭਾਈਚਾਰਕ ਸਾਂਝ ਵਿੱਚ ਪਾੜਾ ਪਾਉਣ ਅਤੇ ਨਫਰਤੀ ਸਿਆਸਤ ਕਰਨ ਵਾਲਿਆਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ। ਮੀਟਿੰਗ ਨੂੰ ਮੰਚ ਦੇ ਸਕੱਤਰ ਹਰਭਗਵਾਨ ਗੁਰਨੇ ਸਮੇਤ ਜਗਦੀਸ਼ ਪਾਪੜਾ, ਸ਼ਮਿੰਦਰ ਸਿੰਘ, ਲਛਮਣ ਅਲੀਸ਼ੇਰ, ਵਰਿੰਦਰ ਭੁਟਾਲ, ਡਾ: ਲਾਲੀ, ਮਹਿੰਦਰ ਸਿੰਘ, ਗੁਰਚਰਨ ਸਿੰਘ, ਰਤਨਪਾਲ ਡੂਡੀਆਂ, ਤਰਸੇਮ ਭੋਲੂ, ਰਣਦੀਪ ਸੰਗਤਪੁਰਾ ਨੇ ਸੰਬੋਧਨ ਕੀਤਾ,

# ਗੁਰਦਿਆਂ ਦੀ ਬਿਮਾਰੀ ਤੋਂ ਪੀੜਤ ਲੜਕੀਆਂ ਦੇ ਪਰਿਵਾਰ ਵੱਲੋਂ ਮਦਦ ਦੀ ਗੁਹਾਰ




ਬਰਨਾਲਾ,22 ਸਤੰਬਰ (ਚਮਕੌਰ ਸਿੰਘ ਗੱਗੀ) ਬਰਨਾਲਾ ਜਿਲੇ ਦੇ ਪਿੰਡ ਗੁਰਮਾ ਵਿੱਚ ਗਰੀਬ ਪਰਿਵਾਰ ਦੀਆਂ ਦੋ ਨੌਜਵਾਨ ਬੇਟੀਆਂ ਗੁਰਦਿਆਂ ਦੀ ਬਿਮਾਰੀ ਤੋਂ ਪੀੜਤ ਬੱਚਿਆਂ ਦਾ ਇਲਾਜ ਕਰਵਾਉਣ ਤੋਂ ਅਸਮਰਥ ਪਰਿਵਾਰ ਨੇ ਦਾਨੀ ਸੱਜਣਾ ਅੱਗੇ ਮੱਦਦ ਦੀ ਗੁਹਾਰ ਲਾਉਂਦਿਆਂ ਇਲਾਜ ਦੀ ਮੰਗ ਕੀਤੀ ਹੈ, ਇਸ ਪਰਿਵਾਰ ਦਾ ਇਲਾਜ ਕਰਵਾਉਣ ਪਹੁੰਚੀ ਬਰਨਾਲਾ ਦੀ ਨਾਮਵਰ ਸੰਸਥਾ ਭਾਈ ਘਨਈਆ ਲੋਕ ਸੇਵਾ ਸੁਸਾਇਟੀ ਬਰਨਾਲਾ ਦੇ ਮੁੱਖ ਸੇਵਾਦਾਰ ਪਰਮਜੀਤ ਸਿੰਘ ਨੇ ਕਿਹਾ ਕਿ ਕਿਸੇ ਸੱਜਣ ਵੱਲੋਂ ਇਸ ਪਰਿਵਾਰ ਬਾਰੇ ਦੱਸਿਆ ਸੀ ਕਿ ਗਰੀਬ ਪਰਿਵਾਰ ਦੀਆਂ ਦੋ ਬੇਟੀਆਂ ਹਨ ਵੱਡੀ ਬੇਟੀ ਦਾ ਨਾਮ ਹਰਪ੍ਰੀਤ ਕੌਰ ਉਮਰ 23 ਸਾਲ ਦੂਸਰੀ ਬੇਟੀ ਦਾ ਨਾਮ ਜੋਤੀ ਕੌਰ ਉਮਰ 18 ਸਾਲ ਦੋਨੋਂ ਲੜਕੀਆਂ ਨੇ ਕਰੋਨਾ ਟਾਈਮ ਕਰੋਨਾ ਦੇ ਟੀਕੇ ਲਵਾਏ ਸੀ। ਕਰੋਨਾ ਦੇ ਟੀਕਿਆਂ ਤੋਂ ਬਾਅਦ ਦੋਨੋਂ ਲੜਕੀਆਂ ਨੂੰ ਬਹੁਤ ਤੇਜ਼ ਬੁਖਾਰ ਹੁੰਦਾ ਰਿਹਾ ਜਦ ਪਰਿਵਾਰ ਵੱਲੋਂ ਡਾਕਟਰਾਂ ਰਾਹੀਂ ਇਲਾਜ ਸ਼ੁਰੂ ਕਰਵਾਇਆ ਗਿਆ ਤਾਂ ਡਾਕਟਰਾਂ ਦੀ ਟੈਸਟ ਰਿਪੋਰਟਾਂ ਤੋਂ ਪਤਾ ਲੱਗਿਆ ਕਿ ਦੋਨੋਂ ਲੜਕੀਆਂ ਦੇ ਗੁਰਦੇ ਖਰਾਬ ਹੋ ਚੁੱਕੇ ਹਨ। ਇਨਫੈਕਸ਼ਨ ਬਹੁਤ ਜਿਆਦਾ ਹੋ ਗਈ ਹੈ,ਜਿਨਾਂ ਦਾ ਭੂਤ ਇਲਾਜ ਕਰਵਾਇਆ ਪਰ ਹਾਲਾਤ ਦਿਨ ਪ੍ਰਤੀ ਦਿਨ ਖਰਾਬ ਹੁੰਦੇ ਗੇ, ਤੇ ਹੁਣ ਕਰੀਬ ਤਿੰਨ ਸਾਲਾਂ ਤੋਂ ਬਹੁਤ ਬਿਮਾਰ ਚੱਲ ਰਹੀਆਂ ਹਨ ਦੋਨੋਂ ਲੜਕੀਆਂ ਦੀ ਚਾਰ ਚਾਰ ਦਿਨਾਂ ਬਾਅਦ ਡੈਲਸਿਸ ਹੁੰਦੀ ਹੈ। ਪਰਿਵਾਰ ਬਹੁਤ ਗਰੀਬ ਹੈ ।ਘਰ ਵਿੱਚ ਕੋਈ ਕਮਾਈ ਦਾ ਸਾਧਨ ਨਹੀਂ ਹੈ ।ਘਰ ਦਾ ਮੁਖੀ ਦਲਵਾਰਾ ਸਿੰਘ ਇੱਕ ਦਿਹਾੜੀ ਦਾ ਕੰਮ ਕਰਦਾ ਹੈ ।ਘਰ ਦੀਆਂ ਛੱਤਾਂ ਵੀ ਮੀਹ ਦੇ ਵਿੱਚ ਪਾਣੀ ਆਉਣ ਲੱਗ ਜਾਂਦਾ,। ਛੱਤਾਂ ਦੇ ਬਾਲੇ ਵੀ ਟੁੱਟੇ ਹੋਏ ਹਨ। ਇਹਨਾਂ ਦੋਨੋਂ ਲੜਕੀਆਂ ਦਾ ਇਲਾਜ ਬਠਿੰਡੇ ਦੇ ਹਸਪਤਾਲ ਵਿੱਚ ਚੱਲ ਰਿਹਾ ਹੈ। ਇੱਕ ਵਾਰ ਦਾ ਖਰਚਾ ਸਮੇਤ ਐਂਬੂਲੈਂਸ ਦਵਾਈਆਂ ਅਤੇ ਡੈਲਸਿਸ 15 ਤੋਂ 20 ਹਜ਼ਾਰ ਰੁਪਏ ਦਾ ਆਉਂਦਾ ਹੈ।ਓਹਨਾ ਕਿਹਾ ਕਿ ਅਸੀਂ ਆਪ ਦਾਨੀ ਵੀਰਾਂ ਨੂੰ ਹੱਥ ਜੋੜ ਬੇਨਤੀ ਕਰਦੇ ਹਾਂ ਕਿ ਆਪਣੀ ਕਿਰਤ ਕਮਾਈ ਵਿੱਚੋਂ ਦਸਵੰਧ ਕੱਢ ਕੇ ਇਸ ਪਰਿਵਾਰ ਦੀ ਜਰੂਰ ਮਦਦ ਕਰੋ ਜੀ ਕੋਈ ਭਰਾ ਐਂਬੂਲੈਂਸ ਦਾ ਤੇਲ ਖਰਚਾ, ਕੋਈ ਭਰਾ ਦਵਾਈਆਂ ਦਾ ਖਰਚਾ, ਕੋਈ ਭਰਾ ਬਲੱਡ ਦੀਆਂ ਬੋਤਲਾਂ ਦਾ ਖਰਚਾ ਕਰ ਸਕਦਾ ਹੋਵੇ ਤਾਂ ਪਰਿਵਾਰ ਨੂੰ ਸਿੱਧਾ ਮਦਦ ਕਰ ਸਕਦੇ ਹੋ ਦਾਨੀ ਵੀਰਾਂ ਅੱਗੇ ਬੇਨਤੀ ਕੀਤੀ ਜਾਂਦੀ ਹੈ ਕਿ ਦਸਵੰਧ ਦੇਣ ਲਈ ਸਾਡੇ ਦਿੱਤੇ ਹੋਏ ਨੰਬਰਾਂ ਪਰਿਵਾਰ ਦਾ ਨੰਬਰ 70876 93558 ਤੇ ਸੰਪਰਕ ਕਰਕੇ ਇਹਨਾਂ ਬੱਚੀਆਂ ਦੇ ਇਲਾਜ ਵਾਸਤੇ ਸਹਾਇਤਾ ਕਰ ਸਕਦੇ ਹਨ।

# ਮੁੱਖ ਚੋਣ ਦਫ਼ਤਰ ਪੰਜਾਬ ਦੇ ਸੋਸ਼ਲ ਮੀਡੀਆ ਨਾਲ ਜੁੜੋ : ਟੀ. ਬੈਨਿਥ



ਬਰਨਾਲਾ, 22 ਸਤੰਬਰ, (ਬਘੇਲ ਸਿੰਘ ਧਾਲੀਵਾਲ) : ਚੋਣਾਂ ਸਬੰਧੀ ਹਰ ਤਰ੍ਹਾਂ ਦੀ ਸਹੀ, ਸਟੀਕ ਅਤੇ ਸਮਾਂ ਸਿਰ ਜਾਣਕਾਰੀ ਆਮ ਲੋਕਾਂ ਤੱਕ ਪਹੁੰਚਾਉਣ ਲਈ ਮੁੱਖ ਚੋਣ ਦਫ਼ਤਰ ਪੰਜਾਬ ਵੱਲੋਂ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਪੂਰੀ ਤਰ੍ਹਾਂ ਕਾਰਜਸ਼ੀਲ ਕੀਤਾ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਫ਼ਸਰ ਸ੍ਰੀ ਟੀ ਬੈਨਿਥ ਨੇ ਦੱਸਿਆ ਕਿ ਲੋਕ ਹੁਣ ਫ਼ੇਸਬੁੱਕ, ਇੰਸਟਾਗ੍ਰਾਮ, ਟਵਿੱਟਰ ਅਤੇ ਯੂ-ਟਿਊਬ 'ਤੇ ਉਪਲਬਧ ਮੁੱਖ ਚੋਣ ਦਫ਼ਤਰ ਦੇ ਅਧਿਕਾਰਤ ਅਕਾਊਂਟ ਨਾਲ ਜੁੜ ਸਕਦੇ ਹਨ। ਸਿਰਫ਼ ਕਿਊ.ਆਰ. ਕੋਡ ਸਕੈਨ ਕਰਕੇ ਇਹ ਅਕਾਊਂਟ ਫਾਲੋ ਕੀਤੇ ਜਾ ਸਕਦੇ ਹਨ ਅਤੇ ਚੋਣਾਂ ਸਬੰਧੀ ਮਹੱਤਵਪੂਰਨ ਜਾਣਕਾਰੀ, ਨਵੀਨਤਮ ਅੱਪਡੇਟਾਂ ਅਤੇ ਮੁੱਖ ਚੋਣ ਅਧਿਕਾਰੀ ਦੀਆਂ ਹਦਾਇਤਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਆਮ ਲੋਕਾਂ ਨਾਲ ਸਿੱਧਾ ਰਾਬਤਾ ਬਣਾਉਣ ਅਤੇ ਉਨ੍ਹਾਂ ਤੱਕ ਹਰ ਲੋੜੀਂਦੀ ਜਾਣਕਾਰੀ ਪਹੁੰਚਾਉਣ ਲਈ ਸੋਸ਼ਲ ਮੀਡੀਆ ਸਭ ਤੋਂ ਪ੍ਰਭਾਵਸ਼ਾਲੀ ਮਾਧਿਅਮ ਵਜੋਂ ਉਭਰਿਆ ਹੈ। ਇਸੇ ਲਈ ਵੱਧ ਤੋਂ ਵੱਧ ਵੋਟਰਾਂ ਤੱਕ ਪਹੁੰਚ ਬਣਾਉਣ ਲਈ ਮੁੱਖ ਚੋਣ ਦਫ਼ਤਰ ਵੱਲੋਂ ਸੋਸ਼ਲ ਮੀਡੀਆ ਹੈਂਡਲਾਂ ਨੂੰ ਕਾਰਜਸ਼ੀਲ ਅਤੇ ਸਰਗਰਮ ਰੱਖਿਆ ਗਿਆ ਹੈ। ਆਮ ਲੋਕਾਂ ਨੂੰ ਨਵੀਂ ਵੋਟਾਂ ਬਣਾਉਣ, ਵੋਟਾਂ ਤਬਦੀਲ ਕਰਨ, ਵੋਟਾਂ ਕਟਾਉਣ, ਵੋਟਰ ਸੂਚੀ 'ਚ ਆਪਣਾ ਨਾਂਅ ਵੇਖਣ ਆਦਿ ਸਬੰਧੀ ਸਾਰੀ ਜਾਣਕਾਰੀ ਘਰ ਬੈਠੇ ਇਨ੍ਹਾਂ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਲਈ ਜਾ ਸਕਦੀ ਹਨ।

# ਐਸ.ਬੀ.ਐਸ. ਪਬਲਿਕ ਸਕੂਲ ਵਿਖੇ ਅੱਜ ਮਨਾਇਆ ਜਾਵੇਗਾ ਵਿਸ਼ਵ ਪੰਜਾਬੀ ਦਿਵਸ



ਬਰਨਾਲਾ, 22 ਸਤੰਬਰ, (ਬਘੇਲ ਸਿੰਘ ਧਾਲੀਵਾਲ) : ਆਪਣਾ ਪੰਜਾਬ ਫਾਊਂਡੇਸ਼ਨ ਅਤੇ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨਜ਼ ਆਫ ਪੰਜਾਬ ਦੇ ਸਦੇ ਸ਼ਲਾਘਾਯੋਗ ਉੱਦਮ ਸਦਕਾ ਐਸ ਬੀ ਐਸ ਪਬਲਿਕ ਸਕੂਲ ਸੁਰਜੀਤਪੁਰਾ ਵਿਖੇ 23 ਸਤੰਬਰ ਨੂੰ ਵਿਸ਼ਵ ਪੰਜਾਬ ਦਿਵਸ ਮਨਾਇਆ ਜਾਵੇਗਾ, ਜਿਸ ਤਹਿਤ ਸਕੂਲ ਵਿੱਚ ਵਿਦਿਆਰਥੀਆਂ ਕਵਿਤਾ ਉਚਾਰਨ, ਕਾਵਿ ਲੇਖਣ, ਕਹਾਣੀ ਰਚਨਾ, , ਭਾਸ਼ਣ ਮੁਕਾਬਲਾ, ਸ਼ਬਦ ਜੋੜ ਮੁਕਾਬਲਾ, ਬੋਲ—ਲਿਖਤ, ਅੱਖਰਕਾਰੀ ਮੁਕਾਬਲੇ ਵਿੱਚ ਹਿੱਸਾ ਲੈਣਗੇ। ਸਕੂਲ ਪ੍ਰਿੰਸੀਪਲ ਕਮਲਜੀਤ ਕੌਰ ਨੇ ਕਿਹਾ ਕਿ ਇਹ ਬਹੁਤ ਵਧੀਆ ਉਪਰਾਲਾ ਹੈ ਜਿਸ ਨਾਲ ਪੂਰੇ ਵਿਸ਼ਵ ਵਿੱਚ ਪੰਜਾਬੀ ਬੋਲੀ ਨੂੰ ਪਿਆਰ ਕਰਨ ਵਾਲੇ ਸਾਲ ਵਿੱਚ ਇੱਕ ਦਿਨ ਵਿਸ਼ਵ ਪੰਜਾਬੀ ਦਿਵਸ ਮਨਾਉਣਗੇ। ਉਨ੍ਹਾਂ ਕਿਹਾ ਬਾਬਾ ਸ਼ੇਖ ਫਰੀਦ ਦੇ ਆਗਮਨ ਦਿਵਸ ਨੂੰ ਸਮਰਪਿਤ ਹਰ ਸਾਲ 23 ਸਤੰਬਰ ਨੂੰ ਵਿਸ਼ਵ ਪੰਜਾਬੀ ਦਿਵਸ ਮਨਾਉਣ ਦਾ ਫੈਸਲਾ ਸਾਰੇ ਪੰਜਾਬੀਆਂ ਲਈ ਬੜੇ ਹੀ ਮਾਣ ਵਾਲੀ ਗੱਲ ਹੈ। ਬਾਬਾ ਫਰੀਦ ਜੀ ਪੰਜਾਬੀ ਦੇ ਪਹਿਲੇ ਸਿਰਮੌਰ ਕਵੀਆਂ ਵਿੱਚੋਂ ਹਨ, ਜਿਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਸਥਾਨ ਦੇ ਕੇ ਸਤਿਕਾਰਿਆ ਗਿਆ ਹੈ। ਉਨ੍ਹਾਂ ਵਿਸ਼ਵ ਪੰਜਾਬੀ ਦਿਵਸ ਮੌਕੇ ਲੋਕਾਂ ਨੂੰ ਵੱਧ ਤੋਂ ਵੱਧ ਪੰਜਾਬੀ ਸੱਭਿਆਚਾਰ, ਪੰਜਾਬੀ ਬੋਲੀ ਅਤੇ ਪੰਜਾਬੀ ਪਹਿਰਾਵੇ ਨੂੰ ਵਿਕਸਿਤ ਕਰਨ ਦੀ ਅਪੀਲ ਕੀਤੀ। ਵਾਇਸ ਪ੍ਰਿੰਸੀਪਲ ਡਾ. ਸੰਜੇ ਕੁਮਾਰ ਨੇ ਦੱਸਿਆਂ ਕਿ ਡਾ. ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ ਕੀਤੇ ਨਵੇਂ ਆਰੰਭ ਦੀ ਸ਼ਲਾਘਾ ਕੀਤੀ ਅਤੇ ਦੱਸਿਆ ਕਿ ਇਸ ਦਿਨ ਸਕੂਲ ਦਾ ਸਮੂਹ ਸਟਾਫ ਅਤੇ ਵਿਦਿਆਰਥੀ ਪੰਜਾਬੀ ਪਹਿਰਾਵੇ ਵਿੱਚ ਆਉਣਗੇ ਅਤੇ ਨਿਰੋਲ ਪੰਜਾਬੀ ਭਾਸ਼ਾ ਵਿੱਚ ਗੱਲਬਾਤ ਕਰਨਗੇ।

# ਵਿੱਤ ਮੰਤਰੀ ਚੀਮਾ ਨੇ ਲੋੜਵੰਦ ਹੜ੍ਹ ਪੀੜਤਾਂ ਲਈ ਰਾਸ਼ਨ ਦੀ ਖ਼ੁਦ ਕੀਤੀ ਪੈਕਿੰਗ

ਦਿੜ੍ਹਬਾ ਮੰਡੀ, 22 ਸਤੰਬਰ (ਹੈਪੀ) : ਵਿੱਤ ਮੰਤਰੀ, ਪੰਜਾਬ, ਸ. ਹਰਪਾਲ ਸਿੰਘ ਚੀਮਾ ਨੇ ਅੱਜ ਇੱਥੇ ਆਪਣੇ ਦਫਤਰ ਵਿਖੇ ਲੋੜਵੰਦ ਹੜ੍ਹ ਪੀੜਤ ਪਰਿਵਾਰਾਂ ਲਈ ਵੰਡੇ ਜਾ ਰਹੇ ਰੋਜ਼ਾਨਾ ਦੀਆਂ ਜ਼ਰੂਰਤਾਂ ਦੇ ਸਮਾਨ ਦੀ ਪੈਕਿੰਗ ਖੁਦ ਕੀਤੀ। ਇਹ ਰਾਹਤ ਸਮੱਗਰੀ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ, ਵੱਖੋ-ਵੱਖ ਚੇਅਰਮੈਨਾਂ, ਪੰਚਾਂ-ਸਰਪੰਚਾਂ ਅਤੇ ਹੋਰ ਅਹੁਦੇਦਾਰਾਂ ਦੀ ਮਦਦ ਨਾਲ ਹਲਕਾ ਦਿੜ੍ਹਬਾ ਅੰਦਰੋਂ ਹੜ੍ਹ ਪੀੜਤਾਂ ਦੀ ਮਦਦ ਲਈ ਇਕੱਤਰ ਕੀਤੀ ਗਈ ਹੈ।

ਇਸ ਮੌਕੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਹ ਸਾਰਾ ਸਮਾਨ ਕਿਸੇ ਸਰਕਾਰੀ ਜਾਂ ਗੈਰ ਸਰਕਾਰੀ ਫੰਡ ਤਹਿਤ ਤਿਆਰ ਨਹੀਂ ਕੀਤਾ ਗਿਆ, ਸਗੋਂ ਇਹ ਸਾਰਾ ਸਮਾਨ ਹਲਕਾ ਦਿੜ੍ਹਬਾ ਦੇ ਵਲੰਟੀਅਰਾਂ ਵੱਲੋਂ ਆਪਣੀਆਂ ਜੇਬਾਂ ਵਿੱਚੋਂ ਪੈਸੇ ਖਰਚ ਕੇ ਤਿਆਰ ਕੀਤਾ ਗਿਆ ਹੈ। ਹਰ ਇੱਕ ਪੈਕਿੰਗ ਵਿੱਚ ਰੋਜ਼ ਵਰਤੋਂ ਦੀਆਂ ਚੀਜ਼ਾਂ, ਜਿਵੇਂਕਿ ਚੀਨੀ, ਦਾਲ, ਚਾਹ ਪੱਤੀ, ਸੁੱਕੇ ਦੁੱਧ ਦੇ ਪੈਕਟ ਅਤੇ ਹੋਰ ਸਮਾਨ ਸ਼ਾਮਲ ਹੈ।

ਇਸ ਉਪਰੰਤ ਵਿੱਤ ਮੰਤਰੀ ਸ. ਚੀਮਾ ਨੇ ਸੰਗਰੂਰ ਵਿਖੇ ਪੀ.ਡਬਲਿਊ.ਡੀ. ਰੈਸਟ ਹਾਊਸ ਤੋਂ ਜ਼ਿਲ੍ਹੇ ਦੇ ਵੈਟਰਨਰੀ ਅਫ਼ਸਰਾਂ ਵੱਲੋਂ ਇਕੱਤਰ ਰਾਹਤ ਸਮੱਗਰੀ ਦਾ ਟਰੱਕ ਵੀ ਹੜ੍ਹ ਪ੍ਰਭਾਵਿਤ ਖੇਤਰਾਂ ਲਈ ਰਵਾਨਾ ਕੀਤਾ ਤੇ ਵੈਟਰਨਰੀ ਅਫ਼ਸਰਾਂ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਵਿੱਤ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਲੋਕ ਇੰਨੇ ਖੁਲਦਿਲ ਹਨ ਕਿ ਉਹ ਆਪ ਮੁਹਾਰੇ ਰਾਸ਼ਨ ਇਕੱਠਾ ਕਰਦੇ ਹਨ ਅਤੇ ਲੋੜਵੰਦਾਂ ਨੂੰ ਵੰਡਦੇ ਹਨ। ਅੱਜ ਪੰਜਾਬ ਦੇ ਲੋਕਾਂ ਤੇ ਇੱਕ ਵੱਡੀ ਮੁਸੀਬਤ ਆਈ ਹੈ, ਪਰ ਉਹ ਇਸ ਮੁਸੀਬਤ ਵਿੱਚ ਵੀ ਮੱਥੇ ਵੱਟ ਪਾਏ ਬਿਨਾਂ ਇੱਕ ਦੂਜੇ ਦੀ ਮਦਦ ਕਰ ਰਹੇ ਹਨ।

ਸ. ਚੀਮਾ ਨੇ ਕਿਹਾ ਕਿ ਉਹ ਅਤੇ ਉਹਨਾਂ ਦੀ ਪਾਰਟੀ ਸਦਾ ਹੀ ਲੋੜਵੰਦਾਂ ਦੀ ਮਦਦ ਕਰਨ ਲਈ ਤਿਆਰ ਬਰ ਤਿਆਰ ਹੈ। ਉਹਨਾਂ ਕਿਹਾ ਕਿ ਫਿਲਹਾਲ ਹੜ੍ਹਾਂ ਦੀ ਸਥਿਤੀ ਕਾਬੂ ਹੇਠ ਹੈ। ਬੇਸ਼ੱਕ ਘੱਗਰ ਵਿੱਚ ਪਾਣੀ ਖਤਰੇ ਦੇ ਨਿਸ਼ਾਨ ਤੋਂ ਦੋ ਫੁੱਟ ਤੋਂ ਜ਼ਿਆਦਾ ਉੱਤੇ ਵਗ ਰਿਹਾ ਹੈ, ਪਰ ਫਿਰ ਵੀ ਸਰਕਾਰ ਅਤੇ ਆਮ ਲੋਕ ਇਸ ਦੇ ਟਾਕਰੇ ਲਈ ਡਟੇ ਹੋਏ ਹਨ। ਜੇਕਰ ਇੱਕ ਦੋ ਦਿਨ ਹੋਰ ਬਾਰਿਸ਼ ਨਹੀਂ ਹੁੰਦੀ ਤਾਂ ਹੜ੍ਹਾਂ ਦੇ ਖਤਰੇ ਤੋਂ ਰਾਹਤ ਮਿਲ ਸਕਦੀ ਹੈ। ਉਹਨਾਂ ਕਿਹਾ ਕਿ ਸਰਕਾਰ ਵੱਲੋਂ ਘੱਗਰ ਉੱਤੇ ਪੂਰੀ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਕਿਸੇ ਨੂੰ ਕੋਈ ਘਬਰਾਉਣ ਦੀ ਲੋੜ ਨਹੀਂ ਪਰ ਅਫਵਾਹਾਂ ਤੋਂ ਬਚ ਕੇ ਰਹਿਣ ਦੀ ਲੋੜ ਹੈ।

ਇਸ ਮੌਕੇ ਓ.ਐਸ.ਡੀ. ਤਪਿੰਦਰ ਸਿੰਘ ਸੋਹੀ, ਚੇਅਰਪਰਸਨ ਮਾਰਕੀਟ ਕਮੇਟੀ ਦਿੜ੍ਹਬਾ ਜਸਵੀਰ ਕੌਰ ਸ਼ੇਰਗਿੱਲ, ਸੰਗਰੂਰ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਪ੍ਰੀਤਮ ਸਿੰਘ ਪੀਤੂ, ਸਰਪੰਚ ਰਵਿੰਦਰ ਸਿੰਘ ਮਾਨ, ਨਗਰ ਪੰਚਾਇਤ ਦਿੜ੍ਹਬਾ ਦੇ ਪ੍ਰਧਾਨ ਮਨਿੰਦਰ ਸਿੰਘ ਘੁਮਾਣ, ਨਿਰਭੈ ਸਿੰਘ ਝਿੰਜਰ ਖਨਾਲ ਕਲਾਂ ਹਾਜ਼ਰ ਸਨ।

# ਪਲਾਸਟਿਕ ਮੁਕਤ ਬੈਗ ਵੰਡਣ ਮੁਹਿੰਮ ਦੀ ਡੀ.ਸੀ. ਬਰਨਾਲਾ ਨੇ ਕੀਤੀ ਸ਼ੁਰੂਆਤ

## ਸੇਂਟ ਬਚਨਪੁਰੀ ਇੰਟਰਨੈਸ਼ਨਲ ਸਕੂਲ ਪੱਖੋ ਕਲਾਂ ਵੱਲੋਂ ਵੰਡੇ ਜਾ ਰਹੇ ਨੇ ਮੁਫ਼ਤ ਬੈਗ




ਬਰਨਾਲਾ, 22 ਸਤੰਬਰ, (ਬਘੇਲ ਸਿੰਘ ਧਾਲੀਵਾਲ) : ਵਾਤਾਵਰਨ ਦੀ ਸੁਰੱਖਿਆ ਲਈ ਅਤੇ ਮੋਮੀ ਕਾਗਜ਼ ਤੋਂ ਬਣੇ ਲਫ਼ਾਫਿਆਂ ਦੀ ਵਰਤੋਂ ਬੰਦ ਕਰਵਾਉਣ ਲਈ ਸੇਂਟ ਬਚਨਪੁਰੀ ਇੰਟਰਨੈਸ਼ਨਲ ਸਕੂਲ ਪੱਖੋ ਕਲਾਂ ਵਲੋਂ ਸੰਸਥਾ ਦੇ ਚੇਅਰਮੈਨ ਰਵਿੰਦਰਜੀਤ ਸਿੰਘ ਬਿੰਦੀ, ਡਾਇਰੈਕਟਰ ਸਾਗਰਜੀਤ ਸਿੰਘ ਖੀਪਲ ਦੀ ਅਗਵਾਈ ਵਿਚ ਪਲਾਸਟਿਕ ਮੁਕਤ ਬੈਗ ਤੇ ਝੋਲੇ ਬਣਾ ਕੇ ਇਲਾਕੇ ਵਿਚ ਮੁਫ਼ਤ ਵੰਡਣ ਦੀ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ। ਜ਼ਿਲ੍ਹੇ ਵਿਚ ਪਲਾਸਟਿਕ ਮੁਕਤ ਬੈਗ ਵੰਡਣ ਦੀ ਮੁਹਿੰਮ ਸ਼ੁਰੂ ਕਰਦਿਆਂ ਟੀ ਬੈਨਿਥ ਡਿਪਟੀ ਕਮਿਸ਼ਨਰ ਬਰਨਾਲਾ ਨੇ ਸੰਸਥਾਂ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਾਨੂੰ ਪਲਾਸਟਿਕ ਦੇ ਲਿਫ਼ਾਫਿਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਪਲਾਸਟਿਕ ਦੇ ਲਿਫ਼ਾਫਿਆਂ ਦੀ ਵਰਤੋਂ ਨਾਲ ਜਿੱਥੇ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ ਉੱਥੇ ਹੀ ਪਲਾਸਟਿਕ ਦੇ ਲਿਫ਼ਫਿਆਂ ਕਾਰਨ ਸੀਵਰੇਜ ਸਿਸਟਮ ਵੀ ਬੰਦ ਹੋ ਜਾਂਦੇ ਹਨ। ਸਾਡੇ ਵਲੋਂ ਮੋਮੀ ਕਾਗਜ ਦੇ ਲਿਫਾਫਿਆਂ ਵਿਚ ਕੁਝ ਪਾ ਕੇ ਸੁਟਣ ਨਾਲ ਅਵਾਰਾ ਪਸ਼ੂ ਖਾ ਕੇ ਬਿਮਾਰ ਹੋ ਜਾਂਦੇ ਹਨ। ਮੋਮੀ ਕਾਗਜ ਦੇ ਲਿਫ਼ਾਫਿਆਂ ਕਾਰਨ ਸਾਡੇ ਆਲੇ-ਦੁਆਲੇ ਗੰਦਗੀ ਫੈਲਦੀ ਹੈ। ਉਨ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਆਪਣਾ ਘਰੇਲੂ ਵਰਤੋਂ ਲਈ ਲੋੜੀਂਦੇ ਸਮਾਨ ਦੀ ਖਰੀਦ ਕਰਨ ਸਮੇਂ ਪਲਾਸਟਿਕ ਮੁਕਤ ਬੈਗਾਂ ਤੇ ਝੋਲਿਆਂ ਦੀ ਵਰਤੋਂ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਪਲਾਸਟਿਕ ਮੁਕਤ ਬੈਗਾਂ ਦੀ ਵਰਤੋਂ ਮੁਹਿੰਮ 'ਚ ਸਾਨੂੰ ਸਾਰਿਆਂ ਨੂੰ ਵੱਧ ਚੜ ਕੇ ਸਹਿਯੋਗ ਕਰਨਾ ਚਾਹੀਦਾ ਹੈ। ਸੰਸਥਾ ਦੇ ਡਾਇਰੈਕਟਰ ਸਾਗਰਜੀਤ ਸਿੰਘ ਖੀਪਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਡੀ ਸੰਸਥਾ ਵੱਲੋਂ 10 ਕੁਇੰਟਲ ਬੈਗ ਤੇ ਝੋਲੇ ਵਿਸ਼ੇਸ਼ ਤਿਆਰ ਕਰਵਾ ਕੇ ਤਿੰਨ ਜ਼ਿਲ੍ਹਿਆਂ ਦੀਆਂ ਦੁਕਾਨਾਂ 'ਤੇ ਮੁਫ਼ਤ ਵੰਡ ਕੇ ਦੁਕਾਨਦਾਰਾਂ ਤੇ ਇਲਾਕਾ ਨਿਵਾਸੀਆਂ ਨੂੰ ਪਲਾਸਟਿਕ ਮੁਕਤ ਬੈਗ ਤੇ ਝੋਲੇ ਵਰਤਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।

# ਦੇਸ਼ ਵਾਸੀਆਂ ਨੂੰ ਨਵਰਾਤਰਿਆਂ ਦੀ ਵਧਾਈ ਅਤੇ ਸ਼ੁਭਕਾਮਨਾਵਾਂ ਦਿੱਤੀਆਂ



ਬਰਨਾਲਾ, 22 ਸਤੰਬਰ (ਸੁਖਵਿੰਦਰ ਸਿੰਘ ਭੰਡਾਰੀ): ਨਵਰਾਤਰਿਆਂ ਦੇ ਆਗਮਨ 'ਤੇ ਪ੍ਰਸਿੱਧ ਕੋਲੋਨਾਈਜਰ ਸ਼ਸ਼ੀਕਾਂਤ ਚੋਪੜਾ, ਸਮਾਜ ਸੇਵੀ ਡਾਕਟਰ ਰਾਜੀਵ ਸ਼ਰਮਾ, ਪ੍ਰੋਫੈਸਰ ਡਾਕਟਰ ਮਨਦੀਪ ਘਈ, ਕੋਲੋਨਾਈਜਰ ਵਿਸ਼ਨੂੰ ਸਿੰਗਲਾ ਐਮ ਡੀ ਸਨਪਾਰਕ ਹੋਟਲ ਵਾਲੇ, ਪ੍ਰਸਿੱਧ ਕਾਰੋਬਾਰੀ ਬੱਬੂ ਅਗਰਵਾਲ ਅਤੇ ਟੰਡਨ ਸਕੂਲ ਬਰਨਾਲਾ ਦੇ ਐਮ ਡੀ ਸ਼ਿਵ ਸਿੰਗਲਾ ਨੇ ਸਮੂਹ ਦੇਸ਼ ਵਾਸੀਆਂ ਨੂੰ ਨਵਰਾਤਿਆਂ ਦੀ ਵਧਾਈ ਦਿੱਤੀ ਹੈ । ਉਨਾਂ ਕਾਮਨਾ ਕੀਤੀ ਕਿ ਮਾਂ ਦੁਰਗਾ ਸਭਨਾਂ ਦੇ ਘਰਾਂ ਚ ਸੁੱਖ, ਸੰਪਤੀ, ਸਮ੍ਰਿਧੀ ਅਤੇ ਰੌਣਕਾਂ ਲੈ ਕੇ ਆਵੇ। ਸਭ ਦੇ ਘਰਾਂ ਚ ਤੰਦਰੁਸਤੀ ਅਤੇ ਖੁਸ਼ੀਆਂ ਨਸੀਬ ਹੋਣ। ਨਵਰਾਤਰੀ ਤਿਉਹਾਰ ਸਨਾਤਨ ਧਰਮ ਦਾ ਇੱਕ ਪ੍ਰਸਿੱਧ ਅਤੇ ਪ੍ਰਮੁੱਖ ਤਿਉਹਾਰ ਹੈ ਅਤੇ ਦੇਸ਼ ਦੇ ਕੋਨੇ ਕੋਨੇ ਤੋਂ ਇਲਾਵਾ ਵਿਦੇਸ਼ਾਂ ਚ ਵੀ ਮਨਾਇਆ ਜਾਂਦਾ ਹੈ। ਨੌਂ ਦਿਨ ਚੱਲਣ ਵਾਲੇ ਇਸ ਤਿਉਹਾਰ ਦੌਰਾਨ ਮਾਤਾ ਦੁਰਗਾ ਦੇ ਨੌਂ ਰੂਪਾਂ ਦੀ ਪੂਜਾ ਕੀਤੀ ਜਾਂਦੀ ਹੈ ਅਤੇ ਵਿਸ਼ਵ ਦੇ ਕਲਿਆਣ ਦੀ ਕਾਮਨਾ ਕੀਤੀ ਜਾਂਦੀ ਹੈ। ਦਸਵੇਂ ਦਿਨ ਵਿਜੇ ਦਸਵੀਂ ਭਾਵ ਦੁਸ਼ਹਿਰਾ ਮਨਾਇਆ ਜਾਂਦਾ ਹੈ ਮਾਤਾ ਰਾਣੀ ਨੇ ਨੌਂ ਦਿਨ ਰਾਕਸ਼ਾਂ ਦੇ ਨਾਲ ਯੁੱਧ ਕੀਤਾ ਤੇ ਦਸਵੇਂ ਦਿਨ ਮਾਤਾ ਦੁਰਗਾ ਨੇ ਮਹਿਖਾਸੁਰ ਰਾਖਸ਼ਸ਼ ਦਾ ਅੰਤ ਕਰ ਕੀਤਾ। ਇਸ ਲਈ ਨੌਂ ਨਵਰਾਤਰੇ ਤੇ ਦਸਵੇਂ ਦਿਨ ਦੁਸ਼ਹਿਰਾ ਮਨਾਇਆ ਜਾਂਦਾ ਹੈ। ਮਾਤਾ ਦੇ ਭਗਤ ਇਹਨਾਂ ਨੌਂ ਦਿਨਾਂ ਦੌਰਾਨ ਵਰਤ ਰੱਖਦੇ ਹਨ ਤੇ ਅਖੰਡ ਜੋਤੀ ਪ੍ਰਚੰਡ ਕਰਦੇ ਹਨ। ਦਾਨ ਪੁੰਨ ਵੀ ਕਰਦੇ ਹਨ। ਲੋਕ ਇਸ ਮੌਕੇ ਬਹੁਤ ਖ਼ਰੀਦਦਾਰੀ ਕਰਦੇ ਹਨ । ਸਾਨੂੰ ਸਾਰਿਆਂ ਨੂੰ ਮਿਲ ਕੇ ਇਹ ਤਿਉਹਾਰ ਬੜੀਆਂ ਖੁਸ਼ੀਆਂ ਤੇ ਚਾਵਾਂ ਦੇ ਨਾਲ ਮਨਾਉਣਾ ਚਾਹੀਦਾ ਹੈ। ਨਵਰਾਤਰਿਆਂ ਦਾ ਤਿਉਹਾਰ ਸਾਨੂੰ ਆਪਸ ਵਿੱਚ ਮਿਲ ਕੇ ਪਿਆਰ ਅਤੇ ਸਦਭਾਵਨਾ ਰਹਿਣ ਦੀ ਪ੍ਰੇਰਨਾ ਦਿੰਦਾ ਹੈ । ਸਾਨੂੰ ਸਾਰਿਆਂ ਨੂੰ ਇਹੋ ਜਿਹੇ ਤਿਉਹਾਰ ਰਲ ਮਿਲ ਕੇ ਮਨਾਉਣੇ ਚਾਹੀਦੇ ਹਨ।

# ਚਿੱਟੇ ਅਤੇ ਗੋਲ਼ੀਆਂ ਸਮੇਤ ਦੋ ਕਾਬੂ, ਮਾਮਲਾ ਦਰਜ

ਭਦੌੜ, 22 ਸਤੰਬਰ (ਸੁਖਵਿੰਦਰ ਪਲਾਹਾ) : ਭਦੌੜ ਪੁਲਿਸ ਵੱਲੋਂ ਚਿੱਟੇ ਅਤੇ ਖੁੱਲ੍ਹੀਆਂ ਗੋਲੀਆਂ ਸਮੇਤ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ । ਥਾਣਾ ਭਦੌੜ ਵਿਖੇ ਤੈਨਾਤ ਏ ਐਸ ਆਈ ਬਲਜੀਤ ਸਿੰਘ ਢਿੱਲੋਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਿਸ ਪਾਰਟੀ ਰਾਜਵਿੰਦਰ ਸਿੰਘ, ਨਿਰਮਲ ਸਿੰਘ, ਸਿਪਾਹੀ ਗੁਰਲਾਲ ਸਿੰਘ, ਹਰਦੀਪ ਸਿੰਘ, ਪਵਨ ਕੁਮਾਰ ਅਤੇ ਅਮਨਦੀਪ ਕੌਰ ਦੌਰਾਨੇ ਗਸ਼ਤ ਕੋਠੀ ਬੀੜ ਰੋਡ ਡਰੇਨ ਕੋਲ ਜਾ ਰਹੇ ਸੀ ਤਾਂ ਦੋ ਵਿਅਕਤੀ ਪੈਦਲ ਜਾ ਰਹੇ ਮਿਲੇ ਤਾਂ ਜਿਨਾਂ ਨੂੰ ਪੁਲਿਸ ਪਾਰਟੀ ਵੱਲੋਂ ਸ਼ੱਕ ਦੇ ਆਧਾਰ ਤੇ ਰੋਕਿਆ ਗਿਆ ਤਾਂ ਦੋਨੋਂ ਵਿਅਕਤੀ ਵੱਲੋਂ ਹੱਥਾਂ ਵਿੱਚੋਂ ਕੁੱਝ ਸੁੱਟ ਕੇ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਨੇ ਮੌਕੇ 'ਤੇ ਦੋਵਾਂ ਵਿਅਕਤੀਆਂ ਨੂੰ ਫ਼ੜ ਕੇ ਉਨਾਂ ਕੋਲੋਂ ਪੁੱਛਗਿੱਛ ਕੀਤੀ ਤਾਂ ਇੱਕ ਨੇ ਆਪਣਾ ਨਾਮ ਕੁਲਦੀਪ ਸਿੰਘ ਉਰਫ਼ ਮਾਲੀ ਵਾਸੀ ਮੁਹੱਲਾ ਸਾਧਾਂ ਵਾਲਾ ਭਦੌੜ ਅਤੇ ਦੂਜੇ ਨੇ ਆਪਣਾ ਨਾਮ ਜਗਸੀਰ ਸਿੰਘ ਉਰਫ ਜੱਗਾ ਵਾਸੀ ਭਦੌੜ ਦੱਸਿਆ, ਅਤੇ ਜਦੋਂ ਉਹਨਾਂ ਵੱਲੋਂ ਸੁੱਟੇ ਗਏ ਲਿਫ਼ਾਫ਼ੇ ਚੁੱਕ ਕੇ ਵੇਖਿਆ ਤਾਂ ਉਹਨਾਂ ਵਿੱਚ 113.80 ਗ੍ਰਾਮ ਚਿੱਟਾ ਅਤੇ 46 ਖੁੱਲ੍ਹੀਆਂ ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ, ਜਿਨਾਂ ਨੂੰ ਮੌਕੇ 'ਤੇ ਗ੍ਰਿਫਤਾਰ ਕਰਕੇ ਨਸ਼ੀਲੇ ਪਦਾਰਥ ਬਰਾਮਦ ਕਰਕੇ ਮੁਕੱਦਮਾ ਨੰਬਰ 83 ਮਿਤੀ 21-9-2025 ਧਾਰਾ 21/22 ਐਨ ਡੀ ਪੀ ਐਸ ਐਕਟ ਥਾਣਾ ਭਦੌੜ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ। ਉਹਨਾਂ ਅੱਗੇ ਕਿਹਾ ਕਿ ਦੋਸ਼ੀਆਂ ਨੂੰ ਅੱਜ ਮਾਨਯੋਗ ਅਦਾਲਤ ਬਰਨਾਲਾ ਵਿੱਚ ਪੇਸ਼ ਕਰਕੇ ਇਹਨਾਂ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਜਾਵੇਗਾ ਅਤੇ ਰਿਮਾਂਡ ਦੌਰਾਨ ਹੋਰ ਵੱਡੇ ਖੁਲਾਸੇ ਹੋਣ ਦੀ ਸੰਭਾਵਨਾ ਜਿਤਾਈ ਜਾ ਰਹੀ ਹੈ।

# ਵਾਈ.ਐਸ. ਸਕੂਲ ਬਰਨਾਲਾ ਦੇ ਵਿਦਿਆਰਥੀ ਨੇ ਜ਼ਿਲ੍ਹਾ ਸ਼ੂਟਿੰਗ ਮੈਚਾਂ ਵਿੱਚ ਜਿੱਤਿਆ ਸੋਨ ਤਮਗ਼ਾ



ਬਰਨਾਲਾ, 22 ਸਤੰਬਰ, (ਬਘੇਲ ਸਿੰਘ ਧਾਲੀਵਾਲ) : ਵਾਈਐਸ ਸਕੂਲ ਬਰਨਾਲਾ ਵਿਖੇ, ਸਫਲਤਾ ਇੱਕ ਵਾਰ ਦੀ ਪ੍ਰਾਪਤੀ ਨਹੀਂ ਹੈ, ਬਲਕਿ ਇੱਕ ਨਿਰੰਤਰ ਯਾਤਰਾ ਹੈ। ਵੱਖ-ਵੱਖ ਪੱਧਰਾਂ 'ਤੇ ਅਕਾਦਮਿਕ, ਸਟੇਜ ਮੌਜੂਦਗੀ, ਸੰਚਾਰ ਅਤੇ ਖੇਡਾਂ ਵਿੱਚ ਚਮਕਣ ਤੋਂ ਬਾਅਦ, ਸਾਡੇ ਵਿਦਿਆਰਥੀ ਹੁਣ ਇੱਕ ਹੋਰ ਖੇਤਰ - ਸ਼ੂਟਿੰਗ ਵਿੱਚ ਆਪਣੀ ਪ੍ਰਤਿਭਾ ਸਾਬਤ ਕਰ ਰਹੇ ਹਨ। ਪ੍ਰਾਪਤੀਆਂ ਦੀ ਇਸ ਕਦੇ ਨਾ ਖਤਮ ਹੋਣ ਵਾਲੀ ਲੜੀ ਨੂੰ ਜੋੜਦੇ ਹੋਏ, ਵਿਦਵਾਨ ਯਸ਼ਦੀਪ (ਗ੍ਰੇਡ 10) ਨੇ ਜ਼ਿਲ੍ਹਾ ਸ਼ੂਟਿੰਗ ਮੈਚਾਂ ਵਿੱਚ ਗੋਲਡ ਮੈਡਲ ਜਿੱਤਿਆ, ਜਿਸ ਨਾਲ ਸਕੂਲ ਨੂੰ ਇੱਕ ਵਾਰ ਫਿਰ ਤੋਂ ਮਾਣ ਮਹਿਸੂਸ ਹੋਇਆ। ਇਹ ਜਿੱਤ ਸਕੂਲ ਦੀ ਉੱਤਮਤਾ ਦੀ ਭਾਵਨਾ ਅਤੇ ਅੱਗੇ ਵਧਣ ਦੇ ਦ੍ਰਿੜ੍ਹ ਇਰਾਦੇ ਦਾ ਪ੍ਰਤੀਬਿੰਬ ਹੈ। ਵਾਈਐਸ ਸਕੂਲ ਬਰਨਾਲਾ ਇਸ ਪ੍ਰਾਪਤੀ ਦਾ ਮਾਣ ਨਾਲ ਜਸ਼ਨ ਮਨਾਉਂਦਾ ਹੈ ਅਤੇ ਭਵਿੱਖ ਵਿੱਚ ਹੋਰ ਇਸ ਤਰ੍ਹਾਂ ਦੀਆਂ ਪ੍ਰਾਪਤੀਆਂ ਦੀ ਉਮੀਦ ਕਰਦਾ ਹੈ।

# ਕੁੱਟਮਾਰ ਦੇ ਮਾਮਲੇ 'ਚ ਕੇਸ ਦਰਜ

ਬਰਨਾਲਾ, 22 ਸਤੰਬਰ, (ਬਘੇਲ ਸਿੰਘ ਧਾਲੀਵਾਲ) : ਥਾਣਾ ਬਰਨਾਲਾ ਦੀ ਪੁਲਿਸ ਨੇ ਕੁੱਟਮਾਰ ਕਰਨ ਦੇ ਮਾਮਲੇ 'ਚ ਕੇਸ ਦਰਜ ਕੀਤਾ ਹੈ। ਮੁਦੱਈ ਵੀਰਾ ਸਿੰਘ ਪੁੱਤਰ ਜੋਰਾ ਸਿੰਘ ਵਾਸੀ ਠੀਕਰੀਵਾਲ ਨੇ ਬਿਆਨ ਲਿਖਵਾਇਆ ਕਿ ਮਿਤੀ 20 ਸਤੰਬਰ ਨੂੰ ਉਹ ਆਪਣੇ ਘਰ ਤੋਂ ਕੰਮ ਕਾਰ ਲਈ ਪਿੰਡ ਵੱਲ ਨੂੰ ਜਾ ਰਿਹਾ ਸੀ ਤਾਂ ਰਸਤੇ 'ਚ ਗੋਬਿੰਦ ਸਿੰਘ, ਲੱਡੂ ਸਿੰਘ, ਕਾਕੂ ਸਿੰਘ, ਪਾਲੋ ਕੌਰ, ਕੋਮਲਪ੍ਰੀਤ ਕੌਰ ਪਤਨੀ ਕਾਕੂ ਸਿੰਘ, ਗੁਰਵਿੰਦਰ ਕੌਰ ਪਤਨੀ ਗੋਬਿੰਦ ਸਿੰਘ, ਰਾਜ ਕੌਰ ਪਤਨੀ ਭੋਲਾ ਸਿੰਘ, ਦਿਲਪ੍ਰੀਤ ਸਿੰਘ ਪੁੱਤਰ ਭੋਲਾ ਸਿੰਘ ਵਾਸੀਆਨ ਠੀਕਰੀਵਾਲ, ਸਰਬਜੀਤ ਕੌਰ ਪਤਨੀ ਪੋਪਲ ਸਿੰਘ ਵਾਸੀ ਬਰਨਾਲਾ ਖੜੇ ਸੀ, ਜਿਨ੍ਹਾਂ ਨੇ ਉਸ ਨਾਲ ਗਾਲੀ ਗਲੋਚ ਕਰਕੇ ਉਸਦੀ ਕੁੱਟਮਾਰ ਕੀਤੀ। ਪੁਲਿਸ ਨੇ ਮੁਦਈ ਦੇ ਬਿਆਨ ਦੇ ਅਧਾਰ 'ਤੇ ਉਕਤਾਨ ਖਿਲਾਫ਼ ਮਾਮਲਾ ਦਰਜ ਕਰ ਲਿਆ।

# 40 ਨਸ਼ੀਲ਼ੀਆਂ ਗੋਲ਼ੀਆਂ ਬਰਾਮਦ

ਬਰਨਾਲਾ, 22 ਸਤੰਬਰ, (ਬਘੇਲ ਸਿੰਘ ਧਾਲੀਵਾਲ) : ਥਾਣਾ ਰੂੜੇਕੇ ਕਲਾਂ ਦੀ ਪੁਲਿਸ ਨੇ 40 ਨਸ਼ੀਲੀਆਂ ਗੋਲੀਆਂ ਬਰਾਮਦ ਕਰਕੇ ਕੇਸ ਦਰਜ ਕੀਤਾ ਹੈ। ਪੁਲਿਸ ਨੇ ਗੁਪਤ ਸੂਚਨਾ ਦੇ ਅਧਾਰ 'ਤੇ ਮਦਨ ਗੋਪਾਲ ਪੁੱਤਰ ਦੇਸ ਰਾਜ ਵਾਸੀ ਤਖਤੂ ਪੱਤੀ ਧੌਲਾ ਨੂੰ ਗ੍ਰਿਫ਼ਤਾਰ ਕਰਕੇ 40 ਨਸ਼ੀਲੀਆਂ ਗੋਲੀਆਂ ਬਰਾਮਦ ਕਰਵਾਈਆਂ।

# ਨਸ਼ੀਲਾ ਪਦਾਰਥ ਤੇ ਨਸ਼ੀਲ਼ੀਆਂ ਗੋਲ਼ੀਆਂ ਬਰਾਮਦ

ਬਰਨਾਲਾ, 22 ਸਤੰਬਰ, (ਬਘੇਲ ਸਿੰਘ ਧਾਲੀਵਾਲ) : ਥਾਣਾ ਭਦੌੜ ਦੀ ਪੁਲਿਸ ਨੇ ਨਸ਼ੀਲਾ ਪਦਾਰਥ ਅਤੇ 46 ਨਸ਼ੀਲੀਆਂ ਗੋਲੀਆਂ ਬਰਾਮਦ ਕਰਕੇ ਕੇਸ ਦਰਜ ਕੀਤਾ ਹੈ। ਪੁਲਿਸ ਨੇ ਦੌਰਾਨੇ ਗਸ਼ਤ ਕੁਲਦੀਪ ਸਿੰਘ ਉਰਫ ਮਾਲੀ ਪੁੱਤਰ ਸੁਖਦੇਵ ਸਿੰਘ ਵਾਸੀ ਮੁਹੱਲਾ ਸਾਧਾਂ ਦਾ ਭਦੌੜ ਅਤੇ ਜਗਸੀਰ ਸਿੰਘ ਉਰਫ ਜੱਗਾ ਪੁੱਤਰ ਭਗਵਾਨ ਸਿੰਘ ਵਾਸੀ ਕੋਠੇ ਬਾਬਾ ਭਾਨ ਸਿੰਘ ਭਦੌੜ ਨੂੰ ਕਾਬੂ ਕਰਕੇ 113 ਗ੍ਰਾਮ 80 ਮਿਲੀ ਗ੍ਰਾਮ ਨਸ਼ੀਲਾ ਪਦਾਰਥ ਅਤੇ 46 ਨਸ਼ੀਲੀਆਂ ਗੋਲੀਆਂ ਖੁੱਲ੍ਹੀਆਂ ਰੰਗ ਚਿੱਟਾ ਬਰਾਮਦ ਕੀਤੀਆਂ।

# ਆਮਦਨ ਵਧਾਉਣ 'ਤੇ ਫੋਕਸ ਕਰੋ ਨਾ ਕਿ ਮਰਜ ਕਰਨ 'ਤੇ : ਸੁਖਮਿੰਦਰ ਪਾਲ ਜੇਠੀ



ਬਰਨਾਲਾ, 22 ਸਤੰਬਰ (ਸੁਖਵਿੰਦਰ ਸਿੰਘ ਭੰਡਾਰੀ) : ਨਗਰ ਪੰਚਾਇਤ ਹੰਡਿਆਇਆ ਨੂੰ ਨਗਰ ਕੌਂਸਲ ਬਰਨਾਲਾ ਵਿੱਚ ਮਰਜ ਕਰਨ ਦੀਆਂ ਕੋਸ਼ਿਸ਼ਾਂ ਚਿਰਾਂ ਤੋਂ ਜਾਰੀ ਹਨ ਕਿਉਂਕਿ ਨਗਰ ਕੌਂਸਲ ਬਰਨਾਲਾ ਦੀ ਅੱਖ ਪਿੰਡ ਦੀਆਂ ਸ਼ਾਮਲਾਟ ਜ਼ਮੀਨਾਂ ਉੱਪਰ ਹੈ। ਅਜਿਹੇ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਬੀਜੇਪੀ ਹਿਊਮਨ ਰਾਈਟਸ ਸੈਲ ਦੇ ਜ਼ਿਲ੍ਹਾ ਪ੍ਰਧਾਨ ਸੁਖਮਿੰਦਰ ਪਾਲ ਜੇਠੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਨਗਰ ਕੌਂਸਲ ਬਰਨਾਲਾ, ਹੰਡਿਆਇਆ ਨੂੰ ਆਪਣੇ ਵਿੱਚ ਮਰਜ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਪ੍ਰੰਤੂ ਨਗਰ ਪੰਚਾਇਤ ਹੰਡਿਆਇਆ ਦੇ ਐਮਸੀਆਂ ਨੂੰ ਨਗਰ ਕੌਂਸਲ ਬਰਨਾਲਾ ਦਾ ਪੱਖ ਪੂਰਨ ਦੀ ਬਜਾਏ ਇਸ ਦੀ ਵਿਰੋਧਤਾ ਕਰਨੀ ਚਾਹੀਦੀ ਹੈ ਅਤੇ ਪਿੰਡ ਵਾਸੀਆਂ ਦਾ ਸਾਥ ਦੇਣਾ ਚਾਹੀਦਾ ਹੈ ਕਿਉਂਕਿ ਨਗਰ ਕੌਂਸਲ ਬਰਨਾਲਾ ਦਾ ਸਾਥ ਦੇਣਾ ਤਾਂ ਆਪਣੀ ਦਾੜ੍ਹੀ ਆਪਣੀ ਹੱਥੀ ਕਿਸੇ ਦੇ ਹੱਥ ਫੜਾਉਣ ਵਾਲੀ ਗੱਲ ਹੈ। ਨਗਰ ਕੌਂਸਲ ਬਰਨਾਲਾ ਵਿੱਚ ਮਰਜ ਹੋ ਜਾਣ ਉਪਰੰਤ ਪਿੰਡ ਵਾਸੀਆਂ ਨੂੰ ਹਰ ਛੋਟੇ ਵੱਡੇ ਕੰਮ ਲਈ ਬਰਨਾਲੇ ਜਾਣਾ ਪਿਆ ਕਰਨਾ ਹੈ। ਸਾਰੇ ਪਿੰਡ ਦੇ ਕੇਵਲ ਦੋ ਜਾਂ ਤਿੰਨ ਵਾਰਡ ਹੀ ਬਣਨਗੇ ਅਤੇ ਪਿੰਡ ਦੇ ਕੰਮਾਂ ਲਈ ਜਿੰਮੇਵਾਰੀ 13 ਐਮਸੀ ਤੋਂ ਘੱਟ ਕੇ ਕੇਵਲ ਦੋ ਜਾਂ ਤਿੰਨ ਐਮਸੀ ਤੱਕ ਹੀ ਸੀਮਤ ਰਹਿ ਜਾਵੇਗੀ। ਚੋਣਾਂ ਲੜਨ ਦਾ ਖਰਚਾ ਵੀ ਬਹੁਤ ਜਿਆਦਾ ਵੱਧ ਜਾਵੇਗਾ, ਜਿਸ ਨੂੰ ਕੋਈ ਵਿਰਲਾ ਹੀ ਲੜ ਪਾਏਗਾ। ਪ੍ਰਧਾਨਗੀ ਤਾਂ ਸੁਪਨੇ ਵਿੱਚ ਵੀ ਭੁੱਲ ਜਾਵੋ। ਉਹਨਾਂ ਕਿਹਾ ਕਿ ਨਗਰ ਪੰਚਾਇਤ ਹੰਡਿਆਇਆ ਨੂੰ ਅਪੀਲ ਹੈ ਕਿ ਕਿਸੇ ਮੂਹਰੇ ਠੂਠਾ ਫੜ ਕੇ ਖੜਨ ਨਾਲੋਂ ਆਪਣੇ ਹੀ ਨਗਰ ਪੰਚਾਇਤ ਦੀ ਆਮਦਨ ਵਧਾਉਣ ਦੀ ਕੋਸ਼ਿਸ਼ ਕਰੋ। ਨਗਰ ਕੌਂਸਲ ਬਰਨਾਲਾ ਹੰਡਿਆਇਆ ਤੇ ਪੂਰੀ ਤਰਹਾਂ ਕਬਜ਼ਾ ਕਰਨਾ ਚਾਹੁੰਦਾ ਹੈ। ਕੀ ਤੁਸੀਂ ਆਪਣੀਆਂ ਹੰਡਿਆਇਆ ਕੈਂਚੀਆਂ ਨੂੰ ਮੁੜ ਹੰਡਿਆਏ ਵਿੱਚ ਮਿਲਾਉਣ ਲਈ ਜਦੋ ਜਹਿਦ ਨਹੀਂ ਕਰ ਸਕਦੇ। ਜੋ ਕਿ ਅੱਜ ਤੋਂ ਕੋਈ ਤਕਰੀਬਨ 30-35 ਸਾਲ ਪਹਿਲਾਂ ਬਰਨਾਲੇ ਨੂੰ ਦੇ ਚੁੱਕੇ ਹਾਂ। ਜੇਕਰ ਹੰਡਿਆਇਆ ਕੈਂਚੀਆਂ ਮੁੜ ਹੰਡਿਆਏ ਵਿੱਚ ਮਰਜ ਹੋ ਜਾਂਦੀਆਂ ਹਨ ਤਾਂ ਨਗਰ ਪੰਚਾਇਤ ਹੰਡਿਆਇਆ ਦੀ ਆਮਦਨ ਵਿੱਚ ਬਹੁਤ ਵਾਧਾ ਹੋ ਸਕਦਾ ਹੈ। ਆਪਣੀ ਆਮਦਨ ਵਧਾਉਣ ਦੀ ਯੋਜਨਾ ਤਿਆਰ ਕਰੋ, ਕਿਸੇ ਅੱਗੇ ਸਹੂਲਤਾਂ ਦੇ ਤਰਲੇ ਨਾ ਪਾਓ। ਉਹਨਾਂ ਪਿੰਡ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਪਾਰਟੀਬਾਜੀ ਤੋਂ ਉੱਪਰ ਉੱਠ ਕੇ ਇਸ ਨਾਦਰਸ਼ਾਹੀ ਮਤੇ ਦਾ ਵਿਰੋਧ ਕਰੋ।

# ਧਨੌਲਾ ਵਿੱਚ ਬਾਬੇ ਬਣੇ ਪਾਖੰਡੀਆਂ ਨੇ ਪੈਰ ਪਸਾਰੇ ਇਲਾਜ ਦੇ ਨਾਮ 'ਤੇ ਕਰਦੇ ਨੇ ਆਰਥਿਕ ਲੁੱਟ



ਧਨੌਲਾ, 22 ਸਤੰਬਰ (ਚਮਕੌਰ ਸਿੰਘ ਗੱਗੀ) : ਪੰਜਾਬ ਵਿੱਚ ਜਿੱਥੇ ਆਏ ਦਿਨ ਨਵੇਂ ਤੋਂ ਨਵਾਂ ਬਾਬਾ ਸਿਰ ਹਿਲਾਉਂਦਾ ਦਿਖਾਈ ਦਿੰਦਾ, ਅਤੇ ਮਾਨਸਿਕ ਤੌਰ 'ਤੇ ਬਿਮਾਰ ਲੋਕਾਂ ਨੂੰ ਗੁੰਮਰਾਹ ਕਰਕੇ ਵਹਿਮਾਂ ਭਰਮਾਂ ਵਿੱਚ ਪਾਂ ਕੇ ਇਲਾਜ ਦੇ ਨਾਮ 'ਤੇ ਆਰਥਿਕ ਲੁੱਟ ਕਰਦੇ ਹਨ। ਉੱਥੇ ਨਗਰ ਧਨੌਲਾ ਵਿੱਚ ਵੀ ਨਸ਼ੇੜੀਆਂ ਤੋਂ ਬਾਬੇ ਬਣੇ ਬੂਬਣੇ ਢੋਂਗੀ ਬਾਬੇ ਸਾਹਮਣੇ ਆ ਰਹੇ ਹਨ। ਜਿਕਰਯੋਗ ਹੈ ਕਿ ਧਨੌਲਾ ਵਿੱਚ ਪਿਛਲੇ ਦਿਨੀਂ ਇਕ ਯੂ ਟਿਊਬਰ ਵੱਲੋਂ ਟਾਟੀ ਬਾਬੇ ਦੀ ਵੀਡਿਓ ਪਾਉਣ ਤੋਂ ਬਾਅਦ ਬਾਬੇ ਕੋਲ ਮਾਨਸਿਕ ਤੌਰ 'ਤੇ ਬਿਮਾਰ ਲੋਕਾਂ ਦੀ ਭੀੜ ਸ਼ੁਰੂ ਹੋ ਗਈ, ਤੇ ਨਸ਼ੇੜੀ ਤੋਂ ਬਾਬਾ ਬਣੇ ਜਗਸੀਰ ਸਿੰਘ ਪੁੱਤਰ ਗੁਰਚਰਨ ਸਿੰਘ ਨਸ਼ੇੜੀ ਆਪਣੇ ਆਪ ਨੂੰ ਰੱਬ ਸਮਝ ਬੈਠਾ, ਤੇ ਹੱਥ ਵਿੱਚ ਸਿਗਰਟ ਫੜ ਲੋਕਾਂ ਵੱਲ ਧੂੰਆਂ ਛੱਡਦਾ ਬਿਮਾਰ ਲੋਕਾਂ ਦੇ ਇਲਾਜ ਕਰਨ ਦਾ ਦਾਅਵਾ ਕਰਦਾ ਹੈ, ਇਹ ਪਾਖੰਡੀ ਵੀਰਵਾਰ ਅਤੇ ਸ਼ਨੀਵਾਰ ਨੂੰ ਚੌਂਕੀ ਲਗਾ ਇਸ ਤਰਾਂ ਪਾਖੰਡ ਕਰਦਾ ਜਿਵੇਂ ਇਸ ਦੀ ਕਿਸੇ ਰਹਿਬਰ ਪੀਰ ਪਗੰਬਰ ਨਾਲ ਗੱਲ ਹੁੰਦੀ ਹੋਵੇ, ਹਾਂ ਜੀ ਮਹਾਰਾਜ ਸੱਤ ਬਚਨ ਮਹਾਰਾਜ ਵਰਗੇ ਸ਼ਬਦ ਸੁਣਨ ਨੂੰ ਮਿਲਦੇ ਹਨ ਜਿਵੇਂ ਓਹਨਾ ਨਾਲ ਗੱਲ ਕਰਕੇ ਲੋਕਾਂ ਦੀਆਂ ਤੀਜੀ ਪੀੜ੍ਹੀ ਦੇ ਲੋਕਾਂ ਦੇ ਨਾਮ ਮਰੇ ਹੋਇਆਂ ਦੇ ਨਾਮ ਦੱਸਣ ਦਾ ਦਾਅਵਾ ਕਰਦਾ, ਉਥੇ ਹੀ ਬੱਸ ਨਹੀਂ ਇਹ ਨਸ਼ੇੜੀ ਪਾਖੰਡੀ ਬਾਬਾ ਲੋਕਾਂ ਦੀਆਂ ਬਿਮਾਰੀਆਂ ਰੋਗ, ਕੈਂਸਰ ਗੋਡੇ ਦਰਦ, ਪੇਟ ਦਰਦ, ਢੂਹੀ ਦਰਦ ਸਮੇਤ ਹੋਰ ਬਿਮਾਰੀਆਂ ਨੂੰ ਚੁਟਕੀ ਵਿੱਚ ਠੀਕ ਕਰਨ ਦਾ ਦਾਅਵਾ ਕਰਦਾ ਹੈ, ਭੋਲੇ ਭਾਲੇ ਲੋਕਾਂ ਨੂੰ ਇਲਾਜ ਕਰਨ ਦੇ ਨਾਮ ਤੇ ਹਜਾਰਾਂ ਰੁਪਏ ਲੈਂਦਾ ਹੈ, ਜਦੋਂ ਇਸ ਸਬੰਧੀ ਸਤਿਕਾਰ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਇਹ ਪਾਖੰਡੀ ਬਾਬੇ ਨਸ਼ੇੜੀ ਢੋਂਗੀ ਹਨ, ਇਹਨਾ ਕੋਲ ਕੋਈ ਸ਼ਕਤੀ ਨਹੀਂ ਇਸ ਸਿਰਫ ਲੋਕਾਂ ਨੂੰ ਵਹਿਮਾਂ ਭਰਮਾਂ ਵਿੱਚ ਪਾ ਕੇ ਲੁੱਟਦੇ ਹਨ ਕਿ ਤੈਨੂੰ ਕਸਰ ਹੈ ਤੇਰਾ ਢਾਲਾ ਲਾਉਣਾ ਪਾਊਗਾ, ਸਤਿਕਾਰ ਕਮੇਟੀ ਨੇ ਕਿਹਾ ਕਿ ਜੇਕਰ ਇਹਨਾਂ ਵਿੱਚ ਕੋਈ ਗ਼ੈਬੀ ਸ਼ਕਤੀ ਹੈ ਤਾਂ ਇਹ ਬੂਬਨਾ ਸਾਡੇ ਪੰਜ ਸਵਾਲਾਂ ਦੇ ਜਵਾਬ ਦੇ ਦੇਣ ਨਹੀਂ ਫ਼ੇਰ ਆਪਣਾ ਗੋਰਖ ਧੰਦਾ ਬੰਦ ਕਰ ਲੈਣ ਨਹੀਂ ਫ਼ੇਰ ਇਸ ਨੌਵੇਂ ਪਾਤਸਾਹੀ ਜੀ ਦੀ ਚਰਨ ਛੋਹ ਪਵਿੱਤਰ ਧਰਤੀ 'ਤੇ ਅਜਿਹਾ ਪਾਖੰਡ ਨਹੀਂ ਹੋਣ ਦੇਵਾਂਗੇ।

# ਸ਼ਹੀਦ ਭਗਤ ਸਿੰਘ ਬਾਲ ਸੰਸਕਾਰ ਕੇਂਦਰ ਬਰਨਾਲਾ ਵਿਖੇ ਜੇਤੂ ਵਿਦਿਆਰਥੀਆਂ ਦਾ ਸਨਮਾਨ



ਬਰਨਾਲਾ, 22 ਸਤੰਬਰ (ਸੁਖਵਿੰਦਰ ਸਿੰਘ ਭੰਡਾਰੀ) : ਸੇਵਾ ਭਾਰਤੀ ਬਰਨਾਲਾ ਦੇ ਜ਼ਿਲ੍ਹਾ ਸਕੱਤਰ ਮਨੀਸ਼ ਬਾਂਸਲ ਦੇ ਅਗਵਾਈ ਅਤੇ ਸਰਪ੍ਰਸਤ ਗਿਆਨ ਚੰਦ ਸ਼ੇਰਪੁਰ ਵਾਲਿਆਂ ਦੀ ਸਰਪ੍ਰਸਤੀ ਹੇਠ ਸ਼ਹੀਦ ਭਗਤ ਸਿੰਘ ਨਗਰ ਬਰਨਾਲਾ ਵਿਖੇ ਸ਼ਹੀਦ ਭਗਤ ਸਿੰਘ ਬਾਲ ਸੰਸਕਾਰ ਕੇਂਦਰ ਦੇ ਵਿਦਿਆਰਥੀਆਂ ਦਾ ਆਮ ਗਿਆਨ ਦਾ ਇਮਤਿਹਾਨ ਲਿਆ ਗਿਆ। ਇਸ ਮੌਕੇ ਵਿਸ਼ੇਸ਼ ਸੱਦੇ 'ਤੇ ਪਹੁੰਚੇ ਹੋਏ ਸੁਖਵਿੰਦਰ ਸਿੰਘ ਭੰਡਾਰੀ ਨੇ ਬੋਲਦਿਆਂ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਮਾਤਾ ਪਿਤਾ ਅਤੇ ਅਧਿਆਪਕਾਂ ਦਾ ਆਗਿਆਕਾਰੀ ਬਣਨ ਤੇ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪਹਿਲੇ, ਦੂਜੇ ਤੇ ਤੀਸਰੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਮੋਮੈਂਟੋ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ । ਇਸ ਦੌਰਾਨ ਸਮੂਹ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਵੀ ਵੰਡੀ। ਇਸ ਮੌਕੇ ਪਹੁੰਚੇ ਹੋਏ ਬੱਚਿਆਂ ਦੇ ਮਾਪਿਆਂ ਨੇ ਫੀਡਬੈਕ ਦਿੰਦਿਆਂ ਕਿਹਾ ਕਿ ਵਿਦਿਆਰਥੀ ਸੰਸਕਾਰ ਕੇਂਦਰ 'ਚੋਂ ਸੰਸਕਾਰਾਂ ਦੀ ਸਿੱਖਿਆ ਲੈ ਕੇ ਚੰਗੇ ਬੱਚੇ ਬਣ ਰਹੇ ਹਨ। ਇਸ ਮੌਕੇ ਅਮਨਦੀਪ ਕੌਰ ਸਿਲਾਈ ਟੀਚਰ, ਨੇਤਾ ਜੀ ਸੁਭਾਸ਼ ਚੰਦਰ ਬੋਸ ਸਿਲਾਈ ਸੈਂਟਰ ਕਿਲ੍ਹਾ ਮੁਹੱਲਾ ਬਰਨਾਲਾ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ । ਸੰਸਕਾਰ ਕੇਂਦਰ ਦੀ ਟੀਚਰ ਸੋਨੀਆ ਗਰਗ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਚੋਰੀ ਕਰਨ ਵਾਲੇ ਵਿਅਕਤੀ ਖ਼ਿਲਾਫ਼ ਕੇਸ ਦਰਜ

ਬਰਨਾਲਾ, 22 ਸਤੰਬਰ, (ਬਘੇਲ ਸਿੰਘ ਧਾਲੀਵਾਲ) : ਥਾਣਾ ਠੁੱਲੀਵਾਲ ਦੀ ਪੁਲਿਸ ਨੇ ਚੋਰੀ ਕਰਨ ਵਾਲੇ ਇਕ ਵਿਅਕਤੀ ਦੇ ਖਿਲਾਫ਼ ਕੇਸ ਦਰਜ ਕੀਤਾ ਹੈ। ਮੁਦੱਈ ਬਹਾਦਰ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਬਘੈਲਾ ਪੱਤੀ ਹਮੀਦੀ ਨੇ ਬਿਆਨ ਲਿਖਵਾਇਆ ਕਿ ਉਸਦੇ ਘਰ ਤੋਂ 500 ਮੀਟਰ ਪਰ ਉਸਦਾ ਬਾਹਰਲਾ ਪਸ਼ੂਆਂ ਵਾਲਾ ਘਰ ਹੈ, ਜਿਸ 'ਚ ਉਸਦੇ ਪਸ਼ੂ ਰੱਖੇ ਹੋਏ ਹਨ ਅਤੇ ਇਸ ਤੋਂ ਬਗੈਰ ਉਸਦੇ ਖੇਤੀਬਾੜੀ ਦੇ ਸੰਦ ਖੜੇ ਹਨ। ਉਹ ਰੋਜ਼ਾਨਾ ਦੀ ਤਰ੍ਹਾਂ 18 ਸਤੰਬਰ ਨੂੰ ਆਪਣੇ ਘਰ ਤੋਂ ਆਪਣੇ ਬਾਹਰਲੇ ਪਸ਼ੂਆਂ ਵਾਲੇ ਘਰ 'ਚ ਆਪਣੇ ਕੰਮ ਕਾਰ ਲਈ ਗਿਆ ਸੀ ਤਾਂ ਉਹ ਆਪਣੇ ਬਾਹਰਲੇ ਪਸ਼ੂਆਂ ਵਾਲੇ ਘਰ 'ਚ ਜਾ ਕੇ ਦੇਖਿਆ ਕਿ ਉਸਦੇ ਬਾਹਰਲੇ ਪਸ਼ੂਆਂ ਵਾਲੇ ਘਰ 'ਚ ਖੜੀ ਟਰਾਲੀ ਦੀ ਹੁੱਕ ਗਾਇਬ ਸੀ ਅਤੇ ਇਸ ਤੋਂ ਬਿਨ੍ਹਾਂ ਇੰਜਣ ਦਾ ਏਅਰ ਕਲੰਡਰ, ਟਰੈਕਟਰ ਦਾ ਤਾਰ ਵਾਲਾ ਲੋਹੇ ਦਾ ਟੋਚਨ , ਮੱਝਾ ਦੇ ਲੋਹੇ ਵਾਲੇ ਸੰਗਲ ਅਤੇ ਲੋਹੇ ਦੇ ਚਾਰ ਚੈਨਰ ਜੋ 06-06 ਫੁੱਟ ਦੇ ਸਨ ਵੀ ਗਾਇਬ ਸਨ, ਜਿਸਦੀ ਉਸਨੇ ਆਪਣੇ ਤੌਰ 'ਤੇ ਕੀਤੀ, ਤਾਂ ਉਸਨੂੰ ਪਤਾ ਲੱਗਿਆ ਹੈ ਕਿ ਮਿਤੀ 17/18 ਸਤੰਬਰ ਦੀ ਦਰਮਿਆਨੀ ਰਾਤ ਨੂੰ ਉਸਦੇ ਬਾਹਰਲੇ ਪਸ਼ੂਆਂ ਵਾਲੇ ਘਰ 'ਚੋਂ ਸਰਬਜੀਤ ਸਿੰਘ ਉਰਫ ਗੱਗੂ ਪੁੱਤਰ ਗੁਰਤੇਜ ਸਿੰਘ ਵਾਸੀ ਸਹੌਰ ਰੋਡ ਹਮੀਦੀ ਨੇ ਚੋਰੀ ਕੀਤੀ ਹੈ। ਪੁਲਿਸ ਨੇ ਮੁਦਈ ਦੇ ਬਿਆਨ ਦੇ ਅਧਾਰ 'ਤੇ ਕੇਸ ਦਰਜ ਕਰ ਲਿਆ ਹੈ।

# ਬਰਨਾਲਾ ਸ਼ਹਿਰ ਦੇ ਪ੍ਰਸਿੱਧ ਸ਼ਨੀ ਮੰਦਿਰ 'ਚ ਚੋਰੀ

ਬਰਨਾਲਾ, 22 ਸਤੰਬਰ, (ਬਘੇਲ ਸਿੰਘ ਧਾਲੀਵਾਲ) : ਬਰਨਾਲਾ ਸ਼ਹਿਰ ਦੇ ਪ੍ਰਸਿੱਧ ਸ਼ਨੀ ਮੰਦਰ (ਸੇਖਾ ਰੋਡ ਗਲੀ ਨੰਬਰ 4) ਸਥਿਤ ਬੀਤੀ ਰਾਤ ਇਕ ਚੋਰ ਵੱਲੋਂ ਚੋਰੀ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ ਇਸ ਸਬੰਧੀ ਮੰਦਿਰ ਦੇ ਮੁਖੀ ਪੰਡਿਤ ਅਕਸ਼ੇ ਕੁਮਾਰ ਨੇ ਦੱਸਿਆ ਕਿ ਕੱਲ ਰਾਤ ਇੱਕ ਅਣਪਛਾਤਾ ਵਿਅਕਤੀ ਮੰਦਰ ਦੀ ਕੰਧ ਟੱਪ ਕੇ ਮੰਦਰ 'ਚ ਦਾਖਲ ਹੋਇਆ ਅਤੇ ਮੰਦਰ ਦੇ ਅੰਦਰ ਲੱਗੀ ਹੋਈ ਐਲਸੀਡੀ ਅਤੇ ਮੰਦਿਰ ਦੇ ਦਫਤਰ 'ਚ ਪਿਆ ਲੈਪਟਾਪ ਅਤੇ ਕੁਝ ਨਗਦੀ ਚੋਰੀ ਕਰ ਲਈ ਚੋਰ ਜਾਂਦੇ ਜਾਂਦੇ ਉਥੇ ਖੜੀ ਉਹਨਾਂ ਦੀ ਸਕੂਟਰੀ ਵੀ ਨਾਲ ਲੈ ਗਏ ਹਨ। ਪੰਡਿਤ ਅਕਸ਼ੇ ਕੁਮਾਰ ਨੇ ਦੱਸਿਆ ਕਿ ਉਹ ਹਰ ਰੋਜ਼ ਦੀ ਤਰ੍ਹਾਂ ਜਦੋਂ ਸਵੇਰੇ ਉੱਠੇ ਤਾਂ ਉਦੋਂ ਉਨ੍ਹਾਂ ਨੂੰ ਇਸ ਚੋਰੀ ਦਾ ਪਤਾ ਲੱਗਿਆ ਉਨ੍ਹਾਂ ਵੱਲੋਂ ਉਥੇ ਲੱਗੇ ਸੀਸੀਟੀਵੀ ਕੈਮਰੇ ਚੈੱਕ ਕੀਤੇ ਗਏ ਤਾਂ ਪਤਾ ਲੱਗਿਆ ਕਿ ਸਵੇਰੇ 3:40 ਤੇ ਇੱਕ ਨੌਜਵਾਨ ਕੰਧ ਟੱਪ ਕੇ ਮੰਦਰ 'ਚ ਦਾਖਲ ਹੋਇਆ ਹੈ ਅਤੇ ਬੇਖੌਫ ਹੋ ਕੇ ਚੋਰੀ ਕਰਕੇ ਸਮਾਨ ਸਕੂਟਰੀ ਉੱਪਰ ਰੱਖ ਕੇ ਲੈ ਗਿਆ ਹੈ। ਉਨ੍ਹਾਂ ਵੱਲੋਂ ਥਾਣਾ ਸਿਟੀ 2 ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਸੂਚਨਾ ਮਿਲਣ ਉਪਰੰਤ ਥਾਣਾ ਸਿਟੀ 2 ਦੇ ਮੁੱਖ ਅਫਸਰ ਵੱਲੋਂ ਘਟਨਾ ਸਥਲ ਦਾ ਦੌਰਾ ਕੀਤਾ ਗਿਆ ਅਤੇ ਮਾਮਲੇ ਸਬੰਧੀ ਐਫਆਈਆਰ ਦਰਜ ਕਰ ਲਈ ਗਈ ਹੈ ਅਤੇ ਜਲਦ ਹੀ ਚੋਰਾਂ ਨੂੰ ਫੜ ਕੇ ਗ੍ਰਿਫਤਾਰ ਕਰ ਲਿਆ ਜਾਵੇਗਾ। ਇਸ ਘਟਨਾ ਸਬੰਧੀ ਥਾਣਾ ਸਿਟੀ 2 ਦੇ ਮੁੱਖ ਇੰਚਾਰਜ ਚਰਨਜੀਤ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨਾਂ ਦੱਸਿਆ ਕਿ ਜਿਹੜੀ ਇਹ ਮੰਦਰ 'ਚ ਚੋਰੀ ਹੋਈ ਹੈ, ਇਸ 'ਚ ਮੰਦਰ ਵਾਲਿਆਂ ਦੀ ਲਾਪਰਵਾਹੀ ਸਾਹਮਣੇ ਆਈ ਹੈ। ਜਿਸ ਦਫਤਰ 'ਚ ਚੋਰਾਂ ਵਲੋਂ ਲੈਪਟਾਪ ਚੋਰੀ ਕੀਤਾ ਉਸ ਦਫਤਰ ਨੂੰ ਜਿੰਦਾ ਨਹੀਂ ਲੱਗਾ ਹੋਇਆ ਸੀ ਅਤੇ ਮੰਦਰ ਦੇ ਅੰਦਰ ਕਿਸੇ ਵੀ ਗੇਟ ਨੂੰ ਜਿੰਦਾ ਨਹੀਂ ਲੱਗਿਆ ਹੋਇਆ ਸੀ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਮੰਦਰ ਦੇ ਮੁੱਖ ਗੇਟ ਨੂੰ ਵੀ ਅੰਦਰੋਂ ਜਿੰਦਾ ਨਹੀਂ ਲੱਗਿਆ ਹੋਇਆ ਸੀ, ਜਿਸਦਾ ਚੋਰਾਂ ਨੇ ਫਾਇਦਾ ਚੁੱਕਿਆ। ਜੇਕਰ ਗੇਟ ਦੇ ਅੰਦਰੋਂ ਜਿੰਦਾ ਲੱਗਿਆ ਹੁੰਦਾ ਤਾਂ ਚੋਰ ਸਕੂਟਰੀ ਬਾਹਰ ਨਹੀਂ ਕੱਢ ਸਕਦਾ ਸੀ ਅਤੇ ਜੇਕਰ ਅੰਦਰਲੇ ਗੇਟ ਨੂੰ ਵੀ ਜਿੰਦਾ ਲੱਗਿਆ ਹੁੰਦਾ ਤਾਂ ਚੋਰੀ ਦਾ ਬਚਾਅ ਹੋ ਸਕਦਾ ਸੀ। ਉਨ੍ਹਾਂ ਵੱਲੋਂ ਪੰਜਾਬੀ ਜਾਗਰਣ ਦੇ ਮਾਧਿਅਮ ਰਾਹੀਂ ਬਰਨਾਲਾ ਸ਼ਹਿਰ ਦੇ ਲੋਕਾਂ ਨੂੰ ਅਪੀਲ ਵੀ ਕੀਤੀ ਗਈ ਕਿ ਪਬਲਿਕ ਨੂੰ ਵੀ ਸੁਚੇਤ ਰਹਿਣਾ ਚਾਹੀਦਾ ਹੈ ਅਤੇ ਇਨ੍ਹਾਂ ਚੋਰਾਂ ਤੋਂ ਬਚਣ ਵਾਸਤੇ ਆਪਣੇ ਘਰਾਂ ਨੂੰ ਜਿੰਦੇ ਲਗਾ ਕੇ ਰੱਖਣੇ ਚਾਹੀਦੇ ਹਨ। ਬਾਕੀ ਸਾਡੀ ਪੁਲਿਸ ਦੀ ਟੀਮ ਇਸ ਕੇਸ ਦੀ ਗਹਿਰਾਈ ਨਾਲ ਜਾਂਚ ਕਰ ਰਹੀ ਹੈ ਅਤੇ ਜਲਦ ਹੀ ਚੋਰਾਂ ਨੂੰ ਫੜ੍ਹ ਕੇ ਪੀੜਿਤ ਨੂੰ ਇਨਸਾਫ ਦਿਲਵਾਇਆ ਜਾਵੇਗਾ।

## ਸਰਕਾਰ ਤੋਂ ਅੱਕੇ ਬੀ.ਐੱਲ.ਓਜ਼ ਵੱਲੋਂ ਮੀਟਿੰਗ



ਸਰਦੂਲਗੜ੍ਹ,22 ਸਤੰਬਰ (ਲਛਮਣ ਸਿੱਧੂ): ਨਿਤ-ਨਿਤ ਦੇ ਵੋਟਰ ਸੂਚੀਆਂ ਵਿੱਚ ਹੋ ਰਹੇ ਸਰਵੇ ਤੋਂ ਅੱਕੇ ਬੀ ਐੱਲ ਓਜ਼ ਨੇ ਅੱਜ ਬਾਬਾ ਧਿਆਨ ਦਾਸ ਜੀ ਦੇ ਡੇਰੇ ਵਿੱਚ ਇੱਕ ਭਰਵੀਂ ਮੀਟਿੰਗ ਕੀਤੀ।ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਮਾਨਸਾ ਦੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਤਾਮਕੋਟ ਨੇ ਸਰਕਾਰ ਤੋਂ ਮੰਗ ਕੀਤੀ ਕਿ ਸਕੂਲਾਂ ਵਿੱਚ ਪੜ੍ਹਾਈ ਦੇ ਹੋ ਰਹੇ ਨੁਕਸਾਨ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਅਧਿਆਪਕਾਂ ਅਤੇ ਹੋਰ ਮੁਲਾਜ਼ਮਾਂ ਤੋਂ ਬੀ ਐੱਲ ਓਜ਼ ਦਾ ਕੰਮ ਲੈਣਾ ਤੁਰੰਤ ਬੰਦ ਕਰੇ ਅਤੇ ਬੀ ਐੱਲ ਓਜ਼ ਦੇ ਕੰਮ ਲਈ ਵੱਖਰੇ ਤੌਰ 'ਤੇ ਨਵੇਂ ਕਰਮਚਾਰੀ ਭਰਤੀ ਕਰੇ ਇਸ ਮੌਕੇ ਵੱਡੀ ਗਿਣਤੀ ਵਿੱਚ ਪਹੁੰਚੇ ਬੀ ਐੱਲ ਓਜ਼ ਨੇ ਬੀ ਐੱਲ ਓ ਯੂਨੀਅਨ ਬਲਾਕ ਝੁਨੀਰ ਦਾ ਗਠਨ ਕੀਤਾ ਜਿਸ ਵਿੱਚ ਅਜੈਬ ਸਿੰਘ ਟਾਂਡੀਆਂ ਬਲਾਕ ਪ੍ਰਧਾਨ, ਜਸਵਿੰਦਰ ਸਿੰਘ ਕਾਹਰੋਂਕੇ ਜਵਾਹਰਕੇ ਬਲਾਕ ਸਕੱਤਰ,ਜਗਰਾਜ ਸਿੰਘ ਵਿਤ ਸਕੱਤਰ, ਅਮਰਿੰਦਰ ਸਿੰਘ ਕਮੇਟੀ ਮੈਂਬਰ,ਸੁਰਿੰਦਰ ਕੁਮਾਰ ਨੂੰ ਕਮੇਟੀ ਮੈਂਬਰ ਚੁਣਿਆ ਗਿਆ। ਬੀ ਐੱਲ ਓ ਯੂਨੀਅਨ ਦੇ ਬਲਾਕ ਪ੍ਰਧਾਨ ਅਜੈਬ ਸਿੰਘ ਟਾਂਡੀਆਂ ਨੇ ਕਿਹਾ ਕਿ ਨਿਤ ਨਿਤ ਉਹਨਾਂ ਤੋਂ ਨਵੇਂ ਅੰਕੜੇ ਮੰਗੇ ਜਾ ਰਹੇ ਹਨ ਅਤੇ ਉਹ ਇਹਨਾਂ ਅੰਕੜਿਆ ਵਿੱਚ ਉਲਝ ਕੇ ਆਪਣੇ ਅਸਲ ਕੰਮ ਵਿਦਿਆਰਥੀਆਂ ਨੂੰ ਪੜ੍ਹਾਉਣ ਤੋ ਅਸਮਰਥ ਹਨ,ਜਿਸ ਕਾਰਨ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਹੋ ਰਿਹਾ ਹੈ ਆਗੂਆਂ ਨੇ ਕਿਹਾ ਕਿ ਉਹਨਾਂ ਨੂੰ ਆਹ ਰਹੀਆਂ ਸਮੱਸਿਆਵਾਂ ਨੂੰ ਲੈ ਅਉਣ ਵਾਲੇ ਦਿਨਾਂ ਵਿੱਚ ਐਸ ਡੀ ਐਮ ਨੂੰ ਮਿਲਿਆ ਜਾਵੇਗਾ। ਇਸ ਮੌਕੇ ਚਰਨਪਾਲ ਸਿੰਘ, ਗੁਰਸੇਵਕ ਝੁਨੀਰ, ਬਲਕਰਨ ਝੁਨੀਰ,ਜਗਦੇਵ ਸਿੰਘ ਧਾਲੀਵਾਲ, ਲੱਖਾ ਸਿੰਘ, ਹਰਦੀਪ ਸਿੰਘ, ਚਰਨਜੀਤ ਸਿੰਘ, ਕੁਲਦੀਪ ਅਕਾਂਵਾਲੀ,ਗੁਰਵਿੰਦਰ ਬੈਹਣੀਵਾਲ, ਆਦਿ ਸ਼ਾਮਿਲ ਸਨ।

# ਧੂਰੀ ਵਿਕਾਸ ਮੰਚ ਨੇ ਓਵਰ ਬਰਿੱਜ ਥੱਲੇ ਬੰਦ ਪਏ ਫਾਟਕ ਖੋਲ੍ਹਣ ਦੀ ਕੀਤੀ ਮੰਗ

ਧੂਰੀ, 22 ਸਤੰਬਰ (ਰਾਜੇਸ਼ਵਰ ਪਿੰਟੂ, ਅਮਨ ਗਰਗ): ਧੂਰੀ ਸ਼ਹਿਰ ਦੇ ਵੱਖ -ਵੱਖ ਸਮੱਸਿਆਵਾਂ ਦੇ ਹੱਲ ਲਈ ਯਤਨਸ਼ੀਲ, ਗੈਰ ਰਾਜਨੀਤਿਕ ਜੱਥੇਬੰਦੀ ਧੂਰੀ ਵਿਕਾਸ ਮੰਚ (ਰਜਿ.) ਧੂਰੀ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਰੇਲਵੇ ਮੰਤਰੀ ਅਤੇ ਰੇਲਵੇ ਰਾਜ ਮੰਤਰੀ ਅਤੇ ਮੁੱਖ ਪੰਜਾਬ ਨੂੰ ਪੱਤਰ ਲਿਖੇ ਲੁਧਿਆਣਾ -ਹਿਸਾਰ ਅਤੇ ਰਾਜਪੁਰਾ-ਬਠਿੰਡਾ ਰੇਲਵੇ ਫਾਟਕਾਂ ਨੂੰ ਖੋਲਣ ਜਾਂ ਅੰਡਰ ਬਰਿੱਜ ਬਣਾਉਣ ਦੀ ਮੰਗ ਕੀਤੀ ਹੈ।ਚੇਅਰਮੈਨ ਜਗਸੀਰ ਸਿੰਘ ਜੱਗੀ ਢੀਂਡਸਾ ਉਪ-ਚੇਅਰਮੈਨ ਐਡਵੋਕੇਟ ਰਾਜੇਸ਼ਵਰ ਚੌਧਰੀ, ਅਭਿਨਵ ਗੋਇਲ, ਪ੍ਰਧਾਨ ਅਮਨ ਗਰਗ ਅਤੇ ਜਨਰਲ ਸਕੱਤਰ ਹੰਸ ਰਾਜ ਬਜਾਜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਧੂਰੀ ਇੱਕ ਮਹੱਤਵਪੂਰਨ ਰੇਲਵੇ ਜੰਕਸ਼ਨ ਹੈ ਜਿੱਥੋਂ ਦਿੱਲੀ-ਬਠਿੰਡਾ ਅਤੇ ਦਿੱਲੀ-ਅੰਮ੍ਰਿਤਸਰ ਵਾਲੀਆਂ ਟ੍ਰੇਨਾਂ ਲੰਘਦੀਆਂ ਹਨ। ਇੱਥੇ ਸਟੇਟ ਹਾਈਵੇ ਵੀ ਸ਼ਹਿਰ ਰਾਹੀਂ ਗੁਜ਼ਰਦਾ ਹੈ। ਪਹਿਲਾਂ ਧੂਰੀ-ਲੁਧਿਆਣਾ ਅਤੇ ਧੂਰੀ-ਬਠਿੰਡਾ ਰੂਟ 'ਤੇ ਦੋ ਵੱਡੇ ਰੇਲਵੇ ਫਾਟਕ ਸਨ, ਪਰ 2006-07 ਵਿੱਚ ਲਗਭਗ 1.5 ਕਿਲੋਮੀਟਰ ਲੰਬਾ ਰੇਲਵੇ ਓਵਰ ਬ੍ਰਿਜ ਬਣਾਉਣ ਦੌਰਾਨ ਇਹ ਦੋਵੇਂ ਫਾਟਕ ਅਸਥਾਈ ਤੌਰ 'ਤੇ ਬੰਦ ਕੀਤੇ ਗਏ ਸਨ। ਬਾਅਦ ਵਿੱਚ ਰੇਲਵੇ ਅਧਿਕਾਰੀਆਂ ਨੇ ਇਹਨਾਂ ਨੂੰ ਸਥਾਈ ਤੌਰ 'ਤੇ ਬੰਦ ਕਰ ਦਿੱਤਾ। ਧੂਰੀ ਵਿਕਾਸ ਮੰਚ ਦੇ ਨੁਮਾਇੰਦਿਆਂ ਅਨੁਸਾਰ, ਹਜ਼ਾਰਾਂ ਦੀ ਤਾਦਾਦ ਵਿੱਚ ਵਸਨੀਕ ਇਸ ਬੰਦਸ਼ ਕਾਰਨ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਲੋਕਾਂ ਨੂੰ ਹੁਣ ਮੁੱਖ ਮਾਰਕੀਟ, ਸਿਵਲ ਹਸਪਤਾਲ ਜਾਂ ਬੈਂਕਾਂ, ਅਦਾਲਤੀ ਕੰਪਲੈਕਸ, ਤਹਿਸੀਲ ਕੰਪਲੈਕਸ ਵੱਲ ਜਾਣ ਲਈ ਲੰਮਾ ਚੱਕਰ ਲਗਾ ਕੇ ਓਵਰ ਬਰਿੱਜ ਤੋਂ ਗੁਜ਼ਰਨਾ ਪੈਂਦਾ ਹੈ। ਇਸ ਨਾਲ ਨਾ ਸਿਰਫ਼ ਸਮਾਂ ਬਰਬਾਦ ਹੁੰਦਾ ਹੈ, ਸਗੋਂ ਵੱਧ ਫ਼ਿਊਲ ਖ਼ਰਚ ਹੋਣ ਕਾਰਨ ਆਰਥਿਕ ਬੋਝ ਵੀ ਪੈਂਦਾ ਹੈ। ਬਰਿੱਜ 'ਤੇ ਹਰ ਵੇਲੇ ਵੱਡੀ ਤੇ ਹੈਵੀ ਟ੍ਰੈਫ਼ਿਕ ਇਕੱਠੀ ਹੋਣ ਨਾਲ ਜਾਮ ਅਤੇ ਹਾਦਸਿਆਂ ਦੀ ਸੰਭਾਵਨਾ ਵਧ ਗਈ ਹੈ।ਉਨ੍ਹਾਂ ਅੱਗੇ ਦੱਸਿਆ ਕਿ ਸਮਾਜਕ ਪੱਖੋਂ ਵੀ ਇਹ ਬੰਦਸ਼ਾਂ ਗੰਭੀਰ ਸਮੱਸਿਆਵਾਂ ਪੈਦਾ ਕਰ ਰਹੀਆਂ ਹਨ। ਸ਼ਮਸ਼ਾਨਘਾਟ ਤੱਕ ਜਾਣ ਲਈ ਪਰਿਵਾਰਾਂ ਨੂੰ ਅੰਤਿਮ ਸੰਸਕਾਰ ਵੇਲੇ ਵੱਡੀ ਪਰੇਸ਼ਾਨੀ ਆਉਂਦੀ ਹੈ। ਇਸੇ ਤਰ੍ਹਾਂ, ਛੋਟੇ ਵਪਾਰੀਆਂ ਦਾ ਕਾਰੋਬਾਰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ, ਕਿਉਂਕਿ ਲੋਕਾਂ ਦੀ ਆਵਾਜਾਈ ਮੁੱਖ ਤੌਰ 'ਤੇ ਬਰਿੱਜ ਵੱਲ ਹੀ ਰਹਿ ਗਈ ਹੈ। ਸ਼ਹਿਰ ਵੀ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਮਹਿਸੂਸ ਹੁੰਦਾ ਹੈ, ਜਿਸ ਕਾਰਨ ਬਜ਼ੁਰਗਾਂ, ਵਿਦਿਆਰਥੀਆਂ ਅਤੇ ਸਾਈਕਲ ਸਵਾਰਾਂ ਲਈ ਆਵਾਜਾਈ ਖ਼ਤਰਨਾਕ ਅਤੇ ਔਖੀ ਹੋ ਚੁੱਕੀ ਹੈ। ਧੂਰੀ ਵਿਕਾਸ ਮੰਚ ਨੇ ਅਪੀਲ ਕੀਤੀ ਹੈ ਕਿ ਲੋਕਾਂ ਦੀਆਂ ਜਾਇਜ਼ ਮੰਗਾਂ ਨੂੰ ਧਿਆਨ ਵਿੱਚ ਰੱਖਦਿਆਂ ਜਾਂ ਤਾਂ ਦੋਵੇਂ ਬੰਦ ਫਾਟਕਾਂ ਨੂੰ ਮੁੜ ਖੋਲ੍ਹਿਆ ਜਾਵੇ ਜਾਂ ਉਨ੍ਹਾਂ ਹੇਠਾਂ ਅੰਡਰਪਾਸ ਬਣਾਏ ਜਾਣ। ਇਸ ਨਾਲ ਨਾ ਸਿਰਫ਼ ਲੋਕਾਂ ਦੀ ਪਰੇਸ਼ਾਨੀ ਦੂਰ ਹੋਵੇਗੀ, ਸਗੋਂ ਓਵਰ ਬਰਿੱਜ 'ਤੇ ਟ੍ਰੈਫ਼ਿਕ ਦਾ ਬੋਝ ਵੀ ਘਟੇਗਾ ਅਤੇ ਸ਼ਹਿਰ ਦੇ ਵਪਾਰ ਨੂੰ ਵੀ ਮੁੜ ਜੀਵਨ ਮਿਲੇਗਾ। ਇਸ ਮੌਕੇ ਖਜ਼ਾਨਚੀ ਸੁਰਿੰਦਰਪਾਲ ਸਿੰਘ ਨੀਟਾ, ਸੀਨੀਅਰ ਮੀਤ ਪ੍ਰਧਾਨ ਸੰਦੀਪ ਬਾਂਸਲ, ਮੀਡੀਆ ਸਕੱਤਰ ਮਨੋਹਰ ਸਿੰਘ ਸੱਗੂ, ਜੁਆਇੰਟ ਖਜ਼ਾਨਚੀ ਮੋਹਿਤ ਜਿੰਦਲ, ਜੁਆਇੰਟ ਸਕੱਤਰ ਸੰਜੀਵ ਜੋਨੀ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

> ਚੇਅਰਮੈਨ ਜਗਸੀਰ ਸਿੰਘ ਜੱਗੀ ਢੀਂਡਸਾ ਉਪ-ਚੇਅਰਮੈਨ ਐਡਵੋਕੇਟ ਰਾਜੇਸ਼ਵਰ ਚੌਧਰੀ, ਅਭਿਨਵ ਗੋਇਲ, ਪ੍ਰਧਾਨ ਅਮਨ ਗਰਗ ਅਤੇ ਜਨਰਲ ਸਕੱਤਰ ਹੰਸ ਰਾਜ ਬਜਾਜ ਨੇ ਜਾਣਕਾਰਿ ਦਿੰਦਿਆਂ ਦੱਸਿਆ ਕਿ ਧੂਰੀ ਇੱਕ ਮਹੱਤਵਪੂਰਨ ਰੇਲਵੇ ਜੰਕਸ਼ਨ ਹੈ ਜਿੱਥੋਂ ਦਿੱਲੀ-ਬਠਿੰਡਾ ਅਤੇ ਦਿੱਲੀ-ਅੰਮ੍ਰਿਤਸਰ ਵਾਲੀਆਂ ਟ੍ਰੇਨਾਂ ਲੰਘਦੀਆਂ ਹਨ। ਇੱਥੇ ਸਟੇਟ ਹਾਈਵੇ ਵੀ ਸ਼ਹਿਰ ਰਾਹੀਂ ਗੁਜ਼ਰਦਾ ਹੈ। ਪਹਿਲਾਂ ਧੂਰੀ-ਲੁਧਿਆਣਾ ਅਤੇ ਧੂਰੀ-ਬਠਿੰਡਾ ਰੂਟ 'ਤੇ ਦੋ ਵੱਡੇ ਰੇਲਵੇ ਫਾਟਕ ਸਨ, ਪਰ 2006-07 ਵਿੱਚ ਲਗਭਗ 1.5 ਕਿਲੋਮੀਟਰ ਲੰਬਾ ਰੇਲਵੇ ਓਵਰ ਬ੍ਰਿਜ ਬਣਾਉਣ ਦੌਰਾਨ ਇਹ ਦੋਵੇਂ ਫਾਟਕ ਅਸਥਾਈ ਤੌਰ ਤੇ ਬੰਦ ਕੀਤੇ ਗਏ ਸਨ।

## ਅਗਰਵਾਲ ਸਭਾ ਵੱਲੋਂ ਮਨਾਇਆ ਗਿਆ ਏਕਮ ਦਾ ਤਿਉਹਾਰ




ਸੁਨਾਮ ਉਧਮ ਸਿੰਘ ਵਾਲਾ, 22 ਸਤੰਬਰ (ਮੋਹਣ ਸ਼ਰਮਾ/ ਰਾਓਵਰਿੰਦਰ ਮਠਾੜੂ) ਮਹਾਰਾਜਾ ਅਗਰਸੈਨ ਜਯੰਤੀ ਦੇ ਮੌਕੇ 'ਤੇ, ਅਗਰਵਾਲ ਸਭਾ, ਸੁਨਾਮ ਵੱਲੋਂ ਏਕਮ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਮਹਾਰਾਜਾ ਅਗਰਸੈਨ ਚੌਕ ਵਿਖੇ ਮਹਾਰਾਜਾ ਅਗਰਸੈਨ ਦੀ ਪ੍ਰਤੀਮਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਤੇ ਜਤਿੰਦਰ ਜੈਨ ਦੇ ਪਰਿਵਾਰ ਵੱਲੋਂ ਮਹਾਰਾਜਾ ਅਗਰਸੈਨ ਜੀ ਨੂੰ ਫੁੱਲ ਮਾਲਾ ਭੇਟ ਕੀਤੀ ਅਤੇ ਪੂਜਾ ਅਰਚਨਾ ਕਰਨ ਉਪਰੰਤ ਮਹਾਰਾਜਾ ਅਗਰਸੈਨ ਜੀ ਦੀ ਆਰਤੀ ਕੀਤੀ ਗਈ ਅਤੇ ਪ੍ਰਸ਼ਾਦ ਲਗਾਇਆ ਗਿਆ। ਇਸ ਮੌਕੇ 'ਤੇ ਗੱਲਬਾਤ ਅਗਰਵਾਲ ਸਭਾ ਦੇ ਪ੍ਰਧਾਨ ਵਿਕਰਮ ਗਰਗ ਵਿੱਕੀ ਨੇ ਕਿਹਾ ਕਿ ਅਗਰਵਾਲ ਸਭਾ ਵੱਲੋਂ ਮਹਾਰਾਜਾ ਅਗਰਸੈਨ ਜੀ ਦੀ ਜਯੰਤੀ ਬਹੁਤ ਧੂਮਧਾਮ ਨਾਲ ਮਨਾਏ ਜਾਵੇਗੀ। ਇਸ ਮੌਕੇ ਅਗਰਵਾਲ ਸਭਾ ਦੇ ਕ੍ਰਿਸ਼ਨ ਸਦੋਹਾ, ਰਵੀ ਕਮਲ ਗੋਇਲ, ਹਰੀ ਦੇਵ ਗੋਇਲ, ਹੁਕਮਤ ਰਾਏ, ਮਨਪ੍ਰੀਤ ਬਾਂਸਲ, ਸ਼ਿਵ ਜਿੰਦਲ, , ਅਤੇ ਵੱਡੀ ਗਿੱਣਤੀ ਵਿੱਚ ਅਗਰਵਾਲ ਸਭਾ ਦੇ ਆਗੂ ਅਤੇ ਮੈਂਬਰ ਮੌਜੂਦ ਸਨ।ਇਸ ਮੌਕੇ ਅਗਰਵਾਲ ਸਭਾ ਦੇ ਕ੍ਰਿਸ਼ਨ ਸਦੋਹਾ, ਰਵੀ ਕਮਲ ਗੋਇਲ, ਹਰੀ ਦੇਵ ਗੋਇਲ, ਹੁਕਮਤ ਰਾਏ, ਮਨਪ੍ਰੀਤ ਬਾਸ਼ਲ, ਸ਼ਿਵ ਜਿੰਦਲ, ਅਜੈ ਮਸਤਾਨੀ, ਅਤੇ ਵੱਡੀ ਗਿੱਣਤੀ ਵਿੱਚ ਅਗਰਵਾਲ ਸਭਾ ਦੇ ਆਗੂ ਅਤੇ ਮੈਂਬਰ ਮੌਜੂਦ ਸਨ।

## ਪ੍ਰਧਾਨ ਮੰਤਰੀ ਦੇ ਜਨਮ ਦਿਨ ਮੌਕੇ ਭਾਜਪਾ ਮਹਿਲਾ ਮੋਰਚੇ ਨੇ ਸ੍ਰੀ ਸੁੰਦਰ ਕਾਂਡ ਦਾ ਪਾਠ ਕਰਵਾਇਆ



ਸੰਗਰੂਰ, 22 ਸਤੰਬਰ (ਹਰਕੰਵਲ ਸਿੰਘ ਹੈਪੀ): ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੇ 75ਵੇਂ ਜਨਮ ਦਿਨ ਮੌਕੇ ਜ਼ਿਲ੍ਹਾ ਭਾਜਪਾ ਮਹਿਲਾ ਮੋਰਚਾ ਵੱਲੋਂ ਜ਼ਿਲ੍ਹਾ ਪ੍ਰਧਾਨ ਮੰਜੁਲਾ ਸ਼ਰਮਾ ਦੀ ਰਹਿਨੁਮਾਈ ਹੇਠ ਮੰਦਰ ਸ਼੍ਰੀ ਦਾਦਰੀ ਵਾਲਾ ਸੰਗਰੂਰ ਵਿਖੇ ਸ਼੍ਰੀ ਸੁੰਦਰ ਕਾਂਡ ਦਾ ਪਾਠ ਕਰਵਾਇਆ ਗਿਆ। ਇਸ ਸਮਾਗਮ ਮੌਕੇ ਵੱਡੀ ਗਿਣਤੀ ਵਿੱਚ ਸਥਾਨਕ ਔਰਤਾਂ ਨੇ ਸ਼ਮੂਲੀਅਤ ਕਰਦਿਆਂ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਲੰਬੀ ਉਮਰ ਦੀ ਅਰਦਾਸ ਕੀਤੀ।ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਮੰਜੁਲਾ ਸ਼ਰਮਾ ਨੇ ਕਿਹਾ ਕਿ ਜਿਸ ਤਰ੍ਹਾਂ ਪ੍ਰਧਾਨ ਮੰਤਰੀ ਮੋਦੀ ਪਿਛਲੇ 15 ਸਾਲਾਂ ਤੋਂ ਬਿਨ੍ਹਾਂ ਕਿਸੇ ਰੁਕਾਵਟ ਅਤੇ ਬਿਨ੍ਹਾਂ ਕਿਸੇ ਨਿੱਜੀ ਹਿੱਤ ਤੋਂ ਦੇਸ਼ ਦੀ ਤਰੱਕੀ ਵਿੱਚ ਲੱਗੇ ਹੋਏ ਹਨ ਉਸਦੇ ਨਤੀਜੇ ਵੱਜੋਂ ਅੱਜ ਭਾਰਤ ਦੇਸ਼ ਨਵੀਆਂ ਉਚਾਈਆਂ ਨੂੰ ਛੂਹ ਕੇ ਇੱਕ ਵਿਕਸਤ ਰਾਸ਼ਟਰ ਬਣਨ ਵੱਲ ਵਧ ਰਿਹਾ ਹੈ। ਉਹਨਾਂ ਕਿਹਾ ਕਿ ਦੇਸ਼ ਦੇ ਜ਼ਿੰਮੇਵਾਰ ਨਾਗਰਿਕ ਹੋਣ ਦੇ ਨਾਤੇ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਪ੍ਰਧਾਨ ਮੰਤਰੀ ਦੀ ਲੰਬੀ ਉਮਰ ਲਈ ਅਰਦਾਸ ਕਰੀਏ ਜੋ ਪੂਰੇ ਦੇਸ਼ ਨੂੰ ਆਪਣਾ ਪਰਿਵਾਰ ਮੰਨਦੇ ਹਨ।ਇਸ ਦੌਰਾਨ ਸੰਤੋਸ਼ ਗੁਪਤਾ, ਕਾਂਤਾ ਸ਼ਰਮਾ ਉਪ ਪ੍ਰਧਾਨ, ਪਰਮਜੀਤ ਸ਼ਰਮਾ ਅਤੇ ਰਵੀਦ੍ਰਾ ਕੌਰ ਰੋਨੀ ਸਕੱਤਰ, ਕ੍ਰਿਸ਼ਨਾ, ਰਮਨ ਰਾਮ, ਗਗਨ ਸ਼ਰਮਾ, ਰਿਤੂ ਰਾਣੀ, ਰਮਿੰਦਰ ਕੌਰ ਸਮੇਤ ਵੱਡੀ ਗਿਣਤੀ ਵਿੱਚ ਵਰਕਰਾਂ ਨੇ ਸ਼ਮੂਲੀਅਤ ਕੀਤੀ।

## ਲੋਕ ਚੇਤਨਾ ਮੰਚ ਹੜ੍ਹ ਪੀੜਤਾਂ ਦੀ ਮੱਦਦ ਕਰ ਰਹੀਆਂ ਜਥੇਬੰਦੀਆਂ ਨੂੰ ਸਹਿਯੋਗ ਕਰੇਗਾ

ਲਹਿਰਾਗਾਗਾ, 22 ਸਤੰਬਰ (ਗੁਰਦੀਪ ਸਿੰਘ): ਲੋਕ ਚੇਤਨਾ ਮੰਚ, ਲਹਿਰਾਗਾਗਾ ਵੱਲੋਂ ਪੰਜਾਬ ਦੇ ਹੜ੍ਹ ਪੀੜਤ ਲੋਕਾਂ ਦੀ ਮੱਦਦ ਵਿੱਚ ਜੁਟੀਆਂ ਸਮੂਹ ਜਥੇਬੰਦੀਆਂ ਤੇ ਸੰਸਥਾਵਾਂ ਦਾ ਤਨੋ ਮਨੋਂ ਧਨੋਂ ਸਹਿਯੋਗ ਦੇਣ ਦਾ ਫੈਸਲਾ ਕੀਤਾ ਗਿਆ ਹੈ, ਭਾਵੇਂ ਕਿ ਮੰਚ ਦੇ ਮੈਂਬਰ ਪਹਿਲਾਂ ਹੀ ਆਪੋ-ਆਪਣੇ ਢੰਗ ਨਾਲ ਜਥੇਬੰਦੀਆਂ ਦਾ ਸਾਥ ਦੇ ਰਹੇ ਹਨ। ਜਗਜੀਤ ਭੁਟਾਲ ਦੀ ਪ੍ਰਧਾਨਗੀ ਹੇਠ ਹੋਈ ਮੰਚ ਦੀ ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਮੰਚ ਦੇ ਪ੍ਰੈਸ ਸਕੱਤਰ ਰਣਜੀਤ ਲਹਿਰਾ ਨੇ ਦੱਸਿਆ ਕਿ ਲੋਕ ਚੇਤਨਾ ਮੰਚ 27 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਇਲਾਕੇ ਦੀਆਂ ਸਮੂਹ ਜਨਤਕ ਜਥੇਬੰਦੀਆਂ ਨਾਲ ਸਾਂਝੇ ਰੂਪ ਵਿੱਚ ਮਨਾਵੇਗਾ।

## ਫ਼ਿਲਮ ਖ਼ਿਲਾਫ਼ ਪ੍ਰਗਟਾਇਆ ਇਤਰਾਜ਼, ਕਾਰਵਾਈ ਦੀ ਮੰਗ



ਧੂਰੀ, 22 ਸਤੰਬਰ (ਰਾਜੇਸ਼ਵਰ ਪਿੰਟੂ, ਅਮਨ ਗਰਗ): ਅੱਜ ਕ੍ਰਾਂਤਕਾਰੀ ਲੋਕ ਚੇਤਨਾ ਮੰਚ ਵੱਲੋਂ ਡਿਪਟੀ ਕਮਿਸ਼ਨਰ ਸਾਹਿਬ ਸੰਗਰੂਰ ਅਤੇ .ਐਸ.ਪੀ ਸਾਹਿਬ ਧੂਰੀ ਦੇ ਨਾਮ ਨਾਇਬ ਤਹਿਸੀਲਦਾਰ ਅਤੇ ਥਾਣਾ ਸਦਰ ਧੂਰੀ ਦੇ ਮੁਖੀ ਨੂੰ ਪ੍ਰਧਾਨ ਵਿੱਕੀ ਪਰੋਚਾ ਧੂਰੀ ਅਤੇ ਲੈਫਟੀਨੈਂਟ ਦਰਸ਼ਨ ਸਿੰਘ ਮੀਤ ਪ੍ਰਧਾਨ ਵੱਲੋਂ ਮੰਗ ਪੱਤਰ ਸੌਂਪਦਿਆਂ ਇੱਕ ਚੈਨਲ 'ਤੇ ਮਹਾਰਿਸ਼ੀ ਵਾਲਮੀਕੀ ਫਿਲਮ ਦੀ ਟੇਜਰ ਟਰੇਲਰ ਪ੍ਰੋਮੋ ਦੌਰਾਨ ਭਗਵਾਨ ਵਾਲਮੀਕਿ ਮਹਾਰਾਜ ਜੀ ਬਾਰੇ ਅਪ ਸ਼ਬਦ ਬੋਲਣ 'ਤੇ ਇਤਰਾਜ਼ ਪ੍ਰਗਟ ਕਰਦਿਆਂ ਸਮੁੱਚੀ ਟੀਮ ਖਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ ਗਈ। ਆਗੂਆਂ ਨੇ ਦੱਸਿਆ ਕਿ ਇਸ ਫਿਲਮ ਵਿੱਚ ਭਗਵਾਨ ਵਾਲਮੀਕਿ ਮਹਾਰਾਜ ਜੀ ਦਾ ਰੋਲ ਅਦਾਕਾਰ ਅਕਸ਼ੇ ਕੁਮਾਰ ਕਰ ਰਹੇ ਹਨ। ਭਗਵਾਨ ਵਾਲਮੀਕਿ ਜੀ ਬਾਰੇ ਅਪਸ਼ਬਦ ਬੋਲਣ ਨਾਲ ਪੂਰੇ ਦੇਸ਼ ਅਤੇ ਵਿਦੇਸ਼ਾਂ ਵਿੱਚ ਭਗਵਾਨ ਵਾਲਮੀਕੀ ਜੀ ਦੇ ਮੰਨਣ ਵਾਲਿਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਇਸ ਫਿਲਮ ਨੂੰ ਰਿਲੀਜ਼ ਹੋਣ ਤੋਂ ਰੋਕਿਆ ਜਾਵੇ। ਇਸ ਫਿਲਮ ਦੀ ਸਮੁੱਚੀ ਟੀਮ ਖਿਲਾਫ਼ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਅਤੇ ਐਸ ਸੀ ਐਸ ਟੀ ਐਕਟ ਦਾ ਪਰਚਾ ਤੁਰੰਤ ਦਰਜ ਕਰਕੇ ਕਾਨੂੰਨੀ ਕਾਰਵਾਈ ਕੀਤੀ ਜਾਵੇ ਤਾਂ ਕਿ ਅੱਗੇ ਤੋਂ ਕੋਈ ਅਜਿਹੀ ਜੁਰੱਅਤ ਨਾ ਕਰ ਸਕੇ। ਉਨ੍ਹਾਂ ਕਿਹਾ ਕਿ ਜੇਕਰ ਫ਼ਿਲਮਕਾਰਾਂ ਵਿਰੁੱਧ ਕਾਰਵਾਈ ਨਾ ਕੀਤੀ ਗਈ ਤਾਂ ਸੰਘਰਸ਼ ਦਾ ਰਾਹ ਅਖ਼ਤਿਆਰ ਕੀਤਾ ਜਾਵੇਗਾ। ਇਸ ਮੌਕੇ ਮਾਸਟਰ ਕਰਮਜੀਤ ਸਿੰਘ, ਅਜੇ ਕੁਮਾਰ ਐਮ ਸੀ, ਅਸ਼ਵਨੀ ਧੀਰ ਐਮ ਸੀ, ਨਰਪਿੰਦਰਸਿੰਘ ਗੋਰਾ, ਅਸ਼ਵਨੀ ਮਿੱਠੂ, ਹਰੀ ਕਿਸ਼ਨ ਮਨੀ, ਮਲਕੀਤ ਸਿੰਘ ਮਾਧੋ ਐਕਸ ਐਮ ਸੀ,ਸਰਵਪਿਆ ਅਤਰੀ, ਯੋਗੇਸ਼ ਕੁਮਾਰ,ਐਡਵੋਕੇਟ ਰਜਨੀਸ਼ ਧੀਰ, ਆਰੀਆ ਸਮਾਜ ਦੇ ਆਗੂ, ਰਾਮਗੜੀਆ ਸਮਾਜ ਦੇ ਆਗੂ, ਵਿੱਕੀ,ਮਨੀ,ਸੱਤੀ ਅਤੇ ਹੋਰ ਮੈਂਬਰ ਹਾਜ਼ਰ ਸਨ।

## ਗੁਰੂਕੁਲ ਕਾਨਵੈਂਟ ਹਾਈ ਸਕੂਲ ਦੇ ਵਿਦਿਆਰਥੀਆਂ ਨੇ ਜ਼ੋਨ ਪੱਧਰੀ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਦਾ ਨਾਮ ਕੀਤਾ ਰੌਸ਼ਨ



ਬਰੇਟਾ, 22 ਸਤੰਬਰ (ਵਿਨੋਦ ਸਿੰਗਲਾ):ਮਾਨਯੋਗ ਚੇਅਰਮੈਨ ਭੁਪਿੰਦਰ ਸਿੰਘ ਅਤੇ ਸਤਿਕਾਰਯੋਗ ਪ੍ਰਿੰਸੀਪਲ ਆਸ਼ਾ ਰਾਣੀ ਨੇ ਖੇਡਾਂ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਉੱਤਮ ਪ੍ਰਦਰਸ਼ਨ ਲਈ ਵਧਾਈ ਦਿੱਤੀ। ਵਿਦਿਆਰਥੀਆਂ ਨੇ ਹਰ ਖੇਡ ਵਿੱਚ ਸ਼ਾਨਦਾਰ ਜਿੱਤ ਹਾਸਲ ਕਰਕੇ ਆਪਣੀ ਮਹਨਤ, ਟੀਮ ਵਰਕ ਅਤੇ ਖੇਡਾ-ਕੁਸ਼ਲਤਾ ਦਾ ਪਰਚਮ ਲਹਿਰਾਇਆ।ਸਾਨੂੰ ਇਹ ਐਲਾਨ ਕਰਦੇ ਹੋਏ ਮਾਣ ਹੈ ਕਿ ਗੁਰੂਕੁਲ ਕਾਨਵੈਂਟ ਹਾਈ ਸਕੂਲ ਦੇ ਵਿਦਿਆਰਥੀਆਂ ਨੇ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਦਾ ਮਾਣ ਵਧਾਇਆ ਹੈ। ਗੁਰੂਕੁਲ ਕਾਨਵੈਂਟ ਹਾਈ ਸਕੂਲ ਦੇ ਵਿਦਿਆਰਥੀਆਂ ਨੇ ਫਿਰ ਸਾਬਤ ਕਰ ਦਿੱਤਾ ਕਿ ਉਹ ਖੇਡਾਂ ਅਤੇ ਟੀਮ ਵਰਕ ਵਿੱਚ ਲਾਜਵਾਬ ਹਨ। ਨੌਜਵਾਨ ਖਿਡਾਰੀਆਂ ਨੇ ਸ਼ਾਨਦਾਰ ਸਮਰਪਣ, ਜੋਸ਼ ਅਤੇ ਜਜ਼ਬੇ ਨਾਲ ਮੁਕਾਬਲਾ ਕਰਕੇ ਕਈ ਇਵੈਂਟਸ ਵਿੱਚ ਉੱਚੇ ਸਥਾਨ ਹਾਸਲ ਕੀਤੇ ਅਤੇ ਸਕੂਲ ਦਾ ਸਿਰ ਮਾਣ ਨਾਲ ਉੱਚਾ ਕੀਤਾ।ਅੱਗੇ ਰਹੇ ਦੀਪੀਂਦਰ ਕੌਰ ਅਤੇ ਤਨਵੀਰ ਕੌਰ ਜਿਨ੍ਹਾਂ ਨੇ ਪਹਿਲਾ ਸਥਾਨ ਹਾਸਲ ਕਰਕੇ ਸਭ ਦਾ ਦਿਲ ਜਿੱਤ ਲਿਆ। ਉਨ੍ਹਾਂ ਦੀ ਮਹਨਤ ਅਤੇ ਕੋਆਰਡੀਨੇਸ਼ਨ ਨੇ ਗੁਰੂਕੁਲ ਦੀ ਕਾਮਯਾਬੀ ਦੀ ਸ਼ੁਰੂਆਤ ਕੀਤੀ।ਇਸ ਤੋਂ ਥੋੜ੍ਹਾ ਪਿੱਛੇ ਪਰਵਾਨ ਸਿੰਘ ਅਤੇ ਗੁਰਨੂਰ ਸਿੰਘ ਨੇ ਦੂਜਾ ਸਥਾਨ ›ਘ8ਜ ਹਾਸਲ ਕਰਕੇ ਆਪਣੀ ਤਾਕਤ, ਸੰਤੁਲਨ ਅਤੇ ਖੇਡਾ-ਭਾਵਨਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਨ੍ਹਾਂ ਦੀ ਟੀਮ ਵਰਕ ਨੂੰ ਦਰਸ਼ਕਾਂ ਵੱਲੋਂ ਜੋਸ਼ ਭਰੀਆਂ ਤਾਲੀਆਂ ਮਿਲੀਆਂ। ਰਵਿਆ, ਗੁਰਨੂਰ ਕੌਰ ਅਤੇ ਰਮਨਦੀਪ ਕੌਰ ਨੇ ਵੀ ਦੂਜਾ ਸਥਾਨ ਹਾਸਲ ਕਰਕੇ ਗੁਰੂਕੁਲ ਦੀਆਂ ਸਫਲਤਾਵਾਂ ਵਿੱਚ ਵਾਧਾ ਕੀਤਾ।ਤੀਜੇ ਸਥਾਨ ਲਈ ਵੀ ਮੁਕਾਬਲਾ ਕਾਫ਼ੀ ਕਠਿਨ ਸੀ, ਪਰ ਗੁਰੂਕੁਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਜਸੀਮੀਨ ਕੌਰ, ਨਵਰੀਤ ਕੌਰ ਅਤੇ ਅਵਨੀਤ ਕੌਰ ਨੇ ਸ਼ਰਨਪ੍ਰੀਤ ਨਾਲ ਮਿਲ ਕੇ ਬ੍ਰਾਂਜ਼ ਮੈਡਲ ਜਿੱਤਿਆ। ਇਸੇ ਤਰ੍ਹਾਂ ਗੁਰਵੀਰ ਸਿੰਘ, ਨਕਸ਼ ਸਿੰਗਲਾ ਅਤੇ ਸ਼ਰਗੁਨ ਸਿੰਘ ਨੇ ਵੀ ਤੀਜਾ ਸਥਾਨ ਹਾਸਲ ਕੀਤਾ।ਸਟਾਰ ਪ੍ਰਦਰਸ਼ਨਕਾਰੀ ਸਾਹਿਲਪ੍ਰੀਤ ਸਿੰਘ ਅਤੇ ਮਨਜਿੰਦਰ ਸਿੰਘ ਨੇ ਆਪਣੇ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਉਨ੍ਹਾਂ ਦੀ ਗਤੀ, ਤਾਕਤ ਅਤੇ ਜਜ਼ਬੇ ਨੇ ਸਭ ਦਾ ਦਿਲ ਜਿੱਤ ਲਿਆ। ਇਹ ਦੋਵੇਂ ਖਿਡਾਰੀ ਆਪਣੇ ਸਾਥੀਆਂ ਲਈ ਅਨੁਸ਼ਾਸਨ ਅਤੇ ਮਹਨਤ ਦੀ ਮਿਸਾਲ ਬਣੇ ਹਨ।ਗੁਰਲੀਨ ਸਿੰਘ ਨੇ ਵੀ ਸ਼ਾਨਦਾਰ ਖੇਡ ਦਿਖਾ ਕੇ ਦੂਜਾ ਸਥਾਨ ਹਾਸਲ ਕੀਤਾ। ਉਸਦੀ ਲਗਨ ਅਤੇ ਨਿਰੰਤਰ ਪ੍ਰਦਰਸ਼ਨ ਨੇ ਗੁਰੂਕੁਲ ਦਾ ਮਾਣ ਹੋਰ ਵਧਾਇਆ।

## ਧੂਰੀ ਪੁਲਿਸ ਨੇ ਮੁਜ਼ਰਮਾਂ 'ਤੇ ਕਸਿਆ ਸ਼ਿਕੰਜਾ

ਧੂਰੀ, 22 ਸਤੰਬਰ (ਰਾਜੇਸ਼ਵਰ ਪਿੰਟੂ, ਅਮਨ ਗਰਗ): ਉੱਪ ਕਪਤਾਨ ਪੁਲਿਸ ਧੂਰੀ ਦਮਨ ਬੀਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿਲ੍ਹਾ ਪੁਲਿਸ ਮੁਖੀ ਸੰਗਰੂਰ ਸਰਤਾਜ ਸਿੰਘ ਚਹਿਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਨਸ਼ੇ ਦਾ ਖਾਤਮਾ ਕਰਨ ਲਈ ਯੁੱਧ ਨਸਿਆ ਵਿਰੁੱਧ ਮੁਹਿੰਮ ਦੌਰਾਨ ਨਸ਼ਾ ਤਸਕਰੀ ਕਰਨ ਵਾਲੇ ਸਮੱਗਲਰਾਂ ਖਿਲਾਫ ਕਾਨੂੰਨੀ ਕਾਰਵਾਈ ਕਰਦੇ ਹੋਏ ਸਬ ਡਵੀਜਨ ਧੂਰੀ ਦੇ ਥਾਣਾ ਸਦਰ ਧੂਰੀ, ਸਿਟੀ ਧੂਰੀ ਅਤੇ ਥਾਣਾ ਸੇਰਪੁਰ ਦੇ ਏਰੀਆ ਵਿਚ ਸਮੱਗਲਰਾਂ ਵਿਰੁੱਧ ਐਨ.ਡੀ.ਪੀ.ਐਸ ਅਤੇ ਆਬਕਾਰੀ ਐਕਟ ਤਹਿਤ ਮਿਤੀ 15 ਸਤੰਬਰ ਤੋਂ 21 ਸਤੰਬਰ ਤੱਕ ਇੱਕ ਹਫਤੇ ਦੌਰਾਨ 4 ਮੁਕੱਦਮੇ ਦਰਜ ਕਰਕੇ 05 ਦੋਸ਼ੀਆਨ ਨੂੰ ਕਾਬੂ ਕਰਕੇ ਇਹਨਾ ਪਾਸੋ 11.99 ਗ੍ਰਾਮ ਚਿੱਟਾ/ਹੈਰੋਇਨ, 60 ਨਸੀਲੀਆ ਗੋਲੀਆ, ਅਤੇ 198 ਬੋਤਲਾ ਸਰਾਬ ਠੇਕਾ ਦੇਸੀ ਬ੍ਰਾਮਦ ਕਰਵਾਏ ਗਏ ਹਨ।ਇਸ ਤੋਂ ਇਲਾਵਾ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਕਰਨ ਵਾਲੇ ਗੈਂਗ ਅਤੇ ਦੋ ਨੰਬਰ ਵਿੱਚ ਪਟਾਖੇ ਬਣਾਉਣ ਵਾਲੇ ਵਿਅਕਤੀ ਨੂੰ ਕਾਬੂ ਕਰਕੇ ਮੁਕਦਮੇ ਦਰਜ ਕੀਤੇ ਗਏ ਹਨ। ਸ਼ਹਿਰ ਧੂਰੀ ਅੰਦਰ ਲਗਾਤਾਰ ਦਿਨ ਰਾਤ ਨਾਕਾ ਬੰਦੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਨਸ਼ਾ ਤਸਕਰੀ ਦਾ ਧੰਦਾ ਕਰਨ ਵਾਲੇ ਵਿਅਕਤੀਆਂ ਖਿਲਾਫ ਜੰਗੀ ਪੱਧਰ 'ਤੇ ਕਾਰਵਾਈ ਜਾਰੀ ਹੈ।ਉਨ੍ਹਾਂ ਦੱਸਿਆ ਕਿ ਯੁੱਧ ਨਸਿਆ ਵਿਰੁਧ ਮੁਹਿੰਮ ਦੌਰਾਨ ਪਿੰਡ/ਮੁਹੱਲਾ ਪੱਧਰ ਅਤੇ ਮੋਹਤਬਰ ਪੁਰਸਾ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਨਸ਼ਾ ਕਰਨ ਵਾਲੇ ਵਿਅਕਤੀਆ ਦੀ ਪਛਾਣ ਕਰਕੇ ਉਹਨਾ ਦੀ ਸਨਾਖਤ ਨੂੰ ਗੁਪਤ ਰੱਖਦੇ ਹੋਏ ਉਹਨਾ ਨੂੰ ਨਸ਼ੇ ਦੀ ਦਲਦਲ ਵਿਚੋ ਬਾਹਰ ਕੱਢਣ ਲਈ ਇਸ ਹਫਤੇ ਦੌਰਾਨ 11 ਵਿਅਕਤੀਆਂ ਦੀ ਰਜਿਸਟਰੇਸ਼ਨ ਕਰਵਾ ਕੇ ਇਲਾਜ ਕਰਵਾਇਆ ਗਿਆ ਹੈ। ਸਬ ਡਵੀਜਨ ਧੂਰੀ ਦੇ ਏਰੀਆ ਵਿਚ ਨਸ਼ਾ ਤਸਕਰੀ ਕਰਨ ਵਾਲੇ ਸਮੱਗਲਰਾ ਵੱਲੋਂ ਨਸ਼ਾ ਵੇਚ ਕੇ ਜੋ ਗੈਰ ਕਾਨੂੰਨੀ ਢੰਗ ਨਾਲ ਬਣਾਈ ਜਮੀਨ ਜਾਇਦਾਦ ਬਾਰੇ ਜਾਂਚ ਪੜਤਾਲ ਜਾਰੀ ਹੈ। ਇਹ ਮੁਹਿੰਮ ਭਵਿੱਖ ਵਿਚ ਵੀ ਲਗਾਤਾਰ ਜਾਰੀ ਰੱਖੀ ਜਾ ਰਹੀ ਹੈ। ਪੰਜਾਬ ਪੁਲਿਸ ਲੋਕਾ ਦੀ ਸੇਵਾ ਅਤੇ ਪੰਜਾਬ ਨੂੰ ਨਸ਼ਾ ਮੁਕਤ ਕਰਵਾਉਣ ਲਈ ਚਲਾਈ ਜਾ ਰਹੀ ਮੁਹਿੰਮ ਨੂੰ ਕਾਮਯਾਬ ਕਰਨ ਲਈ ਦਿਨ-ਰਾਤ ਸਖਤ ਮਿਹਨਤ ਕਰ ਰਹੀ ਹੈ।

## ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਦੀ ਸੁਸਤੀ ਕਾਰਨ ਫੈਲੀਆਂ ਬਿਮਾਰੀਆਂ : ਵਿਨਰਜੀਤ ਗੋਲਡੀ



ਸੁਨਾਮ ਉਧਮ ਸਿੰਘ ਵਾਲਾ, 22 ਸਤੰਬਰ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ):ਸੁਨਾਮ ਖੇਤਰ ਵਿੱਚ ਡੇਂਗੂ ਅਤੇ ਚਿਕਨਗੁਨੀਆ ਵਰਗੀਆਂ ਬਿਮਾਰੀਆਂ ਕਾਰਨ ਸਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਬਣੇ ਡਰ ਦੇ ਮਾਹੌਲ ਦੇ ਮੱਦੇਨਜ਼ਰ ਗੱਲਬਾਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਸੁਨਾਮ ਦੇ ਇੰਚਾਰਜ ਵਿਨਰਜੀਤ ਸਿੰਘ ਖੜਿਆਲ ਨੇ ਕਿਹਾ ਬਿਮਾਰੀਆਂ ਦੇ ਇਸ ਪੱਧਰ ਤੇ ਫੈਲਣ ਵਿੱਚ ਜਿੱਥੇ ਪਿਛਲੇ ਮਹੀਨੇ ਦਾ ਬਰਸਾਤੀ ਮੌਸਮ ਕਾਰਨ ਹੈ ਉਥੇ ਪੰਜਾਬ ਸਰਕਾਰ ਦੇ ਸਿਹਤ ਵਿਭਾਗ ਦੀ ਨਲਾਇਕੀ ਵੀ ਮੁੱਖ ਦੋਸ਼ੀ ਹੈ ਉਹਨਾਂ ਕਿਹਾ ਕਿ ਮੁੱਖ ਮੰਤਰੀ ਦਾ ਆਪਣੇ ਪਿੰਡਾਂ ਦਾ ਖੇਤਰ ਹੈ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਦਾ ਸ਼ਹਿਰ ਹੈ। ਏਥੇ ਸਿਹਤ ਵਿਭਾਗ ਨੇ ਸਮਾਂ ਰਹਿੰਦੀਆਂ ਕਿਉਂ ਨਹੀਂ ਇਨ੍ਹਾਂ ਬਿਮਾਰੀਆਂ ਦੇ ਅਗਾਂਉ ਪ੍ਰਬੰਧ ਕੀਤੇ,ਜ਼ਿਕਰਯੋਗ ਹੈ ਕਿ ਸਿਹਤ ਵਿਭਾਗ ਦੇ ਅੰਕੜਿਆਂ ਅਨੁਸਾਰ ਪਿਛਲੇ ਕੁਝ ਹਫ਼ਤਿਆਂ ਵਿੱਚ ਡੇਂਗੂ ਅਤੇ ਚਿਕਨਗੁਨੀਆ ਦੇ ਮਾਮਲੇ ਵਧੇ ਹਨ ਜਿਸ ਕਾਰਨ ਹਸਪਤਾਲਾਂ ਵਿੱਚ ਭਰਤੀ ਹੋਣ ਵਾਲਿਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ।ਪਿਛਲੇ ਮਹੀਨੇ ਤੋਂ ਡੇਂਗੂ ਅਤੇ ਚਿਕਨਗੁਨੀਆ ਦੇ ਮਾਮਲੇ ਤੇਜ਼ੀ ਨਾਲ ਵਧੇ ਹਨ, ਜਿਸ ਕਾਰਨ ਲੋਕ ਬੁਖਾਰ, ਸਰੀਰ ਵਿੱਚ ਦਰਦ, ਜੋੜਾਂ ਦੀ ਸੋਜ ਅਤੇ ਕਮਜ਼ੋਰੀ ਤੋਂ ਪੀੜਤ ਹਨ। ਇਨ੍ਹਾਂ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ ਦੇ ਇਲਾਜ ਲਈ ਜ਼ਿਲ੍ਹਾ ਹਸਪਤਾਲਾਂ ਵਿੱਚ ਇੱਕ ਵਿਸ਼ੇਸ਼ ਵਿਭਾਗ ਸਥਾਪਤ ਕੀਤਾ ਗਿਆ ਹੈ। ਡਾਕਟਰਾਂ ਅਨੁਸਾਰ, ਇਹ ਬਿਮਾਰੀਆਂ ਮੱਛਰਾਂ ਦੇ ਕੱਟਣ ਨਾਲ ਫੈਲਦੀਆਂ ਹਨ, ਅਤੇ ਮੱਛਰਾਂ ਦੀ ਪੈਦਾਵਾਰ ਖਾਸ ਤੌਰ 'ਤੇ ਗੰਦੇ ਪਾਣੀ ਅਤੇ ਪਾਣੀ ਭਰਨ ਵਾਲੇ ਖੇਤਰਾਂ ਵਿੱਚ ਪ੍ਰਚਲਿਤ ਹੈ।ਸਿਹਤ ਵਿਭਾਗ ਨੇ ਖੇਤਰੀ ਅਧਿਕਾਰੀਆਂ ਨੂੰ ਮੱਛਰਾਂ ਤੋਂ ਹੋਣ ਵਾਲੀਆਂ ਬਿਮਾਰੀਆਂ ਨੂੰ ਰੋਕਣ ਲਈ ਤੁਰੰਤ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ ਹਨ। ਵਿਭਾਗ ਦੀ ਟੀਮ ਨੇ ਸੁਨਾਮ ਦੇ ਵੱਖ-ਵੱਖ ਖੇਤਰਾਂ ਵਿੱਚ ਮੱਛਰਦਾਨੀ ਵੰਡਣੀ, ਮੱਛਰ ਦੇ ਆਂਡੇ ਨਸ਼ਟ ਕਰਨ ਅਤੇ ਪਾਣੀ ਭਰੇ ਖੇਤਰਾਂ ਦੀ ਸਫਾਈ ਸ਼ੁਰੂ ਕਰ ਦਿੱਤੀ ਹੈ। ਇਸ ਤੋਂ ਇਲਾਵਾ, ਨਾਗਰਿਕਾਂ ਨੂੰ ਆਪਣੇ ਘਰਾਂ ਅਤੇ ਆਲੇ ਦੁਆਲੇ ਦੇ ਖੇਤਰਾਂ ਨੂੰ ਸਾਫ਼ ਰੱਖਣ ਅਤੇ ਮੱਛਰਾਂ ਦੇ ਕੱਟਣ ਤੋਂ ਬਚਣ ਲਈ ਮੱਛਰਦਾਨੀ ਦੀ ਵਰਤੋਂ ਕਰਨ ਦੀ ਅਪੀਲ ਕੀਤੀ ਗਈ ਹੈ।

## ਕਾਂਗਰਸ ਇਕਜੁੱਟ ਹੋ ਜਾਵੇ ਤਾਂ 2027 ਵਿੱਚ ਸਰਕਾਰ ਬਣਾਵੇਗੀ : ਸੰਧੂ ਸ਼ੇਰਗੜ੍ਹ



ਅਰਨੋ, 22 ਸਤੰਬਰ (ਕਰਮਬੀਰ ਸਿੰਘ):ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸੈਕਟਰੀ ਕਿਸਾਨ ਸ.ਹਰਭਜਨ ਸਿੰਘ ਸੰਧੂ ਸ਼ੇਰਗੜ੍ਹ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਜੇ ਨੈਤਿਕ ਕਦਰਾਂ ਨੂੰ ਬਹਾਲ ਰੱਖਦੇ ਹੋਏ ਕਾਂਗਰਸੀ ਇਕਜੁਟ ਹੋ ਜਾਣ ਤਾਂ 2027 'ਚ ਪੰਜਾਬ ਅੰਦਰ ਕਾਂਗਰਸ ਦੀ ਹੀ ਸਰਕਾਰ ਬਣੇਗੀ। ਉਨ੍ਹਾਂ ਕਿਹਾ ਕਿ ਲੋਕ ਜਾਣ ਗਏ ਹਨ ਕਿ ਦੇਸ਼ ਦੇ ਸਰਵਪੱਖੀ ਵਿਕਾਸ ਲਈ ਕਾਂਗਰਸ ਹੀ ਇਕੋ-ਇਕ ਅਜਿਹੀ ਪਾਰਟੀ ਹੈ, ਜੋ ਧਰਮ ਨਿਰਪੱਖ ਹੋਣ ਦੇ ਨਾਲ-ਨਾਲ ਸਮਾਜ ਦੇ ਹਰੇਕ ਵਰਗ ਨੂੰ ਨਾਲ ਲੈ ਕੇ ਚਲਦੀ ਹੈ ਅਤੇ ਦੇਸ਼ ਨੂੰ ਤਰੱਕੀ ਦੇ ਰਾਹ 'ਤੇ ਲੈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦੀ ਸਰਕਾਰ ਬਣਾਉਣ ਲਈ ਪੰਜਾਬ ਕਾਂਗਰਸ ਅਸਲ ਵਿਚ ਇਕਮੁੱਠ ਹੋਵੇ ਤਾਂ ਹੀ ਪੰਜਾਬ ਦਾ ਸਰਵ ਪੱਖੀ ਵਿਕਾਸ ਹੋ ਸਕੇਗਾ। ਸੰਧੂ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਕਾਂਗਰਸ ਪਾਰਟੀ ਵੱਲੋਂ ਹਾਸ਼ੀਏ'ਤੇ ਧੱਕੇ ਗਏ ਟਕਸਾਲੀ ਕਾਂਗਰਸੀ ਵਰਕਰਾਂ ਅਤੇ ਆਗੂਆਂ ਨੂੰ ਇਕ ਪਲੇਟਫਾਰਮ ਤੇ ਇਕੱਠੇ ਕਰਨ ਲਈ ਦਿੱਲੀ ਹਾਈ ਕਮਾਨ ਨਿਰੰਤਰ ਯਤਨਸ਼ੀਲ ਹੈ। ਉਨ੍ਹਾਂ ਕਾਂਗਰਸੀ ਆਗੂਆਂ ਅਤੇ ਵਰਕਰਾਂ ਨੂੰ ਪੁਰਜ਼ੋਰ ਸ਼ਬਦਾਂ 'ਚ ਅਪੀਲ ਕੀਤੀ ਕਿ ਉਹ 2027 ਦੀਆਂ ਚੋਣਾਂ ਵਿਚ ਪੰਜਾਬ 'ਚ ਕਾਂਗਰਸ ਦੀ ਸਰਕਾਰ ਬਣਾਉਣ ਲਈ ਆਪਸੀ ਮੱਤਭੇਦ, ਗਿਲੇ ਸ਼ਿਕਵੇ ਅਤੇ ਧੜ੍ਹੇਬੰਦੀ ਨੂੰ ਭੁਲਾ ਕੇ ਇਕ ਮੰਚ 'ਤੇ ਇਕੱਠੇ ਹੋ ਜਾਣ ਅਤੇ ਕਾਂਗਰਸ ਹਾਈ ਕਮਾਨ ਦੇ ਝੰਡੇ ਹੇਠ ਇਕਜੁਟਤਾ ਦਾ ਪ੍ਰਮਾਣ ਦੇਣ।

## ਸੀ.ਐਮ.ਐਸ. ਗੁਰੂ ਕਾਸ਼ੀ ਪਬਲਿਕ ਸਕੂਲ ਦੇ ਖਿਡਾਰੀਆਂ ਨੇ ਮਾਰੀਆਂ ਮੱਲਾਂ



ਭਗਤਾ ਭਾਈ ਕਾ, 22ਸਤੰਬਰ (ਸਵਰਨ ਸਿੰਘ ਭਗਤਾ):ਸੀ.ਐਮ.ਐਸ ਗੁਰੂ ਕਾਸ਼ੀ ਪਬਲਿਕ ਸਕੂਲ ਭਗਤਾ ਭਾਈਕਾ ਦੇ ਵਿਦਿਆਰਥੀਆਂ ਨੇ ਪੰਜਾਬ ਖੇਡ ਵਿਭਾਗ ਵੱਲੋਂ ਕਰਵਾਈਆਂ 69ਵੀਆਂ ਅੰਤਰ ਜ਼ੋਨ ਅਤੇ ਜ਼ਿਲ੍ਹਾ ਪੱਧਰੀ ਸਕੂਲ ਖੇਡਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਸਕੂਲ ਦੇ ਪ੍ਰਿੰਸੀਪਲ ਰਮਨ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰੂ ਕਾਸ਼ੀ ਪਬਲਿਕ ਸਕੂਲ ਦੇ ਖਿਡਾਰੀਆਂ ਨੇ ਮੱਲਾਂ ਮਾਰਦਿਆਂ ਭਗਤਾ ਜ਼ੋਨ ਵਿੱਚੋਂ ਕੁਸ਼ਤੀ ਮੁਕਾਬਲੇ ਅੰਡਰ 14 ਸਾਲ ਅੰਡਰ 17 ਸਾਲ ਅਤੇ ਅੰਡਰ 19 ਸਾਲ ਵਿੱਚੋਂ ਪਹਿਲਾ ਸਥਾਨ ਹਾਸਲ ਕਰਕੇ ਗੋਲਡ ਮੈਡਲ ਪ੍ਰਾਪਤ ਕੀਤਾ ਹੈਂਡਬਾਲ ਦੇ ਖਿਡਾਰੀਆਂ ਨੇ ਅੰਡਰ 14 ਸਾਲ ਅੰਡਰ 17 ਸਾਲ ਅਤੇ ਅੰਡਰ 19 ਸਾਲ ਵਿੱਚੋਂ ਦੂਜਾ ਸਥਾਨ ਹਾਸਲ ਕਰਕੇ ਸਿਲਵਰ ਮੈਡਲ ਪ੍ਰਾਪਤ ਕੀਤਾ ਬੈਡਮਿੰਟਨ ਅੰਡਰ 14 ਸਾਲ ਅੰਡਰ 19 ਸਾਲ ਲੜਕਿਆਂ ਨੇ ਦੂਜਾ ਸਥਾਨ ਹਾਸਲ ਕਰਕੇ ਸਿਲਵਰ ਮੈਡਲ ਇਸੇ ਤਰਾਂ ਸ਼ਤਰੰਜ ਅੰਡਰ 14 ਸਾਲ ਅਤੇ 19 ਸਾਲ ਲੜਕੀਆਂ ਨੇ ਦੂਜਾ ਸਥਾਨ ਹਾਸਲ ਕਰਕੇ ਸਿਲਵਰ ਮੈਡਲ ਪ੍ਰਾਪਤ ਕੀਤਾ ਇਸ ਤੋਂ ਬਾਅਦ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਸਕੂਲ ਦੀਆਂ ਹਾਕੀ ਦੀਆਂ ਟੀਮਾਂ ਅੰਡਰ 14 ਸਾਲ ਲੜਕਿਆਂ ਨੇ ਪਹਿਲਾ ਸਥਾਨ ਗੋਲਡ ਮੈਡਲ ਅੰਡਰ 17 ਸਾਲ ਲੜਕੀਆਂ ਨੇ ਤੀਜਾ ਸਥਾਨ ਬਰਾਊਨ ਮੈਡਲ ਅੰਡਰ 14 ਸਾਲ ਲੜਕਿਆਂ ਨੇ ਦੂਜਾ ਸਥਾਨ ਸਿਲਵਰ ਮੈਡਲ ਅਤੇ ਅੰਡਰ 17 ਸਾਲ ਲੜਕਿਆਂ ਨੇ ਦੂਜਾ ਸਥਾਨ ਹਾਸਲ ਕਰਕੇ ਸਿਲਵਰ ਮੈਡਲ ਪ੍ਰਾਪਤ ਕੀਤਾ ਸਕੂਲ ਦੇ ਹੈਂਡਬਾਲ ਖਿਡਾਰੀਆਂ ਨੇ ਅੰਡਰ 14 ਸਾਲ ਅਤੇ ਅੰਡਰ 19 ਲੜਕਿਆਂ ਨੇ ਤੀਜਾ ਸਥਾਨ ਹਾਸਿਲ ਕਰਕੇ ਬਰਾਊਨ ਮੈਡਲ ਪ੍ਰਾਪਤ ਕੀਤਾ। ਕੁਸ਼ਤੀ ਫਰੀ ਸਟਾਈਲ ਤੇ ਗਰੀਕੋ ਰੋਮਨ ਭਾਰ 55 ਕਿਲੋ ਵਿੱਚੋਂ ਕੇਸ਼ਵ ਸਿੰਘ ਪਹਿਲਾ ਸਥਾਨ ਗੋਲਡ ਮੈਡਲ, ਗੁਰਸ਼ਾਨ ਸਿੰਘ ਭਾਰ 48 ਕਿਲੋ ਦੂਜਾ ਸਥਾਨ ਸਿਲਵਰ ਮੈਡਲ ਮੰਨਤ ਮੁਨਤਾਜ ਭਾਰ 61 ਕਿਲੋ ਨੇ ਤੀਜਾ ਸਥਾਨ ਬਰਾਊਨ ਮੈਡਲ ਇਸੇ ਤਰ੍ਹਾਂ ਤੀਰਅੰਦਾਜ਼ੀ ਮੁਕਾਬਲੇ ਵਿੱਚੋਂ ਗੁਰਸ਼ਰਨ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕਰਕੇ ਬਰਾਊਨ ਮੈਡਲ ਹਾਸਲ ਕਰਕੇ ਆਪਣਾ ਅਤੇ ਆਪਣੇ ਮਾਤਾ -ਪਿਤਾ ਦਾ ਨਾਮ ਰੋਸ਼ਨ ਕੀਤਾ ਸਕੂਲ ਦੇ ਚੇਅਰਮੈਨ ਖੁਸ਼ਵੰਤ ਸਿੰਘ ਨੇ ਜੇਤੂ ਖਿਡਾਰੀਆਂ ਨੂੰ ਵਧਾਈ ਦਿੱਤੀ ਅਤੇ ਅੱਗੇ ਤੋਂ ਹੋਰ ਮਿਹਨਤ ਕਰਨ ਲਈ ਪ੍ਰੇਰਤ ਕੀਤਾ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਜੈ ਸਿੰਘ ਨੇ ਖਿਡਾਰੀਆਂ ਦੀ ਕਾਰਗੁਜ਼ਾਰੀ ਤੇ ਤਸੱਲੀ ਪ੍ਰਗਟਾਈ ਅਤੇ ਕਿਹਾ ਕਿ ਸਕੂਲ ਦੇ ਖਿਡਾਰੀਆਂ ਨੂੰ ਖੇਡਾਂ ਨਾਲ ਸੰਬੰਧਤ ਕਿਸੇ ਪ੍ਰਕਾਰ ਦੀ ਸਹੂਲਤ ਦੀ ਘਾਟ ਮਹਿਸੂਸ ਨਹੀਂ ਹੋਣ ਦਿੱਤੀ ਜਾਵੇਗੀ ਸਕੂਲ ਦੇ ਪ੍ਰਿੰਸੀਪਲ ਰਮਨ ਕੁਮਾਰ ਨੇ ਖਿਡਾਰੀਆਂ ਨੂੰ ਖੇਡਾਂ ਦੇ ਨਾਲ ਨਾਲ ਪੜ੍ਹਾਈ ਵੱਲ ਵੀ ਵਿਸ਼ੇਸ਼ ਧਿਆਨ ਦੇਣ ਲਈ ਆਖਿਆ ਨਾਲ ਹੀ ਉਹਨਾਂ ਸਕੂਲ ਦੇ ਸਰੀਰਕ ਸਿੱਖਿਆ ਅਧਿਆਪਕ ਸੁਰਜੀਤ ਸਿੰਘ, ਅੰਮ੍ਰਿਤਪਾਲ ਕੌਰ ਅਤੇ ਕੋਚ ਸਾਹਿਬਾਨ ਭੁਪਿੰਦਰ ਸਿੰਘ ਅਤੇ ਨਵਜੋਤ ਕੌਰ ਦੀ ਹੌਸਲਾ ਅਫ਼ਜ਼ਾਈ ਕੀਤੀ।

## ਵਿਵੇਕ ਚੈਰੀਟੇਬਲ ਅੱਖਾਂ ਦਾ ਹਸਪਤਾਲ ਜਲਾਲ ਲੋਕਾਂ ਲਈ ਇੱਕ ਚਾਨਣ ਮੁਨਾਰਾ : ਸੰਤ ਸੀਚੇਵਾਲ



ਭਗਤਾ ਭਾਈ ਕਾ, 22ਸਤੰਬਰ (ਸਵਰਨ ਸਿੰਘ ਭਗਤਾ):ਸਥਾਨਕ ਸ਼ਹਿਰ ਦੇ ਨੇੜਲੇ ਪਿੰਡ ਜਲਾਲ ਵਿਖੇ ਬ੍ਰਹਮਲੀਨ ਸੰਤ ਬਾਬਾ ਕਰਨੈਲ ਦਾਸ ਦੇ ਅਸ਼ੀਰਵਾਦ ਨਾਲ ਮੌਜੂਦਾ ਗੱਦੀ ਨਸ਼ੀਨ ਸ਼੍ਰੀ ਮਾਨ ਸੁਆਮੀ ਬ੍ਰਹਮਮੁਨੀ ਦੀ ਅਗਵਾਈ ਹੇਠ ਅਤੇ ਸੰਸਥਾ ਦੇ ਮੁੱਖ ਪ੍ਰਬੰਧਕ ਸ੍ਰੀ ਮਾਨ ਬਾਬਾ ਗੰਗਾ ਰਾਮ ਦੇ ਯਤਨਾਂ ਸਦਕਾ ਬਾਬਾ ਖੇਮ ਦਾਸ ਦੀ ਯਾਦ ਨੂੰ ਸਮਰਪਿਤ 258 ਵਾਂ ਅੱਖਾਂ ਦਾ ਮੁਫਤ ਲੈਂਜ ਕੈਂਪ ਵਿਵੇਕ ਚੈਰੀਟੇਬਲ ਅੱਖਾਂ ਦਾ ਹਸਪਤਾਲ ਜਲਾਲ (ਬਠਿੰਡਾ) ਜੋ ਕਿ ਗੁਰੂਸਰ ਬਸ ਸਟੈਂਡ ਉੱਪਰ ਸਥਿਤ ਹੈ 20 ਸਤੰਬਰ ਦਿਨ ਸ਼ਨਿੱਚਰਵਾਰ ਨੂੰ ਲਗਾਇਆ ਗਿਆ, ਜਿਸ ਦਾ ਉਦਘਾਟਨ ਸੰਤ ਬਲਬੀਰ ਸਿੰਘ ਸੀਚੇਵਾਲ ਮੈਂਬਰ ਰਾਜ ਸਭਾ ਵੱਲੋਂ ਕੀਤਾ ਗਿਆ।ਇਸ ਮੌਕੇ ਉਨ੍ਹਾਂ ਹਸਪਤਾਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਿਵੇਕ ਚੈਰੀਟੇਬਲ ਅੱਖਾਂ ਦਾ ਹਸਪਤਾਲ ਲੋਕਾਂ ਲਈ ਇੱਕ ਚਾਨਣ ਮੁਨਾਰਾ ਸਿੱਧ ਹੋ ਰਿਹਾ ਹੈ।ਇਸ ਮੌਕੇ ਰਿਸ਼ੀ ਰਾਮ ਵਿਵੇਕ ਆਸ਼ਰਮ ਜੈਤੋ ਨੇ ਸੰਤ ਸੀਚੇਵਾਲ ਅਤੇ ਸਮੁੱਚੀਆਂ ਸੰਗਤਾਂ ਨੂੰ ਜੀ ਆਇਆਂ ਕਿਹਾ।ਇਸ ਕੈਂਪ ਵਿੱਚ ਲਗਭਗ 1030 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਅਤੇ ਤਕਰੀਬਨ 470 ਯੋਗ ਮਰੀਜ਼ਾਂ ਦੀ ਮੁਫਤ ਲੈਂਜ ਪਾਉਣ ਲਈ ਚੋਣ ਕੀਤੀ ਗਈ।ਇਸ ਇਸ ਮੌਕੇ ਬਾਬਾ ਗੰਗਾ ਰਾਮ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉੱਚ ਕੋਟੀ ਦੇ ਡਾਕਟਰ ਰਵੀਕਾਂਤ ਬਮੋਤਰਾ ਐਮ ਐਸ ਆਈ ਸਰਜਨ ,ਡਾ. ਮਿਨਾਕਸ਼ੀ ਸਿੱਧੂ ਐਮ ਐਸ ਆਈ ਸਰਜਨ, ਡਾ. ਸੁਪ੍ਰੀਤ ਕੌਰ ਵੱਲੋਂ ਮਰੀਜਾ ਦਾ ਚੈੱਕ ਅੱਪ ਕਰਕੇ ਮੁਫਤ ਦਵਾਈਆਂ ਦਿੱਤੀਆਂ ਗਈਆਂ। ਸੰਸਥਾ ਦੇ ਮੁੱਖ ਪ੍ਰਬੰਧਕ ਬਾਬਾ ਗੰਗਾ ਰਾਮ ਵੱਲੋਂ ਸੰਤ ਸੀਚੇਵਾਲ ਜੀ ਅਤੇ ਸਮੁੱਚੀਆਂ ਸੰਗਤਾਂ ਦਾ ਪਹੁੰਚਣ 'ਤੇ ਧੰਨਵਾਦ ਕੀਤਾ ਗਿਆ।ਇਸ ਮੌਕੇ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ।ਇਸ ਮੌਕੇ ਸਤੀਸ਼ ਕੁਮਾਰ ਸ਼ਰਮਾ, ਗੁਰਵਿੰਦਰ ਸਿੰਘ , ਬਲਰਾਮ ਸ਼ਰਮਾ , ਸੁਖਦੀਫ ਸਿੰਘ ,ਕੁਲਦੀਪ ਸਿੰਘ ,ਨਿਰਮਲ ਸਿੰਘ ਅਤੇ ਸਟਾਫ ਮੈਂਬਰ ਹਾਜ਼ਰ ਸਨ।

## ਕੇਂਦਰ ਸਰਕਾਰ ਨੇ ਸਸਤਾ ਕੀਤਾ ਰੋਟੀ, ਕੱਪੜਾ ਅਤੇ ਮਕਾਨ : ਵਿਨੋਦ ਸਿੰਗਲਾ



ਲਹਿਰਾਗਾਗਾ, 22 ਸਤੰਬਰ (ਵਰਮਾ/ ਰਤਨ ਗਰਗ): ਸ਼੍ਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਦੀ ਭਾਜਪਾ ਸਰਕਾਰ ਨੇ 18 ਫੀਸਦੀ ਸਲੈਬ ਵਾਲੀ ਜੀ ਐਸ ਟੀ ਘਟਾ ਕੇ 5 ਫੀਸਦੀ ਕਰ ਦਿੱਤੀ ਹੈ, ਜਿਸ ਨਾਲ ਆਮ ਜਨਤਾ ਲਈ ਰੋਟੀ, ਕੱਪੜਾ ਅਤੇ ਮਕਾਨ ਸਸਤਾ ਹੋ ਗਿਆ ਹੈ, ਜਿਸ ਲਈ ਉਹ ਕੇਂਦਰ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਭਾਜਪਾ ਦੇ ਸਾਬਕਾ ਸੂਬਾ ਕਮੇਟੀ ਮੈਂਬਰ ਅਤੇ ਜ਼ਿਲ੍ਹਾ ਜੀ ਐਸ ਟੀ ਕਮੇਟੀ ਦੇ ਕਨਵੀਨਰ ਵਿਨੋਦ ਸਿੰਗਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਕੀਤਾ । ਉਹਨਾਂ ਕਿਹਾ ਕਿ ਜੀ ਐਸ ਟੀ ਘਟਾਉਣ ਨਾਲ ਖਾਣ-ਪੀਣ ਵਾਲੀਆਂ ਚੀਜ਼ਾਂ ਦੇਸੀ ਘੀ, ਸਾਬਣਾਂ, ਟੂਥ ਬੁਰਸ਼, ਟੂੱਥ ਪੇਸਟ, ਭੁਜੀਆ, ਨਮਕੀਨ, ਚਵਨਪਰਾਸ਼, ਤੇਲ, 1000 ਰੁਪਏ ਤੋਂ ਘੱਟ ਵਾਲੇ ਕੱਪੜੇ, ਮੋਟਰਸਾਈਕਲ, ਸਕੂਟਰ ਆਦਿ ਚੀਜ਼ਾਂ ਸਸਤੀਆਂ ਹੋਣ ਨਾਲ ਦੇਸ਼ ਦੀ ਜਨਤਾ ਨੂੰ ਭਾਰੀ ਰਾਹਤ ਮਿਲੇਗੀ।ਭਾਜਪਾ ਆਗੂ ਵਿਨੋਦ ਸਿੰਗਲਾ ਨੇ ਅੱਗੇ ਕਿਹਾ ਕਿ ਕੇਂਦਰ ਸਰਕਾਰ ਹਰ ਵਰਗ ਦੀ ਹਿਤੈਸ਼ੀ ਸਰਕਾਰ ਹੈ। ਆਮ ਲੋਕਾਂ ਨੂੰ ਰੋਟੀ, ਕੱਪੜਾ ਅਤੇ ਮਕਾਨ ਸਸਤੇ ਰੇਟਾਂ ਵਿੱਚ ਉਪਲਬਧ ਕਰਵਾਉਣ ਅਤੇ ਦੇਸ਼ ਵਾਸੀਆਂ ਦੀਆਂ ਜਰੂਰਤਾਂ ਨੂੰ ਦੇਖਦੇ ਹੋਏ ਮੋਦੀ ਸਰਕਾਰ ਵੱਲੋਂ ਜੀ ਐਸ ਟੀ 18 ਫੀਸਦੀ ਫੀਸਦੀ ਤੋਂ ਘਟਾ ਕੇ 5 ਫੀਸਦੀ ਕਰਨਾ ਪ੍ਰਸ਼ੰਸਾ ਯੋਗ ਹੈ। ਮੋਦੀ ਵੱਲੋਂ ਚੁੱਕੇ ਗਏ ਇਸ ਕਦਮ ਦੀ ਆਮ ਲੋਕਾਂ ਵੱਲੋਂ ਵੀ ਦਿਲ ਖੋਲ੍ਹ ਕੇ ਪ੍ਰਸ਼ੰਸਾ ਕੀਤੀ ਜਾ ਰਹੀ ਹੈ।

## ਸੇਵਾ ਸੰਮਤੀ ਵੱਲੋਂ ਸਮਾਜ ਸੇਵਾ ਦੇ ਖੇਤਰ ਵਿੱਚ ਪਾਇਆ ਜਾ ਰਿਹਾ ਯੋਗਦਾਨ ਸ਼ਲਾਘਾਯੋਗ ਕਦਮ : ਦਲਵੀਰ ਢਿੱਲੋਂ



ਧੂਰੀ, 22 ਸਤੰਬਰ (ਰਾਜੇਸ਼ਵਰ ਪਿੰਟੂ, ਅਮਨ ਗਰਗ):ਸਮਾਜ ਸੇਵਾ ਦੇ ਖੇਤਰ ਵਿੱਚ ਇਕ ਹੋਰ ਸ਼ਲਾਘਾਯੋਗ ਕਦਮ ਚੁੱਕਦਿਆਂ ਸਰਵ ਭਾਰਤੀਯ ਸੇਵਾ ਸੰਮਤੀ (ਰਜਿ.) ਧੂਰੀ ਵੱਲੋਂ ਸਥਾਨਕ ਸਿਵਲ ਹਸਪਤਾਲ ਵਿੱਚ ਮਰੀਜਾਂ ਅਤੇ ਉਨ੍ਹਾਂ ਦੇ ਵਾਰਸਾਂ ਨੂੰ ਮੁਫ਼ਤ ਖਾਣਾ ਪ੍ਰਦਾਨ ਕਰਨ ਲਈ ਰਸੋਈ ਦੀ ਸ਼ੁਰੂਆਤ ਕੀਤੀ ਗਈ। ਇਸ ਰਸੋਈ ਦੀ ਸ਼ੁਰੂਆਤ ਪ੍ਰਧਾਨ ਰਾਕੇਸ਼ ਕੁਮਾਰ ਗਰਗ ਦੀ ਅਗਵਾਈ ਹੇਠ ਧਾਰਮਿਕ ਰਸਮਾਂ ਅਨੁਸਾਰ ਹਵਨ ਯੱਗ ਕਰਕੇ ਕੀਤੀ ਗਈ, ਜਿਸ ਵਿੱਚ ਪੂਜਨੀਯ ਸੰਤ ਆਤਮਾ ਨੰਦ ਜੀ ਭੂਰੀ ਵਾਲੇ ਨੇ ਹਾਜ਼ਰੀ ਭਰੀ ਅਤੇ ਅਸੀਸ ਦਿੱਤੇ।ਇਸ ਮੌਕੇ ਮੁੱਖ ਮਹਿਮਾਨ ਵਜੋਂ ਪੰਜਾਬ ਲਘੂ ਉਦਯੋਗ ਵਿਕਾਸ ਨਿਗਮ ਦੇ ਚੇਅਰਮੈਨ ਅਤੇ ਮੁੱਖ ਮੰਤਰੀ ਦਫ਼ਤਰ ਦੇ ਇੰਚਾਰਜ ਦਲਵੀਰ ਸਿੰਘ ਢਿੱਲੋਂ ਪਹੁੰਚੇ। ਉਨ੍ਹਾਂ ਨੇ ਕਿਹਾ ਕਿ ਸੰਮਤੀ ਵੱਲੋਂ ਸਮਾਜ ਦੇ ਹਿੱਤ ਵਿੱਚ ਕੀਤਾ ਜਾ ਰਿਹਾ ਇਹ ਯਤਨ ਕਾਬਿਲ-ਏ-ਤਾਰੀਫ਼ ਹੈ। ਮਰੀਜ਼ਾਂ ਅਤੇ ਉਨ੍ਹਾਂ ਦੇ ਵਾਰਸਾਂ ਨੂੰ ਹਸਪਤਾਲ ਵਿੱਚ ਮੁਫ਼ਤ ਖਾਣਾ ਮਿਲਣ ਨਾਲ ਉਹਨਾਂ ਦੀਆਂ ਰੋਜ਼ਮਰਾ ਦੀਆਂ ਮੁਸ਼ਕਲਾਂ ਘੱਟ ਹੋਣਗੀਆਂ।ਇਸ ਸਮਾਰੋਹ ਵਿੱਚ ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ, ਪੰਜਾਬ ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ, ਰਾਈਸਿਲਾ ਦੇ ਡਾਇਰੈਕਟਰ ਵਿਜੈ ਗੋਇਲ, ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਜਤਿੰਦਰ ਸਿੰਘ ਮੰਡੇਰ, ਪੰਜਾਬ ਰਾਈਸ ਮਿੱਲਰਜ਼ ਐਸੋਸੀਏਸ਼ਨ ਦੇ ਪ੍ਰਧਾਨ ਬਲਵਿੰਦਰ ਸਿੰਘ ਬਿੱਲੂ, ਆੜ੍ਹਤੀਆ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਸਮਰਾ, ਐਡਵੋਕੇਟ ਬ੍ਰਿਜ ਭੂਸ਼ਨ ਬਾਂਸਲ, ਅਤੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਸੰਦੀਪ ਤਾਇਲ ਸਮੇਤ ਵੱਡੀ ਗਿਣਤੀ ਵਿੱਚ ਪੰਤਵੰਤੇ ਹਾਜ਼ਰ ਸਨ।ਪ੍ਰਧਾਨ ਰਾਕੇਸ਼ ਗਰਗ ਨੇ ਜਾਣਕਾਰੀ ਦਿੱਤੀ ਕਿ ਸੰਮਤੀ ਵੱਲੋਂ ਹਸਪਤਾਲ ਵਿੱਚ ਦਾਖਲ ਮਰੀਜ਼ਾਂ ਅਤੇ ਉਨ੍ਹਾਂ ਦੇ ਸਾਥ ਆਏ ਵਾਰਸਾਂ ਲਈ ਹਰ ਰੋਜ਼ ਤਿੰਨ ਵੇਲੇ ਮੁਫ਼ਤ ਖਾਣਾ ਪ੍ਰਦਾਨ ਕੀਤਾ ਜਾਵੇਗਾ। ਸਵੇਰ ਦੇ ਸਮੇਂ ਚਾਹ, ਰਸ ਅਤੇ ਰੋਟੀ, ਦੁਪਹਿਰ ਵੇਲੇ ਰੋਟੀ, ਖਿਚੜੀ ਜਾਂ ਦਲੀਆ, ਸ਼ਾਮ ਨੂੰ ਚਾਹ ਅਤੇ ਰਾਤ ਨੂੰ ਰੋਟੀ-ਦਾਲ ਦੀ ਵਿਵਸਥਾ ਕੀਤੀ ਗਈ ਹੈ। ਉਨ੍ਹਾਂ ਨੇ ਕਿਹਾ ਕਿ ਇਹ ਮੁਹਿੰਮ ਲਗਾਤਾਰ ਚੱਲਦੀ ਰਹੇਗੀ ਤਾਂ ਜੋ ਕਿਸੇ ਵੀ ਮਰੀਜ਼ ਜਾਂ ਉਸਦੇ ਪਰਿਵਾਰ ਨੂੰ ਭੋਜਨ ਦੀ ਕਮੀ ਨਾ ਆਵੇ।ਇਸ ਮੌਕੇ ਸੰਮਤੀ ਦੀ ਪ੍ਰਬੰਧਕ ਟੀਮ ਵਿੱਚ ਪਿਆਰ ਚੰਦ ਸੰਖਿਆਨ (ਜਰਨਲ ਸੈਕਟਰੀ), ਪ੍ਰਦੀਪ ਮਿੱਤਲ (ਸੈਕਟਰੀ), ਅਨੁਰਾਗ ਗੋਇਲ, ਸੰਜੇ ਸਿੰਗਲਾ (ਖਜ਼ਾਨਚੀ), ਮੋਹਨ ਲਾਲ ਸਿੰਗਲਾ, ਰਤਨ ਸਿੰਗਲਾ (ਉਪ ਪ੍ਰਧਾਨ), ਗਿਆਨ ਚੰਦ, ਪੂਰਨ ਸਿੰਗਲਾ (ਸਰਪ੍ਰਸਤ), ਅਤੇ ਸੁਖਵਿੰਦਰ ਸਿੰਘ ਕਾਂਝਲਾ (ਜਨਰਲ ਕੈਪਟਨ) ਆਦਿ ਵੀ ਹਾਜ਼ਰ ਸਨ। ਸਭ ਮਹਿਮਾਨਾਂ ਅਤੇ ਪ੍ਰਬੰਧਕ ਮੈਂਬਰਾਂ ਨੇ ਇਕਸੁਰ ਹੋ ਕੇ ਕਿਹਾ ਕਿ ਸੰਮਤੀ ਦਾ ਇਹ ਯੋਗਦਾਨ ਸਮਾਜ ਵਿੱਚ ਮਨੁੱਖਤਾ ਦੀ ਸੇਵਾ ਦਾ ਸੱਚਾ ਉਦਾਹਰਨ ਹੈ, ਜਿਸ ਨਾਲ ਲੋਕਾਂ ਨੂੰ ਪ੍ਰੇਰਨਾ ਮਿਲੇਗੀ।



# ਪਟਿਆਲਾ-ਆਸ/ਪਾਸ



# ਕੇਂਦਰੀ ਮੰਤਰੀ ਸ੍ਰੀਪਦ ਨਾਇਕ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ



ਸਨੌਰ, 22 ਸਤੰਬਰ (ਗੁਰਜੀਤ ਸਿੰਘ ਢੌਟ) : ਕੇਂਦਰੀ ਮੰਤਰੀ ਸ੍ਰੀਪਦ ਨਾਇਕ ਨੇ ਸਾਬਕਾ ਕੇਂਦਰੀ ਮੰਤਰੀ ਪ੍ਰਨੀਤ ਕੌਰ ਦੇ ਨਾਲ ਸਨੌਰ ਹਲਕੇ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ, ਜਿਸ ਵਿੱਚ ਸਿਰਕੱਪੜਾ, ਰੱਤਾਖੇੜਾ ਅਤੇ ਮਹਿਮੂਦਪੁਰ ਰੁੜਕੀ ਸ਼ਾਮਲ ਸਨ। ਮੰਤਰੀ ਨੇ ਆਏ ਹੜ੍ਹਾਂ ਅਤੇ ਭਾਰੀ ਬਾਰਿਸ਼ ਕਾਰਨ ਹੋਏ ਵੱਡੇ ਨੁਕਸਾਨ ਦਾ ਜਾਇਜ਼ਾ ਲੈਣ ਲਈ ਪਿੰਡ ਵਾਸੀਆਂ ਨਾਲ ਅਤੇ ਕਿਸਾਨਾਂ ਨਾਲ ਗੱਲਬਾਤ ਕੀਤੀ।ਇਸ ਦੌਰੇ ਦੌਰਾਨ ਪਿੰਡ ਵਾਸੀਆਂ ਨੇ ਆਗੂਆਂ ਨੂੰ ਖੇਤੀਬਾੜੀ ਜ਼ਮੀਨਾਂ, ਘਰਾਂ ਅਤੇ ਬੁਨਿਆਦੀ ਢਾਂਚੇ ਦੇ ਵੱਡੇ ਪੱਧਰ 'ਤੇ ਹੋਏ ਨੁਕਸਾਨ ਬਾਰੇ ਜਾਣੂੰ ਕਰਵਾਇਆ। ਉਨ੍ਹਾਂ ਖਾਸ ਤੌਰ 'ਤੇ ਦੱਸਿਆ ਕਿ ਦੇਵੀਗੜ੍ਹ ਤੋਂ ਅੱਗੇ ਜ਼ਿਆਦਾਤਰ ਲਿੰਕ ਸੜਕਾਂ ਭਰੀ ਭਰਿਸ਼ ਕਾਰਨ ਖ਼ਰਾਬ ਹੋ ਗਈਆਂ ਹਨ, ਜਿਸ ਨਾਲ ਕਿਸਾਨਾਂ, ਵਿਦਿਆਰਥੀਆਂ ਅਤੇ ਸਥਾਨਕ ਵਾਸੀਆਂ ਲਈ ਸੰਪਰਕ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਉਨ੍ਹਾਂ ਸਿਰਕੱਪੜਾ ਪੁਲ (ਪੁਲੀ) ਦੇ ਟੁੱਟਣ ਦਾ ਮੁੱਦਾ ਵੀ ਉਠਾਇਆ, ਜਿਸ ਕਾਰਨ ਪੂਰੇ ਇਲਾਕੇ ਦਾ ਸੰਪਰਕ ਟੁੱਟ ਗਿਆ ਹੈ ਅਤੇ ਤੁਰੰਤ ਮੁੜ ਨਿਰਮਾਣ ਦੀ ਲੋੜ ਹੈ। ਖਰਾਬਗੜ੍ਹ ਅਤੇ ਰੱਤਾਖੇੜਾ ਦੇ ਪਰਿਵਾਰਾਂ ਨੇ ਮੰਤਰੀ ਨੂੰ ਦੱਸਿਆ ਕਿ ਕਈ ਘਰ ਨਸ਼ਟ ਹੋ ਗਏ ਹਨ, ਜਿਸ ਕਾਰਨ ਉਨ੍ਹਾਂ ਕੋਲ ਰਹਿਣ ਲਈ ਛੱਤ ਨਹੀਂ ਹੈ ਅਤੇ ਉਹ ਸਥਾਈ ਰਿਹਾਇਸ਼ੀ ਹੱਲਾਂ ਦੀ ਮੰਗ ਕਰਦੇ ਹਨ।ਕੇਂਦਰੀ ਮੰਤਰੀ ਸ਼੍ਰੀਪਦ ਨਾਇਕ ਨੇ ਪ੍ਰਸ਼ਾਸਨ ਨੂੰ ਘਰਾਂ, ਖੇਤੀਬਾੜੀ ਜ਼ਮੀਨਾਂ ਅਤੇ ਬੁਨਿਆਦੀ ਢਾਂਚੇ ਦੇ ਨੁਕਸਾਨ ਦਾ ਵਿਸਤ੍ਰਿਤ ਸਰਵੇਖਣ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਭਰੋਸਾ ਦਿਵਾਇਆ ਕਿ ਰਿਪੋਰਟ ਨਿੱਜੀ ਤੌਰ 'ਤੇ ਪ੍ਰਧਾਨ ਮੰਤਰੀ ਦਫ਼ਤਰ ਨੂੰ ਸੌਂਪੀ ਜਾਵੇਗੀ।

## ਪਟਿਆਲਾ-3 ਦੀ ਕਬੱਡੀ ਟੀਮ ਨੇ ਜਿੱਤਿਆ ਗੋਲਡ ਮੈਡਲ

ਪਟਿਆਲਾ, 22 ਸਤੰਬਰ (ਚ.ਨ.ਸ.) : ਜ਼ਿਲ੍ਹਾ ਸਿੱਖਿਆ ਅਫਸਰ (ਸੈ. ਸਿੱ.) ਪਟਿਆਲਾ ਸੰਜੀਵ ਸ਼ਰਮਾ ਦੀ ਅਗਵਾਈ ਹੇਠ ਪਟਿਆਲਾ ਵਿਖੇ ਚੱਲ ਰਹੀਆਂ 69ਵੀਆਂ ਜ਼ਿਲ੍ਹਾ ਸਕੂਲ ਖੇਡਾਂ ਵਿੱਚ ਜੋਨ ਪਟਿਆਲਾ-3 ਦੀ ਕਬੱਡੀ (ਸਰਕਲ) ਟੀਮ ਨੇ ਗੋਲਡ ਮੈਡਲ ਹਾਸਲ ਕਰਕੇ ਸਟੇਟ ਲਈ ਕੁਆਲੀਫਾਈ ਕੀਤਾ ਹੈ। ਇਸ ਮੌਕੇ ਟੀਮ ਇੰਚਾਰਜ ਪੂਨਮ ਰਾਣੀ ਅਤੇ ਟੀਮ ਦੇ ਕੋਚ ਜਸਵੀਰ ਸਿੰਘ ਜੱਸਾ ਨੇ ਦੱਸਿਆ ਕਿ ਅੰਡਰ-17 ਤਹਿਤ ਸਰਕਲ ਸਟਾਈਲ ਕਬੱਡੀ ਵਿੱਚ ਜੋਨ ਪਟਿਆਲਾ-3 ਦਾ ਫਸਵਾਂ ਮੁਕਾਬਲਾ ਜੋਨ ਭਾਦਸੋਂ ਨਾਲ ਹੋਇਆ। ਜਿਸ ਵਿੱਚੋਂ ਪਟਿਆਲਾ-3 ਦੀ ਟੀਮ ਨੇ ਸ਼ਾਨਦਾਰ ਅੰਕ ਪ੍ਰਾਪਤ ਕਰਕੇ ਜਿੱਤ ਦਰਜ ਕਰਦੇ ਹੋਏ ਸਟੇਟ ਖੇਡਾਂ ਵਾਸਤੇ ਰਾਹ ਪੱਧਰਾ ਕਰ ਲਿਆ ਹੈ। ਇਸ ਦੇ ਨਾਲ ਹੀ ਅੰਡਰ-19 ਲੜਕਿਆਂ ਦੀ ਸਰਕਲ ਸਟਾਈਲ ਕਬੱਡੀ ਟੀਮ ਨੇ ਵੀ ਗੋਲਡ ਮੈਡਲ ਹਾਸਲ ਕੀਤਾ ਹੈ। ਇਸ ਤੋਂ ਇਲਾਵਾ ਅੰਡਰ-17 ਤਹਿਤ ਲੜਕੀਆਂ ਦੀ ਸਰਕਲ ਸਟਾਈਲ ਕਬੱਡੀ ਟੀਮ ਨੇ ਸਿਲਵਰ ਮੈਡਲ ਹਾਸਲ ਕੀਤਾ ਹੈ।ਤਾਂ ਉਹਨਾਂ ਅੱਗੇ ਦੱਸਿਆ ਕਿ ਅੰਡਰ-19 ਤਹਿਤ (ਲੜਕਿਆਂ) ਪਟਿਆਲਾ-3 ਦਾ ਮੈਚ ਪਾਤੜਾਂ ਨਾਲ, ਅੰਡਰ-17 ਤਹਿਤ (ਲੜਕਿਆਂ) ਪਟਿਆਲਾ-3 ਦਾ ਫਾਈਨਲ ਮੈਚ ਭਾਦਸੋਂ ਨਾਲ ਅਤੇ ਅੰਡਰ-17 ਤਹਿਤ (ਲੜਕੀਆਂ) ਪਟਿਆਲਾ-3 ਦਾ ਪਾਤੜਾਂ ਨਾਲ ਫਾਈਨਲ ਮੈਚ ਹੋਇਆ। ਅਖੀਰ ਵਿੱਚ ਟੀਮ ਇੰਚਾਰਜ ਅਤੇ ਕੋਚ ਨੇ ਸਮੁੱਚੀ ਟੀਮ ਨੂੰ ਮੁਬਾਰਕਬਾਦ ਦਿੰਦੇ ਹੋਏ ਸਟੇਟ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਕਬੱਡੀ ਖਿਡਾਰੀ ਗਗਨਦੀਪ ਸਿੰਘ, ਹਰਪ੍ਰੀਤ ਸਿੰਘ, ਸ਼ਿਵ, ਪ੍ਰਿੰਸ, ਗੁਰਪ੍ਰੀਤ ਸਿੰਘ, ਯੁਵਰਾਜ ਸਿੰਘ, ਮਨਪ੍ਰੀਤ ਸਿੰਘ, ਰਿਸ਼ੀ, ਹੁਸਨਪ੍ਰੀਤ ਕੌਰ, ਪਲਕ, ਅਨਿਤਾ ਤੇ ਜੈਸਮੀਨ ਸਮੇਤ ਹੋਰ ਹਾਜ਼ਰ ਸਨ।

# ਹਲਕਾ ਘਨੌਰ ਦੇ ਸਰਕਾਰੀ ਹਸਪਤਾਲ ਨੂੰ ਜਾਂਦੀ ਸੜਕ ਜਲਦ ਬਣਾਉਣ ਦੀ ਮੰਗ

## ਜਥੇ. ਸੁਖਜੀਤ ਸਿੰਘ ਬਘੌਰਾ ਨੇ ਡੀ.ਸੀ. ਨੂੰ ਦਿੱਤਾ ਮੰਗ ਪੱਤਰ



ਘਨੌਰ, 22 ਸਤੰਬਰ (ਮਦਨ ਲਾਲ) : ਰਾਜਪੁਰਾ ਦੇ ਚਾਰੇ ਪਾਸੇ ਸੜਕਾਂ ਦੀ ਹਾਲਤ ਬਹੁਤ ਹੀ ਖ਼ਸਤਾ ਹੋ ਚੁੱਕੀ ਹੈ। ਕਿਸੇ ਸਮੇਂ ਵੀ ਕੋਈ ਹਾਦਸਾ ਵਾਪਰ ਸਕਦਾ ਹੈ। ਇਸ ਦੀ ਜਾਣਕਾਰੀ ਸਾਂਝੀ ਕਰਦਿਆਂ ਜਥੇਦਾਰ ਸੁਖਜੀਤ ਸਿੰਘ ਬਘੌਰਾ ਪ੍ਰਚਾਰ ਸਕੱਤਰ ਭਾਰਤੀ ਕਿਸਾਨ ਉਥਾਨ ਮਜ਼ਦੂਰ ਯੂਨੀਅਨ ਪੰਜਾਬ ਨੇ ਕਿਹਾ ਕਿ ਪੁਰਾਣਾ ਰਾਜਪੁਰਾ ਚੰਡੀਗੜ੍ਹ ਤੋਂ ਵਾਇਆ ਦਿੱਲੀ ਅਤੇ ਦਿੱਲੀ ਤੋਂ ਵਾਇਆ ਚੰਡੀਗੜ੍ਹ ਜੋ ਓਵਰਬਿਰਜ ਜਿੱਥੇ ਸਾਈਡਾਂ 'ਤੇ ਸੜਕ ਬਣੀ ਹੈ ਉਸ ਦਾ ਬਹੁਤ ਮਾੜਾ ਹਾਲ ਅਤੇ ਕਿਸੇ ਨਾ ਕਿਸੇ ਟਾਈਮ ਕੋਈ ਹਾਦਸਾ ਵੀ ਵਾਪਰ ਸਕਦਾ ਹੈ। ਸੜਕ ਦੇ ਵਿੱਚ ਇੱਕ ਇੱਕ ਫੁੱਟ ਡੂੰਘੇ ਟੋਏ ਪਏ ਹੋਏ ਹਨ। ਇਹ ਦੋਵਾਂ ਪਾਸੇ ਤਿੰਨ ਤਿੰਨ ਕਿੱਲੋਮੀਟਰ ਦੀ ਸੜਕ ਦੀ ਹਾਲਤ ਇੰਨੀ ਖਸਤਾ ਹੋ ਚੁੱਕੀ ਹੈ, ਜਿਸ ਵਿੱਚੋਂ ਦੀ ਲੰਘਣਾ ਵੀ ਬਹੁਤ ਮੁਸ਼ਕਿਲ ਹੋਇਆ ਪਿਆ ਹੈ। ਇਲਾਕਾ ਨਿਵਾਸੀਆਂ ਨੇ ਮੰਗ ਕੀਤੀ ਕਿ ਪੁਰਾਣੇ ਰਾਜਪੁਰੇ ਦੇ ਵਿੱਚ ਰੇਲਵੇ ਫਾਟਕਾਂ ਦੇ ਨਾਲ ਨਾਲ ਅਤੇ ਬਾਈਪਾਸ ਦੇ ਨਾਲ ਨਾਲ ਦੋਹਾਂ ਪਾਸਾਂ ਦੀ ਸੜਕ ਦੀ ਰਿਪੇਅਰ ਕਰਵਾਈ ਜਾਵੇ ਅਤੇ ਇਸ ਬਾਰੇ ਉੱਚ ਅਧਿਕਾਰੀਆਂ ਨੂੰ ਕਹਿ ਕੇ ਇਹਦਾ ਜਿੰਨੀ ਤੋਂ ਜਿੰਨੀ ਜਲਦੀ ਹੱਲ ਕਰਾਇਆ ਜਾ ਸਕੇ। ਇਸ ਤੋਂ ਇਲਾਵਾ ਤਹਿਸੀਲ ਰਾਜਪੁਰਾ ਦੇ ਸਭ ਤਹਿਸੀਲ ਘਨੌਰ ਦੇ ਸਰਕਾਰੀ ਹਸਪਤਾਲ ਘਨੌਰ ਨੂੰ ਦੋ ਕਿਲੋਮੀਟਰ ਜਾਣ ਵਾਲੀ ਸੜਕ ਵੀ ਬਹੁਤ ਖ਼ਸਤਾ ਹੋ ਚੁੱਕੀ ਹੈ। ਇਸ ਸਬੰਧੀ ਡਿਪਟੀ ਕਮਿਸ਼ਨਰ ਪਟਿਆਲਾ ਡਾ. ਪ੍ਰੀਤੀ ਯਾਦਵ ਨੂੰ ਵੀ ਮੰਗ ਪੱਤਰ ਦਿੱਤਾ ਗਿਆ ਹੈ ਕਿ ਇਸ ਸੜਕ ਨੂੰ ਪਹਿਲ ਦੇ ਅਧਾਰ 'ਤੇ ਬਣਵਾਇਆ ਜਾਵੇ, ਤਾਂ ਜੋ ਸਰਕਾਰੀ ਹਸਪਤਾਲ ਘਨੌਰ ਨੂੰ ਜਾਂਦੇ ਮਰੀਜ਼ਾਂ ਨੂੰ ਕੋਈ ਮੁਸ਼ਕਲ ਪੇਸ਼ ਨਾ ਆਵੇ।

## ਪਰਿਵਾਰਕ ਮੈਂਬਰਾਂ ਨਾਲ ਕੁੱਟਮਾਰ ਕਰਨ ਦੇ ਮਾਮਲੇ 'ਚ ਮਾਂ-ਪੁੱਤ ਸਮੇਤ ਪੰਜ ਖ਼ਿਲਾਫ਼ ਮਾਮਲਾ ਦਰਜ

ਸਮਾਣਾ, 22 ਸਤੰਬਰ (ਵਿਜੇ ਕੁਮਾਰ) : ਕੁਝ ਦਿਨ ਪਹਿਲਾਂ ਹੋਏ ਝਗੜੇ ਦੀ ਰੰਜਿਸ਼ ਕਾਰਨ ਘਰ ਵਿੱਚ ਦਾਖਲ ਹੋ ਕੇ ਪਰਿਵਾਰਕ ਮੈਂਬਰਾਂ ਨਾਲ ਕੁੱਟਮਾਰ ਕਰਨ, ਘਰ ਦਾ ਸਾਮਾਨ ਤੋੜਨ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਮਾਮਲੇ ਵਿੱਚ ਸਦਰ ਪੁਲਿਸ ਨੇ ਮਾਂ-ਪੁੱਤ ਸਮੇਤ ਪੰਜ ਲੋਕਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ ਵਿੱਚ ਗੋਲਡੀ ਸਿੰਘ, ਜਸਕਰਨ ਸਿੰਘ, ਚਮਕੌਰ ਸਿੰਘ, ਸੰਦਲ ਸਿੰਘ ਤੇ ਸੋਨਾ ਕੌਰ ਸ਼ਾਮਲ ਹਨ, ਜੋ ਸਾਰੇ ਪਿੰਡ ਤੁੱਲੇਵਾਲ ਦੇ ਰਹਿਣ ਵਾਲੇ ਹਨ।ਮਾਮਲੇ ਦੀ ਜਾਂਚ ਕਰ ਰਹੇ ਸਦਰ ਪੁਲਿਸ ਦੇ ਏ.ਐਸ.ਆਈ. ਨਿਰਮਲ ਸਿੰਘ ਨੇ ਦੱਸਿਆ ਕਿ ਪਿੰਡ ਤੁੱਲੇਵਾਲ ਦੇ ਰਹਿਣ ਵਾਲੇ ਸੁਖਚੈਨ ਸਿੰਘ ਪੁੱਤਰ ਮਿੱਠੂ ਸਿੰਘ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਅਨੁਸਾਰ ਕੁਝ ਦਿਨ ਪਹਿਲਾਂ ਘਰ ਦੇ ਬਰਾਮਦੇ ਨੂੰ ਲੈ ਕੇ ਹੋਏ ਝਗੜੇ ਤੋਂ ਗੁੱਸੇ ਵਿੱਚ ਆਏ ਮੁਲਜ਼ਮਾਂ ਨੇ 20 ਸਤੰਬਰ ਦੀ ਸਵੇਰ ਨੂੰ ਉਸ ਦੇ ਘਰ ਵਿੱਚ ਦਾਖਲ ਹੋ ਕੇ ਉਸ ਦੀ ਅਤੇ ਉਸ ਦੇ ਮਾਤਾ-ਪਿਤਾ ਸਮੇਤ ਪਰਿਵਾਰਕ ਮੈਂਬਰਾਂ ਨਾਲ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਘਰ ਦਾ ਸਾਮਾਨ ਵੀ ਬੁਰੀ ਤਰ੍ਹਾਂ ਤੋੜ ਦਿੱਤਾ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਕੇ ਫਰਾਰ ਹੋ ਗਏ। ਸੁਖਚੈਨ ਸਿੰਘ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਜ਼ਖ਼ਮੀ ਹਾਲਤ ਵਿੱਚ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਅਧਿਕਾਰੀ ਅਨੁਸਾਰ ਸ਼ਿਕਾਇਤ ਦੇ ਆਧਾਰ 'ਤੇ ਪੁਲਿਸ ਨੇ ਸਥਿਤੀ ਦਾ ਜਾਇਜ਼ਾ ਲੈ ਕੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਮਹਾਰਾਜਾ ਅਗਰਸੈਨ ਜੈਯੰਤੀ ਮਨਾਈ



ਪਟਿਆਲਾ, 22 ਸਤੰਬਰ (ਰੁਪਾਣਾ) : ਮਹਾਰਾਜਾ ਅਗਰਸੈਨ ਜੈਯੰਤੀ ਅਗਰਵਾਲ ਚੇਤਨਾ ਮਾਰਚ ਵੱਲੋਂ 5178ਵੀ ਜਯੰਤੀ ਸ਼ਿਵ ਮੰਦਿਰ ਨਿਊ ਅਨਾਜ ਮੰਡੀ ਵਿਖੇ ਮਨਾਈ ਗਈ। ਜਿਸ ਵਿੱਚ ਸ੍ਰੀ ਅਸ਼ੋਕ ਗਰਗ ਮੁੱਖ ਮਹਿਮਾਨ ਸ੍ਰੀ ਹਰਮੇਸ਼ ਗੋਇਲ ਅਤੇ ਸ੍ਰੀ ਮੋਹਨ ਲਾਲ ਗੋਇਲ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਅਵਸਰ ਤੇ ਸ੍ਰੀ ਦੇਵੀ ਦਿਆਲ ਗੋਇਲ ਪੈਟਰਨ ਨੇ ਆਏ ਮਹਿਮਾਨਾਂ ਦਾ ਜੀ ਆਇਆ ਕਿਹਾ, ਡਾ. ਪ੍ਰਸ਼ੋਤਮ ਗੋਇਲ ਪ੍ਰਧਾਨ ਅਗਰਵਾਲ ਚੇਤਨਾ ਸਭਾ ਨੇ ਉਹਨਾਂ ਦੀ ਜੀਵਨੀ ਬਾਰੇ ਵਿਸਥਾਰ ਨਾਲ ਦੱਸਿਆ ਕਿ ਉਹਨਾਂ ਵੱਲੋਂ ਸਮਾਨਤਾ ਦਾ ਸੰਦੇਸ਼ ਦਿੱਤਾ ਅਤੇ ਜਿਹੜਾ ਵਿਅਕਤੀ ਉਹਨਾਂ ਦੇ ਰਾਜ ਵਿੱਚ ਆਇਆ ਤਾਂ ਉਸ ਦੀ ਇੱਕ ਰੁਪਇਆ ਅਤੇ ਇੱਕ ਇੱਟ ਨਾਲ ਕੀਤੀ ਤਾਂ ਕਿ ਉਸਦੇ ਰਹਿਣ ਅਤੇ ਖਾਣ ਪੀਣ ਦਾ ਪ੍ਰਬੰਧ ਹੋ ਸਕੇ ਅਤੇ ਆਪਣਾ ਕਾਰੋਬਾਰ ਕਰ ਸਕੇ। ਉਹਨਾਂ ਵੱਲੋਂ ਰਾਜ ਵਿੱਚ ਕੋਈ ਭੁੱਖਾ ਨਾ ਰਹੇ। ਸਾਰੇ ਇੱਕ ਸਮਾਨ ਹੋਣ। ਸ੍ਰੀ ਵਿਜੇ ਕੁਮਾਰ ਗੋਇਲ, ਦੀਪਕ ਬਾਂਸਲ ਨੇ ਵੀ ਵਿਚਾਰ ਰੱਖੇ। ਇਸ ਅਵਸਰ ਤੇ ਸ੍ਰੀ ਦੇਵੀ ਦਿਆਲ ਗੋਇਲ, ਹਰਬੰਸ ਬਾਂਸਲ, ਰਾਕੇਸ਼ ਸਿੰਗਲਾ, ਸੁਰੇਸ਼ ਬਾਂਸਲ, ਦੀਪਕ ਬਾਂਸਲ, ਨਰੇਸ਼ ਮਿੱਤਲ, ਅਸ਼ੋਕ ਗਰਗ ਅਤੇ ਹਰਮੇਸ਼ ਗੋਇਲ ਡਕਾਲਾ, ਕਮਲ ਗੋਇਲ ਸਤਵਿੰਦਰ ਸੈਣੀ ਪ੍ਰਧਾਨ, ਡਾ. ਪੂਨਮ ਗੁਪਤਾ, ਸੰਜੀਵਨ ਕੁਮਾਰ ਦਾ ਵੀ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ ਅੰਜਲੀ ਗੁਪਤਾ, ਰੋਮਿਤਾ ਗੁਪਤਾ, ਅੰਨਕਾਸ਼ਾ ਅਤੇ ਨੀਤੀਮਾ ਰਾਣੀ ਅਗਰਵਾਲ ਦੇ ਵਧਿਆ ਕਾਰਜਾਂ ਕਾਰਨ ਸਨਮਾਨਿਤ ਕੀਤਾ ਗਿਆ। ਮਹਾਰਾਜਾ ਅਗਰਸੈਨ ਤੇ ਲਕਸ਼ਮੀ ਮਾਤਾ ਦੀ ਵਿਸ਼ੇਸ਼ ਕ੍ਰਿਪਾ ਸੀ ਸਭਾ ਦੀ ਚੰਗੇ ਕਾਰਜਾਂ ਨੂੰ ਤਰਜੀਹ ਦੇ ਰਹੀ ਹੈ। ਇਸ ਅਵਸਰ ਤੇ ਵਿਨੋਦ ਸਿੰਗਲਾ, ਤਰਸੇਮ ਮਿੱਤਲ, ਤਰਸੇਮ ਬਾਂਸਲ , ਗਰਗ, ਨੀਲੂ ਗਰਗ ਗਾਇਕਾ ਜਿੰਦਲ, ਮੋਨਿਕਾ ਗੁਪਤਾ, ਰਮਨੀਸ ਕਾਂਸਲ, ਨਿਧੀ ਗੁਪਤਾ, ਮਾਇਆ ਧਾਰੀ ਆਦਿ ਹਾਜ਼ਰ ਸਨ।

## ਮਹਾਰਾਜਾ ਅਗਰਸੈਨ ਜੀ ਨੇ ਸਮਾਜਵਾਦ ਅਤੇ ਆਦਰਸ਼ ਲੋਕਤੰਤਰ ਦੀ ਮਿਸਾਲ ਕਾਇਮ ਕੀਤੀ : ਜੌੜਾਮਾਜਰਾ



ਸਮਾਣਾ, 22 ਸਤੰਬਰ (ਵਿਜੇ ਕੁਮਾਰ/ਜਵੰਦਾ) : ਅਗਰਵਾਲ ਧਰਮਸ਼ਾਲਾ ਤੇ ਸਕੂਲ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਮਦਨ ਮਿੱਤਲ ਅਤੇ ਸਮੂਹ ਮੈਂਬਰਾਂ ਦੀ ਅਗਵਾਈ 'ਚ ਮਹਾਰਾਜਾ ਅਗਰਸੈਨ ਜੀ ਦੀ 5149ਵੀਂ ਜੈਯੰਤੀ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਗਈ। ਅਗਰਵਾਲ ਧਰਮਸ਼ਾਲਾ 'ਚ ਆਯੋਜਿਤ ਸਮਾਗਮ ਵਿਚ ਮੁੱਖ ਮਹਿਮਾਨ ਵਜੋ ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਸ਼ਮੂਲੀਅਤ ਕਰਦਿਆਂ ਅਗਰਵਾਲ ਧਰਮਸ਼ਾਲਾ 'ਚ ਸਥਾਪਿਤ ਮਹਾਰਾਜਾ ਅਗਰਸੈਨ ਜੀ ਦੀ ਮੂਰਤੀ ਤੇ ਪੂਜਾ ਅਰਚਨਾ ਕਰਕੇ ਫੁੱਲ ਮਾਲਾਵਾਂ ਭੇਟ ਕੀਤੀਆਂ। ਇਸ ਤੋਂ ਪਹਿਲਾ ਉਨ੍ਹਾਂ ਝੰਡੇ ਦੀ ਰਸਮ ਵੀ ਅਦਾ ਕੀਤੀ। ਇਸ ਮੌਕੇ ਅਗਰਵਾਲ ਸਭਾ ਦੇ ਸਰਪ੍ਰਸਤ ਉਦਯੋਗਪਤੀ ਰਮੇਸ਼ ਗਰਗ, ਪ੍ਰਧਾਨ ਪਵਨ ਬਾਂਸਲ, ਸਤੀ ਮੰਦਿਰ ਕਮੇਟੀ ਪ੍ਰਧਾਨ ਪਵਨ ਸਾਸ਼ਤਰੀ, ਸੁਰਿੰਦਰ ਬਾਂਸਲ, ਭਾਰਤ ਵਿਕਾਸ ਪ੍ਰੀਸ਼ਦ ਪ੍ਰਧਾਨ ਰਜਿੰਦਰ ਗੁਪਤਾ, ਬ੍ਰਿਸ਼ਭਾਨ ਕਾਂਸਲ, ਰੋਟਰੀ ਕਲੱਬ ਪ੍ਰਧਾਨ ਅਰੁਣ ਬਾਂਸਲ, ਸੈਕਟਰੀ ਸੁਮਿਤ ਸਿੰਗਲਾ, ਪ੍ਰੋਫੈਸਰ ਬਿਕਰਮ ਗੁਪਤਾ, ਸ਼ਸ਼ੀ ਭੂਸ਼ਨ ਸਿੰਗਲਾ, ਕਾਤਾਂ ਰਾਣੀ, ਸੁਨੈਨਾ ਮਿੱਤਲ, ਸੀਤਾ ਰਾਮ ਗੁਪਤਾ, ਪ੍ਰਦੀਪ ਮਿੰਕਾ,ਡਾ: ਨਰੇਸ਼ ਗੁਪਤਾ, ਸੁਰਿੰਦਰ ਮਿੱਤਲ, ਆੜ੍ਹਤੀ ਐਸੋਸੀਏਸ਼ਨ ਪ੍ਰਧਾਨ ਨਰਿੰਦਰ ਕੁਮਾਰ ਗਰਗ, ਸੈਕਟਰੀ ਪਵਨ ਧੂਰੀ , ਇੰਜੀ: ਕਰਨ ਗੁਪਤਾ, ਜੀਵਨ ਬਘਰੋਲ, ਐਡਵੋਕੇਟ ਵਿਕਾਸ ਸ਼ਰਮਾ, ਪ੍ਰਵੀਨ ਬਾਂਸਲ, ਰਾਜੀਵ ਮੋਨੂੰ ,ਗੌਰਵ ਅਗਰਵਾਲ, ਪ੍ਰਮੋਦ ਠੇਕੇਦਾਰ,ਆਦਿ ਵੀ ਮੌਜੂਦ ਸਨ। ਇਸ ਮੌਕੇ ਵਿਧਾਇਕ ਜੌੜਾਮਾਜਰਾ ਨੇ ਮਹਾਰਾਜਾ ਅਗਰਸੈਨ ਜੀ ਦੀ ਜੈਅੰਤੀ ਤੇ ਸਭ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਮਹਾਰਾਜਾ ਅਗਰਸੈਨ ਜੀ ਨੇ ਸਮਾਜਵਾਦ ਅਤੇ ਆਦਰਸ਼ ਲੋਕਤੰਤਰ ਦੀ ਮਿਸਾਲ ਕਾਇਮ ਕੀਤੀ ਜੋ ਸਾਡੇ ਲਈ ਪ੍ਰੇਰਨਾ ਸਰੋਤ ਸਨ।

## 'ਉਲਾਸ' ਪ੍ਰੋਗਰਾਮ ਤਹਿਤ ਤਿੰਨ ਹਜ਼ਾਰ ਵਿਅਕਤੀਆਂ ਨੇ ਦਿੱਤੀ ਸਾਖਰਤਾ ਪ੍ਰੀਖਿਆ

ਪਟਿਆਲਾ, 22 ਸਤੰਬਰ (ਚ.ਨ.ਸ.) : ਡਾਇਰੈਕਟਰ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਕਿਰਨ ਸ਼ਰਮਾ ਪੀ.ਸੀ.ਐੱਸ. ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਸਟੇਟ ਨੋਡਲ ਡਾ: ਸੁਰਿੰਦਰ ਕੁਮਾਰ ਦੀ ਅਗਵਾਈ ਅਤੇ ਪ੍ਰਿੰਸੀਪਲ ਡਾਇਟ ਨਾਭਾ ਸੰਦੀਪ ਨਾਗਰ ਦੀ ਦੇਖ-ਰੇਖ ਹੇਠ ਜ਼ਿਲ੍ਹਾ ਪਟਿਆਲਾ ਦੇ ਵੱਖ-ਵੱਖ ਸਕੂਲਾਂ ਵਿੱਚ ਬਣਾਏ ਗਏ 'ਉਲਾਸ' ਪ੍ਰੀਖਿਆ ਕੇਂਦਰਾਂ ਵਿੱਚ ਤਿੰਨ ਹਜ਼ਾਰ ਦੇ ਕਰੀਬ ਬਾਲਗਾਂ ਨੇ ਸਾਖਰਤਾ ਪ੍ਰੀਖਿਆ ਵਿੱਚ ਹਿੱਸਾ ਲਿਆ।ਇਸ ਪ੍ਰੀਖਿਆ ਲਈ ਪਹਿਲਾਂ ਸਕੂਲ ਮੁਖੀਆਂ ਅਤੇ ਅਧਿਆਪਕਾਂ ਨੇ ਵਿਦਿਆਰਥੀਆਂ ਅਤੇ ਮਾਪਿਆਂ ਰਾਹੀਂ ਅਸਾਖਰ ਵਿਅਕਤੀਆਂ ਦੀ ਪਹਿਚਾਣ ਕੀਤੀ ਅਤੇ ਫਿਰ ਉਹਨਾਂ ਨੂੰ 'ਉਲਾਸ ਪ੍ਰਵੇਸ਼ਿਕਾ' ਦਾ ਗਿਆਨ ਪ੍ਰਦਾਨ ਕੀਤਾ। ਰਾਜ ਪੱਧਰ 'ਤੇ ਨਿਰਧਾਰਤ ਮਿਤੀ ਅਨੁਸਾਰ ਪ੍ਰੀਖਿਆ ਆਯੋਜਿਤ ਕੀਤੀ ਗਈ। ਪ੍ਰਿੰਸੀਪਲ ਸੰਦੀਪ ਨਾਗਰ ਨੇ ਪਟਿਆਲਾ, ਬਹਾਦਰਗੜ੍ਹ ਅਤੇ ਰਾਜਪੁਰਾ ਦੇ ਸਕੂਲਾਂ ਵਿੱਚ ਦੌਰਾ ਕਰਕੇ ਪ੍ਰੀਖਿਆ ਦੇ ਪ੍ਰਬੰਧਾਂ ਦਾ ਨਿਰੀਖਣ ਕੀਤਾ। ਇਸ ਤੋਂ ਇਲਾਵਾ ਡਾਇਟ ਨਾਭਾ ਦੀ ਟੀਮ ਯਾਦਵਿੰਦਰ ਕੁਮਾਰ, ਰਵਿੰਦਰ ਕੁਮਾਰ, ਮੋਨਿਕਾ, ਸੋਨੀਆ ਧੀਰ, ਪ੍ਰੀਤੀ, ਅਰਵਿੰਦਰ ਸਿੰਘ, ਅਜੀਤ ਸਿੰਘ, ਜਸਪ੍ਰੀਤ ਸਿੰਘ, ਆਸ਼ਾ ਰਾਣੀ, ਸੰਜੀਵ ਕੁਮਾਰ ਨੇ ਵੀ ਵੱਖ-ਵੱਖ ਪ੍ਰੀਖਿਆ ਕੇਂਦਰਾਂ ਦਾ ਦੌਰਾ ਕੀਤਾ। ਇਸ ਦੌਰਾਨ ਉਹਨਾਂ ਦੇ ਨਾਲ ਅਮਿਤ ਕੁਮਾਰ ਅਤੇ ਜ਼ਿਲ੍ਹਾ ਮੀਡੀਆ ਕੋਆਰਡੀਨੇਟਰ ਰਾਜਿੰਦਰ ਸਿੰਘ ਚਾਨੀ ਵੀ ਮੌਜੂਦ ਸਨ।ਸ੍ਰੀ ਨਾਗਰ ਨੇ ਦੱਸਿਆ ਕਿ ਰਾਸ਼ਟਰੀ ਸਿੱਖਿਆ ਨੀਤੀ 2020 ਦੀਆਂ ਸਿਫ਼ਾਰਸ਼ਾਂ ਅਨੁਸਾਰ 1 ਅਪ੍ਰੈਲ 2022 ਤੋਂ 'ਨਵ ਭਾਰਤ ਸਾਖਰਤਾ ਪ੍ਰੋਗਰਾਮ' ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਮੌਕੇ ਸੁਧਾ ਕੁਮਾਰੀ, ਮਨਪ੍ਰੀਤ ਸਿੰਘ, ਗੁਲਜ਼ਾਰ ਖ਼ਾਂ, ਮੋਨੀਆ ਸੋਫ਼ਤ, ਨੀਰੂ ਵਰਮਾ ਅਤੇ ਹੋਰ ਅਧਿਆਪਕ ਵੀ ਹਾਜ਼ਰ ਸਨ।

## ਸਮਾਜ 'ਚ ਹੋਣ ਵਾਲੀਆਂ ਘਟਨਾਵਾਂ ਨੂੰ ਰੋਕਣ ਲਈ ਹਰੇਕ ਵਿਅਕਤੀ ਦਾ ਸਹਿਯੋਗ ਜ਼ਰੂਰੀ : ਸੀ.ਜੇ.ਐਮ.



ਪਟਿਆਲਾ, 22 ਸਤੰਬਰ (ਵਿਨੋਦ ਸ਼ਰਮਾ) : ਮੈਡਮ ਅਮਨਦੀਪ ਕੰਬੋਜ ਜੁਡੀਸ਼ੀਅਲ ਮੈਜਿਸਟਰੇਟ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਵੱਲੋਂ ਡੀ ਸੀ ਪੀ ਓ ਸ੍ਰੀ ਵੈਭਵ ਚੌਧਰੀ ਆਈ ਪੀ ਐਸ ਜੀ ਦੀ ਸਰਪ੍ਰਸਤੀ ਅਤੇ ਸੀ ਪੀ ਆਰ ਸੀ ਪਟਿਆਲਾ ਦੇ ਇੰਚਾਰਜ ਸੁਖਜਿੰਦਰ ਸਿੰਘ ਬਾਜਵਾ ਦੀ ਅਗਵਾਈ ਹੇਠ ਪੁਲਿਸ ਸਾਂਝ ਕੇਂਦਰ ਸਬ-ਡਵੀਜ਼ਨ ਥਾਣਾ ਸਦਰ ਦੇ ਇੰਚਾਰਜ ਐਸ ਆਈ ਜਸਪਾਲ ਸਿੰਘ ਰਾਸ਼ਟਰਪਤੀ ਪੁਲਿਸ ਅਵਾਰਡੀ ਵੱਲੋਂ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਸੈਮੀਨਾਰ ਵਿੱਚ ਪੁਲਿਸ ਸਾਂਝ ਕੇਂਦਰ ਦੇ ਮੈਂਬਰਾਂ ਤੋਂ ਇਲਾਵਾ ਇਲਾਕੇ ਦੇ ਸੂਝਵਾਨ ਵਿਅਕਤੀ ਸ਼ਾਮਿਲ ਹੋਏ।ਸੁਖਜਿੰਦਰ ਸਿੰਘ ਬਾਜਵਾ ਨੇ ਪੁਲਿਸ ਸਾਂਝ ਕੇਂਦਰ ਦੀਆਂ ਸੇਵਾਵਾਂ,ਸ਼ਕਤੀ ਐਪ, ਪੀਪੀਸੀ, ਸਾਈਬਰ ਕ੍ਰਾਈਮ,ਐਮਰਜੈਂਸੀ ਟੋਲ ਫਰੀ ਨੰਬਰ,ਪਾਸਪੋਰਟ ਵੈਰੀਫਿਕੇਸ਼ਨ ਟਰੈਫਿਕ ਦੇ ਨਿਯਮਾਂ ਅਤੇ ਹੋਰ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ। ਪ੍ਰੋਗਰਾਮ ਵਿੱਚ ਪੀਐਲਵੀ ਪਰਮਜੀਤ ਸਿੰਘ ਸਟੇਟ ਐਵਾਰਡੀ, ਪੀਐਲਵੀ ਗੁਰਕੀਰਤ ਸਿੰਘ, ਪੀਐਲਵੀ ਹੇਮ ਰਿਸ਼ੀ, ਪੀਐਲਵੀ ਕੁਲਵੰਤ ਧੀਮਾਨ, ਐਚ ਐਸ ਕਰੀਰ ਨੈਸ਼ਨਲ ਅਵਾਰਡੀ,ਸੁਖਵਿੰਦਰ ਸਿੰਘ ਕਲੇਰ, ਕਰਨੈਲ ਸਿੰਘ,ਪਰਮਜੀਤ ਗਿੱਲ, ਗੁਰਚੇਤ ਸਿੰਘ, ਜਸਵੰਤ ਸਿੰਘ ਝਿੱਲ, ਅਮਰੀਕ ਸਿੰਘ ਭੁੱਲਰ,ਸਾਧੂ ਰਾਮ, ਆਪਰੇਟਰ ਵਰਿੰਦਰ ਸਿੰਘ, ਪੀਵੀਓ ਗੁਰਦੀਪ ਸਿੰਘ ਅਤੇ ਸਟਾਫ਼ ਵੱਲੋਂ ਸਹਿਯੋਗ ਦਿੱਤਾ ਗਿਆ। ਪੀਐਲਵੀ ਪਰਮਜੀਤ ਸਿੰਘ ਅਤੇ ਪੀਐਲਵੀ ਗੁਰਕੀਰਤ ਸਿੰਘ ਵਿਦਿਆਰਥੀਆਂ ਨੂੰ ਨਸ਼ਾ ਨਿਵਾਰਣ, ਪੋਕਸੋ ਐਕਟ, ਸਮਵਾਦ, ਜਾਗਰਤੀ ਗਰੀਬੀ ਦੇਖਾ ਤੋਂ ਹੇਠਾਂ ਰਹਿ ਰਹੇ ਪਰਿਵਾਰਾਂ ਦਾ ਆਰਥਿਕ ਪੱਧਰ ਉੱਚਾ ਚੁੱਕਣ ਲਈ, ਸਾਥੀ ਅਤੇ ਬੱਚਿਆਂ ਦੇ ਕਾਨੂੰਨੀ ਅਧਿਕਾਰਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।

## ਕੁੱਟਮਾਰ ਸਬੰਧੀ ਮਾਮਲਾ ਦਰਜ

ਦੇਵੀਗੜ੍ਹ, 22 ਸਤੰਬਰ (ਗੁਰਜੀਤ ਢੌਟ) : ਥਾਣਾ ਜੁਲਕਾ ਪੁਲਿਸ ਕੋਲ ਸੋਨੀ ਸਿੰਘ ਪੁੱਤਰ ਕੇਸਰ ਸਿੰਘ ਵਾਸੀ ਪਿੰਡ ਮਿਹੋਣ ਨੇ ਕਥਿਤ ਦੋਸ਼ੀਆਂ ਸੀਮਾ ਪਤਨੀ ਮੋਹਨ ਸਿੰਘ, ਮੋਹਨ ਸਿੰਘ ਪੁੱਤਰ ਜਸਵੰਤ ਸਿੰਘ, ਖੜ੍ਹਕ ਸਿੰਘ ਪੁੱਤਰ ਤਾਰਾ ਸਿੰਘ, ਕੁੱਕਰ ਸਿੰਘ ਪੁੱਤਰ ਜਸਵੰਤ ਸਿੰਘ, ਲਵਲੀ ਕੌਰ ਪਤਨੀ ਸੋਹਨ ਸਿੰਘ ਵਾਸੀ ਪਿੰਡ ਰੁੜਕੀ ਬੁੱਧ ਸਿੰਘ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਕਥਿਤ ਦੋਸ਼ੀ ਮਹਿਲਾ ਸੀਮਾ ਨੇ ਉਸ ਨੂੰ ਫੋਨ ਕਰਕੇ ਆਪਣੇ ਘਰ ਬੁਲਾਇਆ ਸੀ, ਜਦੋਂ ਉਹ ਕਥਿਤ ਦੋਸ਼ੀ ਮਹਿਲਾ ਸੀਮਾ ਦੇ ਘਰ ਗਿਆ ਤਾਂ ਕਥਿਤ ਦੋਸ਼ੀਆਂ ਨੇ ਉਸ ਨੂੰ ਬੰਨ ਕੇ ਕੁੱਟਮਾਰ ਕੀਤੀ ਅਤੇ ਜਾਨੋਂ ਮਾਰਨ ਦੀਆ ਧਮਕੀਆ ਵੀ ਦਿੱਤੀਆਂ। ਪੁਲਿਸ ਨੇ ਧਾਰਾ 115(2), 126(2),351(2),324(3), 190,191(3) ਬੀਐਨਐਸ ਦੇ ਤਹਿਤ ਮਾਮਲਾ ਦਰਜ ਕੀਤਾ ਹੈ।

## ਲਾਇਨਜ਼ ਕਲੱਬ ਇਲਾਇਟ ਨੇ ਖ਼ੂਨਦਾਨ ਕੈਂਪ ਲਗਾਇਆ



ਸਮਾਣਾ, 22 ਸਤੰਬਰ (ਵਿਜੇ ਕੁਮਾਰ/ਜਵੰਦਾ) : ਮਹਾਰਾਜ ਸ੍ਰੀ ਅਗਰਸੈਨ ਜੀ ਦੀ 5149ਵੀਂ ਜੈਯੰਤੀ ਮੌਕੇ ਲਾਇਨ ਕਲੱਬ ਸਮਾਣਾ ਇਲਾਇਟ ਵੱਲੋਂ ਨਵੀਂ ਅਗਰਵਾਲ ਗਊਸ਼ਾਲਾ 'ਚ ਖ਼ੂਨ ਦਾਨ ਕੈਂਪ ਲਗਾਇਆ ਗਿਆ। ਥੈਲੇਸੀਮੀਆ ਤੋਂ ਪੀੜਤ ਬੱਚਿਆ ਲਈ ਲਗਾਏ ਇਸ ਕੈਂਪ ਦੇ ਮੁੱਖ ਮਹਿਮਾਨ ਅਗਰਵਾਲ ਗਊਸ਼ਾਲਾ ਪ੍ਰਧਾਨ ਸੀ.ਏ ਅਮਿਤ ਸਿੰਗਲਾ ਅਤੇ ਵਿਸ਼ੇਸ਼ ਮਹਿਮਾਨ ਲਾਇਨ ਕਲੱਬ ਰੋਇਲ ਦੇ ਪ੍ਰਧਾਨ ਜੀਵਨ ਗਰਗ ਸਨ। ਪਟਿਆਲਾ ਦੇ ਰਜਿੰਦਰਾ ਹਸਪਤਾਲ ਤੋਂ ਡਾਕਟਰ ਸਵੇਤਾ ਦੀ ਅਗਵਾਈ 'ਚ ਆਈ ਟੀਮ ਨੇ ਖ਼ੂਨਦਾਨੀਆਂ ਤੋਂ 50 ਯੂਨਿਟ ਖ਼ੂਨ ਇਕੱਤਰ ਕੀਤਾ। ਪ੍ਰਧਾਨ ਡਾ: ਕਰਨਵੀਰ ਗਰਗ, ਸੈਕਟਰੀ ਅਭਿਸ਼ੇਕ ਗਰਗ, ਕੈਸ਼ੀਅਰ ਸੁਭਰਾਸੁ ਸਿੰਗਲਾ, ਪ੍ਰੋਜੈਕਟ ਚੇਅਰਮੈਨ ਆਕਾਸ਼ ਲੁਥਰਾ ਤੇ ਜਗਦੀਪ ਗਰਗ ਨੇ ਦੱਸਿਆ ਕਿ ਇਹ ਕੈਂਪ ਬਲੱਡ ਬੈਂਕ ਵਿੱਚ ਚੱਲ ਰਹੀ ਖ਼ੂਨ ਦੀ ਘਾਟ ਨੂੰ ਪੂਰਾ ਕਰਨ ਲਈ ਲਗਾਇਆ ਗਿਆ ਹੈ। ਇਸ ਮੌਕੇ ਖ਼ੂਨਦਾਨੀਆ ਨੂੰ ਸਨਮਾਨ ਵਜੋਂ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪਟਿਆਲਾ ਥੈਲੇਸੀਮਿਕ ਚਿਲਡਰਨ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਵਿਜੇ ਪਾਹਵਾ ਨੇ ਲਾਇਨ ਕਲੱਬ ਇਲਾਇਟ ਦੀ ਸਾਰੀ ਟੀਮ ਦੀ ਸ਼ਲਾਘਾ ਕੀਤੀ ।

## ਨਵਰਾਤਿਆਂ ਮੌਕੇ ਵਜ਼ੀਰੀ ਵਾਲਾ ਮੰਦਰ 'ਚ 9 ਦਿਨਾਂ ਸਮਾਗਮ ਦੀ ਸ਼ੁਰੂਆਤ

☛ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਵੱਲੋਂ ਸ਼ਿਰਕਤ



ਸਮਾਣਾ, 22 ਸਤੰਬਰ (ਵਿਜੇ ਕੁਮਾਰ/ਜਵੰਦਾ): ਨਵਰਾਤਿਆਂ ਦੌਰਾਨ ਸਥਾਨਕ ਸ੍ਰੀ ਸਨਾਤਨ ਧਰਮ ਸਭਾ ਮੰਦਰ ਵਜ਼ੀਰੀ ਵਾਲਾ 'ਚ 9 ਦਿਨਾਂ ਸਮਾਗਮ ਦੇ ਪਹਿਲੇ ਦਿਨ ਸਮਾਰੋਹ ਵਿਚ ਉਚੇਚੇ ਤੌਰ 'ਤੇ ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਅਤੇ ਪੀ.ਏ. ਗੁਰਦੇਵ ਸਿੰਘ ਟਿਵਾਣਾ ਨੇ ਸ਼ਮੂਲੀਅਤ ਕਰ ਜੋਤੀ ਪ੍ਰਚੰਡ ਕਰਕੇ ਮਾਤਾ ਜੀ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ । ਇਸ ਮੌਕੇ ਉਨ੍ਹਾਂ ਨਾਲ ਸੁਨੈਨਾ ਮਿੱਤਲ, ਸੰਜੇ ਮੰਤਰੀ, ਸੰਜੇ ਸਿੰਗਲਾ, ਰਮੀ ਸ਼ਰਮਾ,ਵੀ ਪੁੱਜੇ ਹੋਏ ਸਨ।ਮੰਦਿਰ ਕਮੇਟੀ ਪ੍ਰਧਾਨ ਵਿਮਲ ਬਾਂਸਲ, ਵਾਇਸ ਪ੍ਰਧਾਨ ਮਨੋਜ ਬਾਂਸਲ ,ਸਕੱਤਰ ਰਾਮ ਬਾਂਸਲ, ਕੈਸ਼ੀਅਰ ਰਾਜਿੰਦਰ ਪ੍ਰਸ਼ਾਦ (ਹੈਪੀ) ,ਜੁਆਇੰਟ ਕੈਸ਼ੀਅਰ ਤਰੁਣ ਗਰਗ ਦੀ ਅਗਵਾਈ ਵਿਚ ਆਯੋਜਿਤ ਇਸ 9 ਦਿਨਾਂ ਮਾਤਾ ਦੇ ਨਵਰਾਤਿਆਂ ਦੇ ਸਮਾਰੋਹ ਵਿਚ ਪਾਠ ਕਰਨ ਉਪਰੰਤ ਰੋਜ਼ਾਨਾ ਮਹਿਲਾ ਸੰਕਿਰਤਨ ਮੰਡਲੀ ਵੱਲੋਂ ਭਜਨ ਦਾ ਗਾਇਨ ਕੀਤਾ ਜਾਵੇਗਾ । ਮੰਦਿਰ ਕਮੇਟੀ ਆਹੁਦੇਦਾਰਾਂ ਨੇ ਦੱਸਿਆ ਕਿ ਉਨਾਂ ਦੇ ਵੱਡੇ-ਵਡੇਰਿਆਂ ਵੱਲੋਂ 25 ਸਾਲ ਪਹਿਲਾ ਲਿਆਂਦੀ ਜਵਾਲਾ ਜੀ ਤੋਂ ਜੋਤ ਅੱਜ ਵੀ ਮੰਦਿਰ ਵਿਚ ਜਗ ਰਹੀ ਹੈ। ਸਮਾਗਮ ਦੌਰਾਨ ਮੰਦਿਰ ਕਮੇਟੀ ਵੱਲੋਂ ਆਏ ਮਹਿਮਾਨਾਂ ਅਤੇ ਹੋਰਨਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮੇਂ ਮੰਦਿਰ ਕਮੇਟੀ ਮੈਂਬਰ ਵਰੁਣ ਬਾਂਸਲ, ਵਿਸ਼ਾਲ ਬਾਂਸਲ, ਅਮਿਤ ਗੁਪਤਾ, ਸਾਮ ਮੁਰਾਰੀ ਬਾਂਸਲ, ਕੇਸ਼ਵ ਪਾਠਕ, ਵਿਨੋਦ ਗਰਗ ਅਤੇ ਰਾਜ ਕੁਮਾਰ ਗਰਗ ਵੀ ਮੌਜੂਦ ਸਨ।

## ਸ੍ਰੀ ਬਾਂਕੇ ਬਿਹਾਰੀ ਯੂਥ ਕਲੱਬ ਨੇ ਅਗਰੈਸਨ ਜੈਯੰਤੀ ਮੌਕੇ 501 ਬੂਟੇ ਵੰਡੇ



ਸਮਾਣਾ, 22 ਸਤੰਬਰ (ਵਿਜੇ ਕੁਮਾਰ/ਜਵੰਦਾ): ਸ੍ਰੀ ਬਾਂਕੇ ਬਿਹਾਰੀ ਯੂਥ ਕਲੱਬ ਵੱਲੋਂ ਫਲਾਂ ਦੇ ਬੂਟਿਆਂ ਦਾ ਲੰਗਰ ਮਹਾਰਾਜ ਸ੍ਰੀ ਅਗਰਸੈਨ ਜੀ ਦੀ 5149ਵੀ ਜੈਯੰਤੀ ਦੇ ਪਾਵਨ ਮੌਕੇ 'ਤੇ ਸਥਾਨਕ ਅਗਰਸੈਨ ਚੌਂਕ ਸਮਾਣਾ ਵਿਖੇ ਲਗਾਇਆ ਗਿਆ। ਇਸ ਮੌਕੇ ਕਲੱਬ ਵੱਲੋਂ ਅਮਰੂਦ ਅਤੇ ਜਾਮਣ ਦੇ 501 ਬੂਟੇ ਸ਼ਹਿਰ ਵਾਸੀਆਂ ਵਿੱਚ ਵੰਡੇ ਗਏ। ਕਲੱਬ ਪ੍ਰਧਾਨ ਨੇ ਦੱਸਿਆ ਕਿ ਕਲੱਬ ਵਲੋ ਪਿਛਲੇ ਕਈ ਸਾਲਾਂ ਤੋਂ ਇਸ ਮੁਹਿਮ ਰਾਹੀਂ ਵਾਤਾਵਰਨ ਪ੍ਰਤੀ ਜਾਗਰੂਕਤਾ ਫੈਲਾਉਣਾ ਅਤੇ ਹਰੇ ਭਰੇ ਸ਼ਹਿਰ ਦਾ ਸੁਨੇਹਾ ਲੋਕਾਂ ਤੱਕ ਪਹੁੰਚਾਉਣਾ ਦਾ ਕਾਰਜ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਕਲੱਬ ਵੱਲੋਂ ਸ਼ਹਿਰ ਦੇ ਵੱਖ-ਵੱਖ ਸਕੂਲਾਂ,ਪਾਰਕਾਂ ਅਤੇ ਸਾਰਵਜਨਿਕ ਥਾਵਾਂ ਵਿੱਚ ਕਈ ਕਿਸਮਾਂ ਦੇ ਬੂਟੇ ਲਗਾਏ ਗਏ ਹਨ, ਤੇ ਉਹਨਾਂ ਦੀ ਸੰਭਾਲ ਵੀ ਕੀਤੀ ਜਾ ਰਹੀ ਹੈ। ਇਸ ਮੌਕੇ ਸਮਾਜ ਸੇਵੀ ਜੀਵਨ ਗਰਗ ਨੇ ਸੰਸਥਾ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ।

## ਬੌਣਾ ਵਾਇਰਸ ਅਤੇ ਹਲਦੀ ਰੋਗ ਨਾਲ ਹੋਏ ਝੋਨੇ ਦੇ ਨੁਕਸਾਨ ਦੀ ਵਿਸ਼ੇਸ਼ ਗਿਰਦਾਵਰੀ ਹੋਵੇਗੀ : ਡਾ. ਬਲਬੀਰ ਸਿੰਘ



ਨਾਭਾ, 22 ਸਤੰਬਰ (ਬਲਜਿੰਦਰ ਮਾਨ/ਚੌਧਰੀਮਾਜਰਾ) : ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਬੌਣਾ ਵਾਇਰਸ (ਸਦਰਨ ਰਾਈਸ ਬਲੈਕ ਸਟ੍ਰੀਕਡ ਡਾਰਫ਼ ਵਾਇਰਸ), ਹਲਦੀ ਰੋਗ (ਝੂਠੀ ਕਾਂਗਿਆਰੀ) ਅਤੇ ਸਥਾਨਕ ਹੜ੍ਹ ਕਾਰਨ ਖਰਾਬ ਹੋਈ ਝੋਨੇ ਦੀ ਫ਼ਸਲ ਦਾ ਅੰਦਾਜ਼ਾ ਲਗਾਉਣ ਲਈ ਸਰਵੇ ਕਰਕੇ ਵਿਸ਼ੇਸ਼ ਗਿਰਦਾਵਰੀ ਕਰਵਾਈ ਜਾਵੇਗੀ। ਉਨ੍ਹਾਂ ਪ੍ਰਭਾਵਿਤ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੀ ਫ਼ਸਲ ਵਿਸ਼ੇਸ਼ ਗਿਰਦਾਵਰੀ ਹੋਣ ਤੱਕ ਨਾ ਵਹਾਉਣ ਕਿਉਂਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਜਲਦ ਹੀ ਵਿਸ਼ੇਸ਼ ਗਿਰਦਾਵਰੀ ਕਰਕੇ ਕਿਸਾਨਾਂ ਨੂੰ ਮੁਆਵਜ਼ਾ ਦੇਣ ਨੂੰ ਹਰੀ ਝੰਡੀ ਦਿੱਤੀ ਹੈ, ਕਿਉਂਕਿ ਕਿਸਾਨਾਂ ਨੇ ਆਪਣੀਆਂ ਫ਼ਸਲਾਂ ਨੂੰ ਪਾਲਣ 'ਤੇ ਵੱਡਾ ਖਰਚ ਕੀਤਾ ਸੀ ਪਰ ਪਕਣ ਸਮੇਂ ਇਸ ਵਾਇਰਸ ਕਾਰਨ ਕਿਸਾਨਾਂ ਦਾ ਵੱਡਾ ਨੁਕਸਾਨ ਹੋਇਆ ਹੈ।ਲਗਾਤਾਰ ਦੂਜੇ ਦਿਨ, ਡਾ. ਬਲਬੀਰ ਸਿੰਘ ਨੇ ਪਟਿਆਲਾ ਜ਼ਿਲ੍ਹੇ ਦੇ ਪਿੰਡਾਂ ਇੱਛੇਵਾਲ, ਰੋਹਟੀ ਬਸਤਾ, ਰੋਹਟੀ ਮੌੜਾ, ਰੋਹਟਾ, ਲੁਬਾਣਾ ਕਰਮੂ, ਕੈਦੂਪੁਰ ਅਤੇ ਧੰਗੇੜਾ ਦਾ ਦੌਰਾ ਕੀਤਾ। ਉਨ੍ਹਾਂ ਨਾਲ ਖੇਤੀਬਾੜੀ ਮਾਹਰ ਵੀ ਮੌਜੂਦ ਸਨ। ਕੈਬਨਿਟ ਮੰਤਰੀ ਨੇ ਚਿੰਤਾ ਪ੍ਰਗਟਾਈ ਕਿ ਪਟਿਆਲਾ ਜ਼ਿਲ੍ਹੇ ਵਿੱਚ ਲਗਭਗ 8,000 ਏਕੜ ਝੋਨੇ ਦੀ ਫ਼ਸਲ ਪ੍ਰਭਾਵਿਤ ਹੋ ਗਈ ਹੈ। ਇਸ ਦੌਰਾਨ ਖੇਤੀ ਅਫ਼ਸਰ ਅਵਨਿੰਦਰ ਸਿੰਘ ਮਾਨ, ਕੇ.ਵੀ.ਕੇ. ਅਸਿਸਟੈਂਟ ਡਾਇਰੈਕਟਰ ਹਰਦੀਪ ਸਿੰਘ, ਖੇਤੀ ਵਿਕਾਸ ਅਧਿਕਾਰੀ ਜੁਪਿੰਦਰ ਸਿੰਘ ਗਿੱਲ ਦੇ ਨਾਲ ਸੁਰੇਸ਼ ਰਾਏ, ਸਰਪੰਚ ਸੰਜੀਵ ਰਾਏ, ਚਮਕੌਰ ਸਿੰਘ , ਜਸਵੀਰ ਸਿੰਘ ਛੰਨਾ, ਗੋਗੀ, ਜਗਦੀਪ ਧੰਗੇੜਾ, ਧਰਵਿੰਦਰ ਰੋਹਟਾ ਤੇ ਬਚਿਤਰ ਲੁਬਾਣਾ ਸਮੇਤ ਪਿੰਡਾਂ ਦੇ ਕਿਸਾਨਾਂ ਅਤੇ ਸਥਾਨਕ ਆਗੂ ਵੀ ਹਾਜ਼ਰ ਸਨ।

# ਰੋਟਰੀ ਕਲੱਬ ਸਮਾਣਾ ਡਾਇਨਾਮਿਕ ਨੇ ਅੱਖਾਂ ਦੇ ਆਪ੍ਰੇਸ਼ਨ ਤੇ ਦੰਦਾਂ ਦਾ ਮੁਫਤ ਚੈਕਅਪ ਕੈਂਪ ਲਗਾਇਆ

*ਵਿਧਾਇਕ ਜੌੜਾਮਾਜਰਾ ਵੱਲੋਂ ਉਦਘਾਟਨ*




ਸਮਾਣਾ, 22 ਸਤੰਬਰ (ਵਿਜੇ ਕੁਮਾਰ/ਜਵੰਦਾ) : 5149ਵੀਂ ਅਗਰਸੈਨ ਜਯੰਤੀ ਦੇ ਸ਼ੁਭ ਮੌਕੇ 'ਤੇ ਰੋਟਰੀ ਕਲੱਬ ਸਮਾਣਾ ਡਾਇਨਾਮਿਕ ਵੱਲੋਂ ਪ੍ਰਧਾਨ ਦਰਸ਼ਨ ਮਿੱਤਲ, ਸੈਕਟਰੀ ਸੁਮਿਤ ਗਰਗ, ਕੈਸ਼ੀਅਰ ਅਸ਼ੋਕ ਗਰਗ ,ਪ੍ਰਾਜੈਕਟ ਚੇਅਰਮੈਨ ਰਾਕੇਸ਼ ਗਰਗ ਅਤੇ ਸੰਜੀਵ ਬਾਂਸਲ ਦੀ ਅਗਵਾਈ 'ਚ ਸਥਾਨਕ ਅਗਰਵਾਲ ਧਰਮਸ਼ਾਲਾ 'ਚ ਅੱਖਾਂ ਦੇ ਆਪਰੇਸ਼ਨਾਂ ਤੋਂ ਇਲਾਵਾ ਹੱਡੀਆਂ,ਦੰਦਾਂ ਅਤੇ ਜਨਾਨਾ ਰੋਗਾ ਦਾ ਮੁਫ਼ਤ ਚੈਕਅਪ ਕੈਂਪ ਲਗਾਇਆ ਗਿਆ, ਜਿਸ ਦਾ ਉਦਘਾਟਨ ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਵੱਲੋਂ ਕੀਤਾ ਗਿਆ। ਉਨ੍ਹਾਂ ਕਲੱਬ ਅਤੇ ਮਿੱਤਲ ਪਰਿਵਾਰ ਦੀ ਸ਼ਲਾਘਾ ਕਰਦਿਆਂ ਕਿਹਾ ਅਜਿਹੇ ਸੇਵਾ ਦੇ ਕਾਰਜ ਬਹੁਤ ਸਾਰੇ ਜ਼ਰੂਰਤਮੰਦ ਪ੍ਰੀਵਾਰਾਂ ਲਈ ਲਾਹੇਵੰਦ ਸਾਬਤ ਹੁੰਦੇ ਹਨ।ਇਹ ਪ੍ਰਾਜੈਕਟ ਪਵਨ ਮਿੱਤਲ, ਦਰਸ਼ਨ ਮਿੱਤਲ, ਸੋਮਨਾਥ ਮਿੱਤਲ, ਨਰਿੰਦਰ ਮਿੱਤਲ (ਬਿਲਡਰ ਅਤੇ ਡਿਵੈਲਪਰ) ਅਤੇ ਰਾਜੀ ਮਿੱਤਲ ਵੱਲੋਂ ਆਪਣੇ ਸਵ: ਮਾਤਾ-ਪਿਤਾ ਸ਼੍ਰੀਮਤੀ ਵਿਦਿਆ ਦੇਵੀ ਅਤੇ ਵੀਰ ਭਾਨ ਮਿੱਤਲ (ਸ਼ਾਦੀਪੁਰ ਵਾਲਿਆਂ) ਦੀ ਯਾਦ 'ਚ ਸਪਾਂਸਰ ਗਏ ਸਨ।ਕੈਂਪ ਦੌਰਾਨ ਅੱਖਾਂ ਦੇ ਮਾਹਿਰ ਡਾ: ਸਮਨ ਗਰਗ ਵੱਲੋਂ 150 ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕਰਕੇ 60 ਲੋੜਵੰਦ ਮਰੀਜ਼ਾਂ ਦੀਆਂ ਅੱਖਾਂ ਵਿਚ ਲੈਂਜ ਪਾ ਕੇ ਆਪਰੇਸ਼ਨ ਕੀਤੇ ਜਾਣਗੇ। ਇਸੇ ਤਰਾਂ ਦੰਦਾ ਦੇ ਮਾਹਿਰ ਡਾ: ਹਿਮਾਂਸ਼ੂ ਕੁਮਾਰ ਵੱਲੋਂ 50 ਦੇ ਕਰੀਬ ਮਰੀਜ਼ਾਂ ਦੇ ਦੰਦਾਂ ਦੀ ਜਾਂਚ ਕਰਕੇ ਜ਼ਰੂਰਤਮੰਦਾਂ ਨੂੰ ਮੁਫਤ ਦਵਾਈ ਮੁਹੱਈਆ ਕਰਵਾਈ ਅਤੇ ਕ੍ਰਿਸ਼ਨਾ ਲੈਬੋਰੇਟਰੀ ਦੇ ਅਨਮੋਲ ਗੋਇਲ ਵੱਲੋਂ ਮਰੀਜ਼ਾਂ ਦੇ ਮੁਫਤ ਸੂਗਰ ਟੈਸਟ ਕੀਤੇ ਗਏ। ਇਸ ਮੌਕੇ ਉਦਯੋਗਪਤੀ ਰਮੇਸ਼ ਗਰਗ,ਸਾਬਕਾ ਪ੍ਰਧਾਨ ਕਪੂਰ ਚੰਦ ਬਾਂਸਲ, ਅਗਰਵਾਲ ਧਰਮਸ਼ਾਲਾ ਕਮੇਟੀ ਪ੍ਰਧਾਨ ਮਦਨ ਮਿੱਤਲ, ਜਿਲਾ ਗਵਰਨਰ ਰੋਟਰੀ ਕਲੱਬ ਸੀ.ਏ ਅਮਿਤ ਸਿੰਗਲਾ, ਅਗਰਵਾਲ ਸਭਾ ਦੇ ਪ੍ਰਧਾਨ ਪਵਨ ਬਾਂਸਲ, ਕੇਵਲ ਕ੍ਰਿਸ਼ਨ ਮਿੱਤਲ, ਜੀਵਨ ਬਘਰੋਲ, ਰੋਟਰੀ ਕਲੱਬ ਸੈਂਟਰਲ ਪ੍ਰਧਾਨ ਪ੍ਰਦੀਪ ਮਿੰਕਾ, ਬ੍ਰਿਸ਼ਭਾਨ ਕਾਂਸਲ,ਸੀਤਾ ਰਾਮ ਗੁਪਤਾ ਤੋਂ ਇਲਾਵਾ ਕਲੱਬ ਮੈਂਬਰ ਅਨਿਲ ਗਰਗ, ਗੌਤਮ ਗਰਗ, ਦੀਪਕ ਗੋਇਲ, ਨਵਨੀਤ ਗਰਗ, ਕੈਲਾਸ਼, ਸੌਰਵ ਗਰਗ, ਧਰਮਵੀਰ ਗਰਗ, ਆਚੀਤ ਸਿੰਗਲਾ, ਰਕੇਸ਼ ਗਰਗ, ਮੁਕੇਸ਼ ਬੰਸਲ, ਸਨੀ ਘਈ, ਅਸ਼ਵਨੀ ਵਰਮਾ, ਲੱਕੀ ਬਾਂਸਲ, ਗੌਤਮ ਅਗਰਵਾਲ, ਮੁਨੀਸ਼ ਗਰਗ, ਚੇਤਨ ਗੁਪਤਾ, ਸੰਦੀਪ ਮਿੱਤਲ, ਵਿੱਕੀ ਮਿੱਤਲ, ਅੰਕੁਸ਼ ਗੋਇਲ, ਕੋਮਲ, ਪ੍ਰਿੰਕਲ ਸਿੰਗਲਾ, ਵਿਜੇ ਗਰਗ, ਸ਼ਕਤੀ ਸਿੰਗਲਾ, ਲਵਲੀ ਆਦਿ ਵੀ ਸ਼ਾਮਲ ਸਨ।

# ਗਿਆਨਦੀਪ ਮੰਚ ਵੱਲੋਂ ਪੁਸਤਕ 'ਅਹਿਸਾਸ' ਦਾ ਲੋਕ ਅਰਪਣ



ਪਟਿਆਲਾ, 22 ਸਤੰਬਰ (ਚ.ਨ.ਸ.) : ਗਿਆਨਦੀਪ ਸਾਹਿਤ ਸਾਧਨਾ ਮੰਚ (ਰਜਿ.) ਪਟਿਆਲਾ ਵੱਲੋਂ ਭਾਸ਼ਾ ਵਿਭਾਗ ਦੇ ਸੈਮੀਨਾਰ ਹਾਲ ਵਿੱਚ ਇੱਕ ਸਾਹਿਤਕ ਸਮਾਗਮ ਕਰਵਾਇਆ ਗਿਆ। ਡਾ. ਜੀ ਐਸ ਆਨੰਦ ਦੀ ਪ੍ਰਧਾਨਗੀ ਹੇਠ ਹੋਏ ਇਸ ਸਮਾਗਮ ਵਿੱਚ ਸ਼ਾਇਰਾ ਮਨਜੀਤ ਕੌਰ ਅਜ਼ਾਦ (ਪ੍ਰਿੰਸੀਪਲ ਰਿਟਾ.) ਦੀ ਕਾਵਿ ਪੁਸਤਕ 'ਅਹਿਸਾਸ' ਨੂੰ ਲੋਕ ਅਰਪਣ ਕੀਤਾ ਗਿਆ। ਸਮਾਗਮ ਦਾ ਅਗਾਜ਼ ਕਰਦਿਆਂ ਮੰਚ ਦੇ ਜਨਰਲ ਸਕੱਤਰ ਬਲਬੀਰ ਜਲਾਲਾਬਾਦੀ ਨੇ ਮਨਜੀਤ ਕੌਰ 'ਅਜ਼ਾਦ' ਦੀ ਸਿਰਜਣ ਪ੍ਰਕਿਰਿਆ ਅਤੇ ਪੁਸਤਕ ਸੰਬੰਧੀ ਜਾਣਕਾਰੀ ਸਾਂਝੀ ਕੀਤੀ। ਮੁੱਖ ਮਹਿਮਾਨ ਵਜੋਂ ਬੋਲਦਿਆਂ ਡਾ. ਪਰਮਿੰਦਰ ਜੀਤ ਕੌਰ ਨੇ ਕਿਹਾ ਕਿ ਕਵਿੱਤਰੀ ਨੇ ਆਪਣੇ ਅਹਿਸਾਸਾਂ ਰਾਹੀਂ ਸਮਾਜ ਦੇ ਦਰਦ ਨੂੰ ਸ਼ਬਦਾਂ ਵਿੱਚ ਪਰੋਣ ਦਾ ਯਤਨ ਕੀਤਾ ਹੈ। ਪੇਪਰ ਵਕਤਾ ਵਜੋਂ ਬੋਲਦਿਆਂ ਡਾ ਅਰਵਿੰਦਰ ਕੌਰ ਕਾਕੜਾ ਦਾ ਤਰਕ ਸੀ ਕਿ ਕਵਿੱਤਰੀ ਦੀ ਮਾਨਵਵਾਦੀ ਸੋਚ ਸਮਾਜ ਵਿਚਲੇ ਕੁਹਜ ਨੂੰ ਚਿੱਤਰਮਾਨ ਕਰਦੀ ਹੋਈ ਰਿਸ਼ਤਿਆਂ ਨੂੰ ਜੀਵੰਤ ਰੱਖਣ ਲਈ ਚਿੰਤਤ ਹੈ।ਪੇਪਰ 'ਤੇ ਬਹਿਸ ਦਾ ਆਰੰਭ ਕਰਦਿਆਂ ਡਾ ਮਹੇਸ਼ ਗੌਤਮ ਨੇ ਵੀ ਪੁਸਤਕ ਨੂੰ ਦਰਦ ਦੀ ਕਵਿਤਾ ਕਿਹਾ। ਬਹਿਸ ਵਿੱਚ ਉਪਰੋਕਤ ਤੋਂ ਇਲਾਵਾ ਨਰਿੰਦਰ ਪਾਲ ਕੌਰ, ਬੀ.ਪੀ ਸਿੰਘ ਧਾਲੀਵਾਲ, ਸੁਰਿੰਦਰ ਕੌਰ ਵਰਮਾ ਅਤੇ ਚਰਨਜੀਤ ਕੌਰ ਨੇ ਵੀ ਵਿਚਾਰ ਪੇਸ਼ ਕੀਤੇ। ਪ੍ਰਧਾਨਗੀ ਭਾਸ਼ਣ ਦਿੰਦਿਆਂ ਡਾ. ਜੀ ਐੱਸ ਆਨੰਦ ਦਾ ਕਥਨ ਸੀ ਕਿ ਇਹ ਪੁਸਤਕ ਮਨੁੱਖ ਨੂੰ ਆਪਣੇ ਅੰਦਰ ਦੇ ਔਗੁਣਾਂ ਨੂੰ ਪਛਾਣਨ ਦਾ ਹੌਸਲਾ ਪ੍ਰਦਾਨ ਕਰਦੀ ਹੈ। ਮੰਚ ਵੱਲੋਂ ਕੁਲਵੰਤ ਸਿੰਘ ਨਾਰੀਕੇ ਦੀ ਸੰਪਾਦਨਾ ਹੇਠ ਛਪਦੇ ਮੈਗਜ਼ੀਨ 'ਗੁਸਈਆਂ' ਦਾ ਤਾਜ਼ਾ ਅੰਕ ਵੀ ਲੋਕ ਅਰਪਣ ਕੀਤਾ ਗਿਆ।ਕਵਿਤਾ ਦੇ ਸੈਸ਼ਨ ਵਿੱਚ ਹਾਜ਼ਰ ਨਾਮਵਰ ਕਵੀਆਂ ਵਿੱਚੋਂ ਡਾ. ਸੰਤੋਖ ਸੁੱਖੀ, ਗੁਰਚਰਨ ਸਿੰਘ ਚੰਨ ਪਟਿਆਲਵੀ, ਕੁਲਵੰਤ ਸੈਦੋਕੇ, ਬਚਨ ਸਿੰਘ ਗੁਰਮ, ਦਰਸ਼ਨ ਸਿੰਘ ਦਰਸ਼ ਪਸਿਆਣਾ, ਲਾਲ ਮਿਸਤਰੀ, ਡਾ. ਇੰਦਰ ਪਾਲ ਸਿੰਘ, ਨਵਦੀਪ ਮੁੰਡੀ, ਡਾ ਰਵੀ ਭੂਸ਼ਨ, ਅਵਤਾਰਜੀਤ, ਡਾ. ਗੁਰਵਿੰਦਰ ਸਿੰਘ ਅਮਨ, ਗੁਰਮੇਲ ਸਿੰਘ ਐਸ ਡੀ ਓ, ਮਨਦੀਪ ਮੈਂਡੀ, ਕਿਰਪਾਲ ਸਿੰਘ ਮੂਨਕ, ਰਾਮ ਸਿੰਘ ਬੰਗ, ਤੇਜਿੰਦਰ ਅਨਜਾਨਾ, ਜਸਵਿੰਦਰ ਖਾਰਾ, ਮੰਗਤ ਖਾਨ, ਬਲਬੀਰ ਸਿੰਘ ਦਿਲਦਾਰ, ਬਲਵਿੰਦਰ ਭੱਟੀ, ਡਾ ਤਰਲੋਚਨ ਕੌਰ, ਕ੍ਰਿਸ਼ਨ ਧੀਮਾਨ, ਜਸਵਿੰਦਰ ਕੌਰ, ਸੁਖਵਿੰਦਰ ਕੌਰ ਸੁੱਖ, ਬਲਵਿੰਦਰ ਕੌਰ ਥਿੰਦ, ਕੁਲਦੀਪ ਜੋਧਪੁਰੀ, ਪ੍ਰੋ. ਬਲਵੰਤ ਸਿੰਘ ਬੱਲੀ, ਜੋਗਾ ਸਿੰਘ ਧਨੌਲਾ, ਰਿਪਨਜੋਤ ਕੌਰ ਸੋਨੀ ਬੱਗਾ, ਮਹਿੰਦਰ ਸਿੰਘ ਜੱਗੀ, ਤੋਂ ਇਲਾਵਾ ਇੰਜੀ ਅਵਤਾਰ ਸਿੰਘ ਮਾਂਗਟ, ਗੁਰਸ਼ਰਨ ਜੀਤ ਸਿੰਘ, ਰਾਜੇਸ਼ਵਰ ਕੁਮਾਰ, ਰਾਜੇਸ਼ ਕੋਟੀਆ, ਤੇ ਮੁਕੇਸ਼ ਆਦਿ ਸ਼ਖ਼ਸੀਅਤਾਂ ਵੀ ਹਾਜ਼ਰ ਰਹੀਆਂ।



# ਪਟਿਆਲਾ-ਆਸ/ਪਾਸ



## ਪਰਾਲੀ ਸਾੜਨ ਦੀ ਰੋਕਥਾਮ ਲਈ ਵਿਭਾਗਾਂ 'ਚ ਆਪਸੀ ਤਾਲਮੇਲ ਜ਼ਰੂਰੀ: ਡਾ. ਪ੍ਰੀਤੀ ਯਾਦਵ




ਪਟਿਆਲਾ, 22 ਸਤੰਬਰ (ਰੁਪਾਣਾ): ਕਿਸਾਨਾਂ ਨੂੰ ਪਰਾਲੀ ਸਾੜਨ ਦੀ ਰੋਕਥਾਮ ਬਾਰੇ ਜਾਗਰੂਕ ਕਰਨ ਲਈ ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਪ੍ਰਬੰਧਕੀ ਕੰਪਲੈਕਸ ਪਟਿਆਲਾ ਵਿਖੇ ਰਾਜਪੁਰਾ ਅਤੇ ਦੂੱਧਨ ਸਾਧਾਂ ਦੇ ਐਸ.ਡੀ.ਐਮ., ਡੀ.ਐਸ.ਪੀਜ਼ ਅਤੇ ਨੋਡਲ ਅਧਿਕਾਰੀਆਂ ਨਾਲ ਬੈਠਕ ਕੀਤੀ। ਇਸ ਦੌਰਾਨ ਉਨ੍ਹਾਂ ਨੇ ਆਦੇਸ਼ ਦਿੱਤੇ ਕਿ ਸਮੂਹ ਅਧਿਕਾਰੀ ਖੁਦ ਮੈਦਾਨੀ ਦੌਰੇ ਕਰਨ ਅਤੇ ਕਿਸਾਨਾਂ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਪਰਾਲੀ ਨਾ ਸਾੜਨ ਲਈ ਪ੍ਰੇਰਿਤ ਕਰਨ। ਉਨ੍ਹਾਂ ਇਹ ਵੀ ਕਿਹਾ ਕਿ ਪਰਾਲੀ ਪ੍ਰਬੰਧਨ ਲਈ ਇਨ-ਸੀਟੂ ਅਤੇ ਐਕਸ-ਸੀਟੂ ਤਕਨੀਕਾਂ ਦੀ ਵਰਤੋਂ ਕਰਕੇ ਹਰ ਇਕ ਅਧਿਕਾਰੀ ਆਪਣਾ ਯੋਗਦਾਨ ਦੇਵੇ। ਡਾ. ਪ੍ਰੀਤੀ ਯਾਦਵ ਨੇ ਸਾਰੇ ਅਧਿਕਾਰੀਆਂ ਨੂੰ ਆਪਸੀ ਤਾਲਮੇਲ ਨਾਲ ਕੰਮ ਕਰਨ ਦੀ ਹਦਾਇਤ ਦਿੱਤੀ ਅਤੇ ਦੱਸਿਆ ਕਿ ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ। ਉਨ੍ਹਾਂ ਐਸ.ਡੀ.ਐਮਜ਼ ਨੂੰ ਕਿਹਾ ਕਿ ਬਲਾਕ ਪੱਧਰ 'ਤੇ ਪਰਾਲੀ ਸੁਰੱਖਿਆ ਟੀਮਾਂ ਦਾ ਗਠਨ ਕੀਤਾ ਜਾਵੇ ਜੋ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਰਗਰਮ ਹੋਣ। ਇਹ ਟੀਮਾਂ ਕਿਸਾਨਾਂ ਨੂੰ ਸਮਝਾਉਣ ਕਿ ਪਰਾਲੀ ਸਾੜਨ ਨਾਲ ਕੇਵਲ ਵਾਤਾਵਰਨ ਹੀ ਨਹੀਂ ਸਗੋਂ ਮਨੁੱਖੀ ਸਿਹਤ 'ਤੇ ਵੀ ਨੁਕਸਾਨਦਾਇਕ ਅਸਰ ਪੈਂਦੇ ਹਨ। ਡੀ ਸੀ ਨੇ ਇਹ ਵੀ ਦੱਸਿਆ ਕਿ ਟੀਮਾਂ ਵੱਲੋਂ ਕਿਸਾਨਾਂ ਨੂੰ ਆਧੁਨਿਕ ਉਪਕਰਨਾਂ ਦੀ ਜਾਣਕਾਰੀ ਦਿੱਤੀ ਜਾਵੇਗੀ ਅਤੇ ਪਰਾਲੀ ਪ੍ਰਬੰਧਨ ਲਈ ਸਿਰਫ਼ ਸੂਪਰ ਐਸ.ਐਮ.ਐਸ. ਮਸ਼ੀਨਾਂ ਦੀ ਵਰਤੋਂ ਹੀ ਕੀਤੀ ਜਾਵੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸੈਟੇਲਾਈਟ ਅਤੇ ਮੌਕੇ ਦੀ ਨਿਗਰਾਨੀ ਰਾਹੀਂ ਪਰਾਲੀ ਦੇ ਗੱਠਾਂ ਦੀ ਪਛਾਣ ਕੀਤੀ ਜਾ ਰਹੀ ਹੈ। ਜਿੱਥੇ-ਜਿੱਥੇ ਪਰਾਲੀ ਦੇ ਗੱਠ ਮਿਲਦੇ ਹਨ, ਉੱਥੇ ਟੀਮਾਂ ਤੁਰੰਤ ਪਹੁੰਚਣ ਅਤੇ ਕਿਸਾਨਾਂ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਪਰਾਲੀ ਨਾ ਸਾੜਨ ਲਈ ਪ੍ਰੇਰਿਤ ਕਰਨ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸਿਮਰਪ੍ਰੀਤ ਕੌਰ, ਅਮਰਿੰਦਰ ਸਿੰਘ ਟਿਵਾਣਾ, ਐਸ.ਡੀ.ਐਮ. ਕਿਰਪਾਲ ਵੀਰ ਸਿੰਘ, ਨਗਰ ਨਿਗਮ, ਸਹਿਕਾਰੀ ਵਿਭਾਗ, ਪ੍ਰਦੂਸ਼ਨ ਕੰਟਰੋਲ ਬੋਰਡ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

## ਐਸ.ਡੀ.ਐਮ. ਨੇ ਪਟਵਾਰੀਆਂ, ਨੰਬਰਦਾਰਾਂ ਨੂੰ ਪਰਾਲੀ ਪ੍ਰਬੰਧਨ ਲਈ ਕੀਤਾ ਲਾਮਬੰਦ

ਅਹਿਮਦਗੜ੍ਹ, 22 ਸਤੰਬਰ (ਚ.ਨ.ਸ.): ਉਪ ਮੰਡਲ ਮੈਜਿਸਟਰੇਟ (ਐਸ.ਡੀ.ਐਮ.) ਅਹਿਮਦਗੜ੍ਹ ਗੁਰਮੀਤ ਕੁਮਾਰ ਬਾਂਸਲ ਨੇ ਪਿਛਲੇ ਦਿਨੀਂ ਤਹਿਸੀਲ ਕੰਪਲੈਕਸ ਅਹਿਮਦਗੜ੍ਹ ਵਿਖੇ ਪਟਵਾਰੀਆਂ ਅਤੇ ਨੰਬਰਦਾਰਾਂ ਨਾਲ ਖਾਸ ਬੈਠਕ ਕਰਕੇ ਉਨ੍ਹਾਂ ਨੂੰ ਪਰਾਲੀ ਪ੍ਰਬੰਧਨ ਮੁਹਿੰਮ ਲਈ ਲਾਮਬੰਦ ਕੀਤਾ। ਇਸ ਮੌਕੇ ਉਨ੍ਹਾਂ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਹਰੇਕ ਪਟਵਾਰੀ ਤੇ ਨੰਬਰਦਾਰ ਆਪਣੇ ਕਾਰਜ ਖੇਤਰ ਵਿੱਚ ਕਿਸਾਨਾਂ ਨੂੰ ਲਗਾਤਾਰ ਜਾਗਰੂਕ ਕਰਨ। ਉਨ੍ਹਾਂ ਜ਼ੋਰ ਦਿੱਤਾ ਕਿ ਪਰਾਲੀ ਸਾੜਨਾ ਇੱਕ ਸਮਾਜਿਕ ਅਪਰਾਧ ਹੈ ਜੋ ਨਾ ਸਿਰਫ਼ ਵਾਤਾਵਰਨ ਨੂੰ ਪਲੀਤ ਕਰਦਾ ਹੈ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਨੂੰ ਵੀ ਖ਼ਤਰੇ ਵਿੱਚ ਪਾਂਦਾ ਹੈ। ਇਸ ਲਈ ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਪ੍ਰਸ਼ਾਸਨ ਦੇ ਸਹਿਯੋਗ ਨਾਲ ਜ਼ਿੰਮੇਵਾਰੀ ਨਿਭਾਉਂਦੇ ਹੋਏ ਪਰਾਲੀ ਦੇ ਪ੍ਰਬੰਧਨ ਲਈ ਅੱਗੇ ਆਉਣ। ਐਸ.ਡੀ.ਐਮ. ਨੇ ਜਾਣਕਾਰੀ ਦਿੱਤੀ ਕਿ ਝੋਨੇ ਦੀ ਕਟਾਈ ਲਈ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਹੀ ਕੰਬਾਇਨਾਂ ਦੇ ਇਸਤੇਮਾਲ ਦੀ ਇਜਾਜ਼ਤ ਹੈ। ਇਸ ਸਮੇਂ ਤੋਂ ਇਲਾਵਾ ਕੋਈ ਵੀ ਕੰਬਾਇਨ ਚਲਦੀ ਮਿਲੀ ਤਾਂ ਸੰਬੰਧਤ ਕਿਸਾਨ ਵਿਰੁੱਧ ਤੁਰੰਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਦੇ ਨਾਲ ਹੀ ਸਾਰੇ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕੀਤੇ ਗਏ ਹਨ ਕਿ ਉਹ ਛੁੱਟੀਆਂ ਦੇ ਦਿਨਾਂ 'ਤੇ ਵੀ ਬਿਨਾਂ ਆਗਿਆ ਸਥਾਨ ਨਾ ਛੱਡਣ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਸਰਪੰਚਾਂ, ਕਿਸਾਨ ਯੂਨੀਅਨਾਂ ਅਤੇ ਪ੍ਰਭਾਵਸ਼ਾਲੀ ਵਿਅਕਤੀਆਂ ਨਾਲ ਰੈਗੂਲਰ ਮੀਟਿੰਗਾਂ ਕਰਕੇ ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਰੋਕਣ ਲਈ ਪ੍ਰੇਰਿਤ ਕੀਤਾ ਜਾਵੇ। ਉਨ੍ਹਾਂ ਨੇ ਅਪੀਲ ਕੀਤੀ ਕਿ ਕਿਸਾਨ ਪਰਾਲੀ ਨੂੰ ਖੇਤਾਂ ਵਿੱਚ ਵਾਹਨ ਜਾਂ ਗੱਠਾਂ ਵਿੱਚ ਤਬਦੀਲ ਕਰਨ 'ਤੇ ਧਿਆਨ ਦੇਣ, ਜਿਸ ਨਾਲ ਵਾਤਾਵਰਨ ਪ੍ਰਦੂਸ਼ਨ ਤੋਂ ਬਚਾਇਆ ਜਾ ਸਕੇਗਾ।

## ਜ਼ਿਲ੍ਹਾ ਸਕੂਲ ਖੇਡਾਂ ਸਾਫਟਬਾਲ 'ਚ ਭੁਨਰਹੇੜੀ ਜ਼ੋਨ ਨੇ ਲੜਕੀਆਂ ਦੇ ਵਰਗਾਂ 'ਚ ਜਿੱਤੇ ਗੋਲਡ ਮੈਡਲ



ਭੁਨਰਹੇੜੀ, 22 ਸਤੰਬਰ (ਗੁਰਜੀਤ ਢੌਟ) : ਜ਼ਿਲ੍ਹਾ ਖੇਡ ਟੂਰਨਾਮੈਂਟ ਕਮੇਟੀ ਦੇ ਪ੍ਰਧਾਨ ਸੰਜੀਵ ਸ਼ਰਮਾ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਪਟਿਆਲਾ ਅਤੇ ਡਾ: ਰਵਿੰਦਰ ਪਾਲ ਸਿੰਘ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਦੇ ਦਿਸ਼ਾ ਨਿਰਦੇਸ਼ ਅਤੇ ਪ੍ਰਬੰਧਕ ਸਕੱਤਰ ਡਾ: ਦਲਜੀਤ ਸਿੰਘ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਤੇ ਸਕੱਤਰ ਜ਼ਿਲ੍ਹਾ ਟੂਰਨਾਮੈਂਟ ਚਰਨਜੀਤ ਸਿੰਘ ਭੁੱਲਰ ਦੇ ਤਾਲਮੇਲ ਨਾਲ 69ਵੀਆਂ ਜ਼ਿਲ੍ਹਾ ਸਕੂਲ ਖੇਡਾਂ ਕਰਵਾਈਆਂ ਜਾ ਰਹੀਆਂ ਹਨ। ਜ਼ਿਲ੍ਹਾ ਟੂਰਨਾਮੈਂਟ ਕਮੇਟੀ ਦੇ ਸਕੱਤਰ ਚਰਨਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਸਾਫਟਬਾਲ ਲੜਕੀਆਂ ਦੇ ਮੁਕਾਬਲੇ ਪੀਐਮਸ਼੍ਰੀ ਮਲਟੀਪਰਪਜ਼ ਸੀਨੀਅਰ ਸੈਕੰਡਰੀ ਸਕੂਲ ਪਾਸੀ ਰੋਡ ਪਟਿਆਲਾ ਵਿਖੇ ਕਰਵਾਏ ਗਏ। ਅੰਡਰ-14 ਲੜਕੀਆਂ ਦੇ ਮੁਕਾਬਲਿਆਂ ਵਿੱਚ ਭੁਨਰਹੇੜੀ ਜ਼ੋਨ ਨੇ ਪਹਿਲਾਂ, ਪਟਿਆਲਾ 3 ਜ਼ੋਨ ਨੇ ਦੂਜਾ ਤੇ ਘਨੌਰ ਜ਼ੋਨ ਨੇ ਤੀਜਾ, ਅੰਡਰ-17 ਲੜਕੀਆਂ ਦੇ ਮੁਕਾਬਲੇ ਵਿੱਚ ਉਹ ਭੁਨਰਹੇੜੀ ਜ਼ੋਨ ਨੇ ਪਹਿਲਾਂ, ਪਟਿਆਲਾ 3 ਜ਼ੋਨ ਨੇ ਦੂਜਾ ਤੇ ਘਨੌਰ ਜ਼ੋਨ ਨੇ ਤੀਜਾ, ਅੰਡਰ-19 ਲੜਕੀਆਂ ਦੇ ਮੁਕਾਬਲਿਆਂ ਵਿੱਚ ਉਹ ਭੁਨਰਹੇੜੀ ਜ਼ੋਨ ਨੇ ਪਹਿਲਾਂ, ਘਨੌਰ ਜ਼ੋਨ ਨੇ ਦੂਜਾ ਤੇ ਪਟਿਆਲਾ 2 ਜ਼ੋਨ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਭੁਨਰਹੇੜੀ ਜ਼ੋਨ ਦੇ ਜ਼ੋਨਲ ਸਕੱਤਰ ਤਰਸੇਮ ਸਿੰਘ ਨੇ ਲੜਕੀਆਂ ਦੇ ਸਾਫਟਬਾਲ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਤੇ ਟੀਮ ਦੇ ਮੈਨੇਜਰ ਗੌਰਵ ਬਿਰਦੀ ਅਤੇ ਖਿਡਾਰੀਆਂ ਨੂੰ ਵਧਾਈ ਦਿੱਤੀ। ਇਸ ਮੌਕੇ ਤੇ ਖੇਡ ਕਨਵੀਨਰ ਸ਼ਸ਼ੀ ਮਾਨ ਜ਼ੋਨਲ ਸਕੱਤਰ ਪਟਿਆਲਾ 3, ਹਰੀਸ਼ ਸਿੰਘ ਰਾਵਤ, ਪਵਿੱਤਰ ਸਿੰਘ, ਹਰਪ੍ਰੀਤ ਕੌਰ, ਖੇਡ ਇੰਚਾਰਜ ਅਮਿਤ ਕੁਮਾਰ ਹੈੱਡ ਮਾਸਟਰ ਖੇੜੀਬਰਨਾਂ, ਬਿਕਰਮ ਠਾਕੁਰ, ਗੁਰਜੰਟ ਸਿੰਘ, ਡਾ ਆਸਾ ਸਿੰਘ, ਇੰਦਰਜੀਤ ਕੌਰ, ਕਮਲਜੀਤ ਕੌਰ, ਡਾ ਨਿਧੀ, ਹਰਦੀਪ ਸਿੰਘ, ਸ਼ੰਕਰ ਨੇਗੀ, ਯਸ਼ਦੀਪ ਸਿੰਘ, ਪਵਨ ਕੁਮਾਰ, ਗੁਰਜੀਤ ਸਿੰਘ, ਅਖਿਲ ਬਜਾਜ, ਆਕਾਸ਼ਦੀਪ ਚੰਨਾ, ਰਾਜਿੰਦਰ ਸਿੰਘ ਚਾਨੀ, ਗੁਰਪ੍ਰੀਤ ਸਿੰਘ ਝੰਡਾ, ਰਾਕੇਸ਼ ਕੁਮਾਰ ਲਚਕਾਨੀ ਤੇ ਜਸਵਿੰਦਰ ਸਿੰਘ ਗੱਜੂਮਾਜਰਾ ਹਾਜ਼ਰ ਸਨ।

## ਹੜ੍ਹ ਪ੍ਰਭਾਵਿਤ ਏਰੀਏ ਦੇ ਸਕੂਲਾਂ 'ਚ ਵਿਦਿਆਰਥੀਆਂ ਨੂੰ ਸਕੂਲ ਬੈਗ ਤੇ ਹੋਰ ਸਟੇਸ਼ਨਰੀ ਦਿੱਤੀ



ਦੇਵੀਗੜ੍ਹ, 22 ਸਤੰਬਰ (ਗੁਰਜੀਤ ਢੌਟ) : ਉੱਘੀ ਸਮਾਜ ਸੇਵਿਕਾ ਰਵੀਇੰਦਰ ਕੌਰ ਰਾਣਾ ਸਿੱਧੂ ਅਤੇ ਉਹਨਾਂ ਦੇ ਪਰਿਵਾਰ ਵੱਲੋਂ ਸਮਾਜ ਸੇਵੀ ਸੰਸਥਾਵਾਂ ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ, ਯੂਥ ਫੈਡਰੇਸ਼ਨ ਆਫ ਇੰਡੀਆ , ਪਾਵਰ ਹਾਊਸ ਯੂਥ ਕਲੱਬ,ਯੂਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਨਾਲ ਦੇਵੀਗੜ੍ਹ ਦੇ ਹੜ ਪ੍ਰਭਾਵਿਤ ਏਰੀਏ ਦੇ ਸਕੂਲਾਂ ਅਤੇ ਹੋਰ ਸਕੂਲਾਂ ਰੱਤਾ ਖੇੜਾ,ਬਿੰਜਲ, ਐਹਰੂ ਖੁਰਦ, ਡਗਰੋਲੀ, ਐਹਰੂ ਕਲਾ, ਖ਼ਾਨਸਾ, ਮੋਹਲਗੜ ਦੇ 120 ਵਿਦਿਆਰਥੀਆਂ ਨੂੰ ਸਕੂਲ ਬੈਗ, ਕਾਪੀਆਂ, ਕਿਤਾਬਾਂ, ਪੈਨ, ਪੈਨਸਲ, ਜੈਮੇਟਰੀ ਬਾਕਸ ਅਤੇ ਹੋਰ ਸਟੇਸ਼ਨਰੀ ਦੇਣ ਲਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ, ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ ਪਟਿਆਲਾ ਪੁਲਿਸ, ਮੈਂਬਰ ਵੂਮੈਨ ਕੌਂਸਲਿੰਗ ਸੈਲ ਨੇ ਸ਼ਿਰਕਤ ਕੀਤੀ, ।ਪ੍ਰੋਗਰਾਮ ਦੀ ਪ੍ਰਧਾਨਗੀ ਉਪਕਾਰ ਸਿੰਘ ਪ੍ਰਧਾਨ ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ ਨੇ ਕੀਤੀ। ਵਿਸ਼ੇਸ਼ ਤੌਰ ਤੇ ਬੀਰਗੁਰਇੰਦਰ ਸਿੰਘ ਸਿੱਧੂ ,ਨਵਰਤਨਬੀਰ ਸਿੰਘ ਸਿੱਧੂ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ,ਗੁਰਿੰਦਰਪਾਲ ਸਿੰਘ ਸੰਧੂ, ਮੈਡਮ ਮਨਜੀਤ ਕੌਰ ਅਜ਼ਾਦ, ਬਲਵਿੰਦਰ ਕੌਰ,ਆਸਾ ਸ਼ਰਮਾ, ਰੁਦਰਪ੍ਰਤਾਪ ਸਿੰਘ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ,ਧਨਜੇ ਸਿੰਘ ਅਧਿਆਪਕ ਰੱਤਾ ਖੇੜਾ ਸਕੂਲ, ਅੰਕਿਤ ਡਗਰੋਲੀ,ਵਕੀਲ ਸਿੰਘ ਐਹਰੂ ਖੁਰਦ, ਰਵਨੀਤ ਸਿੰਘ ਬਿੰਜਲ, ਕੁਲਵਿੰਦਰ ਸਿੰਘ ਐਹਰੂ ਕਲਾ, ਦਵਿੰਦਰ ਸਿੰਘ ਖਾਸਾ, ਕੁਲਦੀਪ ਸਿੰਘ ਮੋਹਲਗੜ ਵੱਲੋਂ ਵੀ ਭਰਪੂਰ ਸਹਿਯੋਗ ਦਿੱਤਾ ਗਿਆ। ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਉਪਕਾਰ ਸਿੰਘ ਨੇ ਕਿਹਾ ਕਿ ਮੈਡਮ ਰਵੀਇੰਦਰ ਕੌਰ ਰਾਣਾ ਸਿੱਧੂ ਅਤੇ ਉਹਨਾਂ ਦੇ ਪਰਿਵਾਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹਨਾਂ ਵੱਲੋਂ ਪੰਜਾਬ ਵਿੱਚ ਆਏ ਹੜ੍ਹਾਂ ਦੌਰਾਨ ਪ੍ਰਭਾਵਿਤ ਏਰੀਏ ਦੇ ਸਕੂਲਾਂ ਦੇ ਵਿਦਿਆਰਥੀਆਂ ਲਈ ਸਕੂਲ ਬੈਗ, ਕਾਪੀਆਂ, ਕਿਤਾਬਾਂ, ਪੈਨ, ਪੈਨਸਲ, ਜਮੈਟਰੀ ਬਾਕਸ ਅਤੇ ਹੋਰ ਸਟੇਸ਼ਨਰੀ ਦੇਣਾ ਬਹੁਤ ਹੀ ਪ੍ਰਸੰਸਾਯੋਗ ਉਪਰਾਲਾ ਹੈ। ਉਹਨਾਂ ਹੋਰਨਾਂ ਸਮਾਜ ਸੇਵੀ ਸੰਸਥਾਵਾਂ ਨੂੰ ਵੀ ਅਪੀਲ ਕੀਤੀ ਕਿ ਉਹੋ ਵੀ ਵੱਧ ਤੋਂ ਵੱਧ ਹੜ ਪੀੜਤਾਂ ਦੀ ਮਦਦ ਲਈ ਅੱਗੇ ਆਉਣ ਉਹਨਾਂ ਕਿਹਾ ਕਿ ਹੁਣ ਲੋੜ ਹੈ ਆਪਣੇ ਪੰਜਾਬ ਦੇ ਲੋਕਾਂ ਨਾਲ ਖੜਨ ਦੀ ਜਿਹੜੇ ਹੜਾ ਕਾਰਨ ਘਰੋਂ ਬੇਘਰ ਹੋ ਗਏ ਹਨ। ਉਹਨਾਂ ਕਿਹਾ ਕਿ ਪੰਜਾਬ ਦੇ ਜਿਹੜੇ ਜ਼ਿਲਿਆਂ ਵਿਚ ਹੜ ਨਹੀਂ ਆਏ ਉਥੋਂ ਦੀ ਪਬਲਿਕ ਨੂੰ ਹੁਣ ਵੀ ਅਤੇ ਹੜ੍ਹ ਦਾ ਪਾਣੀ ਉਤਰਨ ਤੋਂ ਬਾਅਦ ਵੀ ਹੜ੍ਹ ਪੀੜਤ ਪਰਿਵਾਰਾਂ ਦੀ ਮਦਦ ਕਰਨ ਲਈ ਵੱਧ ਤੋਂ ਵੱਧ ਸਹਿਯੋਗ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।

## ਸਾਫ਼ ਹਵਾ, ਪਾਣੀ ਅਤੇ ਉਪਜਾਊ ਜ਼ਮੀਨ ਆਉਂਦੀਆਂ ਪੀੜ੍ਹੀਆਂ ਲਈ ਛੱਡਣਾ ਸਾਡਾ ਨੈਤਿਕ ਅਤੇ ਸਮਾਜਿਕ ਫ਼ਰਜ਼ : ਡੀ.ਸੀ.

### ☛ਡੀ. ਸੀ. ਨੇ ਪਿੰਡ ਝੱਲ ਅਤੇ ਬਨਭੌਰਾ ਵਿਖੇ ਕੀਤੀ ਨੁਕੜ ਮੀਟਿੰਗ



ਅਮਰਗੜ੍ਹ/ਮਲੇਰਕੋਟਲਾ, 22 ਸਤੰਬਰ (ਚ.ਨ.ਸ.) : 'ਪਵਣੁ ਗੁਰੂ, ਪਾਣੀ ਪਿਤਾ, ਮਾਤਾ ਧਰਤਿ ਮਹਤੁ'- ਇਹ ਸੰਦੇਸ਼ ਸਾਰੀ ਦੁਨੀਆ ਦੇ ਵਾਤਾਵਰਨੀ ਸੰਕਟ ਦਾ ਹੱਲ ਹੈ ਅਤੇ ਇਸ ਉੱਤੇ ਅਮਲ ਕੀਤੇ ਬਿਨ੍ਹਾਂ ਮਨੁੱਖਤਾ ਦੀ ਟਿਕਾਊ ਵਿਕਾਸ ਯਾਤਰਾ ਅਸੰਭਵ ਹੈ।ਇਹ ਗੱਲ ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਨੇ ਪਿੰਡ ਝੱਲ ਅਤੇ ਪਿੰਡ ਬਨਭੌਰਾ ਵਿਖੇ ਕਿਸਾਨਾਂ ਨੂੰ ਪਰਾਲੀ ਦੇ ਯੋਗ ਪ੍ਰਬੰਧਨ ਲਈ ਆਯੋਜਤ ਨੁੱਕੜ ਮੀਟਿੰਗ ਦੌਰਾਨ ਕਹੀ । ਉਨ੍ਹਾਂ ਕਿਸਾਨਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਧਰਤੀ ਮਾਂ ਦੀ ਸਿਹਤ ਸੰਭਾਲਣਾ ਸਾਡੇ ਸਾਰਿਆਂ ਦਾ ਫ਼ਰਜ਼ ਹੈ। ਉਨ੍ਹਾਂ ਕਿਹਾ ਕਿ ਸਾਫ਼ ਹਵਾ, ਪਾਣੀ ਅਤੇ ਉਪਜਾਊ ਜ਼ਮੀਨ ਆਉਂਦੀਆਂ ਪੀੜ੍ਹੀਆਂ ਲਈ ਛੱਡਣਾ ਸਾਡਾ ਨੈਤਿਕ ਅਤੇ ਸਮਾਜਿਕ ਫ਼ਰਜ਼ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਕਿਸਾਨਾਂ ਦੇ ਸਹਿਯੋਗ ਨਾਲ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਜ਼ੀਰੋ (ਨਿਲ) ਕਰਨ ਲਈ ਲਗਾਤਾਰ ਜਾਗਰੂਕਤਾ ਕੈਂਪਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਨੇ ਆਸ ਜਤਾਈ ਕਿ ਪਿਛਲੇ ਸਾਲਾਂ ਵਾਗ ਇਸ ਸਾਲ ਵੀ ਪਰਾਲੀ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਦੇ ਗਰਾਫ ਵਿੱਚ ਕਮੀ ਆਵੇਗੀ ਅਤੇ ਮਾਲੇਰਕੋਟਲਾ ਜ਼ਿਲ੍ਹਾ ਪਰਾਲੀ ਪ੍ਰਬੰਧਨ ਦੀ ਨਵੀਂ ਅਬਾਰਤ ਲਿਖੇਗਾ । ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਨਾਂ ਕੇਵਲ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ, ਸਗੋਂ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਘਟਦੀ ਹੈ ਅਤੇ ਮਨੁੱਖੀ ਸਿਹਤ 'ਤੇ ਬੁਰਾ ਪ੍ਰਭਾਵ ਪੈਂਦਾ ਹੈ। ਉਨ੍ਹਾਂ ਅਪੀਲ ਕੀਤੀ ਕਿ ਕਿਸਾਨ ਭਰਾ ਪਰਾਲੀ ਨੂੰ ਅੱਗ ਲਗਾਉਣ ਦੀ ਬਜਾਏ ਇਸਨੂੰ ਖੇਤਾਂ ਵਿੱਚ ਮਿਲਾ ਕੇ ਮਿੱਟੀ ਨੂੰ ਉਪਜਾਊ ਬਣਾਉਣ। ਉਨ੍ਹਾਂ ਇੱਕਤਰ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਰਕਾਰੀ ਖਰੀਦ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ ਉਹ ਅਨਾਜ ਮੰਡੀਆਂ ਵਿੱਚ ਸਿਰਫ਼ 17 ਫ਼ੀਸਦੀ ਜਾਂ ਇਸ ਤੋਂ ਘੱਟ ਨਮੀ ਵਾਲਾ ਸੁੱਕਾ ਝੋਨਾ ਹੀ ਲੈ ਕੇ ਆਉਣ ਅਤੇ ਤਾਂ ਜੋ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤ ਪੇਸ਼ ਨਾ ਆਵੇ । ਮੁੱਖ ਖੇਤੀਬਾੜੀ ਵਿਕਾਸ ਅਫਸਰ ਅਤੇ ਹੋਰ ਮਾਹਿਰਾਂ ਨੇ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ ਉਪਲੱਬਧ ਸੁਵਿਧਾਵਾਂ ਅਤੇ ਕੌਮੀ ਗਰੀਨ ਟ੍ਰਿਬਿਊਨਲ ਦੀਆਂ ਹਦਾਇਤਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਮੌਕੇ ਵੱਖ -ਵੱਖ ਵਿਭਾਗਾਂ ਅਧਿਕਾਰੀਆਂ ਤੋਂ ਇਲਾਵਾ ਐਸ.ਡੀ.ਐਮ. ਅਮਰਗੜ੍ਹ ਸੁਰਿੰਦਰ ਕੌਰ ਸਰਪੰਚ ਬਨਭੌਰਾ ਮਨਦੀਪ ਕੌਰ ,ਸਰਪੰਚ ਝੱਲ ਸੁਖਵਿੰਦਰ ਸਿੰਘ ਸਮੂਹ ਗਰਾਮ ਪੰਚਾਇਤ ਮੈਂਬਰਾਂ ਨਾਲ ਮੌਜੂਦ ਸਨ।

## 60 ਬੋਤਲਾਂ ਸ਼ਰਾਬ ਬ੍ਰਾਮਦ

ਪਟਿਆਲਾ, 22 ਸਤੰਬਰ (ਵਿਨੋਦ ਸ਼ਰਮਾ) : ਥਾਣਾ ਸਿਵਲ ਲਾਇਨ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀਆਂ ਮੇਜਰ ਸਿੰਘ, ਕੁਲਦੀਪ ਸਿੰਘ ਵਾਸੀ ਪਿੰਡ ਜੱਸੋਵਾਲ ਥਾਣਾ ਤ੍ਰਿਪੜੀ ਵਿਰੁੱਧ ਧਾਰਾ 61, 1, 14 ਮਾਮਲਾ ਦਰਜ ਕੀਤਾ ਹੈ। ਹੌਲਦਾਰ ਕੁਲਦੀਪ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਅਬਲੋਵਾਲ ਪੁਲੀ ਮੌਜੂਦ ਸੀ, ਜੋ ਮੁਖਬਰ ਦੀ ਇਤਲਾਹ ਪਰ ਪੀਆਰਟੀਸੀ ਵਰਕਸ਼ਾਪ ਨਾਭਾ ਰੋਡ ਪਟਿਆਲਾ 'ਤੇ ਨਾਕਾਬੰਦੀ ਕਰਕੇ ਕਥਿਤ ਦੋਸ਼ੀਆਂ ਦੇ ਮੋਟਰਸਾਇਕਲ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 36 ਬੋਤਲਾਂ ਸ਼ਰਾਬ ਠੇਕਾ ਦੇਸੀ ਹਰਿਆਣਾ ਦੀਆਂ ਬ੍ਰਾਮਦ ਹੋਈਆਂ। ਇਸੇ ਤਰ੍ਹਾਂ ਥਾਣਾ ਸਦਰ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਗੁਰਮੀਤ ਸਿੰਘ ਵਾਸੀ ਪਿੰਡ ਮਿਰਜਾਪੁਰ ਥਾਣਾ ਅਨਾਜ ਮੰਡੀ ਵਿਰੁੱਧ ਧਾਰਾ 61, 1, 14 ਮਾਮਲਾ ਦਰਜ ਕੀਤਾ ਹੈ। ਏਐਸਆਈ ਰਵਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਅੰਡਰ ਬ੍ਰਿਜ ਬਹਾਦਰਗੜ੍ਹ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਦੋਸ਼ੀ ਰਾਜਾ ਫਾਰਮ ਬਹਾਦਰਗੜ੍ਹ ਪਾਸ ਸ਼ਰਾਬ ਵੇਚਣ ਲਈ ਖੜ੍ਹਾ ਹੈ, ਜੋ ਰੇਡ ਕਰਨ ਪਰ 24 ਬੋਤਲਾਂ ਸ਼ਰਾਬ ਠੇਕਾ ਦੇਸੀ ਕਲੱਬ ਮਾਲਟਾ ਹਰਿਆਣਾ ਦੀਆਂ ਬ੍ਰਾਮਦ ਹੋਈਆਂ।

## ਜਾਨੋਂ ਮਾਰਨ ਦੀ ਨੀਅਤ ਨਾਲ ਗੋਲੀ ਚਲਾਉਣ ਦੇ ਮਾਮਲੇ 'ਚ ਚਾਰ ਅਣਪਛਾਤਿਆਂ ਸਮੇਤ 6 ਵਿਰੁੱਧ ਕੇਸ ਦਰਜ

ਸਮਾਣਾ, 22 ਸਤੰਬਰ (ਵਿਜੇ ਕੁਮਾਰ) : ਨਰੇਗਾ ਸਕੀਮ ਤਹਿਤ ਕੰਮ ਕਰਦੀ ਔਰਤ ਦੇ ਸਹੀ ਢੰਗ ਨਾਲ ਕੰਮ ਨਾ ਕਰਨ 'ਤੇ ਪਿੰਡ ਦੇ ਪੰਚਾਇਤ ਮੈਂਬਰ ਵੱਲੋਂ ਟੋਕਣ 'ਤੇ ਗੁੱਸੇ 'ਚ ਆਏ ਔਰਤ ਦੇ ਲੜਕੇ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਪੰਚਾਇਤ ਮੈਂਬਰ ਦੀ ਕੁੱਟਮਾਰ ਕਰਨ ਅਤੇ ਜਾਨੋਂ ਮਾਰਨ ਦੀ ਨੀਅਤ ਨਾਲ ਗੋਲੀ ਚਲਾਉਣ ਦੇ ਮਾਮਲੇ 'ਚ ਸਦਰ ਪੁਲਿਸ ਨੇ ਚਾਰ ਅਣਪਛਾਤੇ ਨੌਜਵਾਨਾਂ ਸਮੇਤ 6 ਲੋਕਾਂ ਖਿਲਾਫ ਆਰਮਜ਼ ਐਕਟ ਸਮੇਤ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ। ਮੁਲਜ਼ਮਾਂ ਵਿੱਚ ਸੰਜੂ ਸਿੰਘ ਪੁੱਤਰ ਖੁਸ਼ੀਆ ਸਿੰਘ ਅਤੇ ਪ੍ਰਵੀਨ ਕੁਮਾਰ ਪੁੱਤਰ ਸਰਦਾਰਾ ਸਿੰਘ ਵਾਸੀ ਪਿੰਡ ਖੱਤਰੀਵਾਲਾ ਵੀ ਸ਼ਾਮਲ ਹਨ। ਗਾਜੇਵਾਸ ਪੁਲਸ ਇੰਚਾਰਜ ਬਲਦੇਵ ਸਿੰਘ ਨੇ ਦੱਸਿਆ ਕਿ ਸਤਿਗੁਰੂ ਸਿੰਘ ਪੁੱਤਰ ਕਰਮਜੀਤ ਸਿੰਘ ਵਾਸੀ ਪਿੰਡ ਖੱਤਰੀਵਾਲਾ ਵੱਲੋਂ ਪੁਲਸ ਨੂੰ ਦਰਜ ਕਰਵਾਈ ਸ਼ਿਕਾਇਤ ਅਨੁਸਾਰ 13 ਸਤੰਬਰ ਦੀ ਰਾਤ ਨੂੰ ਉਹ ਆਪਣੇ ਪਿੰਡ ਦੇ ਨਗਰ ਖੇੜਾ ਵਿਖੇ ਮੱਥਾ ਟੇਕਣ ਗਿਆ ਸੀ ਅਤੇ ਮੱਥਾ ਟੇਕਣ ਤੋਂ ਬਾਅਦ ਉਥੇ ਚੌਂਕੀ 'ਤੇ ਬੈਠ ਗਿਆ। ਅੱਧੀ ਰਾਤ ਤੋਂ ਬਾਅਦ ਸੰਜੂ ਸਿੰਘ ਆਪਣੇ ਅਣਪਛਾਤੇ ਸਾਥੀਆਂ ਸਮੇਤ ਗੱਡੀ ਵਿੱਚ ਸਵਾਰ ਹੋ ਕੇ ਉੱਥੇ ਪਹੁੰਚਿਆ ਅਤੇ ਉਸਨੂੰ ਬੁਲਾ ਕੇ ਆਪਣੇ ਸਾਥੀਆਂ ਕੋਲ ਇੱਕ ਪਾਸੇ ਲੈ ਗਿਆ। ਮੁਲਜ਼ਮਾਂ ਦੇ ਹੱਥਾਂ ਵਿੱਚ ਰਾਡ, ਕਿਰਪਾਨ ਅਤੇ ਲਾਠੀਆਂ ਸਨ ਜਦਕਿ ਸੰਜੂ ਸਿੰਘ ਦੇ ਹੱਥ ਵਿੱਚ 12 ਬੋਰ ਦੀ ਬੰਦੂਕ ਸੀ। ਇਸੇ ਦੌਰਾਨ ਸੰਜੂ ਸਿੰਘ ਦੇ ਸਾਥੀਆਂ ਨੇ ਉਸ ਨਾਲ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ ਜਦਕਿ ਸੰਜੂ ਸਿੰਘ ਨੇ ਉਸ 'ਤੇ ਜਾਨੋਂ ਮਾਰਨ ਦੀ ਨੀਅਤ ਨਾਲ ਬੰਦੂਕ ਨਾਲ ਫਾਇਰ ਕਰ ਦਿੱਤਾ, ਜੋ ਉਸ ਦੇ ਨੇੜਿਓਂ ਲੰਘ ਗਿਆ। ਇਸ ਦੌਰਾਨ ਜਦੋਂ ਉਸ ਨੇ ਉਨ੍ਹਾਂ ਤੋਂ ਛੁੱਟ ਕੇ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨਾਲ ਫਿਰ ਤੋਂ ਕੁੱਟਮਾਰ ਕੀਤੀ ਗਈ। ਜ਼ਖ਼ਮੀ ਹਾਲਤ ਵਿੱਚ ਉਸ ਨੂੰ ਇਲਾਜ ਲਈ ਰਜਿੰਦਰਾ ਹਸਪਤਾਲ ਪਟਿਆਲਾ ਦਾਖਲ ਕਰਵਾਇਆ ਗਿਆ। ਅਧਿਕਾਰੀ ਅਨੁਸਾਰ ਪੁਲਿਸ ਨੇ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਦੋਸ਼ੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਨੂੰ ਜਲਦੀ ਹੀ ਕਾਬੂ ਕਰ ਲਿਆ ਜਾਵੇਗਾ।

## ਸੈਂਕੜੇ ਰਾਮ ਭਗਤਾਂ ਦੀ ਹਾਜ਼ਰੀ 'ਚ ਸ੍ਰੀ ਰਾਮਲੀਲ੍ਹਾ ਦੇ ਮੰਚਨ ਲਈ ਝੰਡਾ ਲਹਿਰਾਇਆ

### 25 ਤੋਂ ਹੋਵੇਗੀ ਰਾਮਲੀਲਾ ਦੇ ਮੰਚਨ ਦੀ ਸ਼ੁਰੂਆਤ



ਮਾਲੇਰਕੋਟਲਾ, 22 ਸਤੰਬਰ (ਚ.ਨ.ਸ.) : ਸ੍ਰੀ ਰਾਮਲੀਲ੍ਹਾ ਕਮੇਟੀ (ਰਜਿ.) ਮਾਲੇਰਕੋਟਲਾ ਵੱਲੋਂ ਆਯੋਜਿਤ ਰਾਮਲੀਲਾ ਦੇ ਮੰਚਨ ਦੀ ਸ਼ੁਰੂਆਤ ਕਰਨ ਲਈ ਅੱਜ ਸੈਂਕੜੇ ਰਾਮ ਭਗਤਾਂ ਦੀ ਹਾਜ਼ਰੀ 'ਚ ਝੰਡਾ ਰਸਮ ਦਾ ਆਯੋਜਨ ਕੀਤਾ ਗਿਆ ਜਿਸ 'ਚ ਸ਼ਹਿਰ ਦੇ ਉੱਘੇ ਕਾਰੋਬਾਰੀ ਸ੍ਰੀ ਬੀਮਾ ਕੁਮਾਰ ਜੈਨ ਅਤੇ ਮਸ਼ਹੂਰ ਵਕੀਲ ਸ੍ਰੀ ਸੁਸ਼ੀਲ ਸ਼ਰਮਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਸ੍ਰੀ ਰਾਜ ਕੁਮਾਰ ਅਤੇ ਸ੍ਰੀ ਆਦਰਸ਼ ਕੁਮਾਰ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਉਦਯੋਗਪਤੀ ਬੀਮਾ ਕੁਮਾਰ ਜੈਨ ਨੇ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਸ੍ਰੀ ਰਾਮਲੀਲ੍ਹਾ ਵਰਗੇ ਸਨਾਤਨ ਧਾਰਮਿਕ ਸਮਾਗਮਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਣਾ ਚਾਹੀਦਾ ਹੈ, ਕਿਉਂਕਿ ਇਹ ਸਾਨੂੰ ਕਦਰਾਂ-ਕੀਮਤਾਂ ਬਾਰੇ ਸਿਖਾਉਂਦਾ ਹੈ ਅਤੇ ਪ੍ਰੇਰਿਤ ਕਰਦਾ ਹੈ। ਉਨਾਂ ਕਿਹਾ ਕਿ ਸ਼ਹਿਰ ਦੇ ਸਾਰੇ ਹਿੰਦੂ ਸੰਗਠਨਾਂ ਨੂੰ ਅਪੀਲ ਹੈ ਕਿ ਉਹ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਜਾਗਰੂਕ ਕਰਨ ਅਤੇ ਉਨ੍ਹਾਂ ਨੂੰ ਸ੍ਰੀ ਰਾਮਲੀਲ੍ਹਾ ਪ੍ਰਦਰਸ਼ਨ ਦੇਖਣ ਲਈ ਭੇਜਣ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਸਾਡੇ ਪ੍ਰਾਚੀਨ ਸਨਾਤਨ ਇਤਿਹਾਸ ਬਾਰੇ ਜਾਣ ਸਕਣ। ਇਸ ਮੌਕੇ ਅਰਵਿੰਦ ਭਾਰਦਵਾਜ, ਨਰਿੰਦਰ ਸੂਦ, ਸ੍ਰੀ ਕਾਲੀ ਮਾਤਾ ਮੰਦਿਰ ਕਮੇਟੀ ਦੇ ਪ੍ਰਧਾਨ ਅਨਿਲ ਮੋਦੀ, ਨਿਤੀਸ਼ ਹਸੀਜਾ, ਅੰਕਿਤ ਭਾਟੀਆ, ਅਕਾਸ਼ ਗੁਪਤਾ, ਰਾਜ ਗਾਬਾ, ਵਿਪੁਲ ਜੈਨ, ਨਰੇਸ਼ ਸਿੰਗਲਾ, ਕਮਲ ਨੇਤਰ ਵਧਾਵਨ, ਅਨਿਲ ਭਾਰਤੀ, ਵੈਦ ਮੋਹਨ ਲਾਲ, ਪ੍ਰਦੀਪ ਓਸਵਾਲ, ਦਵਿੰਦਰ ਸਿੰਘ, ਕਰਮ ਚੰਦ ਗੋਇਲ, ਬੇਅੰਤ ਕਿੰਗਰ, ਰਾਕੇਸ਼ ਸ਼ਰਮਾ, ਧਰਮਿੰਦਰ ਕੁਮਾਰ, ਕੁਲਦੀਪ ਸ਼ਰਮਾ ਤੋਂ ਇਲਾਵਾ 30 ਬਾਲ ਕਲਾਕਾਰ ਮੌਜੂਦ ਸਨ।

## ਕੌਂਸਲਰ ਦਵਿੰਦਰਪਾਲ ਮਿੱਕੀ ਵੱਲੋਂ ਸੀਵਰੇਜ ਲਾਈਨ ਦੇ ਕੰਮ ਦੀ ਸ਼ੁਰੂਆਤ



ਪਟਿਆਲਾ, 22 ਸਤੰਬਰ (ਰੁਪਾਣਾ) : ਦਵਿੰਦਰਪਲ ਸਿੰਘ ਮਿੱਕੀ ਵੱਲੋਂ ਮਾਰਕਲ ਕਲੋਨੀ ਵਾਰਡ ਨੰਬਰ 33 ਵਿੱਚ ਨਵੀਂ ਸੀਵਰੇਜ ਲਾਈਨ ਦਾ ਕੰਮ ਸ਼ੁਰੂ ਕਰਵਾਇਆ ਗਿਆ। ਗੱਲਬਾਤ ਕਰਦਿਆਂ ਮਿੱਕੀ ਨੇ ਕਿਹਾ ਕਿ ਕੁੱਝ ਸਮੇਂ ਪਹਿਲਾਂ ਇਲਾਕਾ ਨਿਵਾਸੀਆਂ ਵੱਲੋਂ ਉਹਨਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਮਾਰਕਲ ਕਲੋਨੀ ਗਲੀ ਨੰ 11 (ਨੋਰੀਆ ਮੰਦਿਰ ਵਾਲੀ ਗਲੀ) ਵਿੱਚ ਅੱਜ ਤੱਕ ਸੀਵਰੇਜ ਦੀ ਲਾਈਨ ਨਹੀ ਪਾਈ ਹੋਈ, ਜਿਸ ਕਾਰਨ ਸੀਵਰੇਜ਼ ਦੀ ਬੁਹਤ ਵੱਡੀ ਸਮੱਸਿਆ ਬਣੀ ਰਹਿੰਦੀ ਹੈ । ਉਹਨਾਂ ਕਿਹਾ ਕਿ ਇਹ ਗੱਲ ਜਾਨਣ ਤੋਂ ਤੁਰੰਤ ਬਾਅਦ ਉਹਨਾਂ ਵੱਲੋਂ ਕਾਰਪੋਰੇਸ਼ਨ ਪਟਿਆਲਾ ਨੂੰ ਪੱਤਰ ਲਿਖ ਇਹ ਕੰਮ ਜਲਦ ਸ਼ੁਰੂ ਕਰਵਾਉਣ ਲਈ ਕਿਹਾ ਗਿਆ, ਜਿਸਦੇ ਤਹਿਤ ਅੱਜ ਮਿੱਕੀ ਦੇ ਨਾਲ ਇਲਾਕੇ ਦੀਆਂ ਸਤਿਕਾਰਯੋਗ ਸ਼ਖਸੀਅਤਾਂ ਵੱਲੋਂ ਪਹਿਲਾ ਟੱਕ ਲਗਾਕੇ ਨਵੀਂ ਸੀਵਰੇਜ਼ ਪਾਈਪ ਲਾਈਨ ਦਾ ਕੰਮ ਸ਼ੁਰੂ ਕਰਵਾਇਆ ਗਿਆ ਅਤੇ ਸਾਰੇ ਇਲਾਕਾ ਨਿਵਾਸੀਆਂ ਨੇ ਖੁਸ਼ ਹੋ ਕੇ, ਜਿੱਥੇ ਆਪਣੇ ਐਮ.ਸੀ ਮਿੱਕੀ ਦਾ ਮੂੰਹ ਮਿੱਠਾ ਕਰਵਾਇਆ, ਉਥੇ ਹੀ ਐਮ.ਐਲ.ਏ ਅਜੀਤਪਾਲ ਸਿੰਘ ਕੋਹਲੀ, ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਕਾਰਪੋਰੇਸ਼ਨ ਦਾ ਧੰਨਵਾਦ ਕੀਤਾ।ਇਸ ਮੌਕੇ ਡਿੰਪਲ , ਸ਼ਾਂਤੀ ਦੇਵੀ, ਰੇਨੂ ਬੱਤਾ, ਰਾਜਿੰਦਰ , ਸੀਮਾ ਆਂਟੀ, ਪਰਮਿੰਦਰ , ਮੁਨੀਸ਼ ਬੱਤਾ, ਅਸ਼ੋਕ, ਸੰਦੀਪ ਬਾਂਸਲ, ਹੁਕਮ ਚੰਦ , ਪੁਨੀਤ ਖੋਸਲਾ ਮੌਜੂਦ ਸਨ।

## ਰਾਸ਼ਟਰੀ ਮੁਕਾਬਲਿਆਂ 'ਚ ਯੂਨੀਵਰਸਿਟੀ ਕਾਲਜ ਮੀਰਾਂਪੁਰ ਦੀਆਂ ਵਿਦਿਆਰਥਣਾਂ ਨੇ ਹਿੱਸਾ ਲਿਆ



ਦੇਵੀਗੜ੍ਹ, 22 ਸਤੰਬਰ (ਗੁਰਜੀਤ ਸਿੰਘ ਢੌਟ): ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਸ੍ਰੀ ਫ਼ਤਹਿਗੜ੍ਹ ਸਾਹਿਬ ਵੱਲੋਂ ਰਾਸ਼ਟਰੀ ਪੱਧਰ ਦੇ ਵਿਭਿੰਨ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ। ਇਨ੍ਹਾਂ ਮੁਕਾਬਲਿਆਂ ਵਿੱਚ ਯੂਨੀਵਰਸਿਟੀ ਕਾਲਜ ਮੀਰਾਂਪੁਰ ਦੀਆਂ ਵਿਦਿਆਰਥਣਾਂ ਨੇ ਇੰਚਾਰਜ ਡਾ. ਮਨਪ੍ਰੀਤ ਕੌਰ ਸੋਢੀ ਦੀ ਰਹਿਨੁਮਾਈ ਅਤੇ ਧਰਮ ਅਧਿਐਨ ਮੰਚ ਦੇ ਕਨਵੀਨਰ ਡਾ. ਤੇਜਿੰਦਰ ਪਾਲ ਸਿੰਘ ਦੀ ਅਗਵਾਈ ਹੇਠ ਉਤਸ਼ਾਹ ਨਾਲ ਹਿੱਸਾ ਲੈ ਕੇ ਕਾਲਜ ਦਾ ਨਾਮ ਰੌਸ਼ਨ ਕੀਤਾ। ਡਾ. ਮਨਪ੍ਰੀਤ ਕੌਰ ਨੇ ਕਿਹਾ ਕਿ ਅਜਿਹੇ ਮੁਕਾਬਲੇ ਸਿਰਫ਼ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਦਰਸਾਉਣ ਦਾ ਮੌਕਾ ਹੀ ਨਹੀਂ ਦਿੰਦੇ ਸਗੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ, ਉਨ੍ਹਾਂ ਦੀਆਂ ਕੁਰਬਾਨੀਆਂ ਅਤੇ ਆਦਰਸ਼ਾਂ ਬਾਰੇ ਵੀ ਨੌਜਵਾਨ ਪੀੜ੍ਹੀ ਨੂੰ ਜਾਣੂ ਕਰਵਾਉਂਦੇ ਹਨ। ਜਾਣਕਾਰੀ ਦਿੰਦੇ ਹੋਏ ਡਾ. ਤੇਜਿੰਦਰ ਪਾਲ ਸਿੰਘ ਨੇ ਦੱਸਿਆ ਕਿ ਉਕਤ ਮੁਕਾਬਲਿਆਂ ਦੌਰਾਨ ਕੁਇਜ਼, ਕ੍ਰਿਏਟਿਵ ਲੇਖਣੀ ਅਤੇ ਭਾਸ਼ਣ ਮੁਕਾਬਲਿਆਂ ਵਿੱਚ ਯੂਨੀਵਰਸਿਟੀ ਕਾਲਜ ਮੀਰਾਂਪੁਰ ਦੇ ਵਿਦਿਆਰਥੀਆਂ ਨੇ ਭਰਪੂਰ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਅਜਿਹੇ ਮੁਕਾਬਲੇ ਵਿਦਿਆਰਥੀਆਂ ਵਿੱਚ ਧਾਰਮਿਕ ਜਾਗਰੂਕਤਾ, ਨੈਤਿਕ ਮੁੱਲਾਂ ਅਤੇ ਸੱਭਿਆਚਾਰਕ ਸਾਂਝ ਨੂੰ ਮਜ਼ਬੂਤ ਬਣਾਉਂਦੇ ਹਨ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਸਾਰੀ ਦੁਨੀਆ ਲਈ ਧਾਰਮਿਕ ਆਜ਼ਾਦੀ ਅਤੇ ਇਨਸਾਫ਼ ਦਾ ਪ੍ਰਤੀਕ ਹੈ, ਜਿਸਨੂੰ ਨੌਜਵਾਨ ਪੀੜ੍ਹੀ ਤੱਕ ਪਹੁੰਚਾਉਣਾ ਸਮੇਂ ਦੀ ਲੋੜ ਹੈ। ਇਹਨਾਂ ਮੁਕਾਬਲਿਆਂ ਵਿੱਚ ਬੀ.ਏ (1) ਦੀ ਕੋਮਲਪ੍ਰੀਤ ਕੌਰ, ਦੀਪਿਕਾ ਅਤੇ ਐਮ.ਕਾਮ. (2) ਦੀ ਮਾਨਸੀ ਨੇ ਕੁਇਜ਼ ਮੁਕਾਬਲਿਆਂ ਵਿੱਚ ਭਾਗ ਲਿਆ। ਬੀ.ਏ (2) ਦੀ ਗੁਰਲੀਨ ਕੌਰ ਨੇ ਕ੍ਰਿਏਟਿਵ ਲੇਖਣੀ ਅਤੇ ਰਿਤਿਕਾ ਸ਼ਰਮਾ ਨੇ ਭਾਸ਼ਣ ਮੁਕਾਬਲਿਆਂ ਵਿੱਚ ਹਿੱਸਾ ਲਿਆ। ਇਹਨਾਂ ਮੁਕਾਬਲਿਆਂ ਦੀ ਤਿਆਰੀ ਡਾ. ਤੇਜਿੰਦਰ ਪਾਲ ਸਿੰਘ ਅਤੇ ਅਸਿਸਟੈਂਟ ਪ੍ਰੋਫੈਸਰ ਜਸਵੀਰ ਕੌਰ ਨੇ ਕਰਵਾਈ।

## ਹਰ ਇਨਸਾਨ ਨੂੰ ਸਾਰੇ ਧਰਮਾਂ ਦਾ ਸਤਿਕਾਰ ਕਰਨਾ ਚਾਹੀਦੈ : ਰੁਪਾਲੀ ਗਰਗ



ਪਟਿਆਲਾ, 22 ਸਤੰਬਰ (ਚ.ਨ.ਸ.) :ਸਥਾਨਕ ਲੋਕ ਭਲਾਈ ਕੰਮਾਂ ਵਿੱਚ ਮੋਹਰੀ ਭੂਮਿਕਾ ਨਿਭਾਉਣ ਵਾਲੇ ਸਮਾਜ ਸੇਵਕ ਹਰਨੇਕ ਸਿੰਘ ਮਹਿਲ ਵੱਲੋਂ ਅੱਜ ਮਾਤਾ ਦੇ ਨਵਰਾਤਰੇ ਸ਼ੁਰੂ ਹੋਣ ਮੌਕੇ ਵਾਰਡ ਨੰਬਰ 23 ਆਪਣੇ ਗ੍ਰਹਿ ਵਿਖੇ ਮਾਤਾ ਦੀ ਅਖੰਡ ਜੋਤ ਜਗਾ ਕੇ 9 ਨਰਾਤਿਆਂ ਦੇ ਵਰਤ ਸ਼ੁਰੂ ਕੀਤੇ ਗਏ। ਇਸ ਮੌਕੇ ਵਾਰਡ ਨੰਬਰ 23 ਦੇ ਕੌਂਸਲਰ ਰੁਪਾਲੀ ਗਰਗ ਨੇ ਇਸ ਧਾਰਮਿਕ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਉਹਨਾਂ ਕਿਹਾ ਕਿ ਹਰ ਇਨਸਾਨ ਨੂੰ ਸਾਰੇ ਧਰਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਆਪਣੇ ਗੁਰੂ-ਪੀਰਾਂ ਦੇ ਦਰਸਾਏ ਮਾਰਗ 'ਤੇ ਚਲਦੇ ਹੋਏ ਆਪਣੀ ਦਸਾਂ ਨਹੁਆਂ ਦੀ ਕਿਰਤ ਕਮਾਈ ਕਰਕੇ ਦੀਨ ਦੁਖੀਆਂ ਅਤੇ ਜ਼ਰੂਰਤਮੰਦ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ। ਉਹਨਾਂ ਕਿਹਾ ਕਿ ਕੁਦਰਤੀ ਆਏ ਹੜ੍ਹਾਂ ਦੌਰਾਨ ਉਹਨਾਂ ਲੋਕਾਂ ਦੀ ਅੱਜ ਸਾਨੂੰ ਵੱਧ ਤੋਂ ਵੱਧ ਮਦਦ ਕਰਨ ਦੀ ਲੋੜ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਨੇਕ ਮਹਿਲ, ਰੇਨੂੰ ਮਹਿਲਾ, ਖੁਸ਼ਨੂਰ ਕੌਰ, ਏਕਮਪ੍ਰੀਤ ਕੌਰ, ਨਾਨਕ ਸਿੰਘ, ਐਮ.ਸੀ. ਰੁਪਾਲੀ ਗਰਗ, ਪ੍ਰਦੀਪ ਗਰਗ ਐਡਵੋਕੇਟ ਹਾਜ਼ਰ ਸਨ।

## ਅੱਖਾਂ ਦਾ ਮੁਫਤ ਚੈਕਅੱਪ ਕੈਂਪ ਲਗਾਇਆ



ਪਟਿਆਲਾ, 22 ਸਤੰਬਰ (ਚ.ਨ.ਸ.) : ਕਾਂਸਲ ਫਾਊਂਡੇਸ਼ਨ, ਡੀ. ਬੀ.ਜੀ. ਅਤੇ ਸ਼੍ਰੀ ਮਹਾਂਦੇਵ ਮੰਦਿਰ ਗੁਰਬਖਸ਼ ਕਾਲੋਨੀ ਪਟਿਆਲਾ ਵੱਲੋਂ ਸ਼੍ਰੀ ਮਹਾਂਦੇਵ ਮੰਦਿਰ ਹਾਲ ਵਿੱਚ ਮਹਾਰਾਜ ਅਗਰਸੈਨ ਜਯੰਤੀ, ਮਾਂ ਦੁਰਗਾ ਦੇ ਪਹਿਲੇ ਨਵਰਾਤਰੇ ਅਤੇ ਸੇਵਾ ਪਖਵਾੜਾ ਦੇ ਸਬੰਧ ਵਿੱਚ ਅੱਖਾਂ ਦੇ ਮੁਫ਼ਤ ਚੈੱਕਅਪ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਡਾ. ਜਗਜੀਤ ਆਈ ਹਸਪਤਾਲ ਵੱਲੋਂ ਮੁਫ਼ਤ ਅੱਖਾਂ ਦੀ ਦਵਾਈ ਦਿੱਤੀ ਗਏ ਨਾਲ ਹੀ ਮੁਫ਼ਤ ਚਿੱਟੇ ਤੇ ਕਾਲੇ ਮੋਤੀਏ ਦਾ ਉਪਰੇਸ਼ਨ ਵੀ ਕੀਤੇ ਗਏ ਜਿਸਦਾ 122 ਮਰੀਜ਼ਾਂ ਨੂੰ ਲਾਭ ਮਿਲਿਆ ਅਤੇ ਡਾ. ਤਨਵੀਰ ਵੱਲੋਂ ਆਰਥੋ ਦੇ ਮਰੀਜ਼ਾਂ ਦਾ ਮੁਫ਼ਤ ਇਲਾਜ ਕੀਤਾ ਗਿਆ ਜਿਸਦਾ ਲਗਭਗ 70 ਮਰੀਜ਼ਾਂ ਨੇ ਲਾਭ ਪ੍ਰਾਪਤ ਕੀਤਾ।ਭਾਜਪਾ ਸੀਨੀਅਰ ਨੇਤਾ ਅਤੇ ਪ੍ਰਧਾਨ ਕਾਂਸਲ ਫਾਊਂਡੇਸ਼ਨ ਡਾ. ਗੁਰਵਿੰਦਰ ਕਾਂਸਲ ਨੇ ਦੱਸਿਆ ਕਿ ਸ਼੍ਰੀ ਮਹਾਦੇਵ ਮੰਦਿਰ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਯਾਦਵਿੰਦਰ ਕਾਂਸਲ , ਸੁਸ਼ੀਲ ਜਿੰਦਲ, ਮਹੇਸ਼ ਸਿੰਗਲਾ, ਅਨੂਪ ਸਿੰਗਲਾ, ਅਸ਼ਵਨੀ ਭਾਂਬਰੀ, ਸ਼ਿਵ ਸ਼ਰਮਾ, ਸ਼ਾਮ ਸ਼ਰਮਾ, ਹਰਿੰਦਰ ਤਿਆਗੀ, ਰਵੀ ਸਿੰਗਲਾ, ਏਰੀਆ ਡਿਵੈਲਪਮੈਂਟ ਵੈਲਫੇਅਰ ਐਸੋਸੀਏਸ਼ਨ ਦੇ ਚੇਅਰਮੈਨ ਮਦਨ ਲਾਲ ਕਾਂਸਲ, ਪ੍ਰਧਾਨ ਸ਼ਾਮ ਲਾਲ ਮਿੱਤਲ, ਅਸ਼ੋਕ ਬਹਿਲ, ਸੰਤ ਲਾਲ ਅਰੋੜਾ ਵੱਲੋਂ ਮਿਲਕੇ ਕੈਂਪ ਦੌਰਾਨ ਮਰੀਜ਼ਾਂ ਲਈ ਲੰਗਰ ਦਾ ਵੀ ਪ੍ਰਬੰਧ ਕੀਤਾ ਗਿਆ ਸੀ । ਇਸ ਮੌਕੇ ਭਾਜਪਾ ਪਟਿਆਲਾ ਸ਼ਹਿਰੀ ਦੇ ਜ਼ਿਲ੍ਹਾ ਪ੍ਰਧਾਨ ਸ਼੍ਰੀ ਵਿਜੈ ਕੁਮਾਰ ਕੂਕਾ, ਭਾਜਪਾ ਸੀਨੀਅਰ ਨੇਤਾ ਪਰਦੀਪ ਗੋਇਲ, ਯੂਥ ਪ੍ਰਧਾਨ ਨਿਖਿਲ ਕਾਕਾ, ਭਾਜਪਾ ਦੇ ਮੌਜੂਦਾ ਐਮ. ਸੀ. ਅਨੁਜ ਖੋਸਲਾ, ਮਹਿਲਾ ਮੋਰਚਾ ਪ੍ਰਧਾਨ ਮਨੀਸ਼ਾ ਉੱਪਲ, ਉੱਪ ਪ੍ਰਧਾਨ ਰੀਆ, ਚੰਦਾ, ਬਲਜੀਤ, ਐਸ ਸੀ ਮੋਰਚਾ ਦੇ ਸਾਬਕਾ ਪ੍ਰਧਾਨ ਐਸ ਕੇ ਪਾਠੀ, ਯੂਨੀਵਰਸਿਟੀ ਮੰਡਲ ਪ੍ਰਧਾਨ ਇੰਦਰ ਨਾਰੰਗ, ਵਿਜੇ ਸ਼ਰਮਾ, ਤ੍ਰਿਪੁਰੀ ਮੰਡਲ ਪ੍ਰਧਾਨ ਆਰ ਕੇ ਸਿੰਧੀ, ਐਡਵੋਕੇਟ ਹਰਪ੍ਰੀਤ ਭਮਰਾ, ਕਾਂਗਰਸ ਦੇ ਸੀਨੀਅਰ ਨੇਤਾ ਅਤੇ ਸਾਬਕਾ ਐਮ .ਸੀ. ਅਨਿਲ ਮੋਦਗਿਲ ਅਤੇ ਨਵਦੀਪ ਸ਼ਰਮਾ, ਆਪ ਤੋਂ ਵਾਰਡ ਨੰਬਰ 23 ਦੇ ਐਮ. ਸੀ. ਰੁਪਾਲੀ ਗਰਗ, ਆਪ ਆਗੂ ਪਰਦੀਪ ਗਰਗ, ਡੈਡੀਕੇਟਿਡ ਬ੍ਰਦਰਜ਼ ਗਰੁੱਪ ਦੀ ਟੀਮ ਅਮਰਿੰਦਰ ਸੈਣੀ ਅਤੇ ਵਿਕਾਸ ਗਰਗ, ਭਾਜਪਾ ਆਗੂ ਐਸ ਕੇ ਭਾਰਦਵਾਜ, ਹਰਸ਼, ਸੇਵਾ ਲਾਲ, ਯਸ਼ ਵਿਰਦੀ, ਹਿੰਦਰਜੋਤ, ਸਾਹਿਲ ਗੋਇਲ, ਦਿਸ਼ਾਂਤ ਕਾਂਸਲ ਅਤੇ ਆਯੂਸ਼ ਭਾਂਬਰੀ ਨੇ ਸ਼ਮੂਲੀਅਤ ਕੀਤੀ।

## ਜ਼ੋਨ ਪਟਿਆਲਾ-2 ਦਾ ਐਥਲੈਟਿਕਸ ਟੂਰਨਾਮੈਂਟ 24 ਤੋਂ 26 ਸਤੰਬਰ ਤੱਕ

ਪਟਿਆਲਾ, 22 ਸਤੰਬਰ (ਚ.ਨ.ਸ.) : ਜ਼ੋਨਲ ਟੂਰਨਾਮੈਂਟ ਕਮੇਟੀ ਪਟਿਆਲਾ-2 ਵੱਲੋਂ ਜ਼ੋਨ ਪਟਿਆਲਾ-2 ਦਾ ਜ਼ੋਨਲ ਅਥਲੈਟਿਕਸ ਟੂਰਨਾਮੈਂਟ ਮਿਤੀ 24 ਸਤੰਬਰ 2025 ਤੋਂ 26 ਸਤੰਬਰ 2025 ਤੱਕ ਪੋਲੋ ਗਰਾਊਂਡ ਪਟਿਆਲਾ ਵਿਖੇ ਕਰਵਾਉਣ ਸਬੰਧੀ ਸਹਿਮਤੀ ਬਣੀ ਹੈ। ਸ੍ਰੀ ਬਲਵਿੰਦਰ ਸਿੰਘ ਜੱਸਲ (ਸਕੱਤਰ, ਜ਼ੋਨਲ ਟੂਰਨਾਮੈਂਟ ਕਮੇਟੀ ਪਟਿਆਲਾ-2) ਨੇ ਦੱਸਿਆ ਕਿ ਜ਼ੋਨ ਪਟਿਆਲਾ-2 ਦੇ ਸਾਰੇ ਸਕੂਲਾਂ ਨੂੰ ਜ਼ੋਨਲ ਅਥਲੈਟਿਕਸ ਟੂਰਨਾਮੈਂਟ ਦੀ ਸਮਾਂ ਸਾਰਣੀ ਬਾਰੇ ਦੱਸ ਦਿਤਾ ਗਿਆ ਹੈ ਅਤੇ ਟੂਰਨਾਮੈਂਟ ਨਾਲ ਸਬੰਧਤ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਸ੍ਰੀ ਬਲਵਿੰਦਰ ਸਿੰਘ ਜੱਸਲ ਜੀ ਨੇ ਦੱਸਿਆ ਕਿ ਸਾਰੇ ਈਵੈਂਟ ਨਿਸ਼ਚਿਤ ਮਿਤੀ ਅਤੇ ਸਮੇਂ ਤੇ ਹੀ ਕਰਵਾਏ ਜਾਣਗੇ ਅਤੇ ਇਸ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ। ਡਾ. ਰਜਨੀਸ਼ ਗੁਪਤਾ ਜੀ (ਪ੍ਰਧਾਨ, ਜ਼ੋਨਲ ਟੂਰਨਾਮੈਂਟ ਕਮੇਟੀ ਪਟਿਆਲਾ-2) ਨੇ ਕਿਹਾ ਕਿ ਜ਼ੋਨ ਪਟਿਆਲਾ-2 ਦਾ ਅਥਲੈਟਿਕਸ ਟੂਰਨਾਮੈਂਟ ਇਸ ਸਾਲ ਵੀ ਹਰ ਸਾਲ ਦੀ ਤਰ੍ਹਾਂ ਬਹੁਤ ਵਧੀਆ ਤਰੀਕੇ ਨਾਲ ਕਰਵਾਇਆ ਜਾਵੇਗਾ। ਇਸ ਮੌਕੇ ਤੇ ਮਮਤੀ ਰਾਣੀ, ਬਲਕਾਰ ਸਿੰਘ, ਮਨਪ੍ਰੀਤ ਸਿੰਘ, ਸਤਵਿੰਦਰ ਸਿੰਘ, ਜਸਦੇਵ ਸਿੰਘ, ਗੁਰਦੀਪ ਸਿੰਘ ਅਤੇ ਹੋਰ ਸਰੀਰਿਕ ਸਿੱਖਿਆ ਅਧਿਆਪਕ ਮੌਜੂਦ ਸਨ।

## ਜਨਹਿਤ ਸਮਿਤੀ ਅਤੇ ਫਿੱਟਨੈੱਸ ਕਲੱਬ ਨੇ ਸਹਾਰਾ ਹਸਪਤਾਲ ਨਾਲ ਮਿਲ ਕੇ ਮੈਡੀਕਲ ਚੈੱਕਅਪ ਕੈਂਪ ਲਗਾਇਆ



ਪਟਿਆਲਾ, 22 ਸਤੰਬਰ (ਅਮਰਜੀਤ) : ਜਨਹਿਤ ਸਮਿਤੀ ਵੱਲੋਂ ਹਰ ਮਹੀਨੇ ਦੋ ਤੋ ਤਿੰਨ ਵਾਰ ਬਾਰਾਦਰੀ ਗਾਰਡਨ ਵਿਚ ਮੈਡੀਕਲ ਚੈੱਕਅਪ ਕੈਂਪ ਲਗਾਇਆ ਜਾਂਦਾ ਹੈ। ਸੰਸਥਾ ਜਨਹਿਤ ਸਮਿਤੀ ਅਤੇ ਫਿੱਟਨੈੱਸ ਕਲੱਬ ਪਟਿਆਲਾ ਵੱਲੋਂ ਡਾਕਟਰ ਜੋਸ਼ੀ ਸਹਾਰਾ ਹਸਪਤਾਲ ਨਾਲ ਮਿਲ ਕੇ ਬਾਰਾਂਦਰੀ ਗਾਰਡਨ ਪਟਿਆਲਾ ਵਿਖੇ ਮੈਡੀਕਲ ਜਾਂਚ ਕੈਂਪ ਲਗਾਇਆ ਗਿਆ। ਇਸ ਮੌਕੇ ਵੱਡੀ ਗਿਣਤੀ 'ਚ ਸੈਰ ਪ੍ਰੇਮੀਆਂ ਨੇ ਆਪਣੇ ਟੈਸਟ ਕਰਵਾਏ। ਇਸ ਮੌਕੇ 100 ਦੇ ਕਰੀਬ ਲੋਕਾ ਨੇ ਆਪਣੀ ਸਿਹਤ ਦੀ ਜਾਂਚ ਕਰਵਾਈ । ਇਸ ਮੌਕੇ ਵਿਸ਼ੇਸ਼ ਤੌਰ 'ਤੇ ਬੋਲਦਿਆ ਡਾਕਟਰ ਅਸ਼ੋਕ ਜੋਸ਼ੀ ਵੱਲੋਂ ਸੰਸਥਾ ਜਨਹਿਤ ਸਮਿਤੀ ਦੇ ਨੇਕ ਕਾਰਜਾਂ ਦੀ ਸ਼ਲਾਘਾ ਕੀਤੀ, ਉਨ੍ਹਾਂ ਦੱਸਿਆ ਕਿ ਹੁਣ ਸਮਾਜ ਨੂੰ ਮੈਡੀਕਲ ਸੇਵਾਵਾਂ ਦੀ ਲੋੜ ਹੈ,ਸਿਹਤ ਜਾਗਰੂਕਤਾ ਕਰਨਾ ਸਾਡਾ ਫਰਜ ਅਤੇ ਲੋੜ ਹੈ। ਇਸ ਮੌਕੇ ਹੈਪੀ ਵਰਮਾ ਪ੍ਰਧਾਨ ਫਿੱਟਨੈੱਸ ਕਲੱਬ ਪਟਿਆਲਾ ਨੇ ਕਿਹਾ ਕਿ ਸਾਨੂੰ ਆਪਣੀ ਸਿਹਤ ਦਾ ਧਿਆਨ ਰੱਖਣਾ ਚਾਹੀਦਾ ਹੈ । ਉਨ੍ਹਾਂ ਸ਼ਰੀਰਕ ਕਸਰਤ ਨੂੰ ਜਿੰਦਗੀ 'ਚ ਜ਼ਰੂਰੀ ਅਪਨਾਉਣ ਲਈ ਕਿਹਾ। ਇਸ ਮੌਕੇ ਸਮਾਜ ਸੇਵੀ ਅਤੇ 'ਆਪ' ਦੇ ਬਲਾਕ ਪ੍ਰਧਾਨ ਜਗਤਾਰ ਸਿੰਘ ਜੱਗੀ ਵੱਲੋਂ ਵਿਸ਼ੇਸ ਰੂਪ ਵਿਚ ਸ਼ਿਰਕਤ ਕੀਤੀ ਗਈ। ਸੰਸਥਾ ਦੇ ਜਰਨਲ ਸਕੱਤਰ ਸ਼੍ਰੀ ਵਿਨੋਦ ਸ਼ਰਮਾ ਨੇ ਦੱਸਿਆ ਕਿ ਅਸੀਂ ਕੈਂਪ ਤੋਂ ਇਲਾਵਾ ਲੋੜਵੰਦ ਮਰੀਜ਼ਾਂ ਨੂੰ ਮੈਡੀਸਿਨ ਅਤੇ ਅਪਰੇਸ਼ਨ ਦਾ ਸਮਾਨ ਵੀ ਦਿੰਦੇ ਹਾਂ। ਉਨ੍ਹਾਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਇੰਦਰਜੀਤ ਦੁਆ, ਸਤੀਸ਼ ਜੋਸ਼ੀ, ਐਡਵੋਕੇਟ ਜੀ. ਐਸ ਗਰੇਵਾਲ, ਪ੍ਰੋਫੈਸਰ ਐਸ ਕੇ ਵਰਮਾ, ਜੀ ਐੱਸ ਬੇਦੀ, ਜਤਵਿੰਦਰ ਗਰੇਵਾਲ, ਪਰਮਿੰਦਰ ਪਹਿਲਵਾਨ ਵਰਿੰਦਰ ਅਹਲੂਵਾਲੀਆ, ਤਰਸੇਮ ਮਿੱਤਲ ਅਤੇ ਹੋਰ ਫਿੱਟਨੈੱਸ ਕਲੱਬ ਦੀ ਸਾਰੀ ਟੀਮ ਮੈਂਬਰ ਸ਼ਾਮਿਲ ਹੋਏ।